ਚਾਹੋ ਸੋ ਪਾਓ

ਕਰਤਾ

ਔਰੀਸਨ ਐਸ. ਮਾਰਡਨ

ਪ੍ਰਕਾਸ਼ਕ

ਮਹਿਕਮਾ ਪੰਜਾਬੀ ਪਟਿਆਲਾ

੧੯੫੪

ਮੁਖ-ਬੰਧ

ਸੰਸਾਰ ਦੇ ਉੱਚ ਸਾਹਿੱਤ ਨੂੰ ਪੰਜਾਬੀ ਵਿਚ ਉਲਥਾਉਣ ਦਾ ਕੰਮ ਮਹਿਕਮੇ ਨੇ ਹੋਰ ਉੱਨਤੀ ਵਿਉਂਤਾਂ ਦੇ ਨਾਲੋ ਨਾਲ ਛੋਹਿਆ ਹੋਇਆ ਹੈ। 'ਸੰਸਾਰ ਦਾ ਸੰਖੇਪ ਇਤਿਹਾਸ', ਲੇਖਕ ਐਚ. ਜੀ. ਵੈਲਜ਼ ਦਾ ਅਨੁਵਾਦ ਪਹਿਲਾਂ ਛਪ ਚੁੱਕਾ ਹੈ ਅਤੇ ਇਸ ਲੜੀ ਦੀ ਦੂਜੀ ਪੁਸਤੱਕ 'ਚਾਹੋ ਸੋ ਪਾਓ', ਦਾ ਅਨੁਵਾਦ ਪੰਜਾਬੀ ਪਾਠਕਾਂ ਦੀ ਭੇਟ ਹੈ।

ਇਸ ਪੁਸਤੱਕ ਦਾ ਕਰਤਾ ਔਰੀਸਨ ਐਸ.ਮਾਰਡਨ ਮਨੋਵਿਗਿਆਨਕ ਪੁਸਤਕਾਂ ਦਾ ਸੰਸਾਰ ਪਰਸਿੱਧ ਲੇਖਕ ਹੈ। ਇਸ ਪੁਸਤੱਕ ਵਿਚ ਅਧਿਆਤਮਕ ਤੇ ਮਨੋਵਿਗਿਆਨਕ ਪੱਖਾਂ ਦਾ ਸੁਜੋੜ ਕਰ ਕੇ ਮਨੁੱਖ ਵਿਚ ਸ੍ਵੈ-ਭਰੋਸੇ ਦਾ ਜਜ਼ਬਾ ਪੈਦਾ ਕੀਤਾ ਗਿਆ ਹੈ। ਇਕੋ ਖ਼ਿਆਲ ਨੂੰ ਲੇਖਕ ਨੇ ਭਿੰਨ ਭਿੰਨ ਰੂਪਾਂ ਵਿਚ ਅਤੇ ਵੱਖੋ ਵੱਖ ਸ਼ਬਦਾਵਲੀ ਰਾਹੀਂ ਇੰਨੀ ਸੁਚੱਜਤਾ ਨਾਲ ਪੇਸ਼ ਕੀਤਾ ਹੈ ਕਿ ਸ੍ਵੈ-ਭਰੋਸੇ ਦਾ ਭਾਵ ਅਵੱਸ਼ ਹੀ ਦਿਲ-ਦਿਮਾਗ ਤੇ ਨਕਸ਼ ਹੋ ਜਾਂਦਾ ਹੈ। ਖ਼ੂਬੀ ਇਹ ਹੈ ਕਿ ਖ਼ਿਆਲ ਦੀ ਦੁਹਰਾਈ ਉੱਕਾ ਹੀ ਨਹੀਂ ਰੜਕਦੀ। ਪੰਡਤ ਭਗਤ ਰਾਮ ਜੀ ਤੇ ਡਾਕਟਰ ਸ਼ੇਰ ਸਿੰਘ ਜੀ ਨੇ ਪੁਸਤੱਕ ਦੇ ਅਸਲ ਰਸ ਨੂੰ ਅਨੁਵਾਦ ਵਿਚ ਪੂਰੀ ਤਰ੍ਹਾਂ ਨਿਭਾਇਆ ਹੈ। ਇਸ ਅਨੁਵਾਦ ਨੂੰ ਸੰਪਾਦਨ ਕਰ ਕੇ ਮੌਜੂਦਾ ਰੂਪ ਦੇਣ ਵਿਚ ਸ. ਲਾਲ ਸਿੰਘ, ਇਨਚਾਰਜ ਉਲਥਾ ਭਾਗ ਤੇ ਸ੍ਰੀ ਦਰਸ਼ਨ ਸਿੰਘ 'ਅਵਾਰਾ' ਦੀ ਮਿਹਨਤ ਸ਼ਲਾਘਾ ਯੋਗ ਹੈ।

ਪੰਜਾਬੀ ਵਿਚ ਮਨੋਵਿਗਿਆਨਕ ਸਾਹਿੱਤ ਦੀ ਬਹੁਤ ਘਾਟ ਹੈ। ਇਹ ਪੁਸਤੱਕ ਇਸ ਘਾਟ ਨੂੰ ਕਾਫੀ ਹੱਦ ਤੱਕ ਪੂਰਿਆਂ ਕਰਨ ਵਾਲੀ ਹੈ। ਮੈਨੂੰ ਆਸ ਹੈ ਕਿ ਇਹ ਵਿਗਿਆਨਕ ਮਜ਼ਮੂਨ ਪੰਜਾਬੀ ਪਾਠਕਾਂ ਵਿਚ ਵਿਸ਼ੇਸ਼ ਦਿਲਚਸਪੀ ਦਾ

ਕਾਰਣ ਬਣੇਗਾ ਅਤੇ ਆਮ ਪਾਠਕ ਇਸ ਪੁਸਤੱਕ ਨੂੰ ਅਪਣਾ ਕੇ ਸਾਨੂੰ ਆਪਣੇ ਮੰਤਵ ਵਿਚ ਸਫਲਤਾ ਬਖਸ਼ਣਗੇ।

ਮੰਗਲ ਸਿੰਘ

ਡਾਇਰੈਕਟਰ,

ਮਹਿਕਮਾ ਪੰਜਾਬੀ, ਪਟਿਆਲਾ

ਪਟਿਆਲਾ ੨੦-੪-੫੪

ਚਾਹੋ ਸੋ ਪਾਓ

ਕਾਂਡ ੧

ਛੂ-ਮੰਤਰ

ਉਹ ਤਜਰਬਾ, ਉਹ ਉਪਦੇਸ਼, ਉਹ ਪੁਰਸ਼, ਉਹ ਪੁਸਤੱਕ, ਉਹ ਘਟਨਾ, ਉਹ ਨਾਜ਼ਕ-ਘੜੀ, ਉਹ ਹਾਦਸਾ, ਉਹ ਬਿਪਤਾ ਅਰਥਾਤ ਉਹ 'ਕੁਝ' ਜੋ ਮਨੁੱਖ ਦੀ ਅੰਤਰੀ ਜੋਤ ਨੂੰ ਜਗਾਉਂਦਾ ਹੈ ਅਤੇ ਇਸ ਦੇ ਕਪਾਟ ਖੋਲ੍ਹ ਕੇ ਸਾਰੀਆਂ ਲੁਕੀਆਂ ਸ਼ਕਤੀਆਂ ਨੂੰ ਪ੍ਰਗਟਾਉਂਦਾ ਹੈ, ਜੀਵਨ ਦੀ ਇਕ ਮਹਾਨ ਵਸਤੂ ਹੈ।

ਇਕ ਕਹਾਣੀ ਹੈ ਕਿ ਇਕ ਦਿਨ ਇਕ ਸ਼ੇਰ ਦਾ ਬੱਚਾ ਜੰਗਲ ਵਿਚ ਇਕੱਲਾ ਖੇਡ ਰਿਹਾ ਸੀ। ਉਸ ਦੀ ਮਾਂ (ਸ਼ੇਰਨੀ), ਸੁੱਤੀ ਪਈ ਸੀ। ਅਨੇਕ ਪ੍ਰਕਾਰ ਦੀਆਂ ਵਸਤਾਂ ਦੇ ਸੁੰਦਰ ਦ੍ਰਿਸ਼ਾਂ ਤੋਂ ਪ੍ਰਭਾਵਤ ਹੋ ਕੇ ਸ਼ੇਰ ਦੇ ਬੱਚੇ ਦੇ ਮਨ ਵਿਚ ਆਪਣੇ ਘਰੋਂ ਬਾਹਰ ਦੀ ਦੁਨੀਆ ਵੇਖਣ ਦੀ ਚਾਹ ਪੈਦਾ ਹੋਈ। ਇਸੇ ਧੁਨ ਵਿਚ ਫਿਰਦਾ ਫਿਰਾਉਂਦਾ, ਉਹ ਘਰੋਂ ਕਾਫ਼ੀ ਦੂਰ ਨਿਕਲ ਗਿਆ, ਤਾਂ ਉਸ ਨੂੰ ਪਤਾ ਲੱਗਾ ਕਿ ਉਹ ਰਾਹ ਭੁੱਲ ਗਿਆ ਹੈ। ਉਸ ਦੀ ਅਕਲ ਜਵਾਬ ਦੇ ਗਈ। ਉਹ ਭੁੱਲ ਭਲਈਆਂ ਵਿਚ ਪੈ ਗਿਆ।

ਉਹ ਡਰਿਆ, ਸਹਿਮਿਆ ਤੇ ਬੌਰਾ ਜਿਹਾ ਹੋਇਆ, ਇੱਧਰ ਉੱਧਰ ਦੌੜਦਾ ਤੇ ਦਰਦ ਭਰੀਆਂ ਚੀਕਾਂ ਮਾਰਦਾ ਰਿਹਾ। ਆਪਣੀ ਮਾਂ ਨੂੰ ਬੁਲਾਉਂਦਾ ਸੀ ਪਰ ਹੁਣ ਮਾਂ ਕਿੱਥੇ ਸੀ? ਉਸ ਨੂੰ ਤਾਂ ਉਹ ਦੂਰ ਪਿੱਛੇ ਛੱਡ ਆਇਆ ਸੀ। ਥੱਕ ਟੁੱਟ ਕੇ ਚੂਰ ਹੋਏ ਨੂੰ ਨਾ ਰਾਹ ਸੁੱਝੇ ਨਾ ਰਹਿਣ ਦੀ ਥਾਂ ਲੱਭੇ। ਕਿੱਥੇ ਜਾਏ? ਕੀ

ਕਰੇ? ਇੰਨੇ ਨੂੰ ਇਕ ਭੇਡ, ਜਿਸ ਦਾ ਬੱਚਾ ਗੁੰਮ ਗਿਆ ਸੀ, ਉਸ ਦੀਆਂ ਦਰਦ ਭਰੀਆਂ ਚੀਕਾਂ ਸੁਣ ਕੇ ਉੱਥੇ ਆ ਗਈ। ਉਸ ਨੇ ਇਸ ਨੂੰ ਦਿਲਾਸਾ ਦਿੱਤਾ ਅਤੇ ਆਪਣਾ ਬੱਚਾ ਬਣਾ ਲਿਆ।

ਇਸ ਲੈ-ਪਾਲੇ ਬੱਚੇ ਨਾਲ ਭੇਡ ਨੂੰ ਚੋਖਾ ਸਨੇਹ ਹੋ ਗਿਆ। ਸਮੇਂ ਨਾਲ ਇਹ ਬੱਚਾ ਵੱਡਾ ਹੋ ਗਿਆ। ਉਸ ਦਾ ਕੱਦ ਕਾਠ ਇਸ ਪਾਲਕ- ਮਾਂ ਨਾਲੋਂ ਇੰਨਾ ਵਧ ਗਿਆ ਕਿ ਕਈ ਵਾਰੀ ਵਿਚਾਰੀ ਭੇਡ ਉਸ ਤੋਂ ਡਰ ਜਾਂਦੀ। ਕਦੇ ਕਦੇ ਉਸ ਨੂੰ ਉਹਦੀਆਂ ਅੱਖਾਂ ਵਿਚੋਂ ਇਕ ਅਜੀਬ ਜਿਹੀ ਚਮਕ ਦਿਸਦੀ ਜਿਸ ਦੀ ਉਸ ਨੂੰ ਕੋਈ ਸਮਝ ਨਾ ਪੈਂਦੀ।

ਇਹ ਭੇਡ ਤੇ ਉਸ ਦਾ ਪਾਲਿਆ ਬੱਚਾ ਕਾਫ਼ੀ ਚਿਰ ਤੱਕ ਖ਼ੁਸ਼ੀ ਖ਼ੁਸ਼ੀ ਇਕੱਠੇ ਰਹਿੰਦੇ ਰਹੇ। ਇਕ ਦਿਨ ਸਾਹਮਣੀ ਪਹਾੜੀ ਦੀ ਚੋਟੀ ਤੋਂ ਇਕ ਵੱਡਾ ਸ਼ੇਰ ਦਿਸਿਆ। ਉਸ ਨੇ ਆਪਣੀ ਧੌਣ ਦੇ ਵਾਲ ਹਿੱਲਾਏ ਅਤੇ ਇਕ ਡਰਾਉਣੀ ਭਬਕ ਮਾਰੀ ਜਿਸ ਦੇ ਨਾਲ ਸਾਰੀਆਂ ਪਹਾੜੀਆਂ ਗੂੰਜ ਪਈਆਂ। ਭੇਡ ਵਿਚਾਰੀ ਸਹਿਮ ਦੀ ਮਾਰੀ ਥਰ ਥਰ ਕੰਬਣ ਲੱਗ ਪਈ ਪਰ ਸ਼ੇਰ ਦੇ ਬੱਚੇ ਨੇ ਇਸ ਡਰਾਉਣੀ ਭਬਕ ਨੂੰ ਬੜੇ ਧਿਆਨ ਨਾਲ, ਕੰਨ ਲਾ ਕੇ ਸੁਣਿਆ। ਉਸ ਤੇ ਕੁਝ ਅਜਿਹਾ ਅਸਰ ਹੋਇਆ ਜੋ ਉਸ ਨੇ ਪਹਿਲਾਂ ਕਦੇ ਨਹੀਂ ਸੀ ਮਹਿਸੂਸਿਆ। ਉਸ ਦਾ ਲੂੰ ਲੂੰ ਕੰਡਿਆ ਗਿਆ। ਸ਼ੇਰ ਦੀ ਭਬਕ ਨੇ ਉਸ ਦੇ ਅੰਦਰ ਦੀਆਂ ਡੂੰਘਾਈਆਂ ਵਿਚ ਘੂਕ ਸੁੱਤੀ ਕਿਸੇ ਅਜਿਹੀ ਸ਼ਕਤੀ ਨੂੰ ਟੁੰਬਿਆ। ਇਉਂ ਅੱਗੇ ਕਦੇ ਵੀ ਨਹੀਂ ਸੀ ਹੋਇਆ। ਉਸ ਦੇ ਅੰਦਰ ਇਕ ਨਵੀਂ ਇੱਛਾ ਪੈਦਾ ਹੋਈ ਜੋ ਇੰਨੀ ਪ੍ਰਬਲ ਸੀ ਕਿ ਉਹਨੂੰ ਆਪਣਾ 'ਆਪ ਭੁੱਲ ਗਿਆ ਅਤੇ ਉਸ ਵਿਚ ਇਕ ਨਵੀਂ ਚੇਤਨਤਾ ਜਾਗ ਪਈ। ਬਗੈਰ ਸੋਚਣ ਦੇ, ਕਿ ਉਹ ਕੀ ਕਰ ਰਿਹਾ ਹੈ, ਉਸ ਨੇ ਸ਼ੇਰ ਦੀ ਭਬਕ ਦਾ ਉੱਤਰ ਉਹੋ ਜਿਹੀ ਭਬਕ ਨਾਲ ਦਿੱਤਾ।

ਨਵੀਂ ਸ਼ਕਤੀ ਦੇ ਜਾਗਣ ਨਾਲ ਉਸ ਦੇ ਅੰਦਰ ਭੈ ਤੇ ਹੈਰਾਨੀ ਦੀ ਕੰਬਣੀ ਉੱਠੀ ਅਤੇ ਉਸ ਨੇ ਦੁੱਧ-ਪਿਆਲ ਮਾਂ ਵੱਲ ਦਰਦ-ਭਰੀ ਤੱਕਣੀ ਨਾਲ ਤੱਕਿਆ ਅਤੇ ਵੱਡੀਆਂ ਵੱਡੀਆਂ ਛਾਲਾਂ ਮਾਰਦਾ ਪਹਾੜੀ ਤੇ ਖੜੇ ਸ਼ੇਰ ਵੱਲ ਚੱਲ ਪਿਆ।

ਹੁਣ ਤਾਈਂ ਉਹ ਭੇਡ ਦੇ ਅੱਗੇ ਪਿੱਛੇ ਇੰਝ ਖੇਡਦਾ ਤੇ ਟੱਪਦਾ ਰਿਹਾ ਸੀ ਜਿਵੇਂ ਉਹ ਭੇਡ ਦਾ ਹੀ ਬੱਚਾ ਹੋਵੇ ਤੇ ਉਸ ਨੇ ਵੱਡਾ ਹੋਕੇ ਇਕ ਭੇਡ ਹੀ ਬਣਨਾ ਹੋਵੇ। ਉਸ ਨੂੰ ਕਦੇ ਸੁਪਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਆਇਆ ਕਿ ਉਸ ਵਿਚ ਕੋਈ ਅਜੇਹੀ ਸ਼ਕਤੀ ਵੀ ਹੈ ਜੋ ਇਸ ਨਾਲ ਖੇਡ ਰਹੇ ਸਾਥੀਆਂ ਵਿਚ ਨਹੀਂ, ਅਤੇ ਉਹ ਇਨ੍ਹਾਂ ਨਾਲੋਂ ਕੋਈ ਅਨੋਖਾ ਕੰਮ ਵੀ ਕਰ ਸਕਦਾ ਹੈ। ਉਸ ਨੇ ਇਹ ਕਦੀ ਵੀ ਅਨੁਭਵ ਨਹੀਂ ਸੀ ਕੀਤਾ ਕਿ ਉਸ ਦੇ ਅੰਦਰ ਕੋਈ ਅਜੇਹੀ ਸ਼ਕਤੀ ਵੀ ਹੈ ਜਿਸ ਕਰਕੇ ਜੰਗਲ ਦੇ ਵੱਡੇ ਵੱਡੇ ਜਾਨਵਰ ਵੀ ਇਸ ਤੋਂ ਭੈ ਖਾਣਗੇ। ਉਹ ਤਾਂ ਆਪਣੇ ਆਪ ਨੂੰ ਇਕ ਭੇਡ ਦਾ ਬੱਚਾ ਹੀ ਸਮਝਦਾ ਸੀ ਅਤੇ ਕੁੱਤੇ ਜਾਂ ਬਘਿਆੜ ਆਦਿ ਜਾਨਵਰਾਂ ਤੋਂ ਡਰਿਆ ਕਰਦਾ ਸੀ। ਪਰ ਹੁਣ ਇਸ ਭੁੱਲੇ ਹੋਏ ਸ਼ੇਰ ਨੂੰ ਆਪਣੀ ਸ਼ਕਤੀ ਦਾ ਗਿਆਨ ਹੋ ਗਿਆ ਸੀ ਅਤੇ ਕੁੱਤਿਆਂ, ਬਘਿਆੜਾਂ ਆਦਿ ਜਿਨ੍ਹਾਂ ਜਾਨਵਰਾਂ ਤੋਂ ਉਹ ਆਪ ਡਰਿਆ ਕਰਦਾ ਸੀ ਉਨ੍ਹਾਂ ਨੂੰ ਡਰ ਕੇ ਨੱਸਦਿਆਂ ਵੇਖ ਕੇ ਹੈਰਾਨ ਹੋਣ ਲੱਗਾ।

ਜਿੰਨਾ ਚਿਰ ਇਸ ਸ਼ੇਰ ਨੇ ਆਪਣੇ ਆਪ ਨੂੰ ਭੇਡ ਹੀ ਜਾਣਿਆ ਇਹ ਭੇਡ ਵਾਂਗ ਹੀ ਡਰਾਕਲ ਰਿਹਾ। ਇਸ ਵਿਚ ਭੇਡ ਵਾਲੀ ਸ਼ਕਤੀ ਤੇ ਦਲੇਰੀ ਸੀ ਅਤੇ ਉਸ ਵਿਚ ਸ਼ੇਰ ਦੇ ਬਲ ਦਾ ਸੁਰਜੀਤ ਹੋਣਾ ਸੰਭਵ ਨਹੀਂ ਸੀ। ਜੇ ਕਰ ਉਸ ਨੂੰ ਇਹ ਸੁਝਾਇਆ ਜਾਂਦਾ ਕਿ ਤੇਰੇ ਵਿਚ ਸ਼ੇਰ ਦਾ ਬਲ ਹੈ ਤਾਂ ਉਹ ਕਹਿੰਦਾ 'ਮੇਰੇ ਵਿਚ ਸ਼ੇਰ ਵਾਲੀ ਸ਼ਕਤੀ ਕਿੱਥੋਂ ਆਈ? ਮੈਂ ਤਾਂ ਬੱਸ ਇਕ ਭੇਡ ਹਾਂ ਅਤੇ ਹੋਰਨਾਂ ਭੇਡਾਂ ਵਰਗਾ ਹਾਂ। ਜੋ ਕੰਮ ਭੇਡਾਂ ਨਹੀਂ ਕਰ ਸਕਦੀਆਂ ਉਹ ਮੈਂ ਕਿਵੇਂ ਕਰ ਸਕਦਾ ਹਾਂ? ਪਰ ਜਦੋਂ ਉਸ ਦੇ ਅੰਦਰ ਵਾਲਾ ਸ਼ੇਰ ਜਾਗਿਆ, ਉਹ ਝੱਟ ਹੀ ਇਕ ਨਵਾਂ

ਜਾਨਵਰ ਬਣ ਗਿਆ- ਜੰਗਲ ਦਾ ਬਾਦਸ਼ਾਹ- ਜਿਸ ਦੀ ਤੁਲਨਾ ਤੇ ਬਰਾਬਰੀ ਕਰਨ ਵਾਲਾ ਚੀਤਿਆਂ ਅਤੇ ਬਘੇਲਿਆਂ ਬਿਨਾਂ ਹੋਰ ਕੋਈ ਨਹੀਂ ਸੀ। ਇਸ ਸੂਝ ਨੇ ਉਸ ਦੇ ਬਲ ਨੂੰ ਦੂਣਾ, ਤੀਣਾ ਛੱਡ ਚੌਗੁਣਾ ਕਰ ਦਿੱਤਾ - ਉਹ ਬਲ ਜਿਸ ਨੂੰ ਸ਼ੇਰ ਦੀ ਭਬਕ ਸੁਣਨ ਤੋਂ ਇਕ ਮਿੰਟ ਪਹਿਲਾਂ ਉਹ ਕਦੀ ਵੀ ਵਿਖਾ ਨਹੀਂ ਸੀ ਕਰਦਾ। ਜੇ ਉਹ ਪਹਾੜ ਤੋਂ ਆਈ ਸ਼ੇਰ ਦੀ ਭਬਕ ਨਾ ਸੁਣਦਾ ਜਿਸ ਨਾਲ ਉਸ ਦਾ ਅੰਦਰਲਾ ਸੁੱਤਾ ਹੋਇਆ ਸ਼ੇਰ ਜਾਗ ਪਿਆ ਸੀ ਤਾਂ ਹੋ ਸਕਦਾ ਸੀ ਕਿ ਉਹ ਭੇਡਾਂ ਵਾਲਾ ਜੀਵਨ ਹੀ ਬਤੀਤ ਕਰੀ ਜਾਂਦਾ ਅਤੇ ਸ਼ਾਇਦ ਉਹਨੂੰ ਪਤਾ ਵੀ ਨਾ ਲੱਗਦਾ ਕਿ ਉਸ ਵਿਚ ਵੀ ਸ਼ੇਰਾਂ ਵਰਗਾ ਬਲ ਹੈ। ਸ਼ੇਰ ਦੀ ਭਬਕ ਨੇ ਉਹਦੇ ਅੰਦਰ ਕਿਸੇ ਬਲ ਦਾ ਵਾਧਾ ਨਹੀਂ ਕੀਤਾ ਅਤੇ ਨਾ ਹੀ ਉਹਦੇ ਅੰਦਰ ਕੋਈ ਨਵੀਂ ਸੱਤਾ ਦਾਖਲ ਕੀਤੀ ਸੀ। ਇਸ ਨੇ ਕੇਵਲ ਉਸ ਦੇ ਅੰਤਰੀ ਡੂੰਘਾਈਆਂ ਵਿਚ ਸੁੱਤੇ ਹੋਏ ਬਲ ਨੂੰ, ਜੋ ਉਸ ਵਿਚ ਪਹਿਲਾਂ ਹੀ ਮੌਜੂਦ ਸੀ, ਟੁੰਭ ਜਗਾਇਆ ਹੈ। ਇਸ ਮਹਾਨ ਸੂਝ ਪਿੱਛੋਂ ਇਹ ਸ਼ੇਰ ਦਾ ਬੱਚਾ ਕਦਾਚਿਤ ਭੇਡ ਦਾ ਜੀਵਨ ਬਤੀਤ ਕਰਨ ਲਈ ਤਿਆਰ ਨਹੀਂ ਹੋਵੇਗਾ। ਹੁਣ ਤਾਂ ਉਹ ਸ਼ੇਰਾਂ ਵਾਲੇ ਜੀਵਨ, ਸ਼ੇਰਾਂ ਵਾਲੀ ਖੁੱਲ੍ਹ, ਸ਼ੇਰਾਂ ਵਾਲੇ ਬਲ ਦਾ ਮਾਲਕ ਹੈ ਅਤੇ ਇਹ ਜੰਗਲ ਉਸ ਦਾ ਹੈ।

ਇਸੇ ਤਰ੍ਹਾਂ ਹਰੇਕ ਸਾਧਾਰਨ ਮਨੁੱਖ ਵਿਚ ਇਕ ਸੁੱਤਾ ਹੋਇਆ ਬਲ ਹੁੰਦਾ ਹੈ। ਸਵਾਲ ਬੱਸ ਕੇਵਲ ਉਸ ਨੂੰ ਜਗਾਉਣ ਦਾ ਹੈ ਜਿਸ ਨਾਲ ਅੰਦਰਲੀਆਂ ਤਾਰਾਂ ਹਿੱਲ ਪੈਣ ਅਤੇ ਸੁੱਤੀਆਂ ਤਾਕਤਾਂ ਅੰਗੜਾਈਆਂ ਲੈਣ।

ਜਦੋਂ ਇਸ ਸ਼ੇਰ ਦੇ ਬੱਚੇ ਵਾਂਙ ਸਾਨੂੰ ਪਤਾ ਲੱਗ ਜਾਏ ਕਿ ਅਸੀਂ ਕੇਵਲ ਮਿੱਟੀ ਦੇ ਮਾਧੋ ਹੀ ਨਹੀਂ, ਸਗੋਂ ਅਸੀਂ ਸਾਧਾਰਨ ਮਨੁੱਖ ਤੋਂ ਕੁਝ ਵੱਧ ਹਾਂ ਅਤੇ ਸਾਡੇ ਅੰਦਰ ਦੇਵਤੇ ਬਣਨ ਦੀਆਂ ਸੰਭਾਵਨਾਵਾਂ ਵੀ ਹਨ ਤਾਂ ਅਸੀਂ ਕਦੀ ਵੀ ਮਿੱਟੀ ਦੇ ਮਾਧੋਆਂ ਵਾਲਾ ਜੀਵਨ ਬਤੀਤ ਕਰਨਾ ਪਰਵਾਨ ਨਹੀਂ ਕਰਾਂਗੇ। ਸਾਡੇ ਅੰਦਰ ਕਿਸੇ ਨਵੀਂ ਸ਼ਕਤੀ ਦੀ ਉਤੇਜਨਾ ਹੋਵੇਗੀ, ਜਿਸ ਦੀ ਹੋਂਦ ਬਾਰੇ ਸਾਨੂੰ ਪਹਿਲਾਂ

ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ। ਸਾਡੀ ਪਹਿਲੀ ਅਵਸਥਾ ਬਿਲਕੁਲ ਬਦਲ ਜਾਵੇਗੀ ਅਤੇ ਅਸੀਂ ਫਿਰ ਛੋਟੇ ਛੋਟੇ ਆਦਰਸ਼ਾਂ ਤੇ ਨਿਗੂਣੇ ਮੰਤਵਾਂ ਨਾਲ ਕਦੀ ਵੀ ਸੰਤੁਸ਼ਟ ਨਹੀਂ ਹੋਵਾਂਗੇ। ਥੋੜ੍ਹੇ ਉੱਦਮ ਨਾਲ ਪ੍ਰਾਪਤ ਹੋ ਜਾਣ ਵਾਲੀ ਸਫਲਤਾ ਨਾਲ ਸਾਡਾ ਚਿੱਤ ਕਦੇ ਵੀ ਪ੍ਰਸੰਨ ਨਹੀਂ ਹੋਵੇਗਾ। ਸਾਡੀਆਂ ਉਡਾਰੀਆਂ ਉੱਚੀਆਂ ਹੋਣਗੀਆਂ ਅਤੇ ਸਾਡੇ ਮੰਤਵ ਤੇ ਆਦਰਸ਼ ਉਚੇਰੇ ਹੋਣਗੇ।

ਫਿਲਪ ਬ੍ਰੂਕਸ ਕਿਹਾ ਕਰਦਾ ਸੀ ਕਿ ਜਦ ਮਨੁੱਖ ਨੂੰ ਆਪਣਾ ਪਤਾ ਲੱਗ ਜਾਂਦਾ ਹੈ ਕਿ ਉਹ ਆਪਣੀ ਸਮਰੱਥਾ ਦੇ ਅੱਧ ਨੂੰ ਵੀ ਵਰਤੋਂ ਵਿਚ ਨਹੀਂ ਲਿਆਉਂਦਾ ਰਿਹਾ ਤਾਂ ਉਹ ਬੇਕਰਾਰ ਹੋ ਜਾਂਦਾ ਹੈ ਕਿ ਉਹ ਆਪਣੇ ਬਾਕੀ ਅੱਧ ਨੂੰ ਵੀ ਆਜ਼ਾਦ ਕਰਾਏ। ਉਸ ਦਾ ਅੱਧਾ ਹਿੱਸਾ ਉਸ ਨੂੰ ਰਹਿ ਰਹਿ ਕੇ ਸਤਾਉਂਦਾ ਰਹਿੰਦਾ ਹੈ। ਫੇਰ ਉਹ ਆਪਣੇ ਬੀਤ ਚੁਕੇ ਜੀਵਨ ਵਾਂਙ ਜਿਊਣ ਲਈ ਕਦਾਚਿਤ ਰਾਜ਼ੀ ਨਹੀਂ ਹੋ ਸਕਦਾ।

ਜਦੋਂ ਕਿਸੇ ਵਿਅਕਤੀ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਹੋਂਦ ਅਤੇ ਹਸਤੀ ਦੀ ਨੀਂਹ ਪਰਮਾਤਮਾ ਹੈ ਅਤੇ ਪਰਮਾਤਮਾ ਨਾਲ ਉਸ ਦਾ ਸਬੰਧ ਅਟੁੱਟ ਹੈ ਤਾਂ ਉਸ ਨੂੰ ਆਤਮਿਕ ਸੱਤਾ ਦੀ ਨੂਰੀ ਮਸਤੀ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ ਤੇ ਆਪਣੀ ਆਤਮਕਥਾ ਵਿਚ ਉਸ ਨੂੰ ਕੋਈ ਸੰਦੇਹ ਨਹੀਂ ਰਹਿੰਦਾ। ਕਾਇਰਤਾ, ਬਲਹੀਣਤਾ, ਢਿੱਲੜਪੁਣਾ ਅਤੇ ਡਰ ਉਹਦੇ ਨੇੜੇ ਨਹੀਂ ਢੁੱਕ ਸਕਦੇ ਅਤੇ ਉਹ ਸ਼ਾਂਤੀ ਨਾਲ ਇਸ ਖ਼ਿਆਲ ਵਿਚ ਮਗਨ ਰਹਿੰਦਾ ਹੈ ਕਿ ਅਨੰਤ, ਅਪਾਰ ਸ਼ਕਤੀ ਨਾਲ ਉਸ ਦਾ ਨੇੜੇ ਦਾ ਸਬੰਧ ਹੈ। ਫੇਰ ਉਸ ਨੂੰ ਪੈਰ ਪੈਰ ਤੇ ਇਉਂ ਭਾਸਦਾ ਹੈ ਜਿਵੇਂ ਕੋਈ ਅਗੰਮੀ ਸ਼ਕਤੀ ਉਸ ਦੇ ਅੰਦਰ ਥਰਥਰਾਹਟ ਪੈਦਾ ਕਰ ਰਹੀ ਹੈ ਅਤੇ ਕਿਸੇ ਅਪਾਰ ਸ਼ਕਤੀ ਦਾ ਹੱਥ ਉਸ ਦੇ ਸਿਰ ਤੇ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਸੰਸਾਰ ਵਿਚ ਜੋ ਕੰਮ ਉਸ ਨ ਕਰਨਾ ਹੈ, ਉਹ ਪਰਮਾਤਮਾ ਵੱਲੋਂ ਨੀਅਤ ਕੀਤਾ ਹੋਇਆ ਹੈ ਅਤੇ ਪਰਮਾਤਮਾ ਇਸ ਕਰਤੱਵ ਵਿਚ ਉਸ ਦੇ ਅੰਗ ਸੰਗ ਹੈ।

ਕਈ ਬੱਚੇ ਨੀਵੇਂ ਆਲੇ ਦੁਆਲੇ ਵਿਚ ਪੈਦਾ ਹੁੰਦੇ ਹਨ ਤੇ ਵੱਡੇ ਹੋ ਕੇ ਵੀ ਉਹ ਇਹੋ ਖ਼ਿਆਲ ਕਰਦੇ ਹਨ ਕਿ 'ਅਸੀਂ ਵੀ ਗੁਆਂਢ ਬੱਚਿਆਂ ਵਾਂਗ ਭੈੜੇ ਹੀ ਹਾਂ। ਪਰਮਾਤਮਾ ਨੇ ਸਾਡੇ ਲਈ ਕੋਈ ਖ਼ਾਸ ਭਵਿੱਖ ਨਹੀਂ ਬਣਾਇਆ। ਸਾਡੇ ਵਿਚ ਕੋਈ ਵਿਸ਼ੇਸ਼ ਸ਼ਕਤੀ ਨਹੀਂ ਜਿਸ ਕਾਰਣ ਅਸੀਂ ਦੂਜੇ ਬੱਚਿਆਂ ਤੋਂ ਵਧ ਸਕੀਏ ਤੇ ਜੋ ਕੁਝ ਸਾਡੇ ਆਲੇ ਦੁਆਲੇ ਹੋ ਰਿਹਾ ਹੈ, ਇਹ ਇਸੇ ਪ੍ਰਕਾਰ ਹੀ ਹੁੰਦਾ ਰਿਹਾ ਹੈ ਅਤੇ ਹੁੰਦਾ ਰਹੇਗਾ।' ਫੇਰ ਅਚਣਚੇਤ ਕੋਈ ਅਜੇਹੀ ਘਟਨਾ ਵਾਪਰਦੀ ਹੈ ਜਿਸ ਨਾਲ ਇਨ੍ਹਾਂ ਬੱਚਿਆਂ ਵਿਚੋਂ ਕਿਸੇ ਨੂੰ ਆਪਣੇ ਮਹਾਨ ਅੰਦਰਲੇ ਦੀ ਸੂਝ ਹੋ ਜਾਂਦੀ ਹੈ ਜਿਸ ਨਾਲ ਉਹਨੂੰ ਇਹ ਭਾਸਣ ਲੱਗ ਪੈਂਦਾ ਹੈ ਕਿ ਉਹ ਹੋਰਨਾ ਨਾਲੋਂ ਕੁਝ ਨਿਰਾਲਾ ਹੈ ਅਤੇ ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਕਿਸੇ ਛੂ-ਮੰਤਰ ਰਾਹੀਂ ਉਸ ਦੇ ਅੰਦਰਲੇ ਵਿਚੋਂ ਕੋਈ ਸਦੀਵੀ ਸੁੱਤੀ ਸ਼ਕਤੀ ਜਾਗ ਪਈ ਹੈ ਜਿਸ ਦੇ ਆਪਣੇ ਅੰਦਰ ਹੋਣ ਦਾ ਉਸਨੂੰ ਕਦੀ ਗਿਆਨ ਵੀ ਨਹੀਂ ਸੀ। ਇਹ ਛੋਹ ਇਕ ਤਰ੍ਹਾਂ ਦਾ ਰੱਬੀ ਸੰਦੇਸ ਹੁੰਦਾ ਹੈ। ਇਸ ਸੰਦੇਸ ਨੂੰ ਸੁਣ ਕੇ ਉਹ ਉਸ ਆਗਿਆ ਦੀ ਪਾਲਣਾ ਕਰਦਾ ਹੋਇਆ ਆਪਣੇ ਗੰਦੇ ਆਲੇ ਦੁਆਲੇ ਵਿਚੋਂ ਨਿਕਲ ਕੇ ਸੋਹਣੀ ਤੇ ਵਿਸ਼ਾਲ ਦੁਨੀਆ ਵਿਚ ਜਾਂਦਾ ਹੈ ਅਤੇ ਸਸਤੀ ਮਿਲਣ ਵਾਲੀ ਸਫਲਤਾ ਤੋਂ ਸੰਤੁਸ਼ਟ ਨਹੀਂ ਹੁੰਦਾ। ਉਸ ਦਾ ਪਹਿਲਾ ਸੁਭਾ ਬਦਲ ਜਾਂਦਾ ਹੈ ਅਤੇ ਉਸ ਦਾ ਪੁਰਾਣਾ ਵਾਤਾਵਰਣ ਉਸ ਨੂੰ ਸੰਤੁਸ਼ਟਤਾ ਨਹੀਂ ਦਿੰਦਾ।

ਅਜੇਹੇ ਮਰਦ ਤੇ ਇਸਤਰੀਆਂ ਵੀ ਹਨ ਜਿਨ੍ਹਾਂ ਨੇ ਜੀਵਨ ਦੇ ਖੇਤਰ ਵਿਚ ਕਈ ਮਹਾਨ ਕੰਮ ਕਰ ਕੇ ਵਖਾਏ ਹਨ ਪਰ ਉਨ੍ਹਾਂ ਦੇ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹਾ ਕਰ ਸਕਣ ਦੀ ਸੰਭਾਵਨਾ ਉੱਤੇ ਯਕੀਨ ਨਹੀਂ ਸੀ। ਮਿਸਾਲ ਵਜੋਂ ਕਿਸੇ ਸਫ਼ਲ ਆਦਮੀ ਨੂੰ ਕੁਝ ਵਰ੍ਹੇ ਪਹਿਲਾਂ ਜੇ ਤੁਸੀਂ ਕਹਿੰਦੇ ਕਿ ਤੇਰੇ ਅੰਦਰ ਅਜੇਹੀਆਂ ਸੰਭਾਵਨਾਵਾਂ ਹਨ ਜਿਹੜੀਆਂ ਹੁਣ ਪ੍ਰਕਾਸ਼ਮਾਨ ਹੋਈਆਂ ਹਨ, ਤਾਂ ਉਹ ਕਦੇ ਵੀ ਇਸ ਗੱਲ ਵੱਲ ਧਿਆਨ ਨਾ ਦਿੰਦਾ। ਕੁਝ ਚਿਰ ਪਹਿਲਾਂ ਜੇ ਕੋਈ ਆਦਮੀ ਉਸ ਨੂੰ

ਉਸ ਦੀ ਹੁਣ ਵਾਲੀ ਤਸਵੀਰ ਖਿੱਚ ਕੇ ਵਿਖਾਉਂਦਾ ਤਾਂ ਉਹ ਇਸ ਤਸਵੀਰ ਤੇ ਹੱਸ ਛਡਦਾ, ਖਿੱਲੀ ਉਡਾਉਂਦਾ ਅਤੇ ਕਹਿੰਦਾ 'ਮੈਂ ਅਜਿਹਾ ਨਹੀਂ ਹਾਂ, ਇਹ ਤਸਵੀਰ ਤਾਂ ਕਿਸੇ ਤੱਕੜੇ ਜੁੱਸੇ ਤੇ ਵਿਸ਼ਾਲ ਦਿਮਾਗ਼ ਵਾਲੇ ਮਨੁੱਖ ਦੀ ਹੈ। ਨਾ ਤਾਂ ਮੇਰਾ ਜੁੱਸਾ ਅਜਿਹਾ ਹੈ ਅਤੇ ਨਾ ਹੀ ਦਿਮਾਗ਼। ਮੈਂ ਤਾਂ ਇਕ ਸਾਧਾਰਨ ਜਿਹਾ ਆਦਮੀ ਹਾਂ। ਉਸ ਮਨੁੱਖ ਨੇ ਹਾਲੇ ਤੱਕ ਵੀ ਅਪਣੀ ਹੋਂਦ ਨੂੰ ਨਹੀਂ ਪਛਾਣਿਆ। ਜੇ ਉਹ ਆਪਣੇ ਆਪ ਨੂੰ ਜਾਣ ਜਾਂਦਾ ਤਾਂ ਉਹ ਇਸ ਤੋਂ ਹੋਰ ਵੀ ਵਧ ਫਲ ਸਕਦਾ ਸੀ। ਵਡਿਆਈ ਤੇ ਉਚੱਤਾ ਜੋ ਉਸ ਅੰਦਰ ਹੈ, ਉਸ ਦਾ ਕੇਵਲ ਇਕ ਭਾਗ ਹੀ ਪ੍ਰਗਟ ਹੋਇਆ ਹੈ। ਸਮਾਂ ਆਵੇਗਾ ਜਦੋਂ ਇਸ ਦੀ ਪੂਰੀ ਵਡਤੱਣ ਪ੍ਰਕਾਸ਼ਮਾਨ ਹੋਵੇਗੀ।

ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਰਦ ਤੇ ਤੀਵੀਆਂ ਨੂੰ ਅੱਜ ਇਹ ਵਿਸ਼ਵਾਸ ਆਉਣਾ ਕਠਨ ਹੈ ਕਿ ਉਹ ਇਕ ਅੱਧ ਸਾਲ ਦੇ ਅੰਦਰ ਵੱਡੀ ਜ਼ੁੰਮੇਵਾਰੀ ਵਾਲੀਆਂ ਪਦਵੀਆਂ ਤੇ ਪਹੁੰਚ ਜਾਣਗੇ ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਅਜਿਹਾ ਸੰਭਵ ਹੋ ਸਕਦਾ ਹੈ। ਭਵਿੱਖਤ ਦੇ ਵੱਡੇ ਜਰਨੈਲ ਜਾਂ ਦਫਤਰਾਂ ਦੇ ਮੁੱਖ-ਪ੍ਰਬੰਧਕ, ਪਲਟਣ ਦਾ ਹਰ ਸਿਪਾਹੀ ਅਤੇ ਦਫ਼ਤਰ ਦਾ ਹਰ ਸਾਧਾਰਨ ਬਾਬੂ ਦੇ ਅੰਦਰ ਲੁਕੇ ਪਏ ਹੁੰਦੇ ਹਨ। ਭਵਿੱਖਤ ਦੇ ਕਈ ਸੁਪਰਡੰਟ, ਮੈਨੇਜਰ ਅੱਜ ਸੇਵਾਦਾਰਾਂ, ਹਰਕਾਰਿਆਂ ਅਤੇ ਬਹਿਰਿਆਂ ਦਾ ਕੰਮ ਕਰ ਰਹੇ ਹਨ।

ਜਦੋਂ ਤੁਹਾਨੂੰ ਆਪਣੇ ਅੰਦਰਲੇ ਬਲ ਅਤੇ ਗੁਣਾਂ ਦਾ ਪਤਾ ਲੱਗ ਜਾਂਦਾ ਹੈ ਤਾਂ ਤੁਹਾਡੇ ਅੰਦਰ ਨਵਾਂ ਉਤਸ਼ਾਹ, ਨਵਾਂ ਜਤਨ, ਨਵਾਂ ਜੋਸ਼ ਉਗੰਮ ਪੈਂਦਾ ਹੈ। ਅਜੇਹੀਆਂ ਮਿਸਾਲਾਂ ਮਿਲਦੀਆਂ ਹਨ ਜਦੋਂ ਕਿ ਦਫ਼ਤਰ ਦਾ ਇਕ ਸਾਧਾਰਨ ਜਿਹਾ ਮੁਣਸ਼ੀ ਅਚਣਚੇਤ ਤਰੱਕੀ ਕਰ ਜਾਂਦਾ ਹੈ ਤਾਂ ਉਸ ਦੇ ਅੰਦਰ ਹੋਰ ਵੀ ਅੱਗੇ ਵਧਣ ਦਾ ਉਤਸ਼ਾਹ ਪੈਦਾ ਹੋ ਜਾਂਦਾ ਹੈ। ਨਵੀਆਂ ਆਸਾਂ ਤੇ ਨਵੇਂ ਉਤਸ਼ਾਹਾਂ ਦਾ ਇਹ ਮੇਲ ਉਸ ਦੀ ਅੰਤਰੀ ਸ਼ਕਤੀ ਨੂੰ ਪ੍ਰਗਟਾ ਦਿੰਦਾ ਹੈ ਅਤੇ ਉਸ ਨੂੰ ਆਪਣੀ ਲਿਆਕਤ

ਦੂਣ ਸਵਾਈ ਪ੍ਰਤੀਤ ਹੋਣ ਲੱਗ ਜਾਂਦੀ ਹੈ। ਜਿੰਨਾਂ ਚਿਰ ਉਹ ਸਮਾਂ ਨਹੀਂ ਸੀ ਆਇਆ, ਜਿੰਨਾਂ ਚਿਰ ਉਸ ਦੀਆਂ ਅੰਦਰਲੀਆਂ ਸ਼ਕਤੀਆਂ ਪ੍ਰਗਟ ਨਹੀਂ ਸਨ ਹੋਈਆਂ, ਉਨਾਂ ਚਿਰ ਉਹਨੂੰ ਪਤਾ ਵੀ ਨਹੀਂ ਸੀ ਕਿ ਉਸ ਦੇ ਅੰਦਰ ਕੋਈ ਨਵੀਂ ਸ਼ਕਤੀ ਲੁੱਕੀ ਪਈ ਹੈ।

ਪਿਛਲੀ ਵੱਡੀ ਲੜਾਈ ਤੋਂ ਪਹਿਲਾਂ ਅਣਗਿਣਤ ਅਜੇਹੇ ਜਵਾਨ ਸਨ ਜੋ ਅਨੁਭਵ ਕਰਦੇ ਸਨ ਕਿ ਉਨ੍ਹਾਂ ਵਿਚ ਬੀਰਤਾ ਅਤੇ ਦਲੇਰੀ ਨਾਮ ਮਾਤਰ ਵੀ ਨਹੀਂ। ਉਹ ਡਰਦੇ ਸਨ ਕਿ ਜਦੋਂ ਉਨ੍ਹਾਂ ਨੂੰ ਲੜਾਈ ਵਿਚ ਜਾਣ ਦਾ ਸਮਾਂ ਮਿਲਿਆ ਤਾਂ ਉਹ ਕਾਇਰ ਸਾਬਤ ਹੋਣਗੇ। ਫੇਰ ਇਨ੍ਹਾਂ ਜਵਾਨਾਂ ਨੇ ਆਪਣੇ ਮਿੱਤਰਾਂ ਤੇ ਹੋਰ ਮਨੁੱਖਾਂ ਨੂੰ ਲੜਾਈ ਵਿਚ ਜਾਂਦਿਆਂ ਵੇਖਿਆ, ਉਨ੍ਹਾਂ ਦੀਆਂ ਬੀਰਤਾ ਦੀਆਂ ਕਹਾਣੀਆਂ ਨੂੰ ਸੁਣਿਆ ਤਾਂ ਅਣਪਛਾਤੀ ਸ਼ਕਤੀ ਇਨ੍ਹਾਂ ਦੇ ਦਿਲਾਂ ਦੀਆਂ ਅੰਤਰੀਵ ਡੂੰਘਾਈਆਂ ਵਿਚ ਮਚਲੀ, ਜੋਸ਼ ਨੇ ਹਲੂਣਾ ਖਾਧਾ ਅਤੇ ਉਹ ਇਨ੍ਹਾਂ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਫ਼ੌਜ ਵਿਚ ਭਰਤੀ ਹੋ ਗਏ। ਜਦੋਂ ਵਿਰੋਧੀ ਦਲਾਂ ਨਾਲ ਇਨ੍ਹਾਂ ਦਾ ਟਾਕਰਾ ਹੋਇਆ ਤਾਂ ਇਨ੍ਹਾਂ ਦੇ ਅੰਦਰੋਂ ਜਾਗੇ ਸ਼ੇਰ ਨੇ ਲੋਹੜੇ ਦੀ ਬੀਰਤਾ ਵਿਖਾਈ ਅਤੇ ਵਿਰੋਧੀ ਦਲਾਂ ਦੀਆਂ ਤੋਪਾਂ ਦੇ ਮੂੰਹ ਭੁਆ ਦਿੱਤੇ। ਕਈ ਅਜੇਹੇ ਜਵਾਨ ਵੀ ਫ਼ੌਜ ਵਿਚ ਭਰਤੀ ਹੋਏ ਜਿਨ੍ਹਾਂ ਦੀ ਘਰਾਂ ਵਿਚ ਜ਼ਰਾ ਜਿੰਨੀ ਵੀ ਕਦਰ ਨਹੀਂ ਸੀ, ਜਿਨ੍ਹਾਂ ਨੂੰ ਮਾਪੇ ਅਤੇ ਅਧਿਆਪਕ ਮੂਰਖ, ਜਾਹਿਲ, ਬੁਧਹੀਣ, ਆਲਸੀ ਅਤੇ ਗਏ ਗੁਜ਼ਰੇ ਸਮਝਿਆ ਕਰਦੇ ਸਨ ਪਰ ਲੜਾਈ ਵਿਚ ਜਾ ਕੇ ਉਨ੍ਹਾਂ ਨੂੰ ਆਪਣੇ ਅਸਲੇ ਦੀ ਸੂਝ ਹੋ ਗਈ ਜਿਸ ਨਾਲ ਉਨ੍ਹਾਂ ਨੇ ਆਪਣੇ ਅੰਦਰ ਦਲੇਰੀ, ਬੀਰਤਾ, ਦ੍ਰਿੜ੍ਹਤਾ ਅਤੇ ਧੀਰਜ ਦਾ ਕੋਈ ਘਾਟਾ ਪ੍ਰਤੀਤ ਨਾ ਕੀਤਾ।

ਅਣਗਿਣਤ ਮਰਦਾਂ ਤੇ ਤੀਵੀਆਂ ਨੇ ਆਪਣੇ ਅੰਦਰੋਂ ਉਸ ਸ਼ਕਤੀ ਨੂੰ ਲਭ ਲਿਆ ਹੈ ਜਿਸ ਦਾ ਉਨ੍ਹਾਂ ਨੂੰ ਰੰਚਕ ਮਾਤਰ ਖ਼ਿਆਲ ਨਹੀਂ ਸੀ। ਇਨ੍ਹਾਂ ਤਜਰਬਿਆਂ ਤੋਂ ਸਿੱਧ ਹੁੰਦਾ ਹੈ ਕਿ ਇਨਸਾਨ ਭਾਵੇਂ ਕਿੰਨਾਂ ਵੀ ਸਫਲ ਕਿਉਂ ਨਾ

ਹੋਵੇ ਫੇਰ ਵੀ ਉਸ ਵਿਚ ਕਈ ਕਿਸਮ ਦੀਆਂ ਹੋਰ ਵੀ ਸੰਭਾਵਨਾਵਾਂ ਲੁਕੀਆਂ ਹੁੰਦੀਆਂ ਹਨ।

ਤੁਸੀਂ ਕੀ ਬਣ ਗਏ ਹੋ? ਤੁਹਾਡੇ ਲਈ ਇਹ ਇੰਨੀ ਵਿਸ਼ੇਸ਼ ਗੱਲ ਨਹੀਂ ਜਿੰਨੀ ਕਿ ਇਹ ਤੁਹਾਡੇ ਅੰਦਰ ਕੀ ਕੁਝ ਬਣ ਜਾਣ ਦੀ ਸ਼ਕਤੀ ਹੈ। ਇਹ ਅਤਿਅੰਤ ਦੁਖਦਾਇਕ ਗੱਲ ਹੋਵੇਗੀ ਜੇ ਤੁਸੀਂ ਆਪਣੇ ਇਸ ਮਹਾਨ ਬਲ ਨੂੰ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਹੀ ਇਸ ਦੁਨੀਆ ਨੂੰ ਛੱਡ ਜਾਓ। ਇਕ ਵਿਉਪਾਰੀ ਕਿਵੇਂ ਆਪਣੀ ਪੂੰਜੀ ਨੂੰ ਬੈਂਕ ਵਿਚ ਬੇਵਿਆਜੀ ਅਤੇ ਅਣਵਰਤੀ ਰੱਖ ਸਕਦਾ ਹੈ? ਜੇ ਵਿਉਪਾਰੀ ਅਜਿਹਾ ਨਹੀਂ ਕਰ ਸਕਦਾ ਤਾਂ ਕੀ ਤੁਸੀਂ ਅਨੁਭਵ ਕਰਦੇ ਹੋ ਕਿ ਇਸ ਪੂੰਜੀ ਨਾਲੋਂ ਕਿਤੇ ਵਧੇਰੇ ਮੁੱਲ ਦੀ ਵਸਤੂ ਤੁਹਾਡੇ ਅੰਦਰ ਦਬੀ ਪਈ ਹੈ ਅਤੇ ਤੁਸੀਂ ਉਸ ਨੂੰ ਅਜਾਈਂ ਗਵਾ ਰਹੇ ਹੋ। ਤੁਸੀਂ ਇਸ ਕੀਮਤੀ ਪੂੰਜੀ ਨੂੰ ਵਰਤੋਂ ਵਿਚ ਕਿਉਂ ਨਹੀਂ ਲਿਆਉਂਦੇ? ਜੇ ਕਿਸੇ ਵਪਾਰੀ ਦਾ ਕਾਫੀ ਧਨ ਬੈਂਕ ਵਿਚ ਜਮ੍ਹਾ ਹੋਵੇ ਤਾਂ ਉਸਨੂੰ ਹਰ ਪਾਸਿਉਂ ਬੈਂਕ ਵਿਚ ਜਮ੍ਹਾ ਪਈ ਪੂੰਜੀ ਤੋਂ ਕੰਮ ਸਾਰ ਲੈਣ ਦੀ ਪਰੇਰਨਾ ਮਿਲੇਗੀ, ਪਰ ਜੇ ਫਿਰ ਵੀ ਉਹ ਸਿਰ ਚੜ੍ਹੇ ਕਰਜ਼ੇ ਨੂੰ ਨਿਪਟਾਉਣ ਲਈ ਚਿੰਤਾਤੁਰ ਹੋ ਰਿਹਾ ਹੋਵੇ ਤਾਂ ਤੁਸੀਂ ਉਸ ਵਿਉਪਾਰੀ ਨੂੰ ਮੂਰਖ ਤੇ ਬੇਸਮਝ ਆਖੋਗੇ। ਚੇਤੇ ਰਖੋ ਕਿ ਤੁਸੀਂ ਵੀ ਤਾਂ ਕੋਈ ਘੱਟ ਬੇਸਮਝ ਨਹੀਂ। ਤੁਹਾਡੇ ਅੰਦਰ ਵੀ ਤਾਂ ਅਮੁੱਲ ਭੰਡਾਰ ਅਣਵਰਤੇ ਹੀ ਦਬੇ ਪਏ ਹਨ। ਤੁਸੀਂ ਇਨ੍ਹਾਂ ਦੀ ਵਰਤੋਂ ਕਿਉਂ ਨਹੀਂ ਕਰਦੇ? ਤੁਸੀਂ ਥੁੜ-ਪੂੰਜੀਏ ਬਣ ਕੇ ਜ਼ਿੰਦਗੀ ਨੂੰ ਕਿਉਂ ਧਰੂੰਦੇ ਹੋ ਜਦੋਂ ਕਿ ਤੁਹਾਡੇ ਪਾਸ ਪੂੰਜੀ ਦੇ ਬੇਅੰਤ ਭੰਡਾਰ ਵਰਤੋਂ ਲਈ ਰੀਜ਼ਰਵ ਪਏ ਹਨ? ਪਰ ਅਜੇ ਤੱਕ ਤੁਸਾਂ ਇਸ ਪਾਸੇ ਕੋਈ ਜਤਨ ਨਹੀਂ ਕੀਤਾ ਅਤੇ ਨਾ ਹੀ ਤੁਸੀਂ ਇਸ ਦੀ ਵਰਤੋਂ ਤੋਂ ਜਾਣੂ ਹੋਏ ਹੋ। ਜਦੋਂ ਸਾਡੇ ਅੰਦਰ ਅਜੇਹੀ ਸ਼ਕਤੀ ਅਤੇ ਯੋਗਤਾ ਦਬੀ ਪਈ ਹੈ ਤਾਂ ਇਸ ਨੂੰ ਵਰਤੋਂ ਵਿਚ ਲਿਆਉਣ ਲਈ ਕਿਉਂ ਨਾ ਵਿਉਂਤ ਬਣਾਈ ਜਾਵੇ? ਤੁਸੀਂ ਜਾਣਦੇ ਹੋ ਕਿ ਇਹ ਸਭ ਕੁਝ ਤੁਹਾਡੇ ਅਧਿਕਾਰ ਵਿਚ ਹੈ ਅਤੇ

ਸੁਭਾਵਕ ਤੌਰ ਤੇ ਤੁਹਾਨੂੰ ਇਸ ਦੀ ਸੂਝ ਵੀ ਹੈ। ਤੁਹਾਡੀ ਸੂਝ, ਤੁਹਾਡੀ ਅਕਲ, ਤੁਹਾਡੀ ਹਿੰਮਤ ਕੂਕ ਕੂਕ ਕੇ ਕਹਿ ਰਹੀ ਹੈ ਕਿ ਤੁਹਾਡੇ ਅੰਦਰ ਮਹਾਨ ਬਲ ਹੈ ਜਿਸ ਦੀ ਨਾ ਹੀ ਅਜੇ ਤੀਕ ਤੁਹਾਨੂੰ ਸਮਝ ਆਈ ਹੈ ਅਤੇ ਨਾ ਹੀ ਤੁਸਾਂ ਇਸ ਨੂੰ ਵਰਤੋਂ ਵਿਚ ਲਿਆਂਦਾ ਹੈ। ਤੁਸੀਂ ਉਸ ਨੂੰ ਕਿਉਂ ਨਹੀਂ ਵਰਤਦੇ? ਉਸ ਨੂੰ ਕਿਉਂ ਨਹੀਂ ਉਤੇਜਤ ਕਰਦੇ ਅਤੇ ਕਿਉਂ ਨਹੀਂ ਇਸ ਬਰੂਦ ਨੂੰ ਚਿਣਗ ਲਾ ਦਿੰਦੇ?

ਜੀਵ ਮਾਤਰ ਦੇ ਅੰਤ੍ਰੀਵ ਨੂੰ ਟੁੰਭਣਾ ਅਤੇ ਇਸ ਵਿਚ ਲੁਕੀਆਂ ਮਹਾਨ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਇਸ ਨਵੇਂ ਫ਼ਲਸਫ਼ੇ ਦਾ ਕਰਤੱਵ ਹੈ। ਹੋ ਸਕਦਾ ਹੈ ਕਿ ਇਨ੍ਹਾਂ ਮਹਾਨ ਸੰਭਾਵਨਾਵਾਂ ਦਾ ਅਮੁੱਲ ਭੰਡਾਰ, ਸੰਦੇਹ, ਆਤਮ-ਵਿਸ਼ਵਾਸ਼ ਦੀ ਅਣਹੋਂਦ, ਡਰ, ਕਾਇਰਤਾ, ਚਿੰਤਾ, ਘਿਰਣਾ, ਸਾੜੇ ਵਰਗੀਆਂ ਕਈ ਭੈੜੀਆਂ ਤੈਹਾਂ ਹੇਠ ਦਬਿਆ ਪਿਆ ਹੋਵੇ ਪਰ ਇਹ ਤੈਹਾਂ ਠੀਕ ਅਤੇ ਸ਼ੁਭ ਵਿਚਾਰਾਂ ਦੀਆਂ ਕਹੀਆਂ ਰਾਹੀਂ ਹਟਾਈਆਂ ਜਾ ਸਕਦੀਆਂ ਹਨ।

ਕਈ ਵਾਰੀ ਅਜਿਹਾ ਹੁੰਦਾਂ ਹੈ ਕਿ ਜਿਨ੍ਹਾਂ ਮਨੁੱਖਾਂ ਨੂੰ ਨਖੱਟੂ, ਨਿਕੰਮੇ, ਗਏ-ਗੁਆਚੇ ਸਮਝਿਆ ਜਾਂਦਾ ਹੈ ਉਹ ਛੇਤੀ ਹੀ ਵਟ ਕੇ ਕੁਝ ਦੇ ਕੁਝ ਬਣ ਜਾਂਦੇ ਹਨ। ਇੰਞ ਪ੍ਰਤੀਤ ਹੁੰਦਾ ਹੈ ਜਿਵੇਂ ਉਨ੍ਹਾਂ ਵਿਚ ਇਹ ਪਰੀਵਰਤਨ ਕਿਸੇ ਜਾਦੂ ਦੇ ਅਸਰ ਕਰਕੇ ਆ ਗਿਆ ਹੈ ਅਤੇ ਅਚਾਣਚਕ ਇਹ ਮਨੁੱਖ ਸ਼ਕਤੀਸ਼ਾਲੀ ਅਤੇ ਦੂਜਿਆਂ ਦੀ ਸਹਾਇਤਾ ਕਰਨ ਵਾਲੇ ਬਣ ਗਏ ਹਨ। ਕੋਈ ਅਜੇਹੀ ਘਟਨਾ ਵਾਪਰੀ ਹੈ ਜਿਸ ਰਾਹੀਂ ਉਨ੍ਹਾਂ ਦਾ ਉਤਸ਼ਾਹ ਉਚੇਰੀਆਂ ਟੀਸੀਆਂ ਵੱਲ ਉਮਲ ਪਿਆ ਹੈ ਅਤੇ ਉਹ ਹੁਣ ਕੌਮ ਦੇ ਮੁਥਾਜ ਬਣਨ ਦੀ ਥਾਵੇਂ ਕੌਮ ਨੂੰ ਚੜ੍ਹਦੀਆਂ ਕਲਾਂ ਵੱਲ ਲਿਜਾਣ ਵਾਲੇ ਆਗੂ ਬਣ ਗਏ ਹਨ।

ਇਕ ਨਿਕੰਮੇ ਨਿਕਾਰੇ ਸ਼ਰਾਬੀ ਦਾ ਜ਼ਿਕਰ ਆਉਂਦਾ ਹੈ ਕਿ ਕਿਸੇ ਘਟਨਾ ਦੇ ਵਾਪਰਨ ਨਾਲ ਉਸ ਦੇ ਜੀਵਨ ਵਿਚ ਇਕ ਵਿਸ਼ੇਸ਼ ਪਰੀਵਰਤਨ ਆਇਆ, ਜਿਸ ਕਰਕੇ ਜਿਥੇ ਉਹ ਬੋਤਲ ਦਾ ਗੁਲਾਮ ਸੀ, ਉਥੇ ਉਹ ਬੋਤਲਾਂ ਦਾ ਮਾਲਕ

ਬਣ ਗਿਆ। ਨੀਚ ਅਤੇ ਆਚਾਰ-ਹੀਣ ਮਨੁੱਖ ਤੋਂ ਬਦਲ ਕੇ ਉਹ ਆਪਣੀ ਕੌਮ ਦਾ ਆਗੂ ਅਤੇ ਸ਼ਕਤੀ ਭਰਪੂਰ ਅੰਗ ਬਣ ਗਿਆ। ਆਪਣੇ ਮਹਾਨ ਅੰਦਰਲੇ ਨੂੰ ਲੱਭ ਲੈਣ ਤੋਂ ਪਹਿਲਾਂ ਉਹ ਲੋਕਾਂ ਨੂੰ ਮਲੀਨਤਾ ਦੀ ਖੱਡ ਵੱਲ ਧਰੀਕੀ ਲਿਜਾ ਰਿਹਾ ਸੀ ਪਰ ਜਦੋਂ ਉਸ ਨੇ ਆਪਣੀ ਅੰਦਰਲੀ ਮਹਾਨ ਸੱਚਾਈ ਨੂੰ ਲੱਭ ਲਿਆ ਤਾਂ ਅਣਗਿਣਤ ਬੰਦਿਆਂ ਨੂੰ ਸ਼ਰਾਬ ਛੱਡਣ ਅਤੇ ਸਾਊਆਂ ਵਾਲਾ ਜੀਵਨ ਬਤੀਤ ਕਰਨ ਦਾ ਉਪਦੇਸ਼ ਦੇਣ ਲੱਗ ਪਿਆ।

ਇਟਲੀ ਦੀ ਵਾਰਤਾ ਹੈ ਕਿ ਉਥੇ ਇਕ ਭਾਂਡੇ ਮਾਂਜਣ ਵਾਲੇ ਨੌਕਰ ਨੇ ਇਕ ਵਿਸ਼ੇਸ਼ ਚਿੱਤਰ ਵੇਖਿਆ ਜਿਸ ਨੇ ਉਸ ਦੀਆਂ ਅੰਦਰਲੀਆਂ ਤਰਬਾਂ ਨੂੰ ਹਿਲਾ ਦਿੱਤਾ। ਅਜਿਹਾ ਹੁਲਾਰਾ ਉਸ ਨੇ ਅੱਗੇ ਕਦੀ ਵੀ ਨਹੀਂ ਸੀ ਮਾਣਿਆ। ਉਸ ਦੇ ਅੰਦਰ ਸੁੱਤੀ ਕਲਾਮਈ ਸ਼ਕਤੀ ਜਾਗੀ ਤੇ ਉਹ ਕੂਕ ਉਠਿਆ 'ਮੈਂ ਵੀ ਇਕ ਕਲਾਕਾਰ ਹਾਂ'। ਮਹਾਨ ਅੰਦਰਲੇ ਵਿਚੋਂ ਉਠੀ ਇਸ ਕੂਕ ਦੇ ਪ੍ਰਭਾਵ ਹੇਠ ਆਏ ਇਸ ਨੌਕਰ ਨੂੰ ਇਕ ਵਿਸ਼ੇਸ਼ ਚਿੱਤਰਕਾਰ ਦੇ ਕਲਾ-ਮੰਦਰ ਵਿਚ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ। ਥੋੜੇ ਹੀ ਸਮੇਂ ਪਿਛੋਂ ਉਹ ਨੌਕਰ ਉਸ ਕਲਾਕਾਰ ਤੋਂ ਵੀ ਵਧੇਰਾ ਪ੍ਰਸਿੱਧ ਹੋਇਆ, ਜਿਸ ਦੇ ਚਿੱਤਰ ਨੇ ਉਸ ਦੀ ਅੰਤਰੀ ਕਲਾਮਈ ਸ਼ਕਤੀ ਨੂੰ ਉਜਾਗਰ ਕੀਤਾ ਸੀ।

ਬਹੁਤ ਗਿਣਤੀ ਵਿਚ ਅਜੇਹੇ ਮਨੁੱਖ ਸਨ ਜੋ ਸਮਾਜ ਲਈ ਬੜੇ ਹਾਨੀਕਾਰਕ ਸਮਝੇ ਜਾਂਦੇ ਸਨ ਪਰ ਅਚਣਚੇਤ ਉਹ ਅਜੇਹੇ ਸੁਧਰੇ ਕਿ ਕੌਮ ਦੇ ਉੱਘੇ ਆਗੂ ਬਣ ਗਏ। ਕਿਸੇ ਵਸਤੂ ਨੇ ਉਨ੍ਹਾਂ ਨੂੰ ਕੋਈ ਅਜੇਹੀ ਛੋਹ ਦਿਤੀ ਕਿ ਉਨ੍ਹਾਂ ਦਾ 'ਅੰਦਰਲਾ ਪਰਮਾਤਮਾ' ਜਾਗ ਪਿਆ। ਉਹ ਮਲੀਨਤਾ ਅਤੇ ਕੂੜ ਦੀ ਕਾਲੀ ਬੋਲੀ ਰਾਤ ਵੱਲੋਂ ਆਪਣੇ ਮੁੱਖ ਨੂੰ ਮੋੜ ਕੇ ਸੱਚ ਅਤੇ ਧਰਮ ਦੇ ਪਸਰੇ ਪ੍ਰਕਾਸ਼ ਵੱਲ ਤੱਕਣ ਲੱਗੇ, ਖਾਕੀ ਤੋਂ ਨੂਰੀ ਹੋ ਗਏ ਅਤੇ ਉਨ੍ਹਾਂ ਕਈ ਇਕ ਆਦਰਸ਼ਕ ਕੰਮ ਕਰ ਵਿਖਾਏ। ਅਜੇਹੀ ਕਿਹੜੀ ਵਸਤੂ ਸੀ ਜਿਸ ਦੀ ਛੋਹ ਪ੍ਰਾਪਤ

ਕਰ ਕੇ ਉਹ ਲੋਹੇ ਤੋਂ ਸੋਨਾ ਬਣ ਗਏ? ਹੋ ਸਕਦਾ ਹੈ ਉਹ ਕੋਈ ਪੁਸਤੱਕ ਹੋਵੇ, ਕੋਈ ਉਪਦੇਸ਼ ਹੀ ਹੋਵੇ ਜਾਂ ਇਹ ਵੀ ਸੰਭਵ ਹੈ ਕਿ ਕੋਈ ਅਗੰਮੀ ਲਿਸ਼ਕ ਦਾ ਝਲਕਾਰਾ ਹੀ ਹੋਵੇ ਜਿਸ ਨੇ ਉਨ੍ਹਾਂ ਨੂੰ ਆਪਣੀ ਅਸਲੀਅਤ ਜਤਾ ਦਿੱਤੀ ਹੋਵੇ। ਪਰ ਭਾਵੇਂ ਉਹ ਕੁਝ ਵੀ ਸੀ, ਉਸ ਨੇ ਉਨ੍ਹਾਂ ਨੂੰ ਸਿੱਧੇ ਰਸਤੇ ਪਾ ਦਿੱਤਾ ਤੇ ਕੋਝ ਤੋਂ ਸੁੰਦਰਤਾ ਦਾ ਉਪਾਸ਼ਕ ਬਣਾ ਦਿੱਤਾ ਹੈ ਅਤੇ ਹੁਣ ਉਹ ਸਮਾਜ ਦੇ ਵਿਰੋਧੀ ਨਹੀਂ ਸਗੋਂ ਸ਼ੁਭ ਚਿੰਤੱਕ ਹਨ।

'ਸਾਲ' ਨਾਉਂ ਦੇ ਇਕ ਨਿਰਦਈ ਪੁਰਸ਼ ਦੀ ਕਹਾਣੀ ਹੈ ਕਿ ਉਹ ਈਸਾਈਆਂ ਨੂੰ ਦੁਖ ਦੇਣਾ ਆਪਣਾ ਪਰਮ ਧਰਮ ਸਮਝਦਾ ਸੀ। ਇਕ ਵਾਰ ਜਦੋਂ ਉਹ ਦਮਿਸ਼ਕ ਵੱਲ ਜਾ ਰਿਹਾ ਸੀ ਤਾਂ ਅਚਣਚੇਤ ਉਸ ਦੇ ਦੁਆਲੇ ਆਕਾਸ਼ ਤੋਂ ਇਕ ਅੰਗਮੀ ਚਾਨਣ ਆ ਪਸਰਿਆ ਜਿਸ ਨੇ ਉਸ ਦੇ ਜੀਵਨ ਨੂੰ ਹੀ ਪਲਟਾ ਦਿੱਤਾ। ਕਿੱਥੇ 'ਸਾਲ' ਇਕ ਨਿਰਦਈ, ਈਸਾਈਆਂ ਦਾ ਦੋਖੀ ਅਤੇ ਕਿੱਥੇ ਉਹ ਈਸਾਈਆਂ ਦਾ ਸ਼ੁਭ ਚਿੰਤੱਕ, ਈਸਾਈ ਮਤ ਦਾ ਦ੍ਰਿੜ ਉਪਾਸ਼ਕ ਅਤੇ ਹਜ਼ਰਤ ਮਸੀਹ ਦਾ ਪ੍ਰਸਿੱਧ ਚੇਲਾ। 'ਸਾਲ' ਤੋਂ ਹੁਣ ਇਸ ਨੂੰ ‘ਪਾਲ' ਨਾਉਂ ਨਾਲ ਯਾਦ ਕੀਤਾ ਜਾਣ ਲੱਗ ਪਿਆ ਅਤੇ ਇਹ ਨਾਉਂ ਈਸਾਈ ਮੱਤ ਵਿਚ ਹਾਲੀ ਤੱਕ ਵੀ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਕਿੰਨਾ ਮਹਾਨ ਪਰਿਵਰਤਨ ਹੈ? ਜੇ ਇਹ ‘ਕੁਝ' ਜਿਸ ਦੀ ਛੂਹ ਨੇ 'ਸਾਲ' ਨੂੰ 'ਪਾਲ' ਬਣਾ ਦਿੱਤਾ, ਕੁਰਾਹੇ ਜਾਂਦੇ ਭੁੱਲੜ, ਨਾਲਾਇਕ, ਨਿਕੰਮੇ, ਨਿਕਾਰੇ, ਤੇ ਟੁੱਟੇ ਹੌਂਸਲੇ ਵਾਲਿਆਂ ਨੂੰ ਛੂਹ ਜਾਵੇ ਤਾਂ ਮਨੁੱਖ ਜਾਤੀ ਵਿਚ ਕਿੰਨਾ ਵੱਡਾ ਪਰਿਵਰਤਨ ਆ ਜਾਵੇ? ਜੇ ਨਿਰਜਿੰਦ ਅਤੇ ਸੁੱਤੇ ਦਿਲ ਸੁਰਜੀਤ ਕੀਤੇ ਤੇ ਜਗਾਏ ਜਾ ਸਕਣ ਅਤੇ ਜੇ 'ਸਾਲ ਨੂੰ 'ਪਾਲ’ ਬਣਾਉਣ ਵਾਲੀ ਵਸਤੂ ਰਾਹੀਂ ਲੋਕਾਂ ਨੂੰ ਜੀਵਨ ਪਰਦਾਨ ਕੀਤਾ ਜਾ ਸਕੇ ਤਾਂ ਮਨੁੱਖ ਜਾਤੀ ਲੰਮੀਆਂ ਲੰਮੀਆਂ ਛਾਲਾਂ ਨਾਲ ਸਭਿਅਤਾ ਅਤੇ ਅਧਿਆਤਮਕਤਾ ਦੀਆਂ ਸਿਖਰਾਂ ਨੂੰ ਛੋਹ ਲਏ। ਜਿਹੜੀ ‘ਰੱਬੀ ਚਿਣਗ' ਮਨੁੱਖੀ ਮਨਾਂ ਵਿਚ ਇਕ ਨਵਾਂ ਜੀਵਨ

ਪੈਦਾ ਕਰ ਸਕਦੀ ਹੈ, ਪਸ਼ੂ ਤੋਂ ਮਨੁੱਖ ਅਤੇ ਇਕ ਗੰਵਾਰ, ਸ਼ਰਾਬੀ ਅਤੇ ਅਪਰਾਧੀ ਨੂੰ ਚੰਗੇਰੇ ਮਨੁੱਖ ਵਿਚ ਬਦਲ ਸਕਦੀ ਹੈ, ਜੇ ਕਿਤੇ ਇਹ ਚਿਣਗ ਸਾਰੇ ਜੀਵਾਂ ਦੇ ਦਿਲਾਂ ਵਿਚ ਆਪਣਾ ਪ੍ਰਕਾਸ਼ ਕਰ ਦੇਵੇ ਤਾਂ ਸੰਸਾਰ ਵਿਚੋਂ ਨਿਰਾਸ਼ਾ ਦੁੱਖ ਅਤੇ ਮੁਸੀਬਤਾਂ ਸਦਾ ਲਈ ਮੁਕ ਜਾਣ।

ਜਦੋਂ ਇਕ ਵਾਰੀ ਕਿਸੇ ਮਨੁੱਖ ਨੂੰ ਆਪਣੇ ਅੰਦਰੋਂ ਦੇਵੀ ਬਲ ਜਾਂ ਇਸ ਦੇ ਕਿਸੇ ਅੰਸ਼ ਦੀ ਅਨੁਭਵਤਾ ਹੁੰਦੀ ਹੈ ਤਦੋਂ ਉਹ ਇਸ ਰੱਬੀ ਸ਼ਕਤੀ ਦੇ ਬਾਕੀ ਭਾਗ ਨੂੰ ਜਿੰਨਾਂ ਚਿਰ ਪ੍ਰਗਟ ਨਹੀਂ ਕਰ ਲੈਂਦਾ, ਚੈਨ ਨਾਲ ਨਹੀਂ ਬਹਿੰਦਾ। ਪਰ ਇਸ ਦੈਵੀ ਸ਼ਕਤੀ ਦਾ ਪ੍ਰਗਟਾ ਉਨਾਂ ਚਿਰ ਸੰਭਵ ਨਹੀਂ ਜਿੰਨਾਂ ਚਿਰ ਕਿ ਇਹ ਮਨੁੱਖ ਭੈੜਾ, ਨੀਚ ਅਤੇ ਮਲੀਨ ਜੀਵਨ ਬਤੀਤ ਕਰਦਾ ਹੋਵੇ। ਅਜਿਹਾ ਜੀਵਨ ਮਨੁੱਖ ਦੀ ਸੂਝ ਤੇ ਪਰਦਾ ਪਾ ਦੇਂਦਾ ਹੈ ਅਤੇ ਦੈਵੀ ਸ਼ਕਤੀ ਮਾਣਨ ਵਾਲੀ ਨੀਝ ਨੂੰ ਧੁੰਦਲਾ ਦੇਂਦਾ ਹੈ।

ਜਿਨ੍ਹਾਂ ਮਨੁੱਖਾਂ ਨੇ ਆਪਣੇ ਅਸਲੇ ਨੂੰ ਥੋੜਾ ਜਿਹਾ ਵੀ ਪਾ ਲਿਆ ਹੈ ਅਤੇ ਪਰਮਾਤਮਾ ਨਾਲ ਅਪਣੱਤ ਨੂੰ ਅਨੁਭਵ ਕਰ ਲਿਆ ਹੈ, ਉਨ੍ਹਾਂ ਤੋਂ ਦੁਨੀਆ ਆਸ ਰੱਖਦੀ ਹੈ ਕਿ ਉਹ ਆਪਣਾ ਸਿਰ ਚੁਕ ਕੇ ਦੂਜਿਆਂ, ਜਿਨ੍ਹਾਂ ਨੇ ਆਪਣੇ ਅੰਦਰ ਲੁਕੀ ਇਸ ਦੈਵੀ ਸ਼ਕਤੀ ਨੂੰ ਹਾਲੀ ਤੱਕ ਪ੍ਰਾਪਤ ਨਹੀਂ ਕੀਤਾ, ਨਾਲੋਂ ਚੰਗਾ ਜੀਵਨ ਬਤੀਤ ਕਰਨ ਅਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਤਾਂ ਜੋ ਦੂਜੇ ਵੀ ਇਨ੍ਹਾਂ ਤੋਂ ਪ੍ਰਭਾਵਤ ਹੋ ਕੇ ਆਪਣੇ ਅੰਦਰਲੇ ਨੂੰ ਟੁੰਬਣ ਦਾ ਜਤਨ ਕਰਨ। ਸੰਸਾਰ ਨੂੰ ਵਿਸ਼ੇਸ਼ ਕਰ ਕੇ ਵਕੀਲਾਂ, ਡਾਕਟਰਾਂ, ਹਕੀਮਾਂ ਉਦੇਸ਼ਕਾਂ ਤੇ ਰਾਜਨੀਤੱਕ ਲੀਡਰਾਂ ਦੀ ਇੰਨੀ ਲੋੜ ਨਹੀਂ ਜਿੰਨੀ ਕਿ ਅਜੇਹੇ ਮਨੁੱਖਾਂ ਦੀ ਜਿਹੜੇ ਆਪਣੇ ਭਾਈਚਾਰੇ ਵਿਚ ਨਵਾਂ ਜੀਵਨ, ਨਵੀਂ ਰੂਹ ਭਰਨ ਵਿਚ ਸਹਾਈ ਹੋਣ। ਕੌਮ ਅਤੇ ਦੇਸ਼ ਦੀ ਵਿਗੜੀ ਦਸ਼ਾ ਨੂੰ ਸੁਧਾਰਨ ਲਈ ਉਘੇ ਉਘੇ ਵਿਉਪਾਰੀਆਂ, ਪੂੰਜੀਦਾਰਾਂ ਅਤੇ ਸੌਦਾਗਰਾਂ ਨਾਲੋਂ ਲਿੰਕਨ ਵਰਗੀਆਂ ਆਤਮਾਵਾਂ ਦੀ ਵਧੇਰੀ ਲੋੜ ਹੈ।

ਸ਼ੇਰ ਦੇ ਬੱਚੇ ਨੂੰ ਜਦੋਂ ਆਪਣੇ ਸ਼ੇਰ ਹੋਣ ਦਾ ਪਤਾ ਲੱਗਾ ਅਤੇ ਆਪਣੀ ਅੰਦਰਲੀ ਸ਼ਕਤੀ ਦਾ ਗਿਆਨ ਹੋ ਗਿਆ ਤਾਂ ਉਸ ਨੇ ਭੇਡਾਂ ਵਾਲਾ ਜੀਵਨ ਜੀਉਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਭੇਡਾਂ ਦੇ ਵਾੜੇ ਵਿਚ ਰਹਿਣਾ ਛੱਡ ਦਿੱਤਾ, ਉਸ ਸੁਭਾ ਨਾਲ ਉਸ ਦੀ ਤਸੱਲੀ ਨਹੀਂ ਸੀ ਹੁੰਦੀ। ਅਧੂਰਾ ਜੀਵਨ, ਜੋ ਉਹ ਇਸ ਗਿਆਨ ਤੋਂ ਪਹਿਲਾਂ ਬਤੀਤ ਕਰ ਰਿਹਾ ਸੀ, ਉਸ ਨੂੰ ਸੰਤੁਸ਼ਟ ਨਹੀ ਸੀ ਕਰਦਾ। ਸ਼ੇਰ ਹੋਣ ਦੇ ਗਿਆਨ ਨਾਲ ਉਹਨੂੰ ਆਪਣੀ ਬਾਦਸ਼ਾਹੀ ਦਾ ਅਹਿਸਾਸ ਹੋ ਗਿਆ ਅਤੇ ਉਹ ਜਾਣ ਗਿਆ ਕਿ ਪਹਿਲਾਂ ਉਹ ਜਿਨ੍ਹਾਂ ਤੋਂ ਡਰਿਆ ਕਰਦਾ ਸੀ, ਅਸਲ ਵਿਚ ਉਨ੍ਹਾਂ ਤੇ ਉਸ ਦੀ ਬਾਦਸ਼ਾਹੀ ਹੈ ਅਤੇ ਇਹ ਖੁਲ੍ਹ, ਇਹ ਜੰਗਲ, ਇਹ ਵਿਸ਼ਾਲ ਦੁਨੀਆ ਉਹਦੇ ਮਾਣਨ ਲਈ ਹਨ।

ਜਦੋਂ ਕਿਸੇ ਮਨੁੱਖ ਨੂੰ ਆਪਣੇ ਅੰਦਰ ਮਹਾਨ ਸ਼ਕਤੀ ਦੀ ਹੋਂਦ ਦਾ ਪੱਕਾ ਵਿਸ਼ਵਾਸ਼ ਹੋ ਜਾਂਦਾ ਹੈ ਅਤੇ ਉਸ ਨੂੰ ਆਪਣੇ ਅੰਦਰ ਏਹੋ ਜੇਹੀਆਂ ਸੰਭਾਵਨਾਵਾਂ ਹੋਣ ਦਾ ਨਿਸ਼ਚਾ ਹੋ ਜਾਂਦਾ ਹੈ ਜਿਹੜੀਆਂ ਪਹਿਲਾਂ ਕਦੀ ਵੀ ਪ੍ਰਗਟ ਨਹੀਂ ਹੋਈਆਂ ਤਾਂ ਉਹ ਅਧੂਰਾ ਜੀਵਨ ਬਤੀਤ ਕਰਨ ਤੇ ਰਾਜ਼ੀ ਨਹੀਂ ਹੁੰਦਾ ਅਤੇ ਨਾ ਹੀ ਉਹ ਕਦੀ ਨੀਵਾਂ ਜਿਹਾ ਜੀਵਨ, ਜਿਹੜਾ ਉਹ ਅੱਗੇ ਬਤੀਤ ਕਰਦਾ ਰਿਹਾ ਸੀ, ਜੀਉਣ ਲਈ ਤਿਆਰ ਹੋਵੇਗਾ।

ਹੋ ਸਕਦਾ ਹੈ ਕਿ ਤੁਹਾਡੀ ਪਰਵਰਸ਼ ਕਿਸੇ ਅਜੇਹੇ ਵਾਤਾਵਰਣ ਵਿਚ ਹੋਈ ਹੋਵੇ ਜਿਸ ਵਿਚ ਤੁਹਾਨੂੰ ਆਪਣੀਆਂ ਸ਼ਕਤੀਆਂ ਤੇ ਸੰਭਾਵਨਾਵਾਂ ਦਾ ਪਤਾ ਹੀ ਨਾ ਲਗਾ ਹੋਵੇ। ਫਿਰ ਸ਼ੇਰ ਦੀ ਭਬਕ ਵਰਗੀ ਕਿਸੇ ਛੋਹ ਨੇ ਤੁਹਾਨੂੰ ਆਪਣਾ ਅਸਲਾ ਜਤਾ ਦਿੱਤਾ ਹੋਵੇ ਤੇ ਤੁਸੀਂ ਜਾਣ ਗਏ ਹੋਵੋ ਕਿ ਤੁਸੀਂ ਭੇਡ ਵਰਗੇ ਥੋੜ-ਦਿਲੇ, ਥੋੜ-ਚਿੱਤੇ ਅਤੇ ਛੋਟੇ-ਹੌਂਸਲੇ ਵਾਲੇ ਨਹੀਂ, ਜਿਵੇਂ ਕਿ ਤੁਸੀਂ ਆਪਣੇ ਬਾਰੇ ਪਹਿਲਾਂ ਖ਼ਿਆਲ ਕਰਦੇ ਰਹੇ ਹੋ, ਸਗੋਂ ਤੁਸੀਂ ਤਾਂ ਸ਼ੇਰਾਂ ਵਰਗੀ ਹਿੰਮਤ, ਬੀਰਤਾ ਅਤੇ ਦਲੇਰੀ ਰੱਖਦੇ ਹੋ।

ਸੰਭਵ ਹੈ ਕਿ ਤੁਸੀਂ ਬੀਤੇ ਜੀਵਨ ਵਿਚ ਕਿਸੇ ਸਾਧੂ ਸੰਤ ਦੇ ਪਿੱਛੇ ਲੱਗ ਕੇ ਭੇਡਾਂ ਵਾਲਾ ਜੀਵਨ ਬਤੀਤ ਕਰਦੇ ਰਹੇ ਹੋਵੋ ਅਤੇ ਤੁਹਾਨੂੰ ਚਿਤਚੇਤਾ ਵੀ ਨਾ ਹੋਵੇ ਕਿ ਤੁਸੀਂ ਕਿਸੇ ਆਜੜੀ ਦੀ ਭੇਡ ਨਹੀਂ ਹੋ। ਫੇਰ ਵੀ ਤੁਹਾਨੂੰ ਆਪਣੇ ਅੰਦਰ ਉਹ 'ਕੋਈ ਵਸਤੂ' ਭਾਸਦੀ ਹੋਵੇ ਜਿਹੜੀ ਤੁਹਾਡੇ 'ਧਰਮੀ-ਆਜੜੀ' ਦੀ ਸੱਦ ਦਾ ਉੱਤਰ ਨਹੀਂ ਦਿੰਦੀ ਅਤੇ ਤੁਸੀਂ ਪ੍ਰਤੀਤ ਕਰਦੇ ਹੋਵੋ ਕਿ ਤੁਹਾਡੇ ਵਿਚ ਅਜਿਹਾ ਕੁਝ ਹੈ ਜੋ ਤੁਹਾਡੇ ਵਾਤਾਵਰਣ ਦੇ ਅਨੁਕੂਲ ਨਹੀਂ ਹੈ ਅਤੇ ਤੁਹਾਡੇ ਇਸ ਭੇਡਾਂ ਵਾਲੇ ਜੀਵਨ ਨਾਲ ਸਹਿਮਤ ਨਹੀਂ ਜੋ ਤੁਸੀਂ ਜੀਵੀ ਜਾ ਰਹੇ ਹੋ। ਹੋ ਸਕਦਾ ਹੈ ਕਿ ਤੁਹਾਨੂੰ ਇਸ ਦੀ ਵੀ ਸੂਝ ਹੋਵੇ ਕਿ ਜਿਸ 'ਧਰਮ-ਆਜੜੀ' ਦੀ ਸੱਦ ਨਾਲ ਤੁਹਾਡੇ ਗੁਆਂਢੀ ਪ੍ਰਭਾਵਤ ਹੁੰਦੇ ਹਨ, ਉਹ ਸੱਦ ਤੁਹਾਡੇ ਅੰਦਰਲੇ ਅਸਲੇ ਤੇ ਅਸਰ ਨਹੀਂ ਪਾਉਂਦੀ।

ਸ਼ਾਇਦ ਤੁਹਾਡਾ ਪਾਲਣ ਪੋਸਣ ਪੁਰਾਣੇ ਖਿਆਲਾਂ ਅਨੁਸਾਰ ਹੋਇਆ ਹੋਵੇ ਅਤੇ ਤੁਹਾਡੀ ਵੀਚਾਰ-ਧਾਰਾ ਪਿਉ ਦਾਦੇ ਦੀਆਂ ਲੀਹਾਂ ਤੇ ਹੀ ਚਲ ਰਹੀ ਹੋਵੇ ਅਤੇ ਤੁਸੀਂ ਇਨ੍ਹਾਂ ਨੂੰ ਹੀ ਸਿਰ ਮੱਥੇ ਮੰਨੀ ਤੁਰੀ ਆ ਰਹੇ ਹੋਵੋ। ਭਾਵੇਂ ਤੁਹਾਡੇ ਚਿੱਤ ਵਿਚ ਕੁਝ ਅਜੇਹੀ ਕਲਪਣਾ, ਅਜਿਹਾ ਘੋਲ, ਅਜੇਹੇ ਵੀਚਾਰ ਹੋਣ ਕਿ ਤੁਸੀਂ ਇਸ ਲਕੀਰ ਦੇ ਫਕੀਰ ਨਹੀਂ ਹੋ, ਫੇਰ ਵੀ ਤੁਸੀਂ ਅੱਖਾਂ ਮੀਟੀ ਤੁਰੀ ਜਾ ਰਹੇ ਹੋਵੋ, ਕਿਉਂਕਿ ਤੁਹਾਨੂੰ ਕੋਈ ਹੋਰ ਚੰਗੇਰਾ ਪੰਧ ਨਹੀਂ ਦਿਸਿਆ ਜਿਸ ਨਾਲ ਤੁਹਾਡਾ ਅੰਦਰਲਾ ਸ਼ੰਤੁਸ਼ਟ ਹੋਇਆ ਹੋਵੇ। ਫੇਰ ਕਦੀ ਅਚਣਚੇਤ ਕਿਸੇ ਅਜੇਹੇ ਥਾਂ ਜਾਂ ਕਿਸੇ ਨਵੀਂ ਸੰਗਤ ਵਿਚ ਪੁੱਜ ਗਏ ਹੋਵੋ ਜਿੱਥੇ ਕੋਈ ਅਜਿਹਾ ਬਚਨ ਤੁਹਾਡੇ ਕੰਨੀ ਪਿਆ ਹੋਵੇ ਜਿਸ ਦੀ ਤੁਹਾਡੇ ਮਹਾਨ ਅੰਦਰਲੇ ਨੂੰ ਲੋਚ ਸੀ ਅਤੇ ਜਿਸ ਨਾਲ ਤੁਹਾਡੇ ਅੰਦਰਲੇ ਦੀ ਚਿਰੋਕੀ ਭੁੱਖ ਮਿਟ ਗਈ ਹੋਵੇ। ਉਥੇ ਅਤੇ ਉਦੋਂ ਤੁਸੀਂ ਕਿਸੇ ਨਵੀਂ ਸ਼ਕਤੀ ਦਾ ਸੁਆਦ ਮਾਣਿਆ ਹੋਵੇ ਜਿਸ ਦੀ ਤੁਹਾਡੇ ਮਹਾਨ ਅੰਦਰਲੇ ਨੂੰ

ਲਾਲਸਾ ਸੀ ਅਤੇ ਤੁਸੀਂ ਜਾਣ ਗਏ ਹੋਵੋ ਕਿ ਤੁਸੀਂ ਭੇਡ ਨਹੀਂ ਸਗੋਂ ਸ਼ੇਰ ਹੋ ਅਤੇ ਤੁਹਾਡੇ ਅੰਦਰ ਸ਼ੇਰ ਵਾਲੀ ਸ਼ਕਤੀ ਹੈ।

ਜਦੋਂ ਤੱਕ ਤੁਸੀਂ ਉਸ 'ਧਰਮੀ-ਅਜਾੜੀ' ਦੇ ਇੱਜੜ ਵਿਚ ਰਹੇ ਤੁਸਾਂ ਇਸ ਸਰੋਦ ਨੂੰ ਸੁਣਿਆ ਕਿਉਂਕਿ ਤੁਹਾਡਾ ਆਲਾ ਦੁਆਲਾ ਹੀ ਭੇਡਾਂ ਵਰਗਾ ਸੀ। ਸ਼ਾਇਦ ਇਹ ਸਰੋਦ ਤੁਹਾਡੇ ਕੰਨਾਂ ਵਿਚ ਕਿਸੇ ਜੋਸ਼-ਭਰਪੂਰ ਪੁਸਤੱਕ ਨੂੰ ਪੜ੍ਹਦਿਆਂ ਜਾਂ ਕਿਸੇ ਨਵੇਂ ਫਲਸਫ਼ੇ ਤੇ ਪੜਚੋਲ ਸੁਣਦਿਆਂ ਪਈ ਹੋਵੇ ਜਿਸ ਨੇ ਤੁਹਾਡੇ ਅੰਦਰਲੇ ਦੇ ਕਪਾਟ ਖੋਲ੍ਹ ਦਿੱਤੇ ਹੋਣ।

ਇਹ ਸਰੋਦ ਭਾਵੇਂ ਤੁਸਾਂ ਕਿਸੇ ਨਵੀਂ ਦਾਰਸ਼ਨਕ ਸੰਗਤ, ਕਿਸੇ ਧਰਮ-ਚਰਚਾ, ਕਿਸੇ ਉਤਸ਼ਾਹ ਭਰਪੂਰ ਪੁਸਤੱਕ ਜਾਂ ਕਿਸੇ ਹੋਰ ਸਾਧਨ ਜਾਂ ਥਾਂ ਤੋਂ ਸੁਣੀ ਹੋਵੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਦੇ ਕੰਨੀਂ ਪੈਂਦੇ ਸਾਰ ਹੀ ਤੁਹਾਡਾ ਅੰਦਰਲਾ ਅਸਲਾ ਜਾਗ ਪੈਂਦਾ ਹੈ ਤੇ ਤੁਹਾਨੂੰ ਭਾਸਦਾ ਹੈ ਕਿ ਤੁਸੀਂ ਤਾਂ ਉਚੇਰੀਆਂ ਟੀਸੀਆਂ ਦੇ ਵਾਸੀ ਤੇ ਉੱਚੇ ਆਦਰਸ਼ਾਂ ਦੇ ਉਪਾਸ਼ਕ ਹੋ।

ਅਸਲ ਵਿਚ ਨਵਾਂ ਫ਼ਲਸਫਾ ਸਾਡੇ ਅੰਦਰਲੇ ਅਣਲਭੇ ਨੂੰ ਲਭਾਉਂਦਾ ਹੈ, ਸਾਡੇ ਅੰਦਰ ਘੂਕ ਸੁੱਤੀ ਹੋਈ ਸ਼ਕਤੀ ਨੂੰ ਜਗਾਉਂਦਾ ਹੈ। ਅਤੇ ਜਿਹੜੀਆਂ ਵਸਤਾਂ ਸਾਡੇ ਅਧਿਕਾਰ ਵਿਚ ਨਹੀਂ ਆਈਆਂ ਹੁੰਦੀਆਂ ਉਨ੍ਹਾਂ ਨੂੰ ਅਧਿਕਾਰ ਵਿਚ ਲਿਆਉਂਦਾ ਹੈ। ਦੂਜੇ ਸ਼ਬਦਾਂ ਵਿਚ ਸਾਡੇ ਅੰਦਰ ਪਈ ਅਣਵਰਤੀ ਸ਼ਕਤੀ ਨੂੰ ਹਲੂਣਦਾ ਹੈ। ਜਿਨ੍ਹਾਂ ਲੋਕਾਂ ਨੇ ਇਸ ਫ਼ਲਸਫੇ ਨੂੰ ਅਪਣਾ ਲਿਆ ਹੈ ਉਨ੍ਹਾਂ ਵਿਚ ਤੁਸੀਂ ਦੂਜਿਆਂ ਨਾਲੋਂ ਕੋਈ ਅਣੋਖਾਪਣ ਪ੍ਰਤੀਤ ਕਰੋਗੇ। ਨਵਾਂ ਫ਼ਲਸਫਾ ਸਾਡਾ ਨਿਜੱਤਵ ਹੈ। ਜੋ ਕੋਈ ਇਸ ਨੂੰ ਅਪਣਾ ਲੈਂਦਾ ਹੈ ਉਸ ਵਿਚ ਨਵਾਂ ਜੀਵਨ, ਨਵੀਂ ਸ਼ਕਤੀ ਅਤੇ ਨਵੀਂ ਹਿੰਮਤ ਉਤਪਨ ਹੋ ਜਾਂਦੀ ਹੈ। ਅਰਥਾਤ ਪੁਰਾਣੇ ਆਦਮੀ ਵਿਚੋਂ ਇਕ ਨਵਾਂ ਆਦਮੀ ਉਗਮ ਪੈਂਦਾ ਹੈ। ਇਹ ਨਵਾਂ ਫ਼ਲਸਫਾ ਉਨ੍ਹਾਂ ਵਿਚਾਰਾਂ ਨੂੰ ਮਿਟਾਉਂਦਾ ਹੈ ਜਿਹੜੀਆਂ ਮਨੁੱਖ ਨੂੰ ਖੱਜਲ ਖ਼ੁਆਰ ਕਰ ਰਹੀਆਂ ਹਨ ਅਤੇ ਮਨੁੱਖ ਦੀਆਂ

ਦਵੈਖੀ ਹਨ। ਉਸ ਵਿਚ ਨਵੀਂ ਸ਼ਕਤੀ ਭਰ ਕੇ ਤੇ ਕਾਠਮਾਰੀ ਯੋਗਤਾ ਨੂੰ ਸੁਤੰਤਰ ਕਰ ਕੇ ਮਨੁੱਖ ਨੂੰ ਵਿਸ਼ਾਲ ਸ਼ਕਤੀ ਦਾ ਮਾਲਕ ਬਣਾ ਦਿੰਦਾ ਹੈ।

ਪਿਛਲੇ ਸੌ ਸਾਲਾਂ ਵਿਚ ਨਾ ਹੀ ਤੇ ਰਸਾਇਣ ਵਿਗਿਆਨ ਦੇ ਨਿਯਮਾਂ ਵਿਚ ਕੋਈ ਵਿਸ਼ੇਸ਼ ਵਾਧਾ ਹੋਇਆ ਹੈ ਅਤੇ ਨਾ ਹੀ ਪਦਾਰਥ ਵਿਗਿਆਨ ਵਿਚ 1 ਫਿਰ ਇਨ੍ਹਾਂ ਸੌ ਸਾਲਾਂ ਵਿਚ ਰਸਾਇਣ ਵਿਗਿਆਨੀਆਂ ਨੇ ਕਿਹੜੀ ਵੱਡੀ ਕਾਢ ਕੱਢੀ ਜਾਂ ਖੋਜ ਕੀਤੀ ਹੈ? ਐਡੀਸਨ ਵੀ ਵਰਤਮਾਨ ਵਿਚ ਰਸਇਣ ਅਤੇ ਪਦਾਰਥ ਵਿਗਿਆਨ ਦੇ ਉਹੀ ਨਿਯਮ ਵਰਤੋਂ ਵਿਚ ਲਿਆ ਰਿਹਾ ਹੈ ਜਿਹੜੇ ਸਰ ਆਈਸਕ ਨੀਊਟਨ ਨੇ ਵਰਤੇ ਸਨ ਪਰ ਨੀਊਟਨ ਦੀ ਇਸ ਇਕ ਕਾਢ ਤੋਂ ਐਡੀਸਨ ਨੇ ਸੈਂਕੜੇ ਕਾਢਾਂ ਕੱਢ ਵਿਖਾਈਆਂ ਹਨ।

ਮਨੁੱਖੀ ਸੁਭਾ ਵੀ ਪਰਕਿਰਤੀ ਕਨੂੰਨ ਵਾਂਝ ਉਹੋ ਹੀ ਹੈ ਜੋ ਸਦੀਆਂ ਪਹਿਲਾਂ ਹੋਇਆ ਕਰਦਾ ਸੀ ਪਰ ਇਨਸਾਨੀ ਸ਼ਕਤੀ ਵਿਚ ਕਿੰਨੀ ਹੈਰਾਨ ਕਰ ਦੇਣ ਵਾਲੀ ਉੱਨਤੀ ਹੋਈ ਹੈ ! ਮਨੁੱਖੀ ਲਿਆਕਤ ਵਿਚ ਹੋਈ ਉੱਨਤੀ ਅਚੰਭਤ ਕਰਨ ਵਾਲੀ ਹੈ। ਮਨੁੱਖੀ ਦਿਮਾਗ਼, ਮਨੁੱਖੀ ਯੋਗਤਾ ਅਤੇ ਇਸ ਦੇ ਕੁਦਰਤੀ ਵਸੀਲਿਆਂ ਵਿਚ ਮਨੁੱਖ ਨੇ ਬਹੁਤ ਪ੍ਰਭਾਵਸ਼ਾਲੀ ਉਨੱਤੀ ਕੀਤੀ ਹੈ।

ਇਹ ਸਭ ਕੁਝ ਸਾਨੂੰ ਅਸਚਰਜ ਕਰ ਦਿੰਦਾ ਹੈ। ਇਹ ਨਵਾਂ ਫ਼ਲਸਫ਼ਾ ਮਨੁੱਖ ਮਾਤਰ ਨੂੰ ਸਾਫ਼ ਸਾਫ਼ ਦਸ ਰਿਹਾ ਹੈ ਕਿ ਹੱਡ ਮਾਸ ਦੇ ਪਿੱਛੇ ਇਸ ਹੱਡ ਮਾਸ ਤੋਂ ਕੋਈ ਅਣੋਖਾ ਅਤੇ ਨਰੋਆ ਨਿਯਮ ਕੰਮ ਕਰ ਰਿਹਾ ਹੈ। ਬਿਜਲੀ ਦਾ ਪ੍ਰਕਾਸ਼ ਅਤੇ ਮਾਦੇ ਦਾ ਹਰ ਇਕ ਪਰਮਾਣੂ ਸਾਡੇ ਸਾਹਮਣੇ ਹੈ। ਇਸ ਦੇ ਪਿੱਛੇ ਇਕ ਸ਼ਕਤੀ, ਇਕ ਕਲਾ ਅਜੇਹੀ ਹੈ ਜੋ ਸੰਸਾਰ ਦੇ ਹਰ ਪਰਮਾਣੂ ਨੂੰ ਨਿਯਮ ਅਨੁਸਾਰ ਚਲਉਂਦੀ, ਫੈਲਾਉਂਦੀ ਅਤੇ ਬਣਾਉਂਦੀ ਹੈ ਅਤੇ ਬੀਤੇ ਜੁੱਗਾਂ ਵਿਚ ਅਜਿਹਾ ਵਾਤਾਵਰਣ ਪੈਦਾ ਕਰਦੀ ਰਹੀ ਹੈ। ਪਹਿਲਾਂ ਇਸ ਸ਼ਕਤੀ ਨੂੰ ਕੋਈ ਅਣਜਾਇਆ ਨਿਯਮ ਮੰਨਿਆ ਜਾਂਦਾ ਸੀ। ਅੱਜ ਤੋਂ ਸੌ ਸਾਲ ਪਹਿਲਾਂ ਮਨੁੱਖ ਮਾਤਰ ਇਸ ਗੱਲ

ਤੋਂ ਅਗਿਆਤ ਸੀ ਕਿ ਜੇ ਬਲੌਰ ਦੇ ਅੰਸ਼ਾਂ ਨੂੰ ਅਡੋ ਅੱਡ ਕਰ ਦਿੱਤਾ ਜਾਵੇ ਅਤੇ ਫੇਰ ਇਸ ਦੇ ਅਡੋ ਅੱਡ ਹੋਏ ਅੰਸ਼ਾਂ ਨੂੰ ਮੁੜ ਇਕੱਤਰ ਹੋ ਜਾਣ ਦਿੱਤਾ ਜਾਏ ਤਾਂ ਇਹ ਅਡੋ ਅੱਡਰੇ ਅੰਸ਼ ਇਕੱਤਰ ਹੋ ਕੇ ਮੁੜ ਉਸੇ ਬਲੌਰ ਦੀ ਸ਼ਕਲ ਧਾਰ ਲੈਣਗੇ। ਉਸ ਸਮੇਂ ਦੇ ਜੀਵ ਨਹੀਂ ਸਨ ਜਾਣਦੇ ਕਿ ਜਿਹੜਾ ਉਤਸ਼ਾਹ ਤੇ ਚਾਹ ਮਨੁੱਖ ਦੇ ਹਿਰਦੇ ਵਿਚ ਉਤਪੰਨ ਹੁੰਦਾ ਹੈ, ਅਸਲ ਵਿਚ ਇਹ, ਸਮੁੱਚੇ ਤੌਰ ਤੇ, ਭਿੰਨ ਭਿੰਨ ਪਰਮਾਣੂਆਂ ਦੇ ਉਤਸ਼ਾਹਾਂ 'ਅਤੇ ਚਾਹਾਂ ਦਾ ਸਮੂਹ ਹੁੰਦਾ ਹੈ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਮਨੁੱਖ ਮਾਤਰ ਦਾ ਇਤਿਹਾਸ ਵਿਸ਼ੇਸ਼ ਕਰ ਕੇ ਇਨ੍ਹਾਂ ਪਰਮਾਣੂਆਂ ਰਾਹੀਂ ਹੀ ਪ੍ਰਗਟ ਹੁੰਦਾ ਹੈ। ਪਰ ਅੱਜ ਰਸਾਇਣ ਵਿਗਿਆਨ ਇਹ ਮੰਨ ਰਿਹਾ ਹੈ ਕਿ ਸੰਸਾਰ ਦੀ ਹਰ ਵਸਤੂ ਪਿੱਛੇ, ਕੁਦਰਤ ਦੇ ਹਰ ਜਲਵੇ ਪਿੱਛੇ, ਮਨੁੱਖ ਮਾਤਰ ਦੀਆਂ ਚੜ੍ਹਦੀਆਂ ਕਲਾਂ ਵੱਲ ਨੂੰ ਸਦੀਆਂ ਤੋਂ ਆਰੰਭੀ ਤੋਰ ਦੇ ਹਰ ਕਦਮ ਪਿੱਛੇ, ਕੋਈ ਵਡੇਰੀ ਸ਼ਕਤੀ, ਕੋਈ ਉਚੇਰੀ ਸਿਆਣਪ ਕੰਮ ਕਰ ਰਹੀ ਹੈ।

ਸਾਡੇ ਨਿਜੱਤਵ ਦੇ ਉਸ ਭਾਗ ਨੂੰ ਜੋ ਅਜੇ ਪ੍ਰਗਟ ਨਹੀਂ ਹੋਇਆ, ਜਾਂ ਪ੍ਰਗਟ ਹੋਣ ਦੀ ਉਡੀਕ ਵਿਚ ਸਾਡੀਆਂ ਅੰਤ੍ਰੀਵ ਡੂੰਘਾਈਆਂ ਵਿਚ ਲੁਕਿਆ ਪਿਆ ਹੈ, ਇਹ ਨਵਾਂ ਫ਼ਲਸਫ਼ਾ ਹਲੂਣਦਾ ਅਤੇ ਉਭਾਰਦਾ ਹੈ। ਕੋਲੰਬਸ ਵਾਂਙ ਇਹ ਨਵਾਂ ਫ਼ਲਸਫ਼ਾ ਸਾਡੇ ਮਹਾਨ ਅੰਦਰਲੇ ਦੀਆਂ ਉਨ੍ਹਾਂ ਵਿਸ਼ਾਲ ਸੰਭਾਵਨਾਵਾਂ ਨੂੰ ਪ੍ਰਗਟਾਉਣਾ ਚਾਹੁੰਦਾ ਹੈ, ਜਿਨ੍ਹਾਂ ਤੋਂ ਅਸੀਂ ਅਣਗਹਿਲੇ ਹਾਂ।

ਜੋ ਕੁਝ ਅਸੀਂ ਪ੍ਰਾਪਤ ਕਰਦੇ ਹਾਂ, ਜੇ ਕਰ ਸਾਡਾ ਚਿੱਤ ਇਸ ਨਾਲ ਸੰਤੁਸ਼ਟ ਹੈ ਤਾਂ ਫਿਰ ਕਿਸੇ ਫਿਕਰ ਜਾਂ ਰੋਸ ਦੀ ਲੋੜ ਨਹੀਂ ਭਾਸਦੀ ਪਰ ਜੇ ਕਰ ਸਾਡਾ ਅੰਦਰਲਾ ਕਿਸੇ ਅਜੇਹੀ ਪ੍ਰਾਪਤੀ ਤੇ, ਜੋ ਵਾਕਫੀ ਨਾ ਹੋਣ ਕਰਕੇ ਸਾਡੇ ਚਿੱਤ ਨੂੰ ਸੰਤੁਸ਼ਟ ਨਹੀਂ ਕਰ ਸਕੀ, ਪੂਰੇ ਸਿਦਕ ਨਾਲ ਅਤੇ ਸੁਚੱਜਤਾ ਨਾਲ ਕੂਕ ਉਠਦਾ ਹੈ, ਤਾਂ ਸਾਫ ਜ਼ਾਹਿਰ ਹੈ ਕਿ ਹਾਲਾਂ ਤੱਕ ਸਾਡੇ ਵਿਚ ਚਿੱਤ ਨੂੰ ਸੰਤੁਸ਼ਟ ਕਰਨ ਲਈ ਹੋਰ ਵੀ ਵਸੀਲੇ ਮੌਜੂਦ ਹਨ। ਅਸੰਤੁਸ਼ਟਤਾ ਤੋਂ ਸਾਫ਼ ਸਿੱਧ ਹੈ ਕਿ

ਹਾਲਾਂ ਤੱਕ ਅਣਗਿਣਤ ਸੰਭਾਵਨਾਵਾਂ ਲੱਭਣ ਵਾਲੀਆਂ ਪਈਆਂ ਹਨ। ਸੁਭਾਵਕ ਤੌਰ ਤੇ ਹੀ ਸਾਨੂੰ ਭਾਸਦਾ ਹੈ ਕਿ ਜੀਵਨ ਵਿਚ ਕੋਈ ਅਤਿ ਸੁੰਦਰ ਵਸਤੂ ਹੈ ਜਿਸ ਨੂੰ ਮਾਣਨ ਦਾ ਸੁਭਾਗ ਹਾਲਾਂ ਤੱਕ ਸਾਨੂੰ ਪ੍ਰਾਪਤ ਨਹੀਂ ਹੋਇਆ ਅਤੇ ਇਹ ਹੀ ਕਾਰਣ ਹੈ ਕਿ ਸਾਡਾ ਚਿਤ ਹਾਲਾਂ ਤੱਕ ਸੰਤੁਸ਼ਟ ਨਹੀਂ ਹੋਇਆ। ਸਾਡੇ ਅੰਦਰੋਂ ਕਿਸੇ ਅਜੇਹੀ ਵਸਤੂ ਲਈ ਲਾਲਸਾ ਉਪਜਦੀ ਰਹਿੰਦੀ ਹੈ ਅਤੇ ਇਕ ਕੂਕ ਉਠਦੀ ਰਹਿੰਦੀ ਹੈ ਕਿ ਜੇ ਕਰ ਅਸੀਂ ਉਸ ਵਸਤੂ ਨੂੰ ਪ੍ਰਾਪਤ ਕਰ ਲਈਏ ਤਾਂ ਸਾਡੇ ਅੰਦਰਲੇ ਦੀ ਚਾਹ ਪੂਰੀ ਹੋ ਜਾਏਗੀ ਅਤੇ ਸਾਡੀ ਆਤਮਾ ਤ੍ਰਿਪਤ ਜਾਏਗੀ।

ਸਾਰੇ ਧਰਮ ਚਿਤ ਨੂੰ ਪੂਰਨ ਤੌਰ ਤੇ ਸੰਤੁਸ਼ਟ ਕਰਨ ਲਈ ਕਿਸੇ ਅਜੇਹੀ ਵਸਤੂ ਦੀ ਭਾਲ ਵਿਚ ਜੁੱਟੇ ਹੋਏ ਹਨ। ਭਾਵੇਂ ਇਨ੍ਹਾਂ ਨੇ ਬੜਾ ਜ਼ੋਰ ਲਾਇਆ ਹੈ ਫੇਰ ਵੀ ਇਨ੍ਹਾਂ ਦੇ ਆਗੂ ਆਪਣੇ ਮਨਾਂ ਵਿਚ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਅੰਦਰ ਹਾਲਾਂ ਤੱਕ ਵੀ ਬਹੁਤ ਸਾਰੀਆਂ ਥਾਵਾਂ, ਅਣਭਰੀਆਂ ਪਈਆਂ ਹਨ। ਹਾਲਾਂ ਤੱਕ ਉਨ੍ਹਾਂ ਦੀ ਰੂਹ ਦੀਆਂ ਕਈ ਮੰਗਾਂ ਅਤੇ ਇਛਾਵਾਂ ਅਪੂਰਣ ਪਈਆਂ ਹਨ। ਸਦੀਆਂ ਤੋਂ ਸੰਸਾਰ ਦੇ ਸਾਰੇ ਧਰਮ ਇਸ ਅਕਸੀਰ ਦੀ ਭਾਲ ਵਿਚ ਜੁੱਟੇ ਹੋਏ ਹਨ ਜਿਸ ਨਾਲ ਉਹ ਆਪਣੀ ਰੂਹ ਤੇ ਲਗੇ ਫੱਟਾਂ ਨੂੰ ਰਾਜ਼ੀ ਕਰ ਸਕਣ ਪਰ ਫੇਰ ਵੀ ਐਡੀ ਭਾਲ ਤੇ ਖੋਜ ਪਿਛੋਂ ਇਨ੍ਹਾਂ ਮਜ਼ਬਾਂ ਦੇ ਉਪਾਸ਼ਕ ਆਏ ਦਿਨ ਮੰਦਰਾਂ ਤੇ ਮਸਜਦਾਂ ਨੂੰ ਤਿਲਾਂਜਲੀ ਦੇ ਰਹੇ ਹਨ। ਹਰ ਧਰਮ ਦੇ ਉਪਦੇਸ਼ਕਾਂ ਤੇ ਪਰਚਾਰਕਾਂ ਨੂੰ ਆਪੋ ਆਪਣੇ ਧਰਮਾਂ ਵੱਲ ਪਰੇਰਨ ਵਿਚ ਭਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਣ ਕੇਵਲ ਇਹ ਹੀ ਹੈ ਕਿ ਇਨ੍ਹਾਂ ਉਪਦੇਸ਼ਕਾਂ ਅਤੇ ਪਰਚਾਰਕਾਂ ਦੇ ਬਚਨਾਂ ਅਤੇ ਵਿਖਿਆਨਾਂ ਨਾਲ ਜਨਤਾ ਦੀ ਰੂਹਾਨੀ ਭੁੱਖ ਨਹੀਂ ਮਿਟਦੀ। ਉਨ੍ਹਾਂ ਦਾ ਚਿੱਤ ਸੰਤੁਸ਼ਟ ਨਹੀਂ ਹੁੰਦਾ ਅਤੇ ਨਾ ਹੀ ਉਨ੍ਹਾਂ ਨੂੰ ਪਾਤਸ਼ਾਹਾਂ ਦੇ ਪਾਤਸ਼ਾਹ, ਸਿਰਜਣਹਾਰ ਪਰਮਾਤਮਾ ਦੇ ਬੱਚਿਆਂ ਵਰਗੀ ਰੂਹਾਨੀ ਸੰਤੁਸ਼ਟਤਾ ਪ੍ਰਾਪਤ ਹੁੰਦੀ ਹੈ।

ਸੰਸਾਰ ਭਰ ਵਿਚ ਅਜੇਹੇ ਮਨੁੱਖ ਮਿਲਦੇ ਹਨ ਜੋ ਉਮਰ ਭਰ ਅਜੇਹੀ ਨਿਸਫਲ ਕੋਸ਼ਿਸ਼ ਕਰਦੇ ਰਹਿੰਦੇ ਹਨ ਕਿ ਕਿਸੇ ਤਰ੍ਹਾਂ ਉਨ੍ਹਾਂ ਨੂੰ ਕੋਈ ਅਜੇਹੀ ਵਸਤੂ ਲੱਭ ਪਵੇ ਜੋ ਉਨ੍ਹਾਂ ਦੇ ਮਹਾਨ ਅੰਦਰਲੇ ਨੂੰ ਹਲੂਣ ਸਕੇ, ਜਿਸ ਨਾਲ ਉਨ੍ਹਾਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਹੋ ਜਾਣ।

ਜੇ ਤੁਸੀਂ ਉਸ ਵਸਤੂ ਦੀ ਭਾਲ ਵਿਚ ਹੋ ਜਿਹੜੀ ਤੁਹਾਨੂੰ ਸਦੀਵੀ ਤੌਰ ਤੇ ਸੰਤੁਸ਼ਟ ਰੱਖ ਸਕੇ, ਤੁਹਾਡੀ ਅੰਤਰ-ਆਤਮਾ ਨੂੰ ਤ੍ਰਿਪਤ ਕਰ ਸਕੇ, ਅਤੇ ਜੇ ਕਰ ਹਾਲਾਂ ਤੱਕ ਤੁਹਾਨੂੰ ਉਹ ਵਸਤੂ ਨਹੀਂ ਮਿਲੀ ਜੋ ਤੁਹਾਡੀ ਅੰਦਰਲੀ ਤੜਪ ਨੂੰ ਸੁਣ ਸਕੇ, ਜੇ ਅਜੇ ਤੁਹਾਨੂੰ ਉਹ ਅੰਮ੍ਰਿਤ ਪ੍ਰਾਪਤ ਨਹੀਂ ਹੋਇਆ ਜਿਹੜਾ ਤੁਹਾਡੀ ਆਤਮਾ ਦੀ ਤੇਹ ਮਿਟਾ ਸਕੇ ਤਾਂ ਤੁਸੀਂ ਆਉ ਅਤੇ ਇਸ ਨਵੇਂ ਫ਼ਲਸਫ਼ੇ ਦੇ ਸੋਮੇ ਤੋਂ ਆਪਣੀ ਪਿਆਸ ਬੁਝਾਓ।

ਮਨੁੱਖ ਨੂੰ ਜਦੋਂ ਪਰਮਾਤਮਾ ਦੀ ਰਜ਼ਾ ਦਾ ਥੋੜਾ ਜਿਹਾ ਝਲਕਾਰਾ ਪੈਂਦਾ ਹੈ ਤਾਂ ਉਸ ਦੇ ਅੰਦਰ ਰੱਬੀ ਕਾਇਨਾਤ ਦੇ ਸਾਰੇ ਅਤੇ ਸਮੁੱਚੇ ਦ੍ਰਿਸ਼ ਨੂੰ ਮਾਨਣ ਲਈ ਤੀਬਰ ਇੱਛਾ ਉਤਪੰਨ ਹੋ ਜਾਂਦੀ ਹੈ। ਆਪਣੇ ਨਿੱਜਤਵ ਦਾ ਜਿੰਨਾਂ ਕੁ ਭਾਗ ਅਸੀਂ ਪਾ ਲੈਂਦੇ ਹਾਂ ਉਹ 'ਰਬੀ ਰਜ਼ਾ ਦਾ ਕੇਵਲ ਰੰਚਿਕ ਮਾਤਰ' ਹੀ ਹੁੰਦਾ ਹੈ ਅਤੇ ਜਦੋਂ ਤੱਕ ਅਸੀਂ ਇਸ 'ਸਾਰੀ ਰਜ਼ਾ' ਦਾ ਪਤਾ ਨਾ ਕਰ ਲਈਏ ਸਾਨੂੰ ਚੈਨ ਨਹੀਂ ਆਉਂਦਾ।

ਜਦੋਂ ਸਾਨੂੰ ਪਤਾ ਲੱਗ ਜਾਂਦਾ ਹੈ ਜਾਂ ਸੁਭਾਵਕ ਹੀ ਭਾਸਦਾ ਹੈ ਕਿ ਸਾਨੂੰ ਕਿੰਨਾਂ ਉੱਚਾ, ਕਿੰਨਾ ਵੱਡਾ, ਕਿੰਨਾਂ ਆਦਰਸ਼ਕ ਬਣਨਾ ਉਚਿੱਤ ਹੈ ਤਾਂ ਇਹ ਗਿਆਨ, ਇਹ ਕਾਮਨਾ, ਇਹ ਚਾਹ ਸਾਡੇ ਅੰਦਰ ਇੰਨੀ ਜ਼ੋਰ ਫੜਦੀ ਹੈ ਕਿ ਅਸੀਂ ਆਪਣੀ ਵਡਿਆਈ, ਮਹਾਨਤਾ ਅਤੇ ਸ਼ਾਨ ਨੂੰ ਪ੍ਰਾਪਤ ਕਰਨ ਲਈ ਉਤਾਵਲੇ ਹੋ ਜਾਂਦੇ ਹਾਂ। ਸਾਡੇ ਅੰਦਰ ਇਕ ਤੜਪ ਉਤਪੰਨ ਹੋ ਜਾਂਦੀ ਹੈ ਕਿ ਕਿਸੇ ਤਰ੍ਹਾਂ ਅਸੀਂ ਵਧ ਫੁਲ ਕੇ ਆਪਣੇ ਵੱਡਪਣ ਨੂੰ ਵਰਤੋਂ ਵਿਚ ਲਿਆਈਏ। ਜਦੋਂ ਪਰਮਾਤਮਾ ਦੀ

ਕੁਦਰਤ ਦਾ ਲੁਕਵਾਂ ਚਿੱਤਰ ਆਪਣੀ ਥੋੜੀ ਜੇਹੀ ਝਲਕ ਵਿਖਾ ਕੇ ਲੋਪ ਹੋ ਜਾਂਦਾ ਹੈ ਤਾਂ ਅਸੀਂ ਉਦੋਂ ਤੱਕ ਤੜਫਦੇ ਰਹਿੰਦੇ ਹਾਂ ਜਦੋਂ ਤੱਕ ਅਸੀਂ ਉਸ ਮਨੋਰੰਜਕ ਚਿੱਤਰ ਨੂੰ ਸਮੁੱਚੇ ਤੌਰ ਤੇ ਨਾ ਵੇਖ ਲਈਏ। ਇਹ ਝਲਕ ਵੀ ਸਾਨੂੰ ਓਦੋਂ ਹੀ ਦਿਸ ਪੈਂਦੀ ਹੈ ਜਦੋਂ ਸਾਡੀ ਆਤਮਾ ਇਸ ਸੰਸਾਰ ਦੇ ਝੰਮੇਲਿਆਂ ਤੋਂ ਉਤਾਂਹ ਉਠ ਕੇ ਉੱਚੀਆਂ ਟੀਸੀਆਂ ਵੱਲ ਉਠਦੀ ਹੈ। ਇਸ ਝਲਕਾਰੇ ਦੀ ਜਿੰਨੀ ਕੁ ਝਲਕ ਸਾਨੂੰ ਦਿਸਦੀ ਹੈ ਉਹ ਬੇਅੰਤ, ਵਿਸ਼ਾਲ ਅਤੇ ਅਤਿ ਸੁੰਦਰ ਮਹਾਨ ਚਿੱਤਰ ਦੀ ਹੋਂਦ ਸਬੰਧੀ ਗਿਆਤ ਕਰਦੀ ਹੈ ਅਤੇ ਸਾਨੂੰ ਉਸ ਦੀ ਪ੍ਰਾਪਤੀ ਵਾਸਤੇ ਉਤਾਵਲਾ ਕਰਦੀ ਹੈ। ਇਹ ਸਾਡੇ ਜੀਵਨ ਦਾ ਉਦੇਸ਼ ਹੈ, ਨਿਸ਼ਾਨਾ ਹੈ ਅਤੇ ਸਾਡਾ ਇਸ ਸੰਸਾਰ ਮਾਰਗ ਵਿਚ ਆਇਆਂ ਇਹੋ ਹੀ ਕਰਤੱਵ ਹੈ ਕਿ ਅਸੀਂ ਆਪਣੀ ਅੰਤਰ-ਆਤਮਾ ਦੇ ਬਾਕੀ ਹਿੱਸੇ ਅਰਥਾਤ ਪਰਮਾਤਮਾ ਦੀ ਭਾਲ ਕਰੀਏ।

ਜਿੰਨਾਂ ਕੁ ਉੱਚਾ ਮਨੁੱਖ ਮਾਤਰ ਉੱਠ ਸਕਦਾ ਹੈ ਉਸ ਦਾ ਝਲਕਾਰਾ ਅਸੀਂ ਕਿਸੇ ਮਹਾਨ ਵਿਅਕਤੀ ਵਿਚ ਵੇਖਦੇ ਹਾਂ ਅਤੇ ਇਸ ਮਹਾਨਤਾ ਨੂੰ ਸਾਨੂੰ ਆਪਣੇ ਅੰਦਰ ਸੁਰਜੀਤ ਕਰਨਾ ਚਾਹੀਦਾ ਹੈ। ਕੁਦਰਤ ਵੀ ਸਾਨੂੰ ਉਤਸ਼ਾਹਤ ਰੱਖਣ ਲਈ ਸਮੇਂ ਸਮੇਂ ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸ੍ਰੀ ਗੁਰੂ ਨਾਨਕ ਦੇਵ, ਹਜ਼ਰਤ ਮੁਹੰਮਦ ਤੇ ਈਸਾ ਵਰਗੀਆਂ ਮਹਾਨ ਹਸਤੀਆਂ ਨੂੰ ਇਸ ਸੰਸਾਰ ਵਿਚ ਭੇਜਦੀ ਰਹਿੰਦੀ ਹੈ ਤਾਂ ਜੋ ਅਸੀਂ ਕਾਦਰ ਦੀ ਭਾਲ ਵਿਚ ਹਿੰਮਤ ਨਾ ਹਾਰ ਬੈਠੀਏ ਸਗੋਂ ਸਾਡੇ ਵਿਚ ਜੋਸ਼ ਅਤੇ ਉਤਸ਼ਾਹ ਪੈਦਾ ਹੁੰਦਾ ਰਹੇ ਕਿ ਅਸੀਂ ਵੀ ਇਨ੍ਹਾਂ ਮਹਾਨ ਹਸਤੀਆਂ ਦੇ ਕਦਮਾਂ ਤੇ ਚਲ ਕੇ ਆਪਣੇ ਅੰਦਰਲੇ 'ਮਹਾਨ' ਦਾ ਗਿਆਨ ਪ੍ਰਾਪਤ ਕਰ ਕੇ ਚੜ੍ਹਦੀਆਂ ਕਲਾਂ ਵਿਚ ਰਹੀਏ।

ਨਵਾਂ ਫ਼ਲਸਫ਼ਾ ਜੀਵਨ ਵਿਚ ਅਜੇਹੀ ਲੱਗਣ ਪੈਦਾ ਕਰਦਾ ਹੈ ਜਿਸ ਦੀ ਧੁਨ ਵਿਚ ਲੱਗਿਆ ਮਨੁੱਖ ਪੀੜ੍ਹੀਓ ਪੀੜ੍ਹੀ ਇਸ ਜਤਨ ਵਿਚ ਜੁਟਿਆ ਰਹਿੰਦਾ ਹੈ ਕਿ ਸੰਸਾਰ ਵਿਚ ਪੂਰਨ ਮਨੁੱਖ ਪੈਦਾ ਹੋਣ ਅਤੇ ਸੁਆਰਥੀ ਤੇ ਲੋਭੀ ਮਨੁੱਖ, ਜੋ ਮਨ ਦੀਆਂ

ਤਰੰਗਾਂ ਪਿੱਛੇ ਹੀ ਮਸਤ ਰਹਿਣਾ ਚਾਹੁੰਦੇ ਹਨ, ਅਲੋਪ ਹੋ ਜਾਣ, ਪਰਸੁਆਰਥੀ, ਬਲੀ, ਬਹਾਦਰ, ਹਉਮੈਂ-ਰਹਿਤ, ਕਾਦਰ ਦੇ ਜਾਨਹਾਰ ਮਨੁੱਖ ਪੈਦਾ ਹੋਣ ਜੋ ਆਪਣੀ ਰਹਿਤ ਬਹਿਤ ਅਤੇ ਕਰਨੀ ਨਾਲ ਇਸ ਗੱਲ ਦੀ ਪੁਸ਼ਟੀ ਕਰਨ ਕਿ ਉਹ ਅਸਲ ਮਨੁੱਖ ਹਨ ਜੋ ਪਰਮਾਤਮਾ ਦੇ ਘੱਲੇ ਹੋਏ ਦੁਨੀਆ ਵਿਚ ਆਏ ਹਨ ਅਤੇ ਪਰਮਾਤਮਾ ਵੱਲ ਹੀ ਜਾ ਰਹੇ ਹਨ।

ਕਾਂਡ ੨

ਇੱਛਤ ਵਸਤੂ ਦੀ ਪ੍ਰਾਪਤੀ ਦਾ ਸਾਧਨ

ਤੁਸੀਂ ਮੀਰੀ ਹੋ, ਤੁਹਾਡਾ ਜਨਮ ਜਿੱਤਾਂ ਲਈ ਤੇ ਇਸ ਲਈ ਹੋਇਆ ਹੈ ਕਿ ਤੁਸੀਂ ਜੀਵਨ ਦੀ ਇਸ ਵਿਸ਼ਾਲ ਖੇਡ ਵਿਚ ਆਪਣਾ ਸ਼ਾਨਦਾਰ ਹਿੱਸਾ ਪਾਓ ਪਰ ਚੇਤੇ ਰੱਖੋ ਕਿ ਜਿੰਨਾਂ ਚਿਰ ਤੁਹਾਨੂੰ ਆਪਣੇ ਆਪ ਅਤੇ ਆਪਣੀ ਯੋਗਤਾ ਤੇ ਪੂਰਾ ਪੂਰਾ ਭਰੋਸਾ ਨਹੀਂ, ਤੁਸੀਂ ਕਿਸੇ ਮਹਾਨ ਕੰਮ ਨੂੰ ਨੇਪਰੇ ਨਹੀਂ ਚਾੜ੍ਹ ਸਕੋਗੇ। `

ਅਸੀਂ ਆਪਣੀਆਂ ਇੱਛਾਵਾਂ ਅਤੇ ਉਨ੍ਹਾਂ ਵਸਤੂਆਂ ਨਾਲ ਆਪਣਾ ਸਬੰਧ ਜੋੜ ਲੈਂਦੇ ਹਾਂ ਜਿਹੜੀਆਂ ਸਾਡੇ ਮਨ ਉਤੇ ਪ੍ਰਭਾਵ ਪਾਈ ਰੱਖਦੀਆਂ ਹਨ। ਜਿਨ੍ਹਾਂ ਵਸਤਾਂ ਦੀ ਅਸੀਂ ਸਾਰੇ ਮਨ ਨਾਲ ਇੱਛਾ ਕਰਨ ਲੱਗ ਪੈਂਦੇ ਹਾਂ ਅਸੀਂ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਨੀ ਹੀ ਤੀਬਰਤਾ ਤੇ ਦ੍ਰਿੜਤਾ ਨਾਲ ਜੁਟ ਜਾਂਦੇ ਹਾਂ, ਜਿੰਨੀ ਤੀਬਰਤਾ ਤੇ ਦ੍ਰਿੜਤਾ ਸਾਡੇ ਮਨ ਵਿਚ ਉਨ੍ਹਾਂ ਸਬੰਧੀ ਹੁੰਦੀ ਹੈ ਅਤੇ ਜਿੰਨੇ ਕੁ ਸਿਆਣੇ ਜਤਨ ਉਨ੍ਹਾਂ ਦੀ ਪ੍ਰਾਪਤੀ ਲਈ ਸਾਥੋਂ ਸਰਦੇ ਹਨ।

ਜੇ ਤੁਸੀਂ ਸੁਖ ਚਾਹੁੰਦੇ ਹੋ ਤਾਂ ਦੁਖ ਦਾ ਖ਼ਿਆਲ ਕਰਨਾ ਹੀ ਛੱਡ ਦਿਉ। ਜੇ ਤੁਸੀਂ ਅਮੀਰੀ ਚਾਹੁੰਦੇ ਹੋ ਤਾਂ ਗ਼ਰੀਬੀ ਦੇ ਵਿਚਾਰਾਂ ਨੂੰ ਆਪਣੇ ਸੁਪਨਿਆਂ ਵਿਚ ਵੀ ਨਾ ਆਉਣ ਦਿਉ। ਜਿਨ੍ਹਾਂ ਗੱਲਾਂ ਤੋਂ ਤੁਸੀਂ ਡਰਦੇ ਹੋ ਅਤੇ ਜਿਨ੍ਹਾਂ ਵਸਤੂਆਂ ਨਾਲ ਤੁਹਾਡਾ ਸਨੇਹ ਨਹੀਂ ਉਨ੍ਹਾਂ ਨਾਲ ਆਪਣਾ ਸਬੰਧ ਕਦਾਚਿਤ ਨਾ ਜੁੜਨ ਦਿਉ।

ਮਿਕਨਾਤੀਸ ਦਾ ਟੁਕੜਾ ਕੇਵਲ ਲੋਹੇ ਦੀਆਂ ਬਣੀਆਂ ਚੀਜ਼ਾਂ ਨੂੰ ਹੀ ਆਪਣੇ ਵੱਲ ਖਿੱਚ ਸਕੇਗਾ। ਇਸ ਨੂੰ ਲੱਕੜੀ, ਤਾਂਬਾ, ਰਬੜ ਆਦਿਕ ਵਸਤੂਆਂ,

ਜਿਨ੍ਹਾਂ ਵਿਚ ਲੋਹੇ ਦਾ ਅੰਸ ਨਹੀਂ, ਵਾਸਤੇ ਕੋਈ ਖਿੱਚ ਨਹੀਂ ਹੋਵੇਗੀ। ਇਹ ਤਾਂ ਕੇਵਲ ਆਪਣੇ ਵੱਲ ਉਨ੍ਹਾਂ ਨੂੰ ਹੀ ਖਿੱਚੇਗਾ ਜੋ ਇਸ ਵਰਗੀਆਂ ਹਨ। ਜਦੋਂ ਤੁਸੀਂ ਸਕੂਲਾਂ ਦੇ ਵਿਦਿਆਰਥੀ ਸੀ ਤੁਹਾਨੂੰ ਪਤਾ ਲੱਗਾ ਸੀ ਕਿ ਤੁਹਾਡਾ ਛੋਟਾ ਜਿਹਾ ਮਿਕਨਾਤੀਸ ਸੂਈ ਨੂੰ ਤਾਂ ਖਿੱਚ ਲੈਂਦਾ ਸੀ। ਪਰ ਡੱਬੀ ਦੀ ਤੀਲੀ ਆਦਿ ਨੂੰ ਨਹੀਂ। ਇਹ ਆਪਣੇ ਵਰਗਿਆਂ ਨੂੰ ਹੀ ਆਪਣੇ ਵੱਲ ਖਿੱਚਦਾ ਸੀ।

ਮਰਦ ਤੇ ਇਸਤਰੀਆਂ ਇਨਸਾਨੀ-ਮਿਕਨਾਤੀਸ ਹਨ। ਜਿਵੇਂ ਮਿਕਨਾਤੀਸ ਦੇ ਟੁਕੜੇ ਨੂੰ ਕੂੜੇ ਜਾਂ ਗੰਦ ਦੇ ਢੇਰ ਵਿਚ ਧੂਇਆ ਜਾਵੇ ਤਾਂ ਇਹ ਕੇਵਲ ਉਨ੍ਹਾਂ ਚੀਜ਼ਾਂ ਨੂੰ ਹੀ ਆਪਣੇ ਵੱਲ ਖਿੱਚੇਗਾ ਜਿਨ੍ਹਾਂ ਨਾਲ ਇਸ ਦਾ ਜਿਨਸੀ ਸਬੰਧ ਹੈ, ਇਸੇ ਤਰ੍ਹਾਂ ਇਨਸਾਨੀ-ਮਿਕਨਾਤੀਸ ਵੀ ਸੰਸਾਰ ਦੇ ਜੀਵਾਂ ਵਿਚੋਂ ਕੇਵਲ ਉਨ੍ਹਾਂ ਨੂੰ ਹੀ ਆਪਣੇ ਵੱਲ ਖਿੱਚਦਾ ਹੈ, ਉਨ੍ਹਾਂ ਨਾਲ ਹੀ ਆਪਣਾ ਸਬੰਧ ਜੋੜਦਾ ਹੈ ਜੋ ਇਸ ਦੇ ਖ਼ਿਆਲਾਂ ਅਤੇ ਆਸ਼ਿਆਂ ਦੇ ਅਨੁਸਾਰੀ ਹਨ।

ਸਾਡਾ ਵਾਤਾਵਰਣ, ਸਾਡੇ ਸਬੰਧੀ, ਸਾਡੀਆਂ ਸਾਧਾਰਨ ਹਾਲਤਾਂ ਸਭ ਸਾਡੀ ਮਾਨਸਿਕ ਕੋਸ਼ਿਸ਼ ਦਾ ਹੀ ਸਿੱਟਾ ਹਨ। ਸਥੂਲ ਰੂਪ ਵਿਚ ਇਹ ਵਸਤਾਂ ਇਸੇ ਕਰਕੇ ਹੋਂਦ ਵਿਚ ਆਈਆਂ ਹਨ ਕਿਉਂਕਿ ਇਹ ਸਾਡੀ ਸੋਚ ਤੇ ਸਾਡੇ ਧਿਆਨ ਦੇ ਕੇਂਦਰ ਬਣੀਆਂ ਹੋਈਆਂ ਸਨ। ਅਸਾਂ ਪਹਿਲਾਂ ਮਾਨਸਿਕ ਤੌਰ ਤੇ ਇਨ੍ਹਾਂ ਨਾਲ ਆਪਣਾ ਸਬੰਧ ਕਾਇਮ ਕਰ ਲਿਆ ਸੀ। ਇਹ ਸਾਡੇ ਮਨ, ਸਾਡੇ ਵਿਚਾਰ ਅਤੇ ਸਾਡੀਆਂ ਕਾਮਨਾਵਾਂ ਦੇ ਅਨੁਕੂਲ ਹਨ ਅਤੇ ਜਿੰਨਾਂ ਚਿਰ ਸਾਡੇ ਮਨ ਵਿਚ ਇਨ੍ਹਾਂ ਸਬੰਧੀ ਅਜਿਹਾ ਮੇਲ, ਅਜੇਹੀ ਸਾਂਝ ਤੇ ਅਜਿਹਾ ਨਾਤਾ ਕਾਇਮ ਹੈ, ਇਹ ਸਾਡੇ ਨਾਲ ਰਹਿਣਗੀਆਂ।

ਤੁਹਾਡੇ ਵਿਚਾਰ, ਤੁਹਾਡਾ ਦ੍ਰਿਸ਼ਟੀਕੋਣ, ਜੀਵਨ ਵਿਚ ਤੁਹਾਡੀ ਸਾਥਨ ਤੇ ਪਦਵੀ ਸਬੰਧੀ ਜੋ ਚਿੱਤਰ ਤੁਸਾਂ ਮਨ ਵਿਚ ਚਿਤਰਿਆ ਹੋਇਆ ਹੈ ਅਤੇ ਉਹ ਆਦਰਸ਼ ਜੋ ਤੁਸਾਂ ਆਪਣੇ ਭਵਿਖਤ ਲਈ ਬਣਾਇਆ ਹੋਇਆ ਹੈ, ਇਹ

ਸਭ ਕੁਝ ਤੁਹਾਨੂੰ ਮਿਕਨਾਤੀਸ ਵਾਂਙ ਆਪਣੇ ਵੱਲ ਖਿੱਚ ਲਏਗਾ। ਜੇ ਤੁਸੀਂ ਆਪਣੇ ਮਨ, ਆਪਣੀਆਂ ਵਿਚਾਰਾਂ ਤੇ ਆਸਾਂ ਨੂੰ, ਗਰੀਬੀ, ਅਸਫਲਤਾ, ਮੰਦਭਾਗਤਾ ਤੇ ਕੇਂਦਰਤ ਰਖੋਗੇ, ਤੁਸੀਂ ਉੱਚੀਆਂ ਮਹਾਨ ਅਤੇ ਚੰਗੀਆਂ ਵਸਤੂਆਂ ਦੀ ਪ੍ਰਾਪਤੀ ਦੀ ਚਾਹ ਤੇ ਆਸ ਨੂੰ ਆਪਣੇ ਮਨ ਵਿਚੋਂ ਤਿਲਾਂਜਲੀ ਦਈ ਰਖੋਗੇ ਅਤੇ ਆਪਣੇ ਸੁਭਾ ਵਿਚ ਡਰ, ਚਿੰਤਾ, ਸ਼ੰਕੇ, ਮੰਦਭਾਗਤਾ ਦੇ ਤੌਖਲੇ ਆਦਿ ਨੂੰ ਥਾਂ ਦਿਉਗੇ ਤਾਂ ਇਹ ਮਿਕਨਾਤੀਸ ਯਕੀਨੀ ਹੀ ਗੰਦੀ, ਨੀਚ ਅਤੇ ਮੰਦੀ ਅਵਸਥਾ ਤੇ ਨੀਵੇਂ ਦਰਜੇ ਦੇ ਜੀਵਨ ਦੀ ਖੱਡ ਵੱਲ ਧੂੰਦਾ ਹੋਇਆ, ਤੁਹਾਨੂੰ ਨੀਵੇਂ ਖਿਆਲਾਂ ਅਤੇ ਘਟੀਆ ਸਮਾਜਕ ਆਦਰਸ਼ਾਂ ਵਾਲੇ ਪੁਰਸ਼ਾਂ ਦੀ ਪੱਧਰ ਤੇ ਲੈ ਜਾਏਗਾ।

ਅਸੀਂ ਸਾਰੇ ਜੋ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਾਂ, ਆਪਣੀ ਮੰਦਭਾਗਤਾ ਅਤੇ ਭੈੜੀ ਕਿਸਮਤ ਨਾਲ ਉੱਚੇ ਆਦਰਸ਼ਾਂ ਵਾਲੇ ਮਿਕਨਾਤੀਸੀ ਕੇਂਦਰ ਨਾਲੋਂ ਟੁਟ ਗਏ ਹਾਂ। ਅਸੀਂ ਸੁਚੱਜੀ ਸੋਚ-ਧਾਰਾ ਨਾਲੋਂ ਨਿੱਖੜ ਗਏ ਹਾਂ ਇਸ ਲਈ ਯੋਗ ਵਸਤਾਂ ਨੂੰ ਆਪਣੇ ਵੱਲ ਨਹੀਂ ਖਿਚਾਂਗੇ।

'ਜੋ ਵਸਤਾਂ ਤੁਹਾਨੂੰ ਲੋੜੀਂਦੀਆਂ ਹਨ ਉਨ੍ਹਾਂ ਦਾ ਚਿੰਤਨ ਕਰੋ ਇਨ੍ਹਾਂ ਥੋੜੇ ਜੇਹੇ ਸ਼ਬਦਾਂ ਵਿਚ ਮਹਾਨ ਫ਼ਲਸਫ਼ਾ ਬੰਦ ਪਿਆ ਹੈ। ਇਨ੍ਹਾਂ ਵਸਤਾਂ ਦੀ ਪ੍ਰਾਪਤੀ ਲਈ ਇਨ੍ਹਾਂ ਵੱਲ ਸਪੱਸ਼ਟ ਅਤੇ ਨਿਰੰਤਰ ਧਿਆਨ ਰੱਖੋ ਅਤੇ ਆਪਣੇ ਮਨ ਦੀ ਪੂਰੀ ਸੱਤਾ ਅਤੇ ਦ੍ਰਿੜਤਾ ਨੂੰ ਉਨ੍ਹਾਂ ਉਤੇ ਕੇਂਦਰਤ ਕਰੋ। ਆਪਣੀਆਂ ਮਨ-ਇੱਛਤ ਵਸਤਾਂ ਦੀ ਪ੍ਰਾਪਤੀ ਲਈ ਇਹੋ ਇਕ ਸਾਧਨ ਹੈ ਪਰ ਜਿਉਂ ਹੀ ਤੁਸੀਂ ਆਪਣੇ ਮਨਾਂ ਵਿਚ ਸ਼ੰਕਾ ਤੇ ਚਿੰਤਾ ਕਰਨ, ਝੁਰਨ ਅਤੇ ਡਰਨ ਲੱਗ ਜਾਂਦੇ ਹੋ ਤੁਹਾਡੇ ਵਿਚੋਂ ਉਹ ਮਿਕਨਾਤੀਸੀ ਸ਼ਕਤੀ ਜਾਂਦੀ ਰਹਿੰਦੀ ਹੈ ਜਿਹੜੀ ਮਨ-ਇੱਛਤ ਵਸਤਾਂ ਨੂੰ ਪਰੇਰਨ ਵਾਲੀ ਹੁੰਦੀ ਹੈ। ਤੁਸੀਂ ਆਪਣੀ ਮਾਨਸਿਕ ਅਵਸਥਾ ਕਾਰਣ ਹੀ ਉਨ੍ਹਾਂ ਨੂੰ ਦੂਰ ਧੱਕ ਦਿੰਦੇ ਹੋ। ਉਹ ਕਿਵੇਂ ਤੁਹਾਡੇ ਲਾਗੇ ਹੋ ਸਕਦੀਆਂ ਹਨ ਜਦੋਂ ਤੁਸੀਂ ਆਪ ਜਾਣਦੇ ਬੁਝਦੇ ਹੋਏ ਉਨ੍ਹਾਂ ਨੂੰ ਪਰੇ ਧੱਕੀ ਜਾ ਰਹੇ ਹੋ? ਤੁਸੀਂ ਅਤੇ ਤੁਹਾਡੀਆਂ ਮਨ-

ਭਾਉਂਦੀਆਂ ਵਸਤਾਂ ਅੱਡੋ ਅੱਡਰੇ ਪਾਸੇ ਜਾ ਰਹੇ ਹੋ। ਐਚ. ਐਮੀਲੀ ਕੈਡੀ ਨੇ ਕਿਹਾ ਸੋਹਣਾ ਕਿਹਾ ਹੈ ਕਿ 'ਤੁਹਾਡੇ ਮਨ ਵਿਚ ਕਿਸੇ ਵਸਤੂ ਲਈ ਉਪਜੀ ਇੱਛਾ ਹੀ ਨਹੀਂ ਸਗੋਂ ਇਹ ਪਰਮਾਤਮਾ ਵਲੋਂ ਤੁਹਾਡੇ ਨਾਲ ਇਕ ਪੱਕਾ ਇਕਰਾਰ ਹੈ ਜੋ ਇੱਛਾ ਦੇ ਰੂਪ ਵਿਚ ਪਰਮਾਤਮਾ ਨੇ ਪਹਿਲਾਂ ਹੀ ਤੁਹਾਡੇ ਵੱਲ ਘਲ ਦਿੱਤੀ ਹੈ ਕਿ ਇਹ ਵਸਤੂ ਪਰਮਾਤਮਾ ਦੇ ਅਤੁੱਟ ਭੰਡਾਰਾਂ ਵਿਚੋਂ ਤੁਹਾਡੀ ਹੋ ਚੁੱਕੀ ਹੈ।

ਤੁਹਾਡਾ ਮੌਜੂਦਾ ਦ੍ਰਿਸ਼ਟੀਕੋਣ ਭਾਵੇਂ ਕਿੰਨਾਂ ਹੀ ਦਿਲ-ਢਾਊ ਹੈ, ਤੁਹਾਡਾ ਭਵਿਖਤ ਭਾਵੇਂ ਜ਼ਾਹਿਰ ਤੌਰ ਤੇ ਕਿੰਨਾਂ ਹੀ ਧੁੰਦਲਾ ਹੈ, ਤੁਸੀਂ ਆਪਣੀ ਇੱਛਾ ਨਾਲ ਜੁੜੇ ਰਹੋ, ਅਵੱਸ਼ ਤੁਸੀਂ ਇਸ ਨੂੰ ਪ੍ਰਾਪਤ ਕਰ ਲਵੋਗੇ। ਜਿਨ੍ਹਾਂ ਨੂੰ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ ਉਨ੍ਹਾਂ ਆਦਰਸ਼ਕ ਅਵਸਥਾਵਾਂ ਨੂੰ ਅਤੇ ਕਾਮਯਾਬੀਆਂ ਨੂੰ ਅਨੁਭਵ ਕਰੋ। ਸਮਰੱਥਾ ਦੀਆਂ ਊਣਤਾਈਆਂ ਨੂੰ ਤਸਲੀਮ ਨਾ ਕਰੋ ਅਤੇ ਜਿੱਥੇ ਪੁੱਜਣ ਦੀ ਲਾਲਸਾ ਤੁਹਾਡੇ ਚਿੱਤ ਵਿਚ ਹੈ ਅਤੇ ਜਿਹੜੀਆਂ ਹਾਲਤਾਂ ਤੁਹਾਡੇ ਮਨ ਨੂੰ ਭਾਉਂਦੀਆਂ ਹਨ, ਉਨ੍ਹਾਂ ਤੋਂ ਛੁਟ ਕਿਸੇ ਹੋਰ ਦਾ ਖ਼ਿਆਲ ਵੀ ਦਿਲ ਵਿਚ ਨਾ ਆਉਣ ਦਿਉ। ਆਪਣੀਆਂ ਇੱਛਾਵਾਂ ਦੇ ਚਿੱਤਰ ਆਪਣੇ ਦਿਲ ਦਿਮਾਗ਼ ਵਿਚ ਇਉਂ ਬਣਾਈ ਰਖੋ, ਮਾਨੋ ਤੁਸੀਂ ਇਨ੍ਹਾਂ ਨੂੰ ਪ੍ਰਾਪਤ ਕਰ ਹੀ ਚੁਕੇ ਹੋ ਅਤੇ ਆਪਣੇ ਸਾਰੇ ਤਾਣ ਨਾਲ ਕਲਪਤ ਚਿੱਤਰ ਉਤੇ ਕੇਂਦਰਤ ਰਹੋ। ਔਕੜਾਂ ਤੋਂ ਛੁਟਕਾਰਾ ਪਾਉਣ ਦਾ ਇਹ ਹੀ ਇਕੋ ਇਕ ਸਾਧਨ ਹੈ। ਵਰਤਮਾਨ ਨਾਲੋਂ ਚੰਗੇਰੀਆਂ ਤੇ ਵਧੇਰੀਆਂ ਰੌਸ਼ਨ ਅਵਸਥਾਵਾਂ ਤੇ ਪੁੱਜਣ ਦਾ ਦਰ ਇਸੇ ਤਰ੍ਹਾਂ ਖੁਲ੍ਹਦਾ ਹੈ।

ਸਕਾਟਲੈਂਡ ਦੇ ਇਕ ਐਕਟਰ ਕਲਿਫਟਨ ਕਰਾਫ਼ੋਰਡ ਨੇ ਪਹਿਲੋਂ ਪਹਿਲ ਆਪਣਾ ਕੰਮ ਅਮਰੀਕਾ ਦੇ ਨਿੱਕੇ ਨਿੱਕੇ ਸ਼ਹਿਰਾਂ ਦੇ ਸਪਤਾਹਕ ਨਾਟਕਾਂ ਵਿਚ ਪਾਰਟ ਲੈ ਕੇ ਸ਼ੁਰੂ ਕੀਤਾ ਸੀ। ਇਕ ਰਾਤ ਉਸ ਦੀ ਕੰਪਨੀ ਦੇ ਇਕ ਐਕਟਰ ਨੇ ਉਸ ਨੂੰ ਕਿਹਾ 'ਤੇਰਾ ਕੰਮ ਕੋਈ ਬਹੁਤਾ ਚੰਗਾ ਨਹੀਂ ਹੈ, ਤੂੰ ਕਦੀ ਵੀ ਸਫ਼ਲ ਐਕਟਰ ਨਹੀਂ ਬਣ ਸਕਦਾ। ਸੋ ਚੰਗਾ ਹੋਵੇ ਕਿ ' ਤੂੰ ਵਾਪਸ ਸਕਾਟਲੈਂਡ ਹੀ ਚਲਾ

ਜਾਵੈਂ।' ਪਰ ਨੌਜਵਾਨ ਕਰਾਫ਼ੋਰਡ ਨੇ ਇਸ ਦਿਲ-ਢਾਊ ਪਰ ਚੰਗੀ ਨੀਅਤ ਨਾਲ ਕੀਤੀ ਗਈ ਨੁਕਤਾਚੀਨੀ ਤੇ ਸਲਾਹ ਵੱਲ ਕੋਈ ਧਿਆਨ ਨਾ ਦਿੱਤਾ। ਸਗੋਂ ਅਮਰੀਕਾ ਵਿਚ ਹੀ ਰਹਿ ਕੇ ਪੂਰੇ ਤ੍ਰਾਣ ਨਾਲ ਆਪਣੇ ਕੰਮ ਵਿਚ ਜੁੱਟਿਆ ਰਿਹਾ ਅਤੇ ਥੋੜ੍ਹੇ ਸਮੇਂ ਵਿਚ ਹੀ ਉਹ ਬਰਾਡਵੇ ਦਾ ਇਕ ਉਘਾ ਐਕਟਰ ਬਣ ਗਿਆ। ਨਿਊਯਾਰਕ ਸ਼ਹਿਰ ਵਿਚ ਆਪਣੀ ਪਹਿਲੀ ਸਫਲਤਾ ਪ੍ਰਾਪਤ ਕਰਨ ਪਿਛੋਂ ਉਹ ਆਪਣੇ ਉਸ ਮਿੱਤਰ ਨੂੰ ਮਿਲਿਆ ਜਿਸ ਨੇ ਇਸ ਨੂੰ ਸਕਾਟਲੈਂਡ ਪਰਤ ਜਾਣ ਦੀ ਸਲਾਹ ਦਿੱਤੀ ਸੀ ਅਤੇ ਉਸ ਨੂੰ ਉਹਦੇ ਸ਼ਬਦ ਚੇਤੇ ਕਰਵਾਏ।

ਕਰਾਫ਼ੋਰਡ ਨੂੰ ਸਫਲਤਾ ਪ੍ਰਾਪਤ ਹੋਈ, ਕਿਉਂ ਜੋ ਉਸ ਨੇ ਆਪਣੀ ਇੱਛਤ ਵਸਤੂ ਨਾਲ ਮਾਨਸਿਕ ਰਿਸ਼ਤਾ ਜੋੜ ਲਿਆ ਸੀ ਤੇ ਉਸ ਨੇ ਬਾਹਰਲੇ ਪਿਛਾਂ-ਖਿਚੂ ਵਿਚਾਰਾਂ ਵੱਲ ਧਿਆਨ ਨਾ ਦੇ ਕੇ ਆਪਣੀ ਅੰਤਰ-ਆਤਮਾ ਦੀ ਆਵਾਜ਼ ਨੂੰ ਸੁਣ ਲਿਆ ਸੀ।

'ਉਹ ਕੋਈ ਚੀਜ਼' ਜਿਹੜੀ ਤੁਹਾਡੇ ਅੰਦਰੋਂ ਪ੍ਰਗਟ ਹੋਣ ਲਈ ਉਤਾਵਲੀ ਹੈ, ਅਕਾਲ ਪੁਰਖ ਦੀ ਆਵਾਜ਼ ਹੈ। ਇਸ ਦੀ ਨਿਰਾਦਰੀ ਨਾ ਕਰੋ। ਆਪਣੀਆਂ ਤੀਬਰ ਇੱਛਾਵਾਂ ਤੋਂ ਭੈ ਨਾ ਖਾਓ, ਇਨ੍ਹਾਂ ਵਿਚ ਰੱਬਤਾ ਲੁਕੀ ਪਈ ਹੈ। ਤੁਸੀਂ ਇਨ੍ਹਾਂ ਨੂੰ ਵਾਧੂ ਅਤੇ ਨਾ-ਪੂਰੀਆਂ-ਹੋਣ ਵਾਲੀਆਂ ਖ਼ਿਆਲ ਕਰ ਕੇ ਇਨ੍ਹਾਂ ਦਾ ਗਲਾ ਨਾ ਘੁੱਟੋ। ਕਾਦਰ ਤੁਹਾਡੇ ਅੰਦਰ ਕੋਈ ਅਜੇਹੀ ਇੱਛਾ ਉਤਪੰਨ ਨਹੀਂ ਕਰਦਾ ਜੋ ਤੁਸੀਂ ਪੂਰੀ ਨਾ ਕਰ ਸਕੋ।

ਸਾਡੇ ਵਿਚ ਕਈਆਂ ਦਾ ਜੀਵਨ ਬੜਾ ਤੰਗ, ਛੋਟਾ ਤੇ ਨੀਵਾਂ ਜਿਹਾ ਹੈ। ਇਹਦਾ ਕਾਰਣ ਇਹ ਹੀ ਹੈ ਕਿ ਅਸੀਂ ਆਪਣੀਆਂ ਲੋਚਨਾਵਾਂ ਨੂੰ ਚਿਤਵਣ ਤੇ ਚਿੱਤਰਨ ਤੋਂ ਡਰਦੇ ਹਾਂ। ਅਸੀਂ ਉਨ੍ਹਾਂ ਇੱਛਾਵਾਂ ਵੱਲ ਧਿਆਨ ਨਹੀਂ ਦਿੰਦੇ ਅਤੇ ਉਨ੍ਹਾਂ ਨੂੰ ਆਪਣੇ ਮਨ ਦੀਆਂ ਅੱਖਾਂ ਸਾਹਮਣੇ ਨਹੀਂ ਰੱਖਦੇ ਸਗੋਂ ਕੇਵਲ ਉਨ੍ਹਾਂ ਵਸਤੂਆਂ ਤੇ ਭਰੋਸਾ ਰੱਖਣ ਦੇ ਆਦੀ ਬਣ ਗਏ ਹਾਂ ਜਿਹੜੀਆਂ ਸਾਡੀਆਂ ਬਾਹਰ

ਮੁੱਖੀ ਅੱਖਾਂ ਦੇ ਸਾਹਮਣੇ ਹਨ ਜਾਂ ਜੋ ਸਥੂਲ ਇੰਦਰਿਆਂ ਨੂੰ ਪ੍ਰਤੀਤ ਹੁੰਦੀਆਂ ਹਨ। ਔਕੜ ਤਾਂ ਇਹ ਹੈ ਕਿ ਅਸੀਂ ਆਪਣੇ ਅੰਦਰਲੀ ਉਸ ਮਹਾਨ ਸ਼ਕਤੀ ਨੂੰ ਮਹਿਸੂਸ ਨਹੀਂ ਕਰਦੇ ਸਗੋਂ ਆਪਣੀਆਂ ਊਣਤਾਈਆਂ ਤੇ ਅਸਮਰੱਥਾਵਾਂ ਵਿਚ ਵਿਸ਼ਵਾਸ ਕਰਨ ਲੱਗ ਪੈਂਦੇ ਹਾਂ। ਅਸੀਂ ਆਪਣੀ ਗਲਤ ਵਿਚਾਰਧਾਰਾ ਅਤੇ ਵਿਸ਼ਵਾਸ ਦੀ ਅਣਹੋਂਦ ਕਾਰਣ ਆਪਣੇ ਅੰਦਰਲੀ ਮਿਕਨਾਤੀਸੀ ਸ਼ਕਤੀ ਨੂੰ ਗੁਆ ਬਹਿੰਦੇ ਹਾਂ। ਅਸੀਂ ਆਪਣੇ ਰਾਹ ਵਿਚ ਆਈਆਂ ਰੁਕਾਵਟਾਂ ਨੂੰ ਵੇਖ ਕੇ ਇਹ ਭੁੱਲ ਜਾਂਦੇ ਹਾਂ ਕਿ ਅਕਾਲ ਪੁਰਖ ਨਾਲ ਰਲ ਕੇ ਕੰਮ ਕਰਦਿਆਂ ਮਨੁੱਖ-ਮਾਤਰ ਹਰ ਉਸ ਔਕੜ ਨਾਲੋਂ ਜੋ ਉਸ ਦੇ ਰਾਹ ਵਿਚ ਆਉਂਦੀ ਹੈ, ਜਾਂ ਉਸ ਦੀ ਮਰਜ਼ੀ ਦੇ ਪ੍ਰਤੀਕੂਲ ਹੈ, ਨਾਲੋਂ ਬਹੁਤ ਵਡੇਰਾ ਹੈ।

ਬੈਂਜੇਮਿਨ ਡਿਜ਼ਰੇਲੀ ਇਸ ਅਸੂਲ ਤੋਂ ਭਲੀ ਪ੍ਰਕਾਰ ਜਾਣੂ ਸੀ ਤਾਂ ਹੀ ਤੇ ਉਸ ਨੇ ਕਿਹਾ ਸੀ 'ਮਨੁੱਖ ਹਾਲਾਤ ਦੇ ਅਧੀਨ ਨਹੀਂ ਸਗੋਂ ਹਾਲਾਤ ਮਨੁੱਖ ਦੇ ਪੈਦਾ ਕੀਤੇ ਹੁੰਦੇ ਹਨ। ਇਸ ਸੱਚਾਈ ਨੂੰ ਉਸ ਨੇ ਆਪਣੇ ਜੀਵਨ ਵਿਚ ਸਾਮਰਤੱਖ ਕਰ ਵਿਖਾਇਆ। ਅੰਗਰੇਜ਼ਾਂ ਦੀ ਜਾਤੀ ਅਤੇ ਉਨ੍ਹਾਂ ਦੇ ਅਸੂਲਾਂ ਦਾ ਵਿਸ਼ਵਾਸੀ ਨਾ ਹੁੰਦਿਆਂ ਵੀ, ਜਦੋਂ ਕਿ ਸ਼ੁਰੂ ਵਿਚ ਹੀ ਜ਼ਾਹਿਰਾ ਤੌਰ ਤੇ ਹਾਲਾਤ ਉਸ ਦੇ ਬਿਲਕੁਲ ਵਿਰੋਧੀ ਸਨ, ਇਹ ਦ੍ਰਿੜ-ਵਿਸ਼ਵਾਸੀ ਯਹੂਦੀ ਔਕੜਾਂ ਤੇ ਰੋਕਾਂ ਨੂੰ ਦੂਰ ਕਰਦਾ ਹੋਇਆ ਆਪਣੇ ਆਦਰਸ਼ ਦੀ ਟੀਸੀ ਤੇ ਪੁੱਜ ਗਿਆ। ਇਹ ਇੰਗਲਿਸਤਾਨ ਦਾ ਪ੍ਰਧਾਨ ਮੰਤਰੀ ਬਣਿਆ ਤੇ ਮਲਕਾ ਵਿਕਟੋਰੀਆ ਨੇ ਉਸ ਨੂੰ ਅਰਲ ਆਫ ਬੈਕਨਜ਼ ਫ਼ੀਲਡ ਬਣਾਇਆ।

ਕਵੀ ਲੋਵੈਲ ਦਾ ਇਹ ਕਥਨ ਕੇਵਲ ਇਕ ਹਵਾਈ ਗੱਲ ਜਾਂ ਕਾਵਿਕ-ਖ਼ਿਆਲ ਹੀ ਨਹੀਂ ਸੀ। 'ਇੱਛਾ ਦੀ ਪ੍ਰਾਪਤੀ ਦੀ ਤੜਪ ਜੋ ਸਾਡੇ ਮਨ ਵਿਚ ਲੱਗੀ ਰਹਿੰਦੀ ਹੈ, ਕੁਝ ਸਮੇਂ ਲਈ ਅਸੀਂ ਉਸ ਇੱਛਾ ਦਾ ਰੂਪ ਹੀ ਬਣ ਜਾਂਦੇ ਹਾਂ।'

ਉਸ ਨੇ ਇਕ ਸਾਧਾਰਨ ਸਚਾਈ ਬਿਆਨ ਕੀਤੀ ਹੈ। ਕਵੀ ਆਪਣੇ ਜੁੱਗ ਦਾ ਪੈਗ਼ੰਬਰ ਹੁੰਦਾ ਹੈ। ਇਹ ਵਿਗਿਆਨੀਆਂ ਤੋਂ ਅਗੇਰੇ ਜਾਂਦਾ ਹੈ ਅਤੇ ਆਦਰਸ਼ਾਂ ਵੱਲ ਅਗਵਾਈ ਦਿੰਦਾ ਹੈ। ਵਿਸ਼ਵਾਸ ਵਾਂਙ ਕਵੀ ਦੀ ਸੂਝ ਇੰਦਰੇ-ਅਨੁਭਵ ਤੋਂ ਕਿਤੇ ਜ਼ਿਆਦਾ ਹੈ। ਉਹ ਜਾਣਦਾ ਹੈ ਕਿ ਸਾਡੇ ਮਨ ਦੇ ਸਾਹਮਣੇ ਕਿਸੇ ਉਚੇਚੀ ਘੜੀ ਵਿਚ ਜਿਹੜਾ ਚਿੱਤਰ ਖਿਚਿਆ ਜਾਂਦਾ ਹੈ, ਉਹ ਅਸਲੀ ਰੂਪ ਵਿਚ ਮੂਰਤੀਮਾਨ ਕਰਨ ਵਾਲੀ ਵਸਤੂ ਦਾ ਨਮੂਨਾ ਹੁੰਦਾ ਹੈ।

ਜਿਨ੍ਹਾਂ ਮਨੁੱਖਾਂ ਨੇ ਉਚਾਈਆਂ ਨੂੰ ਛੋਹਿਆ ਹੈ ਉਨ੍ਹਾਂ ਨੇ ਪਹਿਲੋਂ ਕਦੇ ਆਪਣੇ ਆਪ ਨੂੰ ਉਤਾਂਹ ਚੜ੍ਹਦਿਆਂ ਅਨੁਭਵ ਕੀਤਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਕਦੇ ਅੰਤਰ-ਆਤਮੇ ਉਸ ਅਵਸਥਾ ਤੇ ਪੁਜਿਆ ਹੋਇਆ ਵੀ ਵੇਖਿਆ ਹੈ। ਪਹਿਲਾਂ ਉਹ ਮਾਨਸਿਕ ਤੌਰ ਤੇ ਉੱਚੇ ਚੜ੍ਹੇ, ਉਨ੍ਹਾਂ ਸਦਾ ਇਉਂ ਅਨੁਭਵ ਕੀਤਾ ਜਿਵੇਂ ਉਹ ਉਚੇਰੀਆਂ ਅਤੇ ਹੋਰ ਉਚੇਰੀਆਂ ਟੀਸੀਆਂ ਵੱਲ ਚਲ ਰਹੇ ਹਨ। ਉਨ੍ਹਾਂ ਨੇ ਲਗਾਤਾਰ ਆਪਣੀ ਉਤਾਹਾਂ ਚੜ੍ਹਣ ਦੀ ਸਮਰੱਥਾ ਦਾ ਸਬੂਤ ਦਿਤਾ। ਜੇ ਅਸਾਂ ਵੀ ਆਪਣੇ ਸੁਪਨਿਆਂ ਨੂੰ ਸੱਚਿਆਂ ਕਰ ਵਿਖਾਇਆ ਹੈ ਤਾਂ ਸਾਨੂੰ ਵੀ ਉਨ੍ਹਾਂ ਵਾਂਙ ਉਹ ਕੁਝ ਕਰਨਾ ਪਵੇਗਾ ਜੋ ਉਨ੍ਹਾਂ ਆਪਣੇ ਮੰਤਵ ਨੂੰ ਪ੍ਰਾਪਤ ਕਰਨ ਲਈ ਕੀਤਾ। ਸਾਨੂੰ ਹਰ ਕਦਮ ਤੇ ਆਪਣੇ ਆਦਰਸ਼ ਦੀ ਪ੍ਰਾਪਤੀ ਦਾ ਸੁਚੇਤ ਅਨੁਭਵ ਹੋਣਾ ਚਾਹੀਦਾ ਹੈ। ਇਹ ਵੀ ਇਕ ਫਾਨਾ ਹੈ ਜਿਸ ਨਾਲ ਸਾਡੇ ਰਾਹ ਦੀਆਂ ਔਕੜਾਂ ਦੋਫਾੜ ਹੁੰਦੀਆਂ ਜਾਣਗੀਆਂ, ਜਿਸ ਰਾਹੀਂ ਸਾਡੇ ਅੰਦਰਲੇ ਉਹ ਦਰਵਾਜ਼ੇ ਖੁਲ੍ਹ ਜਾਣਗੇ ਜਿਨ੍ਹਾਂ ਸਾਡੇ ਆਪੇ ਨੂੰ ਬੰਦ ਰਖਿਆ ਹੋਇਆ ਹੈ।

ਜੇ ਤੁਸੀਂ ਆਪਣੀਆਂ ਲਗਾਤਾਰ ਨਾ-ਕਾਮਯਾਬੀਆਂ ਕਰਕੇ ਨਿਰਾਸ਼ ਹੋ ਗਏ ਹੋ, ਜੇ ਤੁਹਾਡੀ ਹਿੰਮਤ ਔਕੜਾਂ ਸਾਹਮਣੇ ਝੁਕ ਗਈ ਹੈ, ਜੇ ਤੁਸੀਂ ਆਪਣੀਆਂ ਇੱਛਾਵਾਂ ਅਨੁਸਾਰ ਕੰਮ ਨਹੀਂ ਕਰ ਰਹੇ, ਜੇ ਤੁਹਾਨੂੰ ਇਸ ਜੀਵਨ ਵਿਚ ਸੰਤੁਸ਼ਟਤਾ, ਸਫ਼ਲਤਾ ਅਤੇ ਸੇਵਾ ਕਰਨ ਵਿਚ ਪਰਸੰਨਤਾ ਪ੍ਰਾਪਤ ਨਹੀਂ

ਹੁੰਦੀ, ਜੇ ਤੁਹਾਡੀਆਂ ਵਿਉਂਤਾਂ ਸਿਰੇ ਨਹੀਂ ਚੜ੍ਹ ਰਹੀਆਂ, ਗਰੀਬੀ, ਤੰਗਦਸਤੀ ਅਤੇ ਤੁਹਾਡੇ ਸੁਭਾ ਦੇ ਉਲਟ ਆਲਾ ਦੁਆਲਾ ਤੁਹਾਡਾ ਰਾਹ ਰੋਕੀ ਖੜੇ ਹਨ, ਤਾਂ ਜ਼ਰੂਰੀ ਹੀ ਕਿਤੇ ਕੁਝ ਨਾ ਕੁਝ ਖ਼ਰਾਬੀ ਹੈ। ਦੁਨੀਆ ਵਿਚ ਨਹੀਂ, ਨਾ ਹੀ ਸਿਰਜਣਹਾਰ ਦੀਆਂ ਆਪਣੇ ਪੈਦਾ ਕੀਤੇ ਜੀਵਾਂ ਲਈ ਬਣਾਈਆਂ ਵਿਉਂਤਾਂ ਵਿਚ, ਸਗੋਂ ਤੁਹਾਡੇ ਆਪਣੇ ਵਿਚ ਹੈ। ਤੁਸੀਂ ਠੀਕ ਤਰ੍ਹਾਂ ਨਹੀਂ ਸੋਚ ਰਹੇ। ਤੁਸੀਂ ਆਪਣੀਆਂ ਇੱਛਾਵਾਂ ਵੱਲ ਪੂਰਾ ਪੂਰਾ ਧਿਆਨ ਨਹੀਂ ਦੇ ਰਹੇ।

ਜੋ ਕੁਝ ਅਸੀਂ ਸਾਰੇ ਜਾਂ ਸਾਡਾ ਆਲਾ ਦੁਆਲਾ, ਜਾਂ ਸਾਡਾ ਆਪਾ ਅਸਲ ਵਿਚ ਹੈ, ਇਹ ਸਭ ਕੁਝ ਸਾਡੇ ਬੀਤ ਚੁੱਕੇ ਸਮੇਂ ਦੇ ਖਿਆਲਾਂ, ਵਿਸ਼ਵਾਸਾਂ ਤੇ ਕਰਨੀਆਂ ਦੇ ਚਿੱਤਰ ਹਨ। ਜੀਵਨ ਦੀ ਹਰ ਘੜੀ ਵਿਚ ਅਸੀਂ ਆਪਣੇ ਖਿਆਲਾਂ ਦੇ ਨਤੀਜੇ ਹੀ ਭੁਗਤ ਰਹੇ ਹਾਂ। ਉਹ ਬਾਹਰਲੀਆਂ ਚੀਜ਼ਾਂ ਜੋ ਸਾਡੇ ਜੀਵਨ ਤੇ ਅਸਰ ਪਾ ਰਹੀਆਂ ਹਨ ਤੇ ਸਾਡਾ ਆਲਾ ਦੁਆਲਾ ਬਣਾ ਰਹੀਆਂ ਹਨ, ਉਹ ਵਿਸ਼ੇਸ਼ ਤੌਰ ਤੇ ਸਾਡੇ ਖਿਆਲਾਂ, ਸਾਡੀਆਂ ਆਸਾਂ ਤੇ ਸਾਡੇ ਕੰਮਾਂ ਦਾ ਹੀ ਫਲ ਰੂਪ ਹਨ। ਜੋ ਕੁਝ ਅਸੀਂ ਅਪਣਾਉਂਦੇ, ਖ਼ਿਆਲ ਕਰਦੇ ਜਾਂ ਜਿਸ ਦੀ ਪ੍ਰਾਪਤੀ ਦੀ ਆਸ ਕਰਦੇ ਹਾਂ ਉਹ ਸਾਡੇ ਜੀਵਨ ਨੂੰ ਡੌਲਦੇ ਹਨ। ਆਪਣੇ ਵਿਚਾਰਾਂ ਨੂੰ ਕਾਬੂ ਵਿਚ ਰੱਖਦਿਆਂ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਉਸਾਰਦਿਆਂ, ਸਰੀਰਕ ਬਲ ਦੀ ਸਹਾਇਤਾ ਨਾਲ ਅਸੀਂ ਆਪਣੀਆਂ ਇੱਛਾਵਾਂ ਨੂੰ ਪ੍ਰਾਪਤ ਕਰ ਸਕਦੇ ਹਾਂ।

ਕਈ ਵਾਰੀ ਕਈਆਂ ਮਨੁੱਖਾਂ ਨੂੰ ਕਿਸੇ ਸਬੰਧੀ ਇਉਂ ਕਹਿੰਦਿਆਂ ਸੁਣਿਆ ਹੈ ਕਿ 'ਉਹ ਜਿਸ ਕੰਮ ਨੂੰ ਵੀ ਹੱਥ ਪਾਉਂਦਾ ਹੈ, ਸਫ਼ਲਤਾ ਉਹਦੇ ਪੈਰ ਚੁੰਮਦੀ ਹੈ। ਮਿੱਟੀ ਨੂੰ ਹੱਥ ਪਾਏ ਤਾਂ ਉਹ ਸੋਨਾ ਬਣ ਜਾਂਦੀ ਹੈ। ਇਸ ਦਾ ਕੀ ਕਾਰਣ ਹੈ? ਕੇਵਲ ਇਹ ਹੀ ਕਿ ਉਹ ਮਨੁੱਖ ਆਪਣੇ ਕੰਮ-ਕਾਰ ਦੀ ਸਫ਼ਲਤਾ ਦਾ ਚਿੱਤਰ ਲਗਾਤਾਰ ਆਪਣੇ ਮਨ ਵਿਚ ਚਿੱਤਰੀ ਰੱਖਦਾ ਹੈ ਅਤੇ ਕਿਸੇ ਮਨੋ-ਕਲਪਣਾ ਦੀ ਪ੍ਰਾਪਤੀ ਵਾਸਤੇ ਆਪਣਾ ਸਾਰਾ ਤਾਣ ਲਾ ਦਿੰਦਾ ਹੈ। ਆਪਣੀ ਇੱਛਾ

ਦੇ ਕਲਪਿਤ ਚਿੱਤਰ ਵੱਲ ਆਪਣਾ ਪੂਰਾ ਪੂਰਾ ਧਿਆਨ ਦੇ ਕੇ ਆਪਣੇ ਪੱਕੇ ਇਰਾਦੇ ਤੇ ਲਗਾਤਾਰ ਹੀਲੇ ਤੇ ਕੋਸ਼ਿਸ਼ ਨਾਲ ਉਹ ਆਪਣੇ ਆਪ ਨੂੰ ਇਕ ਜ਼ਬਰਦਸਤ ਮਿਕਨਾਤੀਸੀ ਸ਼ਕਤੀ ਬਣਾ ਲੈਂਦਾ ਹੈ ਜਿਸ ਰਾਹੀਂ ਉਹ ਆਪਣੀ ਇੱਛਤ ਵਸਤੂ ਨੂੰ ਆਪਣੇ ਵੱਲ ਖਿੱਚ ਲਿਆਉਂਦਾ ਹੈ। ਸੁਚੇਤ ਜਾਂ ਅਚੇਤ ਤੌਰ ਤੇ ਉਹ ਉਸ ਰੱਬੀ ਸਿਆਣਪ ਨੂੰ ਆਪਣੀ ਵਰਤੋਂ ਵਿਚ ਲਿਆ ਰਿਹਾ ਹੁੰਦਾ ਹੈ ਜਿਸ ਨਾਲ ਕੋਈ ਮਨੁੱਖ ਆਪਣੇ ਆਪ ਤੇ ਆਪਣੇ ਆਲੇ ਦੁਆਲੇ ਨੂੰ ਆਪਣੇ ਖਿਆਲਾਂ ਅਨੁਸਾਰ ਢਾਲ ਸਕਦਾ ਹੈ।

ਤੁਸੀਂ ਵੀ ਆਪਣੇ ਆਪ ਨੂੰ ਆਪਣੇ ਖਿਆਲਾਂ ਮੁਤਾਬਕ ਬਣਾਉਣ ਵਾਸਤੇ ਆਪਣੇ ਦੈਵੀ ਬਲ ਨੂੰ ਕਿਉਂ ਵਰਤੋਂ ਵਿਚ ਨਹੀਂ ਲਿਆਉਂਦੇ? ਤੁਸੀਂ ਆਪਣੇ ਉਸ ਮਨੋਕਲਪਤ ਚਿੱਤਰ ਨੂੰ, ਜਿਸ ਨੂੰ ਤੁਸੀਂ ਕਿਸੇ ਚੰਗੇਰੀ ਘੜੀ ਵੇਖਦੇ ਹੋ, ਸਾਕਾਰ ਕਰਨ ਲਈ ਆਪਣੇ ਧਿਆਨ ਵਿੱਚ ਕਿਉਂ ਨਹੀਂ ਟਿਕਾਉਂਦੇ? ਜੇ ਤੁਸੀਂ ਚਾਹੋ ਤਾਂ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਨੂੰ, ਲਗਾਤਾਰ ਸ਼ੁਭ ਵਿਚਾਰਾਂ ਅਤੇ ਦ੍ਰਿੜ ਜਤਨਾਂ ਨਾਲ ਆਪਣੇ ਖਿਆਲਾਂ ਅਨੁਕੂਲ ਬਣਾ ਸਕਦੇ ਹੋ। ਜੇ ਕਰ ਅਸੀਂ ਇਕ ਅੱਖ ਝਮੱਕੇ ਲਈ ਆਪਣੀ ਇੱਛਾ ਅਨੁਕੂਲ ਬਣਾ ਸਕਦੇ ਹਾਂ ਤਾਂ ਮੈਂ, ਤੁਸੀਂ ਜਾਂ ਮਨੁੱਖ ਮਾਤਰ ਇਸ ਲਮਹੇ ਨੂੰ ਪੱਕਾ ਤੇ ਸਦੀਵੀ ਵੀ ਬਣਾ ਸਕਦੇ ਹਾਂ। ਗੱਲ ਤਾਂ ਕੇਵਲ ਠੀਕ ਤਰ੍ਹਾਂ ਨਾਲ ਸੋਚਣ ਦੀ ਹੈ। ਜੇ ਅਸੀਂ ਆਪਣੀ ਮਨੋਕਲਪਤ ਵਸਤੂ ਦਾ ਚਿੱਤਰ ਸਦਾ ਵੇਖਦੇ ਰਹੀਏ ਤਾਂ ਮਾਨੋ ਅਸੀਂ ਇਕ ਅਜਿਹਾ ਸੁਭਾ ਧਾਰਨ ਕਰ ਰਹੇ ਹਾਂ ਜਿਹੜਾ ਉਸ ਸ੍ਰੇਸ਼ਟ ਘੜੀ ਨੂੰ ਸਦੀਵੀ ਬਣਾ ਦੇਵੇਗਾ ਅਤੇ ਸਾਡੇ ਸੁਪਨਿਆਂ ਨੂੰ ਅਸਲੀਅਤ ਵਿਚ ਬਦਲ ਦੇਵੇਗਾ।

ਜੇ ਮਨੁੱਖ ਮਾਤਰ ਨੂੰ ਉਨ੍ਹਾਂ ਸੰਭਾਵਨਾਵਾਂ ਦਾ ਪਤਾ ਲੱਗ ਜਾਵੇ ਜਿਹੜੀਆਂ ਕਲਪਣਾ ਸ਼ਕਤੀ ਦੇ ਪੂਰੀ ਤਰ੍ਹਾਂ ਫਲੀ-ਭੂਤ ਹੋਣ ਤੇ ਕੇਂਦਰਤ ਹਨ ਤਾਂ ਉਨ੍ਹਾਂ ਦੇ ਜੀਵਨ ਵਿਚ ਇਕ ਇਨਕਲਾਬ ਹੀ ਆ ਜਾਵੇ।

ਬਹੁਤ ਸਮਾਂ ਨਹੀਂ ਹੋਇਆ ਓਮਾਹ ਤੇ ਰਾਕੀ ਪਹਾੜਾਂ ਦਾ ਵਿਚਕਾਰਲਾ ਇਲਾਕਾ ਇਕ ਵਿਸ਼ਾਲ ਮਾਰੂ ਥਲ ਵਾਂਙ ਬੰਜਰ ਪਿਆ ਸੀ। ਇਉਂ ਜਾਪਦਾ ਸੀ ਜਿਵੇਂ ਇਹ ਧਰਤੀ ਸਦਾ ਲਈ ਇਵੇਂ ਹੀ ਬਾਂਝ ਰਹੇਗੀ। ਕਈ ਸਿਆਣੇ ਬੰਦੇ ਸਿਰਜਣਹਾਰ ਦੀ ਇਸ ਕੁਦਰਤ ਤੋਂ ਬੜੇ ਹੈਰਾਨ ਹੋ ਕੇ ਕਹਿੰਦੇ ਸਨ ਕਿ ਕਾਦਰ ਨੇ ਇਹ ਲੱਖਾਂ ਏਕੜਾਂ ਦਾ ਬੰਜਰ ਇਲਾਕਾ ਕਿਸ ਮਤਲਬ ਲਈ ਬਣਾਇਆ? ਜਦੋਂ ਕਾਂਗਰਸ ਵਿਚ ਇਸ ਉਜਾੜ ਵਿਚ ਦੀ ਮਿਸੌਉਰੀ ਦਰਿਆ ਤੋਂ ਲੈ ਕੇ ਸ਼ਾਂਤ ਸਾਗਰ ਦੀ ਢਲਵਾਨ ਤੱਕ ਰੇਲ-ਪਟੜੀ ਬਣਾਉਣ ਸਬੰਧੀ ਸਰਕਾਰ ਵਲੋਂ ਸਹਾਇਤਾ ਦੇਣ ਦੇ ਸੁਝਾਓ ਦੀ ਗੱਲ ਛਿੜੀ ਤਾਂ ਵੈਬਸਟਰ ਵਰਗੇ ਲਾਇਕ ਆਦਮੀਆਂ ਨੇ ਇਸ ਵਿਉਂਤ ਤੇ ਹਾਸਾ ਉਡਾਉਂਦਿਆਂ ਕਿਹਾ ਕਿ 'ਇਸ ਰੇਲ ਬਣਾਉਣ ਤੇ ਖ਼ਰਚ ਹੋਇਆ ਸਰਕਾਰੀ ਰੁਪਿਆ ਅਕਾਰਥ ਜਾਏਗਾ। ਚੰਗਾ ਤਾਂ ਇਹ ਹੈ ਕਿ ਇਸ ਪੱਛਮੀ ਰੇਗਸਤਾਨ ਵਿਚ ਦੀ ਯੂਨਾਈਟਿਡ ਅਮਰੀਕਾ ਦੀ ਡਾਕ ਲਿਜਾਣ ਲਈ ਊਠ ਮੰਗਵਾਏ ਜਾਣ।' ਉਸ ਦਾ ਯਕੀਨ ਸੀ ਕਿ ਇਸ ਬੰਜਰ ਇਲਾਕੇ ਦੀ ਕੇਵਲ ਏਨੀ ਹੀ ਵਰਤੋਂ ਹੋ ਸਕਦੀ ਸੀ।

ਪਰ ਯੂਨੀਅਨ ਪੈਸੀਫਿਕ ਰੇਲਰੋਡ ਦੇ ਕਰਮਚਾਰੀਆਂ ਦਾ ਮਨੋਕਲਪਤ ਚਿੱਤਰ ਕੋਈ ਵਿਹਲਾ ਸੁਪਨਾ ਨਹੀਂ ਸੀ। ਉਹ ਇਸ ਵਿਚ ਅਸਲੀਅਤ ਦੀ ਝਲਕ ਵੇਖਦੇ ਸਨ। ਰੇਲ-ਪਟੜੀ ਦੇ ਬਣਨ ਤੋਂ ਪਹਿਲਾਂ ਇਸ ਵਿਸ਼ਾਲ ਧਰਤੀ ਤੇ, ਜਿੱਥੇ ਇਨ੍ਹਾਂ ਸੰਭਾਵਨਾਵਾਂ ਤੇ ਭਰੋਸਾ ਨਾ ਰੱਖਣ ਵਾਲੇ ਮਨੁੱਖਾਂ ਦੇ ਖ਼ਿਆਲ-ਚਿੱਤਰਾਂ ਵਿਚ ਕੇਵਲ ਕੱਲਰ, ਝਾੜੀਆਂ ਤੇ ਬਘਿਆੜ ਹੀ ਸਨ, ਉਥੇ ਉਨ੍ਹਾਂ ਕਰਮਚਾਰੀਆਂ ਨੇ ਪਹਿਲਾਂ ਤੋਂ ਹੀ, ਆਪਣੇ ਖਿਆਲਾਂ ਵਿਚ ਕਈ ਉਸਰਦੇ ਸ਼ਹਿਰ, ਹਰੇ ਭਰੇ ਫਾਰਮ ਅਤੇ ਵਿਸ਼ਾਲ ਆਬਾਦੀਆਂ, ਜਿਉਂ ਜਾਦੂ ਨਾਲ ਉਗਮਦੀਆਂ ਵੇਖੀਆਂ ਸਨ। ਇਹ ਮਨੁੱਖ ਜਿਨ੍ਹਾਂ ਨੇ ਇਸ ਬੰਜਰ ਧਰਤੀ ਨੂੰ ਇਕ

ਅਤਿ ਸੁੰਦਰ ਅਤੇ ਸੋਨਾ ਉਗਲਣ ਵਾਲੀ ਬਣਾ ਦਿਤਾ ਸੀ, ਉਹ ਸਨ ਜਿਨ੍ਹਾਂ ਦੀ ਕਲਪਣਾ ਸ਼ਕਤੀ ਨਿਰੀ ਸਥੂਲ ਦਿਸਦੇ ਤੱਕ ਹੀ ਸੀਮਤ ਨਹੀਂ ਸੀ।

ਇਨਸਾਨ ਦੀ ਅਵਸਥਾ ਵੀ ਉਪਰਲੇ ਥਲ ਵਰਗੀ ਹੀ ਹੈ। ਇਸ ਵਿਚ ਮਹਾਨ ਸੰਭਾਵਨਾਵਾਂ ਬੰਦ ਸਨ ਜੋ ਉਸ ਛੋਹ ਨੂੰ ਉਡੀਕ ਰਹੀਆਂ ਹਨ ਜਿਹੜੀ ਇਨ੍ਹਾਂ ਸੁੱਤੀਆਂ ਸ਼ਕਤੀਆਂ ਨੂੰ ਜਗਾ ਦੇਵੇ ਅਤੇ ਉਨ੍ਹਾਂ ਸੰਭਾਵਨਾਵਾਂ ਨੂੰ ਬੀਜ ਰੂਪ ਤੋਂ ਸ਼ਕਤੀ ਦੇ ਸਹੁਪਣ ਵਿਚ ਖਿੜਾ ਦੇਵੇ। ਲੋੜ ਕੇਵਲ ਕਿਸੇ ਸ੍ਰੇਸ਼ਟ ਘੜੀ ਵਿਚ ਮਨ ਅੰਦਰ ਉਪਜੇ ਉਚੇਰੇ ਭਾਵਾਂ ਵਿਚ ਦ੍ਰਿੜ ਵਿਸ਼ਵਾਸ਼ ਕਰਨ ਦੀ ਹੈ। ਜਿਉਂ ਹੀ ਜਗਾਉਣ, ਉਤੇਜਤ ਤੇ ਉਤਸ਼ਾਹਤ ਕਰਨ ਵਾਲੀ ਕਿਸੇ ਸ਼ਕਤੀ ਤੇ ਅਹਿਲ ਵਿਸ਼ਵਾਸ ਆਉਂਦਾ ਹੈ ਤਾਂ ਸਾਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਸਾਡੇ ਅੰਦਰ ਆਪਣੀ ਕਲਪਤ ਇੱਛਾ ਦੀ ਪੂਰਤੀ ਲਈ ਸਾਧਨ ਤੇ ਸ਼ਕਤੀ ਮੌਜੂਦ ਹੈ, ਸਾਡਾ ਜੀਵਨ ਸੁਹਪਣ ਤੇ ਸ਼ਾਨ ਨਾਲ ਟਹਿਕ ਪਏਗਾ।

ਜੇ ਸਾਨੂੰ ਆਦਰਸ਼ ਬਣਾਉਣ ਅਤੇ ਉਨ੍ਹਾਂ ਤੇ ਰੂਪਮਾਨ ਕਰਨ ਵਾਲੀ ਸ਼ਕਤੀ ਦੀ ਸੂਝ ਹੋ ਜਾਵੇ ਤਾਂ ਛੇਤੀ ਹੀ ਦੁਨੀਆ ਵਿਚ ਇਕ ਪਰੀਵਰਤਨ ਆ ਜਾਵੇ ਕਿਉਂਕਿ ਸਾਡੇ ਜੀਵਨ ਦੀ ਉਸਾਰੀ ਸਾਡੇ ਆਦਰਸ਼ਾਂ ਰਾਹੀਂ ਹੀ ਹੁੰਦੀ ਹੈ। ਮਾਨਸਿਕ ਤੌਰ ਤੇ ਉਸਾਰਨ ਵਾਲੀ ਇਹ ਸ਼ਕਤੀ ਪ੍ਰਾਪਤ ਦਾ ਮਾਰਗ ਹੈ ਅਤੇ ਇਸੇ ਨਾਲ ਹੀ ਮਨੁੱਖ ਮਾਤਰ ਮਹਾਨਤਾ ਤਾਈਂ ਪੁੱਜ ਸਕਦੇ ਹਨ। ਅਸੀਂ ਉੱਚੇ ਆਦਰਸ਼ ਦੀ ਅਨੁਭਵਤਾ ਬਿਨਾਂ ਨਾ ਕੁਝ ਬਣਾ ਸਕਦੇ ਹਾਂ, ਕਰ ਸਕਦੇ ਹਾਂ ਅਤੇ ਨਾ ਹੀ ਕੁਝ ਉਪਜਾ ਸਕਦੇ ਹਾਂ। ਜੇਮਜ਼ ਐਲਨ ਦੇ ਕਥਨ ਅਨੁਸਾਰ 'ਜਿਹੜੇ ਚਿੱਤਰ ਤੁਸੀਂ ਆਪਣੇ ਮਨ ਵਿਚ ਉਲੀਕਦੇ ਹੋ ਅਤੇ ਜੋ ਆਦਰਸ਼ ਤੁਸੀਂ ਆਪਣੇ ਮਨ ਦੇ ਸਿੰਘਾਸਨ ਤੇ ਬਿਠਾਉਂਦੇ ਹੋ, ਉਸ ਤੇ ਤੁਹਾਡੇ ਜੀਵਨ-ਮੰਦਰ ਦੀ ਉਸਾਰੀ ਹੁੰਦੀ ਹੈ ਅਤੇ ਉਨ੍ਹਾਂ ਹੀ ਆਦਰਸ਼ਾਂ ਦਾ ਰੂਪ ਤੁਸੀਂ ਆਪ ਬਣ ਜਾਂਦੇ ਹੋ। ਉਹ ਕਲਪਣਾ ਰਹਿਤ, ਅਣਜਾਣ ਅਤੇ ਆਲਸੀ ਮਨੁੱਖ ਜੋ ਚੀਜ਼ਾਂ ਦੇ ਬਾਹਰ ਮੁੱਖੀ ਅਸਰਾਂ ਨੂੰ ਹੀ

ਵੇਖਦੇ ਹਨ ਅਤੇ ਇਨ੍ਹਾਂ ਦੀ ਵਾਸਤਵਿਕਤਾ ਵੱਲ ਕੋਈ ਧਿਆਨ ਨਹੀਂ ਦਿੰਦੇ, ਹਰ ਸਮੇਂ ਹੋਣੀ, ਕਿਸਮਤ ਅਤੇ ਸਬਬ ਦੀ ਰਟ ਹੀ ਲਾਉਂਦੇ ਰਹਿੰਦੇ ਹਨ। ਜਦੋਂ ਇਹ ਕਿਸੇ ਨੂੰ ਅਮੀਰ ਹੁੰਦਿਆਂ ਵੇਖਦੇ ਹਨ ਤਾਂ ਕਹਿ ਉਠਦੇ ਹਨ 'ਇਹ ਕਿੰਨਾਂ ਕਰਮਾਂ ਵਾਲਾ ਹੈ? ਜੇ ਕਿਸੇ ਨੂੰ ਦਿਮਾਗ਼ੀ ਤੌਰ ਤੇ ਸਿਆਣਾ ਹੁੰਦਿਆਂ ਵੇਖਦੇ ਹਨ ਤਾਂ ਕਹਿੰਦੇ ਹਨ 'ਇਸ ਤੇ ਰੱਬ ਦੀ ਕਿੰਨੀ ਮਿਹਰ ਹੈ' ਕਿਸੇ ਦੈਵੀ ਆਚਰਣ ਤੇ ਵੱਡੇ ਰਸੂਖ ਵਾਲੇ ਨੂੰ ਵੇਖਦੇ ਹਨ ਤਾਂ ਕਹਿ ਉਠਦੇ ਹਨ 'ਜੀਵਨ ਦੇ ਹਰ ਮੋੜ ਤੇ ਕਿਸਮਤ ਇਸ ਦਾ ਕਿੰਨਾਂ ਸਾਥ ਦਿੰਦੀ ਹੈ? ਅਜੇਹੇ ਮਨੁੱਖ ਉਨ੍ਹਾਂ ਦੀ ਸਫ਼ਲਤਾ ਤਾਂ ਵੇਖ ਲੈਂਦੇ ਹਨ ਪਰ ਉਨ੍ਹਾਂ ਦੇ ਕਠਨ ਜਤਨਾਂ, ਨਾਕਾਮ-ਯਾਬੀਆਂ ਤੇ ਜਦੋ-ਜਹਿਦ ਵੱਲ ਧਿਆਨ ਨਹੀਂ ਦਿੰਦੇ ਜਿਹੜੀ ਇਨ੍ਹਾਂ ਮਨੁੱਖਾਂ ਨੇ ਤਜਰਬੇ ਹਾਸਿਲ ਕਰਨ ਲਈ ਕੀਤੀ ਹੈ। ਉਨ੍ਹਾਂ ਨੂੰ ਇਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ, ਅਣਥੱਕ ਜਤਣਾਂ, ਪਰਪੱਕ ਵਿਸ਼ਵਾਸ਼ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਜ਼ਾਹਿਰਾ ਤੌਰ ਤੇ ਪਹਾੜ ਜਿਡੀਆਂ ਮੁਸ਼ਕਲਾਂ ਵਿਚੋਂ ਲੰਘ ਕੇ ਆਪਣੇ ਇੱਛਤ ਆਦਰਸ਼ਾਂ ਨੂੰ ਪ੍ਰਾਪਤ ਕੀਤਾ ਹੁੰਦਾ ਹੈ, ਦਾ ਕੋਈ ਗਿਆਨ ਨਹੀਂ ਹੁੰਦਾ।

ਇੰਨੇ ਮਨੁੱਖ ਜੋ ਆਪਣੇ ਮਨ ਇੱਛਤ ਆਦਰਸ਼ਾਂ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ, ਇਸ ਦਾ ਕਾਰਣ ਇਹ ਹੀ ਹੈ ਕਿ ਉਹ ਆਪਣੇ ਖਿਆਲਾਂ ਨੂੰ ਮੂਰਤੀਮਾਨ ਕਰ ਵਿਖਾਉਣ ਲਈ ਆਪਣਾ ਫਰਜ਼ ਪੂਰਾ ਨਹੀਂ ਕਰਦੇ। ਚੇਤੇ ਰੱਖੋ ਕਿ ਕਰਤੱਵ ਨੂੰ ਨਜਿਠਣ ਦੀ ਚਾਹ ਇੱਛਾ ਦਾ ਬੀਜ ਬੀਜਣ ਦੇ ਬਰਾਬਰ ਹੈ। ਜੇ ਤੁਸੀਂ ਇਸ ਤੋਂ ਅਗਾਂਹ ਕੋਈ ਜਤਨ ਨਹੀਂ ਕਰਦੇ ਤਾਂ ਤੁਹਾਨੂੰ ਉਂਨੀਂ ਕੁ ਫਸਲ ਦੀ ਪ੍ਰਾਪਤੀ ਹੋਵੇਗੀ ਜਿੰਨੀ ਕੁ ਉਸ ਕਿਸਾਨ ਨੂੰ ਜਿਹੜਾ ਭੋਂ ਨੂੰ ਤਿਆਰ ਕੀਤੇ, ਪਾਣੀ ਦਿੱਤੇ ਅਤੇ ਗੋਡੀ ਕੀਤੇ ਬਿਨਾਂ ਹੀ ਬੀਜ ਦਿੰਦਾ ਹੈ।

ਲੋੜ ਹੈ ਕਿ ਜਿਸ ਵਸਤੂ ਲਈ ਤੁਹਾਡੇ ਮਨ ਵਿਚ ਚਾਹ ਉਤਪੰਨ ਹੋਵੇ ਉਸ ਨੂੰ ਪ੍ਰਾਪਤ ਕਰਨ ਲਈ ਤੁਸੀਂ ਆਪਣੇ ਚਿੱਤ ਅਨੁਸਾਰ ਸਿਰ ਤੋੜ ਜਤਨ

ਕਰੋ। ਆਪਣੀ ਇੱਛਾ ਨੂੰ ਕੇਵਲ ਧਿਆਨ ਵਿਚ ਰੱਖੀ ਰੱਖਣ ਨਾਲ, ਭਾਵੇਂ ਉਹ ਕਿੰਨੀ ਹੀ ਦ੍ਰਿੜਤਾ ਤੇ ਪੱਕਿਆਈ ਨਾਲ ਰੱਖੀ ਹੋਵੇ, ਤੁਸੀਂ ਉਸ ਨੂੰ ਕਦੀ ਵੀ ਪ੍ਰਾਪਤ ਨਹੀਂ ਕਰ ਸਕੋਗੇ। ਇੱਛਾ ਦਾ ਕੇਵਲ ਬੀਜ ਬੀਜ ਦੇਣਾ ਹੀ ਕਾਫੀ ਨਹੀਂ ਸਗੋਂ ਤੁਹਾਨੂੰ ਇਸ ਨੂੰ ਪ੍ਰਫੁਲਤ ਕਰਨ ਲਈ ਪੂਰੀ ਤਰ੍ਹਾਂ ਰੱਖੀ ਤੇ ਗੋਡੀ ਆਦਿ ਵੀ ਕਰਨੀ ਪਵੇਗੀ ਨਹੀਂ ਤਾਂ ਤੁਸੀਂ ਭੱਖੜਾ ਹੀ ਵਢੋਗੇ। ਨਿਰੀ ਇੱਛਾ ਦਾ ਬੀਜ ਬੀਜ ਕੇ ਸੌਂ ਜਾਣ ਵਾਲਿਆਂ ਨੂੰ ਕੇਵਲ ਕੰਡਿਆਲੀ ਤੇ ਘਾਹ ਫੂਸ ਵਾਲੀ ਫ਼ਸਲ ਹੀ ਪ੍ਰਾਪਤ ਹੁੰਦੀ ਹੈ। ਅਜੇਹੇ ਮਨੁੱਖਾਂ ਨੂੰ ਇੰਨੀ ਕੁ ਫ਼ਸਲ ਵੀ ਜਿਸ ਨਾਲ ਕਿ ਉਹ ਆਪਣੇ ਆਪ ਨੂੰ ਜੀਉਂਦਾ ਰੱਖ ਸਕਣ, ਪ੍ਰਾਪਤ ਹੋਣਾ ਕਠਨ ਹੋ ਜਾਂਦਾ ਹੈ ਕਿਉਂਕਿ ਉਹ ਬੀਜ ਪਾ ਛੱਡਣ ਮਗਰੋਂ ਇਸ ਵੱਲ ਕੋਈ ਧਿਆਨ ਨਹੀਂ ਦਿੰਦੇ।

ਆਪਣੇ ਸੁਪਨਿਆਂ ਨੂੰ ਸੱਚ ਬਣਾਉਣ ਅਤੇ ਆਪਣੀ ਇੱਛਾ ਨੂੰ ਪਾ ਲੈਣ ਦਾ ਕੇਵਲ ਇਕੋ ਸਾਧਨ ਇਹ ਹੈ ਕਿ ਤੁਸੀਂ ਦਿਲ ਦੀ ਇੱਛਾ ਤੇ ਆਤਮਾ ਦੀ ਲੋਚਨਾ ਨੂੰ ਲਗਾਤਾਰ ਜਤਨਾਂ ਨਾਲ ਸਦਾ ਸੁਰਜੀਤ, ਤੱਕੜਿਆਂ ਤੇ ਨਰੋਇਆ ਰਖੋ।

ਜ਼ਰਾ ਪਰਦੇਸੋਂ ਆਏ ਉਸ ਮੁੰਡੇ ਵੱਲ ਖ਼ਿਆਲ ਕਰੋ ਜਿਹੜਾ ਅਮਰੀਕਾ ਦੀ ਧਰਤੀ ਤੇ ਕੇਵਲ ਤਨ ਦੇ ਕੱਪੜਿਆਂ ਨਾਲ ਹੀ ਆਉਂਦਾ ਹੈ, ਜੋ ਦੇਸ਼ ਦੀ ਬੋਲੀ ਤੇ ਰਸਮ-ਰਿਵਾਜ਼ ਨੂੰ ਨਹੀਂ ਜਾਣਦਾ, ਜਿਸ ਦਾ ਕੋਈ ਮਿੱਤਰ, ਕੋਈ ਉਤਸ਼ਾਹਤ ਕਰਨ ਵਾਲਾ ਤੇ ਕੋਈ ਮਿਹਰਬਾਨ ਨਹੀਂ ਪਰ ਫੇਰ ਵੀ ਛੇਤੀ ਹੀ ਉਹ ਅਮਰੀਕਾ ਦੇ ਉਨ੍ਹਾਂ ਕਈ ਜਵਾਨਾਂ ਨਾਲੋਂ ਅਗੇ ਵਧ ਜਾਂਦਾ ਹੈ ਜਿਨ੍ਹਾਂ ਨੂੰ ਉਸ ਬਾਹਰੋਂ ਆਏ ਇਸ ਮੁੰਡੇ ਨਾਲੋਂ ਤਰੱਕੀ ਦੇ ਵਧੇਰੇ ਸਾਧਨ ਅਤੇ ਅਵਸਰ ਪ੍ਰਾਪਤ ਹਨ। ਇਹਦਾ ਕੀ ਕਾਰਣ ਹੈ? ਕੇਵਲ ਇਹ ਹੀ ਕਿ ਪਰਦੇਸ ਤੋਂ ਆਏ ਮੁੰਡੇ ਦੇ ਮਨ ਵਿਚ ਦੁਨੀਆ ਵਿਚ ਆਪਣਾ ਰਸਤਾ ਬਣਾਉਣ ਦੀ ਇਕ ਨਿਰੰਤਰ ਖਾਹਿਸ਼ ਬਣੀ ਰਹਿੰਦੀ ਹੈ। ਉਹ ਸਦਾ ਆਪਣੇ ਆਪ ਨੂੰ ਸਫ਼ਲ ਹੋਇਆ ਵੇਖਦਾ ਹੈ ਅਤੇ ਆਪਣੇ

ਮੰਤਵ ਨੂੰ ਪਾਉਣ ਲਈ ਹਰ ਸਮੇਂ ਵਿਉਂਤਾਂ ਬਣਾਉਂਦਾ ਤੇ ਉਸ ਵੱਲ ਵਧਦਾ ਰਹਿੰਦਾ ਹੈ।

ਇਹ ਪਰਦੇਸੀ ਅਖਬਾਰਾਂ ਵੇਚਣ ਨਾਲ ਕੰਮ ਸ਼ੁਰੂ ਕਰਦਾ ਹੈ। ਫੇਰ ਉਸ ਦੀਆਂ ਲੋਚਨਾਵਾਂ ਵਧਦੀਆਂ ਹਨ ਤੇ ਉਹ ਉਸ ਦਿਨ ਦੇ ਸੁਪਨੇ ਲੈਂਦਾ ਹੈ ਜਦੋਂ ਉਹ ਅਖਬਾਰਾਂ ਦੇ ਸਟਾਲ ਦਾ ਮਾਲਕ ਹੋਵੇਗਾ। ਵਿਦਿਆ ਦੀ ਪ੍ਰਾਪਤੀ ਲਈ ਉਹ ਰਾਤ-ਸਕੂਲ ਵਿਚ ਪੜ੍ਹਾਈ ਕਰਦਾ ਹੈ। ਉਹ ਮਿਹਨਤ ਕਰਦਾ ਹੈ, ਸੰਜਮ ਵਰਤਦਾ ਹੈ, ਆਪਣਾ ਉਤਸ਼ਾਹ, ਆਪਣਾ ਦਿਲ ਦਿਮਾਗ਼ ਮਾਨੋ ਆਪਣਾ ਆਪ ਹੀ ਆਪਣੇ ਕੰਮ ਵਿਚ ਲਾ ਦਿੰਦਾ ਹੈ। ਉਹ ਹਰ ਪਲ ਆਪਣੀ ਯੋਗਤਾ ਨੂੰ ਵਧਾਈ ਜਾਂਦਾ ਹੈ ਅਤੇ ਆਪਣੇ ਆਪ ਨੂੰ ਆਪਣੀਆਂ ਇੱਛਾਵਾਂ ਦੇ ਖਿੱਚ ਲਿਆਉਣ ਲਈ ਮਿਕਨਾਤੀਸੀ ਸ਼ਕਤੀ ਬਣਾਈ ਜਾਂਦਾ ਹੈ। ਉਹ ਖਿੱਚ ਤੇ ਅਮੀਰੀ ਦੇ ਨੇਮਾਂ ਦੀ ਪਾਲਣਾ ਕਰਦਾ ਹੈ, ਬਸ ਫੇਰ ਕੀ ਥੋੜ੍ਹੇ ਸਮੇਂ ਵਿਚ ਹੀ ਅਸੀਂ ਉਸ ਨੂੰ ਇਕ ਅਖਬਾਰਾਂ ਦੇ ਸਟਾਲ ਦੇ ਮਾਲਕ ਦੇ ਰੂਪ ਵਿਚ ਵੇਖਦੇ ਹਾਂ। ਉਹ ਏਥੇ ਹੀ ਬਸ ਨਹੀਂ ਕਰ ਦਿੰਦਾ ਸਗੋਂ ਇਸ ਤੋਂ ਹੋਰ ਅਗੇਰੇ ਵਧਣ ਦੇ ਸੁਪਨੇ ਲੈਂਦਾ ਹੈ। ਵਿਉਂਤਾਂ ਬਣਾਉਂਦਾ ਹੈ ਅਤੇ ਜਤਨ ਕਰਦਾ ਹੈ। ਛੇਤੀ ਹੀ ਉਹ ਆਪਣੇ ਅਖਬਾਰਾਂ ਦੇ ਸਟਾਲ ਵਿਚ ਕਿਤਾਬਾਂ ਅਤੇ ਕਾਪੀਆਂ ਆਦਿ ਵੀ ਰੱਖ ਲੈਂਦਾ ਹੈ। ਥੋੜ੍ਹੇ ਹੀ ਸਮੇਂ ਪਿੱਛੋਂ ਉਹ ਇਕ ਚੁਰਾਹੇ ਵਿਚ ਜਾਂ ਰੇਲ ਦੇ ਸਟੇਸ਼ਨ ਤੇ ਇਕ ਵੱਡੀ ਦੁਕਾਨ ਖੋਲ੍ਹ ਲੈਂਦਾ ਹੈ। ਸੰਜਮ ਨਾਲ ਦਿਨ ਕਟਦਾ ਤੇ ਰੁਪਏ ਜਮ੍ਹਾਂ ਕਰਦਾ ਹੈ, ਹਰ ਸਮੇਂ ਆਪਣੀ ਸਫ਼ਲਤਾ ਦੀਆਂ ਵਿਉਂਤਾਂ ਬਣਾਉਂਦਾ ਅਤੇ ਉਨ੍ਹਾਂ ਤੇ ਵਿਚਾਰ ਕਰਦਾ ਰਹਿੰਦਾ ਹੈ। ਥੋੜ੍ਹੇ ਹੀ ਸਾਲਾਂ ਵਿਚ ਉਹ ਇਕ ਚੰਗੀ ਹੱਟੀ ਦਾ ਮਾਲਕ ਅਤੇ ਵਿਉਪਾਰੀ ਹਲਕਿਆਂ ਦਾ ਇਕ ਅਹਿਮ ਅੰਗ ਬਣ ਜਾਂਦਾ ਹੈ। ਉਸ ਦੀ ਸਾਰੀ ਮਾਨਸਿਕ ਰੁਚੀ ਇਸੇ ਪਾਸੇ ਲੱਗੀ ਰਹਿੰਦੀ ਹੈ ਜਿਸ ਕਰਕੇ ਉਹਦੀ ਚੁੰਬਕ-

ਸ਼ਕਤੀ ਵਿਚ ਹੌਲੀ ਹੌਲੀ ਵਾਧਾ ਹੁੰਦਾ ਜਾਂਦਾ ਹੈ, ਜਿਸ ਨਾਲ ਉਹ ਆਪਣੀਆਂ ਮਨ-ਇੱਛਤ ਵਸਤੂਆਂ ਤੇ ਧਨ ਨੂੰ ਆਪਣੇ ਵੱਲ ਖਿੱਚੀ ਲਿਆਉਂਦਾ ਹੈ।

ਅਮੀਰ ਬਣਨ ਦੀ ਇੱਛਾ ਕੋਈ ਮਹਾਨ ਇੱਛਾ ਨਹੀਂ ਹੈ ਪਰ ਇਸ ਪਰਦੇਸੀ ਮੁੰਡੇ ਦੀ ਕਾਮਯਾਬੀ ਹਰ ਖੇਤਰ ਵਿਚ ਸਫਲਤਾ ਦੇ ਨੇਮ ਨੂੰ ਸਚਿੱਤਰ ਕਰਦੀ ਹੈ। ਇਹ ਨੇਮ ਅਖਲਾਕੀ ਤੌਰ ਤੇ ਨਾ ਹੀ ਚੰਗਾ ਹੁੰਦਾ ਹੈ ਅਤੇ ਨਾ ਮੰਦਾ। ਕਿਸੇ ਮੰਤਵ ਉੱਤੇ ਧਿਆਨ ਕੇਂਦਰਤ ਕਰਨ ਨਾਲ ਉਸ ਦੀ ਚੰਗਿਆਈ ਜਾਂ ਬਰਾਈ ਵਿਚ ਕੋਈ ਫਰਕ ਨਹੀਂ ਪੈਂਦਾ। ਮਨੋਕਲਪਤ ਆਦਰਸ਼ ਭਾਵੇਂ ਉੱਚਾ ਹੋਵੇ ਜਾਂ ਨੀਵਾਂ, ਖਿੱਚ ਵਾਲੀਆਂ ਤੇ ਉਸਾਰੂ ਸ਼ਕਤੀਆਂ ਇਸ ਨੂੰ ਉਸੇ ਤਰ੍ਹਾਂ ਹੀ ਰੂਪਮਾਨ ਕਰਨਗੀਆਂ। ਜੇ ਕਿਸੇ ਮਨੁੱਖ ਦੀ ਇੱਛਾ ਕਿਸੇ ਸ਼ਰਾਬ-ਖਾਨੇ ਜਾਂ ਜੂਆ-ਖਾਨੇ ਦਾ ਮਾਲਕ ਬਣਨ ਦੀ ਹੈ ਅਤੇ ਉਹ ਆਪਣੀਆਂ ਸਾਰੀਆਂ ਮਾਨਸਿਕ ਅਤੇ ਸਰੀਰਕ ਰੁਚੀਆਂ ਇਸੇ ਪਾਸੇ ਹੀ ਲਾਈ ਰੱਖਦਾ ਹੈ, ਅਵਸ਼ ਹੀ ਉਹ ਮਨੁੱਖ, ਉਸ ਮਨੁੱਖ ਵਾਂਙ, ਜੋ ਅਜੇਹੇ ਹੀ ਜਤਨਾਂ ਨਾਲ ਇਕ ਚੰਗਾ ਅਧਿਆਪਕ ਜਾਂ ਉਪਦੇਸ਼ਕ ਬਣ ਜਾਂਦਾ ਹੈ, ਸਫ਼ਲਤਾ ਪ੍ਰਾਪਤ ਕਰੇਗਾ। ਇਹੋ ਜੇਹੀ ਬਿਰਤੀ, ਧਿਆਨ, ਸੋਚ ਤੇ ਕਲਪਣਾ ਨਾਲ ਭਾਵੇਂ ਕੋਈ ਕਾਨੂੰਨ, ਡਾਕਟਰੀ, ਵਿਗਿਆਨ, ਖੇਤੀ ਬਾੜੀ ਜਾਂ ਕਿਸੇ ਪਾਸੇ ਵੀ ਜੁਟ ਪਵੇ, ਸਫਲਤਾ ਉਹਨੂੰ ਅਵੱਸ਼ ਪ੍ਰਾਪਤ ਹੋਵੇਗੀ। ਸਿੱਟਾ ਇਹ ਹੈ ਕਿ ਦ੍ਰਿੜ੍ਹਤਾ, ਪੂਰੀ ਲੱਗਨ, ਸਮੇਂ ਦੀ ਠੀਕ ਸੰਭਾਲ ਤੇ ਮਨੋਕਾਮਨਾ ਦਾ ਵਾਰ ਵਾਰ ਚਿਤਵਣ ਹਰ ਇਕ ਇੱਛਾ ਨੂੰ ਪੂਰਾ ਕਰ ਦਿੰਦਾ ਹੈ। ਮਾਨਸਿਕ ਮਨੋਕਲਪਣਾ ਤੇ ਅਧਾਰਤ ਉਸਾਰੀ ਦੀ ਇਹ ਵਿਧੀ ਹੈ ਜੋ ਸਾਡੀਆਂ ਮਨੋਇੱਛਤ ਵਸਤਾਂ ਨੂੰ ਸਾਡੇ ਪਾਸੇ ਖਿੱਚ ਲਿਆਉਂਦੀ ਹੈ।

ਜਿਸ ਵਸਤੂ ਵੱਲ ਅਸੀਂ ਬਹੁਤ ਧਿਆਨ ਦਿੰਦੇ ਹਾਂ ਉਹ ਨਿਤਾ ਪ੍ਰਤੀ ਸਾਡੇ ਜੀਵਨ ਦੇ ਤਾਣੇ ਬਾਣੇ ਦਾ ਇਕ ਅੰਗ ਬਣਦੀ ਚਲੀ ਜਾਂਦੀ ਹੈ ਅਤੇ ਸਾਡੇ ਮਨ ਦੀ ਮਿਕਨਾਤੀਸੀ ਸ਼ਕਤੀ ਨੂੰ ਵਧਾਉਂਦੀ ਹੈ ਜਿਸ ਕਰਕੇ ਸਾਡੀਆਂ ਇੱਛਤ

ਵਸਤੂਆਂ ਆਪਣੇ ਆਪ ਸਾਡੇ ਵੱਲ ਖਿਚੀਆਂ ਚਲੀਆਂ ਆਉਂਦੀਆਂ ਹਨ। ਜਦੋਂ ਕੋਈ ਇੰਜਨੀਅਰ ਕਿਸੇ ਇਮਾਰਤ ਦੇ ਨਕਸ਼ੇ ਨੂੰ ਵੇਖਦਾ ਹੈ ਤਾਂ ਉਹ ਕੇਵਲ ਉਸ ਨਕਸ਼ੇ ਨੂੰ ਨਹੀਂ ਦੇਖ ਰਿਹਾ ਹੁੰਦਾ, ਕਿਉਂਕਿ ਇਸ ਨਕਸ਼ੇ ਤੋਂ ਤਾਂ ਕੇਵਲ ਇਮਾਰਤ ਦਾ ਖ਼ਾਕਾ ਹੀ ਸਿੱਧ ਹੁੰਦਾ ਹੈ, ਪਰ ਉਹ ਆਪਣੀ ਸੂਝ ਸ਼ਕਤੀ ਨਾਲ, ਆਪਣੇ ਦਿਮਾਗ਼ ਵਿਚ ਉਸਰੀ ਇਕ ਇਮਾਰਤ ਨੂੰ ਆਪਣੀਆਂ ਅੰਦਰਲੀਆਂ ਅੱਖਾਂ ਨਾਲ ਦੇਖ ਰਿਹਾ ਹੁੰਦਾ ਹੈ। ਨਕਸ਼ੇ ਤੇ ਉਲੀਕੀ ਇਮਾਰਤ ਕੋਈ ਅਸਲ ਵਸਤੂ ਨਹੀਂ ਸਗੋਂ ਇਸ ਦੇ ਹਰ ਵਿਸਥਾਰ ਨੂੰ ਉਹ ਆਪਣੇ ਦਿਮਾਗ਼ ਵਿਚ ਬਣੀ ਇਮਾਰਤ ਤੋਂ, ਜਿਹੜੀ ਉਸ ਦੀਆਂ ਅੰਦਰਲੀਆਂ ਅੱਖਾਂ ਸਾਹਮਣੇ ਹੈ, ਦੇਖਦਾ ਹੈ। ਜੇ ਕਰ ਉਹ ਇੰਜਨੀਅਰ ਉਸ ਨੂੰ ਇਉਂ ਨਾ ਵੇਖੇ ਤਾਂ ਉਹ ਉਸ ਇਮਾਰਤ ਨੂੰ ਕਦੀ ਵੀ ਹੋਂਦ ਵਿਚ ਨਾ ਲਿਆ ਸਕੇ ਅਤੇ ਜੇ ਉਹ ਨਕਸ਼ੇ ਦੀਆਂ ਲਕੀਰਾਂ ਨੂੰ ਹੀ ਦੇਖਦਾ ਰਹੇ ਤਾਂ ਉਹ ਕਦੀ ਵੀ ਸਫ਼ਲ ਇੰਜਨੀਅਰ ਨਾ ਬਣ ਸਕੇ।

ਤੁਹਾਡੀ ਜੀਵਨ ਉਸਾਰੀ ਦਾ ਨਕਸ਼ਾ ਤੁਹਾਡੀਆਂ ਬਾਹਰ ਮੁਖੀ ਅੱਖਾਂ ਨੂੰ ਨਹੀਂ ਦਿਸਦਾ। ਇਹ ਨਕਸ਼ਾ ਖਿਆਲਾਂ ਵਿਚ ਹੀ ਖਿਚਿਆ ਹੋਇਆ ਹੁੰਦਾ ਹੈ। ਤੁਸੀਂ ਆਪਣੇ ਭਵਿਖਤ ਵਿਚ, ਆਪਣੇ ਜੀਵਨ ਦੀ ਉਸਾਰੀ ਲਈ, ਆਪਣੀਆਂ ਇੱਛਾਵਾਂ ਦੀ ਪ੍ਰਾਪਤੀ ਦੀਆਂ ਸੰਭਾਵਨਾਵਾਂ ਨਾਲ ਨੀਹਾਂ ਬਣਾ ਰਹੇ ਹੋ। ਜਿੰਨਾਂ ਕੁ ਬਣਾਉਣ ਦੀ ਵਿਉਂਤ ਤੁਸਾਂ ਆਪਣੇ ਹਿਰਦੇ ਵਿਚ ਬਣਾ ਲੈਂਦੇ ਹੋ, ਉਸ ਤੋਂ ਵਡੇਰਾ ਤੁਸੀਂ ਕੁਝ ਨਹੀਂ ਬਣਾ ਸਕਦੇ। ਇੱਛਾ ਪੂਰਤੀ ਤੋਂ ਮਾਨਸਿਕ ਵਿਉਂਤ ਪਹਿਲਾਂ ਬਣਦੀ ਹੈ। ਜੋ ਕੁਝ ਤੁਸੀਂ ਵਰਤਮਾਨ ਵਿਚ ਕਲਪ ਰਹੇ ਹੋ, ਭਵਿਖਤ ਦੀ ਉਸਾਰੀ ਕੇਵਲ ਉਸੇ ਦਾ ਹੀ ਵਿਸਤਾਰ ਹੋਵੇਗੀ। ਭਵਿਖਤ ਤਾਂ ਕੇਵਲ ਵਰਤਮਾਨ ਦਾ ਵਧਾ ਹੈ। ਜੋ ਕੁਝ ਤੁਸੀਂ ਭਵਿਖਤ ਵਿਚ ਬਣਾ ਸਕਦੇ ਹੋ ਉਹ ਤੁਸੀਂ ਠੀਕ ਵਰਤਮਾਨ ਵਿਚ ਆਪਣੀਆਂ ਆਦਤਾਂ ਅਤੇ ਆਪਣੇ ਖਿਆਲਾਂ ਦੀ ਪਰਪੱਕਤਾ ਨਾਲ ਬਣਾ ਰਹੇ ਹੋ। ਆਪਣੇ ਭਵਿਖਤ ਦੀ ਤਸਵੀਰ ਨੂੰ ਤੁਸੀਂ ਵਰਤਮਾਨ ਵਿਚ ਹੀ ਵੇਖ ਰਹੇ ਹੋ।

ਜਿਸ ਪਦਵੀ ਤੇ ਤੁਸੀਂ ਪੁਜਣਾ ਚਾਹੁੰਦੇ ਹੋ ਉਸ ਨੂੰ ਵਰਤਮਾਨ ਵਿਚ ਹੀ ਨਿਸਚਤ ਕਰ ਰਹੇ ਹੋ। ਦੂਜੇ ਸ਼ਬਦਾਂ ਵਿਚ, ਵਰਤਮਾਨ ਵਿਚ ਵੀ ਤੁਸੀਂ ਆਪਣੇ ਭਵਿਖਤ ਨੂੰ ਉਸਾਰ ਰਹੇ ਅਤੇ ਆਪਣੀ ਹੋਣ ਵਾਲੀ ਅਵਸਥਾ ਨੂੰ ਨਿਸਚਤ ਕਰ ਰਹੇ ਹੋ। ਤੁਹਾਡਾ ਭਵਿਖਤ ਜਿੰਨਾਂ ਉੱਚਾ, ਵਿਸ਼ਾਲ, ਹਰ ਪਲ ਵਧਦਾ ਫੁਲਦਾ ਹੈ ਜਾਂ ਜਿੰਨਾਂ ਨੀਵਾਂ, ਛੋਟਾ, ਘਟਦਾ ਜਾਂ ਘਟੀਆ ਬਣਦਾ ਹੈ ਇਹ ਤੁਹਾਡੇ ਆਪਣੇ ਵਿਚਾਰਾਂ ਤੇ ਹੀ ਨਿਰਭਰ ਰਖਦਾ ਹੈ ਅਤੇ ਜੋ ਚਿੱਤਰ ਤੁਸੀਂ ਆਪਣੇ ਮਨ ਵਿਚ ਬਣਾਉਂਦੇ ਹੋ ਉਸ ਦੇ ਅਨੁਕੂਲ ਹੈ, ਅਰਥਾਤ ਜਿਹੜੀ ਦੁਨੀਆ ਨੂੰ ਤੁਸੀਂ ਵਰਤਮਾਨ ਵਿਚ ਸੱਚ ਕਰ ਕੇ ਮੰਨਦੇ ਹੋ ਜਾਂ ਜਿਸ ਸਬੰਧੀ ਤੁਸੀਂ ਕੁਝ ਜਾਣਦੇ ਹੋ, ਉਹ ਉਹੋ ਹੀ ਹੈ ਜੋ ਤੁਸੀਂ ਆਪਣੇ ਮਨ ਵਿਚ ਬਣਾ ਰਹੇ ਹੋ ਅਤੇ ਜਿਸ ਦਾ ਤੁਹਾਨੂੰ ਗਿਆਨ ਹੈ। ਜਿਸ ਪ੍ਰਕਾਰ ਦੇ ਵਿਚਾਰਾਂ, ਵਿਸ਼ਵਾਸ਼ਾਂ ਆਦਰਸ਼ਾਂ ਨਾਲ ਅਤੇ ਜਿਸ ਫਲਸਫ਼ੇ ਦੇ ਅਧਾਰ ਤੇ ਤੁਸੀਂ ਆਪਣੇ ਵਾਤਾਵਰਣ ਨੂੰ ਬਣਾ ਰਹੇ ਹੋ, ਉਸੇ ਵਿਚ ਹੀ ਤੁਸੀਂ ਜੀਵਨ ਬਤੀਤ ਕਰੋਗੇ। ਜਿਸ ਵਸਤੂ ਦੀ ਪ੍ਰਾਪਤੀ ਦੀ ਤੀਬਰ ਇੱਛਾ ਤੁਹਾਡੇ ਮਨ ਵਿਚ ਹੈ, ਤੁਹਾਡਾ ਝੁਕਾਓ ਉਸੇ ਵੱਲ ਰਹੇਗਾ। ਜਿਹੜੇ ਵਿਚਾਰ ਤੁਹਾਡੇ ਦਿਮਾਗ਼ ਤੇ ਅਧਿਕਾਰ ਜਮਾਈ ਬੈਠੇ ਹਨ, ਜਿਸ ਹਿਲੋਰੇ ਨਾਲ ਤੁਹਡਾ ਦਿਲ ਧੜਕਦਾ ਰਹਿੰਦਾ ਹੈ, ਉਹ ਸਭ ਕੁਝ ਆਪਣੇ ਵਰਗੀਆਂ ਵਸਤੂਆਂ ਨੂੰ ਆਪਣੇ ਵੱਲ ਖਿੱਚਦਾ ਰਹੇਗਾ। ਉਦਾਹਰਣ ਵਜੋਂ ਇਕ ਪੇਂਡੂ ਆਪਣੀ ਰੋਜ਼ੀ ਕਮਾਉਣ ਲਈ ਪਿੰਡ ਛੱਡ ਕੇ ਸ਼ਹਿਰ ਆਉਂਦਾ ਹੈ, ਉਥੇ ਉਸ ਦਾ ਕੋਈ ਵੀ ਜਾਣੂ ਨਹੀਂ ਪਰ ਬੜੇ ਥੋੜ੍ਹੇ ਸਮੇਂ ਵਿਚ ਉਹ ਉਨ੍ਹਾਂ ਆਪਣੇ ਖਿਆਲਾਂ, ਆਪਣੇ ਸੁਆਦਾਂ, ਆਪਣੇ ਵਰਗੀਆਂ ਇੱਛਾਵਾਂ ਰੱਖਣ ਵਾਲੇ, ਅਰਥਾਤ ਆਪਣੇ ਹੀ ਵਰਗੇ ਲੋਕਾਂ ਨੂੰ ਲੱਭ ਲੈਂਦਾ ਹੈ। ਕਿੰਨੀ ਛੇਤੀ ਉਹ ਉਨ੍ਹਾਂ ਵਸਤੂਆਂ ਨੂੰ, ਜਿਨ੍ਹਾਂ ਦੀ ਮਨ ਵਿਚ ਦ੍ਰਿੜ ਇੱਛਾ ਹੁੰਦੀ ਹੈ, ਪ੍ਰਾਪਤ ਕਰ ਲੈਂਦਾ ਹੈ। ਉਸ ਨੇ ਆਪਣੇ ਵਰਗਿਆਂ ਨੂੰ ਆਪਣੇ ਵੱਲ ਖਿੱਚ ਲਿਆ ਹੈ।

ਜਿਸ ਮੁੰਡੇ ਦਾ ਝੁਕਾਓ ਐਸ਼ ਪਰਸਤੀ ਵੱਲ ਹੈ, ਸਹਿਜੇ ਹੀ ਉਹ ਸ਼ਰਾਬ-ਖਾਨਿਆਂ, ਜੂਆ-ਖਾਨਿਆਂ, ਨਾਚ-ਘਰਾਂ ਅਤੇ ਬਦਮਾਸ਼ੀਆਂ ਦੇ ਅੱਡਿਆਂ ਵੱਲ ਹੋ ਰੁਲਿ ਜਾਵੇਗਾ। ਦੂਜੇ ਪਾਸੇ ਉਸ ਮੁੰਡੇ ਦਾ ਝੁਕਾਓ ਜੋ ਆਪਣੇ ਮਨ ਵਿਚ ਆਪਣੇ ਆਪ ਨੂੰ ਸੁਧਾਰਨ ਦੀ ਇੱਛਾ ਰੱਖਦਾ ਹੈ, ਚੰਗੇਰੀ ਸੰਗਤ ਤੇ ਧਰਮ ਅਸਥਾਨਾਂ ਵੱਲ ਹੋਏਗਾ। ਉਸ ਨੂੰ ਤੁਸੀਂ ਰਾਤ-ਸਕੂਲ ਵਿਚ ਪੜ੍ਹਦਾ, ਲਾਇਬਰੇਰੀਆਂ ਵਿਚ ਜਾਂਦਾ, ਭਾਸ਼ਨ ਸੁਣਦਾ, ਆਪਣੀ ਵਿਦਿਆ ਨੂੰ ਉਨਤ ਕਰਦਾ ਅਤੇ ਆਪਣੀਆਂ ਮਨੋਕਲਪਣਾਵਾਂ ਨੂੰ ਇੰਨਾਂ ਵਿਸ਼ਾਲ ਤੇ ਉਚੇਰਾ ਬਣਾਉਣ ਵਿਚ ਜੁਟਿਆ ਵੇਖੋਗੇ ਜਿੰਨਾਂ ਕਿ ਕੋਈ ਸਫ਼ਲ ਮਨੁੱਖ ਬਣ ਸਕਦਾ ਹੈ।

ਕੁੜੀਆਂ ਦੀ ਵੀ ਇਹੋ ਹੀ ਹਾਲਤ ਹੈ। ਉਹ ਵੀ ਆਪਣੇ ਭੈੜੇ ਜਾਂ ਚੰਗੇ ਵਿਚਾਰਾਂ, ਆਦਰਸ਼ਾਂ ਅਤੇ ਇੱਛਾਵਾਂ ਵੱਲ ਖਿਚੀਆਂ ਚਲੀਆਂ ਜਾਂਦੀਆਂ ਹਨ ਜਿਨ੍ਹਾਂ ਵੱਲ ਉਨ੍ਹਾਂ ਦੇ ਮਨ ਦਾ ਝੁਕਾਓ ਹੁੰਦਾ ਹੈ। ਜਿਧਰ ਉਨ੍ਹਾਂ ਦੇ ਮੰਦੇ ਜਾਂ ਚੰਗੇ ਖ਼ਿਆਲ ਉਨ੍ਹਾਂ ਨੂੰ ਖਿਚੀ ਲਿਜਾਣਗੇ ਉਧਰ ਹੀ ਉਹ ਆਪਣੀ ਕਮਜ਼ੋਰੀ ਜਾਂ ਦ੍ਰਿੜਤਾ ਅਨੁਕੂਲ ਖਿਚੀਆਂ ਚਲੀਆਂ ਜਾਣਗੀਆਂ।

ਜੇਕਰ ਕਿਸੇ ਸ਼ਹਿਰ ਵਿਚ ਦਸ ਹਜ਼ਾਰ ਪਰਦੇਸੀਆਂ ਨੂੰ ਲਿਆਂਦਾ ਜਾਵੇ ਅਤੇ ਉਨ੍ਹਾਂ ਨੂੰ ਆਪਣੀ ਮਨ ਮਰਜ਼ੀ ਕਰਨ ਦਿੱਤੀ ਜਾਵੇ ਤਾਂ ਛੇਤੀ ਹੀ ਉਹ ਆਪੋ ਆਪਣੇ ਵਰਗਿਆਂ ਵੱਲ ਖਿੱਚੇ ਜਾਣਗੇ। ਜੁਆਰੀਏ ਨੂੰ ਜੁਆਰੀਆ ਗਵਈਏ ਨੂੰ ਗਵਈਆ, ਚਿੱਤਚਕਾਰ ਨੂੰ ਚਿੱਤਰਕਾਰ ਚੰਗੇ ਨੂੰ ਚੰਗਾ ਅਤੇ ਭੈੜੇ ਨੂੰ ਭੈੜਾ ਜਿਵੇਂ ਸੌ ਕੋਹ ਵਲਾ ਪਾ ਕੇ ਮਿਲ ਪੈਂਦੇ ਹਨ, ਛੇਤੀ ਹੀ ਹਰ ਖ਼ਿਆਲ ਵਾਲੇ ਨੂੰ ਆਪਣੇ ਵਰਗੇ ਖ਼ਿਆਲ ਰੱਖਣ ਵਾਲਾ ਸਾਥੀ ਮਿਲ ਜਾਵੇਗਾ।

ਮਾਨਸਿਕ ਮਿਕਨਾਤੀਸ ਆਪਣੇ ਤੋਂ ਵਿਰੋਧੀ ਗੁਣਾਂ ਵਾਲਿਆਂ ਨੂੰ ਆਪਣੇ ਵੱਲ ਨਹੀਂ ਖਿੱਚ ਸਕੇਗਾ। ਉਹ ਕੇਵਲ ਆਪਣੇ ਵਰਗੇ ਗੁਣਾਂ ਵਾਲਿਆਂ ਨੂੰ ਹੀ ਖਿੱਚ ਸਕਦਾ ਹੈ। ਮਨੁੱਖ ਹੋਣ ਕਰਕੇ ਇਹ ਸਾਡਾ ਅਧਿਕਾਰ ਹੈ ਕਿ ਅਸੀਂ

ਆਪਣੀ ਮਿਕਨਾਤੀਸੀ ਸ਼ਕਤੀ ਨੂੰ ਚੰਚੇਰੀਆਂ ਚੀਜ਼ਾਂ ਆਪਣੀ ਵੱਲ ਖਿੱਚਣ ਦੇ ਸਮਰੱਥ ਬਣਾਈਏ। ਜੇ ਅਸੀਂ ਇਸ ਵਿਚ ਘਿਰਣਾ, ਸਾੜਾ, ਵੈਰ, ਵਿਰੋਧ, ਬਦਲੇ ਦੀ ਭਾਵਨਾ ਭਰ ਸਕਦੇ ਹਾਂ ਤਾਂ ਥੋੜ੍ਹੇ ਸਮੇਂ ਵਿਚ ਹੀ ਅਸੀਂ ਇਸ ਸ਼ਕਤੀ ਨੂੰ ਗੁਆ ਕੇ ਇਸ ਨੂੰ ਮੰਦੀਆਂ ਵਸਤੂਆਂ ਦੇ ਖਿੱਚਣ ਵਾਲੀ ਬਣਾ ਸਕਦੇ ਹਾਂ। ਇਹ ਫ਼ੈਸਲਾ ਅਸਾਂ ਹੀ ਕਰਨਾ ਹੈ ਕਿ ਅਸੀਂ ਆਪਣੇ ਮਨ ਦੇ ਮਿਕਨਾਤੀਸ ਨੂੰ ਕਿਸ ਪਾਸੇ ਲਈਏ। ਮਨ ਤਾਂ ਇਕ ਅਜੇਹੀ ਸ਼ਕਤੀ ਹੈ, ਅਜਿਹਾ ਮਿਕਨਾਤੀਸ ਹੈ, ਜੋ ਹਰ ਪਲ, ਆਪਣੇ ਵੱਲ ਕਿਸੇ ਨਾ ਕਿਸੇ ਨੂੰ ਖਿੱਚੀ ਲਿਆ ਰਿਹਾ ਹੈ ਅਤੇ ਕਿਸੇ ਨੂੰ ਪਿੱਛੇ ਵੱਲ ਧੱਕ ਰਿਹਾ ਹੈ। ਉਹ ਕੁਝ ਜੋ ਸਾਡੇ ਵੱਲ ਖਿਚਿਆ ਆ ਰਿਹਾ ਹੈ ਸਦਾ ਹੀ ਸਾਡੀ ਮਾਨਸਿਕ ਅਵਸਥਾ ਦੇ ਅਨੁਕੂਲ ਹੁੰਦਾ ਹੈ।

ਜੇ ਅਸੀਂ ਆਪਣੇ ਮਨ ਵਿਚ ਪ੍ਰੇਮ, ਵਫ਼ਾਦਾਰੀ, ਅਸਲੀਅਤ, ਸਹਿਕਾਰਤਾ, ਚੰਗਿਆਈ ਤੇ ਸੁਹਪਣ ਲਈ ਆਤਮਕ ਭੁੱਖ ਅਤੇ ਵਿਸ਼ਾਲ ਤੇ ਭਰਪੂਰ ਜੀਵਨ ਦੀ ਇੱਛਾ ਰੱਖਦੇ ਹੋਵਾਂਗੇ ਤਾਂ ਸਾਡੇ ਮਨ ਦੀ ਮਿਕਨਾਤੀਸੀ ਸ਼ਕਤੀ ਪੂਰੇ ਜ਼ੋਰ ਨਾਲ ਇਹੋ ਜੇਹੀਆਂ ਸਿਫਤਾਂ ਨੂੰ ਹੀ ਆਪਣੇ ਵੱਲ ਖਿਚੇਗੀ ਪਰ ਬਿਲਕੁਲ ਥੋੜੇ ਜੇਹੇ ਸਮੇਂ ਵਿਚ ਹੀ ਅਸੀਂ ਆਪਣੇ ਮਨ ਦੇ ਮਿਕਨਾਤੀਸ ਨੂੰ ਪੂਰਨ ਤੌਰ ਤੇ, ਘਿਰਣਾ, ਈਰਖਾ ਅਤੇ ਕੁੜਤੱਣ ਜੇਹੀਆਂ ਕੁਸਿਫਤਾਂ ਵੱਲ ਪਰੇਰ ਸਕਦੇ ਹਾਂ ਤੇ ਇਉਂ ਸਾਡੇ ਮਨ ਦਾ ਮਿਕਨਾਤੀਸ ਚੰਗੇ ਖਿਆਲਾਂ ਨੂੰ ਪਿੱਛੇ ਧਕ ਕੇ ਇਨ੍ਹਾਂ ਤੇ ਉਲਟ ਮੰਦੇ ਖਿਆਲਾਂ ਨੂੰ ਖਿੱਚਣ ਵਾਲਾ ਬਣ ਜਾਏਗਾ ਅਤੇ ਸਾਡੀ ਆਤਮਾ ਵਿਚ ਘਿਰਣਾ, ਈਰਖਾ, ਕੁੜਤਣ ਵਰਗੇ ਭੈੜੇ ਵਿਚਾਰਾਂ ਨੂੰ ਤਾਕਤ ਮਿਲੇਗੀ।

ਸੰਖੇਪ ਕਰ ਕੇ ਭਾਵ ਇਹ ਹੈ ਕਿ ਜੋ ਵਿਚਾਰ ਕਿਸੇ ਵੇਲੇ ਤੁਹਾਡੇ ਮਨ ਵਿਚ ਹੁੰਦੇ ਹਨ, ਉਨ੍ਹਾਂ ਨੂੰ ਹੀ ਤੁਸੀਂ ਭਵਿਖਤ ਵਿਚ ਅੰਗੀਕਾਰ ਕਰਨ ਲਈ ਸਦਾ ਦੇ ਰਹੇ। ਸ਼ੰਕਾ ਸ਼ੰਕੇ ਨੂੰ ਹੀ ਖਿੱਚਦਾ ਹੈ, ਸਾੜਾ ਵਧੇਰੇ ਸਾੜੇ ਨੂੰ ਅਤੇ ਘਿਰਣਾ ਘਿਰਣਾ ਨੂੰ, ਜਿਵੇਂ ਪਿਆਰ ਪਿਆਰ ਨੂੰ ਤੇ ਮਿੱਤਰਤਾ ਵਧੇਰੀ ਮਿੱਤਰਤਾ ਨੂੰ ਖਿੱਚ

ਲਿਆਉਂਦੀ ਹੈ ਉਸੇ ਤਰ੍ਹਾਂ ਹੀ ਜਿਵੇਂ ਸਾਰਿਆਂ ਲਈ ਤੁਹਾਡੀ ਹਮਦਰਦੀ ਅਤੇ ਨੇਕੀ ਦੂਜਿਆਂ ਪਾਸੋਂ ਤੁਹਾਡੇ ਲਈ ਅਜੇਹੇ ਹੀ ਭਾਵ ਖਿੱਚ ਲੈਂਦੀ ਹੈ ਅਤੇ ਤੁਹਾਡੀ ਪਰਸਿਧਤਾ ਤੇ ਖਿੱਚ ਸ਼ਕਤੀ ਵਿਚ ਵਾਧਾ ਕਰਦੀ ਹੈ।

ਸਾਡੀ ਉਸਾਰੀ ਸਾਡੇ ਵਿਚਾਰਾਂ ਅਨੁਕੂਲ ਹੀ ਹੁੰਦੀ ਹੈ। ਸਾਡੇ ਜੀਵਨ ਸਾਡੇ ਵਿਚਾਰਾਂ ਤੇ ਨਿਰਭਰ ਰੱਖਦੇ ਹਨ। ਅਸੀਂ ਉਹੋ ਕੁਝ ਹਾਂ ਜੋ ਕੁਝ ਅਸੀਂ ਵਿਚਾਰਦੇ ਹਾਂ। ਸਾਡੀ ਸ਼ਖਸੀਅਤ ਅਤੇ ਸਾਡੀ ਦੁਨੀਆ ਸਾਡੇ ਵਿਚਾਰਾਂ ਦੇ ਵਿਸਥਾਰ ਤੱਕ ਹੀ ਸੀਮਤ ਹੈ। ਅਸੀਂ ਇਨ੍ਹਾਂ ਆਪੇ ਉਸਾਰੀਆਂ ਹੱਦਾਂ ਤੋਂ ਬਾਹਰ ਨਹੀਂ ਨਿਕਲ ਸਕਦੇ। ਕਈ ਮਨੁੱਖ ਆਪਣੀ ਦੁਬਿਧਾ ਅਤੇ ਚਿੰਤਾ ਨਾਲ ਆਪਣੀਆਂ ਰੱਬੀ ਸ਼ਕਤੀਆਂ ਤੇ ਸੰਭਾਵਨਾਵਾਂ ਨੂੰ ਹਦੋਂ ਵਧ ਛੁਟਿਆ ਦਿੰਦੇ ਹਨ। ਉਨ੍ਹਾਂ ਨੂੰ ਵਿਸ਼ਵਾਸ ਹੀ ਨਹੀਂ ਆਉਂਦਾ ਕਿ ਉਨ੍ਹਾਂ ਨੂੰ ਕੇਵਲ ਉਨ੍ਹਾਂ ਦਾ 'ਆਪਾ' ਹੀ ਪ੍ਰਾਪਤ ਹੋ ਰਿਹਾ ਹੈ। ਉਹ ਸਦਾ ਹੀ ਸ਼ਕੈਤੀ ਬਣੇ ਰਹਿੰਦੇ ਹਨ ਤੇ ਆਪਣੇ ਭੋਖੜੇ, ਮਿੱਤਰਾਂ ਦੀ ਅਣਹੋਂਦ, ਹਮਦਰਦੀ ਦੀ ਥੁੜ੍ਹ, ਪਿਆਰ ਦੀ ਘਾਟ, ਸਮਾਜਕ ਜੀਵਨ ਵਿਚ ਚੰਗੇ ਅਵਸਰ ਅਤੇ ਹਰੇਕ ਪ੍ਰਾਪਤੀ ਯੋਗ ਵਸਤੂ ਦੇ ਅਭਾਵ ਦੇ ਮਨੋਕਲਪਤ ਚਿੱਤਰ ਵੇਖਦੇ ਰਹਿੰਦੇ ਹਨ। ਉਹ ਇਹ ਨਹੀਂ ਸਮਝ ਰਹੇ ਹੁੰਦੇ ਕਿ ਆਪਣੇ ਆਪ ਨੂੰ ਕੈਦ ਕਰਨ ਵਾਲੇ ਉਹ ਆਪ ਹੀ ਹਨ ਅਤੇ ਜਿਨ੍ਹਾਂ ਹਾਲਤਾਂ ਨੂੰ ਮੰਦੀਆਂ ਆਖਦੇ ਹਨ ਉਨ੍ਹਾਂ ਨੂੰ ਕਾਇਮ ਰੱਖਣ ਵਾਲੇ ਉਹ ਆਪ ਹੀ ਹਨ। ਉਨ੍ਹਾਂ ਨੇ ਅਜੇ ਤੱਕ ਸਿੱਖਿਆ ਹੀ ਨਹੀਂ ਹੈ ਕਿ ਆਪਣੀਆਂ ਮਨ ਇੱਛਤ ਚੀਜ਼ਾਂ ਦੀ ਪ੍ਰਾਪਤੀ ਲਈ ਮਿਕਨਾਤੀਸੀ ਖਿੱਚ ਕਿਵੇਂ ਬਣੀਦਾ ਹੈ। ਉਹ ਨਹੀਂ ਜਾਣਦੇ ਕਿ ਸਾਡਾ ਆਪਾ ਸਾਡੀ ਭਾਲ ਵਿਚ ਹੈ ਤੇ ਜਾਇਦਾਦ, ਮਿੱਤਰ, ਪਿਆਰ, ਪ੍ਰਸੰਨਤਾ ਜਾਂ ਕਿਸੇ ਹੋਰ ਯੋਗ ਇੱਛਾ ਦੇ ਰੂਪ ਵਿਚ ਉਹ ਅਵੱਸ਼ ਹੀ ਸਾਡੇ ਕੋਲ ਆਵੇਗਾ ਪਰ ਜੇ ਕਰ ਅਸੀਂ ਉਸ ਨੂੰ ਵਿਰੋਧੀ ਵਿਚਾਰਾਂ ਨਾਲ ਪਰੇ ਨਹੀਂ ਧੱਕਾਂਗੇ। ਜੇ ਤੁਹਾਨੂੰ ਆਪਣੀ ਚੱਲਣ ਸ਼ਕਤੀ ਤੇ ਵਿਸ਼ਵਾਸ ਨਹੀਂ ਹੈ ਤਾਂ ਤੁਸੀਂ ਚੱਲ ਹੀ ਨਹੀਂ ਸਕੋਗੇ ਕਿਉਂਕਿ ਤੁਸੀਂ ਚੱਲਣ ਦੀ

ਕੋਸ਼ਿਸ਼ ਹੀ ਨਹੀਂ ਕਰੋਗੇ। ਇਸੇ ਤਰ੍ਹਾਂ ਜੇ ਤੁਹਾਨੂੰ ਆਪਣੀ ਇੱਛਤ ਵਸਤੂ ਦੀ ਪ੍ਰਾਪਤੀ ਦਾ ਵਿਸ਼ਵਾਸ ਨਹੀਂ ਹੋਵੇਗਾ, ਤੁਸੀਂ ਉਸ ਨੂੰ ਪ੍ਰਾਪਤ ਨਹੀਂ ਕਰ ਸਕੋਗੇ। ਜਿੰਨਾਂ ਚਿਰ ਤੁਸੀਂ ਆਪਣੀਆਂ ਇੱਛਾਵਾਂ ਨੂੰ ਦਿਲਬਰੀ ਨਹੀਂ ਦਿਉਗੇ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਆਪਣੀ ਸ਼ਕਤੀ ਤੇ ਵਿਸ਼ਵਾਸ ਨਹੀਂ ਲਿਆਉਗੇ ਉਨ੍ਹਾਂ ਦੀ ਸੰਤੁਸ਼ਟਤਾ ਕਦੇ ਵੀ ਨਹੀਂ ਹੋਵੇਗੀ। ਜਦੋਂ ਤੱਕ ਤੁਸੀਂ ਆਪਣੀ ਮੌਜੂਦਾ ਅਵਸਥਾ ਵਿਚੋਂ ਨਿਕਲ ਸਕਣ ਲਈ ਆਪਣੇ ਅੰਦਰ ਸ਼ਕਤੀ ਮਹਿਸੂਸ ਨਹੀਂ ਕਰੋਗੇ ਤੁਹਾਡੀ ਹਾਲਤ ਇਹੋ ਹੀ ਰਹੇਗੀ। ਤੁਹਾਡੀਆਂ ਸੰਭਾਵਨਾਵਾਂ ਤੁਹਾਡੇ ਖਿਆਲਾਂ ਤੱਕ ਹੀ ਸੀਮਤ ਹਨ। ਤੁਹਾਡਾ ਆਪਣੇ ਆਪ ਸਬੰਧੀ ਮਹਿਦੂਦ ਆਦਰਸ਼ ਤੁਹਾਡੇ ਅਮਲਾਂ ਨੂੰ ਮਹਿਦੂਦ ਕਰ ਦੇਵੇਗਾ। ਤੁਸੀਂ ਕਦੇ ਵੀ ਆਪਣੇ ਮਨੋਕਲਪਤ ਚਿੱਤਰਾਂ ਅਤੇ ਉਨ੍ਹਾਂ ਵਿਚ ਆਪਣੇ ਵਿਸ਼ਵਾਸ ਤੋਂ ਉਚੇਰੇ ਨਹੀਂ ਉਠ ਸਕੋਗੇ।

ਜਦੋਂ ਤੱਕ ਕੋਈ ਆਦਮੀ ਆਪਣੇ ਉਚੇਰੇ ਆਪੇ ਦੀ ਝਲਕ ਨਹੀਂ ਵੇਖ ਲੈਂਦਾ ਉਹ ਦੁਨੀਆ ਵਿਚ ਉਚੇਰਾ ਨਹੀਂ ਉਠ ਸਕਦਾ। ਜਦੋਂ ਤੱਕ ਉਹ ਇਹ ਮਹਿਸੂਸ ਨਹੀਂ ਕਰਦਾ ਕਿ ਉਸ ਦੇ ਅੰਦਰ ਰਬਤਾ ਜੋ ਹਿਲਜੁਲ ਪੈਦਾ ਕਰ ਕੇ ਉਸ ਦੀ ਇੱਛਾ ਸ਼ਕਤੀ ਨੂੰ ਉਤੇਜਤ ਕਰ ਰਹੀ ਹੈ ਉਦੋਂ ਤੱਕ ਉਹ ਕਿਸੇ ਮਹਾਨ ਸ਼ਕਤੀ ਨੂੰ ਨਹੀਂ ਪ੍ਰਗਟਾ ਸਕਦਾ ਕਿਉਂਕਿ ਇਹ ਇੱਛਾ ਸ਼ਕਤੀ ਇਕ ਸੂਚਨਾ ਹੈ ਤੇ ਆਦਰਸ਼ ਤੱਕ ਪਹੁੰਚਣ ਦੀ ਕਾਬਲੀਅਤ ਦਾ ਇਲਹਾਮ ਹੈ। ਕਾਦਰ ਨੇ ਇੱਛਾਵਾਂ ਨੂੰ, ਸਾਡੇ ਮਨਾਂ ਵਿਚ, ਉਨ੍ਹਾਂ ਨੂੰ ਰੂਪਮਾਨ ਕਰ ਸਕਣ ਦੀ ਯੋਗਤਾ ਤੇ ਸੰਭਾਵਨਾ ਦਿਤੇ ਬਗੈਰ ਪੈਦਾ ਨਹੀਂ ਕੀਤਾ। ਸਾਡੇ ਸਰੀਰ ਤੇ ਦਿਮਾਗ਼ ਦੀ ਬਣਤਰ ਵਿਚ ਹਜ਼ਾਰਾਂ ਹੀ ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਸਾਡੇ ਢਾਂਚੇ ਦਾ ਹਰੇਕ ਅੰਗ ਸ਼ਾਨਦਾਰ ਵਸਤਾਂ ਦੀ ਪ੍ਰਾਪਤੀ ਲਈ ਵਿਉਂਤਿਆ ਤੇ ਡੌਲਿਆ ਗਿਆ ਸੀ ਅਤੇ ਇਸ ਨੂੰ ਸਫ਼ਲਤਾ ਤੇ ਪਰਸੰਨਤਾ ਦੀ ਪ੍ਰਾਪਤੀ ਲਈ ਬਣਾਇਆ ਗਿਆ ਸੀ।

ਕੋਈ ਪਰਵਾਹ ਨਾ ਕਰੋ ਜੇ ਤੁਹਾਡਾ ਆਲਾ ਦੁਆਲਾ ਨਿਰਾਸ਼ਾਜਨਕ ਹੈ ਅਤੇ ਤੁਹਾਡੇ ਮੌਜੂਦਾ ਹਾਲਾਤ ਇਕਰਾਰ ਭਰਪੂਰ ਨਹੀਂ ਹਨ। ਜੇ ਤੁਸੀਂ ਆਪਣੇ ਮਨੋਕਲਪਤ ਚਿੱਤਰਾਂ ਨਾਲ ਚਿੰਬੜੇ ਰਹੋਗੇ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਯਤਨ ਕਰਦੇ ਰਹੋਗੇ ਤਾਂ ਤੁਸੀਂ ਮਾਨਸਿਕ ਤੌਰ ਤੇ ਉਨ੍ਹਾਂ ਨੂੰ ਉਸਾਰ ਰਹੇ ਹੋਵੋਗੇ ਅਤੇ ਉਨ੍ਹਾਂ ਨੂੰ ਆਪਣੇ ਵੱਲ ਖਿੱਚਣ ਲਈ ਆਪਣੀ ਮਾਨਸਿਕ ਮਿਕਨਾਤੀਸੀ ਸ਼ਕਤੀ ਨੂੰ ਵਧਾ ਰਹੇ ਹੋਵੋਗੇ।

ਵਿਰੋਧ ਦੀ ਪਰਵਾਹ ਨਾ ਕਰੋ, ਨੁਕਤਾਚੀਨੀ ਨੂੰ ਗੌਲੋ ਹੀ ਨਾ ਤੇ ਜੇ ਦੂਜੇ ਤੁਹਾਨੂੰ ਮੂਰਖ ਜਾਂ ਖਬਤੀ ਕਹਿੰਦੇ ਹਨ ਤਾਂ ਤੁਸੀਂ ਸੁਣੋ ਹੀ ਨਾ। ਲੋਕਾਂ ਨੇ ਈਸਾ ਜੀ ਨੂੰ ਵੀ ਇਵੇਂ ਹੀ ਕਹਿਆ ਸੀ। ਆਪਣੇ ਅੰਤਰੀ ਭੇਤ-ਭਰਪੂਰ ਸਨੇਹੇ ਨਾਲ ਵਫ਼ਾਦਾਰ ਰਹੋ ਜੋ ਤੁਹਾਨੂੰ ਜੁੱਟ ਪੈਣ ਲਈ ਪਰੇਰਦਾ ਹੈ। ਤੁਹਾਨੂੰ ਕੁਝ ਵੀ ਤਿਆਗਣਾ ਪਵੇ ਜਾਂ ਕੋਈ ਵੀ ਕੁਰਬਾਨੀ ਦੇਣੀ ਪਵੇ ਪਰਵਾਹ ਨਾ ਕਰੋ। ਲੋੜ ਪਵੇ ਤਾਂ ਸਭ ਕੁਝ ਵਾਰ ਦਿਉ ਪਰ ਤੁਸੀਂ ਆਪਣੇ ਸੁਪਨਿਆਂ ਦੇ ਆਦਰਸ਼ ਨਾਲ ਚਿੰਬੜੇ ਰਹੋ ਕਿਉਂਕਿ ਇਹ ਤੁਹਾਡੀ ਹੋਣੀ ਵੱਲ ਇਸ਼ਾਰਾ ਕਰ ਰਿਹਾ ਹੁੰਦਾ ਹੈ। ਜੇ ਤੁਸੀਂ ਇਸ ਦੀ ਸੇਧ ਤੇ ਤੁਰਦੇ ਜਾਉਗੇ ਤਾਂ ਤੁਸੀਂ ਯਕੀਨੀ ਤੌਰ ਤੇ ਹਨੇਰੇ ਵਿਚੋਂ ਨਿਕਲ ਕੇ ਸੁਹਪਣ ਤੇ ਚਾਨਣ ਦੀ ਵਾਦੀ ਵਿਚ ਪਹੁੰਚ ਜਾਉਗੇ। ਤੁਹਾਡਾ ਸਭ ਤੋਂ ਚੰਗਾ ਮਿੱਤਰ ਤੁਹਾਡਾ ਅਤਿ ਉੱਚਾ ਆਦਰਸ਼ ਤੇ ਤੁਹਾਡੇ ਜੀਵਨ-ਕਰਤੱਵ ਦਾ ਉਹ ਚਿੱਤਰ ਹੈ ਜਿਸ ਨੂੰ ਤੁਸੀਂ ਸਾਕਾਰ ਬਣਾਉਣਾ ਲੋੜਦੇ ਹੋ। ਇਸ ਨੂੰ ਆਪਣੇ ਦਿਲ ਦੇ ਅਤਿ ਨੇੜੇ ਰੱਖੋ, ਇਸ ਨਾਲ ਜੁੜ ਜਾਉ, ਇਹ ਤੁਹਾਡੀ ਮੰਜ਼ਲ ਤੇ ਪਹੁੰਚਾ ਦੇਵੇਗਾ। ਤੁਸੀਂ ਸ਼ਾਇਦ ਇਸ ਗੱਲ ਨੂੰ ਨਾ ਸਮਝ ਸਕੋ ਕਿ ਤੁਹਾਡੇ ਆਦਰਸ਼ ਦਾ ਤਾਰਾ ਇੰਨਾਂ ਉੱਚਾ ਕਿਉਂ ਰੱਖਿਆ ਗਿਆ ਹੈ ਅਤੇ ਤੁਹਾਡੇ ਰਾਹ ਵਿਚ ਇੰਨੀਆਂ ਮੁਸ਼ਕਲਾਂ ਤੇ ਔਕੜਾਂ ਦੇ ਪਹਾੜ ਕਿਉਂ ਰੱਖੇ ਗਏ ਹਨ ਪਰ ਜੇ ਤੁਸੀਂ ਇਸ ਤਾਰੇ ਵੱਲ ਨੀਝ ਲਾਈ ਰਖੋਗੇ ਅਤੇ ਆਪਣੀ ਆਤਮਾ ਦੀ ਆਵਾਜ਼ ਨੂੰ ਸੁਣਦੇ ਰਹੋਗੇ ਜੋ ਤੁਹਾਨੂੰ

ਉਚੇਰਾ ਚੜ੍ਹਦੇ ਜਾਣ ਲਈ ਪਰੇਰ ਰਹੀ ਹੈ, ਤਾਂ ਤੁਸੀਂ ਆਦਰਸ਼ ਦੀ ਟੀਸੀ ਤੇ ਜ਼ਰੂਰ ਪਹੁੰਚ ਜਾਉਗੇ।

ਕਈ ਮਨੁੱਖ ਇਹ ਖੋਲ੍ਹ ਕੇ ਨਹੀਂ ਬਿਆਨ ਕਰ ਸਕੇ ਕਿ ਇੰਨੇ ਨਿਰਾਸ਼ਾਜਨਕ ਪਿਛਵਾੜੇ ਅਤੇ ਮੁੱਢ ਵਿਚ ਆਈਆਂ ਜ਼ਾਹਿਰਾ ਤੌਰ ਤੇ ਲੋਹੇ ਦੀਆਂ ਅਲੰਘ ਕੰਧਾਂ ਟੱਪ ਕੇ ਉਨ੍ਹਾਂ ਸਫਲਤਾ ਕਿਵੇਂ ਪ੍ਰਾਪਤ ਕਰ ਲਈ ਪਰ ਉਨ੍ਹਾਂ ਨੇ ਆਦਰਸ਼-ਤਾਰਿਆਂ ਨੂੰ ਅੱਖਾਂ ਤੋਂ ਉਹਲੇ ਨਾ ਹੋਣ ਦਿੱਤਾ ਅਤੇ ਲਗਾਤਾਰ ਆਪਣੇ ਕੰਮ ਵਿਚ ਜੁੱਟੇ ਰਹੇ। ਇਉਂ ਉਹ ਅੰਤਮ ਰੂਪ ਵਿਚ ਹਨੇਰੇ, ਵਿਰੋਧ ਅਤੇ ਮੁਸ਼ਕਲਾਂ ਨੂੰ ਚੀਰਦੇ ਹੋਏ ਸਫ਼ਲਤਾ ਦੀਆਂ ਟੀਸੀਆਂ ਤੇ ਪੁੱਜ ਗਏ ਜਿਨ੍ਹਾਂ ਦਾ ਵਾਤਾਵਰਣ ਸਵੱਛ ਤੇ ਰੋਸ਼ਨੀ ਭਰਪੂਰ ਸੀ।

ਕੇਵਲ ਇਸੇ ਕਰਕੇ ਕਿ ਤੁਸੀਂ ਕਿਸੇ ਫਾਰਸ ਜਾਂ ਕਾਰਖਾਨੇ ਵਿਚ ਜੀਵਨ ਘੋਲ ਘੁਲ ਰਹੇ ਹੋ ਅਤੇ ਆਪਣੀ ਪਰਕਿਰਤੀ ਦੇ ਬਿਲਕੁਲ ਉਲਟ ਕੰਮ ਕਰ ਰਹੇ ਹੋ ਕਿਉਂਕਿ ਤੁਹਾਡੇ ਬੁਢੇ ਮਾਪਿਆਂ ਜਾਂ ਅਪਾਹਜ ਭੈਣ ਭਰਾ ਦੇ ਗੁਜ਼ਾਰੇ ਦਾ ਹੋਰ ਕੋਈ ਵਸੀਲਾ ਨਹੀਂ ਹੈ, ਇਹ ਨਤੀਜਾ ਨਾ ਕੱਢੋ ਕਿ ਤੁਸੀਂ ਆਪਣੇ ਮਨੋਕਲਪਤ ਚਿੱਤਰਾਂ ਨੂੰ ਛਿਨ ਭਿਨ ਕਰ ਦਿਉ। ਹਿੰਮਤ ਤੇ ਆਪਣੇ ਪੂਰੇ ਤਾਣ ਨਾਲ ਵਧੀ ਚਲੋ ਤੁਹਾਡੀ ਇੱਛਾ ਪੂਰਤੀ ਵਿਚ ਰੱਬੀ ਸ਼ਕਤੀ ਸਹਾਇਕ ਹੋਵੇਗੀ। ਤੁਹਾਡੇ ਨਾਲੋਂ ਘਟੀਆ ਵਸੀਲਿਆਂ ਵਾਲੇ ਸੈਂਕੜੇ ਨਹੀਂ ਹਜ਼ਾਰਾਂ ਗਰੀਬ ਮੁੰਡਿਆਂ ਤੇ ਕੁੜੀਆਂ ਨੇ ਆਪਣੇ ਆਦਰਸ਼ ਅਤੇ ਉਸ ਦੀ ਪ੍ਰਾਪਤੀ ਲਈ ਆਪਣੀ ਸਮਰੱਥਾ ਤੇ ਵਿਸ਼ਵਾਸ ਕਰ ਕੇ ਅਮਰ ਕੰਮ ਕਰ ਵਿਖਾਏ ਹਨ।

ਐਡੀਸਨ, ਜੋ ਆਪਣੀ ਕਾਢ-ਸ਼ਕਤੀ ਕਰਕੇ ਬੜਾ ਮਸ਼ਹੂਰ ਹੋਇਆ ਹੈ, ਉਸ ਦੀ ਕਾਮਯਾਬੀ ਦਾ ਇਹੋ ਭੇਤ ਸੀ ਕਿ ਉਹ ਆਪਣੇ ਖਿਆਲਾਂ ਨੂੰ ਸਾਇੰਸ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵੱਲ ਲਗਾਤਾਰ ਲਾਉਂਦਾ ਰਿਹਾ। ਉਸ ਨੂੰ ਇਹ ਪੱਕਾ ਨਿਸ਼ਚਾ ਸੀ ਕਿ ਉਸ ਦੇ ਅੰਦਰ ਉਨ੍ਹਾਂ ਸਮਸਿਆਵਾਂ ਨੂੰ ਹੱਲ ਕਰਨ ਦੀ

ਸ਼ਕਤੀ ਹੈ। ਉਸ ਦਾ ਦਿਮਾਗ਼ ਵਿਉਂਤਣ ਵਿਚ ਅਗੇਤਰਾ ਅਗੇਤਰਾ ਚਲਦਾ ਰਿਹਾ। ਉਹ ਜਿਹੜੀ ਵੀ ਕਾਢ ਕਢਣੀ ਚਾਹੁੰਦਾ ਸੀ ਉਸ ਨੂੰ ਉਹ ਆਪਣੀਆਂ ਅੰਦਰਲੀਆਂ ਅੱਖਾਂ ਨਾਲ ਵਾਰ ਵਾਰ ਵੇਖਦਾ ਰਹਿੰਦਾ ਸੀ। ਉਹ ਦਿਲ ਵਿਚ ਉਚੇਰੇ ਤੇ ਚੰਗੇਰੇ ਖਿਆਲਾਂ ਦੀ ਤਸਵੀਰ ਖਿੱਚਦਾ ਰਹਿੰਦਾ ਸੀ। ਸੋ ਸਫਲਤਾ ਉਸ ਤਸਵੀਰ ਅਤੇ ਨਿਸ਼ਚੇ ਦੇ ਪਿੱਛੇ ਪਿੱਛੇ ਆਉਂਦੀ ਰਹੀ।

ਜੇਕਰ ਐਡੀਸਨ ਨੂੰ ਆਪਣੇ ਸੰਕਲਪਾਂ ਉਤੇ ਵਿਸ਼ਵਾਸ ਨਾ ਹੁੰਦਾ ਤਾਂ ਰਾਹ ਵਿਚ ਆਈਆਂ ਔਕੜਾਂ ਕਰਕੇ ਉਸ ਦਾ ਹੌਂਸਲਾ ਟੁਟ ਜਾਂਦਾ ਅਤੇ ਉਹ ਆਪਣੇ ਦਿਲ ਵਿਚ ਕਹਿੰਦਾ, 'ਹਜ਼ਾਰਾਂ ਆਦਮੀ ਮੈਥੋਂ ਪਹਿਲਾਂ ਇਸੇ ਤਰ੍ਹਾਂ ਸੋਚਦੇ ਰਹੇ ਹਨ ਅਤੇ ਕਿਨੇ ਕਿਨੇ ਚਿਰ ਤੱਕ ਇਨ੍ਹਾਂ ਸਮਸਿਆਵਾਂ ਨੂੰ ਹੱਲ ਕਰਨ ਲਈ ਜਤਨ ਕਰਦੇ ਰਹੇ ਹਨ ਪਰ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਸਫ਼ਲਤਾ ਨਹੀਂ ਪ੍ਰਾਪਤ ਹੋਈ, ਸੋ ਮੈਂ ਕਿਸ ਤਰ੍ਹਾਂ ਸਫਲ ਹੋ ਸਕਦਾ ਹਾਂ? ਮੈਂ ਕਿਉਂ ਆਪਣਾ ਵਕਤ ਤੇ ਆਪਣੀ ਹਿੰਮਤ ਅਜਾਈਂ ਗੁਆਵਾਂ?' ਤਾਂ ਤੁਹਾਡਾ ਕੀ ਖ਼ਿਆਲ ਹੈ ਕਿ ਉਹ ਅਜਿਹਾ ਸ਼ਕਤੀਸ਼ਾਲੀ ਬਣ ਜਾਂਦਾ? ਯਕੀਨਨ ਕਦੇ ਨਹੀਂ। ਇਸੇ ਤਰ੍ਹਾਂ ਮਾਰਸ਼ਲ ਫੀਲਡ ਵੀ ਆਪਣੇ ਸਮੇਂ ਦਾ ਮਸ਼ਹੂਰ ਸੌਦਾਗਰ ਨਾ ਬਣ ਸਕਦਾ ਜੇਕਰ ਉਹ ਉਨ੍ਹਾਂ ਲੋਕਾਂ ਦੀਆਂ ਗੱਲਾਂ ਉਤੇ ਕੰਨ ਧਰਦਾ ਜਿਹੜੇ ਗੱਲ ਗੱਲ ਵਿਚ ਉਸ ਦਾ ਉਤਸ਼ਾਹ ਘਟਾਇਆ ਕਰਦੇ ਸਨ। ਜਿਹੜੇ ਲੋਕ ਦਿਲ ਵਿਚ ਭਰੋਸਾ ਰੱਖ ਕੇ ਕੰਮ ਕਰਦੇ ਹਨ ਉਨ੍ਹਾਂ ਲਈ ਸਾਰੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ, ਸਾਰੇ ਅਵਸਰ ਨਿਕਲ ਆਉਂਦੇ ਹਨ, ਪਰ ਕਮਜ਼ੋਰ ਅਤੇ ਦੁਬਿਧਾ ਨੂੰ ਦਿਲ ਵਿਚ ਥਾਂ ਦੇਣ ਵਾਲੇ ਲੋਕਾਂ ਲਈ ਜਿਨ੍ਹਾਂ ਨੂੰ ਆਪਣੀ ਅੰਦਰਲੀ ਰੱਬੀ ਤਾਕਤ ਦਾ ਨਿਸ਼ਚਾ ਨਹੀਂ ਹੁੰਦਾ ਤੇ ਆਪਣੀ ਜਿੱਤ ਲੈਣ ਵਾਲੀ ਤਾਕਤ ਤੇ ਵਿਸ਼ਵਾਸ ਨਹੀਂ ਹੁੰਦਾ, ਕੋਈ ਮੌਕਾ ਨਹੀਂ ਆਉਂਦਾ।

ਰਾਹ ਕਿੰਨਾਂ ਹੀ ਹਨੇਰਾ ਅਤੇ ਬਿਖੜਾ ਕਿਉਂ ਨਾ ਹੋਵੇ, ਦ੍ਰਿੜ੍ਹ ਰਹੋ ਤੇ ਇਉਂ ਸਮਝੋ ਕਿ ਕੋਈ ਰੱਬੀ ਜੋਤੀ ਤੁਹਾਡੇ ਨਾਲ ਨਾਲ ਜਾ ਰਹੀ ਹੈ। ਭਾਵੇਂ

ਅਗਲੇਰਾ ਪੰਧ ਕਿੰਨਾਂ ਹੀ ਦਿਲ ਢਾਉਣ ਵਾਲਾ ਤੇ ਹਨੇਰਾ ਦਿਸਦਾ ਹੋਵੇ ਜਦੋਂ ਤੁਸੀਂ ਉਥੇ ਪੁਜੋਗੇ ਤਾਂ ਉਸ ਰੱਬੀ ਜੋਤ ਦਾ ਚਾਨਣ ਵੀ ਤੁਹਾਡੇ ਨਾਲ ਹੀ ਉਥੇ ਪੁੱਜ ਜਾਏਗਾ। ਤੁਹਾਨੂੰ ਚਾਨਣ ਦੀ ਲੋੜ ਕੇਵਲ ਅਗਲੇਰੇ ਕਦਮ ਲਈ ਹੈ, ਤਾਂ ਜੋ ਤੁਹਾਨੂੰ ਪਤਾ ਲੱਗਦਾ ਰਹੇ ਕਿ ਤੁਸੀਂ ਸਿੱਧੇ ਰਸਤੇ ਜਾ ਰਹੇ ਹੋ। ਦੂਜੇ ਸ਼ਬਦਾਂ ਵਿਚ ਤੁਹਾਡੇ ਦਿਲ ਵਿਚ ਇਹ ਵਿਸ਼ਵਾਸ ਅਤੇ ਨਿਸ਼ਚਾ ਹੋਣਾ ਚਾਹੀਦਾ ਹੈ ਕਿ ਜਿਸ ਮਾਲਕ ਨੇ ਸਾਨੂੰ ਪੈਦਾ ਕੀਤਾ ਹੈ ਅਤੇ ਇਸ ਵੱਡੀ ਦੁਨੀਆ ਦੀ ਵਿਉਂਤ ਵਿਚ ਜੋ ਕੰਮ ਸਾਡੇ ਜ਼ੁੰਮੇ ਲਾਏ ਹਨ ਉਹ ਆਪ ਨਾਲ ਹੋ ਕੇ ਸਾਡੇ ਇਕੱਲੇ ਜਤਨਾਂ ਨਾਲੋਂ ਚੰਗੇਰੀ ਤਰ੍ਹਾਂ ਕਰਵਾ ਲਵੇਗਾ।

ਉਹ ਮਰਦ ਤੇ ਔਰਤਾਂ, ਜਿਨ੍ਹਾਂ ਨੇ ਆਪਣੀਆਂ ਕੋਸ਼ਿਸ਼ਾਂ ਨਾਲ ਕਾਮਯਾਬੀ ਪ੍ਰਾਪਤ ਕੀਤੀ ਹੈ, ਜੇ ਆਪਣੇ ਬੀਤੇ ਹੋਏ ਜੀਵਨ ਵੱਲ ਧਿਆਨ ਮਾਰਨ ਤਾਂ ਉਨ੍ਹਾਂ ਨੂੰ ਪਤਾ ਲੱਗ ਜਾਏਗਾ ਕਿ ਸਫ਼ਲ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਰਾਹ ਵਿਚ ਜਿਹੜਾ ਹਨ੍ਹੇਰਾ ਹੀ ਹਨ੍ਹੇਰਾ ਦਿਸਦਾ ਸੀ ਉਹ ਕਿਸ ਤਰ੍ਹਾਂ ਕਰਾਮਾਤ ਨਾਲ ਦੂਰ ਹੋ ਗਿਆ ਸੀ, ਕਿਸ ਤਰ੍ਹਾਂ ਬੰਦ ਦਰਵਾਜ਼ੇ ਖੁੱਲ੍ਹ ਗਏ ਸਨ ਜਿਨ੍ਹਾਂ ਵਿਚੋਂ ਲੰਘ ਕੇ ਉਹ ਆਪਣੇ ਸਵਰਗ ਵਿਚ ਪੁੱਜੇ ਸਨ ਅਤੇ ਉਨ੍ਹਾਂ ਆਪਣੇ ਮਨ ਦੀਆਂ ਇੱਛਾਵਾਂ ਨੂੰ ਪੂਰਾ ਕਰ ਦਿਖਾਇਆ ਸੀ।

ਨਵੀਆਂ ਕਾਢਾਂ ਕੱਢਣ, ਖੋਜਾਂ ਕਰਨ, ਮੁਲਕ ਸਮਾਜ ਦੇ ਸੁਧਾਰਨ ਅਤੇ ਹਰ ਪਾਸੇ ਸਫ਼ਲ ਹੋਣ ਵਾਲੇ ਲੋਕਾਂ ਦਾ ਇਹੋ ਹੀ ਤਰੀਕਾ ਰਿਹਾ ਹੈ, ਕਿ ਤੱਕਲੀਫਾਂ, ਔਕੜਾਂ, ਰੁਕਾਵਟਾਂ ਦੇ ਹੁੰਦਿਆਂ ਹੋਇਆਂ ਵੀ ਉਹ ਆਪਣੇ ਆਦਰਸ਼ ਨਾਲ ਚਿੰਬੜੇ ਰਹੇ ਤੇ ਕੋਈ ਵੀ ਗੱਲ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਤੋਂ ਉਕਾ ਨਾ ਸਕੀ।

ਇਹ ਜਿਹੜਾ ਵਿਸ਼ਵਾਸ ਉਨ੍ਹਾਂ ਦੇ ਦਿਲਾਂ ਵਿਚ ਬਝਿਆ ਹੋਇਆ ਸੀ ਕਿ ਉਹ ਆਪਣੇ ਆਦਰਸ਼ ਨੂੰ ਦੁਨੀਆ ਵਿਚ ਪੂਰਾ ਕਰ ਕੇ ਦਿਖਾ ਸਕਦੇ ਹਨ,

ਕਿਸੇ ਵੀ ਗੱਲ ਨਾਲ ਟੁੱਟ ਨਾ ਸਕਿਆ। ਇਹੀ ਕਾਰਣ ਹੈ ਕਿ ਉਹ ਬਾਜ਼ੀ ਜਿੱਤ ਗਏ।

ਜਿੰਨਾਂ ਕੁ ਕੋਈ ਆਦਮੀ ਆਪਣੇ ਆਦਰਸ਼ ਤੇ ਜੰਮਿਆ ਰਹਿੰਦਾ ਹੈ ਅਤੇ ਜਿੰਨਾਂ ਕੁ ਉਹਦਾ ਇਰਾਦਾ ਅਟਲ ਹੁੰਦਾ ਹੈ, ਉਂਨੀ ਕੁ ਹੀ ਸਫਲਤਾ ਉਸ ਨੂੰ ਨਸੀਬ ਹੁੰਦੀ ਹੈ। ਜੇ ਤੁਸੀਂ ਕਿਸੇ ਆਦਮੀ ਦੇ ਦਿਲ ਛਡਣ ਦੀ ਉਸ ਹੱਦ ਨੂੰ ਸਮਝ ਸਕੋ, ਜਿੱਥੇ ਪੁੱਜ ਕੇ ਉਹ ਹਿੰਮਤ ਛੱਡ ਦਿੰਦਾ ਹੈ, ਦਿਲੋਂ ਡੋਲ ਜਾਂਦਾ ਹੈ ਪਿਠ ਲੁਆ ਲੈਂਦਾ ਹੈ, ਤਾਂ ਤੁਸੀਂ ਉਸ ਆਦਮੀ ਦੀ ਥਾਹ ਚੰਗੀ ਤਰ੍ਹਾਂ ਲੈ ਸਕਦੇ ਹੋ।

ਜਿੱਤ ਕੇਵਲ ਉਸ ਆਦਮੀ ਨੂੰ ਪ੍ਰਾਪਤ ਹੁੰਦੀ ਹੈ, ਜੋ ਉਦਮ ਕਰਦਾ ਹੈ ਤੇ ਪੱਕੇ ਇਰਾਦੇ ਨਾਲ ਲਗਾਤਾਰ ਆਪਣੀ ਮੰਜ਼ਲ ਵੱਲ ਵਧਦਾ ਰਹਿੰਦਾ ਹੈ। ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਮੰਜ਼ਲ ਦਿਖਾਈ ਵੀ ਦਿੰਦੀ ਹੈ ਕਿ ਨਹੀਂ। ਉਹ ਰੋਕਾਂ, ਔਕੜਾਂ, ਮੁਸ਼ਕਲਾਂ, ਦਿਲ ਢਾਉਣ ਵਾਲੀਆਂ 7 ਗੱਲਾਂ ਵੱਲ ਧਿਆਨ ਨਹੀਂ ਦਿੰਦਾ। ਉਹ ਕੁਲੰਬਸ ਵਾਂਙ ਆਪਣੀ ਨਿਸ਼ਚਿਤ ਮੰਜ਼ਲ ਵੱਲ ਵਧਿਆ ਚਲਿਆ ਜਾਂਦਾ ਹੈ। ਕੁਲੰਬਸ ਦੇ ਮਲਾਹਾਂ ਨੇ ਬਗਾਵਤ ਕਰ ਦਿੱਤੀ ਅਤੇ ਧਮਕੀ ਦਿੱਤੀ ਕਿ ਕੁਲੰਬਸ ਨੂੰ ਜ਼ੰਜੀਰਾਂ ਵਿਚ ਜਕੜ ਕੇ ਸਮੁੰਦਰ ਦੇ ਵਿਚ ਸੁੱਟ ਦੇਵਾਂਗੇ, ਪਰੰਤੂ ਉਹ ਰੋਜ਼ ਆਪਣੇ ਰੋਜ਼ਨਾਮਚਾ ਵਿਚ ਇਹੀ ਲਿਖਦਾ ਹੈ ਕਿ ਅੱਜ ਅਸੀਂ ਪੱਛਮ ਵੱਲ ਵਧੇ ਕਿਉਂਕਿ ਇਸੇ ਰੁਖ ਜਾਣਾ ਹੀ ਅਸਾਂ ਨੇ ਮਿਥਿਆ ਹੋਇਆ ਸੀ। ਰੋਜ਼ ਉਹ ਇਸੇ ਤਰ੍ਹਾਂ ਲਿਖਦਾ ਰਿਹਾ ਕਿਉਂਕਿ ਉਸ ਨੂੰ ਪੱਛਮ ਵੱਲ ਚਲਣ ਤੋਂ ਸਿਵਾ ਹੋਰ ਕੁਝ ਸੁਝਦਾ ਹੀ ਨਹੀਂ ਸੀ। ਕੁਲੰਬਸ ਵਰਗੇ ਪੱਕੇ ਇਰਾਦੇ ਵਾਲਾ ਆਦਮੀ ਕਦੀ ਆਪਣੇ ਨਿਸ਼ਾਨੇ ਵਲੋਂ ਮੂੰਹ ਨਹੀਂ ਮੋੜਦਾ ਭਾਵੇਂ ਉਸ ਦੇ ਸਾਥੀ ਕਤਲ ਕਰ ਦੇਣ ਦੀਆਂ ਧਮਕੀਆਂ ਵੀ ਦਿੰਦੇ ਰਹਿਣ। ਇਹੋ ਜੇਹੇ ਲੋਕ ਅਜਿੱਤ ਹੁੰਦੇ ਹਨ। ਮੌਤ ਤੋਂ ਸਿਵਾ ਉਨ੍ਹਾਂ ਦੇ ਅਗਾਂਹ ਵਧਦੇ ਪੈਰਾਂ ਨੂੰ ਕੋਈ ਨਹੀਂ ਰੋਕ ਸਕਦਾ।

ਦ੍ਰਿੜ੍ਹਤਾ-ਭਰਪੂਰ ਹੌਂਸਲਾ, ਮੰਜ਼ਲ ਦਾ ਨਿਸ਼ਚਿਤ ਚਿੱਤਰ ਅਤੇ ਮੰਤਵ ਦੀ ਸਥਿਰਤਾ ਸਾਰੀਆਂ ਉਨ੍ਹਾਂ ਮਹਾਨ ਇਤਹਾਸਕ ਵਿਅਕਤੀਆਂ ਦੇ ਗੁਣ ਹਨ ਜਿਨ੍ਹਾਂ ਦੀਆਂ ਦੁਨੀਆ ਨੇ ਯਾਦਗਾਰਾਂ ਬਣਾਈਆਂ ਹਨ।

ਸਾਇੰਸ ਸਾਨੂੰ ਦਸਦੀ ਹੈ ਕਿ ਬਾਜ਼ ਦੀ ਉਡਣ ਦੀ ਇੱਛਾ ਨੇ ਹੀ ਉਸ ਦੇ ਖੰਭਾਂ ਨੂੰ ਉਚੇਰੇ ਆਸਮਾਨਾਂ ਵਿਚ ਉੱਡਣ ਦੀ ਸਮਰੱਥਾ ਦਿੱਤੀ ਹੈ। ਕਿਸੇ ਉੱਚੀ ਅਤੇ ਮਹਾਨ ਵਸਤੂ ਦੀ ਇੱਛਾ ਜੋ ਤੁਹਾਡੇ ਦਿਲ ਵਿਚ ਪੈਦਾ ਹੁੰਦੀ ਹੈ ਜਦੋਂ ਉਸ ਦੇ ਪਿੱਛੇ ਅਟਲ ਇਰਾਦਾ ਹੁੰਦਾ ਹੈ ਤਾਂ ਇਸ ਦੇ ਉਤਪਨ ਹੋਣ ਸਾਰ ਤੁਹਾਡੇ ਖੰਭ ਆਪਣੇ ਆਪ ਪੈਦਾ ਹੋ ਜਾਂਦੇ ਹਨ। ਤੁਹਾਡੀ ਲੁਕੀ ਛਿਪੀ ਤਾਕਤ ਵਧੇ ਫੁਲੇਗੀ ਅਤੇ ਨਤੀਜਾ ਇਹ ਹੋਵੇਗਾ ਕਿ ਤੁਸੀਂ ਆਲੇ ਦੁਆਲੇ ਦੀ ਘਟੀਆ ਹਾਲਤ ਤੋਂ ਉਪਰ ਉਠ ਕੇ ਆਪਣੀਆਂ ਸੰਭਾਵਨਾਵਾਂ ਦੇ ਸਿਖਰ ਤੇ ਪੁੱਜ ਜਾਉਗੇ।

ਜੇ ਸਾਡੇ ਜੁਆਨਾਂ ਨੂੰ ਇਹ ਸਿਖਲਾਇਆ ਜਾਵੇ ਕਿ ਉਹ ਆਪਣੇ ਮਾਨਸਿਕ ਚਿੱਤਰ ਨੂੰ ਸਦਾ ਸਥਿਰ ਰੱਖਣ ਅਤੇ ਆਪਣੇ ਅੰਦਰਲੇ ਪਵਿੱਤਰ ਸਵੱਛ ਪੂਜਣ ਯੋਗ ਉਸ 'ਕੁਝ' ਨੂੰ ਅਛੋਹ ਹੀ ਰੱਖਣ ਤਾਂ ਉਹ 'ਕੁਝ' ਉਨ੍ਹਾਂ ਨੂੰ ਸਦਾ ਉਪਰ ਅਤੇ ਉੱਚਤਾ ਵੱਲ ਇਸ਼ਾਰਾ ਕਰਦੀ ਰਹੇਗੀ। ਭਾਵੇਂ ਤੁਹਾਡਾ ਆਲਾ ਦੁਆਲਾ ਕਿੰਨਾਂ ਹੀ ਨਿਘਰਿਆ ਹੋਵੇ, ਉਹ ‘ਕੁਝ’ ਤੁਹਾਨੂੰ ਸਦਾ ਉਪਰ ਵੱਲ ਦੇਖਦੇ ਰਹਿਣ ਲਈ ਪੁਕਾਰਦੀ ਰਹੇਗੀ ਤੇ ਤੁਹਾਨੂੰ ਉਤਸਾਹਤ ਕਰਦੀ ਰਹੇਗੀ ਤੇ ਇਸ ਤਰ੍ਹਾਂ ਸਭਿਅਤਾ ਛਾਲਾਂ ਮਾਰਦੀ ਮੰਜ਼ਲ ਵੱਲ ਵਧੇਗੀ।

ਤੁਹਾਡੇ ਮਨੋਕਲਪਤ ਚਿੱਤਰਾਂ ਤੇ ਤੁਹਾਡੇ ਆਪਣੇ ਆਪ ਉਤੇ ਵਿਸ਼ਵਾਸ ਦੀ ਹੱਦ ਹੀ ਤੁਹਾਡੀ ਸਫ਼ਲਤਾ ਦੀ ਹੱਦ ਹੈ। ਵਿਸ਼ਵਾਸ ਹੀ ਸਭ ਤੋਂ ਵੱਡੀ ਚੁੰਭਕ ਤਾਕਤ ਹੈ ਜਿਹੜੀ ਇਨਸਾਨ ਨੂੰ ਅੱਜ ਤੱਕ ਮਾਲੂਮ ਹੋ ਸਕੀ ਹੈ। ਇਸੇ ਤਾਕਤ ਦੀ ਸਹਾਇਤਾ ਨਾਲ ਹੀ ਅਸੀਂ ਆਪਣੀਆਂ ਇੱਛਤ ਚੀਜ਼ਾਂ ਨੂੰ ਆਪਣੇ ਵੱਲ ਖਿੱਚ ਸਕਦੇ ਹਾਂ।

ਜਿਥੇ ਸ੍ਵੈ-ਵਿਸ਼ਵਾਸ ਕਮਜ਼ੋਰ ਹੁੰਦਾ ਹੈ ਉੱਥੇ ਇਰਾਦੇ ਦੀ ਤਾਕਤ ਵੀ ਕਮਜ਼ੋਰ ਹੁੰਦੀ ਹੈ। ਬਹੁਤ ਸਾਰੇ ਲੋਕ ਆਪਣੇ ਰਸਤੇ ਵਿਚ ਆਈਆਂ ਰੋਕਾਂ ਤੇ ਔਕੜਾਂ ਨੂੰ ਪਾਰ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਕਿਉਂਕਿ ਉਨ੍ਹਾਂ ਦੇ ਇਰਾਦੇ ਦੀ ਤਾਕਤ ਕਮਜ਼ੋਰ ਤੇ ਬੋਦੀ ਹੁੰਦੀ ਹੈ। ਉਨ੍ਹਾਂ ਦਾ ਅੰਦਰਲਾ ਦ੍ਰਿਸ਼ ਉਨ੍ਹਾਂ ਦੇ ਅੰਗ ਅੰਗ ਤੇ ਨੱਸ ਨੱਸ ਵਿਚ ਸਮਾਇਆ ਨਹੀਂ ਹੁੰਦਾ। ਉਹ ' ਆਪਣੀ ਦ੍ਰਿੜਤਾ, ਸ੍ਵੈ-ਭਰੋਸਾ ਤੇ ਇੱਛਾ ਦੀ ਪਰਬਲਤਾ ਨੂੰ ਸੁਰਜੀਤ ਨਹੀਂ ਕਰ ਸਕਦੇ ਤੇ ਨਾ ਹੀ ਔਕੜਾਂ ਦਾ ਟਾਕਰਾ ਕਰ ਸਕਦੇ ਹਨ। ਇਨ੍ਹਾਂ ਲੋਕਾਂ ਵਿਚ ਆਪਣੇ ਮਨੋਕਲਪਤ ਚਿੱਤਰ ਨੂੰ ਸਾਕਾਰ ਕਰਨ ਲਈ ਉਹ ਤੀਬਰ ਇੱਛਾ ਨਹੀਂ ਹੁੰਦੀ ਜੋ ਕੰਮ ਕਰਨ ਅਤੇ ਹਰ ਪ੍ਰਕਾਰ ਦੀ ਕੁਰਬਾਨੀ ਲਈ ਉਤੇਜਨਾ ਦਿੰਦੀ ਹੈ।

ਹਰ ਕਾਮਯਾਬੀ ਦੀ ਤਹਿ ਵਿਚ ਇੱਛਾ ਹੀ ਕੰਮ ਕਰਦੀ ਹੈ। ਸਭਿਅਤਾ ਵਿਚ ਵੱਡੀ ਸ਼ਕਤੀ ਇੱਛਾ ਹੀ ਹੈ। ਰੂਪ ਦੇਣ ਤੇ ਡੋਲਣ ਵਾਲੀ ਇੱਛਾ ਇਕ ਤਰ੍ਹਾਂ ਦੀ ਪ੍ਰਾਰਥਨਾ ਹੈ ਅਤੇ ਪ੍ਰਾਰਥਨਾ ਹੀ ਸਾਡੀ ਸਾਰੀ ਕਾਮਯਾਬੀ ਦੀ ਤਹਿ ਵਿਚ ਕੰਮ ਕਰਦੀ ਰਹਿੰਦੀ ਹੈ। ਇੱਛਾ ਹੀ ਹਰ ਉੱਨਤੀ ਦੇ ਪਿੱਛੇ ਹੁੰਦੀ ਹੈ ਤੇ ਸਭਿਅਤਾ ਇਸੇ ਤੇ ਹੀ ਨਿਰਭਰ ਰੱਖਦੀ ਹੈ। ਸਾਡੇ ਸ਼ਹਿਰ ਬਣਾਉਣ ਵਾਲਿਆਂ ਦੀ ਇੱਛਾ ਦੇ ਪ੍ਰਤੀਨਿੱਧ ਹਨ। ਰੇਲ ਦੀਆਂ ਪਟੜੀਆਂ, ਕਾਢਕਾਰਾਂ ਦੀਆਂ ਕਾਢਾਂ ਤੇ ਮਿਸਤਰੀਆਂ ਦੀਆਂ ਇੱਛਾਵਾਂ ਦਾ ਬਾਹਰਲਾ ਰੂਪ ਹਨ। ਸਾਡੇ ਘਰ ਦੀਆਂ ਸਾਡੀਆਂ ਸਾਕਾਰ ਇੱਛਾਵਾਂ ਹਨ। ਸਾਡੀਆਂ ਲਾਇਬ੍ਰੇਰੀਆਂ ਸਾਡੇ ਲੇਖਕਾਂ ਦੀਆਂ ਅਨੰਤ ਇੱਛਾਵਾਂ ਦਾ ਪ੍ਰਗਟਾ ਹਨ। ਸਾਡੇ ਸਕੂਲ, ਕਾਲਜ ਤੇ ਯੂਨੀਵਰਸਟੀਆਂ ਬਣਾਉਣ ਵਾਲਿਆਂ ਦੀਆਂ ਪੂਰੀਆਂ ਹੋਈਆਂ ਇੱਛਾਵਾਂ ਦਾ ਰੂਪ ਹਨ। ਸਾਡਾ ਜੀਵਨ, ਸਾਡੇ ਘਰ, ਸਾਡੇ ਮਿੱਤਰ, ਸਾਡੀਆਂ ਰੂਪਮਾਨ ਹੋਈਆਂ ਇੱਛਾਵਾਂ ਹੀ ਤਾਂ ਹਨ।

ਸਾਰੀਆਂ ਮਹਾਨ ਪ੍ਰਾਪਤੀਆਂ, ਖੋਜਾਂ ਅਤੇ ਕਾਢਾਂ, ਜੋ ਦੁਨੀਆ ਵਿਚ ਹੋਈਆਂ ਹਨ, ਇੱਛਾਵਾਂ ਨਾਲ ਛੋਹੀਆਂ ਗਈਆਂ ਸਨ। ਹਰੇਕ ਗਰੀਬ ਮੁੰਡੇ ਕੁੜੀ ਦੀ ਕਾਮਯਾਬੀ ਦਾ ਮੁੱਢ ਲਗਾਤਾਰ ਇੱਛਾ ਤੇ ਕਲਪਣਾ ਤੋਂ ਹੋਇਆ ਹੈ, ਜਿਸ ਨੂੰ ਉਨ੍ਹਾਂ ਨੇ ਹੌਂਸਲੇ ਤੇ ਵਿਸ਼ਵਾਸ ਨਾਲ ਪਾਲਿਆ ਪੋਸਿਆ ਅਤੇ ਉਸ ਨੂੰ ਸੱਚਾ ਕਰ ਵਿਖਾਉਣ ਤੱਕ ਜੁੱਟੇ ਰਹੇ।

ਸਰੀਰਕ ਇੱਛਾਵਾਂ ਅਤੇ ਉਨ੍ਹਾਂ ਇੱਛਾਵਾਂ ਦੇ ਪੂਰਾ ਕਰਨ ਦੇ ਤਰੀਕੇ ਵਿਚ ਅਤੇ ਆਤਮਕ ਇੱਛਾਵਾਂ ਤੇ ਉਨ੍ਹਾਂ ਇੱਛਾਵਾਂ ਦੇ ਪੂਰਾ ਕਰਨ ਦੇ ਤਰੀਕੇ ਵਿਚ ਬੜਾ ਫ਼ਰਕ ਹੁੰਦਾ ਹੈ। ਆਤਮਕ ਇੱਛਾ ਤਾਂ ਸੱਚ ਮੁੱਚ ਸਾਡੇ ਅੰਦਰ ਈਸ਼ਵਰੀ ਉਤੇਜਨਾ ਹੈ। ਇਹ ਸਾਡੇ ਦਿਲ ਦੀਆਂ ਖਿੜਕੀਆਂ ਨੂੰ ਖੋਲ੍ਹ ਦਿੰਦੀ ਹੈ ਅਤੇ ਸਾਨੂੰ ਉਨ੍ਹਾਂ ਅਸਲੀ ਗੱਲਾਂ ਦੀ ਝਲਕ ਦਿਖਾ ਦਿੰਦੀ ਹੈ ਜਿਹੜੀਆਂ ਸਾਡੇ ਲਈ ਦੁਨਿਆਵੀ ਜੀਵਨ ਦੀ ਨੀਂਹ ਰੱਖਣ ਵੇਲੇ ਤਿਆਰ ਕਰ ਦਿੱਤੀਆਂ ਗਈਆਂ ਸਨ। ਇਹ ਇੱਛਾਵਾਂ ਕੋਈ ਨਿਰਮੂਲ ਖ਼ਿਆਲ ਹੀ ਨਹੀਂ ਸਗੋਂ ਇੱਛਤ ਵਸਤਾਂ ਦਾ ਮੂਲ, ਅਣਦੇਖੀਆਂ ਚੀਜ਼ਾਂ ਦੀ ਅਸਲੀਅਤ ਅਤੇ ਦੁਨੀਆ ਵਿਚ ਜ਼ਾਹਿਰ ਹੋ ਜਾਣ ਵਾਲਿਆਂ ਗੱਲਾਂ ਦੀ ਲਾਮ ਡੋਰੀ ਹਨ।

ਸਾਧਾਰਨ ਤੌਰ ਤੇ ਅਸੀਂ ਖ਼ਿਆਲ ਕਰਿਆ ਕਰਦੇ ਹਾਂ ਕਿ ਜੋ ਕੁਝ ਅਸੀਂ ਦੁਨੀਆ ਵਿਚ ਕਰਦੇ ਹਾਂ ਜਾਂ ਜੋ ਕੁਝ ਸਾਡੀ ਜ਼ਿੰਦਗੀ ਦਾ ਕੰਮ ਹੈ ਉਹ ਸਭ ਕੁਝ ਸਾਡੀ ਚੋਣ ਕਰਕੇ ਹੁੰਦਾ ਹੈ। ਇਉਂ ਨਹੀਂ ਸਗੋਂ ਜੇ ਅਸੀਂ ਈਮਾਨਦਾਰੀ ਤੇ ਸੱਚੇ ਦਿਲ ਨਾਲ ਖੋਜ ਕਰੀਏ ਤਾਂ ਪਤਾ ਲੱਗੇਗਾ ਕਿ ਸਾਡੇ ਅੰਦਰ ਕੋਈ ਚੀਜ਼ ਹੈ, ਜੋ ਪਹਿਲੋਂ ਹੀ ਨਿਸਚਿਤ ਕੀਤੇ ਗਏ ਕੰਮ ਵੱਲ ਸਾਨੂੰ ਲਿਜਾ ਰਹੀ ਹੈ।

ਕੋਈ ਮੁੰਡਾ 'ਮੁੰਡੇ ਦੀ ਲੋੜ' ਦੇ ਇਸ਼ਤਿਹਾਰ ਦਾ ਜਵਾਬ ਦਿੰਦਾ ਹੈ ਅਤੇ ਅਜੇਹੇ ਥਾਂ ਲੱਗ ਜਾਂਦਾ ਹੈ ਜੋ ਉਸ ਦੇ ਯੋਗ ਨਹੀਂ ਪਰ ਰੱਬੀ ਉਤੇਜਨਾ ਉਸ ਨੂੰ ਉਦੋਂ ਤੱਕ ਟਿਕਣ ਨਹੀਂ ਦੇਵੇਗੀ ਜਦੋਂ ਤੱਕ ਉਹ ਆਪਣੀ ਥਾਂ ਬਦਲ ਨਹੀਂ

ਲੈਂਦਾ, ਮੁੜ ਮੁੜ ਕੇ ਅਢੁਕਵੀਆਂ ਥਾਵਾਂ ਤੇ ਲੱਗਦਾ ਜਾਏ ਤਾਂ ਉਸ ਦੇ ਅੰਦਰਲੀ ਆਵਾਜ਼ ਇੱਛਾ, ਚਾਹਨਾ ਜਾਂ ਰੱਬੀ ਅਗਵਾਈ ਭਾਵੇਂ ਕੁਝ ਵੀ ਕਹਿ ਲਉ ਉਸ ਦਾ ਪਿੱਛਾ ਕਰਦੀ ਰਹੇਗੀ ਜਦੋਂ ਤੱਕ ਕਿ ਉਹ ਕਿਸੇ ਯੋਗ ਥਾਂ ਤੇ ਨਹੀਂ ਲੱਗ ਜਾਂਦਾ।

ਅਸੀਂ ਇਸ ਵਿਚ ਯਕੀਨ ਨਹੀਂ ਕਰ ਸਕਦੇ ਕਿ ਅਮਰੀਕਾ ਦਾ ਪ੍ਰਧਾਨ ਅਬਰਾਹਮ ਲਿੰਕਨ ਰੱਬ ਸਬਬੀ ਜਾਂ ਨਿੱਜੀ ਸੁਆਰਥ ਦੇ ਪਿੱਛੇ ਲੱਗ ਕੇ ਹੀ 'ਵਾਈਟ ਹਾਊਸ' ਵਿਚ ਪੁੱਜ ਗਿਆ ਸੀ। ਸਗੋਂ ਜਿਸ ਕੰਮ ਲਈ ਉਹਦਾ ਪਿਛਲਾ ਤਜਰਬਾ ਉਹਨੂੰ ਤਿਆਰ ਕਰਦਾ ਸੀ, ਪਰਮਾਤਮਾ ਨੇ ਉਸ ਕੰਮ ਵਿਚ ਉਸ ਨੂੰ ਰਾਹ ਦਿਖਾਇਆ ਸੀ।

ਇਹ ਰੱਬੀ ਉਤੇਜਨਾ, ਜਿਸ ਨੇ ਲਿੰਕਨ ਨੂੰ ਜੰਗਲ ਵਿਚੋਂ ਕੱਢ ਕੇ ਵਾਈਟ ਹਾਊਸ ਤੱਕ ਪਹੁੰਚਾ ਦਿੱਤਾ ਸੀ, ਹਰ ਇਕ ਬੰਦੇ ਵਿਚ ਕੰਮ ਕਰ ਰਹੀ ਹੁੰਦੀ ਹੈ। ਹਰੇਕ ਮਨੁੱਖ ਦੇ ਜਨਮ ਸਮੇਂ ਉਸ ਦੇ ਨਾਲ ਹੀ ਇਕ ਈਸ਼ਵਰੀ ਸ਼ਕਤੀ ਵੀ ਨੀਯਤ ਹੋ ਜਾਂਦੀ ਹੈ ਅਤੇ ਇਹ ਜੀਵਨ ਭਰ ਉਸਦਾ ਸਾਥ ਦਿੰਦੀ ਹੈ। ਇਹ ਸਦਾ ਸਿੱਧੇ ਰਾਹ ਵੱਲ ਇਸ਼ਾਰਾ ਕਰਦੀ ਰਹਿੰਦੀ ਹੈ ਅਤੇ ਪੁਠੇ ਰਾਹ ਤੋਂ ਵਰਜਦੀ ਰਹਿੰਦੀ ਹੈ। ਜੇ ਅਸੀਂ ਈਸ਼ਵਰੀ ਸ਼ਕਤੀ ਦੇ ਇਸ਼ਾਰਿਆਂ ਤੇ ਚਲੀਏ ਤਾਂ ਜ਼ਰੂਰ ਹੀ ਆਪਣੇ ਟਿਕਾਣੇ ਤੇ ਪਹੁੰਚ ਜਾਵਾਂਗੇ।

ਜਿਨ੍ਹਾਂ ਮੁੰਡਿਆਂ ਨੇ ਖੇਤਾਂ ਵਿਚ ਵਾਹੀ ਤੋਂ ਤਰੱਕੀ ਕਰਦਿਆਂ ਆਪਣੇ ਪਿੰਡਾਂ ਤੋਂ ਬਾਹਰ ਜਾ ਕੇ ਦੁਨੀਆ ਦੇ ਇਤਹਾਸ ਵਿਚ ਨਾਉਂ ਪੈਦਾ ਕੀਤਾ ਹੈ ਉਨ੍ਹਾਂ ਨੂੰ ਆਪਣੀ ਪਹਿਲੀ ਦਸ਼ਾ ਵਿਚ ਇਸ ਗੱਲ ਦਾ ਕਦੇ ਸੁਪਨਾ ਵੀ ਨਹੀਂ ਆਇਆ ਹੋਣਾ ਕਿ ਉਨ੍ਹਾਂ ਦੀ ਤੱਕਦੀਰ ਵਿਚ ਏਡੇ ਮਹਾਨ ਕੰਮ ਕਰਨੇ ਲਿਖੇ ਹੋਏ ਸਨ। ਉਹ ਈਸ਼ਵਰੀ ਸ਼ਕਤੀ ਬਾਰੇ ਬਹੁਤੀ ਵਿਚਾਰ ਤੇ ਘੋਖ ਤੋਂ ਬਿਨਾਂ ਉਸ ਦੇ ਇਸ਼ਾਰਿਆਂ ਤੇ ਚਲੇ।

ਸਾਡੇ ਵਿਸ਼ਾਲ ਮਨ ਵਿਚਲੀ ਭੇਦ ਭਰਪੂਰ ਬੇਚੈਨੀ ਜਿਹੜੀ ਹਰ ਵੇਲੇ ਸਾਨੂੰ ਉਤੇਜਿੱਤ ਕਰਦੀ ਰਹਿੰਦੀ ਹੈ, ਉਸ ਰੱਬੀ ਸਿਧਾਂਤ ਦਾ ਪ੍ਰਗਟਾ ਹੈ ਜੋ ਕਾਇਨਾਤ ਦੇ ਹਰ ਅਣੂ ਪ੍ਰਮਾਣੂ ਵਿਚ ਮੌਜੂਦ ਹੈ। ਇਹ ਉਹ ਈਸ਼ਵਰੀ ਉਤੇਜਨਾ ਹੈ ਜੋ ਹਰ ਚੀਜ਼ ਨੂੰ ਉਚੇਰੀ ਤੋਂ ਉਚੇਰੀ ਪੱਧਰ ਵੱਲ ਪਰੇਰਦੀ ਰਹਿੰਦੀ ਹੈ। ਕਾਇਨਾਤ ਦੀ ਹਰੇਕ ਵਸਤੂ ਉੱਚੇ ਤੋਂ ਉੱਚੇ ਪ੍ਰਗਟਾ ਤੇ ਸੰਪੂਰਨਤਾ, ਅਰਥਾਤ ਰੱਬ ਵੱਲ, ਜਾ ਰਹੀ ਹੈ।

ਅਸੀਂ ਇਸ ਦੁਨੀਆ ਵਿਚ ਇਸ ਲਈ ਆਏ ਹਾਂ ਕਿ ਆਪਣੇ ਉੱਚੇ ਤੋਂ ਉੱਚੇ ਆਦਰਸ਼ ਨੂੰ ਪ੍ਰਗਟਾ ਕੇ ਅਤੇ ਆਪਣੀ ਸਮਰੱਥਾ ਮੁਤਾਬਿਕ ਅਤਿ ਚੰਗੇਰੇ ਕੰਮ ਕਰ ਕੇ ਮਨੁੱਖ-ਮਾਤਰ ਨੂੰ ਉਚੇਰੀ ਪੱਧਰ ਤੇ ਲਿਜਾ ਸਕੀਏ।

ਅੰਜੀਲ ਵਿਚ ਲਿਖਿਆ ਹੈ ਕਿ 'ਮੈਨੂੰ ਧਰਮ ਦੀ ਖਾਤਰ ਪੈਦਾ ਕੀਤਾ ਗਿਆ ਹੈ ਅਤੇ ਇਹ ਧਰਮ ਲੈ ਕੇ ਮੈਂ ਦੁਨੀਆ ਵਿਚ ਆਇਆ ਹਾਂ ਕਿ ਮੈਂ ਸਚਾਈ ਦੀ ਗਵਾਹੀ ਦੇਵਾਂ।'

ਬਹੁਤੇ ਲੋਕਾਂ ਨੂੰ ਇਹ ਖ਼ਿਆਲ ਵੀ ਨਹੀਂ ਆਉਂਦਾ ਕਿ ਉਹ ਕਿਸੇ ਵਿਸ਼ੇਸ਼ ਮੰਤਵ ਨਾਲ ਦੁਨੀਆ ਵਿਚ ਆਏ ਹਨ ਅਤੇ ਉਨ੍ਹਾਂ ਦਾ ਫਰਜ਼ ਹੈ ਕਿ ਸਚਾਈ ਦੀ ਗਵਾਈ ਦੇਣ। ਉਹ ਇੰਨਾਂ ਵੀ ਅਨੁਭਵ ਨਹੀਂ ਕਰਦੇ ਕਿ ਜੋ ਸੰਦੇਸ਼ ਜਨਮ ਸਮੇਂ ਉਨ੍ਹਾਂ ਨੂੰ ਮਿਲਿਆ ਸੀ, ਉਹ ਉਸ ਨੂੰ ਪੂਰਿਆਂ ਕਰਨ ਦੇ ਜ਼ਿੰਮੇਵਾਰ ਹਨ। ਬਹੁਤ ਸਾਰੇ ਮਨੁੱਖ ਹਰ ਚੀਜ਼ ਨੂੰ ਆਪਣੇ ਹੱਥ ਹੇਠ ਕਰਨ ਲਈ ਇਉਂ ਜੁੱਟੇ ਹੋਏ ਹਨ ਜਿਵੇਂ ਉਹ ਜੰਮੇ ਹੀ ਇਸੇ ਕੰਮ ਲਈ ਸਨ-ਉਨ੍ਹਾਂ ਨੂੰ ਆਪਣੇ ਤੇ ਆਪਣੇ ਟੱਬਰ ਤੋਂ ਬਿਨਾਂ ਹੋਰ ਕਿਸੇ ਦਾ ਦੁੱਖ ਦਰਦ ਨਹੀਂ ਹੈ। ਦੂਜੇ ਸ਼ਬਦਾਂ ਵਿਚ ਇਹ ਗੱਲ ਇਸ ਤਰ੍ਹਾਂ ਕਹੀ ਜਾ ਸਕਦੀ ਹੈ ਕਿ ਬਹੁਤ ਥੋੜੇ ਲੋਕ ਅਜੇਹੇ ਹਨ ਜਿਹੜੇ ਇਸ ਗੱਲ ਨੂੰ ਸਮਝਦੇ ਕਿ ਉਹ ਦੁਨੀਆ ਵਿਚ ਕਿਸੇ ਖਾਸ ਮੰਤਵ ਲਈ ਆਏ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਦਾ ਮਤਲਬ ਕੇਵਲ ਇਹ ਹੀ ਹੈ ਕਿ ਉਹ ਆਪਣੀਆਂ ਹੀ

ਇੱਛਾਵਾਂ ਨੂੰ ਪੂਰਾ ਕਰਨ, ਦੂਜਿਆਂ ਦੀਆਂ ਬੀਜੀਆਂ ਫਸਲਾਂ ਕੱਟਣ ਅਤੇ ਉਹਦੇ ਬਦਲੇ ਵਿਚ ਆਪ ਕੁਝ ਵੀ ਨਾ ਦੇਣ ਅਤੇ ਜੋ ਕੁਝ ਦਿਖਾਈ ਦੇਵੇ ਉਸ ਨੂੰ ਆਪਣਾ ਹੀ ਮਾਲ ਸਮਝਣ ਮਾਨੋ ਦੁਨੀਆ ਉਨ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਦੀ ਹੀ ਸ਼ਿਕਾਰਗਾਹ ਹੈ, ਜਿੱਥੋਂ ਜੋ ਚੀਜ਼ ਚਾਹੁਣ ਬਿਨਾਂ ਮੁੱਲ ਦਿੱਤੇ ਆਪਣੇ ਖੀਸੇ ਵਿਚ ਪਾਉਂਦੇ ਚਲੇ ਜਾਣ। ਇਹ ਗੱਲ ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦੀ ਕਿ ਕਰੋੜਾਂ ਅਰਬਾਂ ਲੋਕ, ਜੋ ਸਾਥੋਂ ਪਹਿਲਾਂ ਇਸ ਦੁਨੀਆ ਵਿਚ ਰਹਿ ਗਏ ਹਨ, ਅਸਲ ਵਿਚ ਉਹ ਦੁਨੀਆ ਨੂੰ ਸਾਡੇ ਲਈ ਤਿਆਰ ਕਰਦੇ ਰਹੇ ਸਨ। ਅਸੀਂ ਉਨ੍ਹਾਂ ਦੇ ਵਾਰਸ ਹਾਂ ਅਤੇ ਸਾਡਾ ਫਰਜ਼ ਹੈ ਕਿ ਜਿਹੜੇ ਲੋਕ ਸਾਡੇ ਪਿੱਛੋਂ ਇਥੇ ਆਉਣ ਅਸੀਂ ਉਨ੍ਹਾਂ ਲਈ ਆਪਣੇ ਪ੍ਰਾਪਤ ਕੀਤੇ ਵਿਰਸੇ ਵਿਚ ਕੁਝ ਵਾਧਾ ਕਰੀਏ। ਵਰਤਮਾਨ ਕਾਲ ਦੇ ਲੋਕਾਂ ਨੂੰ ਬੀਤੇ ਸਮਿਆਂ ਦੇ ਲੋਕਾਂ ਦੇ ਜਤਨਾਂ ਦੇ ਨਤੀਜੇ ਵਿਰਸੇ ਵਿਚ ਮਿਲੇ ਹਨ। ਅਸੀਂ ਉਨ੍ਹਾਂ ਕਾਢਾਂ, ਉਨ੍ਹਾਂ ਖੋਜਾਂ, ਉਨ੍ਹਾਂ ਸੁੱਖ ਆਰਾਮ ਦੇ ਸਾਧਨਾਂ ਦਾ ਸੁਆਦ ਮਾਣ ਰਹੇ ਹਾਂ, ਜਿਹੜੇ ਕਾਢਕਾਰਾਂ ਖੋਜੀਆਂ ਤੇ ਹੋਰ ਕਾਮਯਾਬ ਹੋਏ ਲੋਕਾਂ ਦੀਆਂ ਤੱਕਲੀਫਾਂ, ਔਕੜਾਂ ਅਤੇ ਕੋਸ਼ਿਸ਼ਾਂ ਦਾ ਫਲ ਹਨ। ਉਨ੍ਹਾਂ ਲੋਕਾਂ ਨੇ ਮਨੁੱਖੀ ਜੀਵਨ ਦੀ ਪੱਧਰ ਉਚੇਰੀ ਕਰਨ ਲਈ ਬੜੇ ਬੜੇ ਦੁੱਖ ਤੇ ਕਸ਼ਟ ਝੱਲੇ। ਸਾਨੂੰ ਵੀ ਦੁਨੀਆ ਵਿਚ ਇਸ ਮਤਲਬ ਲਈ ਘਲਿਆ ਗਿਆ ਹੈ ਕਿ ਅਸੀਂ ਆਪਣੀ ਰੱਬੀ ਕਲਪਣਾਵਾਂ ਨੂੰ ਸਾਕਾਰ ਕਰਨ ਵਿਚ ਕੁਝ ਕਦਮ ਅਗੇਰੇ ਪੁਟੀਏ।

ਅਜੇਹੇ ਕੰਮ ਕਰਨ ਦਾ ਤਰੀਕਾ ਇਹੋ ਹੀ ਹੈ ਕਿ ਅਸੀਂ ਆਪਣੀਆਂ ਕਲਪਣਾਵਾਂ ਅਤੇ ਆਤਮਕ ਇੱਛਾਵਾਂ ਦੀ ਪੈਰਵੀ ਕਰੀਏ। ਤੁਸੀਂ ਉਸ ਖ਼ਿਆਲ ਵੱਲ ਖਿਚੇ ਜਾ ਰਹੇ ਹੋ ਜਿਸ ਦਾ ਚਿੱਤਰ ਤੁਸਾਂ ਨੇ ਆਪਣੇ ਮਨ ਵਿਚ ਖਿਚਿਆ ਹੋਇਆ ਹੈ। ਤੁਸੀਂ ਆਪਣੇ ਮਨ ਤੇ ਛਾਏ ਰਹਿਣ ਵਾਲੇ ਖ਼ਿਆਲ, ਇੱਛਾ ਤੇ ਮੰਤਵ ਤੋਂ ਸਿਵਾ ਹੋਰ ਕਿਸੇ ਪਾਸੇ ਵੀ ਪੂਰੀ ਤਰ੍ਹਾਂ ਤਰੱਕੀ ਨਹੀਂ ਕਰ ਸਕਦੇ। ਕਿਸੇ ਵੇਲੇ ਤੁਹਾਨੂੰ ਇਹ ਪਤਾ ਲੱਗ ਜਾਏਗਾ ਕਿ ਤੁਹਾਡੇ ਆਚਰਣ ਦੀ ਉਸਾਰੀ ਤੇ ਤੁਹਾਡੀਆਂ

ਪ੍ਰਾਪਤੀਆਂ ਦਾ ਵੱਡਾ ਭੇਤ ਮਨੋ-ਚਿੱਤਰਾਂ ਦੇ ਮੁੜ ਮੁੜ ਚਿਤਵਨ ਵਿਚ ਲੁਕਿਆ ਹੋਇਆ ਹੈ।

ਮਨੋ-ਚਿੱਤਰਾਂ ਦੀ ਪੈਰਵੀ ਜਤਨ ਇਉਂ ਹੀ ਕਰਦੇ ਹਨ ਜਿਵੇਂ ਪ੍ਰਾਪਤੀਆਂ ਦੇ ਜਤਨਾਂ ਦੀ। ਕਾਮਯਾਬ ਮਨੁੱਖਾਂ ਨੂੰ ਵਡਿਆਈ ਧੁਰੋਂ ਨਹੀਂ ਮਿਲੀ, ਇਹ ਉਨ੍ਹਾਂ ਦੇ ਜਤਨਾਂ ਦਾ ਫਲ ਸੀ। ਦੁਨੀਆ ਦੀ ਭਲਾਈ ਕਰਨ ਵਾਲੇ ਮਾਂ ਦੇ ਪੇਟੋਂ ਹੀ ਅਜੇਹੇ ਬਣ ਕੇ ਨਹੀਂ ਆਉਂਦੇ, ਇਨ੍ਹਾਂ ਗੁਣਾਂ ਦੇ ਸੁਆਮੀ, ਉਹ, ਕਰੜੀ ਘਾਲ ਨਾਲ ਬਣਦੇ ਹਨ।

'ਰੱਬ ਦੇ ਪੁੱਤਰ' ਈਸਾ ਜੀ ਨੇ ਜਦੋਂ ਆਪਣੇ ਵਿਸ਼ਵਾਸੀਆਂ ਨੂੰ ਇਹ ਕਿਹਾ ਸੀ ਕਿ 'ਤੁਸੀਂ ਵੀ ਰੱਬ ਦੇ ਪੁੱਤਰ ਹੋ ਤਾਂ ਉਨ੍ਹਾਂ ਨੇ ਇਹ ਕੋਈ ਅਪਹੁੰਚ ਆਦਰਸ਼ ਨਹੀਂ ਸੀ ਦੱਸਿਆ ਪਰ ਇਉਂ ਅੱਗੇ ਕਿਸੇ ਨਹੀਂ ਸੀ ਆਖਿਆ। ਉਸ ਨੇ ਮੁੜ ਮੁੜ ਕੇ ਆਪਣੇ ਵਿਸ਼ਵਾਸਿਆਂ ਨੂੰ ਫਰਮਾਇਆ ਕਿ 'ਜੋ ਕੁਝ ਮੈਂ ਕਰ ਸਕਿਆ ਹਾਂ, ਮੇਰੇ ਪਿੱਛੋਂ ਆਉਣ ਵਾਲੇ ਉਸ ਨਾਲੋਂ ਵੀ ਵਧੀਕ ਕਰ ਸਕਦੇ ਹਨ।' ਆਪਣੀ ਸਾਰੀ ਸਿੱਖਿਆ ਵਿਚ ਈਸਾ ਜੀ ਨੇ ਮਨੁੱਖ ਜਾਤੀ ਨੂੰ ਉਸ ਦੀ ਰੱਬਤਾ ਦਾ ਯਕੀਨ ਦੁਆਇਆ। ਜਦੋਂ ਉਨ੍ਹਾਂ ਨੇ ਕਿਹਾ ਸੀ ਕਿ 'ਮੈਂ ਤੇ ਮੇਰੇ ਬਾਪ ਇਕੋ ਕੁਝ ਹਾਂ' ਤਾਂ ਉਨ੍ਹਾਂ ਦਾ ਭਾਵ ਅਪਣੀ ਮਹੱਤਤਾ ਜਤਾਉਣਾ ਨਹੀਂ ਸੀ। ਉਹ ਆਪਣੇ ਵਿਸ਼ਵਾਸੀਆਂ ਨੂੰ ਸਦਾ ਦ੍ਰਿੜ੍ਹ ਕਰਾਉਂਦੇ ਰਹਿੰਦੇ ਸਨ ਕਿ 'ਜੋ ਕੁਝ ਮੈਂ ਕਰ ਸਕਿਆ ਹਾਂ ਤੁਸੀਂ ਵੀ ਕਰ ਸਕਦੇ ਹੋ ਅਤੇ ਜੇ ਤੁਸੀਂ ਮੇਰੇ ਵਰਗੀਆਂ ਕਰਾਮਤਾਂ ਨਹੀਂ ਵਿਖਾ ਸਕੇ ਤਾਂ ਇਸ ਦਾ ਕਾਰਣ ਇਹ ਹੈ ਕਿ ਤੁਹਾਨੂੰ ਆਪਣੀ ਰੱਬਤਾ ਤੇ ਪੂਰਾ ਵਿਸ਼ਵਾਸ ਨਹੀਂ।'
ਅਸੀਂ ਆਪਣੀ ਕਲਪਣਾ ਮੁਤਾਬਕ ਤਰੱਕੀ ਕਰ ਸਕਦੇ ਹਾਂ। ਸਾਰੀਆਂ ਤਰੱਕੀਆਂ ਤੇ ਉਨਤੀਆਂ ਪਹਿਲੋਂ ਖ਼ਿਆਲ ਵਿਚ ਹੁੰਦੀਆਂ ਹਨ। ਇਨ੍ਹਾਂ ਦੀ ਨੀਂਹ ਅੰਦਰਲੀਆਂ ਅੱਖਾਂ ਨਾਲ ਵੇਖੇ ਚਿੱਤਰਾਂ ਤੇ ਹੁੰਦੀ ਹੈ। ਹਰ ਕੰਮ ਦਾ ਆਰੰਭ ਮਾਨਸਿਕ ਚਿੱਤਰ

ਨਾਲ ਹੁੰਦਾ ਹੈ ਅਤੇ ਉਸ ਦਾ ਨਤੀਜਾ ਉਸ ਦੀ ਕਿਸਮ ਅਤੇ ਨਿਸਚੇ ਦੀ ਪਰਪਕਤਾ ਤੇ ਨਿਰਭਰ ਰੱਖਦਾ ਹੈ।

ਗੌਤਮ ਬੁਧ ਨੇ ਨਿਰਵਾਨ ਦੀ ਪਦਵੀ ਆਪਣੇ ਮਾਨਸਿਕ ਚਿੱਤਰ ਵੱਲ ਕੇਂਦਰਤ ਰਹਿ ਕੇ ਕੀਤੀ। ਜਾਰਜ ਵਾਸ਼ਿੰਗਟਨ ਨੇ ਆਪਣਾ ਸਾਰਾ ਧਿਆਨ ਆਜ਼ਾਦੀ ਦੇ ਚਿੱਤਰ ਉਤੇ ਅਜਿਹਾ ਕੇਂਦਰਤ ਕੀਤਾ ਕਿ ਉਹਦਾ ਬਣਾਇਆ ਹੋਇਆ ਲੋਕ-ਰਾਜ ਸਾਰੀ ਦੁਨੀਆ ਲਈ ਨਮੂਨੇ ਦਾ ਰਾਜ ਹੋਵੇ। ਉਹ ਉਦੋਂ ਤੱਕ ਨਾ ਟਲਿਆ ਜਦੋਂ ਤੱਕ ਕਿ ਉਸ ਨੇ ਆਪਣੇ ਉਸ ਖ਼ਿਆਲ ਨੂੰ ਰੂਪਮਾਨ ਨਾ ਕਰ ਲਿਆ।

ਐਂਡਰੀਉ ਕਾਰਨੇਗੀ ਲੋਹੇ ਦੇ ਕੰਮ-ਕਾਰ ਵਿਚ ਸਭ ਤੋਂ ਅੱਗੇ ਰਿਹਾ ਉਹਨੇ ਆਪਣੇ ਖ਼ਿਆਲੀ ਦ੍ਰਿਸ਼ ਨੂੰ ਹਰ ਵੇਲੇ ਸਾਹਮਣੇ ਰੱਖਿਆ ਅਤੇ ਉਸ ਨੂੰ ਰੂਪਮਾਨ ਕਰਨ ਲਈ ਸਦਾ ਕੋਸ਼ਿਸ਼ ਕਰਦਾ ਰਿਹਾ।

ਜਾਨ ਵਾਨਾਮੇਕਰ ਜੋ ਕੁਝ ਵੀ ਬਣਿਆ ਉਹ ਆਪਣੇ ਖ਼ਿਆਲੀ ਚਿੱਤਰ ਉਤੇ ਪੂਰਾ ਧਿਆਨ ਦੇ ਕੇ ਹੀ ਬਣਿਆ ਉਹ ਹਰ ਵੇਲੇ ਉਸ ਆਦਰਸ਼ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਰਿਹਾ। ਉਹ ਸਦਾ ਹੀ ਆਪਣੇ ਮਹਾਨ ਕਾਰੋਬਾਰ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਤਰਦੱਦ ਕਰਦਾ ਰਿਹਾ।

ਹਰੇਕ ਆਦਮੀ ਆਪਣੇ ਉਸ ਖ਼ਿਆਲ ਦੇ ਮੁਤਾਬਕ ਬਣ ਜਾਂਦਾ ਹੈ, ਜਿਹੜਾ ਖ਼ਿਆਲ ਉਸ ਦੇ ਮਨ ਤੇ ਛਾਇਆ ਰਹਿੰਦਾ ਹੈ ਅਤੇ ਜਿਸ ਦੀ ਪ੍ਰਾਪਤੀ ਲਈ ਉਹ ਲਗਾਤਾਰ ਜੁਟਿਆ ਰਹਿੰਦਾ ਹੈ। ਜਿਸ ਖ਼ਿਆਲ ਵੱਲ ਉਹਦਾ ਧਿਆਨ ਹਰ ਵੇਲੇ ਲੱਗਿਆ ਰਹਿੰਦਾ ਹੈ ਉਸ ਨੂੰ ਉਹ ਜ਼ਰੂਰ ਕਰਮ ਭੂਮੀ ਵਿਚ ਪੂਰਾ ਕਰ ਕੇ ਦਿਖਾ ਦੇਂਦਾ ਹੈ।

ਕਾਂਡ ੩

ਖੇੜੇ ਦੀ ਖੇਡ

'ਮੈਂ ਲੜਾਈ ਨਹੀਂ ਲੜ ਰਿਹਾ ਮੈਂ ਤਾਂ ਆਪਣਾ ਗੀਤ ਗਾ ਰਿਹਾ ਹਾਂ।'

ਜੀਵਨ ਇਕ ਖੁਸ਼ੀ ਭਰਿਆ ਮਿੱਠਾ ਗੀਤ ਹੋਣਾ ਚਾਹੀਦਾ ਹੈ ਨਾ ਕਿ ਇਕ ਮਾਰੂ ਰਾਗ ਜਿਹਾ ਕਿ ਇਹ ਬਹੁਤ ਸਾਰੇ ਮਨੁੱਖਾਂ ਲਈ ਹੈ। ਕਾਦਰ ਦੀ ਮਨਸ਼ਾ ਇਹ ਸੀ ਕਿ ਜੀਵਨ ਇਕ ਸਾਕਾਰ ਸ਼ਾਨ ਹੋਵੇ ਨਾ ਕਿ ਕਲੇਸ਼।

ਨਵਾਂ ਫ਼ਲਸਫ਼ਾ ਇਹ ਸਿਖਾਉਂਦਾ ਹੈ ਕਿ ਹੁਣ ਦੇ ਅਤਿ ਖੁਸ਼ ਮਨੁੱਖ ਨਾਲੋਂ ਵੀ ਹਰ ਮਨੁੱਖ ਵਧੇਰਾ ਪ੍ਰਸੰਨ ਹੋਣਾ ਚਾਹੀਦਾ ਹੈ। ਸਾਡੇ ਜੀਵਨ ਵਰਤਮਾਨ ਨਾਲੋਂ ਕਈ ਗੁਣਾ ਵੱਧ ਅਮੀਰ, ਮਹਾਨ ਅਤੇ ਸ਼ਾਨਦਾਰ ਹੋਣ ਲਈ ਸਨ।

ਕੀ ਤੁਸਾਂ ਆਪਣੇ ਜੀਵਨ ਵਿਚ ਕੋਈ ਅਜੇਹੀ ਘੜੀ ਵੀ ਅਨੁਭਵ ਕੀਤੀ ਹੈ ਜਿਸ ਨੂੰ ਤੁਸੀਂ ਸਦਾ ਲਈ ਸਥਿਰ ਬਣਾਉਣਾ ਚਾਹੁੰਦੇ ਹੋ? ਮੇਰਾ ਯਕੀਨ ਹੈ ਕਿ ਉਹ ਵਕਤ ਜ਼ਰੂਰ ਆਏਗਾ ਜਦੋਂ ਤੁਹਾਡੀ ਪ੍ਰਸੰਨਤਾ ਤੇ ਸੰਤੁਸ਼ਟਤਾ ਦੀ ਸਾਧਾਰਨ ਅਵਸਥਾ ਉਸ ਘੜੀ ਨਾਲੋਂ ਵੀ ਵਧੇਰੀ ਪ੍ਰਸੰਨ ਤੇ ਖੁਸ਼ੀ ਭਰਪੂਰ ਹੋਵੇਗੀ ਜਿਸ ਨੂੰ ਤੁਸੀਂ ਕਦੇ ਮਾਣਿਆ ਸੀ।

ਇਕ ਲੇਖਕ ਨੇ 'ਐਟਲਾਂਟਿਕ ਮੰਥਲੀ' ਨਾਂ ਦੇ ਰਸਾਲੇ ਵਿਚ 'ਅਸਲੀਅਤ ਦੇ ਵੀਹ ਮਿੰਟ' ਦੇ ਸਿਰਲੇਖ ਹੇਠ ਲਿਖੇ ਲੇਖ ਵਿਚ ਆਪਣੇ ਉਨ੍ਹਾਂ ਤਜਰਬਿਆਂ ਦਾ ਜ਼ਿਕਰ ਕੀਤਾ ਹੈ ਜਿਹੜੇ ਉਸ ਨੇ ਇਕ ਉਪਰੇਸ਼ਨ ਪਿੱਛੋਂ ਹਸਪਤਾਲ ਵਿਚ ਮੁੜ-ਸਿਹਤ ਪ੍ਰਾਪਤੀ ਦੇ ਸਮੇਂ ਵਿਚ ਪ੍ਰਾਪਤ ਕੀਤੇ ਸਨ। ਮਾਰਚ

ਦਾ ਮਹੀਨਾ ਸੀ। ਆਸਮਾਨ ਉੱਤੇ ਬੱਦਲ ਛਾਏ ਹੋਏ ਸਨ ਅਤੇ ਆਲੇ ਦੁਆਲੇ ਵਿਚ ਹੈਰਾਨ ਕਰਨ ਜਾਂ ਅਤਿ ਖੁਸ਼ੀ ਦੇਣ ਵਾਲੀ ਕੋਈ ਵਿਸ਼ੇਸ਼ ਗੱਲ ਨਹੀਂ ਸੀ। ਅਚਣਚੇਤ ਹੀ ਬੀਮਾਰ ਨੇ ਇਉਂ ਮਹਿਸੂਸ ਕੀਤਾ ਜਿਵੇਂ ਉਹ ਚਾਨਣ, ਖੁਸ਼ੀ ਅਤੇ ਖੇੜੇ ਦੀ ਕਿਸੇ ਨਵੀਂ ਦੁਨੀਆ ਵਿਚ ਪਹੁੰਚਾ ਦਿੱਤਾ ਗਿਆ ਹੈ। ਉਸ ਨੇ ਕਿਹਾ 'ਮੈਂ ਨਹੀਂ ਕਹਿ ਸਕਦਾ ਕਿ ਇਹ ਭੇਤ-ਭਰਪੂਰ ਤਬਦੀਲੀ ਕੀ ਸੀ? ਮੈਂ ਕੋਈ ਨਵੀਂ ਚੀਜ਼ ਨਹੀਂ ਵੇਖੀ ਪਰ ਮੈਂ ਸਾਰਿਆਂ ਉਨ੍ਹਾਂ ਹੀ ਚੀਜ਼ਾਂ ਨੂੰ ਨਵੀਂ ਕਰਾਮਾਤੀ ਰੌਸ਼ਨੀ ਵਿਚ ਵੇਖਿਆ ਜੋ, ਮੇਰਾ ਯਕੀਨ ਹੈ ਕਿ, ਉਨ੍ਹਾਂ ਦੀ ਅਸਲੀ ਝਲਕ ਸੀ। ਮੈਂ ਪਹਿਲੀ ਵੇਰ ਅਨੁਭਵ ਕੀਤਾ ਕਿ ਇਹ ਸਾਰਾ ਜੀਵਨ ਇੰਨਾਂ ਸੁਹਪਣ ਤੇ ਖੁਸ਼ੀ ਭਰਿਆ ਹੈ ਕਿ ਮੈਂ ਬਿਆਨ ਨਹੀਂ ਕਰ ਸਕਦਾ।

ਹਰ ਮਨੁੱਖ ਜਿਹੜਾ ਉਸ ਦਰਵਾਜ਼ੇ ਵਿਚੋਂ ਲੰਘਦਾ ਸੀ, ਹਰ ਪੰਛੀ ਜਿਹੜਾ ਉਡਦਾ ਫਿਰਦਾ ਸੀ, ਦਰਖਤਾਂ ਦੀ ਹਰ ਟਾਹਣੀ ਜਿਹੜੀ ਹਵਾ ਨਾਲ ਹਿਲਦੀ ਜੁਲਦੀ ਸੀ ਇਹ ਸਭ ਕੁਝ ਜ਼ਿੰਦਗੀ ਦੀ ਖੂਬਸੂਰਤੀ, ਜ਼ਿੰਦਗੀ ਦੀ ਖੁਸ਼ੀ, ਜ਼ਿੰਦਗੀ ਦੀ ਵਡਤੱਣ, ਜ਼ਿੰਦਗੀ ਦੀ ਮਸਤੀ ਦੇ ਬੇਅੰਤ ਅਨੰਦ ਵਿਚ ਮਸਤ ਜਾਪਦਾ ਸੀ। ਇਨ੍ਹਾਂ ਨੂਰੀ ਘੜੀਆਂ ਵਿਚ ਹਰ ਇਕ ਜਿਉਂਦੀ ਚੀਜ਼, ਜਿਹੜੀ ਮੇਰੇ ਸਾਹਮਣੇ ਆਉਂਦੀ ਸੀ ਵਿਚੋਂ ਮੈਨੂੰ ਪਿਆਰ ਤੇ ਖੇੜਾ ਡਲਕਦਾ ਨਜ਼ਰੀਂ ਪੈਂਦਾ ਸੀ। ਹਵਾ ਵਿਚ ਲਹਿਲਹਾਉਂਦੇ ਦਰੱਖਤ, ਉਡਦੇ ਫਿਰਦੇ ਛੋਟੇ ਛੋਟੇ ਪੰਛੀ, ਹਸਪਤਾਲ ਦੀਆਂ ਨਰਸਾਂ, ਦਾਈਆਂ, ਬੀਮਾਰ ਤੇ ਹੋਰ ਲੋਕ ਜਿਹੜੇ ਵੀ ਆਉਂਦੇ ਜਾਂਦੇ ਸਨ, ਸਾਰੀਆਂ ਵਿਚੋਂ ਪਿਆਰ ਤੇ ਖੇੜੇ ਦੀ ਲਿਸ਼ਕ ਦਿਸਦੀ ਸੀ। ਕੋਈ ਵੀ ਸਜੀਵ ਵਸਤੂ ਅਜੇਹੀ ਨਹੀਂ ਸੀ ਜੋ ਮੇਰੇ ਵਾਸਤੇ ਇਕ ਕਰਾਮਾਤ ਨਹੀਂ ਸੀ। ਪ੍ਰਤੀਤ ਇਉਂ ਹੁੰਦਾ ਸੀ ਕਿ ਜਿਉਂਦਾ ਹੋਣਾ ਹੀ ਆਪਣੇ ਆਪ ਵਿਚ ਇਕ ਕਰਾਮਾਤ ਹੈ। ਮੇਰੀ ਆਤਮਾ ਖੇੜੇ ਵਿਚ ਉਡਾਰੀਆਂ ਲੈਣ ਲੱਗ ਪਈ।

ਜੇ ਅਜੇਹੀ ਖੂਬਸੂਰਤੀ ਦੀ ਦੁਨੀਆ ਵਿਚ ਵੀਹ ਮਿੰਟ ਲਈ ਰਹਿਣਾ ਸੰਭਵ ਹੈ ਤਾਂ ਕੀ ਇਹ ਸੰਭਵ ਨਹੀਂ ਹੋ ਸਕਦਾ ਕਿ ਇਸ ਸਮੇਂ ਨੂੰ ਹੋਰ ਲਮੇਰਾ ਜਾਂ ਸਦੀਵੀ ਬਣਾਇਆ ਜਾ ਸਕੇ? ਅਸੀਂ ਸਾਰੇ ਇਸ ਖੇੜੇ ਵਾਲੀ ਦੁਨੀਆ ਦੀ ਢੂੰਡ ਵਿਚ ਲੱਗੇ ਹੋਏ ਹਾਂ ਪਰ ਸਾਡੇ ਵਿਚੋਂ ਬਹੁਤ ਸਾਰੇ ਇਸ ਦੀ ਭਾਲ ਇਉਂ ਕਰਦੇ ਹਨ ਜਿਵੇਂ ਹੇਠ ਲਿਖੀ ਕਹਾਣੀ ਵਿਚ ਇਕ ਮੁੰਡਾ ਕਰਦਾ ਸੀ।

ਇਕ ਗਰੀਬ ਛੋਟੇ ਜਿਹੇ ਮੁੰਡੇ ਦੀ ਕਹਾਣੀ ਇਉਂ ਹੈ ਕਿ ਉਹ ਇਕ ਟੁੱਟੀ ਹੋਈ ਝੌਂਪੜੀ ਵਿਚ ਰਹਿੰਦਾ ਸੀ। ਇਹ ਟਪਰੀ ਪਹਾੜ ਦੇ ਉੱਤੇ ਬਣੀ ਹੋਈ ਸੀ। ਇਹ ਮੁੰਡਾ ਸੁਪਨੇ ਚਿੱਤਰਨ ਦਾ ਆਦੀ ਸੀ। ਸੂਰਜ ਡੁੱਬਣ ਦੇ ਵੇਲੇ ਬੂਹੇ ਵਿਚ ਬਹਿ ਜਾਂਦਾ ਸੀ ਤੇ ਹੇਠਾਂ ਮੈਦਾਨ ਵੱਲ ਵੇਖਿਆ ਕਰਦਾ ਸੀ। ਮੈਦਾਨ ਵਿਚ ਉਸ ਨੂੰ ਇਕ ਬੜਾ ਸੋਹਣਾ ਘਰ ਦਿਸਦਾ ਜਿਸ ਦੇ ਵਿਚ ਖਿੜਕੀਆਂ ਸੁਨਿਹਰੀ ਰੰਗ ਦੀਆਂ ਲੱਗੀਆਂ ਹੋਈਆਂ ਸਨ। ਉਹ ਘਰ ਮੈਦਾਨ ਦੇ ਪਰਲੇ ਸਿਰੇ ਤੇ ਚਮਕਦਾ ਦਿਖਾਈ ਦਿੰਦਾ ਸੀ।

ਇਹ ਮੁੰਡਾ ਆਪਣੇ ਆਲੇ ਦੁਆਲੇ ਪਸਰੀ ਗਰੀਬੀ ਤੋਂ ਬਹੁਤ ਅਸੰਤੁਸ਼ਟ ਸੀ ਅਤੇ ਮੈਦਾਨ ਦੇ ਉਸ ਮਕਾਨ ਦੇ ਨਜ਼ਾਰੇ ਨੇ, ਜਿੱਥੇ ਉਹ ਕਦੇ ਵੀ ਨਹੀਂ ਸੀ ਗਿਆ, ਉਸ ਨੂੰ ਹੋਰ ਵੀ ਉਦਾਸ ਕਰ ਦਿੱਤਾ। ਉਹ ਹਉਕਾ ਭਰਦਾ ਅਤੇ ਕਹਿੰਦਾ 'ਮੇਰੀ ਝੌਂਪੜੀ ਕਿੰਨੀ ਨਿਕੰਮੀ ਜੇਹੀ ਹੈ। ਜੇ ਮੈਂ ਉਸ ਸੋਹਣੇ ਮਕਾਨ ਵਿਚ ਰਹਿ ਸਕਦਾ ਜਿਸ ਦੀਆਂ ਸੁਨਿਹਰੀ ਖਿੜਕੀਆਂ ਹਨ ਤਾਂ ਮੈਨੂੰ ਕਿੰਨੀ ਖੁਸ਼ੀ ਹੁੰਦੀ?'

ਇਕ ਸੰਝ ਨੂੰ ਉਸ ਮਕਾਨ ਦੀਆਂ ਸੁਨਿਹਰੀ ਬਾਰੀਆਂ ਉਸ ਨੂੰ ਹੋਰ ਵੀ ਜ਼ਿਆਦਾ ਮਨ-ਮੋਹਣੀਆ ਲੱਗੀਆਂ। ਮੁੰਡੇ ਨੂੰ ਇਉਂ ਮਾਲੂਮ ਹੋਇਆ ਜਿਉਂ ਉਹ ਖਿੜਕੀਆਂ ਉਸ ਨੂੰ ਆਪਣੇ ਵੱਲ ਇਸ਼ਾਰਾ ਕਰ ਕੇ ਬੁਲਾ ਰਹੀਆਂ ਹੋਣ। ਫੇਰ ਤਾਂ ਉਸ ਨੇ ਦ੍ਰਿੜ ਨਿਸ਼ਚਾ ਕਰ ਲਿਆ ਕਿ ਉੱਥੇ ਜਾ ਕੇ ਉਸ ਮਕਾਨ ਨੂੰ ਜ਼ਰੂਰ

ਦੇਖੇਗਾ। ਅਗਲੇ ਦਿਨ ਸਵੇਰੇ ਹੀ ਉਸ ਘਰ ਵੱਲ ਚਲ ਪਿਆ। ਸੜਕ ਮਿੱਟੀ ਘੱਟੇ ਨਾਲ ਅਟੀ ਪਈ ਸੀ। ਧੁੱਪ ਤੇਜ਼ ਸੀ ਪਰ ਇਹ ਛੋਟਾ ਮੁਸਾਫਰ ਕੋਈ ਪਰਵਾਹ ਨਾ ਕਰਦਾ ਹੋਇਆ ਚਲਿਆ ਹੀ ਗਿਆ। ਸੂਰਜ ਡੁੱਬਣ ਵੇਲੇ ਉਸ ਮੈਦਾਨ ਦੇ ਪਰਲੇ ਸਿਰੇ ਤੇ ਪਹੁੰਚ ਗਿਆ ਪਰ ਜਿਸ ਅਣੋਖੇ ਘਰ ਨੂੰ ਉਹ ਪਹਾੜ ਦੀ ਚੋਟੀ ਤੋਂ ਵੇਖਿਆ ਕਰਦਾ ਸੀ ਉਸ ਨੂੰ ਕੀ ਹੋਗਿਆ?

ਉਹਨੇ ਵੇਖਿਆ ਕਿ ਇਹ ਤਾਂ ਇਕ ਟੁੱਟਾ, ਪੁਰਾਣਾ ਤੇ ਅੱਧਾ ਢੱਠਾ ਹੋਇਆ ਖੋਲਾ ਹੈ। ਸੁਨਿਹਰੀ ਖਿੜਕੀਆਂ ਕਿਥੇ ਗਈਆਂ? ਅਫਸੋਸ! ਉਥੇ ਤਾਂ ਸੁਨਹਿਰੀ ਰੰਗ ਨਹੀਂ ਸੀ। ਸਾਧਾਰਨ ਟੀਨ ਦੀਆਂ ਤਾਕੀਆਂ ਸਨ, ਉਹ ਵੀ ਟੁੱਟੀਆਂ ਭੱਜੀਆਂ ਤੇ ਮੈਲ ਭਰੀਆਂ। ਮੁੰਡਾ ਥੱਕ ਕੇ ਚੂਰ ਹੋ ਗਿਆ ਸੀ। ਪਿਆਸ ਕਰਕੇ ਉਸ ਦਾ ਮੂੰਹ ਸੁੱਕ ਗਿਆ ਸੀ। ਉਹ ਨਿਰਾਸ਼ ਹੋ ਕੇ ਜ਼ਮੀਨ ਤੇ ਪੈ ਗਿਆ ਤੇ ਉਸ ਉਜੜੇ ਖੋਲੇ ਵੱਲ ਪਿਠ ਕਰ ਕੇ ਹੌਕੇ ਲੈ ਲੈ ਕੇ ਰੋਣ ਲੱਗ ਪਿਆ। ਹੌਲੀ ਹੌਲੀ ਉਸ ਨੇ ਸਿਰ ਨੂੰ ਉਤਾਂਹ ਚੁੱਕਿਆ ਤੇ ਹੰਝੂਆਂ ਭਰੀਆਂ ਅੱਖਾਂ ਨਾਲ ਮੈਦਾਨ ਤੋਂ ਉਪਰ ਵੱਲ ਝਾਤ ਮਾਰੀ, ਉਸ ਨੂੰ ਇਕ ਝਮਕਦੀ ਚੀਜ਼ ਦਿਸੀ? ਇਹ ਪਹਾੜ ਉੱਤੇ ਉਸ ਦਾ ਆਪਣਾ ਹੀ ਛੋਟਾ ਜਿਹਾ ਝੌਂਪੜਾ ਸੀ। ਡੁਬਦੇ ਹੋਏ ਸੂਰਜ ਦੀ ਰੌਸ਼ਨੀ ਵਿਚ ਉਹਦੀਆਂ ਬਾਰੀਆਂ ਸੋਨੇ ਦੀਆਂ ਚਮਕਦੀਆਂ ਚਾਦਰਾਂ ਪ੍ਰਤੀਤ ਹੁੰਦੀਆਂ ਸਨ।

ਅਸੀਂ ਵੱਡੀ ਉਮਰ ਦੇ ਲੋਕ ਇਕ ਤਰ੍ਹਾਂ ਉਸ ਛੋਟੇ ਜੇਹੇ ਮੁੰਡੇ ਨਾਲ ਮਿਲਦੇ ਜੁਲਦੇ ਹਾਂ। ਦੂਰ ਦੁਰੇਡੇ ਘਰ ਇਸੇ ਤਰ੍ਹਾਂ ਸਾਨੂੰ ਵੀ ਸੋਹਣੇ ਲੱਗਦੇ ਰਹਿੰਦੇ ਹਨ। ਸਾਡੀਆਂ ਅਸੰਤੁਸ਼ਟ ਤੇ ਬੇਕਰਾਰ ਅੱਖਾਂ ਨੂੰ ਇਹੋ ਸੁਝਾਈ ਦਿੰਦਾ ਰਹਿੰਦਾ ਹੈ ਕਿ ਜੀਵਨ ਦੀ ਖ਼ੂਬੀ ਤੇ ਸ਼ਾਨ ਕਿਸੇ ਓਪਰੀ ਥਾਂ ਤੇ ਕਿਸੇ ਆਉਣ ਵਾਲੇ ਸਮੇਂ ਵਿਚ ਦੂਰ ਫ਼ਾਸਲੇ ਤੇ ਬੜੀਆਂ ਚਿਰਾਕੀਆਂ ਹੱਥ ਆਉਣਗੀਆਂ। ਜਾਂ ਇਉਂ ਕਹੋ ਕਿ ਜਿਸ ਥਾਂ ਤੇ ਅਸੀਂ ਹੁਣ ਹਾਂ, ਜਿਹੜੇ ਕੰਮ ਨੂੰ ਹੁਣ ਕਰ ਰਹੇ ਹਾਂ ਉਸ ਤੋਂ ਬਿਲਕੁਲ ਵੱਖਰੇ ਥਾਂ ਤੇ ਵੱਖਰੇ ਕੰਮ ਵਿਚ ਸ਼ਾਨਦਾਰ ਤੇ ਖ਼ੂਬਸੂਰਤ ਜੀਵਨ ਦੀ ਸੰਭਾਵਨਾ ਸਾਨੂੰ

ਦਿਸਦੀ ਹੈ। ਸਾਨੂੰ ਇਸ ਗੱਲ ਦੀ ਆਸ ਲੱਗੀ ਰਹਿੰਦੀ ਹੈ ਕਿ ਸੋਹਣੇ ਘਰ ਵਿਚ ਅੱਜ ਤਾਂ ਨਹੀਂ ਪਰ ਕਿਸੇ ਹੋਰ ਆਉਣ ਵਾਲੇ ਦਿਨ ਅਸੀਂ ਜ਼ਰੂਰ ਪਰਵੇਸ਼ ਕਰਾਂਗੇ। ਸਾਡੇ ਦਿਲ ਵਿਚ ਇਹ ਖ਼ਿਆਲ ਹੁੰਦਾ ਹੈ ਕਿ ਭਵਿਖਤ ਸਮੇਂ ਵਿਚ ਕਿਸੇ ਨਾ ਕਿਸੇ ਜਾਦੂ ਨਾਲ, ਰੁਪਏ ਨਾਲ ਜਾਂ ਧਨ ਨਾਲ ਖਰੀਦੀ ਜਾਣ ਵਾਲੀ ਕਿਸੇ ਚੀਜ਼ ਨਾਲ ਸਾਨੂੰ ਖੁਸ਼ੀ ਮਿਲਣੀ ਸੰਭਵ ਹੋਵੇਗੀ ਪਰ ਅੱਜ ਤਾਈਂ ਕਿਸੇ ਮਨੁੱਖ ਨੂੰ ਉਹ ਸੁਹਾਵਣਾ ਮਿਰਗ ਜਲ ਨਹੀਂ ਲੱਭਾ, ਜਿਹੜਾ ਦੂਰੋਂ ਦਿਸਦਾ ਤਾਂ ਹੈ ਪਰ ਅਗੇਰੇ ਪੁਜਿਆਂ ਹੋਰ ਵੀ ਪਰੇਰੇ ਨਜ਼ਰ ਆਉਂਦਾ ਹੈ।

ਬਹੁਤ ਸਾਰੇ ਅਜੇਹੇ ਲੋਕਾਂ ਨੂੰ ਅਸੀਂ ਜਾਣਦੇ ਹਾਂ ਜਿਨ੍ਹਾਂ ਦੇ ਜੀਵਨ ਤੋਂ ਇਹ ਸਾਬਤ ਹੋਇਆ ਹੈ ਕਿ ਜੀਵਨ ਵਿਚ ਜੋ ਕੁਝ ਵੀ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ ਉਹ ਉਸ ਨਾਲ ਸੰਤੁਸ਼ਟ ਨਹੀਂ ਹਨ। ਜਦੋਂ ਉਹ ਜਵਾਨੀ ਦੇ ਉਸ ਸਮੇਂ ਤੇ ਪੁੱਜੇ ਜਿਸ ਦੀ ਬੇਫਿਕਰੀ ਤੇ ਅਚਿੰਤਾ ਉਨ੍ਹਾਂ ਦੇ ਸੁਪਨਿਆਂ ਵਿਚ ਸੀ, ਉਨ੍ਹਾਂ ਨੂੰ ਭਾਸਿਆ ਕਿ ਉਹ ਸਾਧਾਰਨ ਤੇ ਖੁਸ਼ੀ ਰਹਿਤ ਹੈ। ਉਹ ਮਿਰਗ ਜਲ, ਜੋ ਦੂਰ ਤੋਂ ਮਨੋਰੰਜਕ ਪ੍ਰਤੀਤ ਹੋ ਕੇ ਖਿੱਚ ਪਾਉਂਦਾ ਸੀ ਜਦੋਂ ਉਹ ਉਥੇ ਪੁੱਜੇ ਤਾਂ ਉਹ ਹੋਰ ਅਗੇਰੇ ਹੋ ਕੇ ਉਵੇਂ ਹੀ ਖਿੱਚ ਪਾ ਰਿਹਾ ਸੀ।

ਸਾਡੀ ਅਸੰਤੁਸ਼ਟਤਾ ਤੇ ਨਾਖੁਸ਼ੀ ਦਾ ਵੱਡਾ ਕਾਰਣ ਇਹੋ ਹੈ ਕਿ ਕੋਈ ਮਨੁੱਖ ਵੀ ਪ੍ਰਾਪਤ ਵਸਤੂਆਂ ਨਾਲ ਸੰਤੁਸ਼ਟ ਨਹੀਂ। ਨਿੱਕੀਆਂ ਨਿੱਕੀਆਂ ਤੇ ਸਾਧਾਰਨ ਚੀਜ਼ਾਂ ਦੀ ਤਾਂ ਸਾਡੀ ਨਿਗਾਹ ਵਿਚ ਕੁਝ ਵੀ ਕਦਰ ਨਹੀਂ। ਸਾਡੀ ਅੱਖ ਸਦਾ ਕਿਸੇ ਵੱਡੀ ਚੀਜ਼ ਵੱਲ ਲੱਗੀ ਰਹਿੰਦੀ ਹੈ ਤੇ ਅਸੀਂ ਆਸ ਕਰਦੇ ਰਹਿੰਦੇ ਹਾਂ ਕਿ ਜੇ ਉਹ ਚੀਜ਼, ਜਿਵੇਂ ਕਿ ਜਾਇਦਾਦ, ਕੋਈ ਮਹਾਨ ਮੌਕਾ ਕੋਈ ਅਮੁਕ ਖੁਸ਼ੀ ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਸਾਨੂੰ ਮਿਲੇ ਤਾਂ ਅਸੀਂ ਬੜੇ ਖੁਸ਼ ਹੋਈਏ। ਇਕ ਖ਼ਿਆਲ ਜਿਹਾ ਸਾਡੇ ਦਿਲ ਵਿਚ ਲੱਗਾ ਰਹਿੰਦਾ ਹੈ ਕਿ ਸਾਨੂੰ ਪਰਸੰਨ ਕਰਨ ਵਾਲੀ ਤੇ ਅਨੰਦ ਦੇਣ ਵਾਲੀ ਚੀਜ਼ ਕਿਸੇ ਹੋਰ ਥਾਂ ਤੇ ਹੈ ਜਿਹੜੀ

ਆਉਣ ਵਾਲੇ ਸਮੇਂ ਵਿਚ ਸਾਨੂੰ ਲੱਭੇਗੀ, ਪਰ ਉਹ ਆਉਣ ਵਾਲਾ ਸਮਾਂ ਹੋਂਦ ਰਹਿਤ ਹੈ।

ਇਕ ਬਜ਼ੁਰਗ ਦਾ ਕਥਨ ਹੈ; 'ਜਿੰਨੇ ਦੁਖੀ ਆਦਮੀ ਦੁਨੀਆ ਵਿਚ ਦਿਸਦੇ ਹਨ ਉਨ੍ਹਾਂ ਦੇ ਦੁੱਖ ਦਾ ਅਸਲੀ ਕਾਰਣ ਇਹੋ ਹੀ ਹੁੰਦਾ ਹੈ ਕਿ ਇਹ ਲੋਕ ਸਦਾ ਇਸ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ ਕਿ ਦੁਨੀਆ ਨੂੰ ਉਹ ਆਪਣੀ ਇੱਛਾ ਅਨਕੂਲ ਝੁਕਾ ਲੈਣ। ਸਾਡੇ ਵਿਚੋਂ ਬਹੁਤ ਸਾਰੇ ਆਦਮੀ ਇਸੇ ਕਰਕੇ ਦੁਖੀ ਹਨ। ਉਹ ਸਦਾ ਕਿਸਮਤ ਨੂੰ ਕੋਸਦੇ ਹਨ। ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਕਿ ਪ੍ਰਾਪਤ ਹੋ ਚੁਕੀਆਂ ਚੀਜ਼ਾਂ ਨਾਲ ਕਿਦਾਂ ਪਰਸੰਨ ਚਿੱਤ ਰਹੀਦਾ ਹੈ। ਸਗੋਂ ਉਹ ਸਦਾ ਉਨ੍ਹਾਂ ਚੀਜ਼ਾਂ ਲਈ ਦੌੜ-ਭੱਜ ਕਰਦੇ ਰਹਿੰਦੇ ਹਨ ਜਿਹੜੀਆਂ ਉਨ੍ਹਾਂ ਨੂੰ ਪ੍ਰਾਪਤ ਨਹੀਂ।

ਕਈਆਂ ਲੋਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਕਾਹਦੇ ਲਈ ਮਾਰੋਮਾਰ ਕਰ ਰਹੇ ਹਨ। ਤੁਸੀਂ ਬਹੁਤ ਸਾਰੇ ਬੇਸਬਰਿਆਂ ਨੂੰ ਜਾਣਦੇ ਹੋਵੋਗੇ ਜੋ ਆਪਣੀ ਉਦਾਸੀ ਤੇ ਨਿਰਾਸਤਾ ਦਾ ਕੋਈ ਦਲੀਲ ਭਰਿਆ ਕਾਰਣ ਦੱਸ ਸਕਦੇ ਹੋਣ। ਅਜੇਹੇ ਲੋਕਾਂ ਨੂੰ ਅਪਣੀ ਉਦਾਸੀ ਤੇ ਨਿਰਾਸਤਾ ਦਾ ਹੀ ਪਤਾ ਹੁੰਦਾ ਹੈ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਦੁਨੀਆ ਭਰ ਦੀ ਮਿੱਟੀ ਛਾਣ ਮਾਰਦੇ ਹਨ ਤੇ ਅਜੇਹੀ ਗੱਲ ਦੀ ਖੋਜ ਵਿਚ ਲੱਗੇ ਰਹਿੰਦੇ ਹਨ ਜੋ ਖੋਜ ਤੋਂ ਪਰੇਰੀ ਹੈ ਅਤੇ ਕਿਸੇ ਚੰਗੇ ਕਰਤੱਵ ਦਾ ਫ਼ਲ ਹੁੰਦੀ ਹੈ। ਜਦ ਤੱਕ ਉਜੇਹਾ ਕਰਤੱਵ ਨਾ ਕੀਤਾ ਜਾਏ ਉਸ ਦੀ ਪ੍ਰਾਪਤੀ ਸੰਭਵ ਨਹੀਂ ਹੈ।

ਅਸੀਂ ਮੋਢੇ ਮਾਰਦੇ, ਇਕ ਦੂਜੇ ਨਾਲ ਖਹਿੰਦੇ ਜ਼ਿੰਦਗੀ ਵਿਚ ਅਪਣਾ ਰਸਤਾ ਬਣਾਉਂਦੇ ਹਾਂ ਤੇ ਪਾਗਲਾਂ ਵਾਂਙ ਉਨ੍ਹਾਂ ਚੀਜ਼ਾਂ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਨ੍ਹਾਂ ਤੋਂ ਸਾਨੂੰ ਪ੍ਰਸੰਨਤਾ ਮਿਲਣ ਦਾ ਖ਼ਿਆਲ ਹੁੰਦਾ ਹੈ। ਪਰ ਜਿਉਂ ਹੀ

ਉਹ ਚੀਜ਼ਾਂ ਸਾਨੂੰ ਮਿਲ ਜਾਂਦੀਆਂ ਹਨ, ਉਨ੍ਹਾਂ ਦੀ ਉਹ ਖ਼ਿਆਲੀ ਖ਼ੂਬਸੂਰਤੀ ਜਿਹੜੀ ਅਸੀਂ ਆਪਣੇ ਦਿਲ ਵਿਚ ਬਣਾਈ ਹੁੰਦੀ ਹੈ, ਬਿਲਕੁਲ ਜਾਂਦੀ ਰਹਿੰਦੀ ਹੈ।

ਕੱਲ ਤੱਕ ਜਿਸ ਚੀਜ਼ ਵੱਲ ਸਾਡਾ ਧਿਆਨ ਲੱਗਿਆ ਹੋਇਆ ਸੀ ਤੇ ਜਿਹੜੀ ਸਾਨੂੰ ਕੱਲ ਹੀ ਪ੍ਰਾਪਤ ਹੋ ਗਈ ਅੱਜ ਉਹ ਚੀਜ਼ ਸਾਨੂੰ ਉਸ ਤਰ੍ਹਾਂ ਨਹੀਂ ਦਿਸਦੀ। ਉਸ ਦੇ ਪ੍ਰਾਪਤ ਹੋਣ ਨਾਲ ਜਿਹੜੀ ਖੁਸ਼ੀ ਮਿਲਣ ਦੀ ਸਾਨੂੰ ਆਸ ਸੀ, ਉਹ ਨਹੀਂ ਮਿਲੀ ਤੇ ਪਹਿਲਾਂ ਨਾਲੋਂ ਸਾਡੀ ਪਰਸੰਨਤਾ ਵਿਚ ਕੁਝ ਵਾਧਾ ਨਹੀਂ ਹੋਇਆ, ਸਗੋਂ ਛੇਤੀ ਹੀ ਸਾਡਾ ਧਿਆਨ ਕਿਸੇ ਹੋਰ ਚੀਜ਼ ਵੱਲ ਲੱਗ ਗਿਆ ਤੇ ਸਾਨੂੰ ਇਹ ਯਕੀਨ ਹੋਣ ਲੱਗ ਪਿਆ ਕਿ ਇਹ ਨਵੀਂ ਚੀਜ਼ ਸਾਡੀ ਨਿਰਾਸਤਾ ਦੀ ਘਾਟ ਦੂਰ ਕਰ ਦੇਵੇਗੀ। ਜਦ ਉਹ ਚੀਜ਼ ਵੀ ਪ੍ਰਾਪਤ ਹੋ ਜਾਂਦੀ ਹੈ ਤਾਂ ਸਾਨੂੰ ਉਹੀ ਨਿਰਾਸਤਾ ਤੇ ਮਿਰਗ ਤ੍ਰਿਸ਼ਨਾ ਹੀ ਨਸੀਬ ਹੁੰਦੀ ਹੈ। ਸਾਡੇ ਦਿਲ ਅੰਦਰਲੀ ਖਾਲੀ ਥਾਂ ਉਵੇਂ ਹੀ ਖਾਲੀ ਰਹਿੰਦੀ ਹੈ ਤੇ ਅਸੀਂ ਇਕ ਅਤ੍ਰਿਪਤ ਤ੍ਰਿਸ਼ਨਾ ਨੂੰ ਤ੍ਰਿਪਤ ਕਰਨ ਦੇ ਜਤਨਾਂ ਵਿਚ ਹੀ ਆਪਣੇ ਜੀਵਨ ਨੂੰ ਬਿਤਾ ਛੱਡਦੇ ਹਾਂ।

ਸਥੂਲ ਚੀਜ਼ਾਂ ਭਾਵੇਂ ਸਾਨੂੰ ਕਿੰਨੀਆਂ ਹੀ ਲੱਭ ਪੈਣ ਉਹ ਕੋਈ ਖਾਸ ਅਰਥ ਨਹੀਂ ਰੱਖਦੀਆਂ। ਉਨ੍ਹਾਂ ਤੋਂ ਸਾਨੂੰ ਇਕ ਤਰ੍ਹਾਂ ਦਾ ਸੁਆਦ ਤੇ ਆਰਾਮ ਤਾਂ ਮਿਲ ਜਾਂਦਾ ਹੈ ਪਰ ਅੰਦਰਲੀ ਆਤਮਾ ਦੀ ਭੁੱਖ ਦੂਰ ਨਹੀਂ ਹੁੰਦੀ। ਇਹ ਸਭ ਚੀਜ਼ਾਂ ਉਨ੍ਹਾਂ ਭਾਂਤ ਭਾਂਤ ਦੀਆਂ ਵਸਤਾਂ ਵਾਂਙ ਹਨ ਜਿਹੜੀਆਂ ਅਸੀਂ ਗਰਮੀ ਦੇ ਦਿਨਾਂ ਵਿਚ ਤੇਹ ਬੁਝਾਉਣ ਲਈ ਸਾਫ ਠੰਡੇ ਪਾਣੀ ਦੀ ਥਾਂ ਵਰਤਦੇ ਹਾਂ। ਸਾਡਾ ਖ਼ਿਆਲ ਹੁੰਦਾ ਹੈ ਕਿ ਜੋ ਸੋਡਾਵਾਟਰ, ਮਲਾਈ ਦੀ ਬਰਫ, ਬਰਫ ਵਿਚ ਲੱਗੀ ਹੋਈ ਚਾਹ ਜਾਂ ਕੌਫੀ ਮਿਲ ਜਾਵੇ ਤਾਂ ਸਾਡੀ ਤੇਹ ਮਿਟ ਜਾਵੇ ਪਰ ਇਹ ਮਿਟਦੀ ਨਹੀਂ। ਸਾਡੀ ਤੇਹ ਤਾਂ ਕੇਵਲ ਸਾਫ ਠੰਡੇ ਪਾਣੀ ਨਾਲ ਹੀ ਮਿਟ ਸਕਦੀ ਹੈ। ਇਸ ਸਾਦੇ ਤੇ ਸਸਤੇ ਪਾਣੀ ਦੀ ਥਾਂ ਜਿੰਨੀਆਂ ਚੀਜ਼ਾਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ

ਸਭਨਾਂ ਵਿਚ ਕਿਸੇ ਨਾ ਕਿਸੇ ਅੰਸ਼ ਦੀ ਊਣਤਾਈ ਹੁੰਦੀ ਹੈ। ਇਨ੍ਹਾਂ ਨਾਲ ਸਾਡੀ ਤ੍ਰਿਪਤੀ ਨਹੀਂ ਹੁੰਦੀ ਅਤੇ ਲੋੜੀਂਦੀ ਚੀਜ਼ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ।

ਪਰਸੰਨਤਾ ਪਾਣੀ ਵਾਂਙ ਹੈ। ਕੋਈ ਹੋਰ ਵਸਤੂ ਇਸ ਦੀ ਥਾਂ ਪੂਰੀ ਨਹੀਂ ਕਰ ਸਕਦੀ। ਜ਼ਿੰਦਗੀ ਵਿਚ ਸਭ ਤੋਂ ਅਜੀਬ ਗੱਲ ਇਹ ਹੈ ਕਿ ਪਰਸੰਨਤਾ ਸਬੰਧੀ ਹਰ ਪਾਸੇ ਗ਼ਲਤ ਖ਼ਿਆਲ ਪ੍ਰਚਲਤ ਹਨ। ਆਮ ਖ਼ਿਆਲ ਇਹ ਜਾਪਦਾ ਹੈ ਕਿ ਇਹ ਰੁਪਇਆਂ ਨਾਲ ਖਰੀਦੀਆਂ ਜਾਣ ਵਾਲੀਆਂ ਵਸਤਾਂ ਤੇ ਨਿਰਭਰ ਰੱਖਦੀ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਵੱਧ ਰੁਪਈਏ ਨਾਲ ਵੱਧ ਚੀਜ਼ਾ ਮਿਲਦੀਆਂ ਹਨ ਤੇ ਉਨ੍ਹਾਂ ਤੋਂ ਵਧੇਰੇ ਸੁਆਦ ਤੇ ਵਧੇਰੀ ਖ਼ੁਸ਼ੀ।

ਪਰ ਖ਼ੁਸ਼ੀ ਹੁਣ ਤੱਕ ਧਨ ਨਾਲ ਨਹੀਂ ਖਰੀਦੀ ਜਾ ਸਕੀ ਤੇ ਅਜੇ ਤਾਈਂ ਕਿਸੇ ਨੂੰ ਵੀ ਸਥੂਲ ਪਦਾਰਥਾਂ ਤੋਂ ਖ਼ੁਸ਼ੀ ਨਸੀਬ ਨਹੀਂ ਹੋਈ। ਖ਼ੁਸ਼ੀ ਸਾਡੇ ਖਾਣ ਦੀਆਂ ਚੀਜ਼ਾਂ ਵਿਚ, ਨਾ ਸਾਡੇ ਪੀਣ ਦੀਆਂ ਚੀਜ਼ਾਂ ਵਿਚ ਨਾ ਹੀ ਸਾਡੇ ਕੱਪੜਿਆਂ ਤੇ ਸਥੂਲ ਕਬਜ਼ਿਆਂ ਵਿਚ ਹੈ। ਖ਼ੁਸ਼ੀ ਠੀਕ ਤਰ੍ਹਾਂ ਜੀਵਨ ਬਤੀਤ ਕਰਨ ਤੋਂ ਉਪਜਦੀ ਹੈ। ਇਹ ਤਾਂ ਠੀਕ ਵਿਚਾਰ, ਠੀਕ ਵਿਹਾਰ, ਤੇ ਪਰਉਪਕਾਰ ਦੀ ਸੰਤਾਨ ਹੈ। ਖੁਦਗਰਜ਼ੀ ਵਾਲੀ ਜ਼ਿੰਦਗੀ ਤੋਂ ਅਸਲੀ ਖ਼ੁਸ਼ੀ ਕਦੇ ਪ੍ਰਾਪਤ ਨਹੀਂ ਹੁੰਦੀ। ਲੋਭ ਤੇ ਈਰਖਾ ਤਾਂ ਖ਼ੁਸ਼ੀ ਨੂੰ ਛੋਹ ਵੀ ਨਹੀਂ ਸਕਦੇ।

ਜਿੰਨਾਂ ਦੁੱਖ ਦਰਦ ਦੁਨੀਆ ਵਿਚ ਦਿਸਦਾ ਹੈ ਉਸ ਦਾ ਵੱਡਾ ਅੱਧ ਤਾਂ ਕੇਵਲ ਇਸ ਕਰਕੇ ਹੈ ਕਿ ਅਸੀਂ, ਆਪਣੇ ਹੱਥ ਆਈਆਂ ਚੀਜ਼ਾਂ ਨੂੰ ਮਾਣਨ ਦੀ ਥਾਂ ਉਨ੍ਹਾਂ ਵਰਗੀਆਂ ਦੂਜਿਆਂ ਪਾਸ ਵੇਖ ਕੇ ਸਾੜਾ ਕਰਦੇ ਹਾਂ।

ਮੈਂ ਇਕ ਆਦਮੀ ਤੇ ਉਸ ਦੇ ਪਰਵਾਰ ਨੂੰ ਜਾਣਦਾ ਹਾਂ। ਕੁਝ ਸਾਲ ਹੋਏ ਇਹ ਪਿੰਡ ਵਿਚ ਛੋਟੇ ਜੇਹੇ ਘਰ ਵਿਚ ਰਹਿੰਦੇ ਹੋਏ ਬੜੇ ਸਬਰ ਤੇ ਖ਼ੁਸ਼ੀ ਨਾਲ ਜ਼ਿੰਦਗੀ ਬਤੀਤ ਕਰ ਰਹੇ ਸਨ। ਅਚਾਨਕ ਕਿਸੇ ਤਰ੍ਹਾਂ ਬਿਨਾਂ ਕਿਸੇ ਮਿਹਨਤ ਤੇ ਮੁਸ਼ੱਕਤ ਦੇ ਉਨ੍ਹਾਂ ਨੂੰ ਕਈ ਹਜ਼ਾਰ ਰੁਪਿਆ ਮਿਲ ਗਿਆ ਅਤੇ

ਰੁਪਿਆ ਮਿਲਦੇ ਸਾਰ ਹੀ ਉਨ੍ਹਾਂ ਦੇ ਦਿਲਾਂ ਵਿਚ ਐਸ਼ ਆਰਾਮ ਦੀ ਜ਼ਿੰਦਗੀ ਬਿਤਾਉਣ ਦੀ ਚੇਟਕ ਲੱਗ ਗਈ। ਇਹ ਖ਼ਿਆਲ ਆਉਂਦੇ ਹੀ ਉਨ੍ਹਾਂ ਨੇ ਕੀਮਤੀ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਤੇ ਉਹ ਅਮੀਰ ਲੋਕਾਂ ਦੀ ਸੰਗਤ ਵਿਚ ਜਾਣ ਆਉਣ ਦੀ ਕੋਸ਼ਿਸ਼ ਕਰਨ ਲੱਗ ਪਏ ਤਾਂ ਜੋ ਸਮਾਜ ਵਿਚ ਉਨ੍ਹਾਂ ਦਾ ਦਰਜਾ ਕੁਝ ਉੱਚਾ ਹੋ ਜਾਵੇ। ਹਰ ਤਰ੍ਹਾਂ ਨਾਲ ਉਹ ਆਪਣਾ ਲੋਕ-ਦਿਖਾਵਾ ਕਾਇਮ ਰੱਖਣ ਲਈ ਆਪਣੀ ਆਮਦਨੀ ਤੋਂ ਵੱਧ ਕੇ ਖ਼ਰਚ ਕਰਨ ਲੱਗ ਪਏ। ਆਪਣੇ ਨਾਲੋਂ ਅਮੀਰਾਂ ਨਾਲ ਉਹ ਈਰਖਾ ਤੇ ਸਾੜਾ ਕਰਨ ਲੱਗ ਪਏ। ਸਿੱਟਾ ਇਹ ਹੋਇਆ ਕਿ ਥੋੜੇ ਦਿਨਾਂ ਵਿਚ ਹੀ ਉਨ੍ਹਾਂ ਦਾ ਪਹਿਲਾ ਅਮਨਚੈਨ ਤੇ ਸੰਤੋਖ ਬਿਲਕੁਲ ਲੋਪ ਹੋ ਗਿਆ। ਪਿਉ ਨੇ ਆਪਣੇ ਬੱਚਿਆਂ ਨੂੰ ਆਪਣੇ ਨਾਲੋਂ ਅਮੀਰ ਲੋਕਾਂ ਦੇ ਬੱਚਿਆਂ ਵਾਂਙ ਰੱਖਣ ਲਈ ਵਧੇਰਾ ਖ਼ਰਚ ਕੀਤਾ ਜਿਸ ਕਰਕੇ ਉਸ ਦਾ ਵਿਉਪਾਰ ਖ਼ਰਾਬ ਹੋ ਗਿਆ, ਸਿਰ ਤੇ ਕਰਜ਼ਾ ਚੜ੍ਹ ਗਿਆ, ਜੋ ਕੁਝ ਕੋਲ ਸੀ ਉਹ ਗਹਿਣੇ ਰੱਖਣਾ ਪਿਆ ਅਤੇ ਅੰਤ ਵਿਚ ਰਹਿਣ ਦਾ ਮਕਾਨ ਵੀ ਹੱਥੋਂ ਜਾਂਦਾ ਰਿਹਾ।

ਨਤੀਜੇ ਵਜੋਂ ਜਦੋਂ ਤਬਾਹੀ ਸਿਰ ਤੇ ਆਈ ਤਾਂ ਪਤਾ ਲੱਗਾ ਕਿ ਮਾਂ ਨੇ ਆਪਣੀਆਂ ਧੀਆਂ ਨੂੰ ਆਪਣੇ ਨਾਲੋਂ ਉਚੇਰੇ ਘਰਾਂ ਵਿਚ ਵਿਆਹੁਣ ਦੀ ਖਾਤਰ ਦਰਜ਼ੀਆਂ, ਬਜ਼ਾਜ਼ਾਂ, ਮੁਨਿਆਰਾਂ ਤੇ ਫੁਲੇਰਿਆਂ ਦਾ ਇੰਨਾਂ ਕਰਜ਼ਾ ਸਿਰ ਚਾੜ੍ਹ ਲਿਆ ਹੈ ਕਿ ਪਰਵਾਰ ਨੂੰ ਤਬਾਹੀ ਤੋਂ ਬਚਾਉਣ ਲਈ ਕੱਖ ਵੀ ਨਹੀਂ ਸੀ ਰਿਹਾ।

ਸਹੀ ਗੱਲ ਤਾਂ ਇਹ ਹੈ ਕਿ ਅੱਧੀ ਦੁਨੀਆ ਖੁਸ਼ੀ ਦੀ ਖੋਜ ਵਿਚ ਗਲਤ ਰਾਹ ਤੇ ਪਈ ਹੋਈ ਹੈ। ਇਨ੍ਹਾਂ ਦਾ ਖ਼ਿਆਲ ਹੈ ਕਿ ਭਾਂਤ ਭਾਂਤ ਦੀਆਂ ਚੀਜ਼ਾਂ ਪ੍ਰਾਪਤ ਕਰੀਏ ਤੇ ਦੂਜਿਆਂ ਤੋਂ ਸੇਵਾ ਕਰਵਾਈਏ। ਅਸਲ ਵਿਚ ਖੁਸ਼ੀ ਮਿਲਦੀ ਹੈ ਦੂਜਿਆਂ ਨੂੰ ਖੁਸ਼ੀ ਦੇਣ ਨਾਲ ਤੇ ਉਨ੍ਹਾਂ ਦੀ ਸੇਵਾ ਕਰਨ ਨਾਲ।

ਖੁਸ਼ੀ ਅਜੇਹੀ ਵਸਤੂ ਹੈ ਜਿਹੜੀ ਸਾਡੇ ਅਮਲਾਂ ਤੇ ਖਿਆਲਾਂ ਤੋਂ ਨਿਕਲਦੀ ਰਹਿੰਦੀ ਹੈ। ਕੁਝ ਸਾਡੇ ਨੇਕ ਅਮਲਾਂ ਵਿਚੋਂ, ਕੁਝ ਨਿਸ਼ਕਾਮ ਸੇਵਾ ਵਿਚੋਂ

ਅਤੇ ਕੁਝ ਸਾਡੇ ਠੀਕ ਵਿਹਾਰ ਤੇ ਵਿਚਾਰ ਵਿਚੋਂ। ਜਦੋਂ ਅਸੀਂ ਕਿਸੇ ਦੀ ਮਦਦ ਕਰਦੇ ਹਾਂ ਜਾਂ ਕਿਸੇ ਦੀ ਆਤਮਾ ਨੂੰ ਉਤਸ਼ਾਹ ਦਿੰਦੇ ਹਾਂ ਤਾਂ ਹਰ ਵਾਰੀ ਖੁਸ਼ੀ ਸਾਨੂੰ ਮਿਲਦੀ ਹੈ। ਜਦੋਂ ਅਸੀਂ ਜੀਵਨ ਦੇ ਭਾਰਾਂ ਹੇਠ ਦਬੇ ਹੋਏ ਲੋਕਾਂ ਦੀ ਸਹਾਇਤਾ ਵੱਲ ਹੱਥ ਵਧਾਉਂਦੇ ਹਾਂ ਜਾਂ ਜਦੋਂ ਦੂਜਿਆਂ ਦੀ ਭਲਿਆਈ ਲਈ ਕੁਰਬਾਨੀ ਕਰਦੇ ਹਾਂ ਤਾਂ ਵੀ ਇਸ ਦੀ ਪ੍ਰਾਪਤੀ ਹੁੰਦੀ ਹੈ।

ਖੁਸ਼ੀ ਸਾਨੂੰ ਉਸੇ ਤਰ੍ਹਾਂ ਪ੍ਰਾਪਤ ਹੁੰਦੀ ਹੈ ਜਿਸ ਤਰ੍ਹਾਂ ਮੱਖੀ ਨੂੰ ਸ਼ਹਿਦ। ਮੱਖੀ ਨੂੰ ਸ਼ਹਿਦ ਕਿਸੇ ਥਾਂ ਇਕੱਠਾ ਕੀਤਾ ਹੋਇਆ ਨਹੀਂ ਮਿਲ ਨੂੰ ਜਾਂਦਾ। ਇਸ ਨੂੰ ਜਮ੍ਹਾ ਕਰਨ ਲਈ ਮੱਖੀ ਨੂੰ ਬੜੀ ਮਿਹਨਤ ਕਰਨੀ ਪੈਂਦੀ ਹੈ। ਹਰੇਕ ਫੁੱਲ ਤੋਂ ਜਿਥੇ ਇਹ ਜਾਂਦੀ ਹੈ, ਥੋੜਾ ਥੋੜਾ ਸ਼ਹਿਦ ਇਕੱਠਾ ਕਰਦੀ ਹੈ। ਇਸੇ ਤਰ੍ਹਾਂ ਸਾਨੂੰ ਖੁਸ਼ੀ ਕਿਤੋਂ ਬਣੀ ਬਣਾਈ ਨਹੀਂ ਮਿਲਦੀ, ਅਸੀਂ ਉਸ ਨੂੰ ਜ਼ਿੰਦਗੀ ਦੇ ਫੁੱਲਾਂ ਵਿਚੋਂ ਚੂਸਦੇ ਹਾਂ, ਤੇ ਮੱਖੀ ਵਾਂਙ ਸਾਨੂੰ ਖੁਸ਼ੀ ਦਾ ਸ਼ਹਿਦ ਜੀਵਨ ਦੇ ਬਾਗ ਵਿਚੋਂ ਲੰਘਦਿਆਂ ਕੁਝ ਇਥੋਂ ਕੁਝ ਉਥੋਂ ਲੈਣਾ ਚਾਹੀਦਾ ਹੈ। ਜਿਹੜੇ ਲੋਕ ਖੁਸ਼ੀ ਪੈਦਾ ਕਰਨ ਵਾਲੇ ਕੰਮ ਵਧੇਰੇ ਕਰਦੇ ਹਨ ਉਨ੍ਹਾਂ ਨੂੰ ਵਧੇਰੀ ਖੁਸ਼ੀ ਪ੍ਰਾਪਤ ਹੁੰਦੀ ਹੈ ਅਤੇ ਉਹ ਲੋਕ ਹੀ ਅਸਲੀ ਖੁਸ਼ੀ ਦਾ ਵਧੇਰਾ ਸੁਆਦ ਮਾਣਦੇ ਹਨ ਤੇ ਇਹ ਸਾਰਿਆਂ ਤੋਂ ਵੱਧ ਖੁਸ਼ ਰਹਿੰਦੇ ਹਨ।

ਭਲਮਾਣਸੀ ਦਾ ਹਰ ਕੰਮ, ਹਰੇਕ ਨਿਸ਼ਕਾਮ ਸੇਵਾ, ਹਰੇਕ ਪਰ-ਉਪਕਾਰ, ਮਨੁੱਖ ਜਾਤੀ ਦੀ ਭਲਾਈ ਦਾ ਹਰੇਕ ਕੰਮ, ਹਰ ਉੱਚਾ ਖ਼ਿਆਲ, ਹਰ ਮਿਹਨਤ ਦਾ ਕੰਮ ਜਿਸ ਦੇ ਨਾਲ ਸਾਨੂੰ ਪਿਆਰ ਹੋਵੇ, ਜ਼ਰੂਰ ਕੁਝ ਨਾ ਕੁਝ ਖੁਸ਼ੀ ਦਿੰਦਾ ਹੈ। ਉਪਰ ਲਿਖੇ ਹੋਏ ਕੰਮਾਂ ਵਿਚ ਜਿੰਨੀ ਬੇਗਰਜ਼ੀ ਤੇ ਨੇਕ ਨੀਅਤੀ ਅਸੀਂ ਵਰਤਾਂਗੇ ਉਂਨੀ ਹੀ ਜ਼ਿਆਦਾ ਖੁਸ਼ੀ ਸਾਨੂੰ ਹਾਸਲ ਹੋਵੇਗੀ।

ਖੁਸ਼ੀ ਦਾ ਠੇਕਾ ਕਿਸੇ ਖਾਸ ਆਦਮੀ ਨੂੰ ਨਹੀਂ ਮਿਲਿਆ ਹੋਇਆ। ਕੋਈ ਆਦਮੀ ਇਸ ਨੂੰ ਲਕੋ ਨਹੀਂ ਸਕਦਾ। ਇਹ ਚੀਜ਼ ਤਾਂ ਜ਼ਿੰਦਗੀ ਦੀ ਮੰਡੀ

ਵਿਚ ਵਿਕਣ ਲਈ ਪਈ ਹੈ। ਜਿਹੜਾ ਵੀ ਮੁੱਲ ਦੇਣ ਨੂੰ ਤਿਆਰ ਹੈ ਉਹਨੂੰ ਮਿਲ ਸਕਦੀ ਹੈ। ਕੀਮਤ ਵੀ ਅਜੇਹੀ ਹੈ ਜਿਹੜੀ ਹਰ ਆਦਮੀ ਦੇ ਸਕਦਾ ਹੈ।

ਬਹੁਤ ਸਾਰੇ ਲੋਕ ਆਪਣੇ ਨਿਤਾ-ਪ੍ਰਤੀ ਦੇ ਜੀਵਨ ਵਿਚੋਂ ਜਿੰਨੀ ਖੁਸ਼ੀ ਹੋਣੀ ਸੰਭਵ ਹੈ, ਉਸ ਦਾ ਦਸਵਾਂ ਹਿੱਸਾ ਵੀ ਪ੍ਰਾਪਤ ਨਹੀਂ ਕਰ ਸਕਦੇ। ਇਸ ਦਾ ਵੱਡਾ ਕਾਰਣ ਇਹ ਹੈ ਕਿ ਇਨ੍ਹਾਂ ਲੋਕਾਂ ਦੀ ਪਰਵਰਸ਼ ਤੇ ਸਿੱਖਿਆ ਅਜੇਹੀ ਨਹੀਂ ਹੋਈ ਕਿ ਛੋਟੀਆਂ ਛੋਟੀਆਂ ਗੱਲਾਂ. ਜਿਨ੍ਹਾਂ ਨਾਲ ਖੁਸ਼ੀ ਪ੍ਰਾਪਤ ਹੋ ਸਕਦੀ ਹੈ, ਸਮਝ ਸਕਣ। ਸੂਝ ਬੂਝ ਤੋਂ ਉਨ੍ਹਾਂ ਦੇ ਮਨ ਬਿਲਕੁਲ ਕੋਰੇ ਹਨ ਤੇ ਉਨ੍ਹਾਂ ਦੇ ਦਿਮਾਗ ਵਿਚ ਸਾਧਾਰਨ ਕੰਮਾਂ ਨਾਲ ਜਿਹੜੀਆਂ ਲੀਹਾਂ ਪੈ ਗਈਆ ਹਨ, ਉਨ੍ਹਾਂ ਤੋਂ ਸਿਵਾ ਉਹ ਬਿਲਕੁਲ ਕੋਰੇ ਹੁੰਦੇ ਹਨ। ਉਹ ਆਪਣੇ ਸੰਭਵ ਮਾਨਸਿਕ ਵਸੀਲਿਆਂ ਤੋਂ ਉੱਕਾ ਹੀ ਅਗਿਆਤ ਹੁੰਦੇ ਹਨ।

ਰਸਕਿਨ ਦਾ ਕਥਨ ਹੈ, 'ਮੈਨੂੰ ਇਸ ਗੱਲ ਤੋਂ ਹੈਰਾਨੀ ਨਹੀਂ ਹੁੰਦੀ ਕਿ ਲੋਕ ਕਿੰਨੀ ਕੁ ਤੱਕਲੀਫ ਉਠਉਂਦੇ ਹਨ, ਸਗੋਂ ਮੈਂ ਇਸ ਗੱਲ ਤੋਂ ਹੈਰਾਨ ਹੁੰਦਾ ਹਾਂ ਕਿ ਉਹ ਆਪਣਾ ਕੀ ਕੁਝ ਗਵਾ ਬੈਠਦੇ ਹਨ ਜੋ ਅਨੰਤ ਖੁਸ਼ੀ ਤੇ ਸੰਤੁਸ਼ਟਤਾ ਦੇ ਸਕਦਾ ਸੀ? ਅਸੀਂ ਆਪਣੇ ਕੁਦਰਤੀ ਸਾਧਨਾਂ ਅਰਥਾਤ ਕੋਲੇ, ਜਲ-ਸ਼ਕਤੀ ਤੇ ਬਨ-ਉਪਜ ਦੇ ਨੁਕਸਾਨ ਹੋ ਜਾਣ ਦੀਆਂ ਬਹੁਤ ਸਾਰੀਆਂ ਗੱਲਾਂ ਸੁਣਦੇ ਹਾਂ ਪਰ ਇਹ ਨੁਕਸਾਨ ਉਨ੍ਹਾਂ ਨੁਕਸਾਨਾਂ ਦੇ ਮੁਕਾਬਲੇ ਤੇ ਕੁਝ ਵੀ ਨਹੀਂ ਜੋ ਅਸੀਂ ਆਪਣੇ ਆਲੇ ਦੁਆਲੇ ਦੀ ਖੁਸ਼ੀ ਦੇ ਸੰਭਵ ਸਾਧਨਾਂ ਨੂੰ ਗੁਆ ਕੇ ਕਰ ਲੈਂਦੇ ਹਾਂ।

ਜਿਹੜੀਆਂ ਗੱਲਾਂ ਜ਼ਿੰਦਗੀ ਨੂੰ ਜੀਉਣ ਯੋਗ ਬਣਾਉਂਦੀ ਹਨ, ਉਹ ਬਹੁਤ ਸਾਧਾਰਨ ਤੇ ਸਾਰਿਆਂ ਦੀ ਪਹੁੰਚ ਵਿਚ ਹੁੰਦੀਆਂ ਹਨ। ਗਰੀਬ ਲੋਕ ਉਨ੍ਹਾਂ ਅਮੀਰਾਂ ਨੂੰ ਬੁਰਾ ਭਲਾ ਕਹਿੰਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦਾ ਸਾੜਾ ਹੁੰਦਾ ਹੈ। ਉਹ ਨਿਰਦਈ ਕਿਸਮਤ ਦਾ ਸਿਆਪਾ ਕਰਦੇ ਰਹਿੰਦੇ ਹਨ, ਜਿਸ ਨੇ ਕੰਮ ਦੀ ਹਰ ਚੀਜ਼ ਨੂੰ ਇਨ੍ਹਾਂ ਦੀ ਪਹੁੰਚ ਤੋਂ ਬਾਹਰ ਰੱਖ ਛੱਡਿਆ ਹੈ, ਪਰ ਜਦੋਂ ਅਸੀਂ ਉਨ੍ਹਾਂ

ਚੀਜ਼ਾਂ ਦਾ ਹਿਸਾਬ ਲਾਉਂਦੇ ਹਾਂ ਜਿਹੜੀਆਂ ਅਸਲ ਵਿਚ ਕੰਮ ਦੀਆਂ ਤੇ ਅਤਿ ਲੋੜੀਂਦੀਆਂ ਹਨ ਤਾਂ ਪਤਾ ਲੱਗਦਾ ਹੈ ਕਿ ਕੀ ਅਮੀਰ ਤੇ ਕੀ ਗਰੀਬ ਇਸ ਹਿਸਾਬ ਅਸੀਂ ਸਾਰੇ ਇਕੋ ਜੇਹੇ ਹਾਂ।

ਰਸਾਇਣਕਾਰ ਕਾਦਰ ਨੇ ਅਜੇਹਾ ਵਾਯੂ-ਮੰਡਲ ਬਣਾਇਆ ਹੈ ਕਿ ਉਸ ਵਿਚੋਂ ਹਰ ਕੋਈ ਸਿਹਤ, ਤਾਕਤ, ਸਰੀਰ ਦੀ ਤੇ ਦਿਮਾਗ ਦੀ ਫੁਰਤੀ ਤੇ ਖੁਸ਼ੀ ਹਾਸਲ ਕਰ ਸਕਦਾ ਹੈ। ਸੂਰਜ ਰੌਸ਼ਨੀ ਅਪਣੀ ਅਦਭੁਤ ਰਸਾਇਣੀ ਸ਼ਕਤੀ ਨਾਲ ਹਰ ਪਲ ਬੂਟਿਆਂ, ਨਿੱਕੀਆਂ ਵੱਡੀਆਂ ਜੜ੍ਹਾਂ, ਫੁੱਲਾਂ, ਰੁੱਖਾਂ, ਮਨੁੱਖੀ ਤੇ ਪਸ਼ੂ-ਜੀਵਨ ਵਿਚ ਲੱਖਾਂ ਹੀ ਕਰਾਮਾਤਾਂ 'ਕਰਦੀ ਰਹਿੰਦੀ ਹੈ ਤੇ ਸ਼ਾਨਦਾਰ ਰੰਗਾਂ ਨਾਲ ਫੁੱਲਾਂ ਬੂਟਿਆਂ ਅਤੇ ਨਜ਼ਾਰਿਆਂ ਦੀਆਂ ਤਸਵੀਰਾਂ ਬਣਾਉਂਦੀ ਰਹਿੰਦੀ ਹੈ। ਇਸ ਰੌਸ਼ਨੀ ਦਾ ਸਭ ਦੀ ਜ਼ਿੰਦਗੀ ਉਤੇ ਉਤਸ਼ਾਹਦਾਇਕ ਤੇ ਲਾਭਦਾਇਕ ਅਸਰ ਹੁੰਦਾ ਹੈ। ਇਹ ਸਾਰੀ ਪਰਕਿਰਤੀ ਨੂੰ ਖੁਸ਼ੀ ਅਤੇ ਮਨੁੱਖੀ ਆਤਮਾ ਨੂੰ ਨਿੱਘ ਦਿੰਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਜਦ ਕਦੀ ਮੈਂ ਚੜ੍ਹਦੇ ਸੂਰਜ ਵੱਲ ਵੇਖਦਾ ਹਾਂ ਮੇਰੇ ਅੰਦਰ ਸੂਰਜ-ਉਦੈ ਵਾਂਙ ਉਬਾਰੂ ਖ਼ਿਆਲ ਉਪਜਦੇ ਹਨ ਅਤੇ ਇਹ ਸ਼ਾਨਦਾਰ ਸੂਰਜ ਮਨੁੱਖ ਮਾਤਰ ਲਈ ਇਕ ਅਮੁੱਲੀ ਸੁਗਾਤ ਹੈ।

ਇਹੋ ਹਾਲ ਸਮੇਂ ਦਾ ਹੈ। ਅਤਿ ਗਰੀਬ ਤੇ ਅਤਿ ਹੀਣੇ ਮਨੁੱਖ ਦੇ ਕੋਲ ਵੀ ਕੀਮਤੀ ਸਮਾਂ ਉਨ੍ਹਾਂ ਹੀ ਹੈ ਜਿੰਨਾਂ ਕਿਸੇ ਵੱਡੇ ਤੋਂ ਵੱਡੇ ਬਾਦਸ਼ਾਹ ਜਾਂ ਵੱਡੇ ਤੋਂ ਵੱਡੇ ਅਮੀਰ ਦੇ ਕੋਲ ਹੈ। ਐਂਡਰੀਊ ਕਾਰਨੇਗੀ ਕਿਹਾ ਕਰਦਾ ਸੀ ਕਿ ਜੇ ਮੇਰੀ ਉਮਰ ਦਸ ਵਰ੍ਹੇ ਹੋਰ ਵਧ ਜਾਵੇ ਤਾਂ ਮੈਂ ਉਹਦੇ ਬਦਲੇ ਕਰੋੜ ਰੁਪਿਆ ਦੇ ਦੇਵਾਂ ਪਰ ਉਸ ਦੀ ਸਾਰੀ ਦੌਲਤ ਸਮੇਂ ਦੇ ਇਕ ਪਲ ਨੂੰ ਵੀ ਨਹੀਂ ਖਰੀਦ ਸਕਦੀ ਸੀ। ਰੁਪਏ ਵਿਚ ਜ਼ਿੰਦਗੀ ਦੀਆਂ ਚੰਗੀਆਂ ਤੋਂ ਚੰਗੀਆਂ ਚੀਜ਼ਾਂ ਜਿਹਾ ਕਿ ਪਿਆਰ, ਮਿੱਤਰਤਾ ਤੇ ਹਮਦਰਦੀ ਨੂੰ ਖਰੀਦਣ ਦੀ ਸ਼ਕਤੀ ਨਹੀਂ। ਅਤਿ ਮਿੱਠੀਆਂ ਤੇ ਅਤਿ

ਮਨ ਭਾਉਣੀਆਂ ਚੀਜ਼ਾਂ ਜੋ ਸਾਡੇ ਪਤੇ ਵਿਚ ਹਨ ਉਹ ਕੇਵਲ ਚੰਗੇ ਚਲਣ, ਠੀਕ ਵਿਚਾਰਾਂ ਤੇ ਚੰਗੇਰੇ ਜਤਨਾਂ ਨਾਲ ਹੀ ਖਰੀਦੀਆਂ ਜਾ ਸਕਦੀਆਂ ਹਨ।

ਲਿੰਕਨ ਕਿਹਾ ਕਰਦਾ ਸੀ ਕਿ ਲੋਕ ਲੱਗਭਗ ਉਨੇ ਹੀ ਖੁਸ਼ ਹੁੰਦੇ ਹਨ ਜਿੰਨੇ ਕੁ ਖੁਸ਼ ਹੋਣਾ ਉਹ ਚਾਹੁੰਦੇ ਹਨ। ਅਸੀਂ ਪਿੱਛੇ ਇਕ ਲੇਖ 'ਅਸਲੀਅਤ ਦੇ ਵੀਹ ਮਿੰਟ' ਦਾ ਵਰਣਨ ਕੀਤਾ ਹੈ। ਉਸ ਦੇ ਲੇਖਕ ਤੇ ਉਸ ਵਰਗੇ ਹੋਰ ਹਜ਼ਾਰਾਂ ਆਦਮੀਆਂ ਦਾ ਤਜਰਬਾ ਇਹੋ ਦਸਦਾ ਹੈ ਕਿ ਖੁਸ਼ੀ ਦੀ ਸੰਭਾਵਨਾ ਸਥੂਲ ਚੀਜ਼ਾਂ ਜਾਂ ਉਨ੍ਹਾਂ ਦੀ ਪ੍ਰਾਪਤੀ ਵਿਚ ਨਹੀਂ ਹੈ। ਖੁਸ਼ੀ ਸਾਥੋਂ ਕਿਤੇ ਬਾਹਰ ਨਹੀਂ ਸਗੋਂ ਸਾਡੇ ਅੰਦਰ ਹੀ ਹੈ।

ਦੁਨੀਆ ਭਰ ਦੇ ਲੋਕ ਉਸ ਚੀਜ਼ ਦੀ ਭਾਲ ਵਿਚ ਜੁੱਟੇ ਹੋਏ ਹਨ ਜਿਹੜੀ ਉਹਨਾਂ ਦੇ ਆਪਣੇ ਅੰਦਰ ਮੌਜੂਦ ਹੈ। ਕਿਸੇ ਚੀਜ਼ ਨੂੰ ਆਪਣੀਆਂ ਅੰਤਰੀਵ ਅੱਖਾਂ ਨਾਲ ਅਸੀਂ ਜਿਸ ਤਰ੍ਹਾਂ ਵੀ ਵੇਖਦੇ ਹਾਂ ਉਹ ਉਸੇ ਹੀ ਤਰ੍ਹਾਂ ਦੀ ਹੀ ਬਣ ਜਾਂਦੀ ਹੈ। ਉਸ ਦੇ ਉੱਤੇ ਸਾਡੀ ਚਿੱਤ-ਬਿਰਤੀ ਦਾ ਰੰਗ ਚੜ੍ਹ ਜਾਂਦਾ ਹੈ। ਜੇ ਆਪਣੇ ਮਾਨਸਿਕ ਰਵੱਈਏ ਨਾਲ ਅਸੀਂ ਕਿਸੇ ਚੀਜ਼ ਨੂੰ ਸੁੰਦਰਤਾ ਦੇ ਦਿੰਦੇ ਹਾਂ ਤਾਂ ਉਹ ਚੀਜ਼ ਸੁੰਦਰ ਬਣ ਜਾਂਦੀ ਹੈ ਤੇ ਜੇ ਸਾਡੀ ਮਨੋਕਲਪਣਾ ਉਸ ਨੂੰ ਕੋਝਾ ਚਿੱਤਰਦੀ ਹੈ ਤਾਂ ਉਹ ਕੋਝੀ ਤੇ ਨਿਰਾਸ਼ਾ ਭਰਪੂਰ ਹੋ ਜਾਂਦੀ ਹੈ। ਨਜ਼ਾਰਿਆਂ ਵਿਚ ਜੋ ਸੁੰਦਰਤਾ ਸਾਨੂੰ ਦਿਖਾਈ ਦਿੰਦੀ ਹੈ ਤੇ ਰਾਗ ਵਿਚ ਜੋ ਸੁੰਦਰਤਾ ਅਸੀਂ ਮਹਿਸੂਸ ਕਰਦੇ ਹਾਂ ਉਹ ਅਸਲ ਵਿਚ ਸਾਡੇ ਅੰਦਰ ਹੀ ਹੈ। ਇਸ ਗੱਲ ਦਾ ਗਿਆਨ ਅਸਾਂ ਸਾਰਿਆਂ ਨੂੰ ਹੈ ਕਿ ਜਦੋਂ ਅਸੀਂ ਖੁਸ਼ ਹੁੰਦੇ ਹਾਂ ਤਾਂ ਸਾਰੀ ਦੀ ਸਾਰੀ ਕੁਦਰਤ ਤੇ ਧਰਤੀ ਦੇ ਸਾਰੇ ਦੇ ਸਾਰੇ ਨਜ਼ਾਰੇ ਸਾਨੂੰ ਆਪਣੇ ਨਾਲ ਹੱਸਦੇ ਹੋਏ ਪ੍ਰਤੀਤ ਹੁੰਦੇ ਹਨ। ਸਾਡੀ ਖੁਸ਼ੀ ਨਾਲ ਉਨ੍ਹਾਂ ਦੀ ਖੂਬਸੂਰਤੀ ਦੂਣੀ ਹੋ ਜਾਂਦੀ ਹੈ ਤੇ ਸੂਰਜ ਤੇ ਫੁੱਲ ਸਾਡੀ ਖੁਸ਼ੀ ਦਾ ਪ੍ਰਕਾਸ਼ ਕਰਦੇ ਹੋਏ ਦਿਖਾਈ ਦਿੰਦੇ ਹਨ।

ਦੁਨੀਆ ਇਕ ਗੁੰਬਦ ਜਿਹਾ ਸਥਾਨ ਹੈ ਜੋ ਸਾਡੀ ਅਵਾਜ਼ ਨੂੰ ਗੁੰਜਾ ਕੇ ਸਾਡੇ ਕੋਲ ਮੋੜ ਘਲਦਾ ਹੈ। ਇਹ ਇਕ ਮੂੰਹ ਵੇਖਣ ਵਾਲਾ ਸ਼ੀਸ਼ਾ ਹੈ। ਜਿਹੜਾ ਵੇਖਣ ਵਾਲੇ ਦੇ ਚਿਹਰੇ ਦਾ ਅਕਸ ਮੋੜਦਾ ਹੈ। ਅਸੀਂ ਹੱਸਦੇ ਹਾਂ ਤਾਂ ਉਹ ਵੀ ਹੱਸਦਾ ਹੈ ਜੇ ਅਸੀਂ ਨੱਕ ਚੜ੍ਹਾਉਂਦੇ ਹਾਂ ਤਾਂ ਉਹ ਸਾਡੀਆਂ ਹੀ ਤਿਉੜੀਆਂ ਸਾਨੂੰ ਵਿਖਾ ਦੇਂਦਾ ਹੈ।

ਖੁਸ਼ੀ ਕੀ ਹੈ? ਇਹ ਸਾਡੇ ਮਾਨਸਿਕ ਰੱਵਈਏ ਅਤੇ ਦੂਜਿਆਂ ਨਾਲ ਸਾਡੇ ਵਰਤਾਰੇ ਦਾ ਪ੍ਰਤਿਕਰਮ ਹੈ। ਸਾਡੇ ਕੰਮ ਦੇ ਪ੍ਰਤੀਕਰਮ ਵਿਚ ਜੋ ਕੁਝ ਉਹ ਸਾਡੇ ਵੱਲ ਮੋੜ ਕੇ ਭੇਜਦੇ ਹਨ ਉਹ ਹੀ ਸਾਨੂੰ ਖੁਸ਼ ਜਾਂ ਉਦਾਸ ਕਰਦਾ ਹੈ। ਸਾਡੇ ਅਤੇ ਸਵਰਗ ਅਰਥਾਤ ਪਰਮਾਨੰਦ ਦੇ ਵਿਚਕਾਰਲਾ ਦਰਵਾਜ਼ਾ ਉਨ੍ਹਾਂ ਚਿਰ ਨਹੀਂ ਖੱਲ੍ਹ ਸਕਦਾ ਜਿੰਨਾਂ ਚਿਰ ਸਾਡੇ ਤੇ ਮਨੁੱਖ ਜਾਤੀ ਦੇ ਵਿਚਕਾਰਲਾ ਦਰਵਾਜ਼ਾ ਬੰਦ ਹੈ।

ਚੰਗੇ ਵਿਚਾਰਾਂ ਤੋਂ ਚੰਗੇ ਕੰਮ ਪੈਦਾ ਹੁੰਦੇ ਹਨ। ਜੇ ਅਸੀਂ ਰੋਜ਼ ਕੇਵਲ ਚੰਗੇ, ਉਸਾਰੂ, ਖੁਸ਼ੀ ਭਰੇ, ਸਹਾਇਕ, ਉਪਕਾਰ ਤੇ ਨਿਸ਼ਕਾਮਤਾ ਦੇ ਖਿਆਲਾਂ ਨੂੰ ਹੀ ਆਪਣੇ ਦਿਲ ਵਿਚ ਥਾਂ ਦੇਈਏ ਤਾਂ ਅਸੀਂ ਝੱਟ ਪੂਰੀ ਤਰ੍ਹਾਂ ਪ੍ਰਸੰਨ ਹੋ ਜਾਈਏ, ਕਿਉਂਕਿ ਆਖ਼ਰ ਖੁਸ਼ੀ ਦਿਲ ਦੀ ਹੀ ਇਕ ਅਵਸਥਾ ਦਾ ਨਾਂ ਹੈ। ਤੁਹਾਡੀ ਅੱਜ ਦੀ ਸਾਰੀ ਖੁਸ਼ੀ ਜਾਂ ਗ਼ਮੀ ਕੇਵਲ ਤੁਹਾਡੇ ਖਿਆਲਾਂ ਦਾ ਹੀ ਫ਼ਲ ਹੈ। ਜੇ ਬੇਸੁਰਤਾ, ਚਿੰਤਾ, ਡਰ, ਈਰਖਾ, ਦਵੈਖ ਅਤੇ ਘ੍ਰਿਣਾ ਦੇ ਖਿਆਲਾਂ ਨੇ ਸਾਡੇ ਸਮੇਂ ਦਾ ਬਹੁਤ ਸਾਰਾ ਹਿੱਸਾ ਨਾ ਮਲਿਆ ਹੋਇਆ ਹੋਵੇ ਤਾਂ ਬਗੈਰ ਕਿਸੇ ਜਤਨ ਦੇ ਅਸੀਂ ਬਹੁਤ ਸਾਰਾ ਸਮਾਂ ਚਿੰਤਾ ਦੀ ਥਾਂ ਖੁਸ਼ੀ ਵਿਚ ਬਿਤਾਈਏ।

ਈਸਾਈਆਂ ਦੀ ਧਰਮ ਪੁਸਤੱਕ ਵਿਚ ਲਿਖਿਆ ਹੈ, 'ਤੁਸੀਂ ਪਹਿਲਾਂ ਰੱਬ ਦੀ ਬਾਦਸ਼ਾਹਤ ਤੇ ਸਚਾਈ ਦੀ ਭਾਲ ਕਰੋ, ਬਾਕੀ ਸਾਰੀਆਂ ਚੀਜ਼ਾਂ ਤੁਹਾਨੂੰ ਆਪਣੇ ਆਪ ਮਿਲ ਜਾਣਗੀਆਂ।' ਜਦੋਂ ਅਸੀਂ ਰੱਬ ਦੀ ਬਾਦਸ਼ਾਹਤ ਅਰਥਾਤ

ਇਕਸੁਰਤਾ ਦੇ ਸਵਰਗ ਨੂੰ ਪ੍ਰਾਪਤ ਕਰ ਲੈਂਦੇ ਹਾਂ ਤਾਂ ਸਾਡੀ ਅਵਸਥਾ ਹਰ ਜ਼ਰੂਰੀ ਤੇ ਮਨਭਾਉਂਦੀ ਚੀਜ਼ ਨੂੰ ਆਪਣੇ ਵੱਲ ਖਿੱਚਣ ਦੇ ਯੋਗ ਹੋ ਜਾਂਦੀ ਹੈ। ਹਜ਼ਰਤ ਈਸਾ ਦਾ ਉਪੱਤਰ ਲਿਖੇ ਹੋਏ ਸ਼ਬਦਾਂ ਤੋਂ ਇਹੋ ਹੀ ਮਤਲਬ ਸੀ ਕਿ ਜਦੋਂ ਅਸੀਂ ਹਰ ਪ੍ਰਕਾਰ ਦੀਆਂ ਚੀਜ਼ਾਂ ਦੇ ਸੋਮੇ ਨਾਲ ਇਕ ਸੁਰ ਹੋ ਜਾਂਦੇ ਹਾਂ, ਜਦੋਂ ਅਸੀਂ ਕਰਤਾ ਪੁਰਖ ਨਾਲ ਆਪਣੀ ਇਕਮਿਕਤਾ ਨੂੰ ਅਨੁਭਵ ਕਰ ਲੈਂਦੇ ਹਾਂ, ਦੂਜੇ ਸ਼ਬਦਾਂ ਵਿਚ ਜਦੋਂ ਅਸੀਂ ਬਰਹਿਮੰਡੀ ਚੇਤਨਤਾ ਤੇ ਗਿਆਨ ਤੱਕ ਪੁੱਜ ਜਾਂਦੇ ਹਾਂ ਤਾਂ ਅਸੀਂ ਪਾਤਸ਼ਾਹਾਂ ਦੇ ਪਾਤਸ਼ਾਹ ਅਕਾਲ ਪੁਰਖ ਦੇ ਅਟੁੱਟ ਭੰਡਾਰ ਤੱਕ ਪੁੱਜ ਜਾਂਦੇ ਹਾਂ।

ਸਦੀਆਂ ਤੋਂ ਜਿਹੜੇ ਸੁੱਖ ਤੇ ਸ਼ਾਂਤੀ ਦੀ ਭਾਲ ਹੁੰਦੀ ਆ ਰਹੀ ਹੈ, ਉਸ ਤੋਂ ਇਹ ਖ਼ਿਆਲ ਹੋ ਸਕਦਾ ਹੈ ਕਿ ਮਨੁੱਖ ਜਾਤੀ ਦੇ ਬਹੁਤ ਵੱਡੇ ਹਿੱਸੇ ਨੇ ਸੁੱਖ ਤੇ ਸ਼ਾਂਤੀ ਨੂੰ ਪ੍ਰਾਪਤ ਕਰ ਲਿਆ ਹੋਵੇਗਾ ਪਰ ਅੱਜ ਤਾਈਂ ਕਿੰਨੇ ਥੋੜੇ ਬੰਦਿਆਂ ਨੂੰ ਇਨ੍ਹਾਂ ਦੀ ਪ੍ਰਾਪਤੀ ਹੋਈ ਹੈ? ਇਹ ਚੀਜ਼ਾਂ ਸਾਨੂੰ ਕੇਵਲ ਇਸੇ ਵਾਸਤੇ ਨਹੀਂ ਮਿਲੀਆਂ ਕਿਉਂਕਿ ਅਸਾਂ ਇਸ ਸੱਚਾਈ ਨੂੰ ਹੁਣ ਤੱਕ ਨਹੀਂ ਸਮਝਿਆ, 'ਕਿ ਸੱਚਖੰਡ ਤਾਂ ਸਾਡੇ ਆਪਣੇ ਹੀ ਅੰਦਰ ਹੈ।

ਇਤਿਹਾਸ ਤੋਂ ਪਤਾ ਚਲਦਾ ਹੈ ਕਿ ਹੁਣ ਤੱਕ ਮਨੁੱਖ ਸੱਚਖੰਡ ਨੂੰ ਆਪਣੇ ਆਪ ਤੋਂ ਬਾਹਰ ਹੀ ਢੂੰਡਦਾ ਰਿਹਾ ਹੈ। ਬਹੁਤ ਸਾਰੇ ਲੋਕ ਖ਼ਿਆਲ ਕਰਦੇ ਚਲੇ ਆਏ ਹਨ ਕਿ ਜੇ ਧਨ ਪ੍ਰਾਪਤ ਹੋ ਜਾਵੇ ਤਾਂ ਉਨ੍ਹਾਂ ਨੂੰ ਉਸ ਸੱਚਖੰਡ ਦੀ ਕੁੰਜੀ ਲੱਭ ਜਾਵੇਗੀ ਤੇ ਉਸ ਦੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ। ਮਨੁੱਖ ਇਸ ਅਦਭੁਤ ਸਵਰਗ ਦੀ ਸਭ ਥਾਂ ਤੇ ਭਾਲ ਕਰਦਾ ਰਿਹਾ ਹੈ, ਪਰ ਅਸਲੀ ਥਾਂ, ਅਰਥਾਤ ਆਪਣੇ ਆਪ ਦੇ ਅੰਦਰ, ਉਸ ਨੇ ਭਾਲ ਨਹੀਂ ਕੀਤੀ।

ਰੱਬ ਨੇ ਮਨੁੱਖ ਨੂੰ ਪੈਦਾ ਕੀਤਾ ਹੈ। ਉਹ ਹੀ ਇਸ ਦਾ ਮਾਂ ਪਿਉ ਹੈ। ਉਸ ਨੇ ਆਪਣੇ ਬੱਚੇ ਨੂੰ ਪ੍ਰਿਥਵੀ ਦੇ ਸਵਰਗ ਵਿਚ ਥਾਂ ਦਿੱਤਾ ਹੈ। ਇਹ ਸਵਰਗ

ਵੀ ਅਜਿਹਾ ਹੈ ਜਿਹੜਾ ਮਨੁੱਖ ਦੇ ਖਿਆਲਾਂ ਦੇ ਪੈਦਾ ਕੀਤੇ ਹੋਏ ਸਾਰੇ ਸਥਾਨਾਂ ਨਾਲੋਂ ਸੁੰਦਰਤਾ ਤੇ ਸ਼ਾਨ ਵਿਚ ਵਧਿਆ ਹੋਇਆ ਹੈ। ਆਦਮੀ ਨੂੰ ਅਜੇਹੀ ਦੁਨੀਆ ਦਾ ਮਾਲਕ ਬਣਾ ਦਿੱਤਾ ਗਿਆ ਹੈ ਜਿਸ ਵਿਚ ਸਭ ਲੋੜੀਂਦੀਆਂ ਚੀਜ਼ਾਂ ਮੌਜੂਦ ਹਨ। ਇਨ੍ਹਾਂ ਤੋਂ ਲਾਭ ਪ੍ਰਾਪਤ ਕਰ ਕੇ ਮਨੁੱਖ ਆਦਰਸ਼ਕ ਖੁਸ਼ੀ ਤੇ ਸਫਲਤਾ ਪ੍ਰਾਪਤ ਕਰ ਸਕਦਾ ਹੈ ਪਰ ਸਦੀਆਂ ਦੇ ਵਿਕਾਸ਼, ਸਦੀਆਂ ਦੀ ਆਦਰਸ਼-ਪ੍ਰਾਪਤੀ ਲਈ ਦੌੜ ਭੱਜ ਤੇ ਸਦੀਆਂ ਦੀ ਅਤਿ ਉੱਚੀ ਚੰਗਿਆਈ ਦੀ ਭਾਲ ਪਿੱਛੋਂ ਮਨੁੱਖ ਅਜੇ ਵੀ ਅਸੰਤੁਸ਼ਟ ਹੈ। ਸਾਧਾਰਨ ਮਨੁੱਖ ਦੇਵਤਾ ਹੁੰਦਾ ਹੋਇਆ ਵੀ ਮੂਰਖਾਂ ਵਾਲੇ ਕੰਮ ਕਰਦਾ ਰਿਹਾ ਹੈ, ਹੁਣ ਵੀ ਉਹ ਖੁਸ਼ੀ ਦੀ ਭਾਲ ਆਪਣੇ ਆਪ ਤੋਂ ਬਾਹਰ ਹੀ ਕਰ ਰਿਹਾ ਹੈ।

ਜੇ ਸਾਨੂੰ ਸਵਰਗ ਦੀ ਬਾਦਸ਼ਾਹੀ ਆਪਣੇ ਅੰਦਰ ਲੱਭ ਪਵੇ ਤਾਂ ਸਾਡੇ ਚਿਹਰੇ ਉੱਤੇ ਅਜੇਹੀ ਰੌਣਕ ਆ ਜਾਵੇ ਜਿਸ ਨੂੰ ਵੇਖ ਕੇ ਹਰ ਕੋਈ ਇਹੋ ਖ਼ਿਆਲ ਕਰੇ ਕਿ ਸਾਨੂੰ ਹੁਣੇ ਹੀ ਕੋਈ ਵੱਡੀ ਦੌਲਤ ਮਿਲ ਗਈ ਹੈ, ਜਿਸ ਕਰਕੇ ਸਾਨੂੰ ਉੱਚੇ ਦਰਜੇ ਦਾ ਸੁੱਖ ਤੇ ਉੱਚੇ ਦਰਜੇ ਦੀ ਸ਼ਾਂਤੀ ਪ੍ਰਾਪਤ ਹੋ ਗਈ ਹੈ।

ਤੁਹਾਨੂੰ ਪਤਾ ਹੈ ਕਿ ਜਿਨ੍ਹਾਂ ਮਨੁੱਖਾਂ ਨੂੰ ਉਹ ਚੀਜ਼ ਲੱਭ ਜਾਂਦੀ ਹੈ ਜਿਸ ਲਈ ਉਨ੍ਹਾਂ ਨੇ ਉਮਰਾਂ ਬੱਧੀ ਘਾਲਾਂ ਘਾਲੀਆਂ ਹੋਣ ਤਾਂ ਉਹ ਕਿੰਨੇ ਖੁਸ਼ ਖੁਸ਼ ਦਿਸਦੇ ਹਨ। ਇਹੋ ਲੋਕ ਸ਼ਾਇਦ ਪਿਛਲੇ ਸਮੇਂ ਵਿਚ ਗਰੀਬ ਰਹੇ ਹੋਣ ਤੇ ਸੰਸਾਰ ਵਿਚ ਆਪਣਾ ਪੇਟ ਭਰਨ ਲਈ ਮਿਹਨਤ ਕਰਦੇ ਰਹੇ ਹੋਣ, ਤੇ ਉਨ੍ਹਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਦਾ ਰਿਹਾ ਹੋਵੇ, ਪਰ ਮਨ ਇੱਛਤ ਚੀਜ਼ਾਂ ਮਿਲ ਜਾਣ ਪਿੱਛੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕੋਈ ਵੱਡੀ ਸੰਪਤੀ ਉਨ੍ਹਾਂ ਨੂੰ ਵਿਰਸੇ ਵਿਚ ਮਿਲ ਗਈ ਹੈ। ਸਾਰੇ ਪਰਵਾਰ ਦੀ ਨੁਹਾਰ ਹੀ ਬਦਲ ਜਾਂਦੀ ਹੈ। ਉਨ੍ਹਾਂ ਦੀਆਂ ਅੱਖਾਂ ਵਿਚ ਅਸਾਧਾਰਨ ਰੌਸ਼ਨੀ ਚਮਕਣ ਲੱਗ ਪੈਂਦੀ ਹੈ। ਆਸ ਖੇੜਾ ਤੇ ਚਮਕ ਉਦਾਸੀ ਤੇ ਨਿਰਾਸਤਾ ਦੀ ਥਾਂ ਆ ਜਾਂਦੇ ਹਨ। ਖੁਸ਼ੀ ਦੀ ਰੌਸ਼ਨੀ ਉਨ੍ਹਾਂ ਦੇ ਅੰਗ

ਅੰਗ ਅਤੇ ਉਨ੍ਹਾਂ ਦੇ ਨਕਸ਼ਾਂ ਤੋਂ ਡਲਕਣ ਲੱਗ ਪੈਂਦੀ ਹੈ ਤੇ ਉਨ੍ਹਾਂ ਦੀਆਂ ਅੱਖਾਂ ਲਿਸ਼ਕਣ ਲੱਗ ਪੈਂਦੀਆਂ ਹਨ।

ਸਾਨੂੰ ਸਾਰਿਆਂ ਨੂੰ ਵੀ ਇਸੇ ਤਰੀਕੇ ਨਾਲ ਇਕ ਦੂਜੇ ਉੱਤੇ ਪ੍ਰਭਾਵ ਪਾਉਣਾ ਚਾਹੀਦਾ ਹੈ। ਅਸੀਂ ਸਾਰੇ ਰੱਬ ਦੇ ਬੱਚੇ ਹਾਂ ਤੇ ਸਾਨੂੰ ਕੰਗਲੇ ਤੇ ਹੀਣੇ ਜੇਹੇ ਦਿਸਣ ਦੀ ਥਾਂਵੇਂ ਅਤਿ ਖੁਸ਼ ਅਤੇ ਪਰਸੰਨ ਜਾਪਣਾ ਚਾਹੀਦਾ ਹੈ। ਸਾਡੀਆਂ ਅੱਖੀਆਂ ਵਿਚੋਂ ਉਹ ਮਹਾਨ ਸੁਹੱਪਣ ਲਿਸ਼ਕਣਾ ਚਾਹੀਦਾ ਹੈ ਜੋ ਸਾਡੀਆਂ ਅੰਤਰ ਮੁਖੀ ਅੱਖੀਆਂ ਵੇਖ ਰਹੀਆਂ ਹਨ। ਸਾਡੇ ਚਿਹਰਿਆਂ ਰਾਹੀਂ ਸਾਡੇ ਮਨ ਅੰਦਰਲੇ ਉਸ ਚਿੱਤਰ ਦੀ ਚਮਕ ਦਿਸਣੀ ਚਾਹੀਦੀ ਹੈ ਜੋ ਸਾਡੀ ਆਤਮਾ ਨੇ ਅਨੁਭਵ ਕੀਤਾ ਹੈ। ਜੇ ਸਾਨੂੰ ਆਪਣੇ ਮਨ ਅੰਦਰਲੇ ਸਵਰਗ ਦੀ ਪ੍ਰਾਪਤੀ ਹੋ ਜਾਵੇ ਤਾਂ ਮਨੁੱਖ ਮਾਤਰ ਦੇ ਚਿਹਰੇ ਮੋਹਰੇ ਤੇ ਇਕ ਉਹ ਸਰਬੋਤਮ ਸੰਤੁਸ਼ਟਤਾ, ਇਕਸੁਰਤਾ ਤੇ ਬਰਕਤ ਝਲਕ ਪਏ ਜਿਹੜੀ ਵਿਰਲਿਆਂ ਦੇ ਚਿਹਰਿਆਂ ਤੋਂ ਕਦੇ ਝਲਕੀ ਹੈ।

ਹਰ ਮਨੁੱਖ ਲਈ ਉਸ ਇਕਸੁਰਤਾ ਵਾਲੇ ਸੁਭਾ ਦੀ ਪ੍ਰਾਪਤੀ ਸੰਭਵ ਹੈ ਜੋ ਆਪਣੇ ਨਿਤਾ ਪ੍ਰਤੀ ਦੇ ਜੀਵਨ ਵਿਚੋਂ ਸੱਚੀ ਪਰਸੰਨਤਾ ਨੂੰ ਕੇਵਲ ਆਪਣੇ ਹੀ ਆਤਮਕ ਵਸੀਲਿਆਂ ਰਾਹੀਂ ਲੱਭ ਸਕੇ। ਇਹ ਨਵਾਂ ਫਲਸਫਾ ਪਰਸੰਨਤਾ ਨੂੰ ਕਿਸੇ ਅਗਲੇਰੇ ਜੀਵਨ ਤੱਕ ਮੁਲਤਵੀ ਕਰਨ ਵਾਲਾ ਨਹੀਂ ਸਗੋਂ ਉਸ ਪਰਸੰਨਤਾ ਦੀ ਖੁਸ਼ਖਬਰੀ ਦੇਣ ਵਾਲਾ ਹੈ ਜਿਹੜੀ ਇਥੇ ਇਸੇ ਜ਼ਿੰਦਗੀ ਵਿਚ ਹੀ ਪ੍ਰਾਪਤ ਹੋ ਸਕਦੀ ਹੈ। ਇਹ ਕਿਸੇ ਦੁਰੇਡੀ ਜਾਂ ਦੇਰ ਨਾਲ ਆਉਣ ਵਾਲੀ ਨਿੱਜੀ ਅਮਰ ਪਦਵੀ ਦਾ ਸੁਨੇਹਾ ਨਹੀਂ ਸੁਣਾਉਂਦਾ ਸਗੋਂ ਦਿਨੋ ਦਿਨ ਮਿਲ ਰਹੀ ਪਰਸੰਨਤਾ ਦੇ ਅਮਰ ਕਰਨ ਦਾ ਸੁਨੇਹਾ ਦੇਂਦਾ ਹੈ।

ਮਨੁੱਖ ਜਾਤੀ ਦੀ ਬਦਕਿਸਮਤੀ ਇਸ ਸਿਧਾਂਤ ਦਾ ਪਰਚਾਰ ਸੀ ਕਿ ਸਵਰਗ ਦੁਨੀਆ ਤੇ ਨਹੀਂ ਮਾਣਿਆ ਜਾ ਸਕਦਾ ਸਗੋਂ ਇਹ ਕਿਤੇ ਦੁਰਾਡੇ ਹੈ ਤੇ ਮਰਨ ਪਿੱਛੋਂ ਪ੍ਰਾਪਤ ਹੁੰਦਾ ਹੈ।

ਪਿਛਲੇ ਸਮਿਆਂ ਦੇ ਧਰਮ ਪਰਚਾਰਕਾਂ ਦੀ ਸਿਖਿਆ ਨੇ ਮਨੁੱਖ ਦੀ ਆਸ ਕਿਸੇ ਦੁਰਾਡੇ ਤੇ ਅਗਲੇਰੇ ਜੀਵਨ ਵੱਲ ਲਾਈ ਅਤੇ ਦੱਸਿਆ ਕਿ ਹਰੇਕ ਮਨ ਇੱਛਤ ਵਸਤੂ ਉਥੇ ਜਾ ਕੇ ਹੀ ਮਿਲੇਗੀ। ਉਨ੍ਹਾਂ ਦੀ ਨਿਗਾਹ ਵਿਚ ਵਰਤਮਾਨ ਦੇ ਮੁਕਾਬਲੇ ਤੇ ਭਵਿਖਤ ਦੀ ਕਦਰ ਵਧੇਰੀ ਸੀ ਤੇ ਇਹ ਜੀਵਨ ਉਮੈਦਵਾਰੀ ਦਾ ਉਹ ਅਣਸੁਖਾਉਂਦਾ ਜ਼ਮਾਨਾ ਸੀ ਜਿਸ ਨੇ ਮਨੁੱਖ ਦੀ ਭਵਿਖਤ ਦੀ ਜ਼ਿੰਦਗੀ ਨੂੰ ਅਮਰ ਕਰਨ ਦਾ ਫੈਸਲਾ ਕਰਨਾ ਸੀ। ਇਨ੍ਹਾਂ ਲੋਕਾਂ ਦੇ ਖ਼ਿਆਲ ਅਨੁਸਾਰ ਜੀਵਨ ਇਕ ਅਲੂਣੀ ਸਿਲ ਸੀ ਅਤੇ ਧਰਮ ਇਸ ਤੋਂ ਵੀ ਵਧੇਰੇ ਬੇਰਸਾ।

ਪਿਛਲਿਆਂ ਧਰਮ ਪਰਚਾਰਕਾਂ ਨੇ ਕਦੇ ਸੁਪਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਕੀਤਾ ਕਿ ਖੁਸ਼ੀ ਜੀਵਨ ਲਈ ਇਕ ਅਤੀਅੰਤ ਜ਼ਰੂਰੀ ਵਸਤੂ ਹੈ ਜੋ ਤੰਦਰੁਸਤੀ ਲਿਆਕਤ ਤੇ ਸਰੀਰ ਦੀ ਕਿਰਿਆ ਨੂੰ ਠੀਕ ਠਾਕ ਰੱਖਣ ਵਿਚ ਬੜਾ ਕੰਮ ਕਰਦੀ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਇਹ ਖ਼ਿਆਲ ਕਰਦੇ ਸਨ ਕਿ ਖੇਡ ਤਮਾਸ਼ੇ ਵੱਲ ਮਨੁੱਖੀ ਮਨ ਦੀ ਰੁਚੀ ਸ਼ੈਤਾਨ ਦੀ ਪਰੇਰਨਾ ਕਰਕੇ ਹੈ, ਜਿਸ ਤੋਂ ਧਰਮ ਦਾ ਸਤਿਆਨਾਸ ਹੋ ਜਾਂਦਾ ਹੈ। ਉਨ੍ਹਾਂ ਦੇ ਖ਼ਿਆਲ ਅਨੁਸਾਰ ਮਨੁੱਖ ਦਾ ਇਹ ਜੀਵਨ ਆਉਣ ਵਾਲੇ ਜੀਵਨ ਦੀ ਤਿਆਰੀ ਦਾ ਸਮਾਂ ਹੈ ਤੇ ਇਸ ਨੂੰ ਕੋਈ ਹੱਕ ਨਹੀਂ ਕਿ ਇਸ ਕੀਮਤੀ ਵਕਤ ਨੂੰ ਖੇਡਾਂ ਤਮਾਸ਼ਿਆਂ ਵਿਚ ਗੁਆਏ। ਇਨ੍ਹਾਂ ਨੂੰ ਕਦੇ ਇਹ ਖ਼ਿਆਲ ਹੀ ਨਹੀਂ ਸੀ ਆਇਆ ਕਿ ਖੇਡ ਦੇ ਸਬੰਧ ਵਿਚ ਜਿਹੜੀ ਕੁਦਰਤੀ ਤਰੰਗ ਮਨੁੱਖ ਦੇ ਮਨ ਵਿਚ ਉਠਦੀ ਰਹਿੰਦੀ ਹੈ ਜੇ ਉਸ ਨੂੰ ਦਬਾ ਦਿੱਤਾ ਜਾਵੇ ਤਾਂ ਬਹੁਤ ਸਾਰੀਆਂ ਹਾਲਤਾਂ ਵਿਚ ਉਸ ਦਾ ਨਤੀਜਾ ਪਾਗਲਪਣਾ ਜਾਂ ਆਚਰਣ ਦੀ ਖਰਾਬੀ ਹੁੰਦਾ ਹੈ।

ਇਨ੍ਹਾਂ ਖਿਆਲਾਂ ਤੇ ਚੱਲਣ ਵਾਲੇ ਲੋਕ ਡਰ ਤੇ ਸਹਿਮ ਦੇ ਤੌਖਲੇ ਵਿਚ ਰਹੇ, ਜਿਸ ਕਰਕੇ ਉਨ੍ਹਾਂ ਦਾ ਜੀਵਨ ਅਨ੍ਹੇਰਾ ਘੁਪ ਬਣਿਆ ਰਿਹਾ। ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਤਾਂ ਇਹ ਪਤਾ ਹੀ ਨਾ ਲੱਗਾ ਕਿ ਅਸਲੀ ਖੁਸ਼ੀ ਕੀ ਹੁੰਦੀ ਹੈ? ਇਨ੍ਹਾਂ ਦੇ ਚਿਹਰਿਆਂ ਤੇ ਸਦਾ ਫਿਕਰ ਤੇ ਗ਼ਮ ਹੀ ਛਾਏ ਰਹਿੰਦੇ ਸਨ। ਇਨ੍ਹਾਂ ਦੇ ਜੀਵਨ ਵਿਚ ਖੁਸ਼ੀ ਬਹੁਤ ਘਟ ਸਗੋਂ ਨਾਂਹ ਦੇ ਬਰਾਬਰ ਹੁੰਦੀ ਸੀ, ਕਿਉਂਕਿ ਦਿਲ ਪਰਚਾਵੇ ਤੇ ਖੇਡ ਤਮਾਸ਼ੇ ਦੀ ਰੁਚੀ ਨੂੰ ਘੜੀ ਮੁੜੀ ਦਬਿਆ ਹੀ ਜਾਂਦਾ ਸੀ।

ਈਸਾਈ ਮੱਤ ਵਿਚ ਇਹ ਮੰਨੀ ਹੋਈ ਗੱਲ ਸੀ ਕਿ ਬੱਚਾ ਭਾਵੇਂ ਛੋਟੀ ਹੀ ਉਮਰ ਦਾ ਹੋਵੇ, ਉਸ ਦੇ ਵਿਚ ਸਮਝ ਬੂਝ ਦਾ ਅੰਕਰ ਵੀ ਨਾ ਪੁੰਗਰਿਆ ਹੋਵੇ, ਉਹ ਦਲੀਲਾਂ ਦੀ ਅਵਸਥਾ ਤੱਕ ਪੁੱਜਾ ਹੀ ਨਾ ਹੋਵੇ, ਉਹ ਧਰਮ ਅਧਰਮ ਬਾਰੇ ਕੁਝ ਵੀ ਨਾ ਜਾਣਦਾ ਹੋਵੇ, ਜੇ ਉਹ ਬਪਿਤਸਮੇ ਦੀ ਰਸਮ ਤੋਂ ਪਹਿਲਾਂ ਮਰ ਜਾਵੇ ਤਾਂ ਉਹ ਸਜ਼ਾ ਦਾ ਭਾਗੀ ਬਣਿਆ ਰਹੇਗਾ ਅਤੇ ਨਰਕ ਵਿਚ ਅਜੇਹੇ ਬੱਚਿਆਂ ਦੀਆਂ ਖੋਪਰੀਆਂ ਦਾ ਫਰਸ਼ ਲੱਗਿਆ ਹੋਇਆ ਹੈ। ਜ਼ਰਾ ਵਿਚਾਰ ਕਰੋ ਕਿ ਇਹ ਵਿਸ਼ਵਾਸ ਕਿਸੇ ਬੱਚੇ ਦੇ ਕੋਮਲ ਮਨ ਉਤੇ ਕਿਨਾਂ ਮਾਰੂ ਅਸਰ ਪਾਉਂਦਾ ਹੋਵੇਗਾ ? ਛੋਟੇ ਬੱਚਿਆਂ ਦੇ ਬਾਲ-ਸੁਭਾਵਾਂ ਤੇ ਅਜੇਹੇ ਭਿਆਨਕ ਸਿਧਾਂਤਾਂ ਦਾ ਅਸਰ ਪਾਉਣਾ ਕਿਤਨਾ ਜ਼ੁਲਮ ਹੈ।

ਪਾਦਰੀ ਲੋਕ ਸਦੀਆਂ ਤੋਂ ਤੀਵੀਆਂ ਤੇ ਮਰਦਾਂ ਨੂੰ ਦਿਲ ਪਰਚਾਵੇ ਦੇ ਵਿਰੁੱਧ ਉਪਦੇਸ਼ ਕਰਦੇ ਤੇ ਦੱਸਦੇ ਸਨ ਕਿ ਇਹ ਰੁਚੀ ਸ਼ੈਤਾਨੀ ਤਾਕਤਾਂ ਦੀ ਖੁਰਾਕ ਦਾ ਕੰਮ ਦਿੰਦੀ ਹੈ। ਇਕ ਉਦਾਸ ਤੇ ਗੰਭੀਰ ਜੇਹਾ ਚਿਹਰਾ ਸੰਤਤਾਈ ਦਾ ਚਿੰਨ੍ਹ ਖ਼ਿਆਲ ਕੀਤਾ ਜਾਂਦਾ ਸੀ। ਜਿਹੜੇ ਲੋਕ ਵਧੇਰਾ ਹੱਸਦੇ ਖੇਡਦੇ ਸਨ, ਜਿਹੜੇ ਖੁਸ਼ੀ ਖੁਸ਼ੀ ਨਾਲ ਵਕਤ ਬਿਤਾਉਂਦੇ ਸਨ, ਉਨ੍ਹਾਂ ਨੂੰ 'ਤਬਾਹੀ ਦੀ ਸੜਕ ਉੱਤੇ ਚਲ ਰਹੇ' ਸਮਝਿਆ ਜਾਂਦਾ ਸੀ ਤੇ ਕਿਹਾ ਜਾਂਦਾ ਸੀ ਕਿ ਸ਼ੈਤਾਨ ਉਨ੍ਹਾਂ ਦੇ ਪਿੱਛੇ ਲੱਗਾ ਹੋਇਆ ਹੈ।

ਧਰਮ ਸ਼ਾਸ਼ਤਰ ਦੇ ਪੁਰਾਣੇ ਮੰਨਣ ਵਾਲੇ ਗੰਭੀਰਤਾ ਭਰੀ ਉਦਾਸੀ ਨੂੰ ਬਹੁਤ ਚੰਗਾ ਸਮਝਦੇ ਸਨ। ਜ਼ਰਾ ਖ਼ਿਆਲ ਕਰੋ ਕਿ ਇਹ ਲੋਕ ਬੰਦ ਕੋਠੜੀਆਂ ਵਿਚ ਰਹਿੰਦੇ ਸਨ ਜਿਨ੍ਹਾਂ ਵਿਚ ਹਵਾ ਦੇ ਆਉਣ ਜਾਣ ਦਾ ਕੋਈ ਰਾਹ ਨਹੀਂ ਹੁੰਦਾ ਸੀ। ਉਥੇ ਉਹ ਗੰਦੀ ਹਵਾ ਵਿਚ ਸਾਹ ਲੈਂਦੇ ਤੇ ਕੁਦਰਤ ਦੇ ਅਸੂਲ ਦੇ ਬਿਲਕੁਲ ਉਲਟ ਜੀਵਨ ਬਤੀਤ ਕਰਦੇ ਸਨ ਤੇ ਬਹੁਤ ਕਰਕੇ ਮਨੁੱਖੀ ਸਮਾਜ ਤੋਂ ਦੂਰ ਇਕਾਂਤ ਵਿਚ ਰਹਿੰਦੇ ਸਨ। ਇਹ ਆਪਣੀਆਂ ਕੁਦਰਤੀ ਰੁਚੀਆਂ ਨੂੰ ਲੱਗਭਗ ਦਬਾ ਕੇ ਰੱਖਦੇ ਸਨ। ਧਰਮ ਦੇ ਸਬੰਧ ਵਿਚ ਕਿਤਾਬਾਂ ਲਿਖਦੇ ਸਨ ਤੇ ਜਿਉਂਦੀ ਜਾਗਦੀ ਮਨੁੱਖ ਜਾਤੀ ਲਈ ਢਕੌਂਸਲੇ ਜੋੜਦੇ ਰਹਿੰਦੇ ਸਨ। ਇਹੋ ਲੋਕ ਕਿਸੇ ਤਰ੍ਹਾਂ ਵੀ ਕੁਦਰਤੀ ਜੀਵਨ ਬਤੀਤ ਨਹੀਂ ਕਰਦੇ ਸਨ। ਇਸ ਲਈ ਇਹ ਉਸ ਅਵਸਥਾ ਵਿਚ ਹੀ ਨਹੀਂ ਸਨ ਕਿ ਇਹ ਸਾਧਾਰਨ ਮਨੁੱਖ ਲਈ ਕੋਈ ਸਿਧਾਂਤ ਬਣਾ ਸਕਣ।

ਹਜ਼ਰਤ ਈਸਾ ਨੇ ਆਪਣੇ ਆਪ ਨੂੰ ਲੋਕਾਂ ਤੋਂ ਅਡਰਾ ਨਹੀਂ ਰੱਖਿਆ ਸੀ। ਉਨ੍ਹਾਂ ਨੇ ਸਭ ਦੇ ਸਾਹਮਣੇ ਜੀਵਨ ਬਤੀਤ ਕੀਤਾ। ਉਹ ਆਮ ਲੋਕਾਂ ਨਾਲ ਮੇਲ ਮਿਲਾਪ ਕਰਦੇ ਸਨ ਤੇ ਉਨ੍ਹਾਂ ਵਿਚੋਂ ਹੀ ਇਕ ਸਨ। ਉਨ੍ਹਾਂ ਦੀ ਸਿੱਖਿਆ ਕੁਦਰਤੀ ਤੇ ਸੰਪੂਰਣ ਸੀ ਪਰ ਲੁਕਾਈ ਤੋਂ ਦੁਰਾਡੇ, ਜੀਵਨ ਦੀ ਹਿਲ ਚੱਲ ਤੋਂ ਇਕਲਵਾਂਝੇ, ਆਪਣੇ ਸਾਥੀਆਂ ਤੋਂ ਨਿਖੜ ਕੇ ਭੋਰੇ ਵਿਚ ਬੈਠਿਆ ਹੋਇਆ ਕੋਈ ਸਾਧੂ ਸੰਤ ਇਹੋ ਜੇਹੀਆਂ ਹਾਲਤਾਂ ਵਿਚ ਜੋ ਉਪਦੇਸ਼ ਦੇ ਸਕਦਾ ਹੈ, ਉਹ ਉਦਾਸ, ਮਾਤਮੀ ਅਤੇ ਅਸਾਧਾਰਨ ਹੀ ਹੋ ਸਕਦਾ ਹੈ ਅਤੇ ਸਧਾਰਨ ਜੀਵਨ ਬਤੀਤ ਕਰ ਰਹੇ ਮਨੁੱਖਾਂ ਲਈ ਢੁਕਵਾਂ ਨਹੀਂ ਹੋ ਸਕਦਾ।

ਮਨੁੱਖੀ ਜੀਵਨ ਵਿਚ ਅਤਿਸੋਗੀ ਰਾਗ ਧਰਮ ਪਰਚਾਰਕਾਂ ਦਾ ਹੀ ਅਲਾਪਿਆ ਹੋਇਆ ਹੈ। ਉਨ੍ਹਾਂ ਨੇ ਰੱਬ ਦੇ ਨਾਲ ਮਨੁੱਖੀ ਸਬੰਧ ਦਾ ਖ਼ਿਆਲ ਇਸ ਤਰ੍ਹਾਂ ਉਲਟ ਪੁਲਟ ਤੋੜ ਮਰੋੜ ਕੇ, ਕੁਝ ਦਾ ਕੁਝ ਬਿਆਨ ਕੀਤਾ ਹੈ ਕਿ ਰਹੇ ਰੱਬ ਦਾ ਨਾਂ।

'ਈਸਾਈ ਵਿਗਿਆਨ' 'ਨਵਾਂ ਖ਼ਿਆਲ' ਤੇ ਮਾਨਸਿਕ ਵਿਗਿਆਨ ਆਦਿ ਮਜ਼ਬ ਦੇ ਨਵੇਂ ਰੂਪਾਂ ਨੇ ਨਵੇਂ ਰਾਗ ਅਲਾਪੇ ਹਨ। ਇਹ ਖੁਸ਼ੀ ਤੋਂ ਪਰਫੁੱਲਤਾ ਦਾ ਧਰਮ ਸਿਖਾਉਂਦੇ ਹਨ। ਇਹ ਕਿਸੇ ਅਗਲੇਰੇ ਜੀਵਨ ਦੀ ਥਾਂ ਵਰਤਮਾਨ ਜ਼ਿੰਦਗੀ ਨੂੰ ਹੀ ਮਾਣਨ ਤੇ ਜ਼ੋਰ ਦਿੰਦੇ ਹਨ। ਇਹ ਦੱਸਦੇ ਹਨ ਕਿ ਅਸੀਂ ਖੁਸ਼ੀ ਭਰਪੂਰ, ਸਵਾਰਥ ਰਹਿਤ, ਦੂਜਿਆਂ ਦੀ ਸਹਾਇਤਾ ਕਰਨ ਵਾਲਾ ਜੀਵਨ ਬਤੀਤ ਕਰਨ ਦੇ ਸੁਨਿਹਰੀ ਅਸੂਲਾਂ ਤੇ ਚਲਦੇ ਹੋਏ ਇਸ ਸੰਸਾਰ ਯਾਤਰਾ ਨੂੰ ਪ੍ਰੇਮ ਤੇ ਮੁਹੱਬਤ ਦੇ ਮਾਰਗ ਉਤੇ ਤੁਰ ਕੇ ਪੂਰਨ ਕਰਦੇ ਹਾਂ, ਤਾਂ ਅਸੀਂ ਕੇਵਲ ਇਸ ਦੁਨਿਆ ਵਿਚ ਤੇ ਵਰਤਮਾਨ ਕਾਲ ਵਿਚ ਹੀ ਖੁਸ਼ੀ, ਲਿਆਕਤ ਤੇ ਸਫਲਤਾ ਦਾ ਜੀਵਨ ਬਤੀਤ ਨਹੀਂ ਕਰਦੇ, ਸਗੋਂ ਜੇ ਕੋਈ ਆਉਣ ਵਾਲੀ ਅਵਸਥਾ ਵੀ ਸਾਡੀ ਉਡੀਕ ਕਰ ਰਹੀ ਹੈ ਤਾਂ ਉਹਦੇ ਮਾਣਨ ਲਈ ਵੀ ਅਸੀਂ ਯੋਗ ਤੇ ਸਮਰੱਥ ਹੋਵਾਂਗੇ। ਧਰਮ ਦੀ ਪੁਰਾਣੀ ਕਿਸਮ ਦੀ ਵਿਚਾਰਧਾਰਾ ਅਣਿਦਿਸਦੇ ਭਵਿਖਤ ਤੇ ਵਧੇਰਾ ਧਿਆਨ ਦਿੰਦੀ ਸੀ। ਉਹਦੇ ਅਨੁਸਾਰ ਕਿਸੇ ਦੁਰਾਡੇ ਤੇ ਅਦਿੱਖ ਰੱਬ ਦੀ ਪੂਜਾ ਕੀਤੀ ਜਾਂਦੀ ਸੀ, ਤੇ ਸਵਰਗ ਕਿਸੇ ਦੁਰੇਡੇ ਥਾਂ ਤੇ ਬਣਿਆ ਹੋਇਆ ਸੀ। ਸੋ ਮਨੁੱਖ ਦੀ ਨੀਝ ਕਿਸੇ ਭਵਿਖਤ ਤੇ ਇਉਂ ਟਿਕੀ ਰਹਿੰਦੀ ਸੀ ਕਿ ਉਸ ਦੇ ਅਨਕੂਲ ਚੱਲਣ ਵਾਲਾ ਇਸ ਜੀਵਨ ਯਾਤਰਾ ਦਾ ਅੱਧਾ ਵੀ ਸੁਆਦ ਨਹੀਂ ਸੀ ਮਾਣ ਸਕਦਾ।

ਨਵਾਂ ਫਲਸਫਾ, ਭਾਵੇਂ ਇਸ ਨੂੰ ਨਵਾਂ ਮੱਤ ਕਹਿ ਲਵੋ, ਖੁਸ਼ੀ ਤੇ ਪਰਉਲਤਾਂ ਦਾ ਪਰਚਾਰ ਕਰਦਾ ਹੈ। ਇਹ ਮਨੁੱਖ ਦੀ ਤਬੀਅਤ ਵਿਚ ਨੇਕੀ, ਖੁਬਸੂਰਤੀ, ਸਚਾਈ, ਉੱਚਤਾ ਤੇ ਭਲਮਣਸਾਊ ਤੇ ਵਧੇਰੇ ਜ਼ੋਰ ਦਿੰਦਾ ਹੈ। ਇਹ ਖੁਸ਼ੀ ਨੂੰ ਇਕ ਨਵੀਂ ਉੱਚਤਾ ਦਿੰਦਾ ਹੈ। ਇਹ ਖੁਸ਼ੀ ਤੋਂ ਪਰਸੰਨਤਾ ਨੂੰ ਜੀਵਨ ਵਿਚ ਨਵਾਂ ਸਥਾਨ ਦੇਂਦਾ ਹੈ ਤੇ ਇਨ੍ਹਾਂ ਕੁਦਰਤੀ ਹਾਲਤਾਂ ਨੂੰ ਧਰਮ ਸ਼ਾਸਤਰ ਦੇ ਜਾਣਕਾਰਾਂ ਦੀ ਮਨਾਹੀ ਤੋਂ ਛੁਟਕਾਰਾ ਦਿਵਾਉਂਦਾ ਹੈ। ਇਹ ਸਿਖਾਉਂਦਾ ਹੈ ਕਿ ਮਸੂਮ ਜੇਹੀ ਖੁਸ਼ੀ ਤੇ ਪਰਸੰਨਤਾ ਵੀ ਧਾਰਮਕਤਾ ਨਾਲੋਂ ਕਿਸੇ ਤਰ੍ਹਾਂ ਘਟ ਨਹੀਂ

ਹਨ ਤੇ ਸਾਡੀ ਸਰੀਰਕ ਮਾਨਸਿਕ ਤੇ ਆਚਰਣਕ ਉਸਾਰੀ ਲਈ ਖੁਸ਼ੀ ਵੀ ਉਂਨੀ ਹੀ ਜ਼ਰੂਰੀ ਹੈ ਜਿੰਨੀ ਕਿ ਪਰਾਰਥਨਾ ਜਾਂ ਪੂਜਾ।

ਨਵਾਂ ਫਸਲਫਾ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਖੇੜਾ, ਪਰਸੰਨਤਾ ਤੇ ਖੁਸ਼ੀ ਕੁਦਰਤੀ ਜੀਵਨ ਦੇ ਚਿੰਨ ਹਨ। ਇਹ ਸਿਖਾਉਂਦਾ ਹੈ ਕਿ ਸਰੀਰਕ, ਮਾਨਸਿਕ ਤੇ ਆਚਰਣਕ ਰੁਚੀਆਂ ਦੀ ਇਕਸੁਰਤਾ ਸਾਰੇ ਧਰਮਾਂ ਦੀਆਂ ਮੁੱਢਲੀਆਂ ਲੋੜਾਂ ਹਨ। ਉਹ ਕੋਈ ਗੱਲ, ਜਿਹੜੀ ਸਾਨੂੰ ਵਧੇਰੇ ਸਫਲ, ਵਧੇਰੇ ਸਿਆਣੇ ਤੇ ਵਧੇਰੇ ਖੁਸ਼ ਨਹੀਂ ਬਣਾਉਂਦੀ, ਉੱਕਾ ਹੀ ਧਾਰਮਿਕ ਨਹੀਂ ਹੋ ਸਕਦੀ। ਇਹ ਸਿਖਾਉਂਦਾ ਹੈ ਕਿ ਮਜ਼ਬ ਦਾ ਅਰਥ ਵਹਿਮ, ਡਰ ਅਤੇ ਝੋਰਿਆਂ ਤੋਂ ਛੁਟਕਾਰਾ ਪਾਉਣਾ ਹੈ। ਇਸ ਦੇ ਅਰਥ ਹਨ ਸੰਪੂਰਨਤਾ, ਭਰਪੂਰਤਾ, ਖੁਸ਼ੀ ਤੇ ਖੇੜੇ ਭਰੀ ਸ੍ਵੈ-ਪ੍ਰਗਟਤਾ। ਦੂਜੇ ਸ਼ਬਦਾਂ ਵਿਚ ਸੱਚਾ ਧਰਮ ਉਹੀ ਹੈ ਜੋ ਮਨੁੱਖਤਾ ਨੂੰ ਕੁਦਰਤੀ ਸੰਪੂਰਨਤਾ ਅਰਥਾਤ ਰੱਬ, ਦੇ ਹੋਰ ਨੇੜੇ ਲਿਆਉਂਦਾ ਹੈ।

ਰੱਬ ਨੇ ਇਨਸਾਨ ਨੂੰ ਖੁਸ਼ੀ ਭਰੇ ਕੰਮਾਂ ਵਿਚ ਜੀਵਨ ਬਤੀਤ ਕਰਨ ਅਤੇ ਸ਼ਾਨਦਾਰ ਖੁਸ਼ੀ ਪ੍ਰਾਪਤ ਕਰਨ ਲਈ ਪੈਦਾ ਕੀਤਾ ਹੈ। ਇਸ ਨੂੰ ਸੰਪੂਰਨ ਅਤੇ ਆਦਰਸ਼ਕ ਰੂਪ ਵਿਚ ਮੁਕੰਮਲ ਹੋਣ ਲਈ ਇਸ ਦੀ ਉਤਪਤੀ ਕੀਤੀ ਗਈ ਸੀ। ਰੱਬ ਦੀ ਇਸ ਵਿਉਂਤ ਤੋਂ ਮਨੁੱਖ ਦਾ ਪਰੇ ਹਟ ਜਾਣਾ ਇਸਦਾ ਆਪਣਾ ਕਸੂਰ ਹੈ।

ਹਰ ਮਜ਼ਬ ਦੀਆਂ ਧਾਰਮਕ ਪੁਸਤਕਾਂ ਵਿਚ ਉਨ੍ਹਾਂ ਦੇ ਬਜ਼ੁਰਗ ਲੇਖਕਾਂ ਨੇ ਲੋਕਾਂ ਲਈ ਲਿਖਿਆ ਹੈ ਕਿ ਹੇ ਰੱਬ ਦੇ ਬੰਦਿਓ ! ਤੁਸੀਂ ਖੁਸ਼ ਰਿਹਾ ਕਰੋ। ਕਦੇ ਤੁਸੀਂ ਇਹ ਵੀ ਖ਼ਿਆਲ ਕੀਤਾ ਹੈ ਕਿ ਬਿਨ੍ਹਾਂ ਧਾਰਮਕ ਪੁਸਤੱਕ ਵਿਚ ਵਾਰ ਵਾਰ ਇਸ ਗੱਲ ਦਾ ਕਿਉਂ ਵਰਣਨ ਕੀਤਾ ਗਿਆ ਹੈ ?

ਇਕ ਮਸ਼ਹੂਰ ਨਾਟਕ ਹੈ ਜਿਸ ਦਾ ਨਾਂ 'ਪੋਲੀਆਨਾ' ਹੈ। ਇਹ ਨਾਟਕ ਮਹੀਨਿਆਂ ਬੱਧੀ ਨਿਊਯਾਰਕ ਵਿਚ ਖੇਡਿਆ ਜਾਂਦਾ ਰਿਹਾ ਹੈ। ਇਸ ਦੇ ਦੇਖਣ ਵਾਲੇ ਮਾਨੋ ਮੰਤਰ-ਮੁਗਧ ਹੋਏ ਇਹਨੂੰ ਦੇਖਦੇ ਰਹਿੰਦੇ ਸਨ। ਇਸ ਨਾਟਕ

ਦਾ ਪੋਲੀਆਨਾ ਨਾਂ ਦਾ ਇਕ ਬਾਲ ਪਾਤਰ ਜੋ ਸਾਕਾਰ ਪਰਸੰਨਤਾ ਹੈ ਇਉਂ ਕਹਿੰਦਾ ਹੈ 'ਜੇ ਰੱਬ ਨੇ ਖੇਚਲ ਕਰ ਕੇ ਅਠ ਸੌ ਵਾਰੀ ਅਸਾਂ ਲੋਕਾਂ ਨੂੰ ਖੁਸ਼ ਤੇ ਪਰਸੰਨ ਰਹਿਣ ਲਈ ਕਿਹਾ ਹੈ ਤਾਂ ਅਵਸ਼ ਹੀ ਉਸ ਦੀ ਮਨਸ਼ਾ ਹੋਵੇਗੀ ਕਿ ਜੇ ਵਧੇਰੇ ਨਹੀਂ ਤਾਂ ਥੋੜਾ ਹੀ, ਅਸੀਂ ਜ਼ਰੂਰ ਖੁਸ਼ ਤੇ ਪਰਸੰਨ ਰਿਹਾ ਕਰੀਏ।'

'ਸਦਾ ਖੁਸ਼ ਰਹੋ' 'ਰੱਬ ਦੀ ਭਾਲ ਕਰਨ ਵਾਲਿਆਂ ਨੂੰ ਪਰਸੰਨ ਚਿੱਤ ਰਹਿਣਾ ਚਾਹੀਦਾ ਹੈ' 'ਰੱਬ ਦੀ ਖੁਸ਼ੀ ਤੁਹਾਡਾ ਬਲ ਹੈ' 'ਸਦਾ ਖੁਸ਼ ਰਹੋ, ਮੈਂ ਫੇਰ ਕਹਿੰਦਾ ਹਾਂ ਕਿ ਤੁਸੀਂ ਖੁਸ਼ ਰਹੋ' 'ਤੁਹਾਡੀ ਖੁਸ਼ੀ ਕੋਈ ਵੀ ਤੁਹਾਥੋਂ ਖੋਹ ਨਹੀਂ ਸਕਦਾ' 'ਤੁਹਾਡੀ ਖੁਸ਼ੀ ਸੰਪੂਰਨ ਹੋਵੇਗੀ।' ਵਾਰ ਵਾਰ ਉਪਰ ਲਿਖੀਆਂ ਤੇ ਇਸੇ ਤਰ੍ਹਾਂ ਦੀਆਂ ਹੋਰ ਗੱਲਾਂ ਅੰਜੀਲ ਵਿਚ ਦੁਹਰਾਈਆਂ ਗਈਆਂ ਹਨ। ਇੰਨਾਂ ਹੀ ਨਹੀਂ ਕਿ ਸਾਨੂੰ ਕੇਵਲ ਖੁਸ਼ ਤੇ ਪਰਸੰਨ ਰਹਿਣ ਦਾ ਹੀ ਹੁਕਮ ਦਿੱਤਾ ਗਿਆ ਹੈ ਸਗੋਂ ਇਹ ਵੀ ਹੁਕਮ ਹੈ ਕਿ ਅਸੀਂ ਹਰ ਵੇਲੇ ਹੱਸਦੇ ਖੇਡਦੇ ਤੇ ਅਤਿ ਪਰਸੰਨ ਰਹੀਏ। ਜੇ ਇਹ 'ਸਭ ਕੁਝ ਰੱਬ ਦੀ ਮਰਜ਼ੀ ਅਨੁਸਾਰ ਨਹੀਂ, ਘਟੋ ਘੱਟ 'ਕੁਝ ਕੁਝ' ਤਾਂ ਉਸ ਦੀ ਇੱਛਾ ਅਨੁਸਾਰ ਹੋਵੇਗਾ।

ਜੀਵਨ ਵਿਚ ਆਉਣ ਵਾਲੀਆਂ ਹਾਰਾਂ, ਮੁਸ਼ਕਲਾਂ ਤੇ ਨਿਰਾਸਤਾਵਾਂ ਸਾਨੂੰ ਉਦਾਸ ਕਰਨ ਲਈ ਨਹੀਂ ਸਗੋਂ ਸਾਨੂੰ ਬਲਵਾਨ ਬਣਾਉਣ ਲਈ ਹਨ। ਜੇ ਅਸੀਂ ਨਾ ਰੋਈਏ, ਪਿੱਟੀਏ, ਤੇ ਨਾ ਹੀ ਗਿਲੇ ਉਲਾਂਭੇ ਕਰੀਏ ਤਾਂ ਜ਼ਰੂਰ ਇਨ੍ਹਾਂ ਹਾਰਾਂ ਤੇ ਮੁਸ਼ਕਲਾਂ ਦਾ ਮੁਕਬਲਾ ਕਰਨ ਦੀ ਤੇ ਉਨ੍ਹਾਂ ਉਤੇ ਜਿੱਤ ਪ੍ਰਾਪਤ ਕਰਨ ਦੀ ਸ਼ਕਤੀ ਸਾਨੂੰ ਦਿੱਤੀ ਜਾਵੇਗੀ।

ਜਦੋਂ ਮੈਂ ਲੋਕਾਂ ਨੂੰ ਗਿਲੇ ਉਲਾਂਭੇ ਕਰਦਿਆਂ, ਬੁੜ ਬੁੜਾਉਂਦਿਆਂ ਤੇ ਔਕੜਾਂ ਦੀ ਰਾਈ ਦਾ ਪਹਾੜ ਬਣਾਉਂਦਿਆਂ ਦੇਖਦਾ ਹਾਂ ਤਾਂ ਮੈਨੂੰ ਇਕ ਬੜੀ ਬੁੱਢੀ ਤੀਵੀਂ ਦਾ ਹਾਲ ਯਾਦ ਆ ਜਾਂਦਾ ਹੈ। ਇਸ ਤੀਵੀਂ ਦਾ ਜੀਵਨ ਸ਼ੋਕ ਤੇ ਨਿਰਾਸ਼ਾ ਭਰਪੂਰ ਰਹਿੰਦਾ ਸੀ ਪਰ ਉਸ ਨੇ ਆਪਣੀ ਖੁਸ਼ੀ ਤੇ ਮਨ ਦੀ ਨਿਰਾਸਤਾ ਨੂੰ ਕਦੇ

ਹੱਥੋਂ ਨਹੀਂ ਸੀ ਜਾਣ ਦਿੱਤਾ। ਇਕ ਦਿਨ ਕਿਸੇ ਨੇ ਇਸ ਬੁੱਢੀ ਤੋਂ ਪੁੱਛਿਆ 'ਮਾਈ ਤੁਹਾਡੀ ਇਸ ਖੁਸ਼ੀ ਤੇ ਆਸ਼ਾਵਾਦੀ ਤਬੀਅਤ ਦਾ ਭੇਤ ਕੀ ਹੈ ?' ਉਸ ਨੇ ਉਤਰ ਦਿੱਤਾ, 'ਮੈਂ ਇਕ ਪਰਸੰਨਤਾ-ਪੁਸਤੱਕ ਬਣਾਈ ਹੋਈ ਹੈ। ਸ਼ੁਰੂ ਜੀਵਨ ਤੋਂ ਹੀ ਮੈਂ ਇਹ ਦ੍ਰਿੜ ਇਰਾਦਾ ਕਰ ਲਿਆ ਸੀ ਕਿ ਰੋਜ਼ ਰਾਤ ਨੂੰ ਸੌਣ ਤੋਂ ਪਹਿਲਾਂ ਮੈਂ ਆਪਣਾ ਦਿਨ ਭਰ ਦਾ ਕੋਈ ਨਾ ਕੋਈ ਸਵਾਦਲਾ ਤਜਰਬਾ ਆਪਣੀ ਇਸ ਪਰਸੰਨਤਾ-ਪੁਸਤੱਕ ਵਿਚ ਲਿਖਿਆ ਕਰਾਂਗੀ। ਇਸ ਤਰ੍ਹਾਂ ਕਰਨ ਨਾਲ ਮੇਰੀ ਆਦਤ ਬਣ ਗਈ ਹੈ ਕਿ ਜੀਵਨ ਵਿਚ ਉਦਾਸੀ ਤੋਂ ਚਿੰਤਾ ਵੱਲ ਧਿਆਨ ਲਾਉਣ ਦੀ ਥਾਂ ਮੈਂ ਖੁਸ਼ੀ ਦੀਆਂ ਗੱਲਾਂ ਵੱਲ ਵਧੇਰਾ ਧਿਆਨ ਦੇਣ ਲੱਗ ਗਈ ਹਾਂ। ਸੋ ਬੱਦਲ ਭਾਵੇਂ ਕਿੰਨੇ ਹੀ ਸੰਘਣੇ ਕਿਉਂ ਨਾ ਹੋਣ, ਮੈਂ ਉਨ੍ਹਾਂ ਵਿਚੋਂ ਸੂਰਜ ਦੀ ਰੋਸ਼ਨੀ ਦੀ ਕੋਈ ਨਾ ਕੋਈ ਝਲਕ ਵੇਖ ਹੀ ਲੈਂਦੀ ਹਾਂ।

ਫੇਰ ਉਸ ਨੇ ਇਹ ਵੀ ਦੱਸਿਆ 'ਕਈ ਕਈ ਵਾਰ ਤਾਂ ਮੇਰੇ ਲਈ ਸੂਰਜ ਦੀ ਰੌਸ਼ਨੀ ਦਾ ਵੇਖਣਾ ਔਖਾ ਹੋ ਗਿਆ, ਕਿਉਂਕਿ ਮੇਰੇ ਬਹੁਤ ਵੱਡੇ ਪਰਵਾਰ ਦਾ ਇਕ ਇਕ ਜੀਅ ਮਰ ਚੁੱਕਾ ਸੀ। ਨਾਲ ਹੀ ਬੀਮਾਰੀ ਨੇ ਵੀ ਮੈਨੂੰ ਬਹੁਤ ਸਤਾਇਆ ਸੀ ਤੇ ਬਹੁਤ ਸਾਰੇ ਧਨ ਦੇ ਨੁਕਸਾਨ ਹੋਣ ਕਰਕੇ ਮੈਂ ਗਰੀਬ ਵੀ ਹੋ ਗਈ ਸਾਂ ਪਰ ਅਜੇਹੀਆਂ ਮੁਸੀਬਤਾਂ ਤੇ ਗਰੀਬੀ ਦੇ ਹੁੰਦਿਆਂ ਹੋਇਆਂ ਵੀ ਮੇਰਾ ਸੁਭਾ ਕਿਸੇ ਨਾ ਕਿਸੇ ਤਰ੍ਹਾਂ ਕੋਈ ਅਜੇਹੀ ਗੱਲ ਲੱਭ ਹੀ ਲੈਂਦਾ ਸੀ ਜਿਸ ਕਰਕੇ ਮੈਂ ਰੋਜ਼ ਰਾਤ ਨੂੰ ਸ਼ੁਕਰ ਭਰਪੂਰ ਹੋ ਜਾਇਆ ਕਰਦੀ ਸਾਂ।'

ਜਿਹੜੇ ਲੋਕ ਜੀਵਨ ਉਦਾਸੀਆਂ ਦੀ ਇਕ ਲੰਮੀ ਲੜੀ ਬਣਾ ਲੈਂਦੇ ਹਨ, ਜਿਨ੍ਹਾਂ ਨੂੰ ਖੁਸ਼ ਤੇ ਪਰਸੰਨ ਹੋਣ ਲਈ ਕੋਈ ਗੱਲ ਹੀ ਨਹੀਂ ਦਿਸਦੀ ਉਹ ਨਾ ਕੇਵਲ ਅਸਲੀ ਤੇ ਅਨੰਤ-ਖੁਸ਼ੀ ਤੋਂ ਵਾਂਝੇ ਹੀ ਰਹਿ ਜਾਂਦੇ ਹਨ

ਸਗੋਂ ਉਹ ਆਪਣੀ ਯੋਗਤਾ ਨੂੰ ਵੀ ਨਿਕਾਰੀ ਬਣਾ ਲੈਂਦੇ ਹਨ ਤੇ ਆਪਣੀ ਜਿੱਤ ਨੂੰ ਵੀ ਹਾਰ ਵਿਚ ਬਦਲ ਲੈਂਦੇ ਹਨ। ਉਹ ਸਾਧਾਰਨ ਮਨੁੱਖ ਨਾ ਹੋਣ

ਕਰਕੇ ਅਪਣੀ ਪੂਰੀ ਪੂਰੀ ਸਮਰੱਥਾ ਤੇ ਸ਼ਕਤੀ ਨੂੰ ਪ੍ਰਾਪਤ ਨਹੀਂ ਕਰ ਸਕਦੇ। ਜਦੋਂ ਮੈਂ ਲੋਕਾਂ ਨੂੰ ਸੋਚਾਂ ਵਿਚ ਪਏ ਹੋਏ, ਸੋਗੀ ਤੇ ਉਦਾਸ ਵੇਖਦਾ ਹਾਂ, ਤੇ ਦੇਖਦਾ ਹਾਂ ਕਿ ਉਹ ਸਦਾ ਜੀਵਨ ਦੇ ਦੁਖਾਂਤੀ ਪੱਖ ਨੂੰ ਹੀ ਤੱਕਦੇ ਰਹਿੰਦੇ ਹਨ ਤਾਂ ਮੇਰੇ ਜੀ ਵਿਚ ਆਉਂਦਾ ਹੈ ਕਿ ਮੈਂ ਕਿਸੇ ਤਰ੍ਹਾਂ ਉਨ੍ਹਾਂ ਦਾ ਰੁੱਖ ਬਦਲਾ ਦੇਵਾਂ ਤਾਂ ਜੋ ਉਨ੍ਹਾਂ ਦਾ ਮੂੰਹ ਰੋਸ਼ਨੀ ਵੱਲ ਹੋ ਜਾਵੇ ਤੇ ਜੀਵਨ ਉਨ੍ਹਾਂ ਨੂੰ ਖੁਸ਼ੀ ਭਰਪੂਰ ਤੇ ਆਸ਼ਾ ਜਨਕ ਦਿੱਸਣ ਲੱਗ ਪਏ ਤੇ ਉਨ੍ਹਾਂ ਦਾ ਕਾਲਾ ਪਰਛਾਵਾਂ ਉਨ੍ਹਾਂ ਦੀ ਪਿੱਠ ਪਿੱਛੇ ਹੋ ਜਾਵੇ।

ਮਿਸਟਰ ਚਾਰਲਸ ਸਕੁਆਬ ਖੁਸ਼ੀ ਦੇ ਫਲਸਫੇ ਦੀ ਸਦਾ ਹੀ ਇਕ ਸ਼ਾਨਦਾਰ ਮਿਸਾਲ ਬਣਿਆ ਰਿਹਾ ਹੈ। ਖੁਸ਼ ਬਾਸ਼ ਤਬੀਅਤ ਦੇ ਜਿੰਨੇ ਲੋਕ ਅੱਜ ਤਾਈਂ ਮੈਨੂੰ ਮਿਲੇ ਹਨ ਉਨ੍ਹਾਂ ਵਿਚੋਂ ਸਾਰਿਆਂ ਤੋਂ ਜ਼ਿਆਦਾ ਖੁਸ਼ ਰਹਿਣਾ ਬੰਦਾ ਮੈਨੂੰ ਇਹੋ ਦਿਸਿਆ ਹੈ। ਚੜ੍ਹਦੀ ਜਵਾਨੀ ਵਿਚ ਜਦ ਇਹ ਕਾਰੋਬਾਰ ਵਿਚ ਪੈਰ ਰੱਖਣ ਲਈ ਥਾਂ ਬਣਾਉਣ ਵਾਸਤੇ ਕੋਸ਼ਿਸ਼ ਕਰ ਰਿਹਾ ਸੀ ਤਾਂ ਇਹ ਹਰ ਵੇਲੇ ਖੁਸ਼ੀ ਨਾਲ ਆਪ-ਮੁਹਾਰਾ ਹੱਸ ਪੈਂਦਾ ਹੁੰਦਾ ਸੀ। 'ਖੁਸ਼ ਰਹਿਣ ਦਾ ਅਜੇਹਾ ਲਗਾਤਾਰ ਵਹਿਣ ਪਹਿਲੀ ਗੱਲ ਸੀ ਜਿਸ ਨੇ ਮਿਸਟਰ ਕਾਰਨੇਗੀ ਦੀ ਨੀਝ ਨੂੰ ਇਸ ਵੱਲ ਖਿਚਿਆ। ਜਿਨ੍ਹਾਂ ਦਿਨਾਂ ਵਿਚ ਕਾਰੋਬਾਰ ਬੰਦ ਹੋ ਗਿਆ ਸੀ ਅਤੇ ਹੜਤਾਲਾਂ ਦੇ ਝਗੜੇ ਹੋ ਰਹੇ ਸਨ ਉਦੋਂ ਸਕੁਆਬ ਦੀ ਪਰਸੰਨ ਰਹਿਣ ਦੀ ਤਬੀਅਤ ਕਰਕੇ ਹੀ ਮਿਸਟਰ ਕਾਰਨੇਗੀ ਨਿਰਾਸਤਾ ਤੇ ਹੌਂਸਲਾ ਟੁੱਟਣ ਤੋਂ ਬਚਿਆ ਰਿਹਾ। ਜਦ ਲੋਹੇ ਦਾ ਪਾਤਸ਼ਾਹ (ਕਾਰਨੇਗ) ਹਾਲਤ ਨੂੰ ਵੇਖ ਵੇਖ ਕੇ ਜ਼ਿਆਦਾ ਉਦਾਸ ਜਾਂ ਗੁੱਸੇ ਵਿਚ ਹੁੰਦਾ ਤਾਂ ਸਕੁਆਬ ਸਕਾਟਲੈਂਡ ਦੇ ਗੀਤ ਗਾ ਗਾ ਕੇ ਕਾਰਨੇਗੀ ਨੂੰ ਖੁਸ਼ ਕਰ ਦਿਆ ਕਰਦਾ ਤੇ ਮਿਸਟਰ ਕਾਰਨੇਗੀ ਖੁਸ਼ੀ ਨਾਲ ਥਾਪੜਾ ਲਾ ਕੇ ਸਕੁਆਬ ਨੂੰ ਕਿਹਾ ਕਰਦੇ 'ਭਰਾ ਚਾਰਲਸ ਤੂੰ ਸੱਚਾ ਹੈਂ, ਤੂੰ ਠੀਕ ਹੈਂ ?”

ਬੇਲੋੜੀ ਗੰਭੀਰਤਾ ਹੇਠ ਮਾਨਸਿਕ ਤਾਕਤਾਂ ਦਬੀਆਂ ਜਾਂਦੀਆਂ ਹਨ ਤੇ ਮਨੁੱਖ ਦੀ ਲਿਆਕਤ ਘਟ ਹੋ ਜਾਂਦੀ ਹੈ। ਜਿਹੜਾ ਆਦਮੀ ਕੰਮ ਕਰਦਾ ਹੋਇਆ

ਗਾਉਂਦਾ ਰਹਿੰਦਾ ਹੈ, ਖੁਸ਼ੀ ਜਿਸ ਵਿਚੋਂ ਛਲਕ ਛਲਕ ਕੇ ਬਾਹਰ ਆਉਂਦੀ ਰਹਿੰਦੀ ਹੈ ਤੇ ਜਿਸ ਵਿਚ ਜੀਉਣ ਸੱਤਾ ਦੀ ਬਹੁਲਤਾ ਹੈ ਉਹ ਆਦਮੀ ਇਕ ਤੰਦਰੁਸਤ ਤੇ ਸਫਲ ਆਦਮੀ ਹੈ।

ਜੀਵਨ ਖੇੜੇ, ਦਿਲਪਰਚਾਵੇ, ਖੁਸ਼ੀ ਚਾਨਣ ਤੇ ਪਰਸੰਨਤਾ ਨਾਲ ਭਰਿਆ ਹੋਇਆ ਹੋਣਾ ਚਾਹੀਦਾ ਹੈ ਪਰ ਇਹ ਤਦ ਹੀ ਹੋ ਸਕਦਾ ਹੈ ਜਦ ਸਾਨੂੰ ਪਤਾ ਹੋਵੇ ਕਿ ਇਸ ਨੂੰ ਅਜੇਹਾ ਕਿਵੇਂ ਬਣਾਇਆ ਜਾ ਸਕਦਾ ਹੈ। ਜੇ ਉਪਰੋਕਤ ਬੁੱਢੀ ਵਾਂਙ ਜਿਸ ਨੇ ਪਰਸੰਨਤਾ-ਪੁਸਤੱਕ ਬਣਾਈ ਹੋਈ ਸੀ, ਜਾਂ ਪੋਲੀਆਨਾ ਵਾਂਙ, ਅਸੀਂ ਵੀ ਖੁਸ਼ ਹੋਣ ਲਈ ਕੋਈ ਗੱਲ ਕਿਤੋਂ ਨਾ ਕਿਤੋਂ ਢੂੰਡ ਕਢਣ ਦਾ ਸੁਭਾ ਬਣਾ ਲਈਏ ਤਾਂ ਛੇਤੀ ਹੀ ਸਾਨੂੰ ਵੀ ਖੁਸ਼ੀ ਦੇ ਭੇਤ ਦਾ ਪਤਾ ਲੱਗ ਜਾਵੇ।

ਆਉ ਅਸੀਂ ਜੀਵਨ ਨੂੰ ਮਾਣੀਏ ਤੇ ਖੁਸ਼ ਰਿਹਾ ਕਰੀਏ, ਸਾਨੂੰ ਵੀ ਪੋਲੀਆਨਾ ਨਾਲ ਅਵਾਜ਼ ਮਿਲਾ ਕੇ ਕਹਿਣਾ ਚਾਹੀਦਾ ਹੈ ਕਿ 'ਖੁਸ਼ ਖੁਸ਼ ਰਹੋ-ਜੀਵਨ ਦੀ ਅਸਲ ਖੇਡ ਇਹੋ ਹੀ ਹੈ।

ਕਾਂਡ ੪

ਸਾਹਸਹੀਣਤਾ ਅਤੇ ਉਸ ਦਾ ਦਾਰੂ

ਜਦੋਂ ਸਾਨੂੰ ਰੱਬ ਨਾਲ ਆਪਣੀ ਸਾਂਝ ਦਾ ਗਿਆਨ ਹੋ ਜਾਂਦਾ ਹੈ, ਜਦੋਂ ਸਾਡੇ ਦਿਲ ਵਿਚ ਰੱਬ ਦੀ ਯਾਦ ਆ ਜਾਂਦੀ ਹੈ ਤਾਂ ਸਾਹਸਹੀਣਤਾ ਦੂਰ ਨੱਸ ਜਾਂਦੀ ਹੈ।

ਸ਼ਹਿਰ ਨਿਊਯਾਰਕ ਵਿਚ ਲੱਗਭਗ ਅੱਠ ਸੌ ਸੱਠ ਆਦਮੀ, ਤੀਵੀਆਂ ਤੇ ਬੱਚੇ ਹਰ ਵਰ੍ਹੇ ਆਤਮਘਾਤ ਕਰਦੇ ਹਨ, ਅਰਥਾਤ ਦੋ ਬੰਦੇ ਰੋਜ਼। ਉਥੋਂ ਦੇ ਇਕ ਹਸਪਤਾਲ ਵਿਚ ਦੋ ਸੌ ਪੈਂਤੀ ਅਜੇਹੇ ਬੰਦਿਆਂ ਦਾ ਇਲਾਜ ਹੋਇਆ ਜਿਨ੍ਹਾਂ ਨੇ ਆਤਮ-ਹੱਤਿਆ ਦੀ ਕੋਸ਼ਿਸ਼ ਕੀਤੀ ਸੀ। ਦੁਨੀਆ ਦੇ ਹੋਰ ਵੰਡੇ ਵੱਡੇ ਸ਼ਹਿਰਾਂ ਵਿਚ ਆਤਮ-ਹੱਤਿਆ ਦੀਆਂ ਘਟਨਾਵਾਂ ਨਿਊਯਾਰਕ ਨਾਲੋਂ ਵੀ ਵਧੇਰੀਆਂ ਹੁੰਦੀਆਂ ਹਨ।

ਅੰਦਾਜ਼ਾ ਲਾਇਆ ਗਿਆ ਹੈ ਕਿ ਹਰ ਵਰ੍ਹੇ ਵਿਚ ਪੰਦਰਾਂ ਹਜ਼ਾਰ ਤੋਂ ਵਧ ਲੋਕ ਅਮਰੀਕਾ ਵਿਚ ਆਤਮ-ਹੱਤਿਆ ਕਰ ਲੈਂਦੇ ਹਨ। ਸਾਰੀ ਸਭਿਆ ਦੁਨੀਆ ਵਿਚ ਹਰ ਵਰ੍ਹੇ ਦਸ ਲੱਖ ਬੰਦੇ, ਜਾਂ ਰੋਜ਼ ਪੰਜ ਸੌ ਤੋਂ ਵਧੇਰੇ, ਆਤਮ-ਹੱਤਿਆ ਕਰਦੇ ਹਨ। ਜ਼ਰਾ ਖ਼ਿਆਲ ਕਰੋ ਕਿ ਹਰ ਤਿੰਨਾਂ ਮਿੰਟਾਂ ਵਿਚ ਦੁਨੀਆ ਤੇ ਕਿਸੇ ਨਾ ਕਿਸੇ ਥਾਂ ਇਕ ਆਤਮ-ਹੱਤਿਆ ਹੋ ਜਾਂਦੀ ਹੈ।

ਸਾਧਾਰਨ ਮਨੁੱਖ ਲਈ ਜੀਵਨ ਬੜੀ ਹੀ ਕੀਮਤੀ ਚੀਜ਼ ਹੈ। ਹਰ ਬੰਦਾ, ਨੀਚ ਤੋਂ ਨੀਚ ਪਾਪੀ ਵੀ, ਜਿਸ ਨੂੰ ਫਾਂਸੀ ਦਾ ਹੁਕਮ ਦਿੱਤਾ ਜਾ ਚੁੱਕਾ ਹੋਵੇ, ਫਾਂਸੀ ਹੋਣ ਤੋਂ ਪਹਿਲਾਂ ਦਿਨ ਤੇ ਘੜੀਆਂ ਗਿਣਦਾ ਰਹਿੰਦਾ ਹੈ ਤੇ ਡਰਦਾ ਹੈ ਕਿ ਕਿਤੇ ਜੇਲ ਦੀ ਕੋਠੜੀ ਵਿਚ ਹੀ ਉਸ ਦੀ ਜਾਨ ਨਾ ਨਿਕਲ ਜਾਵੇ। ਜੋ ਇਹ ਗੱਲ ਹੈ

ਤਾਂ ਕਿਉਂ ਇੰਨੇ ਲੋਕ ਆਤਮ-ਹੱਤਿਆ ਕਰਦੇ ਹਨ? ਕਾਰਣ ਇਹ ਹੈ ਕਿ ਉਹ ਸਾਹਸਹੀਣ ਹੋ ਜਾਂਦੇ ਹਨ।

ਭਾਵੇਂ ਆਤਮ-ਹੱਤਿਆ ਦੇ ਸਬੰਧ ਵਿਚ ਮਨੋਵਿਗਿਆਨਕ ਪੱਖ ਤੋਂ ਠੀਕ ਤਰ੍ਹਾਂ ਨਾਲ ਜਾਂਚ ਪੜਤਾਲ ਕੀਤੀ ਗਈ ਪਰ ਜੇ ਸੌ ਵਿਚੋਂ ਸੌ ਨਹੀਂ ਤਾਂ ਨੱਵੇ ਹਾਲਤਾਂ ਵਿਚ ਸਾਹਸਹੀਣਤਾ ਹੀ ਆਤਮ-ਹੱਤਿਆ ਦਾ ਕਾਰਣ ਹੁੰਦੀ ਹੈ।

ਬਹੁਤ ਚਿਰ ਨਹੀਂ ਹੋਇਆ, ਨਿਊਯਾਰਕ ਵਿਚ ਇਕ ਜਵਾਨ ਗਵਈਏ ਨੇ ਨਿਰਾਸਤਾ ਦੇ ਅਸਰਾਂ ਹੇਠ ਆਤਮ-ਹੱਤਿਆ ਕਰ ਲਈ। ਉਹ ਇੰਨਾਂ ਗਰੀਬ ਸੀ ਕਿ ਉਸ ਨੂੰ ਪੇਟ ਭਰਨ ਵਾਸਤੇ ਆਪਣੀ ਵਾਇਲਨ ਵੀ ਗਹਿਣੇ ਰੱਖਣੀ ਪੈ ਗਈ। ਅਸਫਲਤਾ ਨੇ ਉਹਦਾ ਹੌਂਸਲਾ ਤੋੜ ਦਿੱਤਾ ਤੇ ਉਹਦੇ ਦਿਲ ਵਿਚ ਇਹ ਡਰ ਪੈਦਾ ਹੋ ਗਿਆ ਕਿ ਉਹ ਆਪਣੀ ਪਿਆਰੀ ਵਾਇਲਨ ਨੂੰ ਜਿਹੜੀ ਅਸਲ ਵਿਚ ਬੜੀ ਹੀ ਵੱਡ-ਮੁੱਲੀ ਸੀ, ਛੁਡਾ ਨਹੀਂ ਸਕੇਗਾ। ਸੋ ਉਸ ਨੇ ਫੈਸਲਾ ਕਰ ਲਿਆ ਕਿ ਇਹੋ ਜੇਹੀ ਹਾਲਤ ਵਿਚ ਜ਼ਿੰਦਗੀ ਜੀਉਣ ਦੇ ਲਾਇਕ ਨਹੀਂ ਤੇ ਉਸ ਨੇ ਉਸੇ ਵੇਲੇ ਆਪਣੀ ਜ਼ਿੰਦਗੀ ਦਾ ਖਾਤਮਾ ਕਰ ਦਿੱਤਾ।

ਜੀਵਨ ਵਿਚ ਮਾਨਸਿਕ ਤੇ ਸਰੀਰਕ ਪੱਧਰ ਤੇ ਕਈ ਸੰਕਟ ਦੇ ਵੇਲੇ ਆਉਂਦੇ ਹੀ ਰਹਿੰਦੇ ਹਨ। ਅਸੀਂ ਇਨ੍ਹਾਂ ਦਾ ਕਿਸ ਤਰ੍ਹਾਂ ਟਾਕਰਾ ਕਰਦੇ ਹਾਂ ਇਸ ਗੱਲ ਤੋਂ ਸਾਡੀ ਹਿੰਮਤ ਤੇ ਸਾਡੇ ਹੌਂਸਲੇ ਦਾ ਅੰਦਾਜ਼ਾ ਲੱਗਦਾ ਹੈ। ਇਸੇ ਤੋਂ ਸਾਡੇ ਰੱਬ ਉਤੇ ਵਿਸ਼ਵਾਸ ਤੇ ਉਸ ਨਾਲ ਮਨੁੱਖ ਦੀ ਇਕ-ਮਿਕਤਾ ਦੀ ਚੇਤਨਤਾ ਦਾ ਗਿਆਨ ਹੁੰਦਾ ਹੈ।

ਪਹਿਲੇ ਸੰਸਾਰ ਯੁੱਧ ਦੇ ਦਿਨਾਂ ਵਿਚ ਜਦ ਉੱਤਰੀ ਫਰਾਂਸ ਵਿਚ ਸੰਗਰਾਮ ਹੋ ਰਿਹਾ ਸੀ ਤਾਂ ਉਥੋਂ ਦਾ ਇਕ ਅੰਗਰੇਜ਼ ਅਫਸਰ ਗੋਲਾ-ਬਾਰੀ ਦੇ ਸਨਸਨੀ ਭਰੇ ਹਾਲਾਤ ਸਬੰਧੀ ਇਉਂ ਕਹਿੰਦਾ ਹੈ, 'ਅੱਜ ਕੱਲ ਬਹਾਦਰੀ ਬਾਰੇ ਬਹੁਤ ਸਾਰੀਆਂ ਊਟ ਪਟਾਂਗ ਗੱਲਾਂ ਕਹਿਣ ਸੁਣਨ ਵਿਚ ਆਉਂਦੀਆਂ ਹਨ ਜੇ ਉਹ

ਗੱਲਾਂ ਸੱਚ ਹਨ ਤਾਂ ਇਸ ਵੇਲੇ ਯੂਰਪ ਦੇ ਅੰਦਰ ਬਾਹਦਰ ਲੋਕ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਮੌਜੂਦ ਹਨ, ਇਸ ਗੱਲ ਦੀ ਜਾਂਚ ਮੈਂ ਤੁਹਾਡੇ ਉੱਤੇ ਛੱਡਦਾ ਹਾਂ। ਮੈਨੂੰ ਤਾਂ ਗੋਲਾ-ਬਾਰੀ ਵਿਚ ਚਲਣਾ ਫਿਰਣਾ ਜ਼ਿੰਦਗੀ ਵਿਚ ਸਿੱਧੇ ਰਸਤੇ ਉੱਤੇ ਚਲਣ ਨਾਲੋਂ ਸੌਖਾ ਪਰਤੀਤ ਹੁੰਦਾ ਹੈ।

ਅਸੀਂ ਲੋਕ ਸਾਰੀ ਉਮਰ ਇਕ ਤਰ੍ਹਾਂ ਦੀ ਗੋਲਾ-ਬਾਰੀ ਵਿਚ ਹੀ ਬਤੀਤ ਕਰਦੇ ਹਾਂ। ਅਸਲੀ ਸੂਰਮਾ ਉਹ ਹੈ ਜਿਹੜਾ ਨਿਰਸਤਾ ਤੇ ਨਿਰ-ਉਤਸ਼ਾਹਤਾ ਵਿਚ ਸਿੱਧੇ ਰਸਤੇ ਤੁਰਦਾ ਰਹਿੰਦਾ ਹੈ, ਜਿਹੜਾ ਜ਼ਰਾ ਵੀ ਦਿਲ ਨੂੰ ਡੋਲਣ ਨਹੀਂ ਦਿੰਦਾ ਤੇ ਨਿਰਾਸਤਾ ਨੂੰ ਦਿਲ ਤੇ ਕਾਬੂ ਨਹੀਂ ਪਾਉਣ ਦਿੰਦਾ, ਜਿਸ ਦਾ ਉਸ ਰੱਬੀ ਸ਼ਕਤੀ ਉੱਤੇ ਭਰੋਸਾ ਨਹੀਂ ਡੋਲਦਾ ਜਿਹੜੀ ਅੰਤ ਵਿਚ ਉਸ ਨੂੰ ਮੰਜ਼ਲ ਤੇ ਪਹੁੰਚਾ ਦੇਵੇਗੀ।

ਬਹੁਤ ਸਾਰੇ ਲਾਇਕ ਜਵਾਨ ਕਲਾਕਾਰਾਂ ਨੇ ਨਿਰਾਸਤਾ ਦੇ ਹੇਠ ਆਪਣੀ ਕਲਾ ਨੂੰ ਤਿਲਾਂਜਲੀ ਦੇ ਦਿੱਤੀ। ਕਾਰਣ ਕੀ ਸੀ ? ਸ਼ਾਇਦ ਪੜਚੋਲੀਆਂ ਨੇ ਉਨ੍ਹਾਂ ਦਾ ਹੌਂਸਲਾ ਤੋੜ ਦਿੱਤਾ ਹੋਵੇ, ਸ਼ਾਇਦ ਉਨ੍ਹਾਂ ਨੂੰ ਕਿਸੇ ਨੇ ਇਹ ਕਹਿ ਦਿੱਤਾ ਹੋਵੇ ਕਿ ਤੁਹਾਡੀ ਕਲਾ ਕਿਸੇ ਪਰਸਿੱਧ ਵਿਚਾਰ ਧਾਰਾ ਨਾਲ ਸਬੰਧਤ ਨਹੀਂ, ਜਾਂ ਸ਼ਾਇਦ ਇਹ ਕਹਿ ਦਿੱਤਾ ਹੋਵੇ ਕਿ ਤੁਸੀਂ ਕਲਾ ਦੇ ਪ੍ਰਮਾਣੀਕ ਨੇਮਾਂ ਨੂੰ ਨਹੀਂ ਮੰਨਦੇ ਤਾਂ ਇਸ ਦੀ ਪਰਸਿੱਧਤਾ ਕਿਵੇਂ ਹੋਵੇਗੀ ? ਇਨ੍ਹਾਂ ਦਿਲ ਟੁਟੇ ਲੋਕਾਂ ਨੇ ਇਹ ਨਹੀਂ ਸੋਚਿਆ ਕਿ ਜਿਹੜਾ ਬੰਦਾ ਆਪਣੀ ਅੰਤਰ- ਆਤਮਾ ਦੀ ਆਵਾਜ਼ ਨੂੰ ਸੁਣਦਾ ਤੇ ਆਪਣੇ ਅੰਦਰਲੇ ਬਲ ਉਤੇ ਭਰੋਸਾ ਕਰ ਕੇ ਇਕ ਨਵਾਂ ਰਸਤਾ ਰੌਸ਼ਨ ਕਰਦਾ ਹੈ, ਉਸ ਨੂੰ ਯਕੀਨੀ ਹੀ ਵਿਸ਼ੇਸ਼ਤਾ ਮਿਲਦੀ ਹੈ।

ਔਲ ਬੁਲ ਨਾਂ ਦਾ ਇਕ ਬੜਾ ਮਸ਼ਹੂਰ ਗਵਈਆ ਹੋਇਆ ਹੈ। ਜਦ ਉਹ ਪਹਿਲੇ ਪਹਿਲ ਅਮਰੀਕਾ ਗਿਆ ਤਾਂ ਉਥੇ ਰਾਗ-ਵਿਦਿਆ ਦੇ ਪਾਰਖੂਆਂ ਨੇ ਕਿਹਾ ਕਿ ਸਾਡੇ ਮੁਲਕ ਵਿਚ ਇਹ ਕੋਈ ਨਾਂ ਪੈਦਾ ਨਹੀਂ ਕਰ ਸਕੇਗਾ ਤੇ ਅਮਰੀਕਾ

ਵਿਚ ਉਸ ਦਾ ਦੌਰਾ ਅਸਫਲ ਰਹੇਗਾ, ਕਿਉਂਕਿ ਇਕ ਤਾਂ ਉਹ ਰਾਗ ਰਚਨਾ ਦੇ ਨੇਮਾਂ ਦੀ ਉਲੰਘਨਾ ਕਰਦਾ ਹੈ, ਦੂਜੇ ਸਾਡੇ ਮੁਲਕ ਦਾ ਫਲਾਣਾ ਮਸ਼ਹੂਰ ਵਾਇਲਨ ਵਜਾਉਣ ਵਾਲਾ ਔਲ ਬੁਲ ਨਾਲੋਂ ਇਨ੍ਹਾਂ ਸਿਰਕਢਵਾਂ ਹੈ ਕਿ ਇਸ ਨਵੇਂ ਗਵਈਏ ਨੂੰ ਉਸ ਦੇ ਮੁਕਾਬਲੇ ਵਿਚ ਬਾਜ਼ੀ ਜਿੱਤਣ ਦਾ ਕੋਈ ਮੌਕਾ ਹੀ ਨਹੀਂ। ਗੱਲ ਪਰ ਇਹ ਬਣੀ ਕਿ ਅਮਰੀਕਾ ਦਾ ਜਿਹੜਾ ਮਸ਼ਹੂਰ ਗਵਈਆ ਰਾਗ-ਵਿਦਿਆ ਵਿਚ ਨਿਪੁੰਨ ਗਿਣਿਆ ਜਾਂਦਾ ਸੀ ਅੱਜ ਉਸ ਦਾ ਕੋਈ ਨਾਂ ਵੀ ਨਹੀਂ ਜਾਣਦਾ ਅਤੇ ਔਲ ਬੁਲ ਦਾ ਨਾਉਂ ਅਮਰੀਕਾ ਵਿਚ ਤਾਂ ਕੀ, ਸਾਰੇ ਸੰਸਾਰ ਵਿਚ ਪਰਸਿੱਧ ਹੈ। ਕਾਰਣ ਇਹ ਹੈ ਕਿ ਉਸ ਦੀ ਆਤਮਾ ਔਲ ਬੁਲ ਵਰਗੀ ਬਲਵਾਨ ਨਹੀਂ ਸੀ।

ਨਿਰਉਤਸ਼ਾਹਤਾ ਮਨੁੱਖ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਇਹ ਸਭ ਤੋਂ ਵੱਡੀ ਲਾਹਨਤ ਹੈ। ਇਹ ਇਕ ਅਜੇਹੀ ਫਿਟਕਾਰ ਹੈ ਕਿ ਇਸ ਦੇ ਟਾਕਰੇ ਵਿਚ ਕਿਸੇ ਹੋਰ ਇਕੱਲੀ ਬਲਾ ਨੇ ਮਨੁੱਖ ਜਾਤੀ ਦੇ ਭਵਿਖਤ ਨੂੰ ਇੰਨਾਂ ਨਸ਼ਟ ਨਹੀਂ ਕੀਤਾ, ਇੰਨੀਆਂ ਹੋਣਹਾਰ ਜ਼ਿੰਦਗੀਆਂ ਤਬਾਹ ਨਹੀਂ ਕੀਤੀਆਂ, ਇੰਨੀਆਂ ਜਾਨਾਂ ਦਾ ਖ਼ੂਨ ਤੇ ਉਪਜਾਊ ਸ਼ਕਤੀ ਦਾ ਸਤਿਆਨਾਸ ਨਹੀਂ ਕੀਤਾ ਜਿੰਨਾਂ ਇਸ ਇਕ ਬਲਾ ਨੇ ਕੀਤਾ ਹੈ। ਇਹ ਇਕ ਇਹੋ ਜੇਹੀ ਬੀਮਾਰੀ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਸਾਰੇ ਪਾਸੇ ਪਸਰੀ ਹੋਈ ਹੈ। ਹਰ ਮਨੁੱਖ ਥੋੜਾ ਬਹੁਤਾ ਇਸ ਦੇ ਅਸਰ ਹੇਠਾਂ ਹੈ ਇਸ ਦੇ ਜ਼ਹਿਰ ਦਾ ਸ਼ਿਕਾਰ ਹੈ। ਇਹ ਅੰਦਰੋਂ ਤੇ ਬਾਹਰੋਂ, ਦੋਹਾਂ ਪਾਸਿਆਂ ਤੋਂ ਸਾਡੇ ਉੱਤੇ ਗੋਲਾ-ਬਾਰੀ ਕਰਦੀ ਰਹਿੰਦੀ ਹੈ।

ਸਦਾ ਹੀ ਇਹੋ ਜੇਹੇ ਬੰਦੇ ਤੁਹਾਨੂੰ ਬਤੇਰੇ ਮਿਲਦੇ ਰਹਿਣਗੇ ਜਿਹੜੇ ਬਾਹਰ ਵਲੋਂ ਤੁਹਾਡੇ ਤੇ ਹਮਲੇ ਕਰਦੇ ਹਨ ਉਨ੍ਹਾਂ ਨੂੰ ਉਹ ਕਾਰਣ ਦਿਸਦੇ ਰਹਿੰਦੇ ਹਨ ਜਿਨ੍ਹਾਂ ਕਰਕੇ ਤੁਸੀਂ ਆਪਣੇ ਕਾਰੋਬਾਰ ਵਿਚ ਸਫਲ ਨਹੀਂ ਹੋਏ। ਉਹ ਤੁਹਾਨੂੰ ਕਹਿੰਦੇ ਰਹਿੰਦੇ ਹਨ ਕਿ ਤੁਹਾਡੇ ਰਾਹ ਵਿਚ ਅਜੇਹੀਆਂ ਰੁਕਾਵਟਾਂ ਹਨ ਜਿਨ੍ਹਾਂ ਨੂੰ ਪਾਰ ਕਰਨਾ ਤੁਹਾਡੇ ਲਈ ਅਸੰਭਵ ਹੈ। ਸੋ ਜਦੋਂ ਤੱਕ ਤੁਹਾਨੂੰ ਆਪਣੇ ਆਪ ਅਤੇ

ਆਪਣੀ ਉਸ ਦ੍ਰਿੜਤਾ ਉੱਤੇ ਪੱਕਾ ਵਿਸ਼ਵਾਸ ਨਹੀਂ ਹੋ ਜਾਂਦਾ ਜੋ ਪਿੱਛੇ ਹਟਣਾ ਤੇ ਹਾਰਾਂ ਅੱਗੇ ਝੁਕ ਜਾਣਾ ਜਾਣਦੀ ਹੀ ਨਹੀਂ ਓਦੋਂ ਤੱਕ ਜ਼ਰੂਰ ਹੀ ਤੁਸੀਂ ਹੌਂਸਲਾ ਛੱਡ ਸਿੱਧੇ ਰਾਹ ਤੋਂ ਇੱਧਰ ਉੱਧਰ ਭਟਕਣ ਲੱਗ ਜਾਵੋਗੇ।

ਬਹੁਤ ਕਰ ਕੇ ਨਿਰਉਤਸ਼ਾਹਤਾ ਆਪਣੇ ਅੰਦਰੋਂ ਹੀ ਉਪਜਦੀ ਹੈ ਤੇ ਹੋਰ ਕਿਸੇ ਦੂਸਰੀ ਅਵਸਥਾ ਨਾਲੋਂ ਗਰੀਬੀ ਤੇ ਪਾਪਾਂ ਦਾ ਵਧੇਰਾ ਕਾਰਣ ਬਣਦੀ ਹੈ। ਇਹਦੇ ਨਾਲ ਲਿਆਕਤ ਨੂੰ ਇਕ ਪ੍ਰਕਾਰ ਦਾ ਅਧਰੰਗ ਜੇਹਾ ਹੋ ਜਾਂਦਾ ਹੈ, ਯੋਗਤਾ ਦਿਨੋ ਦਿਨ ਸੁੰਗੜਦੀ ਜਾਂਦੀ ਹੈ ਤੇ ਇਹਦੀ ਮੁੜ ਘਿੜ ਕੇ ਗਰੀਬੀ ਦਾ ਕਾਰਣ ਬਣਦੀ ਹੈ। ਜਦੋਂ ਕਿਸੇ ਮਨੁੱਖ ਦੇ ਮਨ ਵਿਚ ਸ਼ੰਕੇ ਤੇ ਡਰ ਬੈਠ ਜਾਂਦੇ ਹਨ ਤਾਂ ਉਹ ਕਿਸੇ ਚੀਜ਼ ਦੇ ਪੈਦਾ ਕਰਨ ਦੇ ਯੋਗ ਨਹੀਂ ਰਹਿੰਦਾ। ਨਿਰਉਤਸ਼ਾਹਤਾ ਦੇ ਅਸਰ ਹੇਠਾਂ ਆ ਕੇ ਆਦਮੀ ਨਿਕਾਰਾ ਤੇ ਢਹਿੰਦੀਆਂ ਕਲਾਂ ਵਿਚ ਹੋ ਜਾਂਦਾ ਹੈ। ਮਾਨਸਿਕ ਸ਼ਕਤੀਆਂ ਦੀ ਸਰਦਾਰੀ ਕਰਨ ਵਾਲੀ ਹਿੰਮਤ ਸੁੰਨ ਹੋ ਜਾਂਦੀ ਹੈ ਤੇ ਦਲੀਲ ਸ਼ਕਤੀ ਠੀਕ ਨਹੀਂ ਰਹਿੰਦੀ। ਜਦੋਂ ਕੋਈ ਆਦਮੀ ਨਿਰਉਤਸ਼ਾਹ ਹੋ ਜਾਂਦਾ ਹੈ ਤਾਂ ਉਸ ਦੀ ਅਕਲ ਠੀਕ ਤਰ੍ਹਾਂ ਕੰਮ ਨਹੀਂ ਕਰਦੀ। ਉਹ ਕਿਸੇ ਮੁਆਮਲੇ ਤੇ ਠੀਕ ਤਰ੍ਹਾਂ ਨਾਲ ਵਿਚਾਰ ਕਰਨ ਦੇ ਸਮਰੱਥ ਨਹੀਂ ਰਹਿੰਦਾ ਕਿਉਂਕਿ ਉਸ ਦੀ ਦਲੀਲ ਖੁੰਢੀ ਹੋ ਜਾਂਦੀ ਹੈ ਤੇ ਉਸ ਦਾ ਜੋਸ਼ ਸਲ੍ਹਾਬਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਜਦੋਂ ਮਨੁੱਖ ਨਿਰਉਤਸ਼ਾਹ ਹੋ ਜਾਂਦਾ ਹੈ ਤਾਂ ਉਸ ਦੀ ਦਿਮਾਗ਼ੀ ਬਾਦਸ਼ਾਹਤ ਦੇ ਅੰਦਰ ਗੜ ਬੜ ਮਚ ਜਾਂਦੀ ਹੈ ਤੇ ਜਦੋਂ ਤੱਕ ਨਵੇਂ ਸਿਰੇ ਤੋਂ ਸਾਰਾ ਨਿਜ਼ਾਮ ਠੀਕ ਠਾਕ ਨਹੀਂ ਹੋ ਜਾਂਦਾ ਤੇ ਹਿੰਮਤ ਫੇਰ ਨਵੇਂ ਸਿਰੇ ਤੋਂ ਸਰਦਾਰੀ ਨਹੀਂ ਸੰਭਾਲ ਲੈਂਦੀ, ਅਕਲ ਚੰਗੇ ਤੋਂ ਚੰਗਾ ਕੰਮ ਨਹੀਂ ਕਰ ਸਕਦੀ। ਚੜ੍ਹਦੀ ਕਲਾ ਅਸਲ ਜੀਵਨ ਹੈ ਤੇ ਢਹਿੰਦੀਆਂ ਕਲਾਂ ਮੌਤ ਦਾ ਦੂਜਾ ਨਾਉਂ ਹੈ।

ਸਾਡੀ ਕਹੀ ਹੋਈ ਗੱਲ ਦਾ ਸਬੂਤ ਇਕ ਆਦਮੀ ਦੀ ਆਤਮ-ਹੱਤਿਆ ਤੋਂ ਮਿਲ ਚੁੱਕਿਆ ਹੈ। ਥੋੜੇ ਚਿਰ ਦੀ ਗੱਲ ਹੈ ਇਸ ਆਦਮੀ ਦੇ ਦਿਲ ਵਿਚ

ਖ਼ਿਆਲ ਸੀ ਕਿ ਉਹਦੇ ਵਿਗੜੇ ਹੋਏ ਕਾਰ ਵਿਹਾਰ ਨੂੰ ਠੀਕ ਠਾਕ ਕਰਨ ਲਈ ਤੇਰਾਂ ਹਜ਼ਾਰ ਰੁਪਏ ਦੀ ਜ਼ਰੂਰਤ ਹੈ। ਉਸ ਨੂੰ ਡਰ ਹੋ ਗਿਆ ਕਿ ਉਹ ਇਨ੍ਹਾਂ ਤੇਰਾਂ ਹਜ਼ਾਰ ਰੁਪਇਆਂ ਦਾ ਪ੍ਰਬੰਧ ਨਹੀਂ ਕਰ ਸਕੇਗਾ, ਸੋ ਉਸ ਨੇ ਆਤਮ- ਹੱਤਿਆ ਕਰ ਲਈ। ਜਦ ਉਹਦੀ ਜਾਇਦਾਦ ਦੇ ਹਿਸਾਬ ਕਿਤਾਬ ਦੀ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਹਦੀ ਮਾਇਕ ਅਵਸਥਾ ਭੈੜੀ ਨਹੀਂ ਸੀ ਤੇ ਸਹੀ ਅਰਥਾਂ ਵਿਚ ਉਹਨੂੰ ਕਾਰ ਵਿਹਾਰ ਚਲਾਉਣ ਲਈ ਤੇਰਾਂ ਹਜ਼ਾਰ ਰੁਪਏ ਦੀ ਲੋੜ ਵੀ ਨਹੀਂ ਸੀ।

ਬਹੁਤ ਵਾਰੀ ਵੇਖਣ ਵਿਚ ਆਇਆ ਹੈ ਕਿ ਜੀਵਨ ਦੇ ਸੰਗਰਾਮ ਵਿਚ ਗੋਲਾ-ਬਾਰੀ ਦੇ ਵੇਲੇ ਜਿਹੜੇ ਲੋਕ ਦਿਲ ਛੱਡ ਬੈਠੇ ਸਨ ਉਹ ਅਸਲ ਵਿਚ ਹਥਿਆਰ ਹੱਥੋਂ ਸੁੱਟਣ ਤੇ ਲੜਾਈ ਤੋਂ ਮੂੰਹ ਮੋੜਨ ਦੇ ਵੇਲੇ ਜਿੱਤ ਦੇ ਐਨ ਨੇੜੇ ਪੁੱਜੇ ਹੋਏ ਸਨ। ਕਿਹਾ ਚੰਗਾ ਹੁੰਦਾ ਕਿ ਉਹ ਕੁਝ ਵੇਲਾ ਹੋਰ ਲੜਦੇ ਰਹਿੰਦੇ ? ਅਜੇਹੀਆਂ ਕਈ ਘਟਨਾਵਾਂ ਸੁਣੀਆਂ ਗਈਆਂ ਹਨ ਕਿ ਕਿਸੇ ਨੇ ਤੱਕਲੀਫਾਂ ਤੋਂ ਘਬਰਾ ਕੇ ਦਿਲ ਛੱਡ ਦਿੱਤਾ ਤੇ ਆਤਮ-ਹੱਤਿਆ ਕਰ ਲਈ, ਪਰ ਆਤਮ-ਹੱਤਿਆ ਦੇ ਥੋੜ੍ਹੇ ਚਿਰ ਪਿੱਛੋਂ ਕੋਈ ਚਿੱਠੀ ਜਾਂ ਤਾਰ ਅਜੇਹੀ ਪੁੱਜ ਗਈ ਜਿਸ ਵਿਚ ਕੋਈ ਅਜੇਹੀ ਖੁਸ਼ਖਬਰੀ ਦਰਜ ਸੀ ਜਿਸ ਨਾਲ ਉਸ ਦਾ ਦਿਲ ਖੁਸ਼ ਹੋ ਸਕਦਾ ਸੀ ਤੇ ਉਹ ਉਤਸ਼ਾਹ-ਭਰਪੂਰ ਹੋ ਕੇ ਜੀਵਨ ਦੀ ਲੜਾਈ ਲੜਨ ਲਈ ਫੇਰ ਹਥਿਆਰ ਫੜ ਸਕਦਾ ਸੀ। ਹਾਇ ! ਜੇ ਉਹ ਖੁਸ਼ਖਬਰੀ ਉਸ ਆਦਮੀ ਦੇ ਜੀਊਂਦਿਆਂ ਹੀ ਪੁੱਜ ਜਾਂਦੀ ? ਅਜੇਹੀਆਂ ਕਈ ਮਿਸਾਲਾਂ ਮੌਜੂਦ ਹਨ ਕਿ ਕੋਈ ਦੋਸਤ ਮਿੱਤਰ ਮਦਦ ਲੈ ਕੇ ਪਹੁੰਚਿਆ ਪਰ ਉਹਦੇ ਪਹੁੰਚਣ ਤੋਂ ਥੋੜ੍ਹਾ ਚਿਰ ਹੀ ਪਹਿਲਾਂ ਤੀਰ ਕਮਾਨ ਵਿਚੋਂ ਨਿਕਲ ਚੁੱਕਿਆ ਹੁੰਦਾ ਅਰਥਾਤ ਸਹਾਇਤਾ ਦੇ ਲੋੜਵੰਦ ਨੇ ਆਪਣੀ ਜਾਨ ਆਪਣੇ ਹੱਥੀਂ ਗਵਾ ਲਈ ਹੁੰਦੀ।

ਪਰ ਅਸੀਂ ਰੋਜ਼ਾਨਾ ਅਖਬਾਰਾਂ ਵਿਚ ਪੜ੍ਹਦੇ ਰਹਿੰਦੇ ਹਾਂ ਕਿ ਫਲਾਣੇ ਥਾਂ ਤੇ ਫਲਾਣੇ ਬੁੱਢੇ ਜਾਂ ਜਵਾਨ ਆਦਮੀ ਜਾਂ ਇਸਤ੍ਰੀ ਨੇ ਦਿਲ ਛੱਡ ਕੇ ਆਤਮ-

ਹੱਤਿਆਂ ਕਰ ਲਈ। ਕਾਰਣ ਇਹ ਸੀ ਕਿ ਉਸ ਦਾ ਵਪਾਰ ਤਬਾਹ ਹੋ ਗਿਆ ਸੀ, ਜਾਇਦਾਦ ਜਾਂਦੀ ਰਹੀ ਸੀ, ਦੋਸਤ ਮਿੱਤਰ ਮੂੰਹ ਮੋੜ ਗਏ ਸਨ, ਘਰ ਵਿਚ ਕੋਈ ਅਸ਼ਾਂਤੀ ਸੀ ਜਾਂ ਪ੍ਰੇਮ ਵਿਚ ਨਿਰਾਸਤਾ ਹੋ ਗਈ ਸੀ ਆਦਿ। ਇਹੋ ਜੇਹੇ ਹਜ਼ਾਰਾਂ ਕਾਰਣ ਪੜ੍ਹਨ ਵਿਚ ਆਉਂਦੇ ਹਨ ਪਰ ਇਹ ਸਾਰੇ ਦੇ ਸਾਰੇ ਕਾਰਣ ਇਕੋ ਨਿਰਉਤਸ਼ਾਹਤਾ ਦੇ ਸਿਰਲੇਖ ਹੇਠਾਂ ਆ ਜਾਂਦੇ ਹਨ।

ਇਹ ਕਿਹੜਾ ਹਤਿਆਰਾ ਸ਼ੈਤਾਨ ਹੈ ਜਿਸ ਦੇ ਦਰਬਾਰ ਵਿਚ ਇੰਨੀਆਂ ਜਾਨਾਂ ਐਵੇਂ ਜਾਂਦੀਆਂ ਹਨ? ਇਹ ਬੈਤਾਨ ਸਾਡੇ ਰੋਗੀ ਮਨ ਤੋਂ ਬਿਨਾਂ ਹੋਰ ਕੋਈ ਨਹੀਂ। ਨਿਰਉਤਸ਼ਾਹਤਾ ਇਕ ਦਿਮਾਗੀ ਬੀਮਾਰੀ ਹੈ। ਸੀਤਲਾ ਮਿਆਦੀ ਤਾਪ, ਲਾਲ ਬੁਖਾਰ, ਜਾਂ ਹੋਰ ਸਰੀਰਕ ਬੀਮਾਰੀਆਂ ਵਾਂਙ ਇਹ ਵੀ ਅਸਲ ਵਿਚ ਇਕ ਬੀਮਾਰੀ ਹੀ ਹੈ ਪਰ ਇਹ ਬੀਮਾਰੀ ਹਰ ਸਰੀਰਕ ਬੀਮਾਰੀ ਨਾਲੋਂ ਵਧੇਰੀ ਭੈੜੀ ਹੈ, ਕਿਉਂ ਜੋ ਇਹ ਆਮ ਕਰਕੇ ਬੀਮਾਰ ਦੇ ਦਿਮਾਗ਼ ਨੂੰ ਹਿਲਾ ਦਿੰਦੀ ਹੈ ਤੇ ਉਹ ਪਾਪ ਕਰਨ ਲਈ ਤਿਆਰ ਹੋ ਜਾਂਦਾ ਹੈ। ਉਸ ਨੂੰ ਜੁਰਮ ਕਰਨ ਜਾਂ ਦਾਰੂ ਪੀਣ ਦੀ ਵਾਦੀ ਪੈ ਜਾਂਦੀ ਹੈ ਤੇ ਅੰਤ ਨੂੰ ਉਹ ਨਿਰਾਸਤਾ ਤੇ ਮੁਸੀਬਤ ਦਾ ਸ਼ਿਕਾਰ ਹੋ ਜਾਂਦਾ ਹੈ।

ਇਕ ਜਵਾਨ ਮੁੰਡਾਂ ਚੋਰੀ ਦੇ ਜੁਰਮ ਵਿਚ ਕੈਦ ਭੁਗਤ ਰਿਹਾ ਸੀ। ਉਸ ਨੇ ਇਕ ਚਿੱਠੀ ਲਿਖੀ, ਜਿਸ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਨਿਰਉਤਸ਼ਾਹਤਾ ਦੇ ਕਾਰਣ ਸਹਿਜੇ ਹੀ ਕਈ ਆਦਮੀ ਰਾਹੋਂ ਕੁਰਾਹੇ ਪੈ ਜਾਂਦੇ ਹਨ।

ਉਹ ਲਿਖਦਾ ਹੈ- 'ਜਦੋਂ ਅਸੀਂ ਕੁਰਾਹੇ ਪੈ ਜਾਂਦੇ ਹਾਂ, ਭੇੜੇ ਕੰਮ ਕਰਦੇ ਹਾਂ ਜਾਂ ਕੋਈ ਕੁਵੱਲੜਾ ਫੈਸਲਾ ਕਰਦੇ ਹਾਂ ਤਾਂ ਅਸੀਂ ਕਾਫੀ ਹੱਦ ਤੱਕ ਉਤਸ਼ਾਹਹੀਣ ਹੋ ਜਾਂਦੇ ਹਨ। ਨਿਰਾਸਤਾ ਨੇ ਸਾਡੇ ਮਨ ਤੇ ਕਾਬੂ ਪਾਇਆ ਹੁੰਦਾ ਹੈ, ਸਾਡੀ ਅਵਸਥਾ ਡਾਵਾਂ ਡੋਲ ਜੇਹੀ ਹੁੰਦੀ ਹੈ ਤੇ ਉਸ ਘੜੀ ਵਿਚ ਆਪਣੇ ਫਿਕਰਾਂ ਤੇ ਤੌਖਲਿਆਂ ਤੋਂ ਛੁਟਕਾਰਾ ਪਾਉਣ ਲਈ ਅਸੀਂ ਕੋਈ ਵੀ ਕੰਮ ਕਰਨ ਲਈ ਤਿਆਰ ਹੋ

ਜਾਂਦੇ ਹਾਂ। ਜਦ ਸਾਡੇ ਮਨ ਪੂਰੀ ਨਫੀ ਵਾਲੀ ਅਵਸਥਾ ਵਿਚ ਹੁੰਦੇ ਹਨ ਤਾਂ ਅਸੀਂ ਸਦਾ ਕਾਇਰ ਹੁੰਦੇ ਹਾਂ।'

ਇਹ ਜਵਾਨ ਬਹੁਤ ਚਿਰ ਬੇਕਾਰ ਰਿਹਾ ਸੀ। ਇਕ ਦਿਨ ਉਸ ਦੇ ਇਕ ਜਾਣਕਾਰ ਨੇ, ਜਿਹੜਾ ਸਟੇਸ਼ਨ ਏਜੰਟ ਸੀ, ਉਸ ਨੂੰ ਆਪਣੀਆਂ ਚਾਬੀਆਂ ਦਾ ਗੁੱਛਾ ਫੜਾ ਦਿੱਤਾ ਤੇ ਉਸ ਜਵਾਨ ਨੇ ਸਟੇਸ਼ਨ ਤੋਂ ਇਨ੍ਹਾਂ ਚਾਬੀਆਂ ਨਾਲ ਨੋਟਾਂ ਦੀ ਇਕ ਥਹੀ ਚੁਰਾ ਲਈ। ਫੜੇ ਜਾਣ ਤੋਂ ਪਹਿਲਾਂ ਉਸ ਨੇ ਕਈ ਨੋਟ ਬਜ਼ਾਰ ਵਿਚ ਵਰਤ ਵੀ ਲਏ ਸਨ। ਆਪਣੀ ਚਿੱਠੀ ਵਿਚ ਉਹ ਲਿਖਦਾ ਹੈ- 'ਇਸ ਤਿਲਕਣ ਨੇ ਮੈਨੂੰ ਬੜਾ ਖੁਆਰ ਕੀਤਾ ਹੈ। ਇਸ ਤੋਂ ਜੋ ਇਹ ਸਬਕ ਸਿੱਖ ਲਿਆ ਹੈ ਕਿ ਮੰਦੇ ਕੰਮ ਕਰਨ ਨਾਲੋਂ ਚੰਗੇ ਕੰਮ ਕਰਨੇ ਵਧੇਰੇ ਸੌਖੇ ਹਨ। ਜੇਲ ਵਿਚੋਂ ਨਿਕਲ ਕੇ ਮੈਂ ਜ਼ਰੂਰ ਆਪਣੇ ਪਾਪ ਦਾ ਪਰਾਸਚਿਤ ਕਰਨ ਦੀ ਕੋਸ਼ਿਸ਼ ਕਰਾਂਗਾ ਤੇ ਸਿੱਧੇ ਰਸਤੇ ਤੇ ਚਲਦਾ ਰਹਾਂਗਾ।'

ਇਕ ਹੋਰ ਜਵਾਨ ਦੀ ਗੱਲ ਵੀ ਸੁਣੋ। ਉਹ ਹੌਂਸਲਾ ਛੱਡਣ ਵਾਲਾ ਹੀ ਸੀ ਪਰ ਕਿਸੇ ਤਰ੍ਹਾਂ ਬਚ ਗਿਆ। ਉਹ ਆਪ ਦੱਸਦਾ ਹੈ ਕਿ ਕਿਸ ਤਰ੍ਹਾਂ ਇਕ ਦਿਲ ਹਾਰੇ ਹੋਏ ਬੀਮਾਰ ਦੀ ਸ਼ਕਲ ਦੇਖ ਕੇ ਤੇ ਉਸ ਦੀ ਆਪ ਬੀਤੀ ਸੁਣ ਕੇ ਹੌਂਸਲਾ ਛਡਣੋ ਬਚ ਗਿਆ ਤੇ ਮੁੜ ਤੱਕੜਾ ਬਣ ਗਿਆ। ਉਹ ਲਿਖਦਾ ਹੈ- 'ਮੈਂ ਨਿਊਯਾਰਕ ਵਿਚ ਕਾਰ ਵਿਹਾਰ ਕਰਿਆ ਕਰਦਾ ਸੀ। ਪਹਿਲੀ ਵੱਢੀ ਲੜਾਈ ਸ਼ੁਰੂ ਹੋਣ ਤੇ ਮੇਰੇ ਕਾਰ ਵਿਹਾਰ ਨੂੰ ਅਜੇਹਾ ਧੱਕਾ ਲੱਗਾ ਕਿ ਮੈਂ ਸਭ ਕੁਝ ਛਡ ਕੇ ਦਿਲ ਵਿਚ ਨਿਰਾਸਤਾ ਨੂੰ ਥਾਂ ਦੇਣ ਲਈ ਤਿਆਰ ਹੋ ਗਿਆ ਕਿ ਇਕ ਦਿਨ ਬੁਰੀ ਤਰ੍ਹਾਂ ਟੁਟੇ ਹੋਏ ਦਿਲ ਨਾਲ ਮੈਂ ਇਕ ਚੌਂਕ ਵਿਚ ਬੈਂਚ ਤੇ ਬੈਠਾ ਸੋਚ ਰਿਹਾ ਸੀ ਕਿ ਜਿਸ ਕਾਰ ਵਿਹਾਰ ਵਿਚ ਮੈਂ ਇੰਨੀ ਬੁਰੀ ਤਰ੍ਹਾਂ ਅਸਫਲ ਹੋਇਆ ਹਾਂ ਉਹਨੂੰ ਕਿਵੇਂ ਸਮੇਟਾਂ ਤੇ ਅੱਗੇ ਨੂੰ ਕੀ ਕਰਾਂ ?

ਮੈਂ ਉਥੇ ਬੈਠਾ ਇਹ ਸੋਚ ਹੀ ਰਿਹਾ ਸੀ ਕਿ ਪਾਟੇ ਪੁਰਾਣੇ ਕੱਪੜੇ ਪਾਈ ਇਕ ਗਰੀਬ ਕੰਗਾਲ ਮੰਗਤਾ ਜੇਹਾ ਮੇਰੇ ਕੋਲ ਆ ਕੇ ਬਹਿ ਗਿਆ। ਉਸ ਦੀ ਹਾਲਤ ਤੋਂ ਪਰਤੀਤ ਹੁੰਦਾ ਸੀ ਕਿ ਉਹ ਸ਼ਰਾਬ ਤੇ ਭੈੜੇ ਆਚਰਣ ਦਾ ਸ਼ਿਕਾਰ ਹੋ ਚੁੱਕਿਆ ਸੀ। ਉਸ ਦੀ ਸ਼ਕਲ ਹੀ ਪਈ ਦੱਸਦੀ ਸੀ ਕਿ ਉਹ ਹਰ ਤਰ੍ਹਾਂ ਨਾਲ ਤਬਾਹ ਹੋ ਚੁੱਕਿਆ ਹੈ।

ਉਸ ਇਨਸਾਨੀਅਤ ਦੇ ਖੋਲੇ ਦੀ ਅਜੇਹੀ ਭੈੜੀ ਦਸ਼ਾ ਦੇਖ ਕੇ ਮੈਂ ਪੁੱਛਿਆ 'ਭਰਾਵਾ ! ਤੇਰੀ ਅਜੇਹੀ ਭੈੜੀ ਹਾਲਤ ਕਿਵੇਂ ਹੋ ਗਈ?' ਉਹ ਮੰਗਤਾ ਬੜਾ ਸਿਆਣਾ ਸੀ। ਉਸ ਨੇ ਝਟਪਟ ਤਾੜ ਲਿਆ ਕਿ ਸਵਾਲ ਕਰਨ ਵਾਲੇ ਦੇ ਦਿਲ ਤੇ ਕੋਈ ਭਾਰੀ ਬੋਝ ਹੈ। ਮੇਰੇ ਸਵਾਲ ਦਾ ਉੱਤਰ ਦੇਣ ਦੀ ਥਾਂ ਉਸ ਨੇ ਉਲਟਾ ਮੈਥੋਂ ਪੁੱਛਿਆ ਕਿ ਮੈਨੂੰ ਕੀ ਦੁੱਖ ਹੈ ?

ਮੈਂ ਸਾਫ ਸ਼ਬਦਾਂ ਵਿਚ ਉਹਨੂੰ ਦੱਸਿਆ ਕਿ ਮੇਰਾ ਕਾਰ ਵਿਹਾਰ ਤਬਾਹ ਹੋ ਗਿਆ ਹੈ। ਹੁਣ ਮੈਨੂੰ ਪਤਾ ਨਹੀਂ ਲੱਗਦਾ ਕਿ ਮੈਂ ਅਗੋਂ ਕੀ ਕਰਾਂ ?' ਇਹ ਸੁਣ ਕੇ ਉਸ ਮੰਗਤੇ ਨੇ ਮੇਰੀਆਂ ਅੱਖਾਂ ਨਾਲ ਅੱਖਾਂ ਮਿਲਾ ਕੇ ਕਿਹਾ- 'ਮੇਰੇ ਦੋਸਤ ! ਕੀ ਤੂੰ ਇਹ ਨਹੀਂ ਸਮਝਦਾ ਕਿ ਮੇਰੇ ਮੁਕਾਬਲੇ ਵਿਚ ਤੂੰ ਕਿੰਨਾਂ ਅਮੀਰ ਹੈਂ ? ਤੂੰ ਜਵਾਨ ਹੈਂ, ਤੰਦਰੁਸਤ ਹੈਂ ਤੇ ਸਰੀਰ ਦਾ ਵੀ ਤੱਕੜਾ ਹੈਂ। ਭੈੜੇ ਆਚਰਣ ਕਰਕੇ ਤੇਰੀਆਂ ਸ਼ਕਤੀਆਂ ਬਰਬਾਦ ਨਹੀਂ ਹੋਈਆਂ। ਸੁਚੱਜੇ ਜੀਵਨ ਲਈ ਜਿਹੜੀ ਵੀ ਚੀਜ਼ ਲੋੜੀਂਦੀ ਹੈ ਉਹ ਤੇਰੇ ਕੋਲ ਹੈ ਜੇ ਤੇਰੇ ਦਿਲ ਵਿਚ ਜੀਵਨ ਦੀ ਕੋਈ ਵੀ ਕਦਰ ਹੈ ਤਾਂ ਦਿਲ ਨਾ ਛੱਡ। ਹੌਂਸਲੇ ਦੇ ਢਹਿਣ ਨੇ ਮੇਰਾ ਕੱਖ ਵੀ ਨਹੀਂ ਛੱਡਿਆ। ਮੈਂ ਚੰਗਾ ਪੜ੍ਹਿਆ ਲਿਖਿਆ ਹਾਂ ਤੇ ਕਿਸੇ ਵੇਲੇ ਚੰਗਾ ਖੁਸ਼ਹਾਲ ਵੀ ਰਹਿ ਚੁੱਕਿਆ ਹਾਂ। ਕਈ ਵਰ੍ਹੇ ਹੋਏ ਨੇ ਕਾਰ ਵਿਹਾਰ ਵਿਗੜਨ ਕਰਕੇ ਮੇਰੀ ਹਾਲਤ ਵੀ ਤੇਰੇ ਵਰਗੀ ਹੀ ਹੋ ਗਈ ਸੀ। ਦਲੇਰੀ ਮੇਰਾ ਸਾਥ ਛੱਡ ਗਈ ਸੀ। ਮੈਨੂੰ ਖ਼ਿਆਲ ਹੋਇਆ ਕਿ ਜੇ ਮੈਂ ਸ਼ਰਾਬ ਪੀਵਾਂ ਤਾਂ ਕੁਝ ਚਿਰ ਲਈ ਮੇਰੇ ਅੰਦਰ ਤਾਕਤ ਪੈਦਾ ਹੋ ਜਾਵੇਗੀ।

ਫੇਰ ਮੈਂ ਆਪਣੇ ਪੈਰਾਂ ਤੇ ਖੜਾ ਹੋ ਜਾਵਾਂਗਾ। ਮੈਂ ਪਹਿਲਾਂ ਕਦੇ ਸ਼ਰਾਬ ਨਹੀਂ ਸੀ ਪੀਤੀ। ਸ਼ਰਾਬ ਨਾਲ ਮੇਰੇ ਅੰਦਰ ਕੁਝ ਤਾਕਤ ਜ਼ਰੂਰ ਆ ਗਈ ਤੇ ਸ਼ੁਰੂ ਸ਼ੁਰੂ ਵਿਚ ਮੈਨੂੰ ਜਾਪਿਆ ਕਿ ਇਹ ਬੜੀ ਚੰਗੀ ਚੀਜ਼ ਹੈ, ਇਸ ਦੇ ਨਾਲ ਮੇਰੇ ਅੰਦਰ ਦਲੇਰੀ, ਤਾਕਤ, ਤੇ ਨਵੇਂ ਕੰਮ ਆਰੰਭਣ ਦੀ ਦਲੇਰੀ ਆ ਜਾਵੇਗੀ। ਇਸ ਨਾਲ ਮੇਰੇ ਮਨ ਵਿਚ ਮੌਕੇ ਤੋਂ ਫਾਇਦਾ ਉਠਾਉਣ ਦੀ ਉਹ ਦਲੇਰੀ ਪੈਦਾ ਹੋ ਜਾਵੇਗੀ ਜਿਸ ਦੀ ਮੇਰੇ ਅੰਦਰ ਪਹਿਲਾਂ ਥੁੜ ਸੀ। ਕੁਝ ਚਿਰ ਤਾਂ ਸ਼ਰਾਬ ਮੈਨੂੰ ਜੀਵਨ ਦੀ ਰਸਾਇਣ ਪਰਤੀਤ ਹੋਈ। ਇਹਦੇ ਨਾਲ ਮੇਰੀਆਂ ਸਾਰੀਆਂ ਸ਼ਕਤੀਆਂ ਸੁਰਜੀਤ ਹੋ ਗਈਆਂ। ਇਉਂ ਜਾਪਦਾ ਸੀ ਕਿ ਮੇਰੀ ਮਾਨਸਿਕ ਸ਼ਕਤੀ ਦੂਣੀ ਹੋ ਗਈ ਹੈ। ਪਰ ਜਿਹੜਾ ਅਸਰ ਮੈਂ ਚਾਹੁੰਦਾ ਸੀ ਉਹਨੂੰ ਪ੍ਰਾਪਤ ਕਰਨ ਲਈ ਮੈਨੂੰ ਸ਼ਰਾਬ ਦੀ ਵਰਤੋਂ ਵਧਾਉਣੀ ਪਈ। ਅਚਾਨਕ ਮੈਨੂੰ ਇਉਂ ਜਾਪਣ ਲੱਗਾ ਕਿ ਮੇਰੀ ਇੱਛਾ ਸ਼ਕਤੀ ਕਮਜ਼ੋਰ ਹੋ ਰਹੀ ਹੈ। ਜਿਹੜੀ ਆਰਜ਼ੀ ਜੇਹੀ ਦਲੇਰੀ ਸ਼ਰਾਬ ਕਰਕੇ ਪੈਦਾ ਹੋ ਗਈ ਸੀ, ਉਹ ਹੌਲੀ ਹੌਲੀ ਘਟਣ ਲੱਗ ਪਈ ਤੇ ਅੰਤ ਨੂੰ ਮੇਰੀ ਪਹਿਲੀ ਦਲੇਰੀ ਵੀ ਜਾਂਦੀ ਰਹੀ। ਫੇਰ ਪਰਤੀਤ ਹੋਇਆ ਕਿ ਸ਼ਰਾਬ ਮੇਰੇ ਅੰਦਰ ਅਸਲ ਵਿਚ ਕੀ ਕੁਝ ਕਰ ਰਹੀ ਹੈ। ਮੈਂ ਕਈ ਵਾਰ ਇਸ ਨੂੰ ਛੱਡਣ ਦਾ ਉਪਰਾਲਾ ਕੀਤਾ ਪਰ ਨਸ਼ੇ ਦੀ ਤੋਟ, ਸ਼ਰਾਬ ਦੀ ਤੀਬਰ ਇੱਛਾ, ਮੇਰੀ ਦਿਨੋ ਦਿਨ ਵਧਦੀ ਨਿਰਾਸ਼ਾ ਤੇ ਕਮਜ਼ੋਰ ਹੋਈ ਇੱਛਾ-ਸ਼ਕਤੀ ਇਨ੍ਹਾਂ ਸਾਰੀਆਂ ਚੀਜ਼ਾਂ ਨੇ ਰਲ ਮਿਲ ਕੇ ਮੇਰੇ ਉਪਰ ਫਤਿਹ ਪਾ ਲਈ ਤੇ ਮੈਂ ਸ਼ਰਾਬ ਪੀਂਦਾ ਹੀ ਰਿਹਾ। ਹਾਲਤ ਇਹ ਹੋ ਗਈ ਕਿ ਮੈਂ ਇਹ ਨੂੰ ਛਡਣੋਂ ਬਿਲਕੁਲ ਅਸਮਰੱਥ ਹੋ ਗਿਆ। ਹੁਣ ਤੁਸੀਂ ਦੇਖ ਰਹੇ ਹੋ ਕਿ ਮੈਂ ਕਿਹੋ ਜੇਹਾ ਨਿਰਾਸ, ਭਵਖਿਤ- ਹੀਣ ਤੇ ਤਬਾਹ ਹਾਲ ਹੋਇਆ ਹੋਇਆ ਹਾਂ। ਮੇਰੇ ਸੌਰ ਜਾਣ ਦੀ ਕੋਈ ਆਸ ਬਾਕੀ ਨਹੀਂ।

ਪਰ ਤੇਰੀ ਜ਼ਿੰਦਗੀ ਦਾ ਵੱਡਾ ਹਿੱਸਾ ਹਾਲੇ ਤੇਰੇ ਕੋਲ ਕਾਇਮ ਹੈ ਤੇ ਅਸਲ ਵਿਚ ਕੋਈ ਗੱਲ ਅਜੇਹੀ ਨਹੀਂ, ਜਿਸ ਨਾਲ ਤੇਰਾ ਦਿਲ ਟੁੱਟ ਜਾਵੇ। ਤੂੰ ਕੋਈ

ਬੇਈਮਾਨੀ ਜਾਂ ਨਮੋਸ਼ੀ ਵਾਲੀ ਗੱਲ ਨਹੀਂ ਕੀਤੀ। ਕੋਈ ਭੈੜਾ ਕੰਮ ਤੈਥੋਂ ਹੋਇਆ ਨਹੀਂ। ਨਮੋਸ਼ੀ ਵਾਲੀ ਗੱਲ ਤਾਂ ਦਿਲ ਛੱਡ ਕੇ ਭਵਿਖਤ ਤੋਂ ਨਿਰਾਸ਼ ਹੋ ਜਾਣਾ ਹੈ। ਅਸਫਲਤਾ ਵੀ ਕੋਈ ਅਜੇਹੀ ਸ਼ੈ ਨਹੀਂ ਜਿਸ ਦੀ ਥਾਂ ਭਰੀ ਨਾ ਜਾ ਸਕੇ। ਜਿਨ੍ਹਾਂ ਲੋਕਾਂ ਨੇ ਵੱਡੇ ਵੱਡੇ ਕੰਮ ਕੀਤੇ ਹਨ ਉਹ ਅਸਫਲ- ਤਾਵਾਂ ਦੀ ਛਾਤੀ ਤੋਂ ਲੰਘ ਕੇ ਹੀ ਮੰਜ਼ਲਾਂ ਤੱਕ ਪੁੱਜੇ ਹਨ। ਨਮੋਸ਼ੀ ਤਾਂ ਹਰ ਵਾਰੀ ਡਿੱਗਣ ਪਿੱਛੋਂ ਨਾ ਉੱਠਣ ਵਿਚ ਹੈ। ਹੌਂਸਲਾ ਕਰੋ, ਤੱਕੜੇ ਹੋਵੋ, ਤੇ ਯਾਦ ਰਖੋ ਕਿ ਅਸਫਲਤਾ ਕੋਈ ਜੁਰਮ ਨਹੀਂ, ਸਗੋਂ ਨੀਵਾਂ ਨਿਸ਼ਾਨਾ ਜੁਰਮ ਹੈ।

ਇਸ ਬਦਨਸੀਬ ਸਾਥੀ ਦੀ ਕਹਾਣੀ ਸੁਣ ਕੇ ਮੇਰੇ ਉੱਤੇ ਬੜਾ ਅਸਰ ਹੋਇਆ। ਇਸ ਮੰਦ ਹਾਲ ਭਿਖ-ਮੰਗੇ ਵਿਚ ਉੱਚੀ ਸਿੱਖਿਆ ਤੇ ਚੰਗੇਰੀ ਸੂਝ ਬੂਝ ਦੇ ਚਿੰਨ ਦੇਖ ਕੇ ਮੈਂ ਕੰਬ ਗਿਆ। ਮੈਂ ਆਪਣੇ ਦਿਲ ਵਿਚ ਕਿਹਾ ਜੇ ਇਹ ਬਦਨਸੀਬ ਬੰਦਾ ਇਹੋ ਜੇਹੀ ਅਵਸਥਾ ਵਿਚ ਹੁੰਦਾ ਹੋਇਆ ਵੀ ਜੀਵਨ ਨੂੰ ਅਜੇਹੇ ਦ੍ਰਿਸ਼ਟੀਕੋਣ ਤੋਂ ਦੇਖ ਸਕਦਾ ਹੈ ਤੇ ਇਸ ਨੂੰ ਵੀ ਜੀਵਨ ਦੀਆਂ ਮਹਾਨ ਸੰਭਾਵਨਾਵਾਂ ਦਿਖਾਈ ਦੇ ਰਹੀਆਂ ਹਨ ਤਾਂ ਜ਼ਰੂਰ ਹੀ ਮੇਰੇ ਲਈ ਵੀ ਕੁਝ ਬਾਕੀ ਹੈ। ਇਸ ਬੰਦੇ ਨੇ ਰੂਹਾਨੀ ਤੌਰ ਤੇ ਮੇਰੀ ਸਹਾਇਤਾ ਕੀਤੀ, ਉਸ ਦੇ ਬਦਲੇ ਵਿਚ ਪੈਸਿਆਂ ਦੀ ਜੋ ਸਹਾਇਤਾ ਮੈਥੋਂ ਹੋ ਸਕੀ ਮੈਂ ਉਸ ਦੀ ਕੀਤੀ ਤੇ ਮੈਂ ਚੌਂਕ ਤੋਂ ਬਾਹਰ ਆਇਆ ਮੈਂ ਹੁਣ ਨਵਾਂ ਆਦਮੀ ਬਣ ਗਿਆ ਤੂੰ ਤੇ ਮੇਰੇ ਚਿਹਰੇ-ਮੋਹਰੇ ਤੋਂ ਨਵੀਂ ਇੱਛਾ-ਸ਼ਕਤੀ ਦਾ ਪ੍ਰਭਾਵ ਦਿਸ ਰਿਹਾ ਸੀ ਤੇ ਮੇਰੇ ਦਿਲ ਵਿਚ ਨਵੀਂ ਦਲੇਰੀ ਤੇ ਦ੍ਰਿੜਤਾ ਉਤਪੰਨ ਹੋ ਗਈ ਸੀ। ਹੁਣ ਮੇਰਾ ਕੰਮ ਬਹੁਤ ਚੰਗਾ ਚਲ ਰਿਹਾ ਹੈ ਮੈਂ ਆਪਣੀ ਸਫਲਤਾ ਦਾ ਵਧੇਰਾ ਭਾਗ ਉਸ ਬਦਨਸੀਬ ਬੰਦੇ ਦੇ ਤੁਫੈਲ ਸਮਝਦਾ ਹਾਂ ਜਿਸ ਨੇ ਅਜੇਹੇ ਨਾਜ਼ੁਕ ਸਮੇਂ ਮੈਨੂੰ ਹਲੂਣਾ ਦਿੱਤਾ ਭਾਵੇਂ ਉਹ ਆਪ ਹੌਂਸਲਾਂ ਛੱਡਣ ਕਰਕੇ ਤਬਾਹ ਹੋ ਚੁੱਕਿਆ ਸੀ ਤੇ ਸ਼ਰਾਬ ਜੇਹੀ ਚੀਜ਼ ਦਾ ਗੁਲਾਮ ਬਣ ਕੇ ਉਸ ਨੇ ਜੀਵਨ ਦੀ ਹਰ ਪਿਆਰੀ ਚੀਜ਼ ਨੂੰ ਨਸ਼ਟ ਕਰ ਦਿੱਤਾ ਸੀ।

ਜਿਹੜੇ ਲੋਕ ਸਾਹਸਹੀਣਤਾ ਦਾ ਸ਼ਿਕਾਰ ਹਨ ਅਨੁਭਵ ਨਹੀਂ ਕਰਦੇ ਕਿ ਪਰਸੰਨਤਾ ਤੇ ਯੋਗਤਾ ਦੀ ਇਸ ਦੁਸ਼ਮਣ ਨੂੰ ਆਪਣੇ ਮਨ ਵਿਚ ਥਾਂ ਦੇ ਕੇ ਉਹ ਆਪਣਾ ਕਿੰਨਾਂ ਵੱਡਾ ਨੁਕਸਾਨ ਕਰਦੇ ਹਨ ? ਨਿਰਉਤਸ਼ਾਹਤ ਹੋ ਕੇ ਕੋਈ ਆਦਮੀ ਵੀ ਚੰਗੀ ਤਰ੍ਹਾਂ ਕੰਮ ਨਹੀਂ ਕਰ ਸਕਦਾ। ਜਦ ਮਨ ਦੀ ਇਹ ਉਤਸ਼ਾਹਹੀਣ ਅਵਸਥਾ ਹੋ ਜਾਂਦੀ ਹੈ ਤਾਂ ਆਦਮੀ ਵਿਚ ਨਾ ਉਪਜ ਰਹਿੰਦੀ ਹੈ ਨਾ ਹਥਲੇ ਵਸੀਲਿਆਂ ਤੋਂ ਲਾਭ ਉਠਾਉਣ ਤੇ ਕੋਈ ਕਾਢ ਕੱਢਣ ਦੀ ਕੋਈ ਜੁਗਤ ਹੀ ਸੁਝਦੀ ਹੈ। ਨਿਰਉਤਸ਼ਾਹ ਤੇ ਬੇਉਮੰਗ ਜੇਹਾ ਹੋ ਕੇ ਉਹ ਇਕ ਬੇਜਾਨ ਜੇਹੀ ਮਸ਼ੀਨਰੀ ਵਰਗਾ ਬਣ ਜਾਂਦਾ ਹੈ।

ਜਦੋਂ ਤੁਸੀਂ ਸਾਹਸ ਛੱਡ ਦਿੰਦੇ ਹੋ ਤਾਂ ਤੁਹਾਡੀਆਂ ਸਾਰੀਆਂ ਮਾਨਸਿਕ ਸ਼ਕਤੀਆਂ ਸਿਬਲ ਨਿਰਬਲ ਹੋ ਜਾਂਦੀਆ ਹਨ। ਸਿੱਟਾ ਇਹ ਨਿਕਲਦਾ ਹੈ ਕਿ ਉਨ੍ਹਾਂ ਦੇ ਹੀਲਿਆਂ ਵਿਚ ਇਕਸੁਰਤਾ ਨਹੀਂ ਰਹਿੰਦੀ ਤੇ ਉਹ ਰਲ ਮਿਲ ਕੇ ਕੋਈ ਕੰਮ ਵੀ ਨਹੀਂ ਕਰ ਸਕਦੀ। ਉਪਜਾਊ ਤਾਕਤ ਸੁੰਨ ਹੋ ਜਾਂਦੀ ਹੈ। ਇੰਤਜ਼ਾਮ ਕਰਨ ਦੀ ਲਿਆਕਤ ਦਾ ਗਲ ਘੁਟਿਆ ਜਾਂਦਾ ਹੈ। ਤੁਹਾਡੀ ਮਾਨਸਿਕ ਅਵਸਥਾ ਇਹੋ ਜੇਹੀ ਹੋ ਜਾਂਦੀ ਹੈ ਕਿ ਤੁਸੀਂ ਕੋਈ ਕੰਮ ਪੂਰੀ ਤਰ੍ਹਾਂ ਨਾਲ ਨਹੀਂ ਕਰ ਸਕਦੇ। ਜਦੋਂ ਤਾਈਂ ਇਹ ਦੁਸ਼ਮਣ ਤੁਹਾਡੇ ਮਨ ਵਿਚੋਂ ਬਾਹਰ ਨਹੀਂ ਨਿਕਲ ਜਾਂਦਾ ਤੇ ਇਸ ਦੇ ਮੁਕਾਬਲੇ ਦੇ ਚੰਗੇ ਗੁਣ, ਅਰਥਾਤ ਦਲੇਰੀ, ਖੁਸ਼ੀ, ਉਮੇਦ ਤੋ ਭਵਿਖਤ ਤੇ ਵੱਡੀਆਂ ਵੱਡੀਆਂ ਸੰਭਾਵਨਾਵਾਂ ਦਾ ਦ੍ਰਿੜ ਵਿਸ਼ਵਾਸ ਪੈਦਾ ਹੋ ਕੇ ਇਸ ਦੁਸ਼ਮਣ ਦੇ ਜ਼ੋਰ ਤੇ ਭਾਰੂ ਨਹੀਂ ਹੋ ਜਾਂਦਾ, ਤੁਸੀਂ ਕਦੇ ਵੀ ਕੋਈ ਚੰਗਾ ਕੰਮ ਕਰਨ ਦੇ ਯੋਗ ਨਹੀਂ ਹੋ ਸਕਦੇ।

ਸਾਹਸ ਦੇ ਘਾਟੇ, ਡਰ ਤੇ ਅਸਫਲਤਾ ਦੇ ਖ਼ਿਆਲ, ਜੋ ਤੁਹਾਡੇ ਦਿਲ ਵਿਚ ਉਪਜਦੇ ਹਨ, ਵਿਚ ਤਬਾਹ ਕਰਨ ਦੀ ਸ਼ਕਤੀ ਹੁੰਦੀ ਹੈ। ਜਿੰਨਾਂ ਵਧੇਰੇ ਅਸੀਂ ਇਨ੍ਹਾਂ ਦੇ ਅਸਰ ਹੇਠਾਂ ਆ ਜਾਂਦੇ ਹਾਂ ਉਤਨਾਂ ਹੀ ਵਧੇਰੇ ਇਹ ਸਾਡੇ ਜੀਵਨ ਦੇ

ਕਰਤੱਵ ਨੂੰ ਤਬਾਹ ਤੇ ਬਰਬਾਦ ਕਰਦੇ ਹਨ। ਇਨ੍ਹਾਂ ਕਰਕੇ ਸਾਡੇ ਮਨ ਦੇ ਉੱਤੇ ਹਨੇਰਾ ਛਾ ਜਾਂਦਾ ਹੈ, ਤੇ ਅਸੀਂ ਤਬਾਹ ਕਰਨ ਵਾਲੇ ਗਲਤ ਫੈਸਲੇ ਕਰਨ ਲੱਗ ਪੈਂਦੇ ਹਾਂ, ਜੋ ਸਾਡੇ ਲਈ ਮੌਤ ਦਾ ਅਸਰ ਰੱਖਦੇ ਹਨ ਤੇ ਕਈ ਅਜੇਹੇ ਕੰਮ ਸਾਥੋਂ ਹੋ ਜਾਂਦੇ ਹਨ ਜਿਨ੍ਹਾਂ ਨਾਲ ਸਾਡੀ ਖੁਸ਼ੀ ਤੇ ਸਾਰਾ ਜੀਵਨ ਤਬਾਹ ਹੋ ਜਾਂਦੇ ਹਨ। ਬਹੁਤ ਸਾਰੇ ਤਲਾਕਾਂ ਦਾ ਕਾਰਣ ਇਕ ਬਦਕਿਸਮਤ ਫੈਸਲਾ ਹੁੰਦਾ ਹੈ। ਵਿਆਹ ਉਦੋਂ ਕੀਤਾ ਜਾਂਦਾ ਹੈ ਜਦੋਂ ਲੜਕੀਆਂ ਮਾਨਸਿਕ ਤੌਰ ਤੇ ਢਹਿੰਦੀਆਂ ਕਲਾਂ ਵਿਚ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਆਪਣੀਆਂ ਮੁਸ਼ਕਲਾਂ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਦਿਸ ਰਿਹਾ ਹੁੰਦਾ। ਬਹੁਤ ਸਾਰੀਆਂ ਲੜਕੀਆਂ ਅਜੇਹੀਆਂ ਹੁੰਦੀਆਂ ਹਨ ਜੋ ਕਿਸੇ ਸ਼ੌਕ ਪਿੱਛੋਂ ਅਜੇਹੇ ਮਰਦਾਂ ਨਾਲ ਵਿਆਹ ਕਰਨ ਲਈ ਰਜ਼ਾਮੰਦ ਹੋ ਜਾਂਦੀਆਂ ਹਨ ਜਿਨ੍ਹਾਂ ਨੂੰ ਚੰਗੇਰੇ ਦਿਨਾਂ ਵਿਚ ਉਹ ਕਦੇ ਵੀ ਪਸੰਦ ਨਹੀਂ ਸਨ ਕਰ ਸਕਦੀਆਂ। ਮਾਂ, ਪਿਉ, ਜਾਂ ਪਰਵਾਰ ਦੇ ਕਿਸੇ ਹੋਰ ਨਿਕਟਵਰਤੀ ਸਹਾਰਾ ਦੇਣ ਵਾਲੇ ਦੇ ਮਰਨ ਪਿੱਛੋਂ ਉਹ ਲੜਕੀਆਂ ਆਪਣੇ ਘਰਦਿਆਂ ਦੀਆਂ ਔਕੜਾਂ ਦੂਰ ਕਰਨ ਲਈ ਅਜੇਹੇ ਮਰਦਾਂ ਨਾਲ ਵਿਆਹ ਕਰਾਉਣ ਲਈ ਰਾਜ਼ੀ ਹੋ ਜਾਂਦੀਆਂ ਹਨ ਪਰ ਇਸ ਦਾ ਕਾਰਣ ਕੇਵਲ ਇਹ ਹੀ ਹੁੰਦਾ ਹੈ ਕਿ ਇਸ ਮੁਸ਼ਕਲ ਅਵਸਥਾ ਤੋਂ ਛੁਟਕਾਰਾ ਪਾਉਣ ਦਾ ਉਨ੍ਹਾਂ ਨੂੰ ਕੋਈ ਹੋਰ ਰਾਹ ਨਹੀਂ ਸੁਝਦਾ। ਅਜੇਹੇ ਘਬਰਾ ਤੇ ਔਕੜ ਵਾਲੇ ਸਮੇਂ ਤੋਂ ਛੁਟਕਾਰਾ ਪਾਉਣ ਲਈ ਉਹ ਸਭ ਕੁਝ ਕਰਨ ਲਈ ਤਿਆਰ ਹੋ ਸਕਦੀਆਂ ਸਨ। ਉਹ ਮਹਿਸੂਸ ਕਰਦੀਆਂ ਹਨ, ਕਿ ਸਮੁੰਦਰੀ ਬੀਮਾਰੀ ਵਾਂਞ ਇੰਨੀਆਂ ਮੁਸ਼ਕਲਾਂ ਤੋਂ ਉਨ੍ਹਾਂ ਦੀ ਜਾਨ ਨਹੀਂ ਛੁਟਣੀ।

'ਸਮੁੰਦਰੀ ਬੀਮਾਰੀ' ਵਿਚ ਇਹ ਇਕ ਖਾਸ ਗੱਲ ਹੈ ਕਿ ਇਸ ਦਾ ਰੋਗੀ ਇਹੋ ਪਰਤੀਤ ਕਰਦਾ ਹੈ ਕਿ ਇਹ ਬੀਮਾਰੀ ਉਹਨੂੰ ਸਦਾ ਚਿੰਬੜੀ ਹੀ ਰਹੇਗੀ। ਭਾਵੇਂ ਬੀਮਾਰ ਇਹ ਖ਼ਿਆਲ ਕਰਨ ਦਾ ਜਤਨ ਕਰੇ ਕਿ ਇਹ ਬੀਮਾਰੀ ਕੁਝ ਘੰਟਿਆਂ ਜਾਂ ਦਿਨਾਂ ਵਿਚ ਦੂਰ ਹੋ ਜਾਵੇਗੀ ਪਰ ਉਹ ਇਨ੍ਹਾਂ ਜਤਨਾਂ ਵਿਚ

ਸਫਲ ਨਹੀਂ ਹੋ ਸਕਦਾ। ਇਸੇ ਤਰ੍ਹਾਂ ਦੀ ਨਿਰਾਸ ਅਵਸਥਾ ਰੋਗੀਆਂ ਦੀ ਆਮ ਬਣ ਜਾਂਦੀ ਹੈ। ਇਉਂ ਜਾਪਦਾ ਹੈ ਕਿ ਉਹ ਮੁੜ ਕੇ ਅਪਣੀ ਸਿਹਤ ਤੇ ਤੰਦਰੁਸਤੀ ਦਾ ਕਲਪਤ ਚਿਤਰ ਦਿਲ ਵਿਚ ਨਹੀਂ ਖਿਚ ਸਕਦੇ। ਜਦ ਕਿਸੇ ਕਿਸਮ ਦਾ ਸਖ਼ਤ ਦਰਦ ਹੁੰਦਾ ਹੈ ਮਿਸਾਲ ਵਜੋਂ ਜਦੋਂ ਕਿਸੇ ਨੂੰ ਦੰਦ ਪੀੜ ਵਰਗੀ ਕੋਈ ਤੱਕਲੀਫ ਹੋ ਜਾਂਦੀ ਹੈ ਤਾਂ ਉਸ ਲਈ ਇਹ ਭਰੋਸਾ ਕਰਨਾ ਹੀ ਮੁਸ਼ਕਲ ਹੁੰਦਾ ਹੈ ਕਿ ਇਹ ਪੀੜ ਕਦੇ ਹਟ ਵੀ ਜਾਵੇਗੀ।

ਇਸੇ ਤਰ੍ਹਾਂ ਹੀ ਮਾਨਸਿਕ ਬੀਮਾਰੀਆਂ ਦਾ ਅੰਤ ਸੋਚਣਾ ਤਾਂ ਹੋਰ ਵੀ ਕਠਨ ਕੰਮ ਹੈ। ਜਦੋਂ ਦੁੱਖ ਤੇ ਔਕੜਾਂ ਸਾਹਮਣੇ ਆਉਂਦੇ ਹਨ, ਜਦੋਂ ਚਿੰਤਾ ਤੇ ਸੋਗ ਸਿਰ ਤੇ ਛਾ ਜਾਂਦੇ ਹਨ, ਜਦੋਂ ਮੌਤ ਘਰ ਵਿਚ ਆ ਕੇ ਕਿਸੇ ਪਿਆਰੇ ਸਬੰਧੀ ਨੂੰ ਖੋਹ ਲੈ ਜਾਂਦੀ ਹੈ ਉਸ ਵੇਲੇ ਉਸ ਤੂਫਾਨ ਵਿਚੋਂ ਦੀ ਨਜ਼ਰ ਦੁੜਾਉਣਾ ਤੇ ਨਿਰਾਸਤਾ ਦੇ ਕਾਲੇ ਬਦਲਾਂ ਨੂੰ ਚੀਰ ਕੇ ਆਸਾਂ ਦੇ ਸੂਰਜ ਦਾ ਦਰਸ਼ਨ ਕਰਨਾ, ਅਤਿ ਕਠਨ ਹੁੰਦਾ ਹੈ। ਇਸ ਉਦਾਸੀਨਤਾ ਨਾਲ ਘੋਲ ਕਰਦਿਆਂ ਸਾਨੂੰ ਇਉਂ ਜਾਪਦਾ ਹੈ ਕਿ ਅਸੀਂ ਫੇਰ ਕਦੀ ਵੀ ਖੁਸ਼ ਨਹੀਂ ਹੋ ਸਕਦੇ ਤੇ ਅਜੇਹੇ ਸਮੇਂ ਇਕ ਚੁਪੀਤੀ ਜੇਹੀ ਨਰਾਜ਼ਗੀ ਦੇ ਅਸਰ ਹੇਠ ਹੈਰਾਨ ਹੁੰਦੇ ਹਾਂ ਕਿ ਹੋਰ ਲੋਕ ਕਿਸ ਤਰ੍ਹਾਂ ਹਾਸੇ ਠੱਠੇ ਕਰ ਕਰ ਕੇ ਸਵਾਦ ਲੈਂਦੇ ਹਨ ? ਕਿਸ ਤਰ੍ਹਾਂ ਮੇਲਿਆਂ ਮੁਸਾਬਿਆਂ ਵਿਚ ਜਾਂਦੇ ਹਨ ਤੇ ਜੀਵਨ ਨੂੰ ਮਾਣਦੇ ਹਨ ? ਜਦੋਂ ਸਾਨੂੰ ਪਰਤੀਤ ਹੁੰਦਾ ਹੈ ਕਿ ਅਸੀਂ ਕਦੇ ਮੁੜ ਕੇ ਮੁਸਕਰਾ ਨਹੀਂ ਸਕਾਗੇ, ਸਾਨੂੰ ਉਹ ਲੋਕ ਬੇਤਰਸ ਤੇ ਨਿਰਦਈ ਜੇਹੇ ਲੱਗਦੇ ਹਨ ਜਿਹੜੇ ਅਜੇਹੇ ਵੇਲੇ ਜੀਵਨ ਦਾ ਸੁਆਦ ਲੈ ਰਹੇ ਹੁੰਦੇ ਹਨ।

ਪਰ ਅਸੀਂ ਜਾਣਦੇ ਹਾਂ ਕਿ ਸਮਾਂ ਡੂੰਘੇ ਤੋਂ ਡੂੰਘੇ ਫੱਟਾਂ ਨੂੰ ਠੀਕ ਕਰ ਦਿੰਦਾ ਹੈ। ਸਰੀਰਕ ਤੇ ਮਾਨਸਿਕ ਰੋਗ ਸਮਾਂ ਪਾ ਕੇ ਦੂਰ ਹੋ ਜਾਂਦੇ ਹਨ, ਪਰ ਬਲਵਾਨ ਆਤਮਾ ਉਹੋ ਹੀ ਹੈ ਜੋ ਆਪਣੇ ਆਪ ਨੂੰ ਚੰਗੀ ਮੰਦੀ ਹਰ ਅਵਸਥਾ ਦੇ ਅਨੁਕੂਲ ਬਣਾ ਲਏ।

ਕਦੇ ਕਦੇ ਗਰਮੀ ਦੇ ਮੌਸਮ ਵਿਚ ਜਦੋਂ ਧੁੱਪ ਚਮਕ ਰਹੀ ਹੁੰਦੀ ਹੈ, ਅਚਾਨਕ ਬਦਲ ਕਿਤੋਂ ਆ ਕੇ ਸੂਰਜ ਨੂੰ ਢੱਕ ਲੈਂਦੇ ਹਨ ਤੇ ਸਾਰਾ ਆਸਮਾਨ ਤੂਫਾਨ ਦੇ ਆਉਣ ਨਾਲ ਇਉਂ ਕਾਲਾ ਸਿਆਹ ਹੋ ਜਾਂਦਾ ਹੈ ਕਿ ਸਾਨੂੰ ਆਪਣੇ ਘਰਾਂ ਤੇ ਦਫਤਰਾਂ ਵਿਚ 'ਦੀਵੇ ਬਾਲਣੇ ਪੈ ਜਾਂਦੇ ਹਨ, ਫਿਰ ਥੋੜੀ ਹੀ ਦੇਰ ਵਿਚ ਬਦਲ ਜਿਸ ਤਰ੍ਹਾਂ ਛੇਤੀ ਆਏ ਸੀ ਉਸੇ ਤਰ੍ਹਾਂ ਛੇਤੀ ਹਟ ਜਾਂਦੇ ਹਨ ਤੇ ਸੂਰਜ ਮੁੜ ਪੂਰੀ ਸ਼ਾਨ ਨਾਲ ਚਮਕਣ ਲੱਗ ਪੈਂਦਾ ਹੈ ਤੇ ਇਉਂ ਜਾਪਦਾ ਹੈ ਜਿਵੇਂ ਕਦੀ ਕੋਈ ਗੱਲ ਹੋਈ ਹੀ ਨਹੀਂ ਸੀ। ਇਸੇ ਤਰ੍ਹਾਂ ਸਾਡੇ ਜੀਵਨ ਵਿਚ ਵੀ ਅਜੇਹੇ ਸਮੇਂ ਆਉਂਦੇ ਹਨ ਜਦੋਂ ਹਰ ਵਸਤੂ ਕਾਲੀ ਤੇ ਡਰਾਉਣੀ ਦਿਸਦੀ ਹੈ ਪਰ ਫੇਰ, ਜਿਵੇਂ ਕੁਦਰਤ ਵਿਚ ਹੁੰਦਾ ਹੈ, ਅਚਾਨਕ ਹਰ ਚੀਜ਼ ਪਹਿਲਾਂ ਵਾਂਝ ਸ਼ਾਂਤ ਤੇ ਸਾਫ ਦਿਖਾਈ ਦੇਣ ਲੱਗ ਪੈਂਦੀ ਹੈ।

ਜਦੋਂ ਸਾਡੇ ਜੀਵਨ ਵਿਚ ਇਹੋ ਜੇਹਾ ਕੋਈ ਤੂਫਾਨ ਆਵੇ ਤਾਂ ਸਾਰਿਆਂ ਤੋਂ ਵੱਡੀ ਗੱਲ ਜਿਹੜੀ ਸਾਨੂੰ ਉਸ ਵੇਲੇ ਯਾਦ ਰੱਖਣੀ ਚਾਹੀਦੀ ਹੈ ਉਹ ਇਹ ਹੈ ਕਿ ਤੂਫਾਨ ਭਾਵੇਂ ਕਿੰਨਾਂ ਹੀ ਭਿਆਨਕ ਹੈ ਪਰ ਉਹ ਥੋੜੇ ਹੀ ਚਿਰ ਲਈ ਹੁੰਦਾ ਹੈ ਤੇ ਉਸ ਦੇ ਪਿੱਛੇ ਸੂਰਜ ਸਦਾ ਹੀ ਚਮਕ ਰਿਹਾ ਹੁੰਦਾ ਹੈ।

ਨਵੇਂ ਖ਼ਿਆਲ ਦਾ ਫਲਸਫ਼ਾ ਜੀਵਨ ਦੇ ਚੰਗੇਰੇ ਆਸਵੰਦ ਪੱਖਾਂ ਉੱਤੇ ਜ਼ੋਰ ਦੇ ਕੇ ਤੇ ਨਿਰਉਤਸਾਹਤਾ ਉੱਤੇ ਜਿੱਤ ਪਾਉਣ ਦੀ ਸਿੱਖਿਆ ਦੇ ਕੇ ਸਾਡੀ ਸਹਾਇਤਾ ਕਰਦਾ ਹੈ। ਇਹੋ ਕਾਰਣ ਹੈ ਕਿ ਜਿਸ ਫਲਸਫ਼ੇ ਦੇ ਮੰਨਣ ਵਾਲੇ ਤੇ ਇਹਦੇ ਉੱਤੇ ਚੱਲਣ ਵਾਲੇ ਜਦ ਕਦੇ ਆਪਣੇ ਕੰਮ ਵਿਚ ਅਸਫਲ ਹੁੰਦੇ ਹਨ ਤਾਂ ਉਹ ਦਿਲ ਛੱਡ ਕੇ ਨਹੀਂ ਬਹਿ ਜਾਂਦੇ। ਉਨ੍ਹਾਂ ਨੇ ਸਮਝ ਲਿਆ ਕਿ ਸਥੂਲ ਚੀਜ਼ਾਂ ਅਤਿ ਉਚੀਆਂ ਲੋੜਾਂ ਵਿਚੋਂ ਨਹੀਂ ਹਨ, ਸਗੋਂ ਸਭ ਤੋਂ ਵਧ ਜ਼ਰੂਰੀ ਗੱਲ ਇਹ ਹੈ ਕਿ ਮਨੁੱਖ ਆਪਣੇ ਜੀਵਨ ਦੇ ਅਸਲ ਮਨੋਰਥ ਨੂੰ ਸਮਝੇ ਤੇ ਮਨੁੱਖ ਦੀ ਦੈਵੀ ਵਾਸਤਵਿਕਤਾ ਨੂੰ ਪਛਾਣੇ। ਉਹ ਜਾਣ ਗਏ ਹਨ ਕਿ ਭਾਵੇਂ ਮਨੁੱਖ ਕੋਲ ਕੱਚੀ ਕੌਡੀ ਵੀ ਨਾ ਹੋਵੇ, ਰਹਿਣ ਲਈ ਝੁੱਗਾ ਨਾ ਹੋਵੇ, ਕਿਤੇ ਥਾਂ ਟਿਕਾਣਾ ਨਾ ਹੋਵੇ ਤੇ ਭਾਵੇਂ ਗਰੀਬੀ ਤੋਂ ਤੰਗ

ਆ ਕੇ ਗਰੀਬ-ਖਾਨੇ ਵਿਚ ਜਾ ਕੇ ਗੁਜ਼ਾਰਾ ਕਰ ਰਿਹਾ ਹੋਵੇ, ਫਿਰ ਵੀ ਉਹ ਜੀਵਨ ਦੀ ਅਤਿ ਉੱਚੀ ਸਫਲਤਾ ਪ੍ਰਾਪਤ ਕਰ ਸਕਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿ ਇਹ 'ਨਵਾਂ ਫਲਸਫ਼ਾ" ਸਿਖਾਉਂਦਾ ਹੈ ਕਿ ਅਸਲੀ ਸਫਲਤਾ ਵਾਸਤੇ ਧਨ ਦੌਲਤ ਦੇ ਢੇਰ ਕੋਈ ਜ਼ਰੂਰੀ ਸ਼ਰਤ ਨਹੀਂ ਹਨ।

ਸਫਲਤਾ ਤਾਂ ਆਦਮੀ ਦੇ ਆਚਰਣ ਅਤੇ ਸਖਸ਼ੀਅਤ ਉੱਤੇ ਨਿਰਭਰ ਰੱਖਦੀ ਹੈ। ਰੁਪਿਆ ਜਮਾਂ ਕਰ ਲੈਣਾ ਤਾਂ ਇਕ ਛੋਟਾ ਜੇਹਾ ਤੇ ਅਫਰਾਊ ਮਾਮਲਾ ਹੈ। ਜੋ ਜੀਵਨ ਠੀਕ ਰਹੇ ਤਾਂ ਰੋਜ਼ੀ ਦਾ ਸਵਾਲ ਆਪਣੇ ਆਪ ਹੱਲ ਹੋ ਜਾਂਦਾ ਹੈ।

ਸਾਡੇ ਸਾਹਮਣੇ ਕਈ ਇਹੋ ਜੇਹੀਆਂ ਮਿਸਾਲਾਂ ਵੀ ਹਨ ਕਿ ਨਵੇਂ ਖਿਆਲਾਂ ਉੱਤੇ ਚਲਣ ਵਾਲੇ ਇਹੋ ਜੇਹੀਆਂ ਨਿਰਾਦਰ ਭਰਪੂਰ ਤੇ ਲਕ- ਤੋੜਵੀਆਂ ਹਾਰਾਂ ਦੇ ਸਮੇਂ ਵਿਚੋਂ ਵੀ ਲੰਘੇ ਹਨ ਜਿਹੜੀਆਂ ਪੁਰਾਣੇ ਖ਼ਿਆਲ ਦੇ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਜ਼ਿੰਦਗੀ ਨੂੰ ਤਬਾਹ ਕਰਨ ਵਾਲੀਆਂ ਤੇ ਸ੍ਵੈ-ਭਰੋਸੇ ਨੂੰ ਨਾਸ਼ ਕਰਨ ਵਾਲੀਆਂ ਹਨ। ਨਵੇਂ ਫਲਸਫ਼ੇ ਅਨੁਸਾਰ ਲੱਕ-ਤੋੜਵੀਆਂ ਘਟਨਾਵਾਂ ਮਨੁੱਖ ਦੀ ਆਤਮਾ ਨੂੰ ਛੋਹ ਵੀ ਨਹੀਂ ਸਕਦੀਆਂ ਤੇ ਉੱਚ-ਦ੍ਰਿਸ਼ਟੀ ਨਾਲ ਦੇਖਿਆਂ ਇਨ੍ਹਾਂ ਗੱਲਾਂ ਦੀ ਅਸਲੀਅਤ ਤੇ ਹਕੀਕਤ ਕੁਝ ਵੀ ਨਹੀਂ ਹੈ।

ਮਿਸਟਰ ਰਾਕਫੈਲਰ ਕੋਲ ਜਿਹੜੇ ਕਰੋੜਾਂ ਰੁਪਏ ਹਨ ਉਨ੍ਹਾਂ ਦਾ ਮਿਸਟਰ ਰਾਕਫੈਲਰ ਦੇ ਆਪੇ ਉਤੇ ਰਤੀ ਭਰ ਵੀ ਅਸਰ ਨਹੀਂ, ਕਿਉਂਕਿ ਉਸ ਦਾ ਅਸਲੀ ਰੂਪ ਤਾਂ ਮਾਨਮਕ ਤੇ ਆਤਮਕ ਰੂਪ ਹੈ। ਜਿਨ੍ਹਾਂ ਚੀਜ਼ਾਂ ਤੇ ਇਹ ਨਵਾਂ ਫਲਸਫ਼ਾ ਜ਼ੋਰ ਦਿੰਦਾ ਹੈ ਉਹ ਹਨ ਮਨ, ਆਤਮਾ, ਪਰਮਾਤਮਾ ਤੇ ਸਾਡੀ ਆਪਣੀ ਇਹ ਵਾਸਤਵਿਕਤਾ।

ਰੱਬ ਦੀ ਮਨਸ਼ਾ ਕਦੇ ਨਹੀਂ ਸੀ ਕਿ ਉਹਦੇ ਬੱਚੇ ਮਾਨਸਿਕ ਅਤੇ ਸਰੀਰਕ ਤੌਰ ਤੇ ਹੀਣੇ, ਬਿਪਤਾ ਦੇ ਮਾਰੇ ਜਾਂ ਚਿੰਤਾਤੁਰ ਰਹਿਣ। ਜੇ ਉਨ੍ਹਾਂ ਨੇ ਪੂਰੀ ਪੂਰੀ ਦਿਆਨਤਦਾਰੀ ਮਿਹਨਤ ਤੇ ਕੋਸ਼ਿਸ਼ ਨਾਲ ਕੰਮ ਕੀਤਾ ਹੈ ਤਾਂ ਕੋਈ ਕਾਰਣ

ਨਹੀਂ ਕਿ ਉਹ ਨਿਰਾਸਤਾ ਅਤੇ ਹੀਣ-ਭਾਵ ਦੀਆਂ ਸਿਲਾਂ ਹੇਠ ਦੱਬੇ ਜਾਣ ਇਸ ਲਈ ਕਿ ਉਹ ਕਿਸੇ ਜੁੰਮੇ ਲਏ ਕੰਮ ਨੂੰ ਸਿਰੇ ਚੜਾਉਣ ਵਿਚ ਅਸਫਲ ਰਹੇ ਹਨ।

ਸਾਨੂੰ ਦੱਸਿਆ ਗਿਆ ਹੈ ਕਿ ਅਸੀਂ ਆਪਣਾ ਸਿਰ ਉੱਚਾ ਰਖੀਏ ਤੇ ਬਿਨਾਂ ਕਿਸੇ ਝਿਜਕ ਦੇ ਦੁਨੀਆ ਵੱਲ ਨਜ਼ਰ ਨਾਲ ਨਜ਼ਰ ਮਿਲਾ ਕੇ ਇਸ ਤਰ੍ਹਾਂ ਦੇਖੀਏ ਜਿਵੇਂ ਕਿਸੇ ਉੱਚੇ ਤੋਂ ਉੱਚੇ ਖਾਨਦਾਨ ਦੇ ਰਾਜਕੁਮਾਰਾਂ ਨੂੰ ਚਾਹੀਦਾ ਹੈ। ਸਾਡੀ ਸਥੂਲ ਸੰਪਤੀ ਭਾਵੇਂ ਬਣੇ ਭਾਵੇਂ ਵਿਗੜੇ, ਜੇ ਅਸਾਂ ਮਰਗਦਾ ਵਾਙ ਆਪਣਾ ਫਰਜ਼ ਪੂਰਾ ਕੀਤਾ ਹੈ, ਜੇ ਅਸਾਂ ਪੂਰੇ ਉਤਸ਼ਾਹ ਨਾਲ ਸੰਸਾਰ ਨੂੰ ਉਹ ਸੁਨੇਹਾ ਦਿੱਤਾ ਹੈ ਜਿਸ ਨੂੰ ਦੇਣ ਲਈ ਸਾਨੂੰ ਸੰਸਾਰ ਵਿਚ ਭੇਜਿਆ ਗਿਆ ਹੈ ਤਾਂ ਕੋਈ ਕਾਰਣ ਨਹੀਂ ਕਿ ਅਸੀਂ ਕਿਸੇ ਗੱਲ ਤੋਂ ਸ਼ਰਮਿੰਦੇ ਅਤੇ ਉਤਸ਼ਾਹਹੀਣ ਹੋਈਏ।

ਇੱਕੋ ਹੀ ਚੀਜ਼ ਹੈ, ਜਿਸ ਕਰਕੇ ਮਨੁੱਖ ਨੂੰ ਆਪਣਾ ਸਿਰ ਨੀਵਾਂ ਕਰਨਾ, ਸ਼ਰਮਸਾਰ ਅਤੇ ਨਿਰਉਤਸ਼ਾਹ ਹੋਣਾ ਪੈਂਦਾ ਹੈ, ਇੱਕੋ ਹੀ ਚੀਜ਼ ਹੈ ਜਿਹੜੀ ਮਨੁੱਖ ਨੂੰ ਸੰਸਾਰ ਦੀਆਂ ਨਜ਼ਰਾਂ ਵਿਚੋਂ ਡੇਗ ਦੇਂਦੀ ਹੈ ਤੇ ਉਹ ਹੈ ਉਸ ਦੇ ਭੈੜੇ ਕੰਮ, ਉਸ ਦੇ ਕੀਤੇ ਪਾਪ। ਭੈੜੇ ਹਾਲਾਂ ਵਾਲੇ ਉਹਨਾਂ ਲੋਕਾਂ ਕੋਲ ਜਿਨ੍ਹਾਂ ਨੇ ਦਿਲ ਛੱਡਣ ਕਰਕੇ ਆਪਣੇ ਆਪ ਤੇ ਕਾਬੂ ਢਿੱਲਾ ਕਰ ਦਿੱਤਾ ਹੈ, ਸਫਲਤਾ ਦਾ ਸ਼ਾਨਦਾਰ ਅਣਵਰਤਿਆ ਮਸਾਲਾ ਬਹੁਤ ਸਾਰਾ ਪਿਆ ਹੈ। ਹੁਣ ਇਕਨਾਂ ਦਾ ਤਾਂ ਇਹ ਹਾਲ ਹੋਇਆ ਕਿ ਬੇਕਾਰੀ ਦੇ ਵੇਲੇ ਹੌਂਸਲਾ ਹਾਰ ਕੇ ਉਹ ਕੋਈ ਅਜੇਹੀ ਗੱਲ ਕਰ ਬੈਠੇ ਜਿਸ ਕਰਕੇ ਉਨ੍ਹਾਂ ਦਾ ਸ੍ਵੈਮਾਨ ਜਾਂਦਾ ਰਿਹਾ ਤੇ ਹੁਣ ਉਹ ਨਿਰਉਤਸ਼ਾਹਤਾ ਦੇ ਰੋਗ ਦਾ ਸ਼ਿਕਾਰ ਹੋ ਗਏ ਹਨ ਤੇ ਇਹ ਰੋਗ ਸਮਾਂ ਪਾਕੇ ਅਸਾਂਨੂੰ ਹੋ ਗਿਆ ਹੈ ਤੇ ਉਤਸ਼ਾਹ- ਰਹਿਤ ਮਾਨਸਿਕ ਰਵਈਏ ਨਾਲ ਕੋਈ ਵੀ ਸਫਲ ਨਹੀਂ ਹੋ ਸਕਦਾ।

ਮਾਨਸਿਕ ਬਾਦਸ਼ਾਹੀ ਵਿਚ ਦਲੇਰੀ ਦਾ ਗੁਣ ਸਾਡਾ ਆਗੂ ਹੈ। ਜਦੋਂ ਇਹ ਜਾਂਦੀ ਰਹਿੰਦੀ ਹੈ ਤਾਂ ਬਾਕੀ ਸਾਰੀਆਂ ਸ਼ਕਤੀਆਂ ਉਹਦਾ ਸਾਥ ਦਿੰਦੀਆਂ ਹੋਈਆਂ ਆਪਣੇ ਆਪ ਨਿਤਾਣੀਆਂ ਹੋ ਜਾਂਦੀਆਂ ਹਨ। ਜਦੋਂ ਤੱਕ ਦਲੇਰੀ ਹੁਕਮ

ਨਹੀਂ ਦਿੰਦੀ ਉਦੋਂ ਤੱਕ ਨਾ ਹੀ ਉਪਜਾਉ ਅਤੇ ਨਾ ਹੀ ਹੋਰ ਸ਼ਕਤੀਆਂ ਅੱਗੇ ਵਧਦੀਆਂ ਹਨ। ਨਿਰਉਤਸ਼ਾਹਤਾ ਦੀ ਕਮਾਨ ਹੇਠ ਸਾਰੀਆਂ ਸ਼ਕਤੀਆਂ ਕੰਮ ਕਰਨ ਤੋਂ ਨਾਂਹ ਕਰ ਦਿੰਦੀਆਂ ਹਨ ਪਰ ਜਦ ਹੌਂਸਲਾ ਕਮਾਨ ਸੰਭਾਲ ਲੈਂਦਾ ਹੈ ਤਾਂ ਬਾਕੀ ਸਾਰੀਆਂ ਤਾਕਤਾਂ ਕਮਰਕਸੇ ਕਰ ਲੈਂਦੀਆਂ ਹਨ ਤਾਂ ਇਕ ਦੂਜੇ ਦਾ ਸਾਥ ਦੇ ਕੇ ਕੰਮ ਤੋਂ ਜੁਟ ਜਾਂਦੀਆਂ ਹਨ।

ਅਣਗਿਣਤ ਅਸਫਲ ਲੋਕਾਂ ਲਈ ਜ਼ਰੂਰਤ ਕੇਵਲ ਇਸ ਗੱਲ ਦੀ ਹੈ ਕਿ ਉਨ੍ਹਾਂ ਦੀ ਦਲੇਰੀ ਕਿਸੇ ਤਰ੍ਹਾਂ ਫੇਰ ਤਿਆਰ ਬਰ ਤਿਆਰ ਕਰ ਕੇ ਉਨ੍ਹਾਂ ਨੂੰ ਮੋੜ ਦਿੱਤੀ ਜਾਵੇ। ਨਿਰਉਤਸ਼ਾਹ ਹੋ ਚੁੱਕ ਲੋਕਾਂ ਨੇ ਚਾਨਣ ਵੱਲ ਪਿੱਠ ਕੀਤੀ ਹੋਈ ਹੈ ਤੇ ਇਸ ਤਰ੍ਹਾਂ ਉਹਨਾਂ ਦਾ ਆਪਣਾ ਹੀ ਪਰਛਾਵਾਂ ਉਹਨਾਂ ਦੇ ਰਾਹ ਨੂੰ ਹਨੇਰਾ ਕਰ ਰਿਹਾ ਹੈ ਸੋ ਉਹ ਰੱਬੀ ਨੂਰ ਅਤੇ ਪਿਆਰ ਦੇ ਸੂਰਜ ਦੇ ਚਾਨਣ ਦੀ ਥਾਂ ਆਪਣੇ ਹੀ ਹਨੇਰੇ ਵਿਚ ਤੁਰੀਂ ਜਾ ਰਹੇ ਹਨ। ਜਿਨ੍ਹਾਂ ਨੂੰ ਇਸ ਰੋਗ ਨੇ ਕਮਜ਼ੋਰ ਤੇ ਨਿਢਾਲ ਕਰ ਦਿੱਤਾ ਹੈ, ਉਨ੍ਹਾਂ ਨੂੰ ਉਸ ਮਾਨਸਿਕ ਇਲਾਜ ਦੀ ਲੋੜ ਹੈ, ਜਿਹੜਾ ਸੂਰਜੀ ਚਾਨਣ ਨੂੰ ਉਹਨਾਂ ਦੀ ਆਤਮਾ ਉੱਤੇ ਸੁੱਟੇ ਅਤੇ ਉਹਨਾਂ ਨੂੰ ਦੱਸੇ ਕਿ ਉਹ ਅਜੇ ਵੀ ਬਹੁਤ ਕੁਝ ਕਰਨ ਦੇ ਸਮਰੱਥ ਹਨ।

ਐਮਰਸਨ ਦਾ ਕਥਨ ਹੈ ਕਿ 'ਮੈਨੂੰ ਅਜੇਹੇ ਮਨੁੱਖ ਦੀ ਲੋੜ ਹੈ ਜੋ ਮੈਥੋਂ ਉਹ ਕੰਮ ਕਰਵਾ ਦੇਵੇ ਜਿਸ ਨੂੰ ਕਰ ਸਕਣ ਦੀ ਸਮਰੱਥਾ ਮੇਰੇ ਵਿਚ ਹੈ।' ਨਿਰਾਸ ਲੋਕਾਂ ਨੂੰ ਅਜੇਹੇ ਮਨੁੱਖਾਂ ਦੀ ਲੋੜ ਹੈ ਜਿਹੜੇ ਉਨ੍ਹਾਂ ਤੋਂ ਕੰਮ ਕਰਾ ਦੇਣ ਜੋ ਉਹ ਕਰਨ ਦੇ ਸਮਰੱਥ ਹਨ। ਉਨ੍ਹਾਂ ਦੇ ਮਾਨਸਿਕ ਝੁਕਾਉ ਇੱਧਰ ਤੋਂ ਉੱਧਰ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਇਹ ਦਰਸਾ ਦਿੱਤਾ ਜਾਵੇ ਕਿ ਉਹ ਅਸਫ਼ਲ ਨਹੀਂ ਸਗੋਂ ਮਾਨਸਿਕ ਤੌਰ ਤੇ ਰੋਗੀ ਹਨ ਤੇ ਨਿਰਉਤਸ਼ਾਹਤਾ ਦਾ ਦੀਰਘ ਰੋਗ ਉਨ੍ਹਾਂ ਨੂੰ ਚਿੰਬੜਿਆ ਹੋਇਆ ਹੈ।

ਹੌਂਸਲਾ ਢਾਹ ਦੇਣ ਤੇ ਟੁੱਟੇ ਦਿਲ ਵਾਲੇ ਲੋਕਾਂ ਨੂੰ ਉਪਰ ਲਿਖੀਆਂ ਗੱਲਾਂ ਜਤਾ ਦੇਣ ਲਈ ਕੇਵਲ ਇਕੋ ਹੀ ਚੀਜ਼ ਅਜੇਹੀ ਹੈ ਜਿਹੜੀ ਹੋਰਨਾਂ ਨਾਲੋਂ ਉਨ੍ਹਾਂ ਦੀ ਵਧੇਰੀ ਸਹਾਇਤਾ ਕਰ ਸਕਦੀ ਹੈ ਤੇ ਉਹ ਹੈ ਉਨ੍ਹਾਂ ਦਾ ਉਚੇਰਾ ਆਪਾ।

ਭਾਵੇਂ ਤੁਹਾਡੀ ਉਮਰ ਕੁਝ ਹੀ ਕਿਉਂ ਨਾ ਹੋਵੇ ਤੇ ਤੁਹਾਡੇ ਵਰਤਮਾਨ ਹਾਲਾਤ ਤੁਹਾਨੂੰ ਕਿੰਨਾਂ ਹੀ ਨਿਰਉਤਸ਼ਾਹ ਕਰਨ ਵਾਲੇ ਕਿਉਂ ਨ ਹੋਣ, ਜੇ ਤੁਸੀਂ ਆਪਣੇ ਇਸ ਉੱਚੇ ਆਪੇ ਨੂੰ ਆਪਣਾ ਸਾਥੀ ਬਣਾ ਲਵੋ ਤਾਂ ਤੁਸੀਂ ਆਪ ਆਪਣੀ ਡਾਵਾਂ ਡੋਲ ਅਵਸਥਾ ਨੂੰ ਫੇਰ ਸਥਿਰ ਕਰ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਦੇ ਹੋ। ਜਦੋਂ ਇਕ ਵਾਰ ਤੁਹਾਨੂੰ ਆਪਣੇ ਅਸਲੀ ਆਪੋ ਆਪਣੀਆਂ ਸੰਭਾਵਨਾਵਾਂ ਤੇ ਸਮਰੱਥਾਵਾਂ, ਆਪਣੀ ਦੈਵੀ ਸ਼ਕਤੀ ਦੀ ਝਲਕ ਪੈ ਗਈ, ਜਦੋਂ ਇਕ ਵਾਰੀ ਤੁਹਾਨੂੰ ਆਪਣੀ ਰੱਬੀ ਅੰਸ਼ ਦਾ ਝਲਕਾਰਾ ਦਿਸ ਪਿਆ, ਤੁਹਾਨੂੰ ਪਤਾ ਲੱਗ ਗਿਆ ਕਿ ਤੁਹਾਡੇ ਅੰਦਰ ਦੇਵਤਾ ਬਣਨ ਦੀ ਸੰਭਾਵਨਾ ਹੈ ਤੋਂ ਕੁਦਰਤ ਦੀ ਮਨਸ਼ਾ ਵੀ ਇਹੋ ਹੈ ਕਿ ਭੋੜੇ ਤੋਂ ਉਦਾਸ, ਅਸਫ਼ਲ ਬੰਦਿਆਂ ਦੀ ਥਾਂ ਤੁਸੀਂ ਆਦਰਸ਼ਕ ਤੇ ਕਾਮਯਾਬ ਬੰਦੇ ਬਣੋ, ਤਾਂ ਤੁਸੀਂ ਖੁਸ਼ੀ ਨਾਲ ਛਾਲ ਮਾਰ ਕੇ ਇਕ ਸਦੀ ਦਾ ਚੌਥਾ ਹਿੱਸਾ ਜਾਂ ਉਸ ਤੋਂ ਵੀ ਵਧੇਰੇ ਪਿੱਛੇ ਵੱਲ ਟੱਪ ਜਾਉਗੇ ਤੇ ਜੀਵਨ ਨੂੰ ਮੁੜ ਨਵੇਂ ਸਿਰੇ ਤੋਂ ਸ਼ੁਰੂ ਕਰ ਦਿਉਗੇ। ਤੁਹਾਡਾ ਗਿਆ ਹੋਇਆ ਹੌਂਸਲਾ ਤੁਹਾਨੂੰ ਫੇਰ ਪ੍ਰਾਪਤ ਹੋ ਜਾਵੇਗਾ ਤੇ ਜੀਵਨ ਤੁਹਾਨੂੰ ਕਿਸੇ ਨਿਰਾਲੀ ਤੇ ਨਵੀਂ ਰੌਸ਼ਨੀ ਵਿਚ ਦਿਸਣ ਲਗੇਗਾ। ਤੁਸੀਂ ਆਪਣੇ ਆਪ ਤੇ ਆਪਣੇ ਮਾਨਸਿਕ ਤੇ ਸਰੀਰਕ ਵਸੀਲਿਆਂ ਨੂੰ ਇਉਂ ਵਸ ਵਿਚ ਕਰ ਲਵੋਗੇ ਜਿਵੇਂ ਤੁਸਾਂ ਪਹਿਲਾਂ ਕਦੇ ਵੀ ਨਹੀਂ ਕੀਤਾ ਤੇ ਫੇਰ ਛਾਲਾਂ ਮਾਰਦੇ ਹੋਏ ਤੁਸੀਂ ਮੰਜ਼ਲ ਵੱਲ ਵਧ ਪਵੋਗੇ। ਤੁਹਾਡੇ ਅੰਦਰ ਆਪਣੀ ਪੁਰਾਣੀ ਦਸ਼ਾ ਨੂੰ ਠੀਕ ਕਰਨ ਦਾ ਹੁਲਾਰਾ ਪੈਦਾ ਹੋ ਜਾਵੇਗਾ। ਇਸ ਦ੍ਰਿਸ਼ਟੀਕੋਣ ਤੋਂ ਜੀਵਨ ਤੁਹਾਨੂੰ ਕਿਸੇ ਨਵੇਂ ਰੂਪ ਵਿਚ ਵਿਖਾਲੀ ਦੇਵੇਗਾ, ਨਵੀਆਂ ਆਸਾਂ ਤੁਹਾਡੇ ਅੰਦਰ ਜਾਗਣਗੀਆਂ। ਦੂਜੇ ਸ਼ਬਦਾਂ ਵਿਚ ਤੁਸੀਂ ਕੁਝ ਨਵੇਂ ਹੀ ਬੰਦੇ ਬਣ ਜਾਵੋਗੇ, ਪੁਰਾਣੇ ਤੇ ਬੁੱਢੇ ਆਪੇ ਨੂੰ

ਤੁਸੀਂ ਆਪਣੇ ਅੰਦਰੋਂ ਕੱਢ ਕੇ ਬਾਹਰ ਸੁੱਟ ਦੇਉਗੇ ਫੇਰ ਤੁਸੀਂ ਕਦੇ ਵੀ ਨੀਵਾਂ ਜੀਵਨ ਬਤੀਤ ਕਰਨਾ ਪਸੰਦ ਨਹੀਂ ਕਰੋਗੇ। ਉੱਚੇ ਤੋਂ ਉੱਚਾ ਥਾਂ ਪ੍ਰਾਪਤ ਕਰਨ ਨਾਲ ਹੀ ਤੁਹਾਡੇ ਦਿਲ ਦੀ ਤਸੱਲੀ ਹੋ ਸਕੇਗੀ। ਉਸ ਤੋਂ ਜ਼ਰਾ ਵੀ ਹੇਠਲੀ ਅਵੱਸਥਾ ਨਾਲ ਤੁਹਾਡੇ ਦਿਲ ਨੂੰ ਕਦੇ ਸੰਤੁਸ਼ਟਤਾ ਪ੍ਰਾਪਤ ਨਹੀਂ ਹੋਵੇਗੀ। ਫੇਰ ਤਾਂ ਇਹ ਹਾਲਤ ਹੋ ਜਾਵੇਗੀ ਕਿ ਅਤਿ ਉੱਚੀ ਤੇ ਅਤਿ ਚੰਗੀ ਅਵਸਥਾ ਹੀ ਤੁਹਾਨੂੰ ਤਸੱਲੀ ਦੇ ਸਕੇਗੀ ਤੇ ਤੁਸੀਂ ਵੀ ਕੋਸ਼ਿਸ਼ ਕਰੋਗੇ ਕਿ ਬਰਕਤ ਦੇ ਉੱਚੇ ਤੋਂ ਉੱਚੇ ਪਲ ਜਿਹੜੇ ਤੁਹਾਡੇ ਜੀਵਨ ਵਿਚ ਕਦੇ ਕਦਾਈਂ ਆਉਂਦੇ ਹੁੰਦੇ ਹਨ, ਪੱਕੇ ਤੇ ਸਥਿਰ ਹੋ ਜਾਣ। ਤੁਹਾਡੀ ਉਮਰ ਦੇ ਜਿਹੜੇ ਸਾਲ ਅਜਾਈਂ ਬੀਤ ਚੁੱਕੇ ਹਨ ਉਨ੍ਹਾਂ ਦੇ ਅਜਾਈਂ ਬਤੀਤ ਹੋ ਜਾਣ ਦੀ ਯਾਦ ਹੀ ਤੁਹਾਡੇ ਜਤਨਾਂ ਲਈ ਕੋਰੜੇ ਦਾ ਕੰਮ ਦੇਵੇਗੀ।

ਹੁਣ ਤੋਂ ਹੀ ਤੁਸੀਂ ਉਸ ਘਾਟੇ ਨੂੰ ਪੂਰਾ ਕਰਨਾ ਆਰੰਭ ਕਰ ਸਕਦੇ ਹੋ। ਸਿਰ ਉਤਾਂਹ ਨੂੰ ਚੁੱਕੋ ਤੇ ਰੋਸ਼ਨੀ ਵੱਲ ਮੂੰਹ ਕਰੋ। ਚਿੜਚੜਾਪਨ ਛੱਡੋ ਤੇ ਕਿਸਮਤ ਦੇ ਰੋਣੇ ਨਾ ਰੋਵੋ। ਆਪਣਾ ਤਵਾਜ਼ਨ ਠੀਕ ਕਰੋ, ਤੇ ਉਹੋ ਜੇਹੇ ਬਹਾਦਰ, ਪਰਸ਼ੰਨ ਚਿੱਤ ਮਨੁੱਖ ਬਣੋ ਜੇਹੋ ਜੇਹੇ ਤੁਹਾਨੂੰ ਬਣਾਉਣ ਦੀ ਕਾਦਰ ਦੀ ਮਨਸਾ ਸੀ। ਆਪਣੇ ਮਾਨਸਿਕ ਦੁਸ਼ਮਣਾਂ ਨੂੰ ਫਤਿਹ ਕਰ ਕੇ ਆਪਣੇ ਆਪ ਨੂੰ ਇਸ ਬੀਮਾਰੀ ਤੋਂ ਸੁਰੱਖਿਅਤ ਕਰ ਲਵੋ। ਪਰਮਾਤਮਾ ਨਾਲ ਆਪਣੇ ਰਿਸ਼ਤੇ ਨੂੰ ਸਮਝ ਕੇ ਆਪਣੇ ਹੱਕ ਅਧਿਕਾਰ ਮੰਗ ਕੇ ਡਰ, ਚਿੰਤਾ, ਘਬਰਾਹਟ, ਦੁੱਖ, ਉਤਸ਼ਾਹਹੀਣਤਾ ਤੇ ਆਪਣੀ ਕਾਮਯਾਬੀ ਦੇ ਦੂਜੇ ਵਿਰੋਧੀਆਂ ਨੂੰ ਆਪਣੇ ਅੰਦਰੋਂ ਬਾਹਰ ਧੱਕ ਦਿਉ। ਆਪਣੇ ਆਪ ਨੂੰ ਇਸ ਤਰ੍ਹਾਂ ਕਿਹਾ ਕਰੋ- 'ਮੇਰੀ ਹਸਤੀ ਦੀ ਸਚਾਈ ਤੇ ਮੇਰੇ ਆਪੇ ਦੀ ਅਸਲੀਅਤ, ਪਰਮਾਤਮਾ ਹੈ। ਫੇਰ ਮੈਂ ਕਿਉਂ ਕਿਸੇ ਗੱਲ ਤੋਂ ਨਿਰਾਸ ਹੋਵਾਂ ? ਰੱਬ ਦੀ ਮਨਸ਼ਾ ਇਹ ਕਦੇ ਨਹੀਂ ਸੀ ਕਿ ਮੈਂ ਨਿਰਾਸ਼ਾਵਾਦ, ਸ਼ੱਕਾਂ-ਸ਼ੁਭਿਆਂ ਤੇ ਨਿਰਉਤਸ਼ਾਹਤਾ ਦਾ ਸ਼ਿਕਾਰ ਬਣਾ। ਹੁਣ ਮੇਰਾ ਇਨ੍ਹਾਂ ਗੱਲਾਂ ਨਾਲ ਕੋਈ ਸਬੰਧ ਨਹੀਂ ਰਹੇਗਾ। ਮੇਰੇ ਰੱਬ ਦੀ ਮਨਸ਼ਾ ਸੀ ਕਿ ਮੈਂ ਖੁਸ਼ੀ ਤੇ ਸਫਲਤਾ ਪ੍ਰਾਪਤ ਕਰਾਂ,

ਉਦਾਸੀ ਤੇ ਗ਼ਮੀ ਨੂੰ ਦਿਲ ਵਿਚ ਥਾਂ ਨਾ ਦੇਵਾਂ। ਮੇਰੇ ਆਪੇ ਵਿਚ ਜਿੱਤ ਤੇ ਫਤਿਹ ਕੁਦਰਤ ਵਲੋਂ ਹੀ ਰੱਖੀ ਗਈ ਹੈ। ਮੇਰੀ ਵਿਉਂਤ ਹੀ ਜੀਵਨ ਵਿਚ ਜਿਤਾਂ ਪ੍ਰਾਪਤ ਕਰਨ ਵਾਸਤੇ ਕੀਤੀ ਗਈ ਹੈ, ਹਾਰਾਂ ਵਾਸਤੇ ਨਹੀਂ। ਮੇਰਾ ਜਨਮ ਖੁਸ਼ੀ ਵਾਸਤੇ ਹੋਇਆ ਸੀ, ਚਿੰਤਾ ਵਾਸਤੇ ਨਹੀਂ। ਸਦੀਵੀ ਨਿਰਉਤਸ਼ਾਹਤਾ ਅਤੇ ਝੋਰਿਆਂ ਵਿਚ ਨਹੀਂ ਸਗੋਂ ਅਮਨ ਤੇ ਸ਼ਾਂਤੀ ਵਿਚ ਰਹਿਣਾ ਮੇਰੇ ਜਨਮ ਦਾ ਉਦੇਸ਼ ਸੀ। ਮੇਰੇ ਅੰਦਰ 'ਕੁਝ' ਹੈ ਜਿਹੜਾ ਮੈਨੂੰ ਦਸਦਾ ਹੈ ਕਿ ਮੈਂ ਹਾਲਾਤ ਦਾ ਗੁਲਾਮ ਨਹੀਂ ਸਗੋਂ ਇਨ੍ਹਾਂ ਦਾ ਸੁਆਮੀ ਹਾਂ। ਕੋਈ ਚੀਜ਼ ਮੇਰੀ ਮਰਜ਼ੀ ਦੇ ਸਿਵਾ ਮੈਨੂੰ ਘਟੀਆ ਜੀਵਨ ਤੇ ਗਰੀਬੀ ਵਿਚ ਨਹੀਂ ਰੱਖ ਸਕਦੀ। ਕੋਈ ਤੱਕਦੀਰ ਨਹੀਂ ਜਿਹੜੀ ਮੈਨੂੰ ਨੀਵਾਂ ਰੱਖ ਸਕੇ ਕਿਉਂਕਿ ਆਪਣੀ ਤੱਕਦੀਰ ਮੈਂ ਆਪ ਹੀ ਹਾਂ।'

ਮੈਂ ਅਕਾਲ ਪੁਰਖ ਦਾ ਪੁੱਤਰ ਹਾਂ ਮੈਨੂੰ ਇਸ ਲਈ ਪੈਦਾ ਨਹੀਂ ਕੀਤਾ ਕਿ ਥੋੜ-ਦਿਲੀ, ਨਿਰਉਤਸ਼ਾਹਤਾ, ਡਰ ਤੇ ਖੋਸ਼ ਤੋਂ ਸਹਿਮਿਆਂ ਰਹਾਂ। ਮੈਂ ਆਪਣੇ ਪਿਤਾ ਨਾਲ ਇਕਮਿਕਤਾ ਰੱਖਦਾ ਹਾਂ ਤੇ ਹਜ਼ਰਤ ਮਸੀਹ ਵਾਂਙ ਰੱਬੀ ਵਿਰਸੇ ਦਾ ਸਾਂਝੀ ਹਾਂ। ਮੈਂ ਅਸਫਲਤਾ ਤੇ ਗਰੀਬੀ ਤੋਂ ਨਹੀਂ ਡਰਦਾ। ਡਰਨਾ ਰੱਬਤਾਂ ਦਾ ਲੱਛਣ ਨਹੀਂ ਸੋ ਇਸ ਦੀ ਮੇਰੇ ਜੀਵਨ ਵਿਚ ਕੋਈ ਥਾਂ ਨਹੀਂ। ਮੈਂ ਬਹਾਦਰ ਹਾਂ, ਦਲੇਰ ਹਾਂ, ਜੇਤੂ ਹਾਂ। ਮੈਂ ਹਾਲਾਤ ਦਾ ਗੁਲਾਮ ਨਹੀਂ ਹਾਂ। ਮੈਂ ਆਜ਼ਾਦ ਹਾਂ ਤੇ ਬੰਧਨਾਂ ਤੋਂ ਮੁਕਤ ਹਾਂ। ਮੈਂ ਨਿਰਉਤਸ਼ਾਹਤਾ ਤੇ ਕਾਇਰਤਾ ਨੂੰ ਕਿਸੇ ਸ਼ਕਲ ਵਿਚ ਵੀ ਆਪਣੇ ਲਿਆਕਤ ਦਾ ਸਤਿਆਨਾਸ ਨਹੀਂ ਕਰਨ ਦੇਵਾਂਗਾ ਤੇ ਨਾ ਹੀ ਆਪਣੇ ਭਵਿਖਤ ਦੀਆਂ ਆਸਾਂ ਨੂੰ ਮਿੱਟੀ ਵਿਚ ਮਿਲਣ ਤੇ ਆਪਣੇ ਜੀਵਨ ਨੂੰ ਖ਼ਰਾਬ ਕਰਨ ਦੇਵਾਂਗਾ। ਮੈਂ ਦਲੇਰੀ, ਸ਼ਕਤੀ, ਵਿਸ਼ਵਾਸ, ਸੁਆਮੀਅਤਾ ਦਾ ਸਾਕਾਰ ਰੂਪ ਹਾਂ। ਨਿਰਉਤਸ਼ਾਹਤਾ ਮੇਰੇ ਤੇ ਕੋਈ ਪਰਭਾਵ ਨਹੀਂ ਪਾ ਸਕਦੀ ਕਿਉਂਕਿ ਇਸ ਵਿਚ ਰਤਾ ਵੀ ਸਚਾਈ ਨਹੀਂ। ਇਹ ਤਾਂ ਮਨ ਦੀ ਪੈਦਾ ਕੀਤੀ ਹੋਈ ਇਕ ਚੁੜੇਲ ਹੈ ਤੇ ਇਕ ਫਰਜ਼ੀ ਭੂਤ ਹੈ। ਮੇਰੇ ਸੁਭਾ ਵਿਚ ਨਿਰਉਤਸ਼ਾਹਤਾ ਆਪਣੇ ਸਿਰਜਣਹਾਰ ਦੀ

ਹੇਠੀ ਦੇ ਬਰਾਬਰ ਹੈ। ਇਸ ਤੋਂ ਪਰਤੀਤ ਹੁੰਦਾ ਹੈ ਕਿ ਮੈਨੂੰ ਉਸ ਤੇ ਇਹ ਵਿਸ਼ਵਾਸ ਨਹੀਂ ਰਿਹਾ ਕਿ ਉਹ ਮੇਰੀ ਰੱਖਿਆ ਕਰ ਸਕਦਾ ਹੈ। ਇਹ ਦੱਸਦਾ ਹੈ ਕਿ ਮੇਰਾ ਰੱਬ ਤੋਂ ਵਡੇਰੀ ਕਿਸੇ ਹੋਰ ਸ਼ਕਤੀ ਵਿਚ ਯਕੀਨ ਹੈ ਤੇ ਉਹ ਸ਼ਕਤੀ ਸ਼ੈਤਾਨੀ ਸ਼ਕਤੀ ਹੈ।

'ਭਾਵੇਂ ਕਿੰਨੀਆਂ ਹੀ ਤੱਕਲੀਫਾਂ ਤੇ ਮੁਸ਼ਕਲਾਂ ਮੇਰੇ ਸਾਹਮਣੇ ਆ ਜਾਣ, ਮੇਰਾ ਕੰਮ ਹੈ ਵਿਸ਼ਵਾਸ ਰੱਖਣਾ, ਡਰ ਤੇ ਖੋਫ਼ ਮੇਰੇ ਕੰਮ ਨਹੀਂ, ਹੁਣ ਤੋਂ ਮੈਂ ਡਰ ਤੇ ਖੌਫ ਨਾਲ ਕੋਈ ਸਬੰਧ ਨਹੀਂ ਰਖਾਂਗਾ। ਮੈਂ ਆਪਣੇ ਮਨ ਦਾ ਤਵਾਜ਼ਨ ਕਾਇਮ ਰਖਾਂਗਾ ਤੇ ਚਿੱਤ ਨੂੰ ਸ਼ਾਂਤ ਰਖਾਂਗਾ। ਰਾਤ ਨੂੰ ਸੌਣ ਵੇਲੇ ਮੈਂ ਇਸ ਵਿਸ਼ਵਾਸ ਨੂੰ ਦਿਲ ਵਿਚ ਥਾਂ ਦੇਵਾਂਗਾ ਕਿ ਮੇਰਾ ਜੀਵਨ, ਮੇਰੀ ਭਲਾਈ, ਮੇਰੀ ਕਿਸਮਤ ਸਭ ਉਸ ਅਕਾਲ ਪੁਰਖ ਦੇ ਹੱਥ ਵਿਚ ਹਨ ਜਿਸ ਦੇ ਹੱਥ ਵਿਚ ਸਭ ਕੁਝ ਹੈ ਤੇ ਜਿਹੜਾ ਸਾਰੇ ਕੰਮਾਂ ਦਾ ਬੜੇ ਹੀ ਚੰਗੇ ਤਰੀਕੇ ਨਾਲ ਪ੍ਰਬੰਧ ਕਰਦਾ ਹੈ।

ਯਾਦ ਰਖੋ ਕਿ ਜਿਸ ਗੱਲ ਤੋਂ ਤੁਸੀਂ ਡਰਦੇ ਹੋ, ਉਸ ਨੂੰ ਹੀ ਤੁਸੀਂ ਆਪਣੇ ਵੱਲ ਖਿਚਦੇ ਰਹਿੰਦੇ ਹੋ ਕਿਉਂ ਕਿ ਮਨ ਸਦਾ ਹੀ ਉਸ ਗੱਲ ਨਾਲ ਸਬੰਧ ਪੈਦਾ ਕਰ ਲੈਂਦਾ ਹੈ ਜੋ ਖ਼ਿਆਲ ਉੱਤੇ ਛਾਈ ਰਹਿੰਦੀ ਹੈ। ਜਿਸ ਚੀਜ਼ ਦਾ ਅਸੀਂ ਵਧੇਰਾ ਚਿੰਤਨ ਕਰਦੇ ਹਾਂ ਉਸੇ ਦੇ ਪ੍ਰਾਪਤ ਹੋ ਜਾਣ ਵੱਲ ਸਾਡਾ ਝੁਕਾਉ ਹੁੰਦਾ ਹੈ। ਜਿਸ ਚੀਜ਼ ਤੋਂ ਅਸਾਂ ਡਰਦੇ ਹਾਂ ਜੇ ਅਸੀਂ ਉਸ ਨੂੰ ਵਾਰ ਵਾਰ ਆਪਣੇ ਖਿਆਲਾਂ ਵਿਚ ਲਿਆਵੀਏ ਅਤੇ ਸ਼ੰਕਿਆਂ, ਚਿੰਤਾਂ ਤੇ ਉਤਸ਼ਾਹਹੀਣ ਵਿਚਾਰਾਂ ਨੂੰ ਆਪਣੇ ਉੱਤੇ ਕਾਬੂ ਪਾਉਣ ਦਾ ਸਮਾਂ ਦਿੰਦੇ ਰਹੀਏ ਤਾਂ ਇਸ ਤਰ੍ਹਾਂ ਅਸੀਂ ਆਪਣੀ ਯੋਗਤਾ ਦਾ ਗਲ ਘੁਟਦੇ ਰਹਾਂਗੇ ਇਉਂ ਕਰਕੇ ਅਸੀਂ ਆਪਣੀਆਂ ਉਮੰਗਾਂ ਨੂੰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਕੁਚਲਦੇ ਹਾਂ ਤੇ ਜਿਸ ਚੀਜ਼ ਦਾ ਸਾਨੂੰ ਡਰ ਹੁੰਦਾ ਹੈ ਉਸੇ ਨੂੰ ਆਪਣੇ ਵੱਲ ਖਿਚਦੇ ਹਾਂ।

ਜਦੋਂ ਇਹ ਡਰ ਹੋਵੇ ਕਿ ਉਤਸ਼ਾਹਹੀਣਤਾ ਸਾਨੂੰ ਜਿੱਤ ਲਵੇਗੀ, ਉਸ ਵੇਲੇ ਜੇ ਤੁਸੀਂ ਆਪਣੇ ਤੇ ਆਪਣੇ ਕਾਦਰ ਦੇ ਵਿਚਕਾਰ ਰੋੜਾ ਬਣਨ ਵਾਲੀ ਹਰ ਚੀਜ਼ ਨੂੰ ਦਿਲ ਵਿਚੋਂ ਕੱਢ ਦਿਉ ਤੇ ਰੱਬੀ ਤਾਕਤ ਲਈ ਆਪਣੇ ਦਿਲ ਵਿਚ ਆਉਣ ਦਾ ਰਸਤਾ ਖੁਲ੍ਹਾ ਛੱਡ ਦੇਵੋ ਤਾਂ ਤੁਹਾਨੂੰ ਵਧੇਰੀ ਤਾਕਤ ਪ੍ਰਾਪਤ ਹੋ ਜਾਵੇਗੀ। ਜਦੋਂ ਕਿਸੇ ਬੰਦੇ ਦੇ ਦਿਲ ਵਿਚ ਇਸ ਗੱਲ ਦੀ ਪੂਰੀ ਪੂਰੀ ਚੇਤੰਨਤਾ ਤੇ ਪੂਰਨ ਗਿਆਨ ਹੋ ਜਾਵੇ ਕਿ ਆਪਣੇ ਵਿਸ਼ਵਾਸ ਦੇ ਅਨਕੂਲ ਉਹਨੂੰ ਰੱਬੀ ਤਾਕਤ ਦੀ ਸਹਾਇਤਾ ਮਿਲ ਰਹੀ ਹੈ ਤੇ ਜਦ ਕਦੀ ਤੱਕਲੀਫ ਦਾ ਨਾਜ਼ਕ ਸਮਾਂ ਆਵੇਗਾ ਤਾਂ ਇਹ ਸ਼ਕਤੀ ਉਹਦੀ ਸਹਾਇਤਾ ਲਈ ਝਟ ਆ ਜਾਵੇਗੀ, ਤਾਂ ਉਸ ਨੂੰ ਨਾ ਤਾਂ ਕਿਸੇ ਚੀਜ਼ ਦਾ ਡਰ ਰਹੇਗਾ ਤੇ ਨਾ ਹੀ ਉਹਦਾ ਹੌਂਸਲਾ ਟੁਟੇਗਾ।

ਸਾਡੇ ਸਾਰੇ ਫਿਕਰਾਂ ਤੇ ਨਿਰਾਸਤਾਵਾਂ ਦਾ ਕਾਰਣ ਸਾਡੇ ਦਿਲ ਵਿਚ ਪਰਮਾਤਮਾ ਤੋਂ ਅਡਰੀਆਂ ਹੋਣ ਦਾ ਖ਼ਿਆਲ ਹੈ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਸਾਡੇ ਮਨ ਨੂੰ ਆਪਣੇ ਅੰਦਰ ਇਕ ਕਮਜ਼ੋਰੀ ਜਾਪਣ ਲੱਗ ਪੈਂਦੀ ਹੈ ਤੇ ਸਾਨੂੰ ਖ਼ਿਆਲ ਹੋ ਜਾਂਦਾ ਹੈ ਕਿ ਅਸੀਂ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਤੇ ਅਸੀਂ ਕਲਮਕੱਲੇ ਹੀ ਹਾਂ। ਜਿਹੜਾ ਮਨੁੱਖ ਆਪਣੇ ਕਰਤਾ ਪੁਰਖ ਦੇ ਨਾਲ ਆਪਣੀ ਏਕਤਾ ਤੋਂ ਸੁਚੇਤ ਰਹਿੰਦਾ ਹੈ ਉਹ ਨਿਰਾਸ਼ਾ ਤੇ ਨਿਰਉਤਸ਼ਾਹਤਾ ਤੋਂ ਉਪਰ ਰਹਿੰਦਾ ਹੈ ਤੇ ਦਿਲ ਵਧਾਊ ਖੁਸ਼ੀ ਤੇ ਉਤਸ਼ਾਹ ਭਰਪੂਰ ਆਸ ਨਾਲ ਆਪਣੀ ਅਕਲ ਤੇ ਸੂਝ ਬੂਝ ਦੀ ਬਿਰਧੀ ਕਰਦਾ ਰਹਿੰਦਾ ਹੈ। ਅਜੇਹਾ ਬੰਦਾ ਆਪਣੇ ਤਜਰਬਿਆਂ ਵਿਚ, ਭਾਵੇਂ ਉਹ ਕਿਹੋ ਜੇਹੇ ਦੁਖਾਵੇਂ ਕਿਉਂ ਨਾ ਹੋਣ, ਆਪਣਾ ਵਾਧਾ ਤੇ ਉੱਨਤੀ ਵੇਖਦਾ ਹੈ। ਉਹ ਜੀਵਨ ਦੀਆਂ ਮੁਸ਼ਕਲਾਂ ਤੇ ਜਿਤਾਂ ਪਾਉਂਦਾ ਹੋਇਆ ਇਹ ਸਮਝਦਾ ਰਹਿੰਦਾ ਹੈ ਕਿ ਪੂਰਨ ਤੇ ਭਰਪੂਰ ਮਨੁੱਖ ਬਣਨ ਲਈ ਉਹਨੂੰ ਚੰਗੇ ਚੰਗੇ ਮੌਕੇ ਮਿਲ ਰਹੇ ਹਨ। ਉਹ ਹਾਲਾਤ ਤੋਂ ਉਤਾਂਹ ਉਠਦਾ ਹੈ। ਪਰ ਜਿਹੜੇ ਮਨੁੱਖਾਂ ਨੂੰ ਇਹਨਾਂ ਕਠਨਾਈਆਂ

ਤੇ ਨਿਰਾਸ਼ਤਾਵਾਂ ਵਿਚ ਕੋਈ ਉਤੇਜਤ ਕਰਨ ਵਾਲਾ ਹੁਲਾਰਾ ਅਨੁਭਵ ਨਹੀਂ ਹੁੰਦਾ ਉਹ ਇਹਨਾਂ ਦੇ ਭਾਰ ਹੇਠ ਕੁਚਲੇ ਜਾਂਦੇ ਹਨ।

ਜਿਹੜਾ ਮਨੁੱਖ ਜੀਵਨ ਦੀਆਂ ਮੁਸੀਬਤਾਂ ਦੇ ਤੂਫਾਨਾਂ ਦੀ ਹਿੱਕ ਉੱਤੇ ਚੜ੍ਹ ਬਹਿੰਦਾ ਹੈ ਜਿਸ ਨੇ ਸਹੱਪਣ ਤੇ ਖੁਸ਼ੀ ਦੇ ਫਲਸਫੇ ਨੂੰ ਵਿਗਸਾਇਆ ਹੁੰਦਾ ਹੈ ਤੇ ਜਿਸ ਨੇ ਔਕੜਾਂ ਤੇ ਤੱਕਲੀਫਾਂ ਸਾਹਮਣੇ ਦਿਲ ਛੱਡ ਦੇਣ ਦੀ ਥਾਂ ਇਨ੍ਹਾਂ ਨੂੰ ਆਸ਼ਾ ਅਤੇ ਸ਼ਕਤੀ ਦੇ ਚਾਨਣ ਮੁਨਾਰੇ ਬਣਾ ਲਏ ਹਨ, ਉਸ ਦੀ ਆਤਮਾ ਕਿੰਨੀ ਮਹਾਨ ਹੋਵੇਗੀ ? ਜਿਹੜਾ ਮਨੁੱਖ ਆਪਣੇ ਭਾਰ ਨੂੰ ਬਿਨਾਂ ਗਿਲੇ ਉਲਾਂਭੇ ਦੇ ਚੁੱਕੀ ਰੱਖਦਾ ਹੈ, ਜਿਹੜਾ ਮੁਸ਼ਕਲਾਂ ਦੇ ਸਾਹਮਣੇ ਹੱਸ ਛਡਦਾ ਹੈ, ਤੇ ਜਿਥੋਂ ਤਾਈਂ ਹੋ ਸਕਦਾ ਹੈ ਅਗੇ ਹੀ ਅਗੇ ਵਧਦਾ ਜਾਂਦਾ ਤੇ ਕੋਸ਼ਿਸ਼ ਕਰਦਾ ਰਹਿੰਦਾ ਹੈ ਕਿ ਉਹ ਰੋਜ਼ ਨਵੀਂ ਜਿੱਤ ਪ੍ਰਾਪਤ ਕਰੇ ਤੇ ਵਾਹ ਲੱਗਦੇ ਇਸ ਮਨੁੱਖੀ ਜਾਮੇ ਦੇ ਜ਼ੁਮੇ ਲੱਗੇ ਫਰਜ਼ਾਂ ਨੂੰ ਪੂਰਾ ਕਰਦਾ ਹੈ, ਇਹੋ ਜੇਹੇ ਮਨੁੱਖ ਦਾ ਉਸ ਮਨੁੱਖ ਨਾਲ ਟਾਕਰਾ ਕਰੋ ਜਿਹੜਾ ਆਪਣੀ ਹੋਣੀ ਨੂੰ ਗਾਲ੍ਹਾਂ ਦਿੰਦਾ ਰਹਿੰਦਾ ਹੈ, ਆਪਣੀ ਬਦਕਿਸਮਤੀ ਦੇ ਰੋਣੇ ਰੋਂਦਾ ਰਹਿੰਦਾ ਹੈ ਤੇ ਜਿਹੜੇ ਭਾਰ ਉਹਨੂੰ ਕੁਚਲਦੇ ਹਨ ਉਨ੍ਹਾਂ ਹੇਠ ਬੁੜ-ਬੁੜ ਕਰਦਾ ਰਹਿੰਦਾ ਹੈ।

ਜਦੋਂ ਹਾਲਾਤ ਤੁਹਾਡੇ ਵਿਰੁੱਧ ਹੋਣ, ਜਦੋਂ ਤੁਸੀਂ ਦਿਲ ਛੱਡਣ ਵਾਲੇ ਹੀ ਹੋਵੋ, ਉਸ ਵੇਲੇ ਉਪਰ ਲਿਖੀਆਂ ਦੋਹਾਂ ਤਸਵੀਰਾਂ ਦਾ ਖ਼ਿਆਲ ਦਿਲ ਵਿਚ ਲਿਆਉ, ਆਪਣਾ ਮੂੰਹ ਦੂਜੇ ਪਾਸੇ ਕਰ ਲੌ ਤੇ ਪੂਰੇ ਜੋਸ਼ ਨਾਲ ਆਪਣੇ ਮਨੁੱਖਤਵ ਉੱਤੇ ਜ਼ੋਰ ਦਿਉ ਆਪਣੀ ਸ਼ਕਤੀ ਨੂੰ ਵੱਡੀ ਤੋਂ ਵੱਡੀ ਔਕੜ ਤੇ ਵਿਜੈ ਪਾਉਣ ਲਈ ਵੰਗਾਰੋ ਤੇ ਆਪਣੇ ਆਪ ਨੂੰ ਕਿਹਾ ਕਰੋ- ਇਹ ਵੇਲਾ ਹੈ ਜਦੋਂ ਮੈਂ ਆਪਣੀਆਂ ਊਣਕਾਰੀਆਂ ਨੂੰ ਪੂਰਾ ਕਰਨਾ ਹੈ। ਮੈਂ ਨਿਰਉਤਸ਼ਾਹਤਾ ਨੂੰ ਆਪਣੇ ਦਿਲ ਵਿਚ ਥਾਂ ਨਹੀਂ ਦੇ ਸਕਦਾ ਤੇ ਮੈਂ ਆਪਣੀ ਪਿੱਠ ਨਹੀਂ ਲੱਗਣ ਦਿਆਂਗਾ ਕਿਉਂਕਿ ਇਉਂ ਮੇਰੇ ਸ੍ਵੈ-ਮਾਨ ਨੂੰ ਵੱਟਾ ਲਗੇਗਾ। ਮੈਂ ਇਸ ਔਕੜ ਤੋਂ ਟੱਪ ਕੇ ਲੰਘ ਜਾਣ ਦੇ ਯੋਗ ਹਾਂ।

ਇਸ ਮੁਸ਼ਕਲ ਦੀ ਮਜਾਲ ਨਹੀਂ ਕਿ ਮੈਨੂੰ ਦਬਾ ਲਵੇ। ਇਸ ਔਕੜ ਵਿਚੋਂ ਨਿਕਲਣ ਦਾ ਰਾਹ ਮੈਨੂੰ ਸੁਝੇ ਭਾਵੇਂ ਨਾ ਸੁਝੇ, ਮੈਂ ਰੱਬ ਤੇ ਪੱਕਾ ਵਿਸ਼ਵਾਸ ਰਖਾਂਗਾ ਤੇ ਇਸੇ ਵਿਸ਼ਵਾਸ ਦੇ ਆਸਰੇ ਚਲਦਾ ਜਾਵਾਂਗਾ ਤੇ ਅੱਗੇ ਹੀ ਅੱਗੇ ਵਧਾਂਗਾ। ਭਾਵੇਂ ਕੋਈ ਗੱਲ ਮੇਰੇ ਵਿਰੁੱਧ ਹੋਵੇ, ਮੈਂ ਆਪਣੇ ਜਹਾਜ ਦਾ ਰੁੱਖ ਬੰਦਰਗਾਹ ਵੱਲ ਹੀ ਰਖਾਂਗਾ।

'ਮੈਂ ਸਦਾ ਆਪਣੇ ਆਪ ਨੂੰ ਹੀਣਾ ਸਮਝਣ ਦੀ ਭੁੱਲ ਕਰਦਾ ਰਿਹਾ ਹਾਂ। ਹੁਣ ਇਹ ਭੁੱਲ ਕਰਨੀ ਛੱਡ ਦੇਵਾਂਗਾ ਕਿਉਂਕਿ ਇਹ ਮੇਰੇ ਆਪੇ ਤੇ ਮੇਰੇ ਆਪਣੇ ਰੱਬ ਵਿਰੁਧ ਪਾਪ ਹੈ। ਮੈਂ ਸਦਾ ਇਸ ਗੱਲ ਉਤੇ ਵਿਸ਼ਵਾਸ ਰਖਾਂਗਾ ਕਿ ਜਿਹੜੀ ਚੀਜ਼ ਮੇਰੇ ਮਾਲਕ ਨੇ ਚੰਗੀ ਬਣਾਈ ਤੇ ਚੰਗੀ ਕਰੀ ਹੈ ਉਹ ਚੰਗੀ ਹੀ ਹੈ। ਹੁਣ ਤਾਈਂ ਜਿਹੜੀ ਮੈ ਆਪਣੇ ਆਪ ਨੂੰ ਸਾਧਾਰਨ ਲੈਣ ਦੇਣ ਦੀ ਵਸਤੂ ਸਮਝਦਾ ਰਿਹਾ ਹਾਂ ਉਸ ਤੋਂ ਮੈਂ ਰੱਜ ਚੁੱਕਾ ਹਾਂ। ਹੁਣ ਮੈਂ ਦੁਨੀਆ ਨੂੰ ਆਪਣੇ ਸਬੰਧੀ ਇਹ ਖ਼ਿਆਲ ਨਹੀਂ ਕਰਨ ਦੇਵਾਂਗਾ ਕਿ ਮੇਰੇ ਆਪਣੇ ਆਪ ਦੇ ਸਬੰਧ ਵਿਚ ਮੇਰੀ ਰਾਏ ਘਟੀਆ ਜਾਂ ਨੀਵੀਂ ਹੈ। ਹੁਣ ਮੈਂ ਨਿਕੰਮੇ ਕੰਗਾਲ ਲੋਕਾਂ ਵਰਗੀ ਹਾਲਤ ਨਹੀਂ ਰਖਾਂਗਾ। ਚੰਗੀਆਂ ਤੋਂ ਚੰਗੀਆਂ ਵਸਤਾਂ ਮੇਰੀ ਉਡੀਕ ਕਰ ਰਹੀਆਂ ਹਨ। ਮੈਂ ਤਾਂ ਇਕ ਰਾਜਕੁਮਾਰ ਹਾਂ ਤੇ ਰਾਜਕੁਮਾਰਾਂ ਵਾਲੀਆਂ ਸਾਰੀਆਂ ਚੀਜ਼ਾਂ ਮੈਨੂੰ ਵਿਰਸੇ ਵਿਚ ਮਿਲੀਆਂ ਹਨ। ਮੇਰੀ ਵਿਰਾਸਤ ਰਾਜਕੁਮਾਰਾਂ ਵਰਗੀ ਹੈ।

'ਮੈਂ ਜਾਣਦਾ ਹਾਂ ਕਿ ਹਰ ਵਾਰੀ ਜਦੋਂ ਮੈਂ ਇਹ ਕਿਹਾ ਕਰਦਾ ਹਾਂ ਕਿ ਮੈਂ ਇਹ ਕੰਮ ਨਹੀਂ ਕਰ ਸਕਦਾ। ਇਹ ਕੰਮ ਮੈਥੋਂ ਹੋ ਹੀ ਨਹੀਂ ਸਕਦਾ। ਇਹ ਕੰਮ ਭਲਾ ਮੈਂ ਕਿਸ ਤਰ੍ਹਾਂ ਕਰ ਸਕਦਾ ਹਾਂ ? ਤਾਂ ਮੈਂ ਆਪਣੇ ਅੰਦਰਲੀ ਸ਼ਕਤੀ ਦਾ ਬਿਨਾਸ ਕਰਦਾ ਹਾਂ। ਅੱਜ ਤੋਂ ਮੈਂ ਸਵੱਲੀ ਹਾਂ' ਵਾਲੀਆਂ ਗੱਲਾਂ ਕਰਿਆ ਕਰਾਂਗਾ ਤੇ ਆਪਣੇ ਦ੍ਰਿਸ਼ਟੀਕੋਣ ਦਾ ਵਿਖਾਵਾ ਕਰ ਕੇ ਕਿਹਾ ਕਰਾਂਗਾ। ਮੈਂ ਫਲਾਣਾ ਕੰਮ ਕਰਨ ਯੋਗ ਹਾਂ, ਮੈਂ ਕਰਾਂਗਾ, ਮੈਂ ਕਰ ਸਕਾਂਗਾ। ਹੁਣ ਤਾਂ ਮੈਂ ਕੁਵੇਲੀ 'ਨਾ' ਵਾਲੀਆਂ ਗੱਲਾਂ

ਨਾਲੋਂ ਸਬੰਧ ਤੋੜ ਦੇਵਾਂਗਾ, ਕਿਉਂਕਿ ਇਹ ਬਰਬਾਦ ਤੇ ਤਬਾਹ ਕਰਨ ਵਾਲੀਆਂ ਹੁੰਦੀਆਂ ਹਨ।

'ਜੇ ਮੈਂ ਸਚਾਈ ਤੋਂ ਅਸਲੀਅਤ ਦਾ ਇਕ ਅੰਸ਼ ਹਾਂ, ਜੋ ਮੈਂ ਕਰੋੜਾਂ ਸਾਲਾਂ ਤੋਂ ਕਾਇਮ ਹਾਂ ਤੇ ਆਉਣ ਵਾਲੇ ਕਰੋੜਾਂ ਯੁਗਾਂ ਤੱਕ ਅੱਗੋਂ ਵੀ ਕਾਇਮ ਰਹਿਣਾ ਹੈ, ਜੇ ਮੇਰੀ ਹਸਤੀ 'ਆਦਿ' ਤੋਂ 'ਅੰਤ' ਤੱਕ ਹੈ, ਤਾਂ ਮੈਂ ਫਿਕਰਾਂ ਤੇ ਤੌਖਲਿਆਂ ਵਿਚ ਕਿਉਂ ਰਹਾਂ ? ਮੈਂ ਅਨਿਸਥਰ ਘਟਨਾਵਾਂ ਤੇ ਜੀਵਨ ਵਿਚ ਰੋਜ਼ ਰੋਜ਼ ਵਾਪਰਨ ਵਾਲੇ ਹਾਦਸਿਆਂ ਤੋਂ ਕਿਉਂ ਘਬਰਾਵਾਂ ? ਉਹ ਕੋਈ ਮੇਰੇ ਤੋਂ ਤੱਕੜੇ ਨਹੀਂ ਮੈਂ ਤਾਂ ਰੋਬਤਾ ਦਾ ਅੰਸ਼ ਹਾਂ, ਮੇਰੀ ਹਸਤੀ ਕਿਸੇ ਤਬਦੀਲੀ ਤੇ ਤਬਾਹੀ ਦੀ ਸੰਭਾਵਨਾਵਾਂ ਤੋਂ ਪਰ੍ਹੇ ਹੈ। ਮੇਰੇ ਅੰਦਰ ਕੋਈ ਅਜੇਹੀ ਵਸਤੂ ਹੈ ਜਿਹੜੀ ਕਿਸੇ ਤਰ੍ਹਾਂ ਵੀ ਤਬਾਹ ਤੇ ਬਰਬਾਦ ਹੋ ਜਾਣ ਵਾਲੀ ਨਹੀਂ। ਮੈਂ ਕਿਸੇ ਬੇ ਆਰਾਮੀ ਕਾਰਣ ਮਨ ਦੀ ਸਥਿਰਤਾ ਨਹੀਂ ਤਿਆਗਾਂਗਾ। ਜਿਸ ਗੱਲ ਤੇ ਮੈਂ ਕਾਬੂ ਪਾ ਸਕਦਾ ਹਾਂ ਉਹਦੇ ਸਾਹਮਣੇ ਕਦੇ ਹੌਂਸਲਾ ਨਹੀਂ ਢਾਵਾਂਗਾ। ਮੈਨੂੰ ਕੋਈ ਗੱਲ ਵੀ ਪਰੇਸ਼ਾਨ ਨਹੀਂ ਕਰ ਸਕੇਗੀ। ਮੈਂ ਇਹ ਦ੍ਰਿੜ ਇਰਾਦਾ ਕਰ ਲਿਆ ਹੈ ਤੇ ਇਸੇ ਤੋਂ ਕਾਇਮ ਰਹਾਂਗਾ।"

ਬੇਸ਼ੁਮਾਰ ਮਨੁੱਖਾਂ ਨੂੰ ਧਰਮ ਸ਼ਾਸਤਰਾਂ ਦੀਆਂ ਹੇਠਾਂ ਲਿਖੀਆਂ ਤੁੱਕਾਂ ਦਾ ਘੜੀ ਮੁੜੀ ਉਚਾਰਣ ਕਰ ਕੇ ਬੜੀ ਸ਼ਾਂਤੀ ਤੇ ਸ਼ਕਤੀ ਪ੍ਰਾਪਤ ਹੁੰਦੀ ਹੈ:-

'ਜਿਹੜਾ ਮਨੁੱਖ ਪਰਮ ਪਿਤਾ ਪਰਮਾਤਮਾ ਦੇ ਮਹਲ ਵਿਚ ਨਿਵਾਸ ਕਰਦਾ ਹੈ ਉਹਦੇ ਸਿਰ ਤੇ ਪਰਮਾਤਮਾ ਦਾ ਹੱਥ ਰਹੇਗਾ' 'ਉਹ ਆਪਣੇ ਪਰਾਂ ਹੇਠ ਤੈਨੂੰ ਢੱਕ ਲਵੇਗਾ ਤੇ ਉਹਦੀਆਂ ਬਾਹਾਂ ਹੇਠਾਂ ਤੈਨੂੰ ਵਿਸ਼ਵਾਸ ਮਿਲੇਗਾ। 'ਉਸ ਦੀ ਸਚਾਈ ਤੇਰੀ ਢਾਲ ਦਾ ਕੰਮ ਦੇਵੇਗੀ।' 'ਕੋਈ ਮਾੜੀ ਘਟਨਾ ਤੇਰੇ ਨਾਲ ਨਹੀਂ ਵਾਪਰੇਗੀ ਨਾ ਕੋਈ ਬੀਮਾਰੀ ਤੇਰੇ ਘਰ ਦੇ ਨੇੜੇ ਢੁੱਕੇਗੀ।'

ਇਨ੍ਹਾਂ ਮੰਤਰਾਂ ਵਿਚ ਹੌਂਸਲੇ ਢਾਹੁਣ ਤੇ ਉਤਸ਼ਾਹ ਘਟਾਉਣ ਦੇ ਸਵਾਲਾਂ ਦਾ ਪੂਰਾ ਪੂਰਾ ਉੱਤਰ ਲੁਕਿਆ ਪਿਆ ਹੈ ਤੇ ਸਾਰੇ ਮਾਨਸਿਕ ਰੋਗਾਂ ਦਾ ਕਿਹਾ ਚੰਗਾ ਇਲਾਜ ਇਨ੍ਹਾਂ ਇਕਰਾਰਾਂ ਵਿਚ ਭਰਿਆ ਪਿਆ ਹੈ।

ਤੁਹਾਡੀ ਚੇਤਨ-ਸ਼ਕਤੀ ਵਿਚ ਅਸਫਲਤਾ, ਨਿਰਾਸ਼ਾ, ਨਿਰਉਤਸ਼ਾਹਤਾ ਆਦਿ ਦੇ ਖਿਆਲਾਂ ਨੂੰ ਪੱਕਾ ਕਰਨ ਵਾਲੀਆਂ ਜਿਹੜੀਆਂ ਜਿਹੜੀਆਂ ਗੱਲਾਂ ਹਨ ਉਨ੍ਹਾਂ ਦੇ ਉਲਟ ਗੱਲਾਂ ਨੂੰ ਦਿਲ ਵਿਚ ਥਾਂ ਦੇ ਕੇ ਉਹਨਾਂ ਦਿਲ-ਢਾਊ ਵਿਚਾਰਾਂ ਨੂੰ ਬਾਹਰ ਕੱਢ ਦਿਉ। ਇਹ ਬੜਾ ਬਹੁਮੁੱਲਾ ਨੁਸਖਾ ਹੈ। ਅਜੇਹਾ ਕਰਨ ਅਤੇ ਮਨ ਦੀਆਂ ਸ਼ਕਤੀਆਂ ਨੂੰ ਹਰ ਨੁਕਸਾਨ ਪਹੁੰਚਾਉਣ ਵਾਲੀਆਂ ਗੱਲਾਂ ਤੋਂ ਸਾਫ ਰੱਖਣ ਦੀ ਸਮਰੱਥਾ ਸਾਰੀ ਸਫਲਤਾ ਤੇ ਖੁਸ਼ੀ ਦਾ ਭੇਤ ਹੈ।

ਸਾਇੰਸ ਨੇ ਸਿੱਧ ਕੀਤਾ ਹੈ ਕਿ ਮਨ ਇਕ ਵੇਲੇ ਦੋ ਪਰਸਪਰ ਵਿਰੋਧੀ ਖਿਆਲਾਂ ਜਾਂ ਤਰੰਗਾਂ ਨੂੰ ਆਪਣੇ ਅੰਦਰ ਨਹੀਂ ਰੱਖ ਸਕਦਾ। ਇਸ ਅਸੂਲ ਦਾ ਗਿਆਨ ਸਾਨੂੰ ਆਪਣੀ ਕਿਸਮਤ ਦਾ ਪੂਰਾ ਪੂਰਾ ਮਾਲਕ ਬਣਾ ਦੇਂਦਾ ਹੈ। ਉੱਚੇ ਜੀਵਨ ਜਾਂ ਭੈੜੀ ਅਵਸਥਾ ਜਾਂ ਅਸਫਲਤਾ ਕੇਵਲ ਸਾਡੀ ਚੋਣ ਤੇ ਨਿਰਭਰ ਹਨ। ਜਿਸ ਤਜਵੀਜ਼ ਨੂੰ ਅਸੀਂ ਆਪਣੇ ਦਿਲ ਵਿਚ ਥਾਂ ਦਿੰਦੇ ਹਾਂ ਜਾਂ ਜਿਸ ਪ੍ਰਕਾਰ ਦੇ ਵਿਚਾਰਾਂ ਨੂੰ ਅਸੀਂ ਚੰਗਾ ਸਮਝਦੇ ਹਾਂ ਉਸ ਤੇ ਸਾਡਾ ਸਭ ਕੁਝ ਨਿਰਭਰ ਰੱਖਦਾ ਹੈ।

ਭਾਵੇਂ ਨਿਰਉਤਸ਼ਾਹਤਾ ਦੇ ਭਾਰ ਹੇਠ ਦੱਬੇ ਜਾਉ ਤੇ ਭਾਵੇਂ ਉਸ ਤੋਂ ਉਪਰ ਹੋ ਜਾਉ ਇਹ ਤੁਹਾਡੇ ਆਪਣੇ ਹੱਥ ਵਿਚ ਹੈ। ਕੁਦਰਤੀ ਤੌਰ ਤੇ ਅਸੀਂ ਵੀਚਾਰ ਕੀਤਾ ਕਰਦੇ ਹਾਂ ਕਿ ਜਿਹੜੀਆਂ ਗੱਲਾਂ ਸਾਡੀ ਸਫਲਤਾ ਦੇ ਰਾਹ ਵਿਚ ਰੋੜਾ ਬਣ ਕੇ ਸਾਡੀ ਅਸਫਲਤਾ ਦਾ ਕਾਰਣ ਬਣਦੀਆਂ ਹਨ, ਜੇ ਉਨ੍ਹਾਂ ਗੱਲਾਂ ਤੋਂ ਸਾਡਾ ਛੁਟਕਾਰਾ ਹੋ ਜਾਵੇ ਤਾਂ ਅਸੀਂ ਬੜੇ ਅਜੀਬ ਤੇ ਮਹਾਨ ਕੰਮ ਕਰ ਵਿਖਾਈਏ। ਹਾਏ, ਜੇ ਸਾਨੂੰ ਨਿਰਾਸਤਾਵਾਂ, ਦਿਲੀ-ਪੀੜਾਂ, ਔਕੜਾਂ ਤੇ ਹਰ ਪ੍ਰਕਾਰ ਦੀਆਂ

ਤੱਕਲੀਫਾਂ ਦਾ ਸਾਹਮਣਾ ਨਾ ਕਰਨਾ ਪਵੇ ਤਾਂ ਸਾਡੇ ਜੀਵਨ ਦਾ ਪੰਧ ਖੁਸ਼ੀਆਂ ਭਰੀਆਂ ਜਿੱਤਾਂ ਵਾਲਾ ਹੋਵੇ ਪਰ ਤੁਹਾਡੀ ਵਡਿਆਈ ਤੇ ਸ਼ਾਨ ਦੀ ਅਸਲੀ ਪਰਖ ਇਸ ਗੱਲ ਵਿਚ ਹੈ ਕਿ ਤੁਸੀਂ ਆਪਣੀਆਂ ਕਾਮਨਾਵਾਂ ਤੇ ਉਮੰਗਾਂ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰ ਸਕੋਗੇ ਕਿ ਨਹੀਂ? ਆਪਣੀ ਜ਼ਿੰਦਗੀ ਦੇ ਮਹਾਨ ਮਿਸ਼ਨ ਨੂੰ ਸ਼ਾਨਦਾਰ ਤਰੀਕੇ ਨਾਲ ਪੂਰਾ ਕਰ ਦਿਖਾਉਂਦੇ ਹੋ ਕਿ ਨਹੀਂ ਤੇ ਪਰਤੱਖ ਰੂਪ ਵਿਚ ਹਵਾ ਦੇਣ ਵਾਲੀਆਂ ਗੱਲਾਂ ਤੇ ਤੁਸੀਂ ਬੇਪਰਵਾਹ ਰਹਿ ਸਕਦੇ ਹੋ ਕਿ ਨਹੀਂ।

ਨਿਰਉਤਸ਼ਾਹਤਾ ਤੋਂ ਬਚਣ ਲਈ ਕੋਈ ਚੀਜ਼ ਇੰਨੀ ਵਧੇਰੀ ਸਹਾਇਤਾ ਨਹੀਂ ਕਰਦੀ ਜਿੰਨੀ ਕਿ ਦਲੇਰੀ ਤੇ ਸਫਲਤਾ ਦਾ ਖ਼ਿਆਲ। ਸੁਵੱਲੇ 'ਹਾਂ' ਵਾਲੇ ਖ਼ਿਆਲ ਦੀ ਉਸਾਰੂ ਸ਼ਕਤੀ ਕੁਵੱਲੇ ‘ਨਾ’ ਵਾਲੇ ਖਿਆਲਾਂ ਨੂੰ ਕੇਵਲ ਦਿਲੋਂ ਬਾਹਰ ਹੀ ਨਹੀਂ ਕੱਢਦੀ, ਸਗੋਂ ਸਾਡੀਆਂ ਸਾਰੀਆਂ ਸ਼ਕਤੀਆਂ ਨੂੰ ਤੱਕੜਾ ਕਰ ਕੇ ਸਾਨੂੰ ਉਤਾਂਹ ਚੁੱਕਦੀ ਹੈ।

ਹਰ ਮਨੁੱਖ ਆਪਣੀ ਦਲੇਰੀ ਤੇ ਬਲ ਵਿਚ ਕਈ ਗੁਣਾਂ ਦਾ ਵਾਧਾ ਕਰ ਸਕਦਾ ਹੈ। ਸ਼ਰਤ ਇੰਨੀ ਹੈ ਕਿ ਉਹ ਵਾਰ ਵਾਰ ਆਪਣੇ ਦਿਲ ਵਿਚ ਕਹੇ:-

'ਮੈਂ ਪਾਤਸ਼ਾਹਾਂ ਦੇ ਪਾਤਸ਼ਾਹ ਦਾ ਪੁੱਤਰ ਹਾਂ। ਮੈਨੂੰ ਕਿਸੇ ਗਲ ਦਾ ਡਰ ਨਹੀਂ। ਜੇ ਮੈਂ ਹਰ ਹਾਲਤ ਵਿਚ ਜਿਥੋਂ ਤੱਕ ਹੋ ਸਕੇ, ਆਪਣਾ ਪੂਰਾ ਪੂਰਾ ਤਾਣ ਲਾ ਦਿਆਂ ਤਾਂ ਨਤੀਜਿਆਂ ਦਾ ਫਿਕਰ ਕਰਨ ਦੀ ਮੈਨੂੰ ਕੋਈ ਲੋੜ ਨਹੀਂ। ਮੈਂ ਚਿੰਤਾਤੁਰ ਕਦੇ ਨਹੀਂ ਰਹਾਂਗਾ। ਮੈਂ ਸਾਕਾਰ ਦਲੇਰੀ ਸਫਲਤਾ ਹਾਂ। ਕੋਈ ਚੀਜ਼ ਵੀ ਮੈਨੂੰ ਹਾਨੀ ਨਹੀਂ ਪੁਚਾ ਸਕਦੀ, ਕਿਉ ਮੈਂ ਅਕਾਲ ਪੁਰਖ ਨਾਲ ਜੁੜਿਆ ਹੋਇਆ ਹਾਂ। ਮੇਰੇ ਵਿਚ ਘਾਟਾ ਕਿਸੇ ਗੱਲ ਦਾ ਨਹੀਂ। ਮੈਂ ਅਸਫਲ ਨਹੀਂ ਹੋ ਸਕਦਾ ਕਿਉਂਕਿ ਮੈਂ ਜੀਵ ਬੇਅੰਤ ਸਰੋਤ ਨਾਲ ਸਬੰਧ ਰੱਖਦਾ ਹਾਂ।

ਕਾਂਡ ੫

ਪਹਾੜ ਹਿਲਾ ਦੇਣ ਵਾਲੀ ਸ਼ਕਤੀ

'ਵਿਸ਼ਵਾਸ ਪਹਾੜਾਂ ਨੂੰ ਹਿਲਾ ਦਿੰਦਾ ਹੈ।'

'ਵਿਸ਼ਵਾਸ ਰੱਖਣ ਵਾਲੇ ਲਈ ਸਭ ਕੁਝ ਸੰਭਵ ਹੈ'। ਜਿਸ ਮਨੁੱਖ ਨੂੰ ਕਿਸੇ ਵਿਚ ਭਰੋਸਾ ਨਹੀਂ ਅਤੇ ਇਸ ਅਵਸਥਾ ਤੇ ਵਿਸ਼ਵਾਸ ਰੱਖਦਾ ਹੈ ਉਹ ਬਿਲਕੁਲ ਨਿਕੰਮਾ ਹੈ।

ਕਿਸੇ ਵਸਤੂ ਨੂੰ ਵੀ ਆਪਣੇ ਇਸ ਵਿਸ਼ਵਾਸ ਨੂੰ ਡੁਲਾਉਣ ਦਾ ਮੌਕਾ ਨਾ ਦਿਉ ਕਿ ਅੰਤਮ ਜਿੱਤ ਮੇਰੀ ਹੈ, ਦ੍ਰਿੜਤਾ ਤੇ ਪਕਿਆਈ ਨਾਲ ਇਸ ਵਿਸ਼ਵਾਸ ਨੂੰ ਚਿੰਬੜੇ ਰਹੋ ਤਾਂ ਤੁਹਾਨੂੰ ਛੇਤੀ ਹੀ ਪਰਤੀਤ ਹੋ ਜਾਵੇਗਾ ਕਿ ਸਭ ਗੱਲਾਂ ਰਾਸ ਹੋ ਰਹੀਆਂ ਹਨ।

ਆਪਣੇ ਆਪ ਸਬੰਧੀ ਉੱਚਾ ਖ਼ਿਆਲ ਕਰਨ ਤੋਂ ਨਾ ਡਰੋ। ਜੇ ਤੁਹਾਨੂੰ ਪੈਦਾ ਕਰਨ ਵਾਲਾ ਕਾਦਰ ਤੁਹਾਨੂੰ ਬਣਾ ਕੇ ਆਪਣੀ ਇਸ ਕਿਰਤ ਤੋਂ ਨਹੀਂ ਸ਼ਰਮਾਉਂਦਾ ਤਾਂ ਪੱਕੀ ਗੱਲ ਹੈ ਕਿ ਤੁਹਾਨੂੰ ਵੀ ਸ਼ਰਮਾਉਣ ਦੀ ਲੋੜ ਨਹੀਂ। ਰੱਬ ਨੇ ਆਪਣੀ ਕਿਰਤ ਨੂੰ ਚੰਗਾ ਕਿਹਾ ਹੈ, ਤੁਹਾਨੂੰ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਵਿਸ਼ਵਾਸ ਨਾਲ ਭਰੋਸਾ ਵਧਦਾ ਹੈ, ਦੂਜਿਆਂ ਦੇ ਦਿਲ ਨੂੰ ਯਕੀਨ ਆਉਂਦਾ ਹੈ ਤੇ ਯੋਗਤਾ ਦੂਣੀ ਚੌਣੀ ਹੁੰਦੀ ਹੈ। ਵਿਸ਼ਵਾਸ ਦਾ ਨਿਰਭਰ ਖਿਆਲਾਂ ਤੇ ਕਿਆਸਾਂ ਤੇ ਨਹੀਂ ਹੁੰਦਾ, ਇਹ ਰਾਹ ਵਿਖਾਉਂਦਾ ਹੈ।

ਮੁਸ਼ਕਲਾਂ ਦੇ ਪਹਾੜ ਉਹਦਾ ਹੌਂਸਲਾ ਨਹੀਂ ਢਾਹੁੰਦੇ ਨਾ ਹੀ ਉਹਦੀਆਂ ਅੱਖਾਂ ਤੇ ਪਰਦਾ ਪਾ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਵਿਚ ਦੀ ਆਪਣੇ ਨਿਸ਼ਾਨੇ ਨੂੰ ਵੇਖ ਲੈਂਦਾ ਹੈ।

ਸਰਬ ਵਿਆਪੀ ਸੂਝ ਬੂਝ ਵਾਲੀ ਮਹਾਨ ਸ਼ਕਤੀ ਵਿਚ ਅਦਭੁਤ ਗੁਣ, ਅਨੰਤ ਨੇਕੀ, ਤੇ ਅਕਥ ਸੁਹਪਣ ਹੁੰਦੇ ਹਨ। ਇਕ ਨਾ ਦੇਖੀ ਹੋਈ ਦੁਨੀਆ ਤੁਹਾਡੀ ਵਰਤੋਂ ਤੇ ਤੁਹਾਡੇ ਮਾਣਨ ਲਈ ਤਿਆਰ ਪਈ ਹੈ। ਜੇ ਸਾਡੇ ਵਿਚ ਉਨ੍ਹਾਂ ਦੀ ਹੋਂਦ ਸਬੰਧੀ ਕਾਫੀ ਵਿਸ਼ਵਾਸ ਹੋਵੇ ਤਾਂ ਅਸੀਂ ਇਨ੍ਹਾਂ ਬਿਆਨ ਕੀਤੀਆਂ ਚੀਜ਼ਾਂ ਨੂੰ ਖਿਚ ਕੇ ਆਪਣੇ ਕੋਲ ਲਿਆ ਸਕਦੇ ਹਾਂ।

ਸੰਸਾਰ ਜੰਗ ਵਿਚ ਪਰਸਿੱਧ ਬਹਾਦਰਾਂ ਦਾ ਹਾਲ ਲਿਖਦੇ ਹੋਇਆ ਐਡਮੰਡ ਕੈਂਪਰ ਬਰੋਡਸ ਕਹਿੰਦਾ ਹਾਂ- 'ਸਾਡੇ ਮੁੰਡਿਆਂ ਤੋਂ ਜਵਾਨਾਂ ਦੀ ਬਹਾਦਰੀ ਦੀਆਂ ਅਜੇਹੀਆਂ ਕਹਾਣੀਆਂ ਹਨ ਜੋ ਸਾਨੂੰ ਇੰਨ੍ਹਾਂ ਹਲੂਣ ਦਿੰਦੀਆਂ ਹਨ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਨੂੰ ਅਸੀਂ ਨਿਕਾਰੇ ਤੇ ਨਿਕੰਮੇ ਖ਼ਿਆਲ ਕਰਦੇ ਸਾਂ ਇਹ ਕਹਾਣੀਆਂ ਸਾਡੇ ਉਨ੍ਹਾਂ ਮੁੰਡਿਆਂ ਸਬੰਧੀ ਖਿਆਲਾਂ ਨੂੰ ਝੁਠਲਾ ਦਿੰਦੀਆਂ ਹਨ'। ਉਦਹਾਰਣ ਵਜੋਂ ਇਕ ਸੱਜਣ ਦਾ ਜ਼ਿਕਰ ਹੈ। ਉਸ ਦੇ ਵਿਦਿਆਰਥੀ-ਕਾਲ ਵਿਚ ਉਸ ਸਬੰਧੀ ਮੇਰਾ ਖ਼ਿਆਲ ਚੰਗਾ ਨਹੀਂ ਸੀ। ਮੇਰੇ ਦਿਲ ਵਿਚ ਉਸ ਵਾਸਤੇ ਬਹੁਤ ਘੱਟ ਇੱਜ਼ਤ ਸੀ। ਉਹ ਇਕ ਬੀਮਾਰ ਕਮਜ਼ੋਰ ਜੇਹਾ ਮੁੰਡਾ ਸੀ, ਉਹਦੀ ਸੂਰਤ ਤੋਂ ਸ਼ੋਹਧਾਪਨ ਤੇ ਕਮੀਨਾਪਨ ਸਾਫ ਜ਼ਾਹਰ ਹੁੰਦਾ ਸੀ। ਕਿੰਨਾਂ ਕਿੰਨਾਂ ਚਿਰ ਉਹ ਜਮਾਤੋਂ ਬਾਹਿਰ ਹੀ ਫਿਰਦਾ ਰਹਿੰਦਾ ਸੀ ਤੇ ਇਮਤਹਾਨਾਂ ਵਿਚ ਫੇਲ ਹੁੰਦਾ ਰਹਿੰਦਾ ਸੀ। ਮੈਨੂੰ ਯਕੀਨ ਸੀ ਕਿ ਉਹ ਬੀਮਾਰੀ ਦਾ ਬਹਾਨਾ ਬਣਾ ਕੇ ਜਮਾਤ ਵਿਚੋਂ ਗੈਰਹਾਜ਼ਰ ਰਿਹਾ ਕਰਦਾ ਸੀ। ਲੜਾਈ ਦੇ ਦਿਨਾਂ ਵਿਚ ਉਸ ਨੇ ਫੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਪਰ ਡਾਕਟਰਾਂ ਨੇ ਉਹਨੂੰ ਫੌਜੀ ਨੌਕਰੀ ਦੇ ਲਾਇਕ ਨਾ ਸਮਝਿਆ। ਫੇਰ ਵੀ ਉਹ ਇਸ ਗੱਲ ਪਿੱਛੇ ਲੱਗਾ ਰਿਹਾ ਪਰ

ਹਰ ਵਾਰੀ ਅਸਫਲ ਰਿਹਾ। ਓੜਕ ਇਕ ਵਾਰ ਉਹ ਭਰਤੀ ਹੋਣ ਵਿਚ ਸਫਲ ਹੋ ਹੀ ਗਿਆ। ਕਿਸ ਤਰ੍ਹਾਂ ? ਇਸ ਦਾ ਕਿਸੇ ਨੂੰ ਪਤਾ ਨਹੀਂ। ਬਸ ਇੰਨਾਂ ਮਲੂਮ ਹੋਇਆ ਕਿ ਉਹ ਕਿਸੇ ਫੌਜ ਵਿਚ ਭਰਤੀ ਹੋ ਕੇ ਜੰਗ ਵਿਚ ਚਲਾ ਗਿਆ। ਇਹ ਸੁਣ ਕੇ ਅਸੀਂ ਲੋਕਾਂ ਨੇ ਸਿਰ ਹਿਲਾਏ ਤੇ ਸਾਰਿਆਂ ਦਾ ਇਹ ਖ਼ਿਆਲ ਸੀ ਕਿ ਇਕ ਦੋ ਸਾਤਿਆਂ ਵਿਚ ਹੀ ਉਹ ਨਲਾਇਕ ਸਮਝ ਕੇ ਬੌਸ ਵਿਚੋਂ ਕੱਢ ਦਿੱਤਾ ਜਾਵੇਗਾ। ਕਾਫ਼ੀ ਚਿਰ ਤੱਕ ਸਾਨੂੰ ਉਹਦਾ ਕੋਈ ਹਾਲ ਚਾਲ ਮਲੂਮ ਨਾ ਹੋਇਆ। ਇਕ ਦਿਨ ਉਸ ਦੇ ਮਿੱਤਰਾਂ ਦੀਆਂ ਚਿੱਠੀਆਂ ਤੋਂ ਪਤਾ ਲੱਗਾ ਕਿ ਮੋਰਚੇ ਵਿਚ ਇਕ ਬੰਬ ਆ ਕੇ ਡਿੱਗਾ। ਹਾਲੇ ਉਸ ਵਿਚੋਂ ਧੂੰਆਂ ਨਿਕਲ ਹੀ ਰਿਹਾ ਸੀ ਕਿ ਇਸ ਮੁੰਡੇ ਨੇ ਫਟਣ ਤੋਂ ਪਹਿਲਾਂ ਹੀ ਹੁਸ਼ਿਆਰੀ ਨਾਲ ਉਸ ਨੂੰ ਚੁੱਕ ਕੇ ਮੋਰਚੇ ਤੋਂ ਬਾਹਰ ਸੁੱਟ ਦਿੱਤਾ ਤੇ ਫੇਰ ਗੋਲੀਆਂ ਦੀ ਵਰਖਾ ਵਿਚ ਆਪ ਮੋਰਚੇ ਵਿਚੋਂ ਬਾਹਹ ਨਿਕਲ ਕੇ ਆਪਣੇ ਇਕ ਸਾਥੀ ਨੂੰ ਚੁੱਕ ਕੇ ਮੋਰਚੇ ਵਿਚ ਲੈ ਆਇਆ। ਇਹ ਉਹ ਮੁੰਡਾ ਸੀ ਜਿਸ ਲਈ ਸਾਡਾ ਇਕ ਸਾਲ ਪਹਿਲਾਂ ਇਹ ਖ਼ਿਆਲ ਸੀ ਕਿ ਉਹ ਕਮਜ਼ੋਰ ਦਿਲ ਸਾਧਾਰਨ ਜੇਹਾ ਆਦਮੀ ਹੈ।'

ਜਿਵੇਂ ਇਸ ਲਿਖਾਰੀ ਨੂੰ ਉਸ ਲੜਕੇ ਦੇ ਹਾਲ ਤੋਂ ਅਸਚਰਜ ਹੋਇਆ ਉਸੇ ਤਰ੍ਹਾਂ ਆਪਣੇ ਕਿਸੇ ਨਾ ਕਿਸੇ ਜਾਣਕਾਰ ਗੱਭਰੂ ਬਾਬਤ ਅਸੀਂ ਵੀ ਕਦੇ ਕਦੇ ਅਸਚਰਜ ਹੋ ਜਾਇਆ ਕਰਦੇ ਹਾਂ। ਅਸੀਂ ਦੇਖਿਆ ਕਰਦੇ ਹਾਂ ਕਿ ਉਹ ਅਚਾਨਕ ਸਫਾਂ ਚੀਰ ਕੇ ਅਗਾਂਹ ਵਧਦਾ ਹੈ ਤੇ ਕੋਈ ਅਜੇਹਾ ਸ਼ਾਨਦਾਰ ਕੰਮ ਕਰ ਦਿਖਾਉਂਦਾ ਹੈ ਜਿਸ ਦਾ ਉਸ ਤੋਂ ਹੋ ਜਾਣਾ ਅਸੀਂ ਕਦੀ ਖ਼ਿਆਲ ਵਿਚ ਹੀ ਨਹੀਂ ਸੀ ਲਿਆਉਂਦੇ। ਉਸ ਵਿਚ ਆਪਣੇ ਸਾਧਾਰਨ ਸਾਥੀਆਂ ਜਿੰਨੀ ਲਿਆਕਤ ਨਹੀਂ ਹੁੰਦੀ ਪਰ ਉਸ ਦੇ ਦਿਲ ਵਿਚ ਅਦੁਤੀ ਆਤਮ-ਵਿਸ਼ਵਾਸ ਹੁੰਦਾ ਹੈ ਜਿਸ ਕਰਕੇ ਉਹ ਦਲੇਰੀ ਨਾਲ ਕੰਮ ਕਰਨ ਦੀ ਜੁਰਅਤ ਕਰਦਾ ਹੈ ਜਦ ਕਿ ਉਹਦੇ ਮੁਕਾਬਲੇ ਵਿਚ ਵਧੇਰੀ ਲਿਆਕਤ ਰੱਖਣ ਵਾਲੇ ਕਾਇਰ ਬੰਦੇ ਸੋਚਾਂ ਵਿਚ ਪਏ ਡਾਵਾਂਡੋਲ ਹੀ ਹੁੰਦੇ ਰਹਿੰਦੇ

ਹਨ ਤੇ ਜਿਹੜੇ ਕੰਮ ਉਹ ਕਰ ਸਕਦੇ ਹਨ ਉਨ੍ਹਾਂ ਨੂੰ ਵੀ ਕਰਨ ਦੀ ਕੋਸ਼ਿਸ਼ ਨਹੀਂ ਕਰਦੇ।

ਇਹ ਵਿਸ਼ਵਾਸ ਹੀ ਹੈ ਜਿਸ ਨਾਲ ਅਸੰਭਵ ਨੂੰ ਸੰਭਵ ਬਣਾ ਕੇ ਦਿਖਾਇਆ ਜਾ ਸਕਦਾ ਹੈ। ਰੱਬ ਅਤੇ ਆਪਣੇ ਆਪ ਉੱਤੇ ਦੈਵੀ-ਵਿਸ਼ਵਾਸ ਰੱਖਣ ਨਾਲ, ਮਨੁੱਖ ਉਹ ਦੇਵਤਾ ਬਣ ਜਾਂਦਾ ਹੈ ਜਿਸ ਦੀ ਇੱਛਾ-ਸ਼ਕਤੀ ਅੱਗੇ ਸਭ ਨੂੰ ਸਿਰ ਝੁਕਾਉਣਾ ਪੈਂਦਾ ਹੈ।

ਜੇ ਸਾਨੂੰ ਗਲਤ ਤਰੀਕੇ ਤੇ ਵਿਚਾਰ ਕਰਨ ਦੀ ਆਦਤ ਨਾ ਪਈ ਹੋਵੇ ਤਾਂ ਇਹੋ ਜੇਹਾ ਵਿਸ਼ਵਾਸ ਕੋਈ ਅਣੋਖੀ ਗੱਲ ਸਮਝੀ ਜਾਣ ਦੀ ਥਾਂ ਮਨੁੱਖੀ ਜੀਵਨ ਵਿਚ ਸਾਧਾਰਨ ਗੱਲ ਬਣ ਜਾਵੇ, ਕਿਉਂਕਿ 'ਰੱਬ ਨੇ ਸਾਨੂੰ ਡਰਾਕਲ ਸੁਭਾ ਦੀ ਥਾਂ ਸ਼ਕਤੀ, ਪ੍ਰੇਮ ਤੇ ਸਿਹਤ ਦਾ ਸੁਆਮੀ ਮਨ ਬਖਸ਼ਿਆ ਹੈ। ਭੈੜੀ ਕਿਸਮਤ ਨਾਲ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਆਪਣੀ ਤਾਕਤ ਦੀ ਥਾਂ ਆਪਣੀਆਂ ਕਮਜ਼ੋਰੀਆਂ ਨਾਲ ਮਿਣਦੇ ਹਨ। ਉਹ ਉਣਤਾਈਆਂ ਤੋਂ ਅੰਦਾਜ਼ਾ ਲਾਉਂਦੇ ਹਨ, ਗੁਣਾਂ ਤੋਂ ਨਹੀਂ। ਅਸੀਂ ਇਹ ਖ਼ਿਆਲ ਕਰ ਲੈਂਦੇ ਹਾਂ ਕਿ ਖੁਸ਼ੀ, ਆਸ਼ਾ ਤੇ ਉੱਚਤਾ ਦੀ ਅਵਸਥਾ ਦਾ ਜਿਹੜਾ ਸੁਪਨਾ ਅਸੀਂ ਆਪਣੀ ਜਾਤ ਬਾਰੇ ਦੇਖਦੇ ਹਾਂ ਉਹ ਕੇਵਲ ਸਾਡੇ ਖਿਆਲਾਂ ਦੀ ਹੀ ਪੈਦਾ ਕੀਤੀ ਹੋਈ ਮਿਰਗ-ਤ੍ਰਿਸ਼ਨਾ ਹੈ ਜਿਸ ਵਿਚ ਸਾਡਾ ਅਸਲੀ 'ਆਪਾ' ਸ਼ਾਮਲ ਨਹੀਂ।

ਬਹੁਤ ਘੱਟ ਲੋਕ ਸਮਝਦੇ ਹਨ ਕਿ ਪਰਾਪਤੀ ਦਾ ਆਤਮ-ਵਿਸ਼ਵਾਸ ਨਾਲ ਕਿੰਨਾਂ ਸਬੰਧ ਹੈ। ਲੋਕਾਂ ਦੀ ਵਧੇਰੀ ਸੰਖਿਆ ਇਹ ਖ਼ਿਆਲ ਵੀ ਨਹੀਂ ਕਰਦੀ ਕਿ ਆਤਮ-ਵਿਸ਼ਵਾਸ ਹੀ ਇਕ ਅਸਲੀ ਤੇ ਉਪਜਾਊ ਸ਼ਕਤੀ ਹੈ। ਇਹ ਕੇਵਲ ਅਸਲੀ ਤਾਕਤ ਹੀ ਨਹੀਂ ਸਗੋਂ ਸਭ ਤੋਂ ਵੱਡੀ ਸ਼ਕਤੀ ਹੈ ਜਿਸ ਦਾ ਹੁਣ ਤੱਕ ਮਨੁੱਖ ਨੂੰ ਗਿਆਨ ਹੋ ਸਕਿਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜਿੰਨਾਂ ਮਨੁੱਖ ਦਾ ਵਿਸ਼ਵਾਸ ਦ੍ਰਿੜ੍ਹ ਤੇ ਪੱਕਾ ਹੋਵੇਗਾ ਉਨ੍ਹਾਂ ਹੀ ਮਹਾਨ ਕੰਮ ਉਹ ਕਰ ਸਕੇਗਾ।

ਈਸਾਈਆਂ ਦੀਆਂ ਧਰਮ ਪੁਸਤਕਾਂ ਵਿਚ ਇਹ ਲਿਖਿਆ ਹੈ ਕਿ ਫਲਸਤੀਨੀਆਂ ਤੇ ਇਸਰਾਇਲੀਆਂ ਵਿਚ ਲੜਾਈ ਹੋ ਰਹੀ ਸੀ। ਫਲਸਤੀਨੀਆਂ ਵਲੋਂ ਗਾਥ ਦਾ ਰਹਿਣ ਵਾਲਾ ਦਿਓ ਵਰਗੀ ਸ਼ਕਲ ਦਾ ਗੋਲਿਆਥ ਨਾਂ ਦਾ ਇਕ ਆਦਮੀ ਇਸਰਾਈਲੀਆਂ ਦੀ ਛਾਉਣੀ ਵਿਚ ਆ ਕੇ ਬੜ੍ਹਕਾਂ ਮਾਰਨ ਲੱਗਾ ਕਿ ਤੁਹਾਡੇ ਵਿਚੋਂ ਜਿਹੜਾ ਬਹਾਦਰ ਤੋਂ ਬਹਾਦਰ ਆਦਮੀ ਹੋਵੇ ਉਹਨੂੰ ਮੇਰੇ ਨਾਲ ਲੜਨ ਲਈ ਬਾਹਰ ਕੱਢੋ। ਸਾਡੀ ਦੋਹਾਂ ਦੀ ਲੜਾਈ ਨਾਲ ਇਹ ਫੈਸਲਾ ਹੋ ਜਾਵੇਗਾ ਕਿ ਫਲਸਤੀਨੀਆਂ ਦੀ ਜਿੱਤ ਹੁੰਦੀ ਹੈ ਕਿ ਇਸਰਾਈਲੀਆਂ ਦੀ। ਇਸ ਦਿਓ ਵਰਗੇ ਆਦਮੀ ਦੀ ਸ਼ਕਲ ਤੋਂ ਦਿਸਰਾਈਲੀ ਇੰਨੇ ਡਰੇ ਕਿ ਉਨ੍ਹਾਂ ਵਿਚੋਂ ਕੋਈ ਵੀ ਉਹਦੇ ਨਾਲ ਲੜਨ ਲਈ ਤਿਆਰ ਨਾ ਹੋਇਆ।

ਕੁਝ ਚਿਰ ਪਿੱਛੋਂ ਜਦੋਂ ਉਹ ਫੇਰ ਇਨ੍ਹਾਂ ਦੀ ਛਾਉਣੀ ਵਿਚ ਆਇਆ ਤੇ ਉਹੋ ਪਹਿਲਾਂ ਵਾਲੀਆਂ ਬੜਕਾਂ ਮਾਰਨ ਲੱਗਾ ਤਾਂ ਇਕ ਸਾਧਾਰਨ ਜੇਹਾ ਜਵਾਨ ਮੁੰਡਾ ਡੇਵਿਡ ਉਹਦੀਆਂ ਲਾਫ਼ਾਂ ਸੁਣ ਕੇ ਲੜਾਈ ਕਰਨ ਲਈ ਤਿਆਰ ਹੋ ਗਿਆ। ਇਸਰਾਈਲੀ ਸਿਆਣਿਆਂ ਤੇ ਬਜ਼ੁਰਗਾਂ ਵਿਚ ਕੁਝ ਗੱਲ ਬਾਤ ਹੋਈ, ਤੇ ਓੜਕ ਡੇਵਿਡ ਨੂੰ ਆਗਿਆ ਮਿਲ ਗਈ ਕਿ ਉਹ ਜਾ ਕੇ ਗੋਲਿਆਬ ਦੇ ਨਾਲ ਲੜਾਈ ਕਰੇ। ਜ਼ਿੰਮੇਵਾਰ ਲੋਕ ਇਸ ਗੱਲ ਤੋਂ ਬਹੁਤ ਜ਼ੋਰ ਦਿੰਦੇ ਸਨ ਕਿ ਡੇਵਿਡ ਨੂੰ ਭਾਰੀ ਸੰਜੋਹ ਪੁਆ ਦਿੱਤੀ ਜਾਵੇ ਤੇ ਲੜਾਈ ਵਿਚ ਜਾਣ ਤੋਂ ਪਹਿਲਾਂ ਇਕ ਤਲਵਾਰ ਵੀ ਉਹਦੇ ਹੱਥ ਦਿੱਤੀ ਜਾਵੇ ਪਰ ਡੇਵਿਡ ਬੋਲਿਆ, 'ਮੈਨੂੰ ਇਨ੍ਹਾਂ ਹਥਿਆਰਾਂ ਨਾਲ ਲੜਨ ਦੀ ਜਾਂਚ ਨਹੀਂ। ਇਹ ਹਥਿਆਰ ਸਹਾਇਤਾ ਦੀ ਥਾਂ ਮੇਰੇ ਰਾਹ ਵਿਚ ਰੁਕਾਵਟ ਸਿੱਧ ਹੋਣਗੇ। ਇਹ ਮੇਰੇ ਹਥਿਆਰ ਨਹੀਂ, ਮੇਰੇ ਕੋਲ ਹੋਰ ਹਥਿਆਰ ਹਨ ਜਿਨ੍ਹਾਂ ਨਾਲ ਮੈਂ ਇਸ ਦਿਓ ਨਾਲ ਲੜਨਾ ਹੈ।' ਸੋ ਜਿਹੜੀ ਸੰਜੋਹ ਇਹਨੂੰ ਪੁਆਈ ਗਈ ਸੀ, ਉਸ ਨੇ ਲਾਹ ਸੁਟੀ ਤੇ ਇਕ ਸਾਧਾਰਨ ਜੇਹਾ ਗੋਪੀਆ ਲੈ ਲਿਆ ਤੇ ਕੁਝ ਛੋਟੇ ਛੋਟੇ ਪੱਥਰ

ਨਦੀ ਵਿਚੋਂ ਚੁੱਕ ਕੇ ਬਿਨਾਂ ਕਿਸੇ ਹੋਰ ਹਥਿਆਰ ਦੇ ਉਸ ਦਿਓ ਦਾ ਮੁਕਾਬਲਾ ਕਰਨ ਲਈ ਮੈਦਾਨ ਵਿਚ ਨਿਕਲਿਆ।

ਫਲਸਤੀਨੀਆਂ ਦੇ ਸਰਦਾਰ ਗੋਲਿਆਥ ਨੇ ਸਿਰ ਤੋਂ ਪੈਰਾਂ ਤਾਈਂ ਸੰਜੋਹ ਪਾਈ ਹੋਈ ਸੀ ਤੇ ਉਹ ਭਾਂਤ ਭਾਂਤ ਦੇ ਹਥਿਆਰ ਸਜਾ ਕੇ ਆਇਆ ਸੀ। ਉਸ ਦਾ ਢਾਲ-ਬਰਦਾਰ ਉਹਦੇ ਅੱਗੇ ਅੱਗੇ ਚਲ ਰਿਹਾ ਸੀ। ਜਦ ਉਸ ਨੇ ਇਸ ਇਸਰਾਈਲੀ ਜਵਾਨ ਨੂੰ ਬਿਨਾਂ ਕਿਸੇ ਭਾਂਤ ਦੇ ਰੱਖਿਆ ਅਤੇ ਹਮਲਾ ਕਰਨ ਦੇ ਹਥਿਆਰਾਂ ਦੇ ਆਉਂਦਿਆਂ ਵੇਖਿਆ ਤਾਂ ਉਹ ਬੜਾ ਗੁੱਸੇ ਹੋਇਆ ਤੇ ਉਹਨੇ ਹੱਤੱਕ ਖ਼ਿਆਲ ਕੀਤੀ ਕਿ ਇਕ ਨਿਹੱਥਾ ਆਦਮੀ ਉਹਦੇ ਮੁਕਾਬਲੇ ਵਿਚ ਖੜਾ ਹੋ ਗਿਆ ਹੈ। ਉਹ ਬੋਲਿਆ- 'ਓਏ ਮੁੰਡਿਆ ! ਜਦ ਤੂੰ ਮੇਰੇ ਨੇੜੇ ਆਵੇਂਗਾ ਤਾਂ ਮੈਂ ਤੇਰਾ ਮਾਸ ਪਸ਼ੂਆਂ ਪੰਛੀਆਂ ਦੇ ਹਵਾਲੇ ਕਰ ਦੇਵਾਂਗਾ'

ਇਸਰਾਈਲੀ ਜਵਾਨ ਉਸ ਦੀ ਇਸ ਗੱਲ ਤੋਂ ਡਰਿਆ ਨਹੀਂ। ਜਵਾਬ ਵਿਚ ਬੋਲਿਆ- ‘ਤੂੰ ਤਾਂ ਤਲਵਾਰ, ਨੇਜ਼ਾ ਤੇ ਢਾਲ ਲੈ ਕੇ ਲੜਨ ਨੂੰ ਆਈਆ ਹੈ ਪਰ ਮੈਂ ਤੇਰੇ ਮੁਕਾਬਲੇ ਵਿਚ ਉਸ ਇਸਰਾਈਲੀ ਫੌਜਾਂ ਦੇ ਮਾਲਕ ਰੱਬ ਦਾ ਨਾਂ ਲੈ ਕੇ ਆ ਰਿਹਾ ਹਾਂ ਜਿਸ ਦੀ ਨਾਫਰਮਾਨੀ ਤੂੰ ਕੀਤੀ ਹੈ, ਅੱਜ ਰੱਬ ਤੈਨੂੰ ਮੇਰੇ ਪੈਰਾਂ ਵਿਚ ਸੁੱਟੇਗਾ।

ਫਲਸਤੀਨੀ ਸਰਦਾਰ ਵਾਂਙ ਡੇਵਿਡ ਦਾ ਵਿਸਵਾਸ ਸੰਜੇਹ, ਤਲਵਾਰ ਜਾਂ ਢਾਲ ਆਦਿ ਵਿਚ ਨਹੀਂ ਸੀ। ਉਸ ਦਾ ਭਰੋਸਾ ਰੱਬ ਤੇ ਸੀ। ਇਸ ਵਿਸ਼ਵਾਸ ਤੇ ਭਰੋਸੇ ਦੀ ਮਦਦ ਨਾਲ ਉਸ ਨੇ ਆਪਣੇ ਵੱਡੇ ਦੁਸ਼ਮਣ ਤੇ ਫਤਿਹ ਪਾਈ। ਉਸ ਨੇ ਗੋਪੀਏ ਵਿਚ ਇਕ ਛੋਟਾ ਜੇਹਾ ਟੁਕੜਾ ਪੱਥਰ ਦਾ ਰੱਖ ਕੇ ਚਲਾਇਆ। ਉਹ ਪੱਥਰ ਉਸ ਦਿਓ ਦੇ ਮੱਥੇ ਵਿਚ ਜਾ ਕੇ ਲੱਗਾ ਤੇ ਉਹ ਮੁਰਦਾ ਹੋ ਕੇ ਜ਼ਮੀਨ ਤੇਂ ਡਿਗ ਪਿਆ।

ਵਿਸ਼ਵਾਸ ਤੇ ਭਰੋਸਾ, ਪਰਾਪਤੀ ਦੀ ਜਿੰਦ ਜਾਨ ਹਨ। ਜਿੱਥੇ ਵਿਸ਼ਵਾਸ ਨਹੀਂ, ਉਥੇ ਪਰਾਪਤੀ ਵੀ ਨਹੀਂ। ਜੇ ਪੂਰਾ ਵਿਸ਼ਵਾਸ ਹੈ ਤਾਂ ਪੂਰੀ ਕਾਮਯਾਬੀ ਵੀ ਹੈ। ਤੁਸੀਂ ਮੈਨੂੰ ਕੋਈ ਕਾਮਯਾਬ ਮਨੁੱਖ ਦਿਖਾ ਦਿਓ ਤਾਂ ਮੈਂ ਤੁਹਾਨੂੰ ਸਾਬਤ ਕਰ ਦੇਵਾਂਗਾ ਕਿ ਉਸ ਮਨੁੱਖ ਵਿਚ ਆਪਣੇ ਆਪ ਤੇ ਭਰੋਸਾ ਅਤੇ ਨਿਸ਼ਾਨੇ ਤੇ ਪੁੱਜਣ ਦਾ ਵਿਸ਼ਵਾਸ ਅਟੱਲ ਸੀ। ਵਿਸ਼ਵਾਸ ਯੁਗਾਂ ਯੁਗਾਂ ਤੋਂ ਕਰਾਮਾਤਾਂ ਕਰ ਕੇ ਦਿਖਾਉਂਦਾ ਚਲਾ ਆਇਆ ਹੈ। ਰੱਬ ਤੇ ਮਨੁੱਖ ਨੂੰ ਮਿਲਾਉਣ ਵਾਲੀ ਕੜੀ ਵਿਸ਼ਵਾਸ ਹੀ ਹੈ। ਇਹ ਮਨੁੱਖ ਦੀ ਸ਼ਕਤੀ ਹੈ। ਇਹੋ ਹੀ ਮਨੁੱਖ ਦੀ ਕਾਮਯਾਬੀ ਦੇ ਮਹਲ ਦਾ ਨੀਂਹ-ਪੱਥਰ ਹੈ।

ਜਿਹੜੇ ਵੱਡੇ ਵੱਡੇ ਕੰਮ ਕਰ ਦਿਖਾਉਣ ਦੀ ਸਾਡੇ ਵਿਚ ਸਮਰੱਥਾ ਹੈ ਤੇ ਜਿਨ੍ਹਾਂ ਦਾ ਕਰ ਦਿਖਾਉਣਾ ਸਾਡੇ ਲਈ ਜ਼ਰੂਰੀ ਹੈ ਉਹ ਅਸੀਂ ਕਿਉਂ ਨਹੀਂ ਕਰ ਸਕਦੇ ? ਇਸ ਦਾ ਵੱਡਾ ਕਾਰਣ ਇਹ ਹੈ ਕਿ ਸਾਡੇ ਅੰਦਰ ਵਿਸ਼ਵਾਸ ਦਾ ਘਾਟਾ ਹੈ। ਸਾਨੂੰ ਯਕੀਨ ਨਹੀਂ ਕਿ ਅਸੀਂ ਆਪਣੇ ਦਿਲ ਦੀ ਡੂੰਘਾਈ ਵਿਚ ਗੋਤਾ ਮਾਰ ਕੇ ਸਹਿਜ ਸੁਭਾ ਹੀ ਉਸ ਰੱਬੀ ਤੇ ਸਰਬ- ਸਮਰੱਥ ਸ਼ਕਤੀ ਨਾਲ ਆਪਣਾ ਸਬੰਧ ਜੋੜ ਸਕਦੇ ਹਾਂ ਜਿਸ ਨੇ ਸਾਨੂੰ ਬਣਾਇਆ ਹੈ, ਜਿਸ ਨੇ ਸਾਨੂੰ ਪੈਦਾ ਕੀਤਾ ਹੈ, ਜਿਹੜੀ ਸਾਰੀ ਦੁਨੀਆ ਨੂੰ ਸੰਭਾਲੀ ਖਲੋਤੀ ਹੈ, ਤੇ ਜਿਸ ਤੋਂ ਅਸੀਂ ਆਪਣੀ ਦ੍ਰਿੜਤਾ ਤੇ ਤਾਕਤ ਪ੍ਰਾਪਤ ਕਰਦੇ ਹਾਂ।

ਇਹ ਸਬੰਧ ਅਸੀਂ ਵਿਸ਼ਵਾਸ ਰਾਹੀਂ ਹੀ ਕਾਇਮ ਕਰ ਸਕਦੇ ਹਾਂ ਤੁਸਾਂ ਬਿਜਲੀ ਦੀ ਤਾਕਤ ਨਾਲ ਟਰਾਮ ਗੱਡੀਆਂ ਚਲਦੀਆਂ ਵੇਖੀਆਂ ਹੋਣਗੀਆਂ ਗੱਡੀ ਦੇ ਉਪਰ ਇਕ ਲੰਮਾ ਡੰਡਾ ਜੇਹਾ ਨਿਕਲਿਆ ਹੋਇਆ ਹੁੰਦਾ ਹੈ। ਜਦ ਉਹ ਡੰਡਾ ਬਿਜਲੀ ਦੀ ਤਾਰ ਨਾਲ ਲੱਗ ਜਾਂਦਾ ਹੈ ਤਾਂ ਗੱਡੀ ਬਿਜਲੀ ਦੀ ਸੱਤਾਂ ਨਾਲ ਚੱਲਣ ਲੱਗ ਪੈਂਦੀ ਹੈ ਇਸੇ ਤਰ੍ਹਾਂ ਸ਼ਰਧਾ ਜਾਂ ਵਿਸ਼ਵਾਸ ਸਾਡੇ ਜੀਵਨ ਦੀ ਗੱਡੀ ਦਾ ਉਪਰਲਾ ਡੰਡਾ ਹੈ। ਜਦ ਇਹ ਉਸ ਤਾਰ ਨਾਲ ਲੱਗ ਜਾਂਦਾ ਹੈ ਜਿਸ ਵਿਚ ਅਨੰਤ

ਸ਼ਕਤੀ ਹੁੰਦੀ ਹੈ ਤਾਂ ਸਾਡੇ ਜੀਵਨ ਵਿਚ ਰੱਬਤਾ ਦਾ ਹੁਲਾਰਾ ਪਰਤੀਤ ਹੋਣ ਲੱਗਦਾ ਹੈ ਤੇ ਕਦੇ ਨਾ ਮੁੱਕਣ ਵਾਲੀ ਤਾਕਤ ਸਾਡੇ ਅੰਦਰ ਥਰਥਰਾਹਟ ਪੈਦਾ ਕਰ ਦਿੰਦੀ ਹੈ।

ਜੇ ਤੁਸੀਂ ਇਹ ਸਬੰਧ ਕਾਇਮ ਨਹੀਂ ਕਰਦੇ, ਜੇ ਉਹ ਆਤਮ-ਵਿਸ਼ਵਾਸ, ਜਿਹੜਾ ਕਰਤਾ ਪੁਰਖ ਵਿਚ ਵਿਸ਼ਵਾਸ ਦੇ ਨਾਲ ਪੈਦਾ ਹੁੰਦਾ ਹੈ, ਤੁਹਾਡੇ ਅੰਦਰ ਘੱਟ ਹੈ ਤਾਂ ਤੁਸੀਂ ਆਪਣੇ ਜੀਵਨ ਨੂੰ ਆਪਣੀ ਇੱਛਾ ਅਨੁਸਾਰ ਨਹੀਂ ਬਣਾ ਸਕਦੇ। ਜਿਹੜੀ ਪਰਾਥਨਾ ਤੁਸੀਂ ਅਜੇਹੀ ਹਾਲਤ ਵਿਚ ਕਰੋਗੇ, ਤੁਹਾਨੂੰ ਰੱਬ ਵਲੋਂ ਉਹਦਾ ਕੋਈ ਉੱਤਰ ਨਹੀਂ ਮਿਲੇਗਾ ਤੇ ਉਹ ਬਿਨਾਂ ਕਿਸੇ ਜਵਾਬ ਦੇ ਵਾਪਸ ਮੁੜ ਆਵੇਗੀ। ਤੁਹਾਡੇ ਜਤਨ ਸਫਲ ਨਹੀਂ ਹੋਣਗੇ, ਤੁਹਾਡਾ ਨਫੀ ਰਵਈਆ ਤੁਹਾਡੇ ਮੰਤਵ ਦੀ ਪਰਾਪਤੀ ਨੂੰ ਅਸੰਭਵ ਬਣਾ ਦੇਵੇਗਾ।

ਜਿਵੇਂ ਇਕ ਪੱਥਰ ਹਵਾ ਵਿਚ ਉੱਡ ਕੇ ਧਰਤੀ ਦੀ ਖਿੱਚ ਦੇ ਕਨੂੰਨ ਨੂੰ ਨਹੀਂ ਤੋੜ ਸਕਦਾ, ਇਸੇ ਤਰ੍ਹਾਂ ਨਫੀ ਅਵਸਥਾ ਵਾਲਾ, ਸ਼ੰਕਿਆਂ ਸ਼ੁਭਿਆਂ ਨਾਲ ਭਰਪੂਰ ਤੇ ਅਸਫਲਤਾ ਦੇ ਡਰਾਂ ਨਾਲ ਭਰਿਆ ਹੋਇਆ ਮਨ ਕੋਈ ਉਸਾਰੂ ਕੰਮ ਨਹੀਂ ਕਰ ਸਕਦਾ, ਕੋਈ ਉਪਜ ਨਹੀਂ ਕਰ ਸਕਦਾ, ਕੋਈ ਕਦਰ ਯੋਗ ਵਸਤੂ ਪੈਦਾ ਨਹੀਂ ਕਰ ਸਕਦਾ। ਜੇ ਕੋਈ ਮਨੁੱਖ ਮਕਾਨ ਦੀ ਛੱਤ ਉਪਰ, ਭਾਵੇਂ ਚੇਤ ਤੇ ਭਾਵੇਂ ਅਚੇਤ ਅਵਸਥਾ ਵਿਚ ਹਵਾ ਵਿਚ ਚੱਲਣ ਦਾ ਯਤਨ ਇਸ ਪ੍ਰਕਾਰ ਕਰੇ ਤਾਂ ਕੀ ਕਾਦਰ ਇਹਦੇ ਲਈ ਧਰਤੀ ਦੀ ਖਿੱਚ ਦੇ ਕਾਨੂੰਨ ਨੂੰ ਬਦਲ ਦੇਵੇਗਾ ? ਜਿਸ ਤਰ੍ਹਾਂ ਧਰਤੀ ਦੀ ਖਿਚ ਦਾ ਕਾਨੂੰਨ ਨਹੀਂ ਬਦਲਦਾ, ਇਸੇ ਤਰ੍ਹਾਂ ਪਰਾਪਤੀ ਦਾ ਇਹ ਉਪਜਾਊ ਕਨੂੰਨ ਵੀ ਬਦਲ ਨਹੀਂ ਸਕਦਾ। ਤੁਸੀਂ ਆਪਣੀ ਇੱਛਾ ਅਨੁਸਾਰ ਸਫਲਤਾ ਤਾਂ ਹੀ ਪ੍ਰਾਪਤ ਕਰ ਸਕਦੇ ਹੋ, ਤੇ ਉਹ ਕੁਝ ਤਾਂ ਹੀ ਬਣ ਸਕੋਗੇ ਜੋ ਤੁਸੀਂ ਬਣਨਾ ਚਾਹੁੰਦੇ ਹੋ, ਜੇ ਤੁਸੀਂ ਇਸ ਕਨੂੰਨ ਦੇ ਅਨੁਸਾਰੀ ਰਹੋ। ਜਿਵੇਂ ਰੱਬ ਆਪ ਵੀ ਸੂਰਜ ਨੂੰ ਉਸ ਦੇ ਨੇਮ ਅਨੁਸਾਰ ਨੀਯਤ ਚੱਕਰ ਦੇ ਵਿਰੁੱਧ ਨਹੀਂ ਘੁਮਾ ਸਕਦਾ,

ਜਾਂ ਪ੍ਰਿਥਵੀ ਨੂੰ, ਜਦੋਂ ਹੋਰ ਗ੍ਰਹਿ ਉਸ ਨੂੰ ਦੂਜੇ ਪਾਸੇ ਖਿੱਚ ਰਹੇ ਹੋਣ, ਸੂਰਜ ਦੇ ਦੁਆਲੇ ਉਲਟੇ ਪਾਸੇ ਨਹੀਂ ਫਿਰਾ ਸਕਦਾ, ਇਵੇਂ ਹੀ ਉਹ ਆਪਣੇ ਆਪ ਤੁਹਾਡੀ ਇੱਛਾ ਨੂੰ ਵੀ ਕਨੂੰਨ ਤੇ ਚਲੇ ਬਿਨਾਂ ਕਿਸੇ ਹੋਰ ਤਰੀਕੇ ਨਾਲ ਪੂਰਾ ਨਹੀਂ ਕਰ ਸਕਦਾ।

ਇਕ ਮਨੁੱਖ ਨੂੰ ਆਪਣੀ ਹੋਣੀ ਵਿਚ ਪੂਰਾ ਵਿਸ਼ਵਾਸ ਹੈ। ਉਹ ਕਹਿੰਦਾ ਹੈ ਕਿ ਜਿਸ ਕੰਮ ਲਈ ਰੱਬ ਨੇ ਮੈਨੂੰ ਭੇਜਿਆ ਹੈ ਕਰਾਂਗਾ। ਮੈਂ ਰੱਥੀ ਵਿਉਂਤਾਂ ਦਾ ਇਕ ਅੰਗ ਹਾਂ। ਮੈਂ ਉਸ ਧਾਰਾ ਵਿਚ ਵਹਿੰਦਾ ਜਾ ਰਿਹਾ ਹਾਂ ਜਿਹੜੀ ਰੱਬ ਵੱਲ ਜਾ ਰਹੀ ਹੈ। ਇਕ ਹੋਰ ਮਨੁੱਖ ਹੈ ਜਿਸ ਦੇ ਦਿਲ ਵਿਚ ਇਹੋ ਜੇਹਾ ਅਟਲ ਵਿਸ਼ਵਾਸ ਨਹੀਂ। ਇਨ੍ਹਾਂ ਦੋਹਾਂ ਮਨੁੱਖਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਪਹਿਲਾ ਮਨੁੱਖ ਤਾਂ ਜਿਤਾਂ ਭਰੇ ਜੀਵਨ ਲਈ ਲੋੜੀਂਦੇ ਹਥਿਆਰਾਂ ਨਾਲ ਲੈਸ ਹੈ ਤੇ ਦੂਜੇ ਦਾ ਝੁਕਾਓ ਹਾਰ ਤੇ ਅਸਫਲਤਾ ਵੱਲ ਹੈ।

ਜਿਨ੍ਹਾਂ ਮਨੁੱਖਾਂ ਵਿਚ ਸ਼ਾਨਦਾਰ ਵਿਸ਼ਵਾਸ ਤੇ ਸ੍ਵੈ-ਭਰੋਸਾ ਹੁੰਦਾ ਹੈ, ਉਹ ਹੀ ਮਹਾਨ ਕੰਮ ਕਰ ਸਕਦੇ ਹਨ, ਉਹ ਹੀ ਅਸੰਭਵ ਨੂੰ ਸੰਭਵ ਕਰ ਕੇ ਦਿਖਾ ਦਿੰਦੇ ਹਨ। ਜਿਨ੍ਹਾਂ ਦੇ ਦਿਲ ਵਿਚ ਆਪਣੇ ਆਪੇ ਦੀ ਹੀ ਕਦਰ ਨਹੀਂ ਹੁੰਦੀ, ਜਿਨ੍ਹਾਂ ਦੇ ਇਰਾਦੇ ਤੇ ਮਨੋਰਥ ਕੱਚੀ ਲੱਸੀ ਵਰਗੇ ਹੁੰਦੇ ਹਨ, ਜਿਨ੍ਹਾਂ ਨੂੰ ਇਹ ਭਰੋਸਾ ਨਹੀਂ ਹੁੰਦਾ ਕਿ ਉਹ ਕਿਸੇ ਉਚੇਚੇ ਕੰਮ ਲਈ ਦੁਨੀਆ ਵਿਚ ਘੱਲੇ ਗਏ ਹਨ ਉਹ ਮਨੁੱਖ ਨਾ ਪਿੱਛੇ ਕੋਈ ਵੱਡਾ ਕੰਮ ਕਰ ਸਕੇ ਹਨ ਤੇ ਨਾ ਹੀ ਅੱਗੇ ਨੂੰ ਹੀ ਕਦੇ ਕਰ ਸਕਣਗੇ।

ਸਾਡੇ ਕੋਲ ਇਕ ਨੌਜਵਾਨ ਲੜਕੀ ਦੀ ਚਿੱਠੀ ਪੁੱਜੀ ਜਿਸ ਵਿਚ ਉਹ ਉਹ ਲਿਖਦੀ ਹੈ- 'ਮੈਨੂੰ ਆਸ ਨਹੀਂ ਕਿ ਮੈਂ ਕੋਈ ਕਦਰ-ਯੋਗ ਕੰਮ ਕਰ ਸਕਦੀ ਹਾਂ ਜਾਂ ਕਿਸੇ ਮੰਤਵ ਵਿਚ ਸਫਲ ਹੋ ਸਕਦੀ ਹਾਂ। ਮੈਂ ਸਦਾ ਭੈੜੀ ਕਿਸਮਤ ਵਾਲੀ ਹੀ ਰਹੀ ਹਾਂ ਤੇ ਮੈਥੋਂ ਸਦਾ ਗ਼ਲਤੀ ਤੇ ਗ਼ਲਤੀ ਹੁੰਦੀ ਰਹੀ ਹੈ। ਜਿਹੜੇ ਵੀ ਕੰਮ ਨੂੰ ਮੈਂ

ਹੱਥ ਪਾਇਆ ਹੈ ਉਸ ਵਿਚ ਸਦਾ ਹੀ ਅਸਫ਼ਲ ਰਹੀ ਹਾਂ। ਮੈਨੂੰ ਕਦੇ ਵੀ ਆਪਣੇ ਆਪ ਤੇ ਭਰੋਸਾ ਨਹੀਂ ਹੋਇਆ ਤੇ ਮੈਂ ਡਰਦੀ ਹਾਂ ਕਿ ਅੱਗੇ ਨੂੰ ਵੀ ਕਦੇ ਨਹੀਂ ਹੋਵੇਗਾ।'

ਇਹ ਲੜਕੀ ਕਿਉਂ ਸਦਾ ਅਸਫ਼ਲ ਰਹਿੰਦੀ ਹੈ ? ਉਸ ਦਾ ਮਾਨਸਿਕ ਝੁਕਾਉ ਹੀ ਉਸ ਦੀ ਤੱਕਲੀਫ਼ ਦਾ ਵੱਡਾ ਕਾਰਣ ਹੈ। ਇਸ ਲੜਕੀ ਵਰਗੇ ਮਾਨਸਿਕ ਝੁਕਾਉ ਵਾਲਾ ਕੋਈ ਮਨੁੱਖ ਵੀ ਕਦੋਂ ਸਫਲ ਨਹੀਂ ਹੋ ਸਕਦਾ, ਕਿਉਂਕਿ ਸਫਲਤਾ ਤਾਂ ਸਦਾ ਹੀ ਪਹਿਲਾਂ ਮਾਨਸਿਕ ਤੌਰ ਤੇ ਹੁੰਦੀ ਹੈ ਤੇ ਇਸ ਦਾ ਆਰੰਭ ਸਦਾ ਮਨ ਵਿਚ ਹੀ ਹੁੰਦਾ ਹੈ।

ਜਦੋਂ ਮੇਰੇ ਆਪਣੇ ਹੀ ਵਿਚਾਰ ਅਜੇਹੇ ਹੋਣ ਕਿ ਮੈਂ ਫਲਾਣੇ ਕੰਮ ਨੂੰ ਕਰ ਹੀ ਨਹੀਂ ਸਕਦਾ ਤਾਂ ਸੰਸਾਰ ਵਿਚ ਕੋਈ ਤਾਕਤ ਅਜੇਹੀ ਨਹੀਂ ਜਿਹੜੀ ਉਸ ਕੰਮ ਦੇ ਕਰਨ ਵਿਚ ਮੇਰੀ ਸਹਾਇਤਾ ਕਰ ਸਕਦੀ ਹੋਵੇ।

ਬਹੁਤ ਸਾਰੇ ਲੋਕ ਆਪਣੇ ਕਮਜ਼ੋਰ ਵਿਸ਼ਵਾਸ ਕਾਰਣ ਆਪਣੇ ਜੀਵਨ ਨੂੰ ਤਬਾਹ ਕਰ ਲੈਂਦੇ ਹਨ। ਇਸ ਤਬਾਹੀ ਦੇ ਕਾਰਣ ਹੋਰ ਵੀ ਹੋ ਸਕਦੇ ਹਨ ਪਰ ਜਿਹੜਾ ਕਾਰਣ ਅਸੀਂ ਕਹਿ ਰਹੇ ਹਾਂ ਉਹ ਕਾਰਣ ਦੂਜੇ ਕਾਰਣਾਂ ਦੇ ਟਾਕਰੇ ਵਿਚ ਵਧੇਰਾ ਜ਼ੋਰਦਾਰ ਹੈ। ਕਦੇ ਕਦੇ ਹੀ ਅਜੇਹਾ ਵਿਰਲਾ ਮਨੁੱਖ ਸੰਸਾਰ ਵਿਚ ਪੈਦਾ ਹੁੰਦਾ ਹੈ ਜਿਸ ਨੂੰ ਆਪਣੀ ਵਡੱਤਣ ਵਿਚ ਸੱਚੀ ਮੁੱਚੀ ਪੱਕਾ ਭਰੋਸਾ ਹੁੰਦਾ ਹੈ ਤੇ ਜਿਸ ਦੇ ਪਾਸ ਆਪਣੀ ਯੋਗਤਾ ਨੂੰ ਸਾਹਰਾ ਦੇਈ ਰੱਖਣ ਵਾਸਤੇ ਕਾਫੀ ਵਿਸ਼ਵਾਸ ਹੁੰਦਾ ਹੈ। ਚੇਤੇ ਰਖੋ ਕਿ ਜਦੋਂ ਯੋਗਤਾ ਅਟਲ ਵਿਸ਼ਵਾਸ ਦਾ ਸਹਾਰਾ ਮਿਲੇਗਾ ਤਦ ਹੀ ਉਸ ਪਾਸੋਂ ਕੁਝ ਬਣ ਸਕੇਗਾ। ਨਪੋਲੀਅਨ ਤੇ ਵੈਬਸਟਰ ਦੀ ਯੋਗਤਾ ਵੀ ਕਿਸੇ ਕੰਮ ਦੀ ਨਾ ਹੁੰਦੀ ਜੋ ਉਨ੍ਹਾਂ ਪਾਸ ਸ੍ਵੈ-ਵਿਸ਼ਵਾਸ ਨਾ ਹੁੰਦਾ।

ਜੀਵਨ ਵਿਚ ਜਿੱਤ ਪਰਾਪਤੀ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਾਨੂੰ ਆਪਣੀ ਜਿੱਤ ਪਾਉਣ ਦੀ ਸ਼ਕਤੀ ਉੱਤੇ ਭਰੋਸਾ ਹੋਵੇ। ਸਾਡੇ ਲਈ ਜ਼ਰੂਰੀ ਹੈ ਕਿ

ਆਪਣੀ ਸਫਲਤਾ ਦੀਆਂ ਸੰਭਾਵਨਾਵਾਂ ਉੱਤੇ ਸਾਨੂੰ ਪੂਰਾ ਭਰੋਸਾ ਹੋਵੇ ਤੇ ਸਾਡਾ ਆਤਮ-ਵਿਸ਼ਵਾਸ ਦ੍ਰਿੜ੍ਹ ਹੋਵੇ। ਸਾਡਾ ਆਪਣੇ ਆਪ ਅਤੇ ਜਿਸ ਕੰਮ ਨੂੰ ਅਸੀਂ ਕਰ ਰਹੇ ਹਾਂ, ਉਸੇ ਉੱਤੇ ਪੂਰਾ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਇਸ ਭਰੋਸੇ ਵਿਚ ਕਿਸੇ ਤਰ੍ਹਾਂ ਦੀ ਕਚਿਆਈ ਨਹੀਂ ਹੋਣੀ ਚਾਹੀਦੀ।

ਇਕ ਕੁੜੀ, ਜੈਨ ਐਡਮਜ਼ ਦੇ ਸਬੰਧ ਵਿਚ ਕਹਿੰਦੇ ਹਨ ਕਿ ਉਹ ਜਦ ਕਾਲਜ ਵਿਚੋਂ ਪੜ੍ਹ ਕੇ ਨਿਕਲੀ ਤਾਂ ਉਹਦੀ ਸਿਹਤ ਬਹੁਤ ਹੀ ਖ਼ਰਾਬ ਸੀ। ਡਾਕਟਰਾਂ ਦਾ ਵਿਚਾਰ ਸੀ ਕਿ ਉਹ ਛੇ ਮਹੀਨੇ ਤੋਂ ਵਧ ਜੀਉਂਦੀ ਨਹੀਂ ਰਹਿ ਸਕੇਗੀ। ਇਹ ਸੁਣ ਕੇ ਉਹ ਬੋਲੀ 'ਬਹੁਤ ਅੱਛਾ, ਜੇ ਮੇਰੇ ਜੀਵਨ ਦੇ ਕੇਵਲ ਛੇ ਮਹੀਨੇ ਹੀ ਬਾਕੀ ਹਨ ਤਾਂ ਉਨ੍ਹਾਂ ਛੇ ਮਹੀਨਿਆਂ ਵਿਚ ਜਿਹੜਾ ਕੰਮ ਮੈਂ ਮਨੁੱਖ ਜਾਤੀ ਲਈ ਕਰਨਾ ਚਾਹੁੰਦੀ ਹਾਂ, ਜਿਥੋਂ ਤਾਈਂ ਹੋ ਸਕੇਗਾ ਉਸ ਨੂੰ ਨਜਿਠਣ ਦਾ ਜਤਨ ਕਰਾਂਗੀ।'

ਇਹ ਲੜਕੀ ਬਿਲਕੁਲ ਰਾਜ਼ੀ ਹੋ ਗਈ ਤੇ ਡਾਕਟਰਾਂ ਦੇ ਛੇ ਮਹੀਨੇ ਦੇ ਜੀਵਨ ਦੇ ਫੈਸਲੇ ਤੋਂ ਪਿੱਛੋਂ ਚਿਰਕਾਲ ਤੱਕ ਜੀਉਂਦੀ ਰਹਿ ਕੇ ਇਸ ਨੇ ਮਨੁੱਖ ਜਾਤੀ ਦੀ ਸੇਵਾ ਦਾ ਉਹ ਕੰਮ ਕਰ ਵਿਖਾਇਆ ਜਿਸ ਦੀ ਅਜੇ ਤੱਕ ਲੋਕਾਂ ਵਿਚ ਚਰਚਾ ਹੈ। ਇਸ ਲੜਕੀ ਨੂੰ ਰੱਬ ਉੱਤੇ ਪੂਰਾ ਪੂਰਾ ਭਰੋਸਾ ਤੇ ਆਪਣੀ ਅੰਦਰਲੀ ਦੈਵੀ ਸ਼ਕਤੀ ਦੇ ਉੱਤੇ ਪੂਰਾ ਨਿਸ਼ਚਾ ਸੀ। ਕੀ ਕੋਈ ਮਨੁੱਖ ਇਸ ਘਟਨਾ ਵਿਚ ਸੰਦੇਹ ਕਰ ਸਕਦਾ ਹੈ ?

ਸੈਨਟੂਰੀਅਨ ਨਾਮ ਦਾ ਇਕ ਆਦਮੀ ਸੀ, ਉਸ ਦਾ ਨੌਕਰ ਬਿਲਅਰ ਜੋ ਬੀਮਾਰ ਸੀ, ਕਿਸੇ ਤਰ੍ਹਾਂ ਵੀ ਰਾਜ਼ੀ ਨਹੀਂ ਸੀ ਹੁੰਦਾ। ਸੈਨਟੂਰੀਅਨ ਹਜ਼ਰਤ ਈਸਾ ਕੋਲ ਗਿਆ ਤੇ ਬਿਨੈ ਕੀਤੀ, ਸ੍ਰੀ ਮਾਨ ! ਤੁਸੀਂ ਆਪਣੇ ਮੂੰਹੋਂ ਕਹਿ ਦਿਓ, ਫੇਰ ਮੇਰਾ ਨੌਕਰ ਰਾਜ਼ੀ ਹੋ ਜਾਵੇਗਾ।" ਘਰ ਮੁੜ ਕੇ ਆਇਆ ਤੇ ਦੇਖਿਆ ਕਿ ਨੌਕਰ ਰਾਜ਼ੀ ਖੁਸ਼ੀ ਹੈ। ਪੁੱਛਿਆ, ਕਿਸ ਵਕਤ ਤੋਂ ਸਿਹਤ ਦੇ ਚਿੰਨ ਪਰਗਟ ਹੋਏ

ਹਨ? ਉੱਤਰ ਮਿਲਿਆ, 'ਸਤ ਵਜੇ ਤੋਂ"। ਸਤ ਵਜੇ ਹੀ ਸੈਨਟੂਰੀਅਨ ਹਜ਼ਰਤ ਈਸਾ ਦੀ ਸੇਵਾ ਵਿਚ ਬਿਨੈ ਕਰ ਰਿਹਾ ਸੀ। ਇਹੋ ਜੇਹੇ ਬੰਦਿਆਂ ਦਾ ਯਕੀਨ ਹੀ ਕਰਾਮਾਤਾਂ ਕਰ ਦਿਖਾਉਂਦਾ ਹੈ।

ਅਸਫਲਤਾ ਦਾ ਸਭ ਤੋਂ ਵੱਡਾ ਕਾਰਣ ਵਿਸ਼ਵਾਸ ਦੀ ਅਣਹੋਂਦ ਹੈ। ਜਦੋਂ ਕਿਸੇ ਮਨੁੱਖ ਦੀ ਪ੍ਰਬੰਧ-ਯੋਗਤਾ ਨਿਕੰਮੀ ਤੇ ਨਿਰਉਤਸ਼ਾਹ ਹੋ ਕੇ ਖ਼ਰਾਬ ਹੋ ਜਾਏ ਤੇ ਉਹਦੇ ਦਿਲ ਵਿਚ ਅਸਫਲਤਾ ਦਾ ਖ਼ਿਆਲ ਪੱਕਾ ਹੋ ਜਾਏ ਤਾਂ ਉਹ ਕੋਈ ਲਾਭਕਾਰੀ ਕੰਮ ਕਿਸ ਤਰ੍ਹਾਂ ਕਰ ਸਕਦਾ ਹੈ? ਜੇ ਇਹੋ ਜੇਹਾ ਮਨੁੱਖ ਸਫਲ ਹੋ ਜਾਵੇ ਤਾਂ ਇਸ ਦਾ ਅਰਥ ਹੋਵੇਗਾ ਕਿ 'ਕਾਰਜ-ਤੇ-ਕਾਰਣ ਦਾ ਨੇਮ ਟੁੱਟ ਗਿਆ ਹੈ ਤੁਹਾਡੀ ਪਰਾਪਤੀ ਕਿਸੇ ਹਾਲਤ ਵਿਚ ਵੀ ਤੁਹਾਡੇ ਵਿਸ਼ਵਾਸ ਤੋਂ ਵਧੇਰੀ ਨਹੀਂ ਹੋ ਸਕਦੀ ਕਿਉਂਕਿ ਵਿਸ਼ਵਾਸ ਉਹ ਉੱਚੇ ਤੋਂ ਉੱਚਾ ਨਿਸ਼ਾਨ ਹੈ ਜਿਥੋਂ ਤੱਕ ਤੁਹਾਡੀ ਪਰਾਪਤੀ ਪੁੱਜ ਸਕਦੀ ਹੈ।

ਮੈਂ ਸਾਧਾਰਨ ਜੇਹੀ ਤਾਕਤ ਵਾਲੇ ਇਕ ਆਦਮੀ ਨੂੰ ਦੇਖਿਆ ਹੈ। ਉਸ ਤੇ ਹਿਪਨਾਟਿਜ਼ਮ ਦਾ ਅਮਲ ਕੀਤਾ ਗਿਆ। ਉਹਨੂੰ ਦੋ ਕੁਰਸੀਆਂ ਤੇ ਲਿਟਾ ਦਿੱਤਾ ਗਿਆ। ਇਕ ਉੱਤੇ ਉਸ ਦਾ ਸਿਰ ਸੀ ਦੂਜੇ ਤੋਂ ਪੈਰਾਂ ਦੀਆਂ ਅੱਡੀਆਂ। ਦੋਹਾਂ ਕੁਰਸੀਆਂ ਵਿਚਕਾਰ ਉਹਦਾ ਧੜ ਸੀ। ਉਸ ਉੱਤੇ ਉਸ ਨੇ ਛੇ ਤੋਂ ਲੈ ਕੇ ਅੱਠ ਆਦਮੀਆਂ ਦਾ ਭਾਰ ਸਹਾਰ ਲਿਆ। ਇਸੇ ਤਰ੍ਹਾਂ ਉਸ ਨੇ ਇਕ ਘੋੜੇ ਨੂੰ ਸਰੀਰ ਦੇ ਉਸੇ ਹਿੱਸੇ ਤੇ ਚੁੱਕ ਲਿਆ। ਸਵਾਲ ਪੈਦਾ ਹੁੰਦਾ ਹੈ ਕਿ ਇਸ ਮਨੁੱਖ ਵਿਚ ਇੰਨੀ ਅਸਾਧਾਰਨ ਸ਼ਕਤੀ ਕਿਥੋਂ ਆ ਗਈ? ਇਹ ਤਾਕਤ ਉਸੇ ਵਿਚ ਉਸ ਵੇਲੇ ਤੱਕ ਰਹੀ ਜਦ ਤੱਕ ਹਿਪਨੋਟਿਜ਼ਮ ਕਰਨ ਵਾਲੇ ਨੇ ਉਸ ਨੂੰ ਯਕੀਨ ਦਿਵਾਈ ਰੱਖਿਆ ਕਿ ਉਹ ਏਨੇ ਆਦਮੀਆਂ ਤੇ ਘੋੜੇ ਦਾ ਭਾਰ ਸਹਾਰ ਸਕਦਾ ਹੈ। ਜਦੋਂ ਹਿਪਨੋਟਿਜ਼ਮ ਕਰਨ ਵਾਲੇ ਨੇ ਉਹਦੇ ਇਸ ਭਰੋਸੇ ਨੂੰ ਡੁਲਾ ਦਿੱਤਾ ਤਾਂ ਉਹ ਮਨੁੱਖ ਝੱਟ ਹੀ ਧੜੱਮ ਕਰ ਕੇ ਜ਼ਮੀਨ ਉੱਤੇ ਡਿਗ ਪਿਆ। ਜਦੋਂ ਹਿਪਨੋਟਿਜ਼ਮ ਕਰਨ ਵਾਲੇ ਨੇ ਉਹਨੂੰ

ਯਕੀਨ ਦਿਵਾਇਆ ਕਿ ਤੂੰ ਇਕ ਆਦਮੀ ਦਾ ਵੀ ਭਾਰ ਨਹੀਂ ਚੁੱਕ ਸਕਦਾ ਤਾਂ ਉਸ ਤੋਂ ਉਨਾਂ ਵੀ ਨਾ ਚੁੱਕਿਆ ਗਿਆ, ਇਥੋਂ ਤੱਕ ਕਿ ਜਦ ਉਸ ਨੂੰ ਯਕੀਨ ਦਿਵਾ ਦਿੱਤਾ ਗਿਆ ਕਿ ਤੂੰ ਆਪਣੇ ਸਰੀਰ ਦਾ ਭਾਰ ਵੀ ਨਹੀਂ ਚੁੱਕ ਸਕਦਾ ਤਾਂ ਉਹ ਆਪਣੇ ਸਰੀਰ ਨੂੰ ਵੀ ਨਾ ਸੰਭਾਲ ਸਕਿਆ।

ਜਿੰਨਾਂ ਸਾਨੂੰ ਆਪਣੇ ਆਪੇ ਤੇ ਭਰੋਸਾ ਹੁੰਦਾ ਹੈ ਉਸ ਤੋਂ ਅੱਗੇ ਅਸੀਂ ਕਦੇ ਨਹੀਂ ਵਧ ਸਕਦੇ। ਸਾਡੇ ਖ਼ਿਆਲ ਵਿਚ ਜਿੰਨਾਂ ਕੁ ਕੰਮ ਕਰਨ ਦੀ ਸਾਡੀ ਸਮਰੱਥਾ ਹੁੰਦੀ ਹੈ ਉਸ ਤੋਂ ਵਧ ਕੇ ਅਸੀਂ ਨਹੀਂ ਕਰ ਸਕਦੇ। ਜਿੰਨੀ ਸਾਡੀ ਆਪਣੀ ਸਮਰੱਥਾ ਸਬੰਧੀ ਰਾਏ ਹੁੰਦੀ ਹੈ ਅਸੀਂ ਉਹਦੇ ਮੁਤਾਬਕ ਹੀ ਬਣਦੇ ਹਾਂ। ਜਦੋਂ ਅਸੀਂ ਸ਼ਰਧਾ ਤੇ ਵਿਸ਼ਵਾਸ ਦੇ ਉਸ ਚੌਕੇਰੇ ਵਾਤਾਵਰਣ ਵਿਚ ਚਲੇ ਜਾਂਦੇ ਹਾਂ ਜਿਥੇ ਪੁੱਜ ਕੇ ਇਸ ਗੱਲ ਦਾ ਯਕੀਨ ਸਾਨੂੰ ਆਪਣੇ ਅੰਦਰ ਘਰ ਕਰਦਾ ਪਰਤੀਤ ਹੁੰਦਾ ਹੈ ਕਿ ਅਸੀਂ ਆਪਣੇ ਹੱਥ ਵਿਚ ਲਏ ਹੋਏ ਕੰਮ ਨੂੰ ਕਰਨ ਦੇ ਯੋਗ ਹਾਂ ਤਦ ਕਿਤੇ ਜਾ ਕੇ ਅਸੀਂ ਉਸ ਕੰਮ ਨੂੰ ਕਰ ਸਕਦੇ ਹਾਂ।

ਹਿਪਨੋਟਿਜ਼ਮ ਕਰਨ ਵਾਲਾ ਸ਼ੈਕਸਪੀਅਰ ਤੇ ਵੈਬਸਟਰ ਜੇਹੇ ਲੋਕਾਂ ਨੂੰ ਨਿਸ਼ਚਾ ਦਿਵਾ ਸਕਦਾ ਹੈ ਕਿ ਉਹ ਉੱਲ ਤੇ ਬੁੱਧੂ ਹਨ। ਉਹ ਇਕ ਸੈਂਡੋ ਜੇਹੇ ਮਨੁੱਖ ਨੂੰ ਵਿਸ਼ਵਾਸ ਦਿਵਾ ਸਕਦਾ ਹੈ ਕਿ ਉਸ ਦੇ ਵਿਚ ਇਕ ਕੁਰਸੀ ਵੀ ਚੁੱਕਣ ਦੀ ਤਾਕਤ ਨਹੀਂ ਤੇ ਜਦ ਤੱਕ ਉਹ ਫੇਰ ਉਸ ਦੇ ਆਤਮ-ਵਿਸ਼ਵਾਸ ਨੂੰ ਸੁਰਜੀਤ ਨਹੀਂ ਕਰ ਦਿੰਦਾ, ਸੈਂਡੋ ਜੇਹਾ ਬਲਵਾਨ ਮਨੁੱਖ ਕੁਰਸੀ ਵਰਗੀ ਸਾਧਾਰਨ ਚੀਜ਼ ਨੂੰ ਚੁੱਕਣ ਦੀ ਹਿੰਮਤ ਨਹੀਂ ਦਿਖਾ ਸਕਦਾ।

ਸੋਚਣ ਵਾਲੀ ਗੱਲ ਹੈ ਹਿਪਨੋਟਿਜ਼ਮ ਕਰਨ ਵਾਲਾ ਕੋਈ ਕੰਮ ਕਰਨ ਦਾ ਹੁਕਮ ਜਾਂ ਇਸ਼ਾਰਾ ਮਾਮੂਲ ਨੂੰ ਦਿੰਦਾ ਹੈ ਤੇ ਮਾਮੂਲ ਉਸ ਦੇ ਕੰਮ ਨੂੰ ਸਹਿਜੇ ਹੀ ਕਰ ਲੈਂਦਾ ਹੈ ਜਿਸ ਨੂੰ ਕਿ ਆਪਣੀ ਸਾਧਾਰਨ ਅਵਸਥਾ ਵਿਚ ਉਹ ਅਸੰਭਵ ਖ਼ਿਆਲ ਕਰਦਾ ਸੀ। ਜਿਸ ਸ਼ਕਤੀ ਨਾਲ ਮਾਮੂਲ ਨੇ ਕੰਮ ਕਰ ਵਿਖਾਇਆ ਉਹ

ਹਿਪਨੋਟਿਜ਼ਮ ਕਰਨ ਵਾਲੇ ਵਲੋਂ ਨਹੀਂ ਆਈ, ਉਹ ਤਾਂ ਮਾਮੂਲ ਵਿਚ ਪਹਿਲਾਂ ਹੀ ਸੀ। ਹਿਪਨੋਟਿਜ਼ਮ ਕਰਨ ਵਾਲੇ ਨੇ ਤਾਂ ਉਸ ਸ਼ਕਤੀ ਨੂੰ ਕੇਵਲ ਜਗਾ ਦਿੱਤਾ ਤੇ ਮਾਮੂਲ ਨੂੰ ਭਰੋਸਾ ਦਿਵਾ ਦਿੱਤਾ ਕਿ ਜਿਵੇਂ ਉਹਨੂੰ ਹੁਕਮ ਦਿੱਤਾ ਜਾਵੇ ਉਹ ਕੰਮ ਕਰ ਸਕਦਾ ਹੈ ਤੇ ਇਸ ਯਕੀਨ ਨਾਲ ਉਸ ਨੇ ਉਹ ਕੰਮ ਕਰ ਵਿਖਾਇਆ।

ਕਈ ਮਨੁੱਖ ਆਪਣੇ ਪੱਠਿਆਂ ਨੂੰ ਇਸ ਤਰ੍ਹਾਂ ਕਮਾ ਲੈਂਦੇ ਹਨ ਕਿ ਉਹ ਭਾਰੀਆਂ ਭਾਰੀਆਂ ਚੀਜ਼ਾਂ ਚੁੱਕ ਸਕਦੇ ਹਨ। ਪੱਠਿਆਂ ਵਿਚ ਜਿਹੜੀ ਇੰਨੀ ਤਾਕਤ ਪੈਦਾ ਹੋ ਜਾਂਦੀ ਹੈ ਉਸ ਦਾ ਬਹੁਤ ਸਾਰਾ ਹਿੱਸਾ ਕਸਰਤ ਕਰਨ ਵਾਲੇ ਬੰਦੇ ਦੇ ਮਨ ਵਿਚੋਂ ਪੱਠਿਆਂ ਵਿਚ ਆਉਂਦਾ ਹੈ। ਉਨ੍ਹਾਂ ਹੀ ਪੱਠਿਆਂ ਨੂੰ ਜੇ ਉਸ ਮਨ ਦੀ ਸ਼ਕਤੀ ਤੋਂ ਅਡਰਿਆਂ ਕਰ ਦਿੱਤਾ ਜਾਏ, ਜਿਹੜਾ ਉਹਨਾ ਪਾਸੋਂ ਇਹ ਕੰਮ ਕਰਾ ਰਿਹਾ ਹੁੰਦਾ ਹੈ, ਜਾਂ ਉਨ੍ਹਾਂ ਨੂੰ ਸਰੀਰ ਵਿਚੋਂ ਬਾਹਰ ਕੱਢ ਲਿਆ ਜਾਏ ਤਾਂ ਉਸ ਭਾਰ ਦਾ ਦਸਵਾਂ ਹਿੱਸਾ ਚੁੱਕਣ ਤੇ ਉਹ ਟੁਟ ਜਾਣ।

ਤਜਰਬਿਆਂ ਨਾਲ ਸਿੱਧ ਹੋ ਚੁੱਕਾ ਹੈ ਕਿ ਮੋਢੇ ਦਾ ਤਿਕੋਨਾ ਪੰਨਾ ਜਦੋਂ ਕਿ ਕਸਰਤੀ ਬੰਦੇ ਦੀ ਅਚਾਨਕ ਮੌਤ ਦੇ ਪਿੱਛੋਂ ਉਸ ਦੇ ਸਰੀਰ ਵਿਚੋਂ ਕੱਢਿਆ ਗਿਆ ਤਾਂ ਉਹ ਕੇਵਲ ੨੦, ੨੫ ਸੇਰ ਭਾਰ ਚੁੱਕ ਸਕਿਆ ਹਾਲਾਂਕਿ ਮੌਤ ਤੋਂ ਪਹਿਲਾਂ ਉਹੋ ਹੀ ਪੱਠਾ ਮਣਾਂ-ਮੂੰਹੀ ਭਾਰ ਚੁੱਕ ਸਕਦਾ ਸੀ। ਇਹ ਵੱਡਾ ਫਰਕ ਮਾਨਸਿਕ ਸ਼ਕਤੀ ਉੱਤੇ ਨਿਰਭਰ ਹੈ। ਜਿੰਨੀ ਅਸਾਧਾਰਨ ਤਾਕਤ ਇਸ ਪੇਠੇ ਵਿਚ ਸੀ ਉਹ ਕਸਰਤ ਕਰਨ ਵਾਲੇ ਦੇ ਆਤਮ-ਵਿਸ਼ਵਾਸ ਨੇ ਉਸ ਨੂੰ ਦਿੱਤੀ ਸੀ। ਅਸਲੀ ਗੱਲ ਤਾਂ ਇੰਨੀ ਹੈ ਕਿ ਜੇ ਆਦਮੀ ਨੂੰ ਯਕੀਨ ਨਾ ਹੋਵੇ ਕਿ ਉਹ ਆਪਣਾ ਹੱਥ ਵੀ ਉਪਰ ਚੁਕ ਸਕਦਾ ਹੈ ਜਾਂ ਉਹਨੂੰ ਇਨ੍ਹਾਂ ਭਰੋਸਾ ਨਾ ਹੋਵੇ ਕਿ ਉਸ ਦੇ ਵਿਚ ਅਜੇਹਾ ਕਰਨ ਦੀ ਸ਼ਕਤੀ ਹੈ ਤਾਂ ਉਹ ਅਸਲ ਵਿਚ ਆਪਣੇ ਹੱਥ ਨੂੰ ਵੀ ਉਪਰ ਵੱਲ ਨਾ ਚੁੱਕ ਸਕੇ।

ਸਾਡੇ ਵਿਸ਼ਵਾਸ ਤੋਂ ਪਤਾ ਲੱਗ ਜਾਂਦਾ ਹੈ ਕਿ ਸਾਨੂੰ ਰੱਬ ਦੇ ਨਾਲ ਮਿਲਾਉਣ ਵਾਲੀ ਤਾਰ ਵਿਚ ਕਿੰਨੀ ਕੁ ਸੱਤਾ ਹੈ। ਜੇ ਸਾਡੀ ਵਿਸ਼ਵਾਸ ਦੀ ਤਾਰ,

ਜਿਸ ਵਿਚੋਂ ਸੱਤਾ ਆਉਂਦੀ ਹੈ, ਛੋਟੀ ਜੇਹੀ ਹੈ ਤਾਂ ਉਸ ਸੱਤਾ ਦੀ ਤਾਰ ਤੋਂ ਜੋ ਰੱਬ ਵੱਲ ਜਾਂਦੀ ਹੈ, ਸਾਨੂੰ ਬਹੁਤ ਘੱਟ ਤਾਕਤ ਮਿਲ ਸਕਦੀ ਹੈ।

ਜੇ ਸਾਡਾ ਵਿਸ਼ਵਾਸ ਵਧੇਰਾ ਦ੍ਰਿੜ ਹੈ ਤਾਂ ਅਸੀਂ ਵੱਡੀ ਤਾਕਤ ਵਾਲੇ ਮਨੁੱਖ ਬਣ ਜਾਵਾਂਗੇ ਤੇ ਰੱਬ ਵੱਲ ਆਪਣੀ ਹੁਣ ਦੀ ਚਾਲ ਨਾਲੋਂ ਵਧੇਰੀ ਤੇਜ਼ੀ ਨਾਲ ਵਧਦੇ ਜਾਵਾਂਗੇ।

ਕਈ ਆਦਮੀ ਆਪਣੀ ਵਰਤਮਾਨ ਤਾਕਤ ਤੋਂ ਵਧੇਰੀ ਤਾਕਤ ਦੇ ਮਾਲਕ ਕਿਉਂ ਨਹੀਂ ਹੁੰਦੇ ? ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਉਹ ਆਪਣੇ ਜੀਵਨ ਦੇ ਮਿੱਠੇ ਸੁਪਨਿਆਂ, ਇੱਛਾਵਾਂ ਤੇ ਉਮੰਗਾਂ ਨੂੰ ਇਕ ਤਰ੍ਹਾਂ ਦਾ ਮਨੋਕਲਪਤ ਚਿੱਤਰ ਹੀ ਮੰਨਦੇ ਹਨ ਜਿਸ ਦੀ ਅਸਲ ਵਿਚ ਕੋਈ ਪੱਕੀ ਨੀਂਹ ਨਹੀਂ ਸਮਝੀ ਜਾਂਦੀ। ਇਹ ਲੋਕ ਆਪਣੇ ਜੀਵਨ ਦੇ ਮੰਤਵ ਨੂੰ ਕੋਈ ਖਾਸ ਵਿਸ਼ੇਸ਼ਤਾ ਨਹੀਂ ਦਿੰਦੇ, ਸਿੱਟਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਬਲ ਪੂਰੀ ਤਰ੍ਹਾਂ ਨਹੀਂ ਮੌਲਦਾ। ਜਾਪਦਾ ਹੈ ਕਿ ਉਹ ਰੱਬੀ ਵਿਉਂਤ ਦੀ ਏਕਤਾ ਨੂੰ ਅਨੁਭਵ ਨਹੀਂ ਕਰਦੇ। ਉਨ੍ਹਾਂ ਦੀ ਸਮਝ ਵਿਚ ਇਹ ਗੱਲ ਵੀ ਨਹੀਂ ਆਉਂਦੀ ਕਿ ਉਹ ਰੱਬੀ ਪ੍ਰਬੰਧ ਵਿਚ ਕੋਈ ਖਾਸ ਹਿੱਸਾ ਪਾਉਣ ਦੇ ਮੰਤਵ ਨਾਲ ਪੈਦਾ ਕੀਤੇ ਗਏ ਹਨ। ਅਸੀਂ ਸਾਰੇ ਇਥੇ ਪ੍ਰਕਿਰਤੀ ਦੇ ਬਿਲਕੁਲ ਸੁਤੰਤਰ ਅਤੇ ਕਿਸੇ ਨਾਲ ਵੀ ਸਬੰਧ ਨਾ ਰੱਖਣ ਵਾਲੇ ਅੰਸ਼ਾਂ ਵਾਂਙ ਨਹੀਂ ਸੁੱਟ ਦਿੱਤੇ ਗਏ ਸਾਡੇ ਤੇ ਰੱਬ ਵਿਚਾਲੇ ਉਨਾਂ ਹੀ ਜ਼ਰੂਰੀ ਸਬੰਧ ਹੈ ਜਿੰਨਾਂ ਇਕ ਅੰਗੂਰ ਦੀ ਟਾਹਣੀ ਦਾ ਉਸ ਦੀ ਵੇਲ ਨਾਲ ਹੁੰਦਾ ਹੈ। ਅਸੀਂ ਸਮੁੱਚੀ ਅਕਲ ਦੀ ਇਕ ਸਾਖ ਤੇ ਅਕਾਲ ਪੁਰਖ ਦੀਆਂ ਬਣਾਈਆਂ ਹੋਈਆਂ ਵਿਉਂਤਾਂ ਦਾ ਇਕ ਖਾਸ ਹਿੱਸਾ ਹਾਂ। ਸਾਡੀਆਂ ਇੱਛਾਵਾਂ ਤੇ ਉਮੰਗਾਂ ਵੀ ਪਰਕਿਰਤੀ ਦੀ ਵਿਉਂਤ ਦਾ ਪ੍ਰਤੀਬਿੰਬ ਹਨ। ਜਿਨ੍ਹਾਂ ਲੋਕਾਂ ਦੇ ਦਿਲ ਵਿਚ ਆਪਣੇ ਆਪ ਤੇ ਵਿਸ਼ਵਾਸ ਤੋਂ ਭਰੋਸਾ ਹੁੰਦਾ ਹੈ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀਆਂ ਉਮੰਗਾਂ ਉਸ ਯੋਗਤਾ

ਦੀਆਂ ਗਵਾਹੀਆਂ ਹਨ ਜਿਹੜੀ ਉਨ੍ਹਾਂ ਉਮੰਗਾਂ ਦੇ ਪੂਰੇ ਹੋਣ ਵਿਚ ਸਹਾਇਤਾ ਦੇਵੇਗੀ ਤੇ ਉਨ੍ਹਾਂ ਦੇ ਸੁਪਨਿਆਂ ਨੂੰ ਅਸਲੀਅਤ ਵਿਚ ਬਦਲ ਦੇਵੇਗੀ।

ਅਬਰਾਹਮ ਲਿੰਕਨ ਬੜਾ ਸ਼ਰਮਾਕਲ ਤੇ ਨਿਰਮਾਣਾ ਸੀ ਪਰ ਜਦੋਂ ਖਾਨਾਜੰਗੀ ਦੀ ਗੂੰਜ ਦੇਸ਼ ਦੇ ਉੱਤਰੀ ਹਿੱਸੇ ਵਿਚ ਗੂੰਜੀ ਤੇ ਪਰਧਾਨ ਦੀ ਚੋਣ ਦਾ ਸਵਾਲ ਸਾਹਮਣੇ ਆਇਆ ਤਾਂ 'ਰੱਬੀ ਰੂਹ' ਨੇ ਉਸ ਨੂੰ ਹਲੂਣਾ ਦਿੱਤਾ ਕਿ ਉਹ ਆਪਣੇ ਆਪ ਨੂੰ ਕੌਮ ਦੇ ਆਗੂ ਦੇ ਰੂਪ ਵਿਚ ਪੇਸ਼ ਕਰੇ। ਜਦੋਂ ਦੇਸ਼ ਦੇ ਰਾਜਨੀਤੱਕ ਨੇਤਾ ਇਸ ਮਹਾਨ ਪਦਵੀ ਲਈ ਕਿਸੇ ਯੋਗ ਆਦਮੀ ਦੀ ਭਾਲ ਵਿਚ ਸਨ ਤਾਂ ਲਿੰਕਨ ਨੇ ਉਨ੍ਹਾਂ ਨੂੰ ਕਿਹਾ ਕਿ 'ਤੁਸੀਂ ਏਸ ਪਦਵੀ ਲਈ ਮੇਰਾ ਨਾਮ ਕਿਉਂ ਪੇਸ਼ ਨਹੀਂ ਕਰਦੇ ? ਮੈਨੂੰ ਆਪਣੀ ਛਾਤੀ ਵਿਚ ਉਹ ਤਾਕਤ ਮਹਿਸੂਸ ਹੁੰਦੀ ਹੈ ਜਿਸ ਨਾਲ ਮੈਂ ਕੌਮ ਨੂੰ ਆ ਰਹੇ ਸੰਕਟ ਵਿਚੋਂ ਕੱਢ ਕੇ ਸੁਰੱਖਿਅਤ ਕਰ ਸਕਾਂਗਾ। ਮੈਨੂੰ ਯਕੀਨ ਹੈ ਕਿ ਮੈਂ ਚੋਣ ਦੇ ਵਿਚ ਕਾਮਯਾਬ ਹੋ ਜਾਵਾਂਗਾ, ਜੇ ਕੋਈ ਹੋਰ ਆਦਮੀ, ਜਿਹੜਾ ਲਿੰਕਨ ਨਾਲੋਂ ਘੱਟ ਸ਼ਰਮਾਕਲ ਹੁੰਦਾ, ਇਹੋ ਜੇਹੀ ਗੱਲ ਕਹਿ ਦਿੰਦਾ ਤਾਂ ਲੋਕ ਕਹਿੰਦੇ, 'ਐਵੇਂ ਫੜਾਂ ਮਾਰਦਾ ਹੈ,' ਪਰ ਲਿੰਕਨ ਦੀ ਨੀਅਤ ਸਾਫ਼ ਸੀ ਤੌਂ ਉਹਦਾ ਵਿਸ਼ਵਾਸ ਇਸ ਕੰਮ ਨੂੰ ਨਿਭਾ ਸਕਣ ਦੀ ਯੋਗਤਾ ਤੇ ਅਟਲ ਸੀ। ਇਸ ਲਈ ਉਹ ਕਾਮਯਾਬ ਹੋ ਗਿਆ

ਜਿਨ੍ਹਾਂ ਮਨੁੱਖਾਂ ਨੇ ਦੇਸ਼ ਤੌਂ ਦੁਨੀਆ ਦਾ ਇਤਿਹਾਸ ਬਣਾਉਣ ਵਿਚ ਵਧੇਰਾ ਹਿੱਸਾ ਪਾਇਆ ਹੈ ਉਨ੍ਹਾਂ ਨੂੰ ਆਪਣੇ ਜੀਵਨ ਦੇ ਮੰਤਵ ਵਿਚ ਪੂਰਾ ਪੂਰਾ ਪੱਕਾ ਵਿਸ਼ਵਾਸ ਸੀ। ਉਨ੍ਹਾਂ ਨੂੰ ਆਪਣੇ ਮਨੋਕਲਪਤ ਚਿੱਤਰ ਸਾਫ਼ ਸਾਫ਼ ਦਿਖਾਈ ਦਿੰਦੇ ਸਨ ਤੇ ਆਪਣੇ ਕੰਮ ਦੇ ਸਬੰਧ ਵਿਚ ਉਨ੍ਹਾਂ ਨੂੰ ਪੂਰਾ ਪੂਰਾ ਨਿਸ਼ਚਾ ਸੀ। ਉਨ੍ਹਾਂ ਨੂੰ ਭਰੋਸਾ ਸੀ ਕਿ ਉਨ੍ਹਾਂ ਦੀਆਂ ਉਮੰਗਾਂ ਕਿਸੇ ਭਵਿਸ਼-ਬਾਣੀ ਦੇ ਪੂਰਬ-ਚਿੰਨ ਹਨ। ਇਹ ਕੇਵਲ ਮਨੋ-ਕਲਪਨਾ ਦੇ ਉਸਾਰੇ ਹੋਏ ਮਹਿਲ ਹੀ ਨਹੀਂ ਹਨ ਸਗੋਂ ਆਸ ਕੀਤੀਆਂ ਵਸਤੂਆਂ ਦੇ ਠੋਸ ਅੰਸ਼ ਹਨ। ਦੂਜੇ ਸ਼ਬਦਾਂ ਵਿਚ ਜਿਨ੍ਹਾਂ ਲੋਕਾਂ ਨੇ ਜਿੱਤਾਂ

ਪਾਈਆਂ ਹਨ ਉਨ੍ਹਾਂ ਨੂੰ ਆਪਣੀ ਹੋਣੀ ਉੱਤੇ ਪੂਰਾ ਪੂਰਾ ਭਰੋਸਾ ਸੀ। ਅਜੇਹੇ ਮਨੁੱਖਾਂ ਦੇ ਵਿਸ਼ਵਾਸ ਦੀ ਦ੍ਰਿੜਤਾ ਤੋਂ ਸਾਡੇ ਦਿਲਾਂ ਵਿਚ ਉਨ੍ਹਾਂ ਦੀ ਸ਼ਕਤੀ ਦਾ ਵਿਸ਼ਵਾਸ ਪੈਦਾ ਹੋ ਜਾਂਦਾ ਹੈ। ਅਸੀਂ ਅਨੁਭਵ ਕਰਨ ਲੱਗ ਪੈਂਦੇ ਹਾਂ ਕਿ ਜਿਸ ਮਨੁੱਖ ਦਾ ਅਸੀਂ ਸਤਕਾਰ ਕਰਦੇ ਹਾਂ, ਤੇ ਸਨਮਾਨ ਵਜੋਂ ਜਿਸ ਨੂੰ ਅਸੀਂ ਸ਼ਰਧਾਂਜਲੀਆਂ ਭੇਟਾ ਕਰਦੇ ਹਾਂ, ਨਿਸਚੇ ਹੀ ਆਪਣੀ ਹੋਣੀ ਤੇ ਦ੍ਰਿੜ੍ਹ ਵਿਸ਼ਵਾਸ ਰੱਖਣ ਵਾਲੇ ਇਸ ਮਨੁੱਖ ਵਿਚ ਕੋਈ ਵਿਸ਼ੇਸ਼ਤਾ ਹੈ। ਜਿਹੜਾ ਆਦਮੀ ਇਹ ਵਿਸ਼ਵਾਸ ਰੱਖਦਾ ਹੈ ਕਿ ਉਹ ਮਨੁੱਖੀ ਜੀਵਨ ਦੇ ਨਾਟਕ ਵਿਚ ਆਪਣਾ ਸ਼ਾਨਦਾਰ ਕੰਮ ਕਰਨ ਲਈ ਪੈਦਾ ਹੋਇਆ ਹੈ ਉਸ ਦੇ ਅੱਗੇ ਲੰਘਣ ਵਾਸਤੇ ਦੁਨੀਆ ਆਪਣੇ ਆਪ ਹੀ ਰਾਹ ਸਾਫ਼ ਕਰ ਦਿੰਦੀ ਹੈ। ਅਜੇਹੇ ਮਨੁੱਖਾਂ ਲਈ ਦੁਨੀਆ ਉਸ ਤਰ੍ਹਾਂ ਰਾਹ ਬਣਾ ਦਿੰਦੀ ਹੈ ਜਿਵੇਂ ਔਰਲੀਨਜ਼ ਦੀ ਗੰਵਾਰ ਕੁੜੀ, ਜੌਨ ਆਫ ਅਰਾਕ, ਲਈ ਖੁੱਲ੍ਹਾ ਰਾਹ ਛੱਡ ਦਿੱਤਾ ਸੀ।

ਇਸ ਕੁੜੀ ਨੂੰ ਜਿੰਨੀ ਕਰਾਮਾਤੀ ਤਾਕਤ ਫਰਾਂਸੀਸੀ ਫੌਜ ਤੇ ਪ੍ਰਾਪਤ ਸੀ ਉਸ ਦਾ ਵੱਡਾ ਕਾਰਣ ਵਿਰੋਧੀਆਂ ਹੱਥੋਂ ਆਪਣੇ ਦੇਸ਼ ਨੂੰ ਸੰਤੁਤਰ ਕਰਾਉਣ ਦੀ ਰੱਬੀ ਸੱਦ ਤੇ ਉਸਦਾ ਪੂਰਾ ਭਰੋਸਾ ਸੀ। ਇਸ ਭਰੋਸੇ ਬਿਨਾਂ ਉਹਦਾ ਸਤਿਕਾਰ ਤੇ ਮਾਣ ਇਕ ਸਾਧਾਰਨ ਸਿਪਾਹੀ ਤੋਂ ਵਧੇਰਾ ਨਾ ਹੁੰਦਾ ਜੇ ਉਸ ਨੂੰ ਇਸ ਰੱਬੀ ਸੱਦ ਤੇ ਨਿਸ਼ਚਾ ਨਾ ਹੁੰਦਾ ਤਾਂ ਉਹ ਕਦੇ ਚਾਰਲਸ ਦੀ ਡੋਫਨ ਦੇ ਦਰਬਾਰ ਵਿਚ ਨਾ ਪੁੱਜ ਸਕਦੀ ਤੇ ਨਾ ਹੀ ਕਦੀ ਉਹਨੂੰ ਫੌਜ ਦੀ ਕਮਾਨ ਪ੍ਰਾਪਤ ਹੁੰਦੀ। ਬਾਦਸ਼ਾਹ ਨੇ ਇਸ ਕੁੜੀ ਨੂੰ ਇਸ ਲਈ ਫੋਜ਼ ਦਾ ਸਰਦਾਰ ਬਣ ਦਿੱਤਾ ਸੀ ਕਿ ਇਸ ਨੇ ਆਪਣੇ ਦਿਲ ਵਿਚ ਪੱਕਾ ਨਿਸ਼ਚਾ ਕਰ ਲਿਆ ਸੀ ਤੇ ਬਾਦਸ਼ਾਹ ਨੂੰ ਵਿਸ਼ਵਾਸ ਦਿਵਾ ਦਿੱਤਾ ਸੀ ਕਿ 'ਮੇਰੇ ਸਿਵਾ ਹੋਰ ਕੋਈ ਵੀ ਫਰਾਂਸ ਨੂੰ ਨਹੀਂ ਬਚਾ ਸਕਦਾ ਤੇ ਸਾਰੀ ਦੀ ਸਾਰੀ ਫੌਜ ਦੀ ਪੂਰੀ ਦਲੇਰੀ ਮੇਰੇ ਕੱਲੀ ਦੇ ਵਿਚ ਮੌਜੂਦ ਹੈ। ਮੈਨੂੰ ਨਿਰਸੰਦੇਹ ਨਿਸ਼ਚਾ ਹੈ ਕਿ ਮੇਰੀ ਕਮਾਨ ਹੇਠ ਫੋਜ਼ ਜਰੂਰ ਹੀ ਜਿੱਤੇਗੀ।

ਏਸ ਛੋਟੀ ਜੇਰੀ ਕੁੜੀ ਨੇ ਆਪਣੇ ਪਿਓ ਦੀਆਂ ਭੇਡਾਂ ਚਰਾਉਂਦਿਆਂ ਜਦ ਆਪਣੀ ਆਤਮਾ ਵਿਚ ਇਸ ਦੀ ਸੱਦ ਨੂੰ ਪਹਿਲੀ ਵਾਰ ਸੁਣਿਆ ਉਸੇ ਵੇਲੇ ਉਸ ਦਾ ਯਕੀਨ ਇਸ ਸੱਦ ਵਿਚ ਇੰਨਾਂ ਪੱਕਾ ਹੋ ਗਿਆ ਕਿ ਇਹਨੂੰ ਕੋਈ ਚੀਜ਼ ਹਿਲਾ ਨਹੀਂ ਸੀ ਸਕਦੀ। ਪਿਉ ਨੇ ਇਸ ਨੂੰ ਡਰਾਵਾ ਦਿੱਤਾ ਕਿ, 'ਜੇ ਤੂੰ ਫਰਾਂਸ ਨੂੰ ਸੁਤੰਤਰ ਕਰਾਉਣ ਦੇ ਨਿਰਮੂਲ-ਸੁਪਨੇ ਦੇਖਣ ਦੀ ਜ਼ਿੱਦ ਕਰੇਗੀ ਤਾਂ ਮੈਂ ਤੈਨੂੰ ਦਰਿਆ ਵਿਚ ਡੋਬ ਦੇਵਾਂਗਾ। ਇਸ ਡਰਾਵੇ ਦਾ ਉਸ ਲੜਕੀ ਤੇ ਕੁਝ ਵੀ ਅਸਰ ਨਾ ਹੋਇਆ। ਸਿਪਾਹੀ ਟਿਚਕਰਾਂ ਕਰਦੇ ਸੀ ਕਿ ਔਰਤ ਹੋ ਕੇ ਇਹ ਕੁੜੀ ਤਲੰਗਿਆਂ ਵਿਚ ਆਉਂਦੀ ਹੈ ਪਰ ਇਨ੍ਹਾਂ ਟਿਚਕਰਾਂ ਦਾ ਉਸ ਦੇ ਡੂੰਘੇ ਵਿਸ਼ਵਾਸ ਤੇ ਕੁਝ ਅਸਰ ਨਾ ਹੋਇਆ। ਲੋਕ ਕਹਿੰਦੇ ਸਨ ਕਿ ਇਸ ਤੋਂ ਵੱਡੀ ਬੇਵਕੂਫੀ ਹੋਰ ਕੀ ਹੋ ਸਕਦੀ ਹੈ ਕਿ ਇਕ ਭੇਡਾਂ ਬੱਕਰੀਆਂ ਚਰਾਉਣ ਵਾਲੀ ਪੇਂਡੂ ਕੁੜੀ, ਜਿਹੜੀ ਕਦੇ ਘਰੋਂ ਬਾਹਰ ਨਹੀਂ ਸੀ ਨਿਕਲੀ, ਜਿਨੂੰ ਫੌਜੀ ਟਰੇਨਿੰਗ ਉੱਕਾ ਹੀ ਨਹੀਂ ਦਿੱਤੀ ਗਈ, ਜਿਨੂੰ ਜੰਗੀ ਵਿਉਂਤਾਂ ਦਾ ਥੋੜਾ ਜੇਹਾ ਵੀ ਤਜਰਬਾ ਨਹੀਂ, ਹਾਰੀਆਂ ਹੋਈਆਂ ਫੌਜਾਂ ਨੂੰ ਜਿੱਤ ਪ੍ਰਾਪਤ ਕਰਨ ਲਈ ਅਗਵਾਈ ਦੀ ਮੰਗ ਕਰਦੀ ਹੈ। ਇਨ੍ਹਾਂ ਸਵਾਲਾਂ, ਟਿਚਕਰਾਂ ਗਾਲ੍ਹਾਂ ਤੇ ਬੇਇਜ਼ਤੀ ਨੂੰ ਇਸ ਲੜਕੀ ਦੇ ਵਿਸ਼ਵਾਸ ਨੇ ਕਿਸੇ ਤਰ੍ਹਾਂ ਦੀ ਰੋਕ ਨਾ ਬਣਨ ਦਿੱਤਾ ਤੇ ਇਨ੍ਹਾਂ ਦਾ ਉਹਦੇ ਮਨ ਉਤੇ ਰਤਾ ਜਿੰਨਾਂ ਵੀ ਅਸਰ ਨਾ ਹੋਇਆ।

ਕੇਵਲ ਦ੍ਰਿੜ੍ਹ ਵਿਸ਼ਵਾਸ ਨਾਲ ਹੀ ਇਸ ਅਲ੍ਹੜ ਕੁੜੀ ਨੇ ਤਰੀਖ ਵਿਚ ਸਭ ਤੋਂ ਵੱਡੀ ਕਰਾਮਾਤ ਕਰ ਵਿਖਾਈ। ਉਹ ਅਜੇਹੀ ਕਰਾਮਾਤ ਸੀ ਜਿਸ ਨੂੰ ਉੱਚੀ ਫੌਜੀ ਟਰੇਨਿੰਗ ਬਿਨਾਂ ਕੋਈ ਮਨੁੱਖ, ਭਾਵੇਂ ਉਹਦੇ ਵਿਚ ਨਿਪੋਲੀਅਨ ਵਰਗੀ ਮਾਨਸਿਕ ਸ਼ਕਤੀ ਹੁੰਦੀ, ਨਹੀਂ ਕਰ ਸਕਦੀ ਸੀ।

ਇਟਲੀ ਤੇ ਹਸਪਾਨੀਆ ਦੇ ਸਿਆਣੇ ਮਨੁੱਖ ਕੋਲੰਬਸ ਤੇ ਹੱਸਿਆ ਕਰਦੇ ਸਨ। ਜਦੋਂ ਦਰਬਾਰ ਵਿਚ ਇਕੱਠੇ ਹੁੰਦੇ ਤਾਂ ਊਟ ਪਟਾਂਗ ਗੱਲਾਂ ਵਿਚ ਤਸਵੀਰਾਂ ਖਿਚਿਆ ਕਰਦੇ ਕਹਿੰਦੇ ਕਿ ਜੇ ਕੁਲੰਬਸ ਦਾ ਦਾਹਵਾ ਠੀਕ ਮਨ ਲਿਆ

ਜਾਵੇ ਕਿ ਪ੍ਰਿਥਵੀ ਗੋਲ ਹੈ ਤਾਂ ਸਾਡੇ ਸਿਰਾਂ ਉੱਤੇ ਆਦਮੀ ਖੜ੍ਹੇ ਹੋਣਗੇ ਤੇ ਹਰ ਚੀਜ਼, ਇਥੋਂ ਤੱਕ ਕਿ ਕੁਲੰਬਸ ਦਾ ਜਹਾਜ਼ ਵੀ, ਧਰਤੀ ਦੇ ਕੰਢੇ ਤੋਂ ਡਿੱਗ ਕੇ ਕਿਸੇ ਹੋਰ ਥਾਂ ਜਾ ਟਕਰਾਏਗਾ। ਜਿੰਨੇ ਵਧੇਰੇ ਲੋਕ ਕੋਲੰਬਸ ਨੂੰ ਟਿਚਕਰਾਂ ਕਰਦੇ ਸਨ ਉਨਾਂ ਹੀ ਆਪਣੇ ਮੰਤਵ ਵਿਚ ਉਸ ਦਾ ਯਕੀਨ ਪੱਕਾ ਹੁੰਦਾ ਜਾਂਦਾ ਸੀ ਤੇ ਉਹ ਆਪਣੇ ਦਾਹਵੇ ਨੂੰ ਠੀਕ ਸਿੱਧ ਕਰ ਵਿਖਾਉਣ ਦਾ ਇਰਾਦਾ ਦ੍ਰਿੜ ਕਰਦਾ ਜਾਂਦਾ ਸੀ। ਓੜਕ ਕੁਲੰਬਸ ਇਸ ਗੱਲ ਵਿਚ ਤਾਂ ਕਾਮਯਾਬ ਹੋ ਗਿਆ ਤੇ ਆਪਣੇ ਨਾਲ ਸਾਥੀ ਲੈ ਕੇ ਚਲ ਪਿਆ। ਜਦ ਚਲਦਿਆਂ ਚਲਦਿਆਂ ਕਾਫੀ ਸਮਾਂ ਲੰਘ ਗਿਆ ਤੇ ਧਰਤੀ ਦੀ ਥਾਂ ਦੋਹੀਂ ਪਾਸੀਂ ਪਾਣੀ ਹੀ ਪਾਣੀ ਦਿਖਾਈ ਦਿੱਤਾ ਤਾਂ ਉਹਦੇ ਸਾਥੀਆਂ ਨੇ ਬਗਾਵਤ ਕਰ ਦਿੱਤੀ ਤੇ ਕੁਲੰਬਸ ਨੂੰ ਸੰਗਲਾਂ ਵਿਚ ਨੂੜ ਦੇਣ ਦੀ ਧਮਕੀ ਦਿੱਤੀ। ਇਸ ਹਾਲਤ ਵਿਚ ਵੀ ਕੁਲੰਬਸ ਨੇ ਉਨ੍ਹਾਂ ਨੂੰ ਆਪਣਾ ਉਹੋ ਦ੍ਰਿੜ ਯਕੀਨ ਤੇ ਉਹੋ ਅਡੋਲ ਇਰਾਦਾ ਵਿਖਾਇਆ। ਇਸ ਯਾਦ ਰੱਖਣ ਯੋਗ ਸਫਰ ਵਿਚ ਨਿਤ ਉਹ ਆਪਣੇ ਰੋਜ਼-ਨਾਮਚੇ ਵਿਚ ਇਹੋ ਲਿਖਦਾ ਰਿਹਾ, 'ਅੱਜ ਅਸੀਂ ਪੱਛਮ ਵੱਲ ਚਲਦੇ ਰਹੇ ਕਿਉਂਕਿ ਇਸੇ ਪਾਸੇ ਹੀ ਸਾਡੀ ਸੇਧ ਸੀ।

ਕਿਹੜੀ ਔਕੜ, ਕਿਹੜਾ ਦੁੱਖ, ਕਿਹੜੀ ਹੇਠੀ ਤੇ ਕਿਹੜੀ ਹੱਤੱਕ ਖਾਸ ਕਰਕੇ ਉਨ੍ਹਾਂ ਲੋਕਾਂ ਵਲੋਂ ਜਿਹੜੇ ਉਹਦੇ ਚੰਗੀ ਤਰ੍ਹਾਂ ਜਾਣੂ ਸਨ, ਕੁਲੰਬਸ ਜੇਹੇ ਬੰਦੇ ਨੂੰ ਆਪਣੇ ਇਸ ਭਾਲ ਦੇ ਸਫਰ ਤੋਂ ਰੋਕ ਸਕਦੀ ਸੀ? ਭਾਵੇਂ ਕਿਸੇ ਵੀ ਭੁਗੋਲ-ਗਿਆਨੀ ਨੇ ਧਰਤੀ ਦੇ ਦੂਜੇ ਪਾਸੇ ਕਿਸੇ ਜ਼ਮੀਨ ਦੇ ਹੋਣ ਦਾ ਵਰਣਨ ਨਹੀਂ ਕੀਤਾ ਸੀ ਤੇ ਭਾਵੇਂ ਕਿਸੇ ਵੀ ਵਿਗਿਆਨ ਨੇ ਅਜੇਹੀ ਗੱਲ ਦਾ ਕਿਤੇ ਇਸ਼ਾਰਾ ਤੱਕ ਨਹੀਂ ਸੀ ਕੀਤਾ ਪਰ ਕੋਈ ਗੱਲ ਵੀ ਕੋਲੰਬਸ ਨੂੰ ਆਪਣੇ ਦ੍ਰਿੜ੍ਹ ਇਰਾਦੇ ਤੋਂ ਪਿੱਛੇ ਨਾ ਹਟਾ ਸਕੀ। ਕਿਉਂਕਿ ਉਹਦੇ ਅੰਦਰ ਕੋਈ ਅਜੇਹੀ ਨੀਝ ਸੀ ਜਿਹੜੀ ਅਟੱਪ ਖਾਈਆਂ ਤੇ ਅਲੰਘ ਰੁਕਾਵਟਾਂ ਤੋਂ ਪਰੇ ਵੀ ਵੇਖ ਸਕਦੀ ਸੀ ਤੇ ਹਰ ਇਤਰਾਜ਼ ਤੋਂ ਪਰੇ ਉਸ ਨੂੰ ਕੁਝ ਨਾ ਕੁਝ ਦਿਖਾਈ ਦੇ ਰਿਹਾ ਸੀ। ਉਹਨੂੰ ਸਮੁੰਦਰਾਂ ਤੋਂ ਪਾਰ ਧਰਤੀ ਦਿਸਦੀ

ਸੀ। ਇਹ ਉਹਦੇ ਅੰਦਰੋਂ ਪੈਦਾ ਹੋਇਆ ਰੱਬੀ ਵਿਸ਼ਵਾਸ ਸੀ ਜਿਹੜਾ ਉਨ੍ਹਾਂ ਅਜ਼ਮਾਇਸ਼ਾਂ ਤੇ ਔਕੜਾਂ ਵਿਚ, ਜੋ ਉਹਦੀ ਮਹਾਨ ਭਾਲ ਸੰਪੂਰਣ ਹੋਣ ਤੋਂ ਪਹਿਲਾਂ ਸਾਹਵੇਂ ਆਈਆਂ, ਉਹਨੂੰ ਸਹਾਰਾ ਦੇ ਰਿਹਾ ਸੀ। ਜਿਨ੍ਹਾਂ ਮਨੁੱਖਾਂ ਨੇ ਸੰਸਾਰ ਵਿਚ ਆਪਣੇ ਪਿੱਛੇ ਆਪਣਾ ਨਾਉਂ ਜੀਉਂਦਾ ਛੱਡਿਆ ਹੈ ਉਨ੍ਹਾਂ ਦਾ ਵਿਸ਼ਵਾਸ ਕੁਝ ਅਜੇਹਾ ਦ੍ਰਿੜ੍ਹ ਸੀ ਜਿਸ ਨੂੰ ਕੋਈ ਚੀਜ਼ ਨਹੀਂ ਸੀ ਡੁਲਾ ਸਕਦੀ। ਅਤਿ ਗਰੀਬੀ, ਭੈੜੇ ਤੋਂ ਭੈੜਾ ਸਲੂਕ ਨਿਰਦੈਤਾ ਤੇ ਠੱਠੇ, ਗੱਲ ਕੀ ਕੋਈ ਚੀਜ਼ ਵੀ ਉਨ੍ਹਾਂ ਨੂੰ ਆਪਣੇ ਮਨੋਰਥ ਵਿਚ ਵਿਸ਼ਾਸ ਰਖਣੋ ਤੇ ਉਸ ਨੂੰ ਪ੍ਰਾਪਤ ਕਰਨ ਦੇ ਇਰਾਦੇ ਤੋਂ ਰੁਕ ਨਹੀਂ ਸੀ ਸਕਦੀ।

ਜਦੋਂ ਕਿਸੇ ਬੰਦੇ ਨੂੰ ਆਪਣੇ ਆਪ ਤੋਂ, ਤੇ ਅਪਣੇ ਜੀਵਨ ਦੇ ਮਨੋਰਥ ਤੇ ਪੱਕਾ ਭਰੋਸਾ ਹੁੰਦਾ ਹੈ ਤਾਂ ਜੀਵਨ ਦੀ ਕੋਈ ਹੋਰ ਗੱਲ ਉਸ ਨੂੰ ਦਬਾ ਨਹੀਂ ਸਕਦੀ ਤੇ ਨਾ ਹੀ ਕੋਈ ਤਾਕਤ ਉਸ ਨੂੰ ਉਸ ਦੇ ਆਪਣੇ ਆਏ ਤੋਂ ਪਰ੍ਹੇ ਰੱਖ ਸਕਦੀ ਹੈ।

ਜ਼ਰਾ ਸੋਚਣ ਦੀ ਗੱਲ ਹੈ ਕਿ ਪੀਅਰੀ ਨੇ ਉਤਰੀ ਧੁਰੇ ਨੂੰ ਲੱਭਣ ਤੋਂ ਪਹਿਲਾਂ ਵਿਸ਼ਵਾਸ ਦੀ ਹੋਂਦ ਦਾ ਕਿਵੇਂ ਸਬੂਤ ਦਿੱਤਾ। ਆਪਣੀ ਜਾਨ ਅਤੇ ਹੋਰ ਸਾਰੇ ਵਸੀਲਿਆਂ ਨੂੰ ਖਤਰੇ ਵਿਚ ਪਾ ਕੇ ਉਸ ਨੇ ਘੜੀ ਮੁੜੀ ਉਤਰੀ ਧੁਰੇ ਨੂੰ ਲੱਭਣ ਦੇ ਜਤਨ ਕੀਤੇ। ਉਸ ਦਾ ਜਹਾਜ਼ ਤਬਾਹ ਹੋ ਗਿਆ, ਉਸ ਦੇ ਸਾਥੀ ਮਾਰੇ ਗਏ, ਕਈ ਵਾਰ ਆਪ ਮੌਤ ਦੇ ਮੂੰਹੋਂ ਬਚਿਆ ਪਰ ਇਨ੍ਹਾਂ ਗੱਲਾਂ ਤੋਂ ਉਹ ਕਦੇ ਡਰਿਆ ਨਾ ਤੇ ਨਾ ਹੀ ਉਸ ਦਾ ਵਿਸ਼ਵਾਸ ਡੋਲਿਆ। ਇਉਂ ਜਾਪਦਾ ਸੀ ਕਿ ਇਸ ਬੰਦੇ ਦੇ ਦਿਲ ਦੇ ਉੱਤੇ 'ਉਤਰੀ ਧੁਰਾ' ਕੁਦਰਤ ਵਲੋਂ ਹੀ ਡੂੰਘਾ ਉਕਰਿਆ ਗਿਆ ਸੀ ਤੇ ਉਸ ਦੀ ਭਾਲ ਉਹਦੇ ਲਈ ਜ਼ਰੂਰੀ ਹੋ ਗਈ ਸੀ। ਕੋਈ ਚੀਜ਼ ਉਸ ਨੂੰ ਆਪਣੇ ਮਨੋਰਥ ਤੋਂ ਟਾਲ ਨਹੀਂ ਸੀ ਸਕਦੀ। ਕਈ ਵਾਰ ਉਹਦੇ ਮਿਤਰਾਂ ਨੇ ਉਹਨੂੰ ਸਮਝਾਇਆ ਕਿ ਆਪਣੀ ਜਾਨ ਖਤਰੇ ਵਿਚ ਨਾ ਪਾ ਪਰ ਉਸ ਦੇ ਦਿਲ ਤੇ ਕੁਝ ਅਸਰ ਨਾ ਹੋਇਆ। 'ਉਤਰੀ

ਧੁਰੇ ਨੂੰ ਚਲ।' ਇਹ ਇਕ ਆਵਾਜ਼ ਸੀ ਜਿਹੜੀ ਦਿਨ ਰਾਤ ਉਹਦੇ ਦਿਲ ਨੂੰ ਬੇਚੈਨ ਰੱਖਦੀ ਸੀ। ਜਦ ਤੱਕ ਉਸ ਨੇ ਉੱਤਰੀ ਧੁਰੇ ਨੂੰ ਨਾ ਲੱਭ ਲਿਆ, ਇਹ ਆਵਾਜ ਉਸ ਨੂੰ ਉਕਸਾਉਂਦੀ ਰਹੀ।

ਵਿਸ਼ਵਾਸ ਅਜੇਹੀ ਸ਼ਕਤੀ ਹੈ ਜਿਹੜੀ ਪਹਾੜਾਂ ਨੂੰ ਹਿਲਾ ਦਿੰਦੀ ਹੈ। ਸਭਿਅਤਾ ਦੀਆਂ ਕਰਾਮਾਤਾਂ ਏਸੇ ਨੇ ਹੀ ਕਰ ਵਿਖਾਈਆਂ ਹਨ। ਜਿਹੜੀਆਂ ਰੂਹਾਂ ਆਪਣੀ ਸ਼ਕਤੀ ਨੂੰ ਮਹਿਸੂਸ ਕਰ ਕੇ ਜਾਗ ਪਈਆਂ ਹਨ ਉਨ੍ਹਾਂ ਨੇ ਦੁਨੀਆ ਦੇ ਇਤਿਹਾਸ ਵਿਚ ਕਿਹੜੀਆਂ ਕਿਹੜੀਆਂ ਚਿਤਵੀਆਂ ਨਾ ਜਾਣ ਵਾਲੀਆਂ ਗੱਲਾਂ ਨੂੰ ਸੰਭਵ ਨਹੀਂ ਕਰ ਵਿਖਾਇਆ ? ਕਿਹੜਾ ਮਨੁੱਖ ਹੈ ਜਿਹੜਾ ਇਨ੍ਹਾਂ ਸ਼ਾਨਦਾਰ ਕੰਮਾਂ ਦਾ ਅੰਦਾਜ਼ਾ ਲਾ ਸਕਦਾ ਹੈ ਜਿਹੜੇ ਆਤਮ-ਵਿਸ਼ਵਾਸ ਦੇ ਮਾਨਸਿਕ ਝੁਕਾਓ ਕਾਰਣ ਮਨੁੱਖਾਂ ਨੇ ਕਰ ਕੇ ਵਿਖਾ ਦਿੱਤੇ ਹਨ? ਜਿਹੜੇ ਮਨੁੱਖ ਅਤਿ ਉੱਚੇ ਦਰਜੇ ਦੀ ਲਿਆਕਤ ਰੱਖਦੇ ਸਨ ਪਰ ਇਨ੍ਹਾਂ ਨੂੰ ਆਪਣੇ ਆਪੇ ਤੇ ਵਿਸ਼ਵਾਸ ਨਹੀਂ ਸੀ, ਇਨ੍ਹਾਂ ਨੂੰ ਆਪਣੀ ਸ਼ਕਤੀ ਬਾਰੇ ਸੰਦੇਹ ਸਨ, ਉਨ੍ਹਾਂ ਦੀ ਕੰਮ ਕਰਨ ਦੀ ਲਿਆਕਤ ਨੂੰ ਹਾਨੀ ਪੁੱਜੀ ਤੇ ਉਨ੍ਹਾਂ ਦੀ ਉਪਜਾਊ ਯੋਗਤਾ ਉੱਕਾ ਹੀ ਮਰ ਮੁਕ ਗਈ। ਕੌਣ ਅੰਦਾਜ਼ਾ ਲਾ ਸਕਦਾ ਹੈ ਕਿ ਅਜੇਹੇ ਬੰਦਿਆਂ ਦੇ ਆਲਸ ਨੇ ਅਸਫਲਤਾ ਨਾਲ ਸੰਸਾਰ ਨੂੰ ਕਿੰਨਾਂ ਕੁ ਨੁਕਸਾਨ ਪੁਚਾਇਆ ਹੈ ?

ਹਜ਼ਾਰਾਂ ਲੋਕ ਅੱਜ ਸਾਧਾਰਨ ਜੇਹੀਆਂ ਨੌਕਰੀਆਂ ਤੇ ਕੰਮ ਕਰ ਰਹੇ ਹਨ ਜੋ ਨਾ ਕੇਵਲ ਇਨ੍ਹਾਂ ਤੋਂ ਉੱਚੀਆਂ ਥਾਵਾਂ ਤੇ ਪੁੱਜਣ ਯੋਗ ਹਨ ਸਗੋਂ ਇਸ ਤੋਂ ਵੀ ਵਧੇਰੀ ਉਨੱਤੀ ਕਰਨ ਦੇ ਸਮਰੱਥ ਹਨ। ਸ਼ਰਤ ਇੰਨੀ ਹੀ ਹੈ ਕਿ ਉਨ੍ਹਾਂ ਨੂੰ ਆਪਣੇ ਆਪ ਤੇ ਕਾਫੀ ਭਰੋਸਾ ਹੋਵੇ ਜਿਸ ਦੇ ਜ਼ੋਰ ਨਾਲ ਉਹ ਲੀਹਾਂ ਵਿਚੋਂ ਨਿਕਲ ਕੇ ਉਚ-ਪਦਵੀਆਂ ਲਈ ਮੁਕਾਬਲਾ ਕਰ ਸਕਣ। ਹਰ ਪ੍ਰਕਾਰ ਦੀਆਂ ਛੋਟੀਆਂ ਛੋਟੀਆਂ ਨੌਕਰੀਆਂ ਉੱਤੇ ਇਹੋ ਜੇਹੇ ਲੋਕ ਕੰਮ ਕਰ ਰਹੇ ਹਨ ਜਿਹੜੇ ਬਹੁਤ ਸਾਰੀਆਂ ਹਾਲਤਾਂ ਵਿਚ ਆਪਣੇ ਉਪਰਲੇ ਅਫਸਰਾਂ, ਮੇਨੇਜਰਾਂ ਤੇ ਸੁਪਰਡੰਟਾਂ ਤੋਂ ਵਧੇਰੀ

ਲਿਆਕਤ ਰੱਖਦੇ ਹਨ ਪਰ ਉਨ੍ਹਾਂ ਨੂੰ ਆਪਣੀ ਤਾਕਤਾਂ ਦਾ ਪਤਾ ਨਹੀਂ ਕਿਉਂਕਿ ਉਨ੍ਹਾਂ ਨੇ ਕਦੇ ਆਪਣੀ ਤਾਕਤ ਨੂੰ ਅਜ਼ਮਾਇਆ ਨਹੀਂ।

ਬਹੁਤ ਚਿਰ ਨਹੀਂ ਹੋਇਆ ਕਿ ਮੇਰਾ ਇਕ ਮਿੱਤਰ, ਜਿਹੜਾ ਹਾਲੇ ਜਵਾਨ ਹੀ ਸੀ, ਅਚਾਨਕ ਆਪਣੀ ਨੌਕਰੀ ਤੋਂ ਵਧੇਰੀ ਉੱਚੀ ਨੌਕਰੀ ਤੇ, ਜਿਹੜੀ ਖਾਲੀ ਹੋ ਗਈ ਸੀ ਕੁਝ ਚਿਰ ਕਾਇਮ ਮੁਕਾਮ ਨੀਯਤ ਕੀਤਾ ਗਿਆ। ਉਸ ਉੱਚੀ ਨੌਕਰੀ ਦੇ ਫਰਜਾਂ ਨੂੰ ਉਸ ਮੇਰੇ ਦੋਸਤ ਨੇ ਅਜੇਹੀ ਚੰਗੀ ਤਰ੍ਹਾਂ ਨਾਲ ਨਿਭਾਇਆ ਕਿ ਉਹਦੇ ਮਾਲਕਾਂ ਨੇ ਉਸ ਨੂੰ ਸ਼ਾਬਾਸ਼ ਦਿੱਤੀ ਤੇ ਉਸੇ ਵੱਡੀ ਨੌਕਰੀ ਤੇ ਉਸ ਨੂੰ ਪੱਕਾ ਕਰ ਦਿੱਤਾ।

ਇਹ ਬੰਦਾ ਕਈ ਸਾਲ ਥੋੜੀ ਜੇਹੀ ਤਨਖਾਹ ਤੇ ਨੌਕਰੀ ਕਰਦਾ ਰਿਹਾ ਸੀ। ਜਦ ਉਹਨੂੰ ਤਰੱਕੀ ਮਿਲੀ ਤਾਂ ਉਹਨੇ ਆਪਣੀ ਜ਼ੁਬਾਨੋਂ ਕਿਹਾ ਕਿ 'ਮੈਨੂੰ ਇੰਨੀ ਉੱਚੀ ਪਦਵੀ ਤੇ ਅਚਾਨਕ ਹੀ ਪੁੱਜ ਜਾਣ ਦਾ ਕਦੇ ਸੁਪਨਾ ਵੀ ਨਹੀਂ ਸੀ ਆਇਆ। ਅਸਲ ਗੱਲ ਤਾਂ ਇਹ ਹੈ ਕਿ ਉਹਦੇ ਦਿਲ ਵਿਚ ਇਹ ਖ਼ਿਆਲ ਪੈਦਾ ਹੋਣ ਲੱਗ ਪਿਆ ਸੀ ਕਿ ਮੈਂ ਕਿਸੇ ਮਾਣ ਦਾ ਅਧਿਕਾਰੀ ਨਹੀਂ ਤੇ ਅਸਫਲਤਾ ਹੀ ਮੇਰੀ ਕਿਸਮਤ ਵਿਚ ਲਿਖੀ ਹੋਈ ਹੈ। ਏਨਾਂ ਉਹ ਨੂੰ ਪਤਾ ਸੀ ਕਿ ਕੁਝ ਕੁ ਖਾਸ ਖਾਸ ਗੱਲਾਂ ਸਬੰਧੀ ਉਹ ਕਾਫੀ ਲਿਆਕਤ ਦਾ ਸੁਆਮੀ ਹੈ ਪਰ ਉਨ੍ਹਾਂ ਵੱਲ ਜਾਣ ਜਾਂ ਕਿਸੇ ਖਾਸ ਗੱਲ ਨੂੰ ਲੈ ਕੇ ਅੱਗੇ ਵਧਣ ਦੀ ਉਸ ਨੇ ਕਦੇ ਦਲੇਰੀ ਨਹੀਂ ਸੀ ਕੀਤੀ। ਏਨੇ ਸਾਲਾਂ ਤੱਕ ਉਹਦੇ ਭਰੋਸੇ ਦੇ ਘਾਟੇ ਨੇ ਉਹਦੀ ਯੋਗਤਾ ਨੂੰ ਇੰਝ ਹੀ ਰੋਕੀ ਰੱਖਿਆ ਜਿਵੇਂ ਗੁਬਾਰੇ ਨਾਲ ਬਝਾ ਹੋਇਆ ਇਕ ਵੱਡਾ ਭਾਰ ਉਸ ਨੂੰ ਉੱਡਣ ਤੋਂ ਰੋਕੀ ਰੱਖਦਾ ਹੈ ਪਰ ਉਦੋਂ ਉਹਨੂੰ ਪਤਾ ਲੱਗਾ ਕਿ ਸੱਚਮੁਚ ਹੀ ਉਹ ਇਕ ਵੱਡੀ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਯੋਗ ਹੈ, ਜਦੋਂ ਕਾਰਵਿਹਾਰੀ ਲੋਕਾਂ ਨੇ ਇਕ ਵੱਡਾ ਕੰਮ ਉਹਦੇ ਸਪੁਰਦ ਕਰਕੇ ਉਹਦੇ ਤੇ ਆਪਣਾ ਭਰੋਸਾ ਪ੍ਰਗਟ ਕੀਤਾ। ਉਸ ਦੀ ਸ਼ਕਤੀ ਅਗੇ ਨਾਲੋਂ ਤੀਣੀ ਹੋ ਗਈ। ਉਹਦੇ ਜਾਗੇ ਹੋਏ ਸ੍ਵੈ-ਵਿਸ਼ਵਾਸ ਨੇ ਉਹਨੂੰ ਸਹੀ ਅਰਥਾਂ ਵਿਚ 'ਮਰਦ'

ਬਣਾ ਦਿੱਤਾ ਤੇ ਉਹਦੇ ਦਿਲ ਵਿਚ ਪੱਕਾ ਯਕੀਨ ਹੋ ਗਿਆ ਕਿ ਉਹ ਵੀ ਕੋਈ ਚੀਜ਼ ਹੈ। ਇਸ ਦੇ ਪਿੱਛੋਂ ਉਹਨੇ ਛੇਤੀ ਛੇਤੀ ਬਹੁਤ ਸਾਰੀ ਉੱਨਤੀ ਕੀਤੀ।

ਜਿਹੜਾ ਆਦਰਸ਼ਕ ਕੰਮ ਤੁਸਾਂ ਆਪਣੇ ਜੀਵਨ ਵਿਚ ਕਰਨਾ ਹੈ ਉਹਨੂੰ ਤੁਸੀਂ ਕਿਵੇਂ ਕਰਨਾ ਆਰੰਭਦੇ ਹੋ? ਉਸੇ ਤੋਂ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਸਫਲਤਾ ਪ੍ਰਾਪਤ ਕਰੋਗੇ ਜਾਂ ਅਸਫਲ ਰਹੋਗੇ। ਜੇ ਤੁਸੀ ਆਪਣੇ ਆਪ ਤੇ ਸ਼ਾਨਦਾਰ ਭਰੋਸਾ ਰੱਖ ਕੇ ਕੰਮ ਆਰੰਭ ਦਿਉ, ਜੇ ਤੁਹਾਨੂੰ ਤਾਕਤ ਤੇ ਸਹਾਰਾ ਦੇਣ ਵਾਲੀ ਸ਼ਕਤੀ ਉਤੇ ਦ੍ਰਿੜ ਵਿਸ਼ਵਾਸ ਹੈ, ਜੇ ਤੁਸੀਂ ਸਫਲਤਾ ਪ੍ਰਾਪਤ ਕਰਨ ਦਾ ਪੱਕਾ ਨਿਸ਼ਚਾ ਕਰ ਲਿਆ ਹੋਇਆ ਹੈ ਤਾਂ ਸਫਲਤਾ ਤੁਹਾਨੂੰ ਅਵਸ਼ ਪ੍ਰਾਪਤ ਹੋਵੇਗੀ ਪਰ ਜੇ ਤੁਹਾਡਾ ਦਿਲ ਕਮਜ਼ੋਰ ਹੈ, ਤੁਹਾਡੇ ਮਨ ਵਿਚ ਸ਼ੰਕੇ ਭਰੇ ਹੋਏ ਹਨ, ਤੁਹਾਡਾ ਨਿਸ਼ਚਾ ਡਾਵਾਂ-ਡੋਲ ਹੈ, ਉੱਦਮ, ਹਿੰਮਤ ਜੋ ਕੁਝ ਤੁਸੀਂ ਕਰ ਰਹੇ ਹੋ ਢਿੱਲੀ ਹੈ ਤਾਂ ਤੁਸੀਂ ਕਦੇ ਵੀ ਸਫਲਤਾ ਦਾ ਮੂੰਹ ਨਹੀਂ ਦੇਖ ਸਕਦੇ।

'ਹਾਇ ਜੇ ਮੈਂ ਅਸਫਲ ਰਿਹਾ ਤਾਂ ਮੇਰਾ ਕੀ ਹਾਲ ਹੋਵੇਗਾ ?? ਇਹੋ ਜੇਹਾ ਡਰਪੋਕਾਂ ਵਾਲਾ ਵਤੀਰਾ, ਇਸ ਪ੍ਰਕਾਰ ਦੀ ਥੋੜ-ਦਿਲੀ ਦਾ ਖ਼ਿਆਲ, ਹੋਰ ਕਾਰਣਾਂ ਦੇ ਟਾਕਰੇ ਵਿਚ, ਬਹੁਤ ਸਾਰੇ ਮਨੁੱਖਾਂ ਦਾ ਜੀਵਨ ਤਬਾਹ ਕਰਨ ਦਾ ਕਾਰਣ ਹੋਏ ਹਨ। ਇਸ ਤੋਂ ਉਲਟ, ਦਲੇਰੀ ਨਾਲ ਸ੍ਵੈ-ਵਿਸ਼ਵਾਸ ਦਾ ਖ਼ਿਆਲ ਦਿਲ ਵਿਚ ਰੱਖਦਿਆਂ ਸਭ ਕੁਝ ਪ੍ਰਾਪਤ ਹੋ ਸਕਦਾ ਹੈ। ਸਾਡੀ ਅਸਫਲਤਾ ਕੇਵਲ ਉਸੇ ਵੇਲੇ ਹੁੰਦੀ ਹੈ ਜਦੋਂ ਸਾਡਾ ਆਪਣੇ ਆਪ ਤੇ ਕਾਬੂ ਨਹੀਂ ਰਹਿੰਦਾ, ਜਾਂ ਜਦੋਂ ਸਾਨੂੰ ਆਪਣੀ ਸਫਲਤਾ ਪ੍ਰਾਪਤ ਕਰਨ ਦੀ ਸ਼ਕਤੀ ਉੱਤੇ ਭਰੋਸਾ ਨਹੀਂ ਰਹਿੰਦਾ। ਜੇ ਸਾਨੂੰ ਆਪਣੇ ਆਪੇ ਉੱਤੇ ਆਪਣੀ ਇੱਛਾ ਅਨੁਸਾਰ ਕੰਮ ਕਰਨ ਦਾ ਕਾਫੀ ਭਰੋਸਾ ਹੋਵੇ ਤਾਂ ਜੋ ਕੁਝ ਕੰਮ ਅਸੀਂ ਕਰ ਚੁਕੇ ਹਾਂ, ਜਾਂ ਇਸ ਵੇਲੇ ਕਰ ਰਹੇ ਹਾਂ, ਉਸ ਤੋਂ ਕਿਤੇ ਵਧੇਰੇ ਅਸੀਂ ਕਰ ਵਿਖਾਈਏ। ਜਿਸ ਮਨੁੱਖ ਵਿਚ ਕੰਮ ਨੂੰ ਆਰੰਭ ਦੇਣ ਦੀ ਦਲੇਰੀ ਹੈ ਉਹਦੇ ਅੰਦਰ ਇਕ ਨਵੀਂ ਤਾਕਤ ਆਪਣੇ ਆਪ ਪੈਦਾ ਹੋ ਜਾਂਦੀ ਹੈ।

ਵਿਸ਼ਵਾਸ ਕਰਕੇ ਹੀ ਅਸੀਂ ਜੀਵਨ ਦੇ ਸਰੋਤ ਨਾਲ ਸਬੰਧ ਪੈਦਾ ਕਰ ਸਕਦੇ ਹਾਂ। ਵਿਸ਼ਵਾਸ ਉਹ ਕੁੰਜੀ ਹੈ ਜਿਦੇ ਨਾਲ ਸ਼ਕਤੀ ਦੇ ਦਰਵਾਜ਼ੇ ਦਾ ਜੰਦਰਾ ਖੁੱਲ ਜਾਂਦਾ ਹੈ। ਇਸ ਨਾਲ ਆਪਣੀ ਮਹਾਨ ਅੰਤਰ-ਆਤਮਾ ਦੇ ਉਹ ਕਪਾਟ ਖੁਲ ਜਾਂਦੇ ਹਨ ਜਿਥੇ ਅਸਲ ਅਸੂਲਾਂ ਦਾ ਵਾਸਾ ਹੈ ਤੇ ਜਿਥੋਂ ਸ਼ਕਤੀ ਪੈਦਾ ਹੁੰਦੀ ਹੈ। ਜੇ ਅਸੀਂ ਕਿਸੇ ਮਨੁੱਖ ਦੇ ਵਿਸ਼ਵਾਸ ਦਾ ਨਾਪ ਤੋਲ ਕਰ ਸਕੀਏ ਤਾਂ ਅਸੀਂ ਠੀਕ ਤਰ੍ਹਾਂ ਨਾਲ ਅਨੁਮਾਨ ਲਾ ਸਕਦੇ ਹਾਂ ਕਿ ਉਹ ਆਪਣੇ ਜੀਵਨ ਵਿਚ ਕਿੰਨਾਂ ਕੁ ਸਫਲ ਹੋਵੇਗਾ।

ਤੁਸੀਂ ਕੀ ਕੁਝ ਕਰ ਸਕਣ ਦੇ ਯੋਗ ਹੈ ? ਇਸ ਦਾ ਅਨੁਮਾਨ ਉਨ੍ਹਾਂ ਗੱਲਾਂ ਤੋਂ ਨਹੀਂ ਲੱਗਦਾ ਜਿਹੜੀਆਂ ਹੋਰ ਲੋਕ ਤੁਹਾਡੇ ਸਬੰਧੀ ਕਰਦੇ ਹਨ ਸਗੋਂ ਇਸ ਦਾ ਅਨੁਮਾਨ ਉਨ੍ਹਾਂ ਉੱਚੇ ਵਿਚਾਰਾਂ ਤੋਂ ਲੱਗਦਾ ਹੈ ਜਿਹੜੇ ਤੁਸੀਂ ਆਪਣੇ ਬਾਰੇ ਆਪਣੇ ਦਿਲ ਵਿਚ ਵਿਚਾਰਦੇ ਹੋ। ਉਹ ਹੀ ਗੱਲ ਤੁਹਾਡੀ ਸ੍ਵੈ-ਉਸਾਰੀ ਲਈ ਸਭ ਤੋਂ ਚੰਗਾ ਨਮੂਨਾ ਹੈ, ਆਦਰਸ਼ ਹੈ, ਜਿਸ ਨੂੰ ਦੇਖ ਦੇਖ ਕੇ ਤੁਸੀਂ ਆਪ ਆਪਣੀ ਉਸਾਰੀ ਕਰ ਸਕਦੇ ਹੋ। ਤੁਹਾਡਾ ਸੱਚਾ ਤੇ ਅਸਲੀ ਆਦਰਸ਼ ਤੁਹਾਨੂੰ ਉਸ ਵੇਲੇ ਦਿਸਦਾ ਹੈ ਜਿਸ ਵੇਲੇ ਤੁਸੀਂ ਵਧੇਰੇ ਆਸ਼ਾਵਾਦੀ ਹੁੰਦੇ ਹੋ। ਉਹ ਹੀਣੀ, ਨਿਕਾਰੀ ਤੇ ਨਿਕੰਮੀ ਸ਼ਕਲ ਤੁਹਾਡੀ ਅਸਲ ਸ਼ਕਲ ਨਹੀਂ ਹੈ ਜਿਸ ਨੂੰ ਤੁਸੀਂ ਭੈੜੇ ਟੁੱਟੇ ਹੌਂਸਲੇ ਤੇ ਨਿਰਾਸ਼ਾ ਦੀ ਐਨਕ ਵਿਚੋਂ ਵੇਖਦੇ ਹੋ।

'ਜਿਹੜੇ ਨਿਕੰਮੇ ਤੇ ਬੇਲੋੜੇ ਫਿਕਰਾਂ ਵਿਚ ਅਸੀਂ ਦਿਨੇ ਰਾਤੀ ਪਏ ਰਹਿੰਦੇ ਹਾਂ ਤੇ ਕਈ ਵਾਰੀ ਅਜੇਹੇ ਫਿਕਰ ਆਪਣੇ ਲਈ ਆਪ ਪੈਦਾ ਕਰ ਲੈਂਦੇ ਹਾਂ, ਉਨ੍ਹਾਂ ਕੋਲੋਂ ਵਧੇਰੀ ਸੋਚਣ ਲਾਇਕ ਹੋਰ ਕੋਈ ਗੱਲ ਸਾਡੇ ਜੀਵਨ ਵਿਚ ਨਹੀਂ ਹੈ।' ਇਹ ਕਥਨ ਬੈਂਜਮਨ ਡਿਜ਼ਰੋਲੀ ਦਾ ਹੈ ਜਿਸ ਨੇ ਇੰਗਲਿਸਤਾਨ ਦੇ ਪਰਧਾਨ ਮੰਤਰੀ ਦੀ ਪਦਵੀ ਅਜੇਹੀਆਂ ਮੁਸ਼ਕਲਾਂ ਦੇ ਹੁੰਦਿਆਂ ਵੀ ਪ੍ਰਾਪਤ ਕੀਤੀ ਜਿਨ੍ਹਾਂ ਕਰਕੇ ਡਰਪੋਕ, ਘੱਟ ਯਕੀਨ ਵਾਲਾ ਤੇ ਘਾਬਰ ਜਾਣ ਵਾਲਾ ਕੋਈ ਮਨੁੱਖ ਐਵੇਂ ਹੀ

ਮਰ ਜਾਂਦਾ। ਇਸ ਬੈਂਜਮਨ ਡਿਜ਼ਰੇਲੀ ਨੂੰ ਆਪਣੇ ਆਪ ਤੇ ਅਜੇਹਾ ਅਟਲ ਵਿਸ਼ਵਾਸ ਸੀ ਕਿ ਇਹ ਯਹੂਦੀ ਹੁੰਦਾ ਹੋਇਆ ਇੰਗਲਿਸਤਾਨ ਦੇ ਵੱਡੇ ਤੋਂ ਵੱਡੇ ਅਹੁਦੇ ਤੇ ਪੁੱਜਾ ਜਿਹੜਾ ਮਲਕਾ ਵਿਕਟੋਰੀਆ ਤੋਂ ਦੂਜੇ ਦਰਜੇ ਤੇ ਸੀ। ਮਲਕਾ ਵਿਕਟੋਰੀਆ ਉਸ ਨੂੰ ਆਪਣਾ ਖਾਸ ਮਿੱਤਰ ਸਮਝਦੀ ਸੀ।

ਇਹਨੂੰ ਉਸ ਵੇਲੇ ਮਲਕਾ ਨੇ ਅਰਲ ਆਫ ਬੀਕਨਜ਼-ਫੀਲਡ ਬਣਾ ਦਿੱਤਾ। ਇਹ ਸ੍ਵੈ-ਵਿਸ਼ਵਾਸ ਦੀ ਕਰਾਮਾਤਾਂ ਕਰ ਦਿਖਾਉਂਣ ਵਾਲੀ ਜ਼ਬਰਦਸਤ ਸ਼ਕਤੀ ਦੀ ਇਕ ਸ਼ਾਨਦਾਰ ਮਿਸਾਲ ਹੈ ਤੇ ਇਸ ਯਕੀਨ ਦਾ ਦ੍ਰਿਸ਼ਟਾਂਤ ਹੈ ਕਿ ਹਰ ਮਨੁੱਖ ਵੱਡੇ ਵੱਡੇ ਕੰਮ ਕਰਨ ਲਈ ਤਾਕਤ ਤੇ ਰਸੂਖ ਵਾਲਾ ਬਣਨ ਲਈ ਪੈਦਾ ਹੋਇਆ ਹੈ। ਨਿਰਾਸ਼ਾ, ਅਸਵੱਲਤਾ, ਟਿਚਕਰਾਂ ਆਦਿ ਦੀਆਂ ਸੱਟਾਂ ਸਹਿੰਦੀਆਂ ਹੋਇਆ ਵੀ ਇਸ ਨਵਯੁਵਕ ਯਹੂਦੀ ਨੇ ਸ੍ਵੈ-ਵਿਸ਼ਵਾਸ ਨੂੰ ਹੱਥੋਂ ਨਾ ਛੱਡਿਆ ਤੇ ਇੰਗਲਿਸਤਾਨ ਦਾ ਮਸ਼ਹੂਰ ਰਾਜਸੀ ਆਗੂ ਬਣਨ ਦਾ ਮਨੋਰਥ, ਜਿਹੜਾ ਇਸ ਨੇ ਆਪਣੇ ਮਨ ਵਿਚ ਧਾਰਿਆ ਹੋਇਆ ਸੀ, ਉਸ ਤੋਂ ਕਦੇ ਇੱਧਰ ਉੱਧਰ ਨਾ ਹੋਇਆ।

ਸਫਲ ਮਨੁੱਖ ਵਿਚ ਭਾਵੇਂ ਹੋਰ ਘਾਟੇ ਕਮਜ਼ੋਰੀਆਂ ਜਾਂ ਊਣਤਾਈਆਂ ਕਿੰਨੀਆਂ ਹੀ ਰਹੀਆਂ ਹੋਣ ਪਰ ਉਨ੍ਹਾਂ ਵਿਚ ਆਪਣੇ ਹੱਥ ਵਿਚ ਲਏ ਹੋਏ ਕੰਮਾਂ ਨੂੰ ਪੂਰਾ ਕਰਨ ਦੀ ਯੋਗਤਾ ਦਾ ਬੜਾ ਜ਼ਬਰਦਸਤ ਭਰੋਸਾ ਹੁੰਦਾ ਹੈ।

ਅਮਰੀਕਾ ਦਾ ਝੰਡਾ ਅਮਰੀਕਨਾਂ ਨੂੰ ਕਹਿੰਦਾ ਹੈ— 'ਅਮਰੀਕਨ ਲੋਕੋ ਜੋ ਕੁਝ ਤੁਸਾਂ ਮੈਨੂੰ ਬਣਾ ਦਿੱਤਾ ਹੈ, ਮੈਂ ਉਹੋ ਕੁਝ ਬਣ ਗਿਆ ਮੇਰੇ ਵਿਚ ਉਂਨੀ ਹੀ ਵਡੱਤਣ ਹੈ ਜਿੰਨਾਂ ਮੇਰੇ ਵਿਚ ਹੋਣ ਦਾ ਤੁਹਾਨੂੰ ਯਕੀਨ ਹੈ, ਉਸ ਤੋਂ ਜ਼ਰਾ ਵੀ ਵਧੇਰੀ ਨਹੀਂ। ਮੇਰਾ ਮਾਣ ਉਨਾਂ ਹੀ ਹੈ ਜਿੰਨਾਂ ਤੁਸੀਂ ਖ਼ਿਆਲ ਕਰਦੇ ਹੋ। ਮੈਂ ਤੁਹਾਡੇ ਅੰਦਾਜ਼ੇ ਤੋਂ ਕਿਸੇ ਹਾਲਤ ਵਿਚ ਵਧ ਨਹੀਂ ਸਕਦਾ। ਮੇਰੇ ਬਾਰੇ ਜੋ ਕੁਝ ਤੁਹਾਡਾ ਖ਼ਿਆਲ ਹੈ ਮੈਂ ਉਹੋ ਕੁਝ ਹਾਂ। ਮੈਂ ਤੁਹਾਡੇ ਆਪਣੇ ਸਬੰਧੀ ਖਿਆਲਾਂ ਦੀ ਤਸਵੀਰ ਹਾਂ। ਜੇ ਤੁਹਾਨੂੰ ਮਨੁੱਖੀ ਸੁਤੰਤਰਤਾ, ਜਮਹੂਰੀਅਤ ਤੇ ਮਨੁੱਖੀ ਹੱਕਾਂ ਦੀ ਬਹੁਤ

ਵਧੇਰੀ ਕਦਰ ਹੈ ਤਾਂ ਮੇਰਾ ਮਤਲਬ ਵੀ ਇਹੋ ਜ਼ਾਹਿਰ ਹੁੰਦਾ ਹੈ ਤੇ ਉਸੇ ਮਨੋਰਥ ਦਾ ਮੈਂ ਨਮੂਨਾ ਹਾਂ। ਬਸ ਮੈਂ ਉਹੋ ਕੁਝ ਹਾਂ ਜੋ ਕੁਝ ਤੁਸੀਂ ਮੈਨੂੰ ਖ਼ਿਆਲ ਕਰਦੇ ਹੋ।

ਇਹੋ ਗੱਲ ਸਾਡੇ ਆਪਣੇ ਆਪੇ ਦੇ ਸਬੰਧ ਵਿਚ ਠੀਕ ਹੈ। ਅਸੀਂ ਆਪਣੀ ਯੋਗਤਾ ਆਪਣੇ ਹੁਨਰ, ਆਪਣੀ ਕੰਮ ਆਰੰਭ ਕਰਨ ਦੀ ਸ਼ਕਤੀ ਦੇ ਅਨੁਮਾਨਾਂ ਸਬੰਧੀ ਜੇਹੋ ਜੇਹਾ ਨਕਸ਼ਾ ਆਪਣੇ ਅਚੇਤ ਮਨ ਉੱਤੇ ਚਿਤਰਦੇ ਹਾਂ ਉਸੇ ਨੂੰ ਹੀ ਅਸੀਂ ਜੀਵਨ ਵਿਚ ਰੂਪਮਾਨ ਕਰਦੇ ਹਾਂ। ਉਸੇ ਹੀ ਤਰ੍ਹਾਂ ਅਸੀਂ ਨਾ ਕੇਵਲ ਆਪਣੇ ਸਾਹਮਣੇ ਸਗੋਂ ਦੂਜਿਆਂ ਦੇ ਵੀ ਸਾਹਮਣੇ ਪੇਸ਼ ਹਾਂ। ਜੇਹੋ ਜੇਹੀ ਤਸਵੀਰ ਤੁਹਾਡੇ ਸਬੰਧ ਵਿਚ ਦੂਜੇ ਮਨੁੱਖ ਆਪਣੇ ਦਿਲ ਵਿਚ ਬਣਾਉਂਦੇ ਹਨ ਉਹ ਅਸਲ ਵਿਚ ਉਹੋ ਜੇਹੀ ਹਸਤੀ ਦੀ ਤਸਵੀਰ ਹੁੰਦੀ ਹੈ ਜੇਹੋ ਜੇਹੀ ਤੁਸੀਂ ਆਪਣੇ ਆਪ ਨੂੰ ਯਕੀਨ ਕਰਦੇ ਹੋ; ਤੇ ਜੇਹੋ ਜੇਹੀ ਤੁਹਾਡੀ ਤਸਵੀਰ ਦੂਜੇ ਲੋਕ ਆਪਣੇ ਮਨਾਂ ਵਿਚ ਉਲੀਕਦੇ ਹਨ ਉਸ ਦੇ ਪ੍ਰਤਿਕਰਮ ਵਜੋਂ ਤੁਸੀ ਮਾਨਸਿਕ ਤੌਰ ਤੇ ਆਪਣਾ ਮਨੋ-ਚਿਤਰ ਬਣਾਉਂਦੇ ਅਤੇ ਆਪਣੀਆਂ ਸਮਰੱਥਾਵਾਂ ਸਬੰਧੀ ਅਨੁਮਾਨਾਂ ਨੂੰ ਤੱਕੜਿਆ ਕਰਦੇ ਹੋ।

ਸੰਸਾਰ ਮਨੁੱਖਾਂ ਨੂੰ ਕਈ ਸ਼ਰੇਣੀਆਂ ਵਿਚ ਵੰਡਦਾ ਹੈ ਤੇ ਇਹ ਵੰਡ ਉਨ੍ਹਾਂ ਦੇ ਆਪਣੇ ਆਪੇ ਉੱਤੇ ਵਿਸ਼ਵਾਸ, ਆਪਣੇ ਮਨੋਰਥ ਵਿਚ ਵਿਸ਼ਵਾਸ ਤੇ ਆਪਣੇ ਜ਼ੁੰਮੇ ਲਏ ਕੰਮ ਤੇ ਵਿਸ਼ਵਾਸ ਅਨੁਸਾਰ ਹੋਇਆ ਕਰਦੀ ਹੈ। ਜਿਸ ਵਿਚ ਸ੍ਵੈ-ਵਿਸ਼ਵਾਸ ਦੀ ਘਾਟ ਹੈ ਉਹ ਦੂਜਿਆਂ ਵਿਚ ਕੋਈ ਵਿਸ਼ਵਾਸ ਨਹੀ ਹਲੂਣ ਸਕਦਾ।

ਮਨੁੱਖੀ ਸੁਭਾ ਵਿਚ ਵਿਸ਼ਵਾਸ ਦਾ ਮਨੋਵਿਗਆਨ ਵੀ ਇਕ ਸੁਆਦਲਾ ਵਿਸ਼ਾ ਹੈ। ਵਿਸ਼ਵਾਸ ਇਕ ਆਤਮਕ ਸ਼ਕਤੀ ਹੈ ਜਿਹੜੀ ਲਾਮ-ਡੋਰੀ ਦਾ ਕੰਮ ਦਿੰਦੀ ਹੈ ਤੇ ਅੱਗੇ ਵਧਣ ਲਈ ਰਾਹ ਦਿਖਾਉਂਦੀ ਹੈ। ਇਹ ਇਕ ਜਰਨੈਲ ਹੈ ਜਿਹੜਾ ਫੌਜ ਦੇ ਸਿਪਾਹੀਆਂ ਨੂੰ ਉਤਸ਼ਾਹ ਦਿੰਦਾ ਰਹਿੰਦਾ ਹੈ। ਇਹ ਇਕ ਕਮਾਂਡਰ ਹੈ ਜੋ ਉੱਚੇ ਤੋਂ ਉੱਚੇ ਸਰੋਤ ਤੋਂ ਆਪਣੇ ਵਾਇਰਲੈੱਸ ਰਾਹੀਂ ਸੁਨੇਹੇ ਲੈਂਦਾ ਹੈ।

ਮਾਨਸਿਕ ਬਾਦਸ਼ਾਹੀ ਵਿਚ ਵਿਸ਼ਵਾਸ ਦਾ ਕੰਮ ਨਪੋਲੀਅਨ ਵਾਂਙ ਹੈ। ਬਾਕੀ ਸਾਰੀਆਂ ਸ਼ਕਤੀਆਂ ਨਪੋਲੀਅਨ ਦੀ ਫੌਜ ਦੇ ਸਿਪਾਹੀਆਂ ਵਾਂਙ ਹਨ। ਜਦੋਂ ਉਨ੍ਹਾਂ ਨੂੰ ਆਪਣੇ ਸਰਦਾਰ ਵਿਚ ਭਰੋਸਾ ਹੁੰਦਾ ਹੈ ਤਾਂ ਉਨ੍ਹਾਂ ਦਾ ਬਲ ਕਈ ਗੁਣਾਂ ਵੱਧ ਜਾਂਦਾ ਹੈ। ਮਾਨਸਿਕ ਸ਼ਕਤੀਆਂ ਅੰਤ ਤੀਕ ਵਿਸ਼ਵਾਸ ਦੇ ਪਿੱਛੇ ਲੱਗ ਕੇ ਕੰਮ ਕਰਦੀਆਂ ਹਨ। ਜਦੋਂ 'ਵਿਸ਼ਵਾਸ ਡੋਲ ਜਾਂਦਾ ਹੈ ਤੇ ਸ਼ੰਕੇ ਉਹਦੀ ਥਾਂ ਲੈ ਲੈਂਦੇ ਹਨ ਤਾਂ ਬਸ ਫੇਰ ਜੀਵਨ ਦਾ ਖੇਲ ਖਤਮ ਹੀ ਹੋ ਜਾਂਦਾ ਹੈ ਤੇ ਜੀਵਨ ਉਤਸ਼ਾਹਹੀਣ ਹੋ ਜਾਂਦਾ ਹੈ। ਜਿਹੜਾ ਮਨੁੱਖ ਖ਼ਿਆਲ ਕਰਦਾ ਹੈ ਉਹ ਫਲਾਣੇ ਕੰਮ ਨੂੰ ਕਰ ਸਕਦਾ ਹੈ ਉਹ ਜ਼ਰੂਰ ਕਰ ਸਕਦਾ ਹੈ। ਜਿਹੜਾ ਖ਼ਿਆਲ ਕਰਦਾ ਹੈ ਕਿ ਉਹ ਨਹੀਂ ਕਰ ਸਕਦਾ, ਉਹ ਕਦੇ ਵੀ ਨਹੀਂ ਕਰ ਸਕਦਾ। ਜਿੰਨਾਂ ਕੁ ਵਿਸ਼ਵਾਸ ਕਿਸੇ ਮਨੁੱਖ ਨੂੰ ਆਪਣੇ ਆਪ ਅਤੇ ਜੀਵਨ ਦੇ ਮਨੋਰਥ ਤੇ ਹੈ, ਉਸ ਤੋਂ ਅੱਗੇ ਉਹ ਕਦੇ ਨਹੀਂ ਵੱਧ ਸਕਦਾ। ਹਰ ਵੱਡੇ ਕੰਮ ਵਿਚ ਸ੍ਵੈ-ਵਿਸ਼ਵਾਸ ਅਗਵਾਈ ਕਰਦਾ ਹੈ। ਜਦੋਂ ਸਾਰੇ ਮਨੁੱਖ ਕਿਸੇ ਕੰਮ ਨੂੰ ਅਸੰਭਵ ਜਾਣ ਕੇ ਚੁੱਪ ਹੋ ਜਾਂਦੇ ਹਨ ਤਾਂ ਵਿਸ਼ਵਾਸ ਦੇ ਆਸਰੇ ਵਾਲਾ ਮਨੁੱਖ ਮਨੋਰਥ ਦੀ ਪਰਾਪਤੀ ਕਰ ਲੈਂਦਾ।

ਵਿਸ਼ਵਾਸ ਕਰਕੇ ਸਾਡਾ ਸਬੰਧ ਅਨੰਤ-ਸ਼ਕਤੀ ਦੇ ਨਾਲ ਜੁੜ ਜਾਂਦਾ ਹੈ ਤੇ ਇਉਂ ਸਾਡੇ ਸਾਹਮਣੇ ਅਨੰਤ ਸਭਾਵਨਾਵਾਂ ਤੇ ਸਫਲਤਾਵਾਂ ਦਾ ਰਾਹ ਖੁੱਲ ਜਾਂਦਾ ਹੈ। ਵਿਸ਼ਵਾਸ ਵਾਲਾ ਮਨੁੱਖ ਨਿਰੇ ਅੰਦਾਜ਼ੇ ਨਹੀਂ ਲਾਇਆ ਕਰਦਾ। ਉਹਨੂੰ ਠੀਕ ਠੀਕ ਗਿਆਨ ਹੋ ਜਾਂਦਾ ਹੈ, ਕਿਉਂ ਕਿ ਉਸ ਨੂੰ ਅਗਲੇਰਾ ਰਾਹ ਸਾਫ਼ ਸਾਫ਼ ਦਿਸ ਰਿਹਾ ਹੁੰਦਾ ਹੈ। ਵਿਸ਼ਵਾਸ ਇਕ ਅਜੇਹੀ ਵਸਤੂ ਹੈ ਜਿਸ ਤੇ ਸਾਨੂੰ ਭਰੋਸਾ ਹੈ ਕਿ ਇਹ ਸਾਨੂੰ ਕੁਰਾਹੇ ਨਹੀਂ ਪਾਏਗਾ।

ਸਾਡਾ ਵਿਸ਼ਵਾਸ ਕੋਈ ਖਿਆਲੀ ਗੱਲ ਹੀ ਨਹੀਂ ਸਗੋਂ ਇਕ ਨਿੱਗਰ ਕਿਸਮ ਦੀ ਚੀਜ਼ ਹੈ। ਇਸ ਵਿਚ ਮਹਾਨ ਉਪਜਾਊ ਸ਼ਕਤੀ ਹੈ। ਸੇਂਟ ਪਾਲ ਨੇ ਇਸ

ਮਹਾਨ ਸ਼ਕਤੀ ਨੂੰ ਦ੍ਰਿੜ੍ਹ ਵਿਸ਼ਵਾਸ ਦੇ ਪਿੱਛੇ ਕੰਮ ਕਰਦਿਆਂ ਦੇਖ ਲਿਆ ਸੀ। ਇਸੇ ਕਾਰਣ ਉਸ ਨੇ ਕਿਹਾ 'ਵਿਸ਼ਵਾਸ ਆਸ ਕੀਤੀਆਂ ਚੀਜ਼ਾਂ ਦਾ ਮੂਲ ਹੁੰਦਾ ਹੈ।

ਸੇਂਟ ਪਾਲ ਦੇ ਵਿਸ਼ਵਾਸ ਦੀ ਅਦਭੁਤ ਸ਼ਕਤੀ 'ਤੇ ਜ਼ਰਾ ਵਿਚਾਰ ਕਰੋ। ਇਸ ਵਿਸ਼ਵਾਸ ਨੇ ਉਹਦੀ ਨੱਸ ਨੱਸ ਤੇ ਅਸਰ ਕੀਤਾ ਹੋਇਆ ਸੀ ਉਹਦੀਆਂ ਨਾੜਾਂ ਦੇ ਖ਼ੂਨ ਦਾ ਇਕ ਇਕ ਕਤਰਾ ਉਸ ਨੂੰ ਦ੍ਰਿੜ ਮਨੋਰਥ ਵੱਲ ਤੇਜ਼ੀ ਨਾਲ ਖਿਚੀ ਜਾ ਰਹੀ ਸੀ। ਉਹ ਮਨੋਰਥ ਸੀ ਸਾਰੀ ਦੁਨੀਆ ਨੂੰ ਹੀ ਈਸਾਈ ਬਣਾ ਲੈਣਾ। ਇਹੋ ਹਾਲ ਮਾਰਟਨ ਲੂਥਰ ਦਾ ਸੀ ਸੰਸਾਰ ਦੀ ਕੋਈ ਸ਼ਕਤੀ ਜਾਂ ਅਸਰ ਲੂਥਰ ਨੂੰ ਆਪਣੇ ਮਹਾਨ ਮਨੋਰਥ ਤੋਂ ਹਿਲਾ, ਨਹੀਂ ਸਕਦਾ ਸੀ। ਜਦ ਉਸ ਨੇ ਆਪਣੇ ਮਜ਼ਮੂਨਾਂ ਦੇ ਇਸ਼ਤਿਹਾਰ ਗਿਰਜੇ ਦੇ ਦਰਵਾਜ਼ੇ ਤੇ ਲਾਏ ਤਾਂ ਉਸ ਦਾ ਮਤਲਬ ਇਹੋ ਸੀ ਕਿ ਭਾਵੇਂ ਜਾਨ ਵੀ ਚਲੀ ਜਾਵੇ, ਉਹ ਮੈਦਾਨ ਤੋਂ ਨਹੀਂ ਹਟੇਗਾ।

ਜਿੰਨੇ ਕਰੜੇ ਹਮਲੇ ਈਸਾਈ ਮੌਤ ਤੇ ਹੋਏ ਹਨ, ਜਿੰਨਾਂ ਜਾਨ ਹੂਲਵਾਂ ਜਹਾਦ ਇਸ ਦੇ ਵਿਰੁੱਧ ਖੜਾ ਕੀਤਾ ਗਿਆ ਹੈ, ਜਿੰਨਾਂ ਗੰਦ ਮੰਦ ਈਸਾਈ ਧਰਮ ਦੀ ਸ਼ਾਨ ਵਿਚ ਕਹਿਆ ਗਿਆ ਹੈ ਉਨਾਂ ਕੁਝ ਸ਼ਾਇਦ ਹੀ ਕਿਸੇ ਹੋਰ ਧਰਮ ਵਿਰੁੱਧ ਹੋਇਆ ਹੋਵੇ। ਸੰਸਾਰ ਵਿਚ ਕੋਈ ਧਾਰਮਿਕ ਪੁਸਤੱਕ ਅਜੇਹੀ ਨਹੀਂ ਛਪੀ ਜਿਸ ਨੂੰ ਨਿੰਦਣ ਦੀ ਇੰਨੀ ਕੋਸ਼ਿਸ਼ ਕੀਤੀ ਗਈ ਹੋਵੇ ਜਿੰਨੀ ਅੰਜੀਲ ਵਿਰੁੱਧ ਕੀਤੀ ਗਈ ਹੈ ਪਰ ਫੇਰ ਵੀ ਜਿੰਨੀ ਵਿਕਰੀ ਇਸ ਦੀ ਹੋਈ ਹੈ, ਉਂਨੀ ਹੋਰ ਕਿਸੇ ਕਿਤਾਬ ਦੀ ਨਹੀਂ ਹੋਈ। ਵਰਤਮਾਨ ਕਾਲ ਵਿਚ ਵਧੇਰੀਆਂ ਵਿਕਣ ਵਾਲੀਆਂ ਪੁਸਤਕਾਂ ਵੀ ਇਸ ਪੁਸਤੱਕ ਦਾ ਟਾਕਰਾ ਨਹੀਂ ਕਰ ਸਕਦੀਆਂ ਜਿਸ ਨੂੰ ਦੁਨਿਆ ਨੇ ਤਬਾਹ ਕਰਨ ਦੇ ਇੰਨੇ ਜਤਨ ਕੀਤੇ ਹਨ। ਇਹ ਕੇਵਲ ਵਿਸ਼ਵਾਸ ਕਰਕੇ ਹੀ ਹੈ ਕਿ ਅੱਜ ਤੱਕ ਈਸਾਈ ਫਲਸਫ਼ੇ ਦੀ ਇਹ ਪੁਸਤੱਕ ਇੰਨੇ ਭਿਆਨਕ ਹਮਲੇ ਹੁੰਦਿਆਂ ਹੋਇਆਂ ਵੀ ਬਚੀ ਆ ਰਹੀ ਹੈ।

ਵਿਸ਼ਵਾਸ ਦੇ ਸਹਾਰੇ ਹੀ ਈਸਾਈ ਮਤ ਕਾਇਮ ਹੋਇਆ ਹੈ ਤੇ ਏਸੇ ਦੇ ਸਦਕੇ ਹਜ਼ਰਤ ਈਸਾ ਦੀ ਇਹ ਮਹਾਨ ਸਿੱਖਿਆ ਉਸ ਰੋਮਨ ਸਲਤਨਤ ਦੇ ਵਿਰੋਧੀ ਹੱਥੋਂ ਵੀ ਬਚੀ ਰਹੀ ਸੀ ਜਿਹੜੀ ਉਸ ਵੇਲੇ ਆਪਣੇ ਪੂਰੇ ਜੋਬਨ ਤੇ ਸੀ ਅਤੇ ਈਸਾਈ ਮੱਤ ਨੂੰ ਕੁਚਲਣ ਉੱਤੇ ਤੁਲੀ ਹੋਈ ਸੀ। ਜ਼ਰਾ ਇਹ ਨਜ਼ਾਰਾ ਆਪਣੀਆਂ ਅੱਖਾਂ ਸਾਹਮਣੇ ਲਿਆਉ ਕਿ ਇਕ ਪਾਸੇ ਤਾਂ ਹਜ਼ਰਤ ਈਸਾ ਤੇ ਉਨ੍ਹਾਂ ਦੇ ਥੋੜੇ ਜੇਹੇ ਚੇਲੇ ਸਨ, ਤੇ ਦੂਜੇ ਪਾਸੇ ਮਹਾਨ ਰੋਮਨ ਸਲਤਨਤ, ਜਿਹੜੀ ਉਨ੍ਹਾਂ ਨੂੰ ਮਿਟਾ ਦੇਣ ਤੇ ਕਮਰ ਕੱਸੀ ਖਲੋਤੀ ਹੋਈ ਸੀ। ਪਰ ਮਹਾਨ ਸਲਤਨਤ ਮਿੱਟੀ ਵਿਚ ਮਿਲ ਗਈ ਤੇ ਹਜ਼ਰਤ ਈਸਾ ਦੀ ਸਿੱਖਿਆ ਤੇ ਉਨ੍ਹਾਂ ਦਾ ਕਾਇਮ ਕੀਤਾ ਹੋਇਆ ਮੱਤ ਦੂਰੇ ਦੁਰੇਡੇ ਤੱਕ ਫੈਲ ਗਿਆ।

ਖ਼ਿਆਲ ਕਰੋ ਕਿ ਸ਼ੁਰੂ ਸ਼ੁਰੂ ਵਿਚ ਈਸਾਈਆਂ ਦਾ ਇਕ ਛੋਟਾ ਜੇਹਾ ਟੋਲਾ ਬਿਨਾਂ ਹਥਿਆਰ, ਬਿਨਾਂ ਕਿਸੇ ਸਹਾਇਤਾ ਦੇ ਪ੍ਰਾਚੀਨ ਰੋਮ ਦੀ ਤਾਕਤ ਦੇ ਮੁਕਾਬਲੇ ਵਿਚ ਖੜਾ ਹੈ। ਜਿਹੜੀਆਂ ਤੱਕਲੀਫਾਂ ਇਨ੍ਹਾਂ ਨੂੰ ਦਿੱਤਿਆਂ ਜਾਂਦੀਆਂ ਸਨ ਉਨ੍ਹਾਂ ਦਾ ਹਾਲ ਸੁਣ ਸੁਣ ਕੇ ਲੂੰ ਕੰਡੇ ਖਲੋ ਜਾਂਦੇ ਹਨ। ਅਖਾੜੇ ਵਿਚ ਉਨ੍ਹਾਂ ਨੂੰ ਸੁੱਟ ਦਿੱਤਾ ਜਾਂਦਾ ਸੀ ਤਾਂ ਜੋ ਹਿੰਸਕ ਜਾਨਵਰ ਉਨ੍ਹਾਂ ਦੀਆਂ ਬੋਟੀਆਂ ਬੋਟੀਆਂ ਕਰਨ। ਉਨ੍ਹਾਂ ਨੂੰ ਤਾਰਕੋਲ ਦੇ ਹੌਜ਼ਾਂ ਵਿਚ ਡੋਬਿਆ ਜਾਂਦਾ ਸੀ ਫੇਰ ਉਨ੍ਹਾਂ ਦੇ ਸਰੀਰ ਨੂੰ ਅੱਗ ਲਾ ਕੇ ਨੀਰੋ ਦੇ ਮਹਿਲ ਦੇ ਸਾਹਮਣੇ ਝੀਲ ਵਿਚ ਚਾਨਣ ਕਰਨ ਲਈ ਮਸਾਲਾਂ ਵਾਂਙ ਵਰਤਿਆ ਜਾਂਦਾ ਸੀ। ਅਜੇਹੇ ਕਸ਼ਟ ਉਹ ਸਹਿ ਲੈਂਦੇ ਤੇ ਮੂੰਹ ਵਿਚੋਂ ਹਾਇ ਤੱਕ ਨਾ ਕੱਢਦੇ। ਜਰਾ ਧਿਆਨ ਕਰੋ, ਉਹ ਕੀ ਚੀਜ਼ ਸੀ ਜਿਹੜੀ ਇਨ੍ਹਾਂ ਮਰਦਾਂ ਤੋਂ ਤੀਵੀਆਂ ਨੂੰ ਇਹੋ ਜੇਹੇ ਬਲਵਾਨ ਲੋਕਾਂ ਦੇ ਟਾਕਰੇ ਵਿਚ ਅਡੋਲ ਰੱਖਦੀ ਹੈ ? ਉਹ ਵਿਸ਼ਵਾਸ ਹੈ ਤੇ ਵਿਸ਼ਵਾਸ ਵੀ ਅਜੇਹਾ ਦ੍ਰਿੜ ਜਿਸ ਨੂੰ ਸੰਸਾਰ ਦੀ ਕੋਈ ਤਾਕਤ ਹਿਲਾ ਨਹੀਂ ਸਕਦੀ।

ਕੀ ਤੁਸੀਂ ਖ਼ਿਆਲ ਕਰਦੇ ਹੋ ਕਿ ਉਸ ਦੇਵੀ ਸੁਗੰਧੀ ਵਾਲੇ ਮਹਾਨ ਵਿਸ਼ਵਾਸ ਤੋਂ ਬਿਨਾਂ ਇਹ ਈਸਾਈ ਸ਼ਹੀਦ ਸ਼ਾਂਤੀ ਨਾਲ ਸੂਲੀ ਤੇ ਚੜ੍ਹ ਜਾਂਦੇ ਤੇ ਬਿਨਾਂ ਡੋਲਣ ਦੇ ਆਪਣੇ ਈਮਾਨ ਦਾ ਐਲਾਨ ਕਰ ਸਕਦੇ, ਖਾਸ ਕਰ ਉਸ ਵੇਲੇ ਜਦ ਕਿ ਅੱਗ ਦੀਆਂ ਲਾਟਾਂ ਉਨ੍ਹਾਂ ਦੀਆਂ ਹੱਡਿਆਂ ਤੋਂ ਮਾਸ ਤੇ ਚੰਮ ਨੂੰ ਸਾੜ ਰਹੀਆਂ ਹੋਣ ? ਕਦੇ ਨਹੀਂ।

ਕੌਣ ਹੈ ਜਿਹੜਾ ਉਨ੍ਹਾਂ ਕਰਾਮਾਤਾਂ ਦੀ ਗਿਣਤੀ ਕਰ ਸਕੇ ਜਿਹੜੀਆਂ ਵਿਸ਼ਵਾਸ ਨੇ ਮਨੁੱਖੀ ਇਤਹਾਸ ਵਿਚ ਕਰ ਵਿਖਾਈਆਂ ਹਨ। ਇਹ ਵਿਸ਼ਵਾਸ ਦਾ ਹੀ ਚਮਤਕਾਰਾ ਹੈ ਕਿ ਇੰਨੀਆਂ ਵੱਡੀਆਂ ਵੱਡੀਆਂ ਕਾਢਾਂ ਇਸ ਸੰਸਾਰ ਵਿਚ ਹੋਈਆਂ।

ਕਸ਼ਟਾਂ, ਕੁਰਬਾਨੀਆਂ, ਮਿਹਨਤ, ਮੁਸ਼ੱਕਤ, ਤੇ ਦਿਲ ਨੂੰ ਤੋੜ ਦੇਣ ਵਾਲੀਆਂ ਵਰ੍ਹਿਆਂ ਦੀਆਂ ਲੰਮੀਆਂ ਉਡੀਕਾਂ, ਜਿਨ੍ਹਾਂ ਦੇ ਭਾਰ ਥੱਲੇ ਸੈਂਕੜੇ ਕਾਢਕਾਰਾਂ ਨੂੰ ਰਹਿਣਾ ਪਿਆ, ਮਨੁੱਖ ਦੇ ਕਿਆਸ ਤੋਂ ਵੀ ਪਰੇ ਹਨ। ਉਨ੍ਹਾਂ ਦੀ ਇਸ ਅਲੌਕਿਕ ਸਹਿਣ-ਸ਼ਕਤੀ ਦੀ ਨੀਂਹ ਕੇਵਲ ਉਹਨਾਂ ਦਾ ਆਪਣੀ ਤਾਕਤ ਤੇ ਸਫਲਤਾ ਤੇ ਭਰੋਸਾ ਸੀ। ਉਹ ਲੋਕ ਉਸ ਆਵਾਜ਼ ਨਾਲ ਪੂਰੀ ਪੂਰੀ ਵਫਾਦਾਰੀ ਕਰਦੇ ਸਨ, ਜਿਹੜੀ ਉਨ੍ਹਾਂ ਦੇ ਮਹਾਨ ਅੰਤਰ- ਆਤਮਾ ਵਿਚੋਂ ਉਠਦੀ ਸੀ ਤੇ ਇਹ ਉਹੀ ਆਵਾਜ਼ ਸੀ ਜਿਸ ਨੂੰ ਦੂਜੇ ਲੋਕ ਨਾ ਹੀ ਸਮਝ ਸਕਦੇ ਸਨ ਤੇ ਨਾ ਹੀ ਉਸ ਦੀ ਕਦਰ ਕਰ ਸਕਦੇ ਸਨ।

ਜਿਹੜੀ ਆਵਾਜ਼ ਆਦਮੀ ਦੇ ਅੰਦਰੋਂ ਉਠਦੀ ਹੈ, ਜਿਹੜਾ ਵਿਸ਼ਵਾਸ ਮਨ-ਇੱਛਤ ਚੀਜ਼ਾਂ ਦੀ ਜਿੰਦ ਜਾਨ ਹੈ, ਅਦਿਖ ਚੀਜ਼ਾਂ ਦੀ ਸ਼ਹਾਦਤ, ਪ੍ਰਾਪਤ ਹੋ ਸਕਣ ਵਾਲੀਆਂ ਚੀਜ਼ਾਂ ਦੀ ਅਸਲੀਅਤ ਤੇ ਹਕੀਕਤ ਦੀ ਜਿਹੜੀ ਪੇਸ਼ੀਨਗੋਈ ਹੈ, ਉਸ ਆਵਾਜ, ਉਸ ਵਿਸ਼ਵਾਸ, ਉਸ ਸਹਾਦਤ ਤੇ ਉਸ ਪੇਸ਼ੀਨਗੋਈ ਵਿਚ ਜਿੰਨਾਂ ਕੁ ਭਰੋਸਾ ਮਨੁੱਖ ਦੇ ਦਿਲ ਵਿਚ ਹੁੰਦਾ ਹੈ ਉਸੇ ਅਨੁਸਾਰ ਹੀ ਉਹ ਮਨੁੱਖ ਆਦਰਸ਼ਕ

ਕੰਮ ਕਰਨ ਵਿਚ ਸਫਲ ਹੋ ਸਕਦਾ ਹੈ। ਇਸ ਸ਼ਾਨਦਾਰ ਭਰੋਸੇ ਸਦਕੇ ਹੀ ਹੌਲੀ ਹੌਲੀ ਮਨੁੱਖ ਜਾਤੀ ਵਹਿਸ਼ੀ ਅਵਸਥਾ ਵਿਚੋਂ ਨਿਕਲ ਕੇ ਵਰਮਤਮਾਨ ਕਾਲ ਦੀ ਉੱਚੀ ਸਭਿਅਤਾ ਤੱਕ ਪੁੱਜੀ ਹੈ।

ਅਸੀਂ ਇਸ ਅਦਭੁਤ ਵਿਸ਼ਵਾਸ ਦੀ ਅਸਲੀਅਤ ਨੂੰ ਉੱਕਾ ਹੀ ਨਹੀਂ ਸਮਝਦੇ। ਜਿਨ੍ਹਾਂ ਬੰਦਿਆਂ ਵਿਚ ਇਹ ਵਿਸ਼ਵਾਸ ਬਹੁਤ ਹੀ ਦ੍ਰਿੜ ਹੁੰਦਾ ਹੈ, ਉਹ ਕੇਵਲ ਉਸ ਦੇ ਪਿੱਛੇ ਲੱਗ ਕੇ ਕੰਮ ਕਰਨ ਲੱਗ ਪੈਂਦੇ ਹਨ। ਉਹ ਉਸ ਅੰਦਰ ਦੀ ਆਵਾਜ਼ ਦੀ ਤਾਬਿਆਦਾਰੀ ਜੌਨ ਆਫ ਆਰਕ ਵਾਂਙ ਕਰਦੇ ਰਹਿੰਦੇ ਹਨ। ਇਹ ਆਵਾਜ਼ ਮਨੁੱਖ ਅੰਦਰ ਰੱਬ ਵਲੋਂ ਧੜਕਣ ਹੈ, ਜਿਸ ਦੀ ਤਾਬਿਆਦਾਰੀ ਕਰਨ ਵਾਲਾ ਉਸ ਉੱਚੀ ਮੰਜ਼ਲ ਤੇ ਪੁੱਜ ਜਾਂਦਾ ਹੈ ਤੇ ਉਥੇ ਤੱਕ ਪੁੱਜ ਕੇ ਨਾ ਕੇਵਲ ਉਹ ਆਪ ਹੀ ਉੱਚਾ ਹੋ ਜਾਂਦਾ ਹੈ ਸਗੋਂ ਉਹ ਆਪਣੀ ਕੌਮ ਨੂੰ ਵੀ ਹੋਰ ਉਚਾਈ ਤੇ ਲੈ ਜਾਂਦਾ ਹੈ।

ਮਨੁੱਖ ਜਾਤੀ ਆਪਣੀ ਹੁਣ ਦੀ ਉਚਾਈ ਤੱਕ ਕੇਵਲ ਵਿਸ਼ਵਾਸ ਦੀ ਪੌੜੀ ਦੇ ਡੰਡੇ ਡੰਡੇ ਤੇ ਚੜ੍ਹ ਕੇ ਪੁੱਜੀ ਹੈ।

ਭਾਵੇਂ ਕਦੇ ਕਦੇ ਹੀ ਅਜੇਹੇ ਮਨੁੱਖ ਪੈਦਾ ਹੁੰਦੇ ਹਨ ਜਿਹੜੇ ਆਪਣੀ ਮਰਜ਼ੀ ਤੇ ਖੁਸ਼ੀ ਨਾਲ ਆਪਣੀ ਆਤਮਾ ਦੀ ਉਸ ਆਵਾਜ਼ ਦੇ ਪਿੱਛੇ ਲੱਗਦੇ ਹਨ ਜਿਹੜੀ ਉਨ੍ਹਾਂ ਨੂੰ ਅੱਗੇ ਹੀ ਅੱਗੇ ਵਧਣ ਲਈ ਵੰਗਾਰਦੀ ਤੇ ਵਿਸ਼ਵਾਸ ਕਰਕੇ ਉਦੋਂ ਇਨ੍ਹਾਂ ਦੀ ਅਗਵਾਈ ਕਰਦੀ ਹੈ ਜਦੋਂ ਇਨ੍ਹਾਂ ਦਾ ਰਾਹ ਮਸੀਬਤਾਂ, ਔਕੜਾਂ ਤੇ ਹਰ ਪ੍ਰਕਾਰ ਦੇ ਕਸ਼ਟਾਂ ਨੇ ਮਲਿਆ ਹੁੰਦਾ ਹੈ ਪਰ ਅਸਲ ਵਿਚ ਇਹ ਅਵਾਜ਼ ਰਹਿ ਰਹਿ ਕੇ ਅਸਾਂ ਸਾਰਿਆਂ ਦਾ ਪਿੱਛਾ ਕਰਦੀ ਰਹਿੰਦੀ ਹੈ। ਹਰ ਮਨੁੱਖ ਜੋ ਸੰਸਾਰ ਵਿਚ ਪੈਦਾ ਹੁੰਦਾ ਹੈ, ਵਿਧਾਤਾ ਨੇ ਨਵੀਂ ਭਾਲ, ਕੋਈ ਨਵੀਂ ਕਾਢ, ਮਨੁੱਖ ਜਾਤੀ ਲਈ ਕੋਈ ਸੰਭਵ ਉਨੰਤੀ ਉਹਦੇ ਜੁਮੇ ਲਾਈ ਹੁੰਦੀ ਹੈ। ਸਾਡੇ ਵਿਚ ਕੋਈ ਮਨੁੱਖ ਅਜੇਹਾ ਨਹੀਂ

ਹੈ ਜਿਹੜਾ ਕਿ ਰੱਬੀ ਹੁਕਮ ਦੀ ਪਾਲਣਾ ਕਰਦਾ ਹੋਇਆ ਆਪਣੀ ਕੌਮ ਤੇ ਨਸਲ ਦੀ ਭਲਾਈ ਲਈ ਕੋਈ ਕੰਮ ਨਹੀਂ ਕਰ ਸਕਦਾ।

ਜੇ ਜੀਵਨ ਇਕ ਜ਼ੰਜੀਰ ਹੈ। ਜੇ ਕਿਸੇ ਮਨੁੱਖ ਵਿਚ ਸ੍ਵੈ-ਵਿਸ਼ਵਾਸ ਦੀ ਅਣਹੋਂਦ ਹੈ, ਜੋ ਉਸ ਨੂੰ ਆਪਣੇ ਵਿਸ਼ੇਸ਼ ਮੰਤਵ ਵਿਚ ਦ੍ਰਿੜ੍ਹ ਵਿਸ਼ਵਾਸ ਤੇ ਭਰੋਸਾ ਨਹੀਂ ਤਾਂ ਸਮਝੋ ਕਿ ਉਸ ਦੇ ਜੀਵਨ ਦੀ ਜ਼ੰਜੀਰ ਵਿਚ ਇਕ ਜੰਗਾਲ ਦੀ ਖਾਧੀ ਹੋਈ ਕੜੀ ਮੌਜੂਦ ਹੈ ਜਿਹੜੀ ਸਾਰੀ ਜ਼ੰਜੀਰ ਨੂੰ ਕਮਜ਼ੋਰ ਕਰ ਰਹੀ ਹੈ। ਮਨੁੱਖ ਨੂੰ ਉਸ ਦੀ ਮਹਾਨਤਾ ਤੇ ਵਡਿਆਈ ਦਾ ਯਕੀਨ ਦਿਵਾਉਣਾ ਤੇ ਉਸ ਨੂੰ ਆਪਣੇ ਮਹਾਨ ਉਦੇਸ਼ ਦੀ ਸ਼ਾਨ ਤੇ ਆਪਣੀਆਂ ਸੰਭਾਵਨਾਵਾਂ ਦੀ ਉਚੇਤਾ ਤੇ ਇਤਬਾਰ ਕਰਾਉਣਾ ਹੀ ਸਭ ਤੋਂ ਔਖਾ ਕੰਮ ਹੈ ਕਿਸੇ ਮਨੁੱਖ ਦੀ ਵੱਡੀ ਤੋਂ ਵੱਡੀ ਸੇਵਾ ਉਸ ਦੀਆਂ ਸੰਭਾਵਨਾਵਾਂ ਭਾਲਣ ਵਿਚ ਸਹਾਇਤਾ ਕਰਨਾ ਹੈ। ਇਸ ਤਰ੍ਹਾਂ ਉਸ ਦਾ ਵਿਸ਼ਵਾਸ ਪੱਕਾ ਹੋ ਜਾਵੇਗਾ ਤੇ ਉਹਨੂੰ ਆਪਣੇ ਹੌਂਸਲੇ ਤੇ ਉਮੰਗ ਦੀ ਪਰਾਪਤੀ ਦੇ ਜਤਨ ਕਰਨ ਵਿਚ ਸੁਆਦ ਆਵੇਗਾ।

ਜਦੋਂ ਕਿਸੇ ਬੰਦੇ ਨੂੰ ਆਪਣੇ ਆਪੇ ਅੰਦਰ ਬੰਦ ਪਈ ਮਹਾਨ ਸ਼ਕਤੀ ਦੀ ਝਲਕ ਦਿਖਾਈ ਦੇ ਜਾਂਦੀ ਹੈ ਤਾਂ ਉਸ ਦੇ ਦਿਲ ਵਿਚ ਕੋਈ ਸ਼ੰਕਾ ਨਹੀਂ ਰਹਿੰਦਾ। ਉਸ ਦਾ ਵਿਸ਼ਵਾਸ ਸਥਿਰ ਹੋ ਜਾਂਦਾ ਹੈ ਤੇ ਉਹ ਉਦੋਂ ਤੱਕ ਸੁੱਖ ਦਾ ਸਾਹ ਨਹੀਂ ਲੈਂਦਾ ਜਦੋਂ ਤੱਕ ਆਪਣੇ ਆਪੇ ਦੇ ਉਸ ਬਾਕੀ ਅੱਧੇ ਹਿੱਸੇ ਨੂੰ ਲੱਭ ਨਹੀਂ ਲੈਂਦਾ ਜਿਹੜਾ ਜੀਵਨ ਦੇ ਯੁੱਧ ਵਿਚ ਇਸ ਦੀ ਸਹਾਇਤਾ ਕਰਨ ਅਤੇ ਇਸ ਨੂੰ ਜੀਵਨ ਤੇ ਵਿਚਾਰ ਦੀਆਂ ਉਚੇਰੀਆਂ ਮੰਜ਼ਲਾਂ ਤੱਕ ਪੁਚਾਉਣ ਲਈ ਇਹਦੇ ਅੰਦਰ ਬੈਠਾ ਉਡੀਕ ਕਰ ਰਿਹਾ ਹੈ।

ਆਤਮਾ ਉੱਤੇ ਪੂਰਾ ਪੂਰਾ ਅਧਿਕਾਰ ਜਮਾਂ ਲੈਣ ਵਾਲੇ ਵਿਸ਼ਵਾਸ ਵਿਚ ਇੰਨੀ ਸ਼ਕਤੀ ਹੁੰਦੀ ਹੈ ਕਿ ਉਹ ਦੁਨੀਆ ਨੂੰ ਹਿਲਾ ਦੇਵੇ। ਇਸੇ ਨਾਲ ਸਾਰੇ ਵੱਡੇ ਵੱਡੇ ਮੱਤਾਂ ਦੀ ਉਸਾਰੀ ਹੋਈ ਹੈ ਇਸੇ ਕਰਕੇ ਨਵੇਂ ਫਲਸਫ਼ੇ ਬਣੇ ਹਨ। ਮਨੁੱਖੀ

ਉਨੰਤੀ ਅਤੇ ਇਸ ਦੀਆਂ ਸਾਰੀਆਂ ਵੱਡੀਆਂ ਵੱਡੀਆਂ ਪਰਾਪਤੀਆਂ ਦਾ ਬੁਨਿਆਦੀ ਅਸੂਲ ਇਹ ਹੀ ਹੈ।

ਅੰਜੀਲ ਵਿਚ ਸਭ ਤੋਂ ਵਧ ਕੇ ਵਿਸ਼ਵਾਸ ਤੇ ਜ਼ੋਰ ਦਿੱਤਾ ਗਿਆ ਹੈ। ਵਿਸ਼ਵਾਸ ਸਦਕੇ ਹੀ ਇਬਰਾਹੀਮ ਨੇ ਆਪਣਾ ਅਦਭੁਤ ਕੰਮ ਕਰ ਵਿਖਾਇਆ। ਏਸੇ ਕਰਕੇ ਹਜ਼ਰਤ ਮੂਸਾ ਨੇ ਇਸਰਾਈਲ ਮੱਤ ਨੂੰ ਔਕੜਾਂ ਵਿਚੋਂ ਕਢ ਲਿਆ।

ਅੰਜੀਲ ਵਿਚ ਸਾਰੇ ਹੀ ਪੈਗੰਬਰ ਵਿਸ਼ਵਾਸ ਸ਼ਕਤੀ ਤੇ ਲਗਾਤਾਰ ਜ਼ੋਰ ਦਿੰਦੇ ਰਹੇ ਹਨ। ਹਜ਼ਰਤ ਈਸਾ, ਸੇਂਟ ਪਾਲ ਆਦਿ ਅੰਜੀਲ ਤੇ ਹੋਰ ਪਵਿਤਰ ਪੁਸਤਕਾਂ ਦੇ ਸਾਰੇ ਲਿਖਾਰੀਆਂ ਨੇ ਸਫਲਤਾ ਤੇ ਜਿੱਤ ਲਈ ਵਿਸ਼ਵਾਸ ਦੀ ਕਰਾਮਾਤੀ ਸ਼ਕਤੀ ਤੇ ਜ਼ੋਰ ਦਿੱਤਾ ਹੈ।

ਹਜ਼ਰਤ ਈਸਾ ਨੇ ਕਿੰਨੀ ਵਾਰ ਆਪਣੇ ਰੱਬੀ ਕਲਾਮ ਵਿਚ ਫਰਮਾਇਆ ਹੈ— 'ਵਿਸ਼ਵਾਸ ਅਨੁਸਾਰ ਤੇਰੀ ਅਵਸਥਾ ਹੋਵੇਗੀ' ਉਨ੍ਹਾਂ ਨੇ ਸਭ ਤੋਂ ਵਧ ਕੇ 'ਵਿਸ਼ਵਾਸ' ਤੇ 'ਭਰੋਸਾ' ਦੋਹਾਂ ਸ਼ਬਦਾਂ ਤੇ ਜ਼ੋਰ ਦਿੱਤਾ ਹੈ। ਇਹ ਜਾਦੂ ਭਰੇ ਸ਼ਬਦ ਪਰਤੀਤ ਹੁੰਦੇ ਸਨ। ਇਨ੍ਹਾਂ ਵਿਚ ਲੋਹੜੇ ਦੀ ਤਾਕਤ ਸੀ। ਇਹ ਬਿਜਲੀ ਦੀ ਸੱਤਾ ਨਾਲੋਂ ਵੀ ਵਧੇਰੇ ਸ਼ਕਤੀਵਾਨ ਸਨ। ਹਜ਼ਰਤ ਈਸਾ ਨੇ ਵਾਰ ਵਾਰ ਵਿਸ਼ਵਾਸ ਤੇ ਨਿਸ਼ਚੇ ਦੀ ਤਾਕਤ ਉੱਤੇ ਜ਼ੋਰ ਦਿੱਤਾ ਹੈ, 'ਡਰੋ ਨਹੀਂ, ਕੇਵਲ ਵਿਸ਼ਵਾਸ ਰੱਖੋ।' 'ਤੇਰੇ ਵਿਸ਼ਵਾਸ ਅਨੁਸਾਰ ਤੇਰੀ ਅਵਸਥਾ ਹੋਵੇਗੀ।' 'ਖੁਸ਼ ਰਹੋ' ਡਰੋ ਨਹੀਂ, ਵਿਸ਼ਵਾਸ ਰਖੋ ਜਿਹੜਾ ਸੁਨੇਹਾ ਉਨ੍ਹਾਂ ਨੇ ਆਪਣੇ ਚੋਣਵੇਂ ਬਾਰਾਂ ਚੇਲਿਆਂ ਨੂੰ ਦਿੱਤਾ ਹੈ ਉਸ ਦਾ ਅੰਸ਼ ਭਰੋਸਾ ਤੇ ਵਿਸ਼ਵਾਸ ਹੀ ਹੈ।

ਆਪਣੇ ਸੇਵਕਾਂ ਨੂੰ ਉਨ੍ਹਾਂ ਨੇ ਕਈ ਵਾਰ ਅਵਿਸ਼ਵਾਸ, ਕਮਜ਼ੋਰੀ, ਡਰ ਤੇ ਸ਼ਰਧਾ-ਹੀਣਤਾ ਕਰਕੇ ਝਿੜਕ ਝੰਬ ਕੀਤੀ ਹੈ। ਜਦੋਂ ਉਹ ਲੋਕ ਉਨ੍ਹਾਂ ਵਲੋਂ ਜ਼ੁਮੇ ਲੱਗੇ ਕੰਮਾਂ ਵਿਚ ਘੜੀ ਮੁੜੀ ਅਸਫਲ ਹੁੰਦੇ ਰਹਿੰਦੇ ਤਾਂ ਉਹ ਕਹਿੰਦੇ 'ਤੁਸੀਂ ਇੰਨੇ ਡਰਦੇ ਕਿਉਂ ਹੋ ? ਕੀ ਕਾਰਣ ਹੈ ਕਿ ਤੁਹਾਡੇ ਅੰਦਰ ਵਿਸ਼ਵਾਸ ਨਹੀਂ ਹੈ ?

ਉਨ੍ਹਾਂ ਨੇ ਉਨ੍ਹਾਂ ਸ਼ਿੱਸ਼ਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਿਸ ਕੰਮ ਦੀ ਉਨ੍ਹਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਉਹ ਕੇਵਲ ਇਕੋ ਹੀ ਸ਼ਰਤ ਤੇ ਕਰ ਸਕਦੇ ਹਨ ਤੇ ਉਹ ਸ਼ਰਤ ਹੈ ਉਨ੍ਹਾਂ ਦੇ ਅੰਦਰ ਵਿਸ਼ਵਾਸ ਦਾ ਹੋਣਾ। ਇਸਦੇ ਨਾਲ ਉਹ ਉਹਦੇ ਨਾਲੋਂ ਵੀ ਮਹਾਨ ਕੰਮ ਕਰ ਸਕਦੇ ਹਨ। 'ਮੈਂ ਤੁਹਾਨੂੰ ਮੁੜ ਮੁੜ ਕੇ ਕਹਿੰਦਾ ਹਾਂ ਜਿਹੜਾ ਬੰਦਾ ਮੇਰੇ ਤੇ ਯਕੀਨ ਲਿਆਵੇਗਾ, ਉਹ ਉਨ੍ਹਾਂ ਕੰਮਾਂ ਨੂੰ ਵੀ ਕਰ ਸਕੇਗਾ ਜਿਹੜੇ ਮੈਂ ਕਰ ਰਿਹਾ ਹਾਂ, ਸਗੋਂ ਉਨ੍ਹਾਂ ਨਾਲੋਂ ਵੀ ਵੱਧ ਕੇ ਕੰਮ ਕਰੇਗਾ ਕਿਉਂਕਿ ਮੈਂ ਤਾਂ ਆਪਣੇ ਪਰਮ ਪਿਤਾ ਪਰਮਾਤਮਾ ਦੀ ਸੇਵਾ ਵਿਚ ਜਾਂਦਾ ਹਾਂ।

ਉਨ੍ਹਾਂ ਨੇ ਤਾਕੀਦ ਕੀਤੀ ਹੈ ਬੀਮਾਰਾਂ ਨੂੰ ਤੰਦਰੁਸਤ ਕਰੋ, ਕੋੜ੍ਹੀਆਂ ਦਾ ਕੋੜ੍ਹ ਦੂਰ ਕਰੋ, ਮੋਈਆਂ ਨੂੰ ਜ਼ਿੰਦਾ ਕਰੋ, ਸ਼ੈਤਾਨ ਬਾਹਰ ਕਢੋ। ਖੁਲੇ ਹੱਥੀਂ ਤੁਹਾਨੂੰ ਮਿਲਿਆ ਹੈ, ਖੁਲੇ ਹੱਥਾਂ ਨਾਲ ਦਿਓ।'

ਮਨੁੱਖੀ ਸੁਭਾ ਹੋਰ ਸਾਰੀਆਂ ਗੱਲਾਂ ਨੂੰ ਦਰਸਾਉਂਦਾ ਹੈ, ਉਸ ਨਾਲੋਂ ਵੱਧ ਕੇ ਜਿਹੜੀ ਗੱਲ ਮਨੁੱਖ ਦੇ ਅੰਦਰ ਦੇਵਤੇ-ਪੁਣੇ ਨੂੰ ਦਰਸਾਉਂਦੀ ਹੈ ਉਹ ਵਿਸ਼ਵਾਸ ਹੈ। ਇਸ ਦੀ ਅਣਹੋਂਦ ਹੀ ਬਹੁਤ ਸਾਰੀਆਂ ਬੁਰਾਈਆਂ, ਬਹੁਤ ਸਾਰੀਆਂ ਨਾਖੁਸ਼ੀਆਂ ਤੋਂ ਬਹੁਤ ਸਾਰੀਆਂ ਅਸਫਲਤਾਵਾਂ ਦਾ ਕਾਰਣ ਹੈ।

ਸੈ੍ਰ-ਵਿਸ਼ਵਾਸ ਮਨੁੱਖ ਅੰਦਰ ਪ੍ਰਭਾਵਸ਼ਾਲੀ ਚਿੰਨ ਹੈ। ਇਹ ਇਕ ਹਲੂਣਾ ਦੇਣ ਵਾਲੀ ਸ਼ਕਤੀ ਹੈ ਜਿਹੜੀ ਆਦਰਸ਼ਕ ਕੰਮ ਕਰ ਵਖਾਉਂਦੀ ਹੈ। ਇਹ ਅਤਿ ਉੱਚੇ ਸਰਬ ਗੁਣਾਂ ਵਾਲੇ ਆਚਰਣ ਨੂੰ ਬਣਾਉਂਦੀ ਹੈ। ਇਸ ਦੀ ਆਪਣੇ ਅੰਦਰ ਘਾਟ ਨੂੰ ਤੁਸੀਂ ਪੂਰਾ ਕਰ ਸਕਦੇ ਹੋ। ਤਰੀਕਾ ਇਹ ਹੈ ਕਿ ਰੋਜ਼ ਤੁਸੀਂ ਆਪਣੇ ਮਨ ਨੂੰ ਇਸ ਅਤਿ ਉੱਚੀ ਤੇ ਬਹੁਤ ਹੀ ਜ਼ਰੂਰੀ ਖਾਸੀਅਤ ਅਰਥਾਤ ਵਿਸ਼ਵਾਸ ਨੂੰ ਪ੍ਰਾਪਤ ਕਰਨ ਲਈ ਸੈ੍ਰ-ਉਪਦੇਸ਼ ਕੀਤਾ ਕਰੋ। ਇਸ ਇਲਾਜ ਨਾਲ ਮਨੁੱਖ ਦੇ ਇਸ ਸਰਬੋਤਮ ਤੇ ਅਤਿ ਲੋੜੀਂਦੇ ਲੱਛਣ ਅਰਥਾਤ ਵਿਸ਼ਵਾਸ ਨੂੰ ਸ਼ਕਤੀ ਮਿਲੇਗੀ।

ਜਦੋਂ ਤੁਸੀਂ ਆਪਣਾ ਇਹ ਇਲਾਜ ਸ਼ੁਰੂ ਕਰੋ ਤਾਂ ਇਕਾਂਤ ਵਿਚ ਬੈਠ ਕੇ ਆਪਣੇ ਮਨ ਨਾਲ ਦ੍ਰਿੜ ਹੋ ਕੇ ਇਉਂ ਗੱਲਾਂ ਕਰੋ ਜਿਵੇਂ ਤੁਸੀਂ ਕਿਸੇ ਦੂਜੇ ਬੰਦੇ ਨੂੰ ਵਡਿਆਈ ਦੀ ਗੱਲ ਦਾ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਹੋਵੋ। ਆਪਣੇ ਆਪ ਨੂੰ ਨਾ ਨਾਲ ਸੰਬੋਧਨ ਕਰ ਕੇ ਇਉਂ ਸੁਣਾਇਆ ਕਰੋ- 'ਤੁਸੀਂ ਖ਼ੁਦਾ ਦੇ ਬੱਚੇ ਹੋ। ਕਰਤਾ ਪੁਰਖ ਨੇ ਤੁਹਾਨੂੰ ਬਣਾਇਆ ਹੈ, ਤਾਂ ਉਸ ਦਾ ਮਤਲਬ ਇਹ ਨਹੀਂ ਸੀ ਕਿ ਤੁਸੀਂ ਉਹੋ ਜੇਹਾ ਕਮਜ਼ੋਰ ਤੇ ਨਫੀ ਅਵਸਥਾ ਦਾ ਜੀਵਨ ਜੇਹੋ ਜੇਹਾ ਤੁਸੀਂ ਜਿਉਂ ਰਹੇ ਹੋ, ਬਤੀਤ ਕਰੋ। ਰੱਬ ਨੇ ਤੁਹਾਨੂੰ ਅਸਫਲਤਾ ਲਈ ਨਹੀਂ ਸਫਲਤਾ ਪ੍ਰਾਪਤ ਕਰਨ ਲਈ ਬਣਾਇਆ ਹੈ। ਉਸ ਨੇ ਤਾਂ ਕਿਸੇ ਨੂੰ ਵੀ ਅਸਫਲ ਰਹਿਣ ਲਈ ਨਹੀਂ ਬਣਾਇਆ। ਤੁਸੀਂ ਆਪਣੇ ਦਿਲ ਵਿਚ ਆਪਣੀ ਹੋਂਦ ਅਤੇ ਆਪਣੀ ਇੱਛਾ ਅਨੁਸਾਰ ਬਣ ਸਕਣ ਦੀ ਯੋਗਤਾ ਸਬੰਧੀ ਹੀਣੇ ਜੇਹੇ ਸ਼ੰਕਿਆਂ ਨੂੰ ਥਾਂ ਦੇ ਕੇ ਆਪਣੇ ਜੀਵਨ ਦੇ ਮਹਾਨ ਮਨੋਰਥ ਨੂੰ ਖਰਾਬ ਤੇ ਮਲੀਆ ਮੇਟ ਕਰ ਰਹੇ ਹੋ। ਜਦੋਂ ਤੁਸੀਂ ਇਹ ਖ਼ਿਆਲ ਕਰਦੇ ਹੋ ਕਿ ਤੁਸੀਂ ਆਪਣੇ ਆਲੇ ਦੁਆਲੇ ਵਿਚ ਅਢੁਕਵੇਂ ਹੋ, ਤੁਹਾਡੇ ਵਿਚ ਲੋੜੀਂਦੀ ਸ਼ਕਤੀ ਨਹੀਂ ਜਾਂ ਤੁਸੀਂ ਉਸ ਕੰਮ ਦੇ ਕਰਨ ਦੀ ਸਮਰੱਥਾ ਨਹੀਂ ਰੱਖਦੇ ਜਿਸ ਲਈ ਕਾਦਰ ਨੇ ਤੁਹਾਨੂੰ ਸੰਸਾਰ ਵਿਚ ਘੱਲਿਆ ਹੈ, ਤੇ ਤੁਸੀਂ ਮੁਰਝਾਏ ਹੋਏ ਨਿਮੋਝੂਣੇ ਤੇ ਉਦਾਸ ਜੇਹੇ ਚਿਹਰੇ ਲੈ ਕੇ ਆਪਣੇ ਸਾਥੀਆਂ ਦੇ ਸਾਹਮਣੇ ਜਾਂਦੇ ਹੋ ਤਾਂ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ | ਕਾਦਰ ਨੇ ਤਾਂ ਤੁਹਾਨੂੰ ਬਣਾਇਆ ਸੀ ਕਿ ਜਿਸ ਚੀਜ਼ ਨੂੰ ਪਰਗਟ ਕਰਨ ਦੀ ਤੁਸੀਂ ਇੱਛਾ ਕਰੋ ਉਸ ਨੂੰ ਪਰਗਟ ਕਰ ਸਕੋ। ਤੁਸੀਂ ਇਸ ਤਰ੍ਹਾਂ ਕਿਉਂ ਨਹੀਂ ਕਰਦੇ ? ਜੇਤੂਆਂ ਵਾਂਙ ਸਿੱਧੇ ਖੜੇ ਹੋ ਕੇ ਕਿਉਂ ਨਹੀਂ ਚਲਦੇ ? ਕਿਉਂ ਆਪਣੇ ਦਿਲ ਵਿਚ ਕਮਜ਼ੋਰੀ ਤੇ ਸ਼ੰਕਿਆਂ ਨੂੰ ਥਾਂ ਦੇ ਰਹੇ ਹੋ ਤੇ ਹਾਰੇ ਹੋਏ ਮਨੁੱਖ ਵਾਂਙ ਜੀਉਂ ਰਹੇ ਹੋ ? ਤੁਹਾਡੇ ਕਾਦਰ ਦੀ ਮੂਰਤੀ ਤੁਹਾਡੇ ਅੰਦਰ ਹੈ, ਉਸ ਨੂੰ ਅੰਦਰੋਂ ਬਾਹਰ ਕੱਢ ਕੇ ਦੁਨੀਆ ਦੇ ਸਾਮਣੇ ਪਰਗਟ ਕਰੋ। ਉਸ ਮੂਰਤੀ ਨੂੰ ਤੋੜ ਕੇ ਆਪਣੇ ਕਾਦਰ ਦਾ ਅਪਮਾਨ ਨਾ ਕਰੋ। ਉਸ ਨੇ ਤਾਂ ਤੁਹਾਨੂੰ ਇਕ

ਸਾਕਾਰ ਮਹਾਨ-ਸਫਲਤਾ ਬਣਨ ਲਈ ਪੈਦਾ ਕੀਤਾ ਸੀ। ਤੁਸੀਂ ਉਹਦੇ ਬਿਲਕੁਲ ਉਲਟ ਬਣ ਰਹੇ ਹੋ।

'ਮੈਂ ਹਾਂ ਦੇ ਪਰਪੱਕ ਨਿਸ਼ਚੇ ਅੰਦਰ ਸ਼ਾਨਦਾਰ ਪਰਾਪਤੀ ਦੀ ਤਾਕਤ ਅਤੇ ਇਕ ਬਹੁਤ ਬਲਵਾਨ ਉਸਾਰੂ ਸ਼ਕਤੀ ਹੈ। ਇਹ 'ਹਉਮੈ' ਨਹੀਂ, ਨਾ ਹੀ ਇਹ ਟਿਚਕਰਾਂ ਜੋਗੀ ਸ਼ਾਨਾਂ ਭਰੀ ਆਕੜ ਹੈ ਜਿਹੜੀ ਮਨੁੱਖ ਅੰਦਰ ਗ਼ਲਤ ਖਿਆਲਾਂ ਤੇ ਗ਼ਲਤ ਤਰੀਕੇ ਨਾਲ ਜੀਉਣ ਕਰਕੇ ਪੈਦਾ ਹੋ ਗਈ ਹੈ। ਇਹ ਤਾਂ ਕੇਵਲ ਇਸ ਗੱਲ ਦਾ ਜ਼ੋਰਦਾਰ ਇਜ਼ਹਾਰ ਹੈ ਕਿ ਤੁਹਾਡਾ ਤੁਹਾਡੇ ਪਰਮਾਤਮਾ ਪਰਮੇਸ਼ਵਰ ਦੇ ਨਾਲ ਏਕਤਾ ਦਾ ਸਬੰਧ ਹੈ। 'ਮੈਂ ਹਾਂ ਕਹਿਣ ਨਾਲ ਤੁਸੀਂ ਆਪਣੀ ਦੂਜੀ ਜਾਤ ਨੂੰ ਆਪਣੇ ਉੱਚੇ ਆਪੇ ਨੂੰ, ਆਪਣੀ ਉਸ ਜਾਤ ਨੂੰ ਅਪੀਲ ਕਰਦੇ ਹੋ ਜਿਹੜੀ ਤੁਸੀਂ ਮਹਿਸੂਸ ਕਰਦੇ ਹੋ ਕਿ ਰੱਬ ਦੀ ਮਨਸ਼ਾ ਤੁਹਾਨੂੰ ਬਣਾਉਣ ਦੀ ਸੀ ਤੇ ਜੋ ਤੁਸੀਂ ਕਿਸੇ ਵੇਲੇ ਜਾਂ ਕਿਸੇ ਥਾਂ ਤੇ ਜਰੂਰ ਬਣ ਜਾਵੋਂਗੇ।

ਪਰ ਯਾਦ ਰੱਖੋ ਸ੍ਵੈ-ਵਿਸ਼ਵਾਸ ਉਸ ਅਵਸਥਾ ਵਿਚ ਕਾਫੀ ਨਹੀਂ ਜਦੋਂ ਤੁਸੀਂ ਖਾਸ ਕਿਸਮ ਦੀ ਪ੍ਰਸੰਨਤਾ ਮਹਿਸੂਸ ਕਰਦੇ ਹੋ ਜਾਂ ਜਦੋਂ ਰੱਬ ਦੀ ਨਜ਼ਰ ਤੁਹਾਡੇ ਉੱਤੇ ਸਵੱਲੀ ਹੁੰਦੀ ਹੈ। ਇਹ ਕਾਫੀ ਨਹੀਂ ਕਿ ਤੁਹਾਡਾ ਵਿਸ਼ਵਾਸ ਇਕ ਮਨੋਵੇਗ ਜੇਹਾ ਹੀ ਹੋਵੇ, ਉਤਸ਼ਾਹ ਵਧਾਉਣ ਵਾਲੀ ਕਿਸੇ ਹਾਲਤ ਵਿਚ ਤੁਸੀਂ ਉਮੰਗ ਭਰਪੂਰ ਹੋ ਜਾਵੋ ਤੇ ਉਹਦੇ ਪਿੱਛੋਂ ਸ਼ੱਕ, ਡਰ, ਚਿੰਤਾ ਤੇ ਕਮਜ਼ੋਰੀ ਨੂੰ ਦਿਲ ਦੀ ਬਾਦਸ਼ਾਹੀ ਵਿਚ ਥਾਂ ਦੇ ਕੇ ਆਪਣੀਆਂ ਪਹਿਲੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਨਸ਼ਟ ਕਰ ਦਿਉ। ਇਹ ਕਾਫੀ ਨਹੀਂ ਕਿ ਖੂਹ ਦੇ ਡੱਡੂ ਵਾਂਙ ਵਾਰ ਵਾਰ ਉੱਛਲ ਉੱਛਲ ਕੇ ਖੂਹ ਵਿਚੋਂ ਨਿਕਲਣ ਦੇ ਜਤਨ ਕਰਦੇ ਕਰਦੇ ਤੁਸੀਂ ਮੁੜ ਮੁੜ ਹੇਠਾਂ ਡਿਗਦੇ ਰਹੋ ਤੇ ਹਰ ਵਾਰੀ ਡਿੱਗਣ ਪਿੱਛੋਂ ਅੱਗੇ ਨਾਲੋਂ ਕਮਜ਼ੋਰ ਤੇ ਨਿਰਉਤਸ਼ਾਹ ਹੁੰਦੇ ਚਲੇ ਜਾਵੋ।

ਹਰ ਸਵੇਰ ਅਤੇ ਸ਼ਾਮ ਨੂੰ ਆਪਣੇ ਆਪ ਉੱਤੇ ਵਿਸ਼ਵਾਸ ਦੇ ਐਲਾਨ ਨਾਲ ਅਰੰਭ ਕਰਨ ਦੀ ਆਦਤ ਪਾ ਲਵੋ। ਆਪਣੇ ਵਿਸ਼ਵਾਸ ਦੀ, ਅਤਿ-ਕੀਮਤੀ

ਖਜ਼ਾਨੇ ਵਾਂਙ ਹਰ ਵੇਲੇ ਰੱਖਿਆ ਕਰੋ। ਕਮਜ਼ੋਰ ਅਤੇ ਹੀਣੇ ਵਿਚਾਰਾਂ ਨੂੰ ਮੌਕਾ ਵੀ ਨਾ ਦਿਉ ਕਿ ਉਹ ਤੁਹਾਡੇ ਜੀਵਨ ਦੀ ਇਸ ਵੱਡ-ਮੁੱਲੀ ਸੰਪਤੀ-ਵਿਸ਼ਵਾਸ-ਨੂੰ ਨੁਕਸਾਨ ਪੁਚਾ ਸਕਣ।

ਡਰ, ਭੌ, ਸ਼ੰਕੇ, ਨਿਰਾਸ਼ਾਵਾਦ ਤੇ ਨਫੀ ਖ਼ਿਆਲ ਜੀਵਨ ਵਿਚ ਜ਼ਹਿਰ ਮਿਲਾ ਦੇਂਦੇ ਹਨ। ਇਹ ਹਿੰਮਤ, ਹੌਂਸਲਾ, ਉਮੰਗ, ਆਸ, ਵਿਸ਼ਵਾਸ ਆਦਿ ਹਰ ਉਸ ਚੀਜ਼ ਨੂੰ ਘੁਣ ਵਾਂਙ ਚੱਟ ਜਾਂਦੇ ਹਨ ਜਿਸ ਨਾਲ ਜੀਵਨ ਤੱਕੜਾ ਤੇ ਉਪਜਾਊ ਬਣਦਾ ਹੈ। ਆਪਣੀ ਉਮੰਗ ਦੇ ਮਾਨਸਿਕ ਮਿੱਤਰਾਂ ਨੂੰ ਹੀ ਮਨ ਵਿਚ ਥਾਂ ਦਿਉ ਜਿਹੜੇ ਆਦਰਸ਼ ਪਰਾਪਤੀ ਵਿਚ ਤੁਹਾਡੇ ਸਹਾਈ ਹੋਣ, ਤੁਹਾਡੇ ਸੁਪਨਿਆਂ ਨੂੰ ਠੀਕ ਕਰ ਵਖਾਉਣ ਵਿਚ ਮਦਦ ਕਰਨ ਤੇ ਤੁਹਾਡੇ ਕਲਪਤ ਚਿਤਰਾਂ ਨੂੰ ਸਾਕਾਰ ਕਰਨ।

ਜੇ ਤੁਹਾਡਾ ਵਿਸ਼ਵਾਸ ਪੱਕੀਆਂ ਨੀਹਾਂ ਉੱਤੇ ਕਾਇਮ ਹੈ ਤਾਂ ਵਿਰੋਧੀ ਖ਼ਿਆਲ, ਤੁਹਾਡੇ ਉੱਤੇ ਕੋਈ ਪਕੜ ਨਹੀਂ ਕਰ ਸਕਣਗੇ ਕਿਉਂਕਿ ਤੁਹਾਡਾ 'ਹਾਂ' ਵਾਲਾ ਤੇ ਸੁਵੱਲਾ ਮਾਨਸਿਕ ਝੁਕਾਓ ਇਨ੍ਹਾਂ ਭੈੜੇ ਖਿਆਲਾਂ ਨੂੰ ਤੁਹਾਡੇ ਮਨ ਵਿਚੋਂ ਆਉਣ ਤੋਂ ਰੋਕ ਦੇਵੇਗਾ। ਜਦ ਤੁਹਾਨੂੰ ਇਸ ਗੱਲ ਦੀ ਚੇਤਨਤਾ ਹੋ ਜਾਵੇਗੀ ਕਿ ਤੁਹਾਡੇ ਅੰਦਰ ਰੱਬ ਹੈ ਤਾਂ ਤੁਸੀਂ ਤੱਕੜੇ ਬਣ ਜਾਉਗੇ

ਕਿਉਂਕਿ ਵਿਸ਼ਵਾਸ ਨਾਲ ਹੀ ਸਾਨੂੰ ਪਤਾ ਲੱਗਦਾ ਹੈ ਕਿ ਜਿਹੜੀ ਆਤਮਾ ਉਸ ਨੇ ਸਾਨੂੰ ਬਖਸ਼ੀ ਹੈ ਉਸ ਰਾਹੀਂ ਰੱਬ ਆਪ ਸਾਡੇ ਅੰਦਰ ਬਿਰਾਜਮਾਨ ਹੈ।

ਜਦ ਮਨੁੱਖ ਸਮਝ ਲੈਂਦਾ ਹੈ ਕਿ ਖਲਕਤ ਨੂੰ ਪੈਦਾ ਕਰਨ ਵਾਲੀ ਮਹਾਨ ਸ਼ਕਤੀ ਨਾਲ ਉਹਦਾ ਨੇੜੇ ਦਾ ਸਬੰਧ ਹੈ, ਤੇ ਅਸਲ ਵਿਚ ਉਹ ਪਰਮਾਤਮਾ ਦਾ ਹੀ ਇਕ ਪੁੱਤਰ ਹੈ, ਤਾਂ ਉਹ ਸ਼ਕਤੀ ਸ਼ਾਲੀ, ਪਰਸੰਨ. ਸ੍ਵੈ-ਵਿਸ਼ਵਾਸੀ, ਜੇਤੂ ਮਨੁੱਖ ਬਣ ਜਾਂਦਾ ਹੈ ਤੇ ਨਫੀ ਰਵੀਏ ਆਦਿ ਡੁਲਾਏਮਾਨ ਕਰਨ

ਵਾਲੇ ਵੈਰੀਆਂ ਨੂੰ ਪਛਾੜ ਦਿੰਦਾ ਹੈ, ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਰਲ ਮਿਲ ਕੇ ਉਸ ਨੂੰ ਆਪਣੇ ਮਨ ਇੱਛਤ ਨਿਸ਼ਾਨੇ ਉੱਤੇ ਪੁਚਾਉਣ ਵਿਚ ਸਹਾਇਤਾ ਦੇਣ ਲੱਗ ਜਾਣਗੀਆਂ।

ਜੇ ਸਾਡੇ ਅੰਦਰ ਇਹ ਭਰੋਸਾ ਪੱਕਾ ਹੋ ਜਾਵੇ ਕਿ ਅਸੀਂ ਰੱਬ ਦੇ ਬੱਚੇ ਹਾਂ ਤੇ ਸਾਡੇ ਅੰਦਰ ਦੇਵਤਾ ਬਣਨ ਦੀ ਸਮਰੱਥਾ ਹੈ, ਜੋ ਸਾਨੂੰ ਯਕੀਨ ਹੋ ਜਾਵੇ ਕਿ ਅਸੀਂ ਸੰਸਾਰ ਦੇ ਪੈਦਾ ਕਰਨ ਵਾਲੀ ਮਹਾਨ ਤਾਕਤ ਦਾ ਇਕ ਜ਼ਰੂਰੀ ਅੰਗ ਹਾਂ, ਤੇ ਅਸੀਂ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਜਿਉਂਦਾ ਜਾਗਦਾ ਅੰਸ਼ ਹਾਂ, ਤਾਂ ਸਾਡੀ ਕਾਇਆ ਹੀ ਪਲਟ ਜਾਏ।

ਕਾਂਡ ੬

ਵਿਸ਼ਵਾਸ ਅਤੇ ਦਵਾਈਆਂ

'ਮੈਂ ਤੇਰਾ ਮਾਲਕ, ਤੇਰਾ ਰੱਬ ਜੋ ਤੈਨੂੰ ਅਰੋਗਤਾ ਬਖਸ਼ਦਾ ਹੈ।' ਐਂਬਰੋਜ਼ ਪੈਰੇ ਨੇ ਪੈਰਿਸ ਦੇ ਮੈਡੀਕਲ ਕਾਲਜ ਦੀਆਂ ਕੰਧਾਂ ਉੱਤੇ ਲਿਖਿਆ ਹੋਇਆ ਹੈ 'ਮੈਂ ਤਾਂ ਕੇਵਲ ਫੱਟ ਦੀ ਮਲ੍ਹਮ ਪੱਟੀ ਹੀ ਕਰਦਾ ਹਾਂ। ਉਹਨੂੰ ਰਾਜ਼ੀ ਤਾਂ ਰੱਬ ਕਰਦਾ ਹੈ।'

ਦਵਾਈਆਂ ਦੇ ਭਰੇ ਗੁਦਾਮਾਂ ਦੀ ਸ਼ਕਤੀ ਸਾਡੇ ਮਹਾਨ ਅੰਦਰਲੇ ਵਿਚ ਲੁਕੀਆਂ ਉਨ੍ਹਾਂ ਭਰਪੂਰ ਸ਼ਕਤੀਆਂ ਦੇ ਟਾਕਰੇ ਤੇ ਕੁਝ ਵੀ ਨਹੀਂ ਜਿਹੜੀਆਂ ਸਾਨੂੰ ਜੀਵਨ ਦਿੰਦੀਆਂ ਹਨ ਤੇ ਸਾਡੇ ਜੀਵਨ ਵਿਚ ਉਤਸ਼ਾਹ ਉਭਾਰਦੀਆਂ ਹਨ। ਇਨ੍ਹਾਂ ਸ਼ਕਤੀਆਂ ਰਾਹੀਂ ਅਸੀਂ ਉਸ ਜੀਵਨ ਲਈ ਅਤਿ- ਲੋੜੀਂਦੀ ਉਪਜਾਊ ਤੇ ਉਸਾਰੂ ਸ਼ਕਤੀ ਨਾਲ ਆਪਣਾ ਸਬੰਧ ਜੋੜ ਲੈਂਦੇ ਹਾਂ ਜਿਸ ਨੇ ਸਾਨੂੰ ਸਿਰਜਿਆ ਹੈ, ਜਿਹੜੀ ਸਾਨੂੰ ਪ੍ਰਫੁਲਤ ਕਰਦੀ ਹੈ, ਮੁੜ ਸਥਾਪਤ ਕਰਦੀ, ਠੀਕ ਠਾਕ ਕਰਦੀ ਅਤੇ ਅਸਾਨੂੰ ਅਰੋਗ ਰੱਖਦੀ ਹੈ।

'ਜਿਵੇਂ ਕੋਈ ਆਪਣੇ ਦਿਲ ਵਿਚ ਆਪਣੇ ਆਪ ਸਬੰਧੀ ਖ਼ਿਆਲ ਕਰਦਾ ਹੈ ਉਹੋ ਜੇਹਾ ਉਹ ਹੁੰਦਾ ਹੈ। ਇਹ ਕਹਾਵਤ ਮਨੁੱਖੀ ਜੀਵਨ ਦੇ ਸਬੰਧ ਵਿਚ ਕਿਸੇ ਗੱਲ ਤੇ ਇੰਨੀ ਚੰਗੀ ਤਰ੍ਹਾਂ ਲਾਗੂ ਨਹੀਂ ਜਿੰਨੀ ਕਿ ਸਿਹਤ ਉੱਤੇ। ਜਿਵੇਂ ਬੀਮਾਰੀਆਂ ਦਾ ਖ਼ਿਆਲ ਕਰਨ ਨਾਲ ਬੀਮਾਰੀਆਂ ਆ ਡੇਰਾ ਜਮਾਉਂਦੀਆਂ ਹਨ, ਤਿਵੇਂ ਹੀ ਅਰੋਗਤਾ ਦਾ ਖ਼ਿਆਲ ਕਰਨ ਨਾਲ ਅਰੋਗਤਾ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ ਜੇ ਤੁਸੀਂ ਸਫਲਤਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਸਫਲਤਾ ਦਾ

ਖ਼ਿਆਲ, ਸਫਲਤਾ ਦੀ ਇੱਛਾ ਸਫਲਤਾ ਦਾ ਹੀ ਚਿੱਤਰ ਮਨ ਦੀਆਂ ਅੱਖਾਂ ਅੱਗੇ ਲਿਆਉਣਾ ਚਾਹੀਦਾ ਹੈ। ਸਫਲਤਾ ਨੂੰ ਆਪਣੇ ਵੱਲ ਖਿਚਣ ਲਈ ਆਪਣੇ ਮਨ ਨੂੰ ਵੱਡਾ ਮਿਕਨਾਤੀਸ ਬਣਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਜੇ ਤੁਸੀਂ ਅਰੋਗ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਅਰੋਗਤਾ ਦਾ ਖ਼ਿਆਲ ਕਰਨਾ ਚਾਹੀਦਾ ਹੈ। ਸਿਹਤ ਦੀ ਇੱਛਾ ਰੱਖਣੀ ਚਾਹੀਦੀ ਹੈ। ਸਿਹਤ ਦੇ ਚਿੱਤਰ ਨੂੰ ਮਨ ਦੀਆਂ ਅੱਖਾਂ ਅੱਗੇ ਰੱਖਣਾ ਚਾਹੀਦਾ ਹੈ ਤੇ ਨਰੋਈ ਤੇ ਚੰਗੇਰੀ ਸਿਹਤ ਨੂੰ ਆਪਣੇ ਵੱਲ ਖਿੱਚਣ ਲਈ ਆਪਣੇ ਮਨ ਨੂੰ ਇਕ ਤੱਕੜਾ ਮਿਕਨਾਤੀਸ ਬਣਾਉਣਾ ਚਾਹੀਦਾ ਹੈ। ਜਦੋਂ ਤੱਕ ਮਨ ਦੀ ਕਲਪਣਾ ਵਿਚ ਸਰੀਰਕ ਨੁਕਸ, ਕਮਜ਼ੋਰੀਆਂ ਜਾਂ ਰੋਗੀ ਹਾਲਤਾਂ ਮੌਜੂਦ ਹਨ, ਜਦੋਂ ਤੱਕ ਮਨ ਦੇ ਅੰਦਰ ਮਾੜੀ ਸਿਹਤ ਦੇ ਚਿੱਤਰ ਟਿਕੇ ਹੋਏ ਹਨ ਉਦੋਂ ਤੱਕ ਜ਼ਰੂਰੀ ਹੈ ਕਿ ਸਰੀਰ ਇਨ੍ਹਾਂ ਚੀਜ਼ਾਂ ਨਾਲ ਇਕਸੁਰਤਾ ਰੱਖੇ, ਕਿਉਂਕਿ ਸਾਡਾ ਸਰੀਰ ਕੇਵਲ ਸਾਡੇ ਖਿਆਲਾਂ ਦਾ ਹੀ ਵਿਸਥਾਰ ਹੈ, ਜਾਂ ਇਉਂ ਕਹਿ ਲੋ ਕਿ ਸਾਡੇ ਮਨ ਅੰਦਰਲਾ ਸੂਖਮ ਚਿੱਤਰ, ਸਥੂਲ ਸੂਰਤ ਧਾਰਨ ਕਰ ਕੇ ਸਾਡਾ ਸਰੀਰ ਬਣਿਆ ਹੋਇਆ ਹੈ।

ਸਿਹਤ ਦੀ ਨੀਂਹ ਸਰੀਰ ਦੀ ਸੰਪੂਰਣਤਾ ਅਤੇ ਰੋਗ ਦੇ ਨਾਂ ਮਾਤਰ ਵੀ ਨਾ ਹੋਣ ਦੇ ਆਦਰਸ਼ ਉੱਤੇ ਹੈ। ਇਹ ਸਿਹਤ ਨੂੰ ਛੱਡ ਕੇ ਹੋਰ ਕਿਸੇ ਖ਼ਿਆਲ ਨੂੰ ਦਿਲ ਵਿਚ ਥਾਂ ਨਾ ਦੇਣ ਨਾਲ ਕਾਇਮ ਰਹਿ ਸਕਦੀ ਹੈ। ਇਸ ਦਾ ਆਧਾਰ ਇਹ ਭਾਵਨਾ ਹੈ ਕਿ ਜਿਹੜੀ ਚੀਜ਼ ਸਾਡੇ ਲਈ ਗੁਣਕਾਰੀ ਹੈ, ਸਹੀ ਅਰਥਾਂ ਵਿਚ ਉਹੀ ਅਸਲੀ ਹੋ ਸਕਦੀ ਹੈ ਤੇ ਸਾਰੇ ਸਰੀਰਕ ਵਿਕਾਰਾਂ ਦਾ ਕਾਰਣ ਇਕਸੁਰਤਾ ਦੀ ਅਣਹੋਂਦ ਹੈ ਇਹ ਸਾਡੀ ਹਸਤੀ ਦੀ ਅਸਲੀਅਤ ਜਾਂ ਸਚਾਈ ਨਹੀਂ। ਸਿਹਤ ਸਦਾ ਥਿਰ ਰਹਿਣ ਵਾਲੀ ਸਚਾਈ ਹੈ। ਸਚਾਈ ਦੀ ਅਣਹੋਂਦ ਦਾ ਨਾਉਂ ਬੀਮਾਰੀ ਹੈ, ਇਹ ਤਾਂ ਕੇਵਲ ਇਕ ਦਿਖਾਵਾ ਹੀ ਹੈ, ਇਹਦੇ ਵਿਚ ਸਚਾਈ ਦਾ ਨਾਂ ਤੱਕ ਨਹੀਂ।

ਡਾਕਟਰ ਜਾਂ ਹਕੀਮ ਵਿਚ ਇਸ ਗੱਲ ਦੀ ਲਿਆਕਤ ਹੋਣੀ ਜ਼ਰੂਰੀ ਹੈ ਕਿ ਉਹ ਆਪਣੇ ਰੋਗੀ ਦੇ ਦਿਲ ਵਿਚ ਸਰੀਰ ਦੀ ਪੂਰੀ ਪੂਰੀ ਅਰੋਗਤਾ ਦਾ

ਖ਼ਿਆਲ ਇਸ ਤਰ੍ਹਾਂ ਜਗਾ ਸਕੇ ਕਿ ਰੋਗੀ ਦੇ ਮਨ ਦੀਆਂ ਅੱਖਾਂ ਵਿਚ ਉਹਦੀ ਪੂਰਣ ਸਰੀਰਕ ਸਿਹਤ ਦੇ ਚਿੱਤਰ ਸਮਾ ਜਾਣ। ਉਸ ਵਿਚ ਇਹ ਯੋਗਤਾ ਹੋਣੀ ਚਾਹੀਦੀ ਹੈ ਕਿ ਉਹ ਬੀਮਾਰ ਦੇ ਦਿਲ ਵਿਚੋਂ ਇਕ ਰੋਗ-ਗ੍ਰਸੇ ਤੇ ਤੱਕਲੀਫਾਂ ਭੋਗਦੇ ਮਨੁੱਖ ਦੀ ਤਸਵੀਰ ਨੂੰ ਕੱਢ ਕੇ ਉਹਦੀ ਥਾਂ ਆਦਰਸ਼ ਦੀ ਮੂਰਤੀ ਸਥਾਪਨ ਕਰ ਸਕੇ। ਜਿੰਨੀ ਇਹ ਲਿਆਕਤ ਉਸ ਵਿਚ ਹੋਵੇਗੀ ਉਤਨਾਂ ਹੀ ਉਹ ਆਪਣੇ ਬੀਮਾਰ ਦੀ ਸਹਾਇਤਾ ਕਰ ਸਕੇਗਾ।

ਇੰਗਲਿਸਤਾਨ ਵਿਚ ਸਰ ਜੇਮਜ਼ ਪੇਜੈੱਟ ਆਪਣੇ ਵੇਲੇ ਦਾ ਬਹੁਤ ਮਸ਼ਹੂਰ ਡਾਕਟਰ ਹੋਇਆ ਹੈ। ੧੮੬੬ ਵਿਚ ਇਕ ਬੀਮਾਰ ਦੀ ਬੀਮਾਰੀ ਨੇ ਉਹਨੂੰ ਬਹੁਤ ਚਿਰ ਤੱਕ ਸੋਚਾਂ ਵਿਚ ਪਾਈ ਰੱਖਿਆ। ਉਸ ਬੀਮਾਰ ਸਬੰਧੀ ਉਨ੍ਹਾਂ ਨੇ ਇਕ ਹੋਰ ਡਾਕਟਰ ਨਾਲ ਗੱਲ ਕੀਤੀ ਕਿ ਕਿਸੇ ਦਿਨ ਇਹ ਬੀਮਾਰ ਸਾਰੇ ਡਾਕਟਰੀ ਪੇਸ਼ੇ ਨੂੰ ਕਲੰਕ ਦਾ ਟਿਕਾ ਲਾ ਦੇਵੇਗਾ, ਕਿਉਂਕਿ ਕੋਈ ਵੀ ਡਾਕਟਰ ਇਸ ਦਾ ਇਲਾਜ ਨਹੀਂ ਕਰ ਸਕਿਆ ਪਰ ਕਿਸੇ ਨੀਮ-ਹਕੀਮ ਨੇ ਦਲੇਰੀ ਨਾਲ ਕੋਈ ਤਰਕੀਬ ਕਰ ਕੇ ਇਸ ਨੂੰ ਰਾਜ਼ੀ ਕਰ ਦੇਣਾ ਹੈ। ਉਹ ਕੇਵਲ ਕੋਈ ਗੱਲ ਅਜੇਹੇ ਅਸਰ ਭਰੇ ਢੰਗ ਨਾਲ ਕਰ ਦੇਵੇਗਾ ਜਿਸ ਨਾਲ ਬੀਮਾਰ ਦੀ ਇੱਛਾ ਸ਼ਕਤੀ ਵਿਚ ਚੇਤਨਤਾ ਪੈਦਾ ਹੋ ਜਾਵੇ ਤੇ ਬੀਮਾਰੀ ਜਾਂਦੀ ਰਹੇ ਜਾਂ ਉਹ ਆਪਣੇ ਸਰੀਰ ਦੀਆਂ ਸਾਰੀਆਂ ਤੱਕਲੀਫਾਂ ਨੂੰ ਆਪਣੀ ਇੱਛਾ ਸ਼ਕਤੀ ਨਾਲ ਭੁਲਾ ਦੇਵੇ ਜਾਂ ਅੰਦਰੋਂ ਅੰਦਰ ਦਬਾ ਲਵੇ।

ਬਹੁਤ ਸਾਰੇ ਡਾਕਟਰ ਤੇ ਹਕੀਮ ਇਸ ਗੱਲ ਨੂੰ ਮੰਨਦੇ ਹਨ ਕਿ ਕਈ ਵਾਰੀ ਨੀਮ-ਹਕੀਮ ਰੋਗੀਆਂ ਨੂੰ ਰਾਜ਼ੀ ਕਰ ਦਿੰਦੇ ਹਨ ਜਦੋਂ ਕਿ ਠੀਕ ਤਰੀਕੇ ਨਾਲ ਇਲਾਜ ਕਰਨ ਵਾਲੇ ਡਾਕਟਰ ਉਨ੍ਹਾਂ ਦਾ ਕੁਝ ਵੀ ਨਹੀਂ ਸੁਆਰ ਸਕਦੇ। ਸੱਚੀ ਗੱਲ ਤਾਂ ਇਹ ਹੈ ਕਿ ਠੀਕ ਤਰੀਕੇ ਨਾਲ ਇਲਾਜ ਕਰਨ ਵਾਲੇ ਸਿਆਣੇ ਸਿਆਣੇ ਡਾਕਟਰ ਤੇ ਹਕੀਮ ਉਸ ਅਸਲ ਅਸੂਲ ਨੂੰ ਨਹੀਂ ਸਮਝਦੇ ਜਿਸ ਕਰਕੇ

ਉਹ ਨੀਮ-ਹਕੀਮ ਅਖਵਾਉਣ ਵਾਲੇ ਬੀਮਾਰ ਨੂੰ ਰਾਜ਼ੀ ਕਰ ਦਿੰਦੇ ਹਨ। ਇਥੇ ਜਿਹੜਾ ਗੁੱਝਾ ਅਸੂਲ ਕੰਮ ਕਰਦਾ ਹੈ। ਉਹ ਹੈ, ਅਸਰ ਭਰਪੂਰ ਤਰੀਕੇ ਨਾਲ ਰੋਗੀ ਦੇ ਮਨ ਵਿਚ ਪੂਰਣ ਸਿਹਤ ਅਤੇ ਅਰੋਗ ਸਰੀਰ ਦਾ ਖ਼ਿਆਲ ਦ੍ਰਿੜ੍ਹ ਕਰ ਦੇਣਾ। ਰੋਗ ਨੂੰ ਹਟਾ ਦੇਣ ਵਾਲੇ ਜਾਂ ਸ਼ਫਾ ਬਖ਼ਸ਼ਣ ਵਾਲੇ ਨੂੰ ਨੀਮ ਹਕੀਮ ਕਹਿ ਦਿਉ ਜਾਂ ਠੀਕ ਤਰੀਕੇ ਨਾਲ ਇਲਾਜ ਕਰਨ ਵਾਲਾ ਡਾਕਟਰ ਕਹਿ ਦੇਵੋ, ਜੇ ਉਹ ਇਸ ਨੇਮ ਅਨੁਸਾਰ ਕੰਮ ਕਰੇਗਾ ਤਾਂ ਜਰੂਰ ਆਪਣੇ ਰੋਗੀ ਦੀ ਵਧ ਤੋਂ ਵਧ ਸਹਾਇਤਾ ਕਰ ਸਕੇਗਾ, ਕਿਉਂਕਿ ਇਉਂ ਕਰਨ ਨਾਲ ਰੋਗੀ ਦੇ ਮਨ ਅੰਦਰਲੀਆਂ ਸਾਰੀਆਂ ਉਪਜਾਊ ਸ਼ਕਤੀਆਂ ਉਸ ਰਿਸ਼ਟ ਪੁਸ਼ਟ ਤੇ ਪੂਰੀ ਸਿਹਤ ਵਾਲੇ ਆਦਰਸ਼ਕ ਸਰੀਰ ਦੀ ਰਚਨਾ ਛੋਹ ਦਿੰਦੀਆਂ ਹਨ ਜਿਸ ਦੀ ਕਲਪਤ ਮੂਰਤੀ ਉਸ ਡਾਕਟਰ ਜਾਂ ਹਕੀਮ ਨੇ ਰੋਗੀ ਦੇ ਮਨ ਵਿਚ ਟਿਕਾ ਦਿੱਤੀ ਹੈ।

ਇਕ ਮਸ਼ਹੂਰ ਸਰਜਨ ਨੇ ਮੈਨੂੰ ਦੱਸਿਆ ਹੈ ਕਿ ਕਈ ਵਾਰੀ ਉਹਨੂੰ ਅਜੇਹੇ ਬੀਮਾਰਾਂ ਨਾਲ ਵਾਹ ਪਿਆ ਹੈ ਜਿਹੜੇ ਬਹੁਤ ਦੇਰ ਤੋਂ ਖ਼ਿਆਲ ਕਰਦੇ ਰਹੇ ਸਨ ਕਿ ਉਨ੍ਹਾਂ ਦੇ ਫਲਾਣੇ ਫਲਾਣੇ ਅੰਗਾਂ ਵਿਚ ਕੋਈ ਬੀਮਾਰੀ ਪੈਦਾ ਹੋ ਗਈ ਹੈ ਤੇ ਚਿਰ ਤੱਕ ਇਉਂ ਖ਼ਿਆਲ ਕਰਦੇ ਰਹਿਣ ਨਾਲ ਉਨ੍ਹਾਂ ਦੇ ਦਿਲ ਵਿਚ ਬੀਮਾਰੀ ਦਾ ਡਰ ਪੈਦਾ ਹੋ ਕੇ ਬੀਮਾਰੀ ਦੇ ਚਿੰਨ ਵੀ ਪਰਗਟ ਹੋ ਹੀ ਗਏ ਸਨ। ਅਜੇਹੀਆਂ ਹਾਲਾਤਾਂ ਵਿਚ ਕਈ ਵਾਰ ਉਸ ਨੇ ਬੀਮਾਰਾਂ ਨੂੰ ਕੇਵਲ ਵਿਸ਼ਵਾਸ ਦਿਵਾ ਦਿੱਤਾ ਕਿ ਉਨ੍ਹਾਂ ਦਾ ਅਪਰੇਸ਼ਨ ਕੀਤਾ ਗਿਆ ਹੈ ਪਰ ਅਸਲ ਵਿਚ ਕੋਈ ਅਪਰੇਸ਼ਨ ਨਹੀਂ ਸੀ ਕੀਤਾ।

ਇਹੋ ਜੇਹੀਆਂ ਹਾਲਤਾਂ ਵਿਚ ਸਰਜਨ ਤਰੀਕੇ ਮੁਤਾਬਕ ਅਪਰੇਸ਼ਨ ਦੀ ਸਾਰੀ ਕਾਰਵਾਈ ਪੂਰੀ ਕਰਦਾ ਹੈ। ਉਹ ਬੀਮਾਰ ਨੂੰ ਅਪਰੇਸ਼ਨ ਕਰਨ ਵਾਲੇ ਮੇਜ਼ ਤੇ ਲਿਟਾਉਂਦਾ ਹੈ, ਉਸ ਨੂੰ ਕਲੋਰੋਫਾਰਮ ਸੁੰਘਾ ਕੇ ਬੇਹੋਸ਼ ਕਰਦਾ ਹੈ, ਤੇ ਕਿਸੇ ਕਿਸੇ ਵੇਲੇ ਬੀਮਾਰੀ ਦੇ ਸਰੀਰ ਉੱਤੇ ਨਸ਼ਤਰ ਨਾਲ ਕੋਈ ਅਜੇਹਾ ਚੀਰਾ ਵੀ ਲਾ

ਦਿੰਦਾ ਹੈ ਜੋ ਅਪਰੇਸ਼ਨ ਦਾ ਨਿਸ਼ਾਨ ਜੇਹਾ ਜਾਪੇ। ਫੇਰ ਉਹ ਉਸ ਅੰਗ ਉੱਤੇ ਪੱਟੀ ਵੀ ਬੰਨ ਦਿੰਦਾ ਹੈ ਤੇ ਨਿਸ਼ਚਿਤ ਵਕਤ ਲਈ ਬੀਮਾਰ ਨੂੰ ਬਿਸਤਰੇ ਵਿਚ ਵੀ ਰੱਖਦਾ ਹੈ। ਏਨੇਂ ਵਿਚ ਉਹ ਬਿਲਕੁਲ ਠੀਕ ਠਾਕ ਹੋ ਜਾਂਦਾ ਹੈ। ਇਸ ਸਰਜਨ ਨੇ ਮੈਨੂੰ ਇਹ ਵੀ ਦੱਸਿਆ ਕਿ ਇਹੋ ਜੇਹੋ ਸਾਰੇ ਬੀਮਾਰ ਜਿਨ੍ਹਾਂ ਦਾ ਉਸ ਨੇ ਇਸ ਤਰ੍ਹਾਂ ਇਲਾਜ ਕੀਤਾ ਹੈ, ਭਾਵੇਂ ਉਹ ਅਪੈਂਡੇਸਾਈਟਸ ਦੀ ਪੀੜ ਜਾਂ ਕਿਸੇ ਹੋਰ ਅੰਗ ਦੀ ਤੱਕਲੀਫ ਕਰਕੇ ਬੀਮਾਰ ਸਨ ਸਾਰੇ ਸੌ ਫੀਸਦੀ ਅਰੋਗ ਹੋ ਗਏ। ਜਿਨ੍ਹਾਂ ਜਿਨ੍ਹਾਂ ਨੂੰ ਲਗਾਤਾਰ ਮਹੀਨਿਆਂ ਤੱਕ ਤੱਕਲੀਫ ਹੁੰਦੀ ਰਹੀ ਸੀ ਉਹ ਵੀ ਇਸ ਝੂਠ ਮੂਠ ਦੇ ਅਪਰੇਸ਼ਨ ਨਾਲ ਪੂਰੇ ਅਰੋਗ ਹੋ ਗਏ।

ਇਸ ਸਰਜਨ ਨੇ ਕਦੇ ਵੀ ਆਪਣੇ ਬੀਮਾਰਾਂ ਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਨਾਲ ਧੋਖਾ ਕੀਤਾ ਗਿਆ ਹੈ। ਆਪਣੇ ਇਸ ਅਮਲ ਨੂੰ ਲੁਕਾ ਕੇ ਰੱਖਣਾ ਹੀ ਉਹ ਠੀਕ ਸਮਝਦਾ ਹੈ, ਕਿਉਂਕਿ ਉਸ ਦਾ ਅਸਲ ਮੰਤਵ ਘਟ ਤੋਂ ਘਟ ਖਤਰੇ ਜਾਂ ਖੇਦ ਨਾਲ ਉਨ੍ਹਾਂ ਨੂੰ ਤੰਦਰੁਸਤ ਕਰਨਾ ਹੁੰਦਾ ਸੀ।

ਇਕ ਹੋਰ ਵੱਡੇ ਹਸਪਤਾਲ ਦਾ ਸਰਜਨ ਦੱਸਦਾ ਹੈ ਕਿ ਉਸ ਨੇ ਹਿਸਟੀਰੀਏ ਹੱਥੋਂ ਦੁੱਖੀ ਔਰਤਾਂ ਤੇ ਇਉਂ ਹੀ ਝੂਠੇ ਮੂਠੇ ਅਪਰੇਸ਼ਨ ਕੀਤੇ। ਇਨ੍ਹਾਂ ਔਰਤਾਂ ਨੂੰ ਖ਼ਿਆਲ ਹੋ ਜਾਂਦਾ ਸੀ ਕਿ ਉਨ੍ਹਾਂ ਦੇ ਸਰੀਰ ਦੇ ਅੰਦਰ ਕੋਈ ਦੁਖਦਾਈ ਰਸੌਲੀ ਵਧ ਰਹੀ ਹੈ ਜਿਸ ਕਰਕੇ ਅਪਰੇਸ਼ਨ ਜ਼ਰੂਰੀ ਹੈ। ਪਹਿਲਾਂ ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਨਾਲ ਸਮਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਰਸੌਲੀ ਆਦਿ ਕੁਝ ਵੀ ਨਹੀਂ ਪਰ ਜਦੋਂ ਉਹ ਨਾ ਮੰਨੀਆਂ ਤਾਂ ਉਨ੍ਹਾਂ ਤੇ ਝੂਠ ਮੂਠ ਦਾ ਅਪਰੇਸ਼ਨ ਕਰ ਦਿੱਤਾ ਗਿਆ ਜਿਸ ਦਾ ਅਸਰ ਇਹ ਹੋਇਆ ਕਿ ਉਹ ਠੀਕ ਠਾਕ ਹੋ ਗਈਆਂ।

ਇਕ ਹੋਰ ਬੀਮਾਰ ਨੂੰ ਵੀ ਉਸ ਨੇ ਇਸੇ ਤਰ੍ਹਾਂ ਰਾਜ਼ੀ ਕੀਤਾ। ਇਹ ਇਕ ਔਰਤ ਸੀ ਜਿਸ ਨੂੰ ਯਕੀਨ ਹੋ ਗਿਆ ਸੀ ਕਿ ਉਹਦੇ ਅੰਦਰ ਕੋਈ ਗਿਲਟੀ ਹੈ। ਇਸ ਤੋਂ ਪਹਿਲਾਂ ਚਾਰ ਵਾਰੀ ਉਹਦਾ ਅਪਰੇਸ਼ਨ ਹੋ ਚੁੱਕਾ ਸੀ ਤੇ ਇਕ ਗਿਲਟੀ

ਉਹਦੇ ਅੰਦਰੋਂ ਕੱਢ ਵੀ ਦਿਤੀ ਗਈ ਸੀ। ਇਕ ਦਿਨ ਬਲਦਾ ਲੈਂਪ ਉਲਟ ਗਿਆ ਇਸ ਨਾਲ ਉਸ ਨੂੰ ਇੰਨਾਂ ਸਦਮਾ ਪੁੱਜਾ ਕਿ ਉਹਨੂੰ ਹਿਸਟੀਰੀਏ ਦਾ ਦੌਰਾ ਹੋ ਗਿਆ ਤੇ ਉਹਦੇ ਦਿਲ ਵਿਚ ਖ਼ਿਆਲ ਬਹਿ ਗਿਆ ਕਿ ਦੇਰ ਉਹਦੇ ਅੰਦਰ ਉਹੋ ਜੇਹੀ ਗਿਲ੍ਹਟੀ ਪੈਦਾ ਹੋ ਗਈ ਹੈ ਤੇ ਉਹਦੀ ਜਾਨ ਤਦੇ ਬਚ ਸਕਦੀ ਹੈ ਜੋ ਅਪਰੇਸ਼ਨ ਕਰ ਕੇ ਉਹ ਗਿਲਟੀ ਕੱਢ ਦਿੱਤੀ ਜਾਵੇ। ਸਰਜਨ ਨੇ ਜਦ ਵੇਖਿਆ ਕਿਸੇ ਹੋਰ ਤਰ੍ਹਾਂ ਇਸ ਦੀ ਤਸੱਲੀ ਨਹੀਂ ਹੋ ਸਕਦੀ ਤਾਂ ਉਸ ਨੇ ਝੂਠ ਮੂਠ ਦਾ ਅਪਰੇਸ਼ਨ ਕਰਨ ਦਾ ਫੈਸਲਾ ਕਰ ਲਿਆ।

ਉਸ ਤੀਵੀਂ ਨੂੰ ਅਪਰੇਸ਼ਨ ਵਾਲੀ ਮੇਜ ਉੱਤੇ ਲਿਟਾ ਦਿੱਤਾ ਗਿਆ। ਕਲੋਰੋਫਾਰਮ ਸੁੰਘਾ ਦਿੱਤਾ ਗਿਆ ਜਿਹਦੇ ਨਾਲ ਉਹ ਨੀਮ ਬੇਹੋਸ਼ੀ ਦੀ ਹਾਲਤ ਵਿਚ ਹੋ ਗਈ। ਉਹ ਸੁਣ ਸਕਦੀ ਸੀ, ਮਹਿਸੂਸ ਵੀ ਕਰ ਸਕਦੀ ਸੀ ਪਰ ਵੇਖ ਨਹੀਂ ਸੀ ਸਕਦੀ। ਸਰਜਨ ਤੇ ਨਰਸਾਂ ਕਮਰੇ ਵਿਚ ਇੱਧਰ ਉੱਧਰ ਫਿਰ ਰਹੀਆਂ ਸਨ ਤੇ ਨੌਕਰਾਂ ਨੂੰ ਛੇਤੀ ਛੇਤੀ 'ਇਹ ਕਰੋ' ਤੇ 'ਉਹ ਕਰੋ', ਹੁਕਮ ਦਿੱਤਾ ਜਾ ਰਿਹਾ ਸੀ। ਸਾਰੇ ਕੰਮ ਇਉਂ ਹੋ ਰਹੇ ਸਨ, ਜਿਵੇਂ ਕੋਈ ਬੜਾ ਭਾਰਾ ਅਪਰੇਸ਼ਨ ਹੋਣ ਵਾਲਾ ਹੈ। ਬਰਫ਼ ਵਾਲਾ ਠੰਢਾ ਪਾਣੀ ਕਾਫੀ ਉਚਾਈ ਤੋਂ ਉਸ ਦੇ ਪਿੰਡੇ ਤੇ ਟਪਕਾਇਆ ਜਾ ਰਿਹਾ ਸੀ। ਚਾਰ ਪੰਜ ਮਿੰਟ ਤੱਕਲੀਫ ਵਾਲੇ ਹਿੱਸੇ ਉੱਤੇ ਇਉਂ ਪਾਣੀ ਪੈਂਦਾ ਰਿਹਾ ਜਿਸ ਤੋਂ ਬੀਮਾਰ ਦੇ ਦਿਲ ਵਿਚ ਇਹ ਖ਼ਿਆਲ ਪੈਦਾ ਕਰਨ ਦਾ ਮੰਤਵ ਸੀ ਕਿ ਉਸ ਦੇ ਮਲ੍ਹਮ ਪੱਟੀ ਕੀਤੀ ਜਾ ਰਹੀ ਹੈ। ਇਸ ਤੋਂ ਪਿੱਛੋਂ ਉਹਨੂੰ ਆਰਾਮ ਗੱਡੀ ਵਿਚ ਲਿਟਾ ਕੇ ਘਰ ਲੈ ਗਏ। ਜਦੋਂ ਉਸ ਨੂੰ ਜ਼ਰਾ ਜਾਗ ਆਈ ਤਾਂ ਉਸ ਨੇ ਦੇਖਿਆ ਕਿ ਦੋ ਨਰਸਾਂ ਉਹਦੇ ਕਮਰੇ ਵਿਚ ਇੱਧਰ ਉੱਧਰ ਫਿਰ ਰਹੀਆਂ ਸਨ। ਇਕ ਨਰਸ ਨੇ ਉਸ ਨੂੰ ਕਿਹਾ ਕਿ ਥੋੜੀ ਜੇਹੀ ਚਾਹ ਪੀ ਲੈ ਤਾਂ ਉਹ ਬੋਲੀ ਮੈਨੂੰ ਕਮਜ਼ੋਰੀ ਬਹੁਤ ਹੋ ਗਈ ਹੈ। ਜਦੋਂ ਉਹਨੂੰ ਕਿਹਾ ਗਿਆ ਕਿ ਹਿੰਮਤ ਕਰ ਕੇ ਥੋੜੀ ਜੇਹੀ ਚਾਹ ਪੀਉ ਤਾਂ ਉਹਨੇ ਥੋੜੀ ਜੇਹੀ ਪੀ ਲਈ। ਇਹ ਔਰਤ ਦਸ ਦਿਨ ਮੰਜੇ ਤੇ ਪਈ ਰਹੀ। ਫੇਰ

ਉਹਦੇ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਉਹਦੇ ਨਾਲ ਮਿਲਣ ਦੀ ਆਗਿਆ ਦਿੱਤੀ ਗਈ। ਹੌਲੀ ਹੌਲੀ ਉਹਦੇ ਸਰੀਰ ਵਿਚ ਤਾਕਤ ਆ ਗਈ।

ਭਾਵੇਂ ਸਰਜਨ ਨੇ ਨਸ਼ਤਰ ਨਾਲ ਉਹਦੇ ਸਰੀਰ ਦੇ ਉੱਤੇ ਕੋਈ ਚੀਰਾ ਨਹੀਂ ਸੀ ਲਾਇਆ ਤੇ ਨਾ ਹੀ ਅਪਰੇਸ਼ਨ ਕੋਈ ਹੋਇਆ ਸੀ ਪਰ ਉਸ ਔਰਤ ਨੂੰ ਇਹੀ ਯਕੀਨ ਸੀ ਕਿ ਅਪਰੇਸ਼ਨ ਕੀਤਾ ਗਿਆ ਹੈ। ਇਸ ਅਪਰੇਸ਼ਨ ਨਾਲ ਆਰਾਮ ਹੋ ਜਾਣ ਦੇ ਯਕੀਨ ਨਾਲ ਉਹ ਰਾਜ਼ੀ ਹੋ ਗਈ 'ਤੇ ਪਹਿਲਾਂ ਜਿਹੜਾ ਇਹ ਖ਼ਿਆਲ ਉਹਦੇ ਦਿਲ ਵਿਚ ਬੈਠਾ ਹੋਇਆ ਸੀ ਕਿ ਉਸਦੀ ਹਾਲਤ ਖ਼ਤਰਨਾਕ ਹੈ ਤੇ ਅਪਰੇਸ਼ਨੋਂ ਬਿਨਾਂ ਉਸ ਦੀ ਜਾਨ ਬਚ ਹੀ ਨਹੀਂ ਸਕਦੀ, ਉਹ ਵਹਿਮ ਉਸ ਦੇ ਦਿਲੋਂ ਨਿਕਲ ਗਿਆ।

ਇਕ ਹੋਰ ਵੀ ਬੜੇ ਦਿਲਚਸਪ ਮਰੀਜ਼ ਦੀ ਗੱਲ ਏਸੇ ਸਰਜਨ ਨੇ ਇਉਂ ਸੁਣਾਈ, ਇਕ ਜਵਾਨ ਔਰਤ ਸੀ ਜਿਸ ਦਾ ਸਿਰ ਹਰ ਵੇਲੇ ਇੱਧਰ ਉੱਧਰ ਹਿਲਦਾ ਰਹਿੰਦਾ ਸੀ। ਉਹਨੇ ਆਪਣੇ ਡਾਕਟਰ ਨੂੰ ਕਿਹਾ ਕਿ ਮੇਰੇ ਸਿਰ ਵਿਚ ਕੋਈ ਰੱਸੀ ਜੇਹੀ ਬਣ ਗਈ ਹੈ ਜਿਹੜੀ ਸਿਰ ਨੂੰ ਇੱਧਰ ਉੱਧਰ ਜਿਹਦੀ ਰਹਿੰਦੀ ਹੈ। ਡਾਕਟਰ ਨੇ ਉਹਨੂੰ ਸਮਝਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਕਿ ਰੱਸੀ ਆਦਿ ਸਰੀਰ ਵਿਚ ਕੁਝ ਨਹੀਂ ਕੇਵਲ ਉਸਦਾ ਵਹਿਮ ਹੈ ਪਰ ਉਹ ਨਾ ਮੰਨੀ। ਓੜਕ ਡਾਕਟਰ ਨੇ ਉਹਨੂੰ ਸਰਜਨ ਦੇ ਕੋਲ ਭੇਜ ਦਿੱਤਾ। ਸਰਜਨ ਨੇ ਦਿਲ ਵਿਚ ਫੈਸਲਾ ਕਰ ਲਿਆ ਕਿ ਇਸ ਦੀ ਤਸਲੀ ਕਰਨ ਲਈ ਝੂਠ ਮੂਠ ਦਾ ਅਪਰੇਸ਼ਨ ਕਰ ਦਿੱਤਾ ਜਾਵੇ, ਜਦੋਂ ਉਸ ਨੂੰ ਦੱਸਿਆ ਗਿਆ ਕਿ ਅਪਰੇਸ਼ਨ ਕੀਤਾ ਜਾਵੇਗਾ ਤਾਂ ਉਹ ਖੁਸ਼ੀ ਨਾਲ ਤਾੜੀਆਂ ਵਜਾਉਣ ਲੱਗ ਪਈ ਤੇ ਕਹਿਣ ਲੱਗੀ, ਅੱਜ ਤੱਕ ਜਿੰਨੇ ਵੀ ਹਕੀਮਾਂ ਡਾਕਟਰਾਂ ਦੀ ਸਲਾਹ ਉਹਨੇ ਲਈ ਹੈ, ਸਾਰਿਆਂ ਨੇ ਉਹਦਾ ਹਾਸਾ ਹੀ ਉਡਾਇਆ ਸੀ ਤੇ ਉਹਨੂੰ ਬੇਵਕੂਫ ਕਿਹਾ ਸੀ, ਹਾਲਾਂਕਿ ਉਹਦੇ ਖ਼ਿਆਲ ਅਨੁਸਾਰ ਸਿਰ ਵਿਚ ਕੋਈ ਰੱਸੀ ਜ਼ਰੂਰ ਸੀ ਤੇ ਉਹਦੇ ਕੱਢਣ ਲਈ ਅਪਰੇਸ਼ਨ ਕਰਨਾ ਜ਼ਰੂਰੀ ਸੀ।

ਸਰਜਨ ਨੇ ਉਹਨੂੰ ਕਲੋਰੋਫਾਰਮ ਸੁੰਘਾ ਦਿੱਤਾ। ਸਿਰ ਦੇ ਸੋਹਣੇ ਜੇਹੇ ਵਾਲ ਕੁਝ ਕਟਵਾ ਦਿੱਤੇ। ਛੋਟੀ ਜੇਹੀ ਜਗ੍ਹਾ ਤੇ ਚੀਰਾ ਵੀ ਦੇ ਦਿੱਤਾ ਜਿਸ ਤੋਂ ਉਸ ਨੂੰ ਯਕੀਨ ਹੋ ਜਾਵੇ ਕਿ ਅਪਰੇਸ਼ਨ ਕਰ ਦਿੱਤਾ ਗਿਆ ਹੈ। ਫੇਰ ਵਾਇਲਨ ਦੀ ਪਤਲੀ ਜੇਹੀ ਤੰਦੀ ਲੈ ਕੇ ਉਹਨੂੰ ਪਾਣੀ ਵਿਚ ਭਿਉਂ ਦਿੱਤਾ ਜਿਸ ਤੋਂ ਉਹ ਰੱਸੀ ਜੇਹੀ ਜਾਪਣ ਲੱਗ ਪਈ ਜਦ ਉਸ ਨੂੰ ਹੋਸ਼ ਆਈ ਤਾਂ ਉਹਨੂੰ ਉਹ ਬਣਾਵਟੀ ਰੱਸੀ ਦਿਖਾ ਕੇ ਕਿਹਾ ਗਿਆ ਕਿ ਇਹ ਉਸ ਦੇ ਸਿਰ ਵਿਚੋਂ ਕੱਢੀ ਗਈ ਹੈ ਤੇ ਅਪਰੇਸ਼ਨ ਪੂਰਾ ਕਾਮਯਾਬ ਹੋ ਗਿਆ ਹੈ। ਉਹ ਔਰਤ ਝੱਟ ਰਾਜ਼ੀ ਹੋ ਗਈ। ਸਰਜਨ ਕਹਿੰਦਾ ਹੈ ਕਿ ਹੋਰ ਕੋਈ ਵੀ ਗੱਲ ਉਸ ਔਰਤ ਨੂੰ ਯਕੀਨ ਨਹੀਂ ਸੀ ਦਿਵਾ ਸਕਦੀ ਕਿ ਉਹਦੇ ਸਿਰ ਅੰਦਰ ਕੋਈ ਰੋਸੀ ਨਹੀਂ ਹੈ ਜਿਹੜੀ ਉਹਦੇ ਸਿਰ ਨੂੰ ਹਰ ਵੇਲੇ ਹਿਲਾਉਂਦੀ ਰਹਿੰਦੀ ਹੈ। ਉਸ ਨੂੰ ਉਦੋਂ ਤੱਕ ਚੈਨ ਨਹੀਂ ਸੀ ਆ ਸਕਦਾ ਜਦੋਂ ਤੱਕ ਉਹਦੇ ਦਿਲ ਵਿਚ ਇਹ ਯਕੀਨ ਪੈਦਾ ਨਾ ਹੋ ਜਾਂਦਾ ਕਿ ਅਪਰੇਸ਼ਨ ਕਰ ਕੇ ਉਹ ਰੱਸੀ ਕੱਢ ਦਿਤੀ ਗਈ ਹੈ।

ਬੀਮਾਰ ਦੇ ਦਿਲ ਵਿਚ ਯਕੀਨ ਪੈਦਾ ਕਰ ਦੇਣ ਵਾਲੇ ਇਹ ਝੂਠ ਮੂਠ ਦੇ ਅਪਰੇਸ਼ਨ ਨਾਲ ਬਹੁਤ ਸਾਰੇ ਰੋਗੀਆਂ ਦਾ ਇਲਾਜ ਕੀਤਾ ਜਾ ਚੁੱਕਾ ਹੈ। ਇਲਾਜ ਦਾ ਇਹ ਤਰੀਕਾ ਪੂਰਾ ਪੂਰਾ ਮਾਨਸਿਕ ਹੈ ਤੇ ਰੋਗੀ ਦਾ ਅਰੋਗ ਹੋਣਾ ਉਸ ਦੇ ਵਿਸ਼ਵਾਸ ਜਾਂ ਇਲਾਜ ਦੇ ਅਸਰ ਤੇ ਯਕੀਨ ਉੱਤੇ ਨਿਰਭਰ ਰੱਖਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਜਿਹੜਾ ਲਾਭ ਹਕੀਮ ਤੋਂ ਜਾਂ ਦਵਾਈ ਤੋਂ ਪ੍ਰਾਪਤ ਹੁੰਦਾ ਹੈ ਉਹ ਵਿਸ਼ਵਾਸ ਤੇ ਬੀਮਾਰ ਦੀ ਆਪਣੀ ਅਰੋਗਤਾ ਦੀ ਇੱਛਾ ਅਤੇ ਇਸ ਭਰੋਸੇ ਤੇ, ਕਿ ਉਹ ਇਸ ਦਵਾਈ ਨਾਲ ਜਾਂ ਇਸ ਡਾਕਟਰ ਹੱਥੋਂ ਰਾਜ਼ੀ ਹੋਵੇਗਾ, ਤੇ ਨਿਰਭਰ ਹੈ। ਇਹ ਭਰੋਸਾ ਜਾਂਦਾ ਰਹੇ ਤਾਂ ਇਲਾਜ ਦਾ ਗੁਣ ਆਪਣੇ ਆਪ ਹਟ ਜਾਵੇਗਾ। ਡਾਕਟਰ ਅੱਛੀ ਤਰ੍ਹਾਂ ਜਾਣਦੇ ਹਨ ਕਿ ਜੇ ਕਿਸੇ ਰੋਗੀ ਦਾ ਵਿਸ਼ਵਾਸ ਤੇ ਆਸ਼ਾ ਜਾਂਦੇ ਰਹਿਣ ਤਾਂ ਉਸ ਦੇ ਰਾਜ਼ੀ ਹੋਣ ਦੀ ਆਸ ਬਹੁਤ ਘਟ ਰਹਿ ਜਾਂਦੀ ਹੈ। ਏਸੇ ਕਰਕੇ ਜਿਥੇ ਤੱਕ ਹੋ ਸਕਦਾ ਹੈ ਉਹ ਬੀਮਾਰ ਨੂੰ ਨਹੀਂ ਦੱਸਦੇ

ਕਿ ਤੇਰੀ ਜੀਉਣ ਦੀ ਆਸ ਨਹੀਂ ਰਹੀ ਕਿਉਂਕਿ ਉਹ ਜਾਣਦੇ ਹਨ ਕਿ ਆਸ ਨਾ ਰਹਿਣ ਦੀ ਖ਼ਬਰ ਨਾਲ ਰੋਗੀ ਦੇ ਮਨ ਤੇ ਉਹੋ ਅਸਰ ਹੁੰਦਾ ਹੈ ਜਿਹੜਾ ਕਿ ਇਕ ਅਪਰਾਧੀ ਨੂੰ ਮੌਤ ਦੀ ਸਜ਼ਾ ਦਾ ਹੁਕਮ ਸਣਾਉਣ ਨਾਲ ਹੁੰਦਾ ਹੈ। ਇਸ ਨਾਲ ਬੀਮਾਰ ਦੀ ਆਸ ਟੁੱਟ ਜਾਂਦੀ ਹੈ। ਆਸ ਹੀ ਇਕ ਅਜੇਹੀ ਚੀਜ਼ ਹੈ ਜਿਸ ਵਿਚ ਖਿੰਡੀਆਂ ਹੋਈਆਂ ਸ਼ਕਤੀਆਂ ਨੂੰ ਮੁੜ ਇੱਕਠਿਆਂ ਕਰਨ ਦੀ ਸਮਰੱਥਾ ਹੈ ਤੇ ਇਸੇ ਦੀ ਸਹਾਇਤਾ ਨਾਲ ਬੀਮਾਰ ਨਾਜ਼ੁਕ ਸਮੇਂ ਵਿਚੋਂ ਵੀ ਨਿਕਲ ਜਾਂਦਾ ਹੈ। ਜੇ ਆਸ ਖ਼ਤਮ ਹੋ ਜਾਏ ਤਾਂ ਬੀਮਾਰ ਨੂੰ ਅਰੋਗ ਕਰਨ ਦੀ ਸ਼ਕਤੀ ਵੀ ਮੁੱਕ ਜਾਂਦੀ ਹੈ। ਸਾਰੇ ਹਕੀਮ ਡਾਕਟਰ ਜਾਣਦੇ ਹਨ ਕਿ ਹੌਂਸਲਾ, ਆਸ ਤੇ ਅਰੋਗ ਹੋ ਜਾਣ ਦੀ ਉਮੀਦ ਅਰੋਗਤਾ ਪ੍ਰਾਪਤ ਕਰਨ ਵਿਚ ਵਧੇਰੀਆਂ ਸਹਾਈ ਹੁੰਦੀਆਂ ਹਨ। ਸਿਆਣੇ ਡਾਕਟਰ ਇਨ੍ਹਾਂ ਗੱਲਾਂ ਨੂੰ ਆਪਣੇ ਇਲਾਜ ਵਿਚ ਸਹਾਇਕ ਸਮਝਦੇ ਹਨ।

ਅਰੋਗ ਹੋ ਜਾਣ ਦੀ ਆਸ ਆਪਣੇ ਆਪ ਵਿਚ ਇਕ ਸ਼ਕਤੀਸ਼ਾਲੀ ਇਲਾਜ ਹੈ। ਮੈਨੂੰ ਇਕ ਆਦਮੀ ਦਾ ਹਾਲ ਯਾਦ ਹੈ। ਉਹ ਕਈ ਸਾਲਾਂ ਤੋਂ ਇਕ ਖਾਸ ਬੀਮਾਰੀ ਭੋਗ ਰਿਹਾ ਸੀ। ਹਸਪਤਾਲ ਦਾ ਕੋਈ ਇਲਾਜ ਇਸ ਬੀਮਾਰੀ ਨੂੰ ਹਟਾ ਨਾ ਸਕਿਆ। ਉਹਦੇ ਦਿਲ ਵਿਚੋਂ ਅਰੋਗ ਹੋਣ ਦੀ ਆਸ ਪਤਲੀ ਹੋਣ ਲੱਗ ਪਈ ਸੀ ਜਦੋਂ ਉਹਨੂੰ ਪਤਾ ਲੱਗਾ ਕਿ ਹੋਰ ਓਪਰੇ ਮੁਲਕ ਦਾ ਕੋਈ ਡਾਕਟਰ, ਜਿਸ ਨੇ ਅਜੇਹੀਆਂ ਬੀਮਾਰੀਆਂ ਦਾ ਸਫ਼ਲ ਇਲਾਜ ਕਰ ਕੇ ਕਾਫੀ ਨਾਂ ਖੱਟਿਆ ਸੀ ਉਸ ਦੇ ਆਪਣੇ ਮੁਲਕ ਵਿਚ ਆ ਰਿਹਾ ਹੈ। ਡਾਕਟਰੀ ਦੇ ਰਸਾਲਿਆਂ ਤੇ ਅਖਬਾਰਾਂ ਵਿਚ ਇਸ ਡਾਕਟਰ ਦੇ ਅਜੀਬ ਅਜੀਬ ਇਲਾਜਾਂ ਦੇ ਹਾਲ, ਜਿਹੜੇ ਛਪਦੇ ਸਨ, ਉਨ੍ਹਾਂ ਨੂੰ ਇਸ ਬੀਮਾਰ ਨੇ ਘੜੀ ਮੁੜੀ ਪੜ੍ਹਿਆ ਤੇ ਇਨ੍ਹਾਂ ਨੂੰ ਪੜ੍ਹ ਪੜ੍ਹ ਕੇ ਉਹਦੇ ਦਿਲ ਵਿਚ ਇਹ ਜਨੂੰਨ ਜੇਹਾ ਪੈਦਾ ਹੋ ਗਿਆ, ਜਿਹੜਾ ਪੂਰੇ ਯਕੀਨ ਦੇ ਦਰਜੇ ਤੱਕ ਪੁੱਜ ਗਿਆ, ਕਿ ਜੇ ਇਹ ਅਜੀਬ ਇਲਾਜ ਕਰਨ ਵਾਲਾ ਡਾਕਟਰ ਉਸ ਦਾ ਇਲਾਜ ਕਰੇ ਤਾਂ ਉਹ ਵੀ ਠੀਕ ਠਾਕ ਹੋ ਸਕਦਾ ਹੈ। ਇਹ ਬੰਦਾ ਕੁਝ ਗਰੀਬ ਜੇਹਾ ਸੀ ਪਰ ਉਸ

ਨੇ ਸੋਚਿਆ ਕਿ ਜੇ ਬੀਮਾਰੀ ਦੇ ਕਸ਼ਟ ਤੋਂ ਉਸ ਦਾ ਛੁਟਕਾਰਾ ਹੋ ਜਾਵੇ ਤਾਂ ਉਸ ਨੂੰ ਖਰਚ ਆਦਿ ਦੀ ਕੋਈ ਪਰਵਾਹ ਨਹੀਂ। ਇਸ ਡਾਕਟਰ ਦੇ ਹੱਥੋਂ ਉਸ ਨੂੰ ਰਾਜ਼ੀ ਹੋ ਜਾਣ ਦਾ ਇੰਨਾਂ ਭਰੋਸਾ ਸੀ ਕਿ ਉਸ ਨੇ ਅਪਣਾ ਘਰ ਵੀ ਗਹਿਣੇ ਪਾ ਦਿੱਤਾ, ਜੋ ਸਾਮਾਨ ਆਦਿ ਸੀ ਸਭ ਵੇਚ ਦਿੱਤਾ ਤਾਂ ਜੋ ਉਹ ਇਸ ਮਸ਼ਹੂਰ ਮਾਹਰ ਡਾਕਟਰ ਤੋਂ ਇਲਾਜ ਕਰਾ ਸਕੇ। ਜਿਸ ਸ਼ਹਿਰ ਵਿਚ ਉਹ ਡਾਕਟਰ ਆਇਆ ਹੋਇਆ ਸੀ, ਉੱਥੇ ਇਹ ਬੀਮਾਰ ਪੁੱਜਾ। ਡਾਕਟਰ ਨੂੰ ਮਿਲਣ ਤੋਂ ਪਹਿਲਾਂ ਉਹਨੂੰ ਕਈ ਦਿਨ ਉੱਥੇ ਠਹਿਰਨਾ ਪਿਆ। ਡਾਕਟਰ ਵਿਚ ਬੀਮਾਰ ਦਾ ਵਿਸ਼ਵਾਸ ਇੰਨਾਂ ਪੱਕਾ ਹੋ ਗਿਆ ਕਿ ਉਹਨੂੰ ਮਿਲਣ ਤੇ ਉਹਦਾ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਹੀ ਲੱਗਭਗ ਉਹਦੀ ਬੀਮਾਰੀ ਦਾ ਇਲਾਜ ਹੋ ਗਿਆ। ਓੜਕ ਜਦ ਡਾਕਟਰ ਨਾਲ ਮੇਲ ਹੋਇਆ ਤੇ ਉਹਨੇ ਉਸ ਦਾ ਮੁਆਇਨਾ ਕੀਤਾ ਤਾਂ ਡਾਕਟਰ ਨੇ ਉਹਨੂੰ ਕਿਹਾ 'ਤੂੰ ਜ਼ਰੂਰ ਹੀ ਰਾਜ਼ੀ ਹੋ ਜਾਵੇਂਗਾ'। ਡਾਕਟਰ ਦਾ ਦਿੱਤਾ ਹੋਇਆ ਨੁਸਖ਼ਾ ਹਾਲੇ ਉਸ ਨੇ ਵਰਤਿਆ ਵੀ ਨਹੀਂ ਸੀ ਕਿ ਉਹਨੂੰ ਆਪਣੀ ਤੱਕਲੀਫ ਤੋਂ ਪੂਰਾ ਪੂਰਾ ਛੁਟਕਾਰਾ ਮਿਲ ਗਿਆ।

ਇਸ ਮੁਆਮਲੇ ਵਿਚ ਜਿਹੜਾ ਸ਼ਾਨਦਾਰ ਮਨੋਵਿਗਿਆਨਕ ਲਾਭ ਹੋਇਆ ਉਸ ਨੂੰ ਸੋਚੀਏ ਤਾਂ ਪਤਾ ਲਗੇਗਾ ਕਿ ਬੀਮਾਰ ਦਾ ਮਨ ਡਾਕਟਰ ਦੇ ਇਲਾਜ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਸੀ। ਉਸ ਨੂੰ ਆਪਣੇ ਰਾਜ਼ੀ ਹੋਣ ਵਿਚ ਜ਼ਰਾ ਵੀ ਸੰਦੇਹ ਨਹੀਂ ਸੀ ਤੇ ਉਹ ਅਰੋਗ ਹੋ ਗਿਆ। ਸਹੀ ਅਰਥਾਂ ਵਿਚ ਉਸ ਦੇ ਵਿਸ਼ਵਾਸ ਨੇ ਹੀ ਉਹਨੂੰ ਸਿਹਤ ਬਖਸ਼ੀ ਸੀ।

ਕਈ ਹਾਲਤਾਂ ਵਿਚ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਲੋਕ ਆਪਣੀਆਂ ਬੀਮਾਰੀਆਂ ਤੋਂ ਕੇਵਲ ਇਸ ਲਈ ਅਰੋਗ ਹੋ ਗਏ ਕਿ ਉਨ੍ਹਾਂ ਨੂੰ ਕਿਸੇ ਨਿਕੰਮੀ ਜੇਹੀ ਪੇਟੈਂਟ ਦਵਾਈ ਵਿਚ ਵਿਸ਼ਵਾਸ ਆ ਗਿਆ ਸੀ। ਸ਼ਾਇਦ ਕਾਫੀ ਸਮੇਂ ਤੱਕ ਉਨ੍ਹਾਂ ਦੇ ਦਿਲ ਵਿਚ ਇਹ ਯਕੀਨ ਰਿਹਾ ਹੋਵੇ ਕਿ ਜੇ ਫਲਾਣੀ ਖਾਸ ਦਵਾਈ ਮਿਲ ਜਾਵੇ ਤਾਂ ਉਹ ਰਾਜ਼ੀ ਹੋ ਜਾਣਗੇ। ਉਨ੍ਹਾਂ ਦੀ ਆਸ ਇਥੋਂ ਤੱਕ ਵਧ ਗਈ ਤੇ

ਇੰਨੀ ਪੱਕੀ ਹੋ ਗਈ ਕਿ ਜਦੋਂ ਉਨ੍ਹਾਂ ਦੇ ਖ਼ਿਆਲ ਅਨਕੂਲ ਹਾਲਾਤ ਪੈਦਾ ਹੋ ਗਏ ਜਿਨ੍ਹਾਂ ਵਿਚ ਉਨ੍ਹਾਂ ਨੂੰ ਰਾਜ਼ੀ ਹੋ ਜਾਣ ਦਾ ਯਕੀਨ ਸੀ ਤਾਂ ਉਨ੍ਹਾਂ ਨੂੰ ਆਪਣੇ ਆਸ਼ਾਵਾਦੀ ਖਿਆਲਾਂ ਦਾ ਲਾਭ ਮਿਲ ਗਿਆ।

ਇਕ ਹੋਰ ਦ੍ਰਿਸ਼ਟਾਂਤ ਸੁਣੋ— ਮੈਨੂੰ ਇਕ ਗਰੀਬ ਆਦਮੀ ਦਾ ਹਾਲ ਪਤਾ ਹੈ। ਉਹ ਕਈ ਵਰੇ ਗਂਠੀਏ ਤੋਂ ਤੰਗ ਰਿਹਾ। ਉਸ ਦੇ ਜੋੜ ਇੰਨੇ ਸੁਜ ਗਏ ਸਨ ਕਿ ਨਾ ਕੇਵਲ ਉਹਦੀ ਸ਼ਕਲ ਸੂਰਤ ਵਿਚ ਹੀ ਫਰਕ ਪੈ ਗਿਆ ਸੀ ਸਗੋਂ ਉਹ ਅਪਹਾਜ ਹੀ ਬਣ ਗਿਆ ਸੀ। ਜਿਹੜੇ ਜਿਹੜੇ ਸਸਤੇ ਇਲਾਜ ਉਹਦੇ ਦੋਸਤਾਂ ਮਿਤਰਾਂ ਨੇ ਉਹਨੂੰ ਦੱਸੇ ਉਹ ਉਹਨੇ ਸਾਰੇ ਕੀਤੇ ਪਰ ਰਾਜ਼ੀ ਹੋਣ ਦੀ ਆਸ ਰਤੀ ਵੀ ਨਾ ਲੱਗੀ। ਇਕ ਦਿਨ ਉਸ ਨੇ ਗਂਠੀਏ ਦੀ ਇਕ ਪੇਟੈਂਟ ਦਵਾਈ ਦੀਆਂ ਕਰਾਮਾਤਾਂ ਪੜ੍ਹੀਆਂ ਜਿਸ ਦੀ ਸਹਾਇਤਾ ਨਾਲ ਕਈਆਂ ਦਾ ਜੋੜਾਂ ਦਾ ਦਰਦ ਦੂਰ ਕੀਤਾ ਗਿਆ ਸੀ। ਇਹ ਦਵਾਈ ਕਾਫੀ ਕੀਮਤੀ ਸੀ, ਕੋਈ ਅੱਠਾਂ ਰੁਪਇਆਂ ਦੀ ਇਕ ਸੀਸੀ ਮਿਲਦੀ ਸੀ ਤੇ ਅੱਠ ਰੁਪਏ ਇਸ ਗਰੀਬ ਲਈ, ਜਦੋਂ ਕਿ ਉਹ ਕੋਈ ਕੰਮ ਕਰਨ ਦੇ ਵੀ ਯੋਗ ਨਹੀਂ ਸੀ ਰਿਹਾ, ਇਕ ਭਾਰੀ ਰਕਮ ਸਨ। ਇਸ ਦੀ ਵਹੁਟੀ ਦੇ ਸਿਵਾ ਕੋਈ ਵੀ ਇਸ ਦੀ ਮਦਦ ਕਰਨ ਵਾਲਾ ਨਹੀਂ ਸੀ। ਉਹ ਵਿਚਾਰੀ ਲੋਕਾਂ ਦੇ ਕੱਪੜੇ ਧੋ ਕੇ, ਕਦੇ ਕਦੇ ਮਕਾਨਾਂ ਦੀ ਸਫਾਈ ਕਰ ਕੇ, ਜਾਂ ਇਹੋ ਜੇਹੇ ਹੋਰ ਕੰਮ ਕਰ ਕੇ ਆਪਣੀ ਤੇ ਆਪਣੇ ਅਪਾਹਜ ਲੂਲ੍ਹ ਪਤੀ ਲਈ ਰੋਟੀ ਕਮਾਇਆ ਕਰਦੀ ਸੀ। ਬੜੀ ਮਿਹਨਤ ਮੁਸ਼ੱਕਤ ਕਰ ਕੇ ਇਸ ਅਜੀਬ ਦਵਾਈ ਦੀ ਬੋਤਲ ਖਰੀਦਣ ਲਈ ਉਹਨੇ ਅੱਠ ਰੁਪਏ ਜਮ੍ਹਾਂ ਕੀਤੇ। ਕਈ ਮਹੀਨਿਆਂ ਤੋਂ ਉਹ ਬੀਮਾਰ ਸੁਪਨੇ ਜੇਹੇ ਦੇਖ ਰਿਹਾ ਸੀ ਕਿ ਜੇ ਉਹ ਦਵਾਈ ਮਿਲ ਗਈ ਤਾਂ ਅੰਮ੍ਰਿਤ ਦਾ ਕੰਮ ਦੇਵੇਗੀ। ਇਸ ਕੀਮਤੀ ਸ਼ੀਸ਼ੀ ਵਿਚੋਂ ਇਕ ਇਕ ਖੁਰਾਕ ਜੋ ਉਹ ਵਰਤੇਗਾ ਉਸ ਨਾਲ ਉਹ ਤੱਕੜਾ ਤੇ ਠੀਕ ਠਾਕ ਹੁੰਦਾ ਜਾਵੇਗਾ। ਇਹੋ ਜੇਹੀਆਂ ਤਸਵੀਰਾਂ ਉਹ ਆਪਣੇ ਮਨ ਵਿਚ ਖਿਚਿਆ ਕਰਦਾ ਸੀ। ਓੜਕ ਜਦ ਉਹਦੀ ਵਹੁਟੀ ਦਵਾਈ ਦੀ ਬੋਤਲ ਖਰੀਦ ਕੇ ਲਿਆਉਣ ਵਿਚ

ਸਫਲ ਹੋ ਗਈ ਤਾਂ ਉਸ ਦਾ ਅਸਰ ਠੀਕ ਉਹ ਹੀ ਹੋਇਆ ਜਿਹੜਾ ਉਹ ਆਪਣੇ ਦਿਲ ਵਿਚ ਖ਼ਿਆਲ ਕਰਦਾ ਹੁੰਦਾ ਸੀ। ਜਿਹੜੀ ਉਹਦੀ ਆਸ ਸੀ, ਜਿਸ ਗੱਲ ਦੀ ਉਹ ਉਮੀਦ ਬੰਨ੍ਹੀ ਬੈਠਾ ਸੀ ਉਹ ਉਸੇ ਤਰ੍ਹਾਂ ਪਰਤੱਖ ਹੋ ਗਈ। ਜ਼ਰਾ ਖ਼ਿਆਲ ਕਰੋ, ਕਿ ਇਕ ਨਿਰਜਿੰਦ ਤੇ ਬੇਜਾਨ ਦਵਾਈ ਨੇ, ਜਿਹੜੀ ਹਜ਼ਾਰਾਂ ਵਰ੍ਹਿਆਂ ਵਿਚ ਆਪਣੇ ਆਪ ਨੂੰ ਵਾਲ ਭਰ ਜਿੰਨੀ ਵਿਥ ਤੱਕ ਵੀ ਹਿਲਾ ਨਾ ਸਕੀ, ਉਸ ਨੇ ਇਕ ਮਨੁੱਖ ਨੂੰ, ਕਾਇਨਾਤ ਵਿਚ ਸਭ ਤੋਂ ਵੱਡੀ ਸ਼ਕਤੀ ਨੂੰ, ਤੁਰਨ ਫਿਰਨ ਜੋਗਾ ਕਰ ਦਿੱਤਾ।

ਇਹ ਗੁਣ ਉਸ ਨਿਰਜਿੰਦ ਜੇਹੀ ਦਵਾਈ ਵਿਚ ਨਹੀਂ; ਇਲਾਜ ਕਰਨ ਵਾਲੀ ਸ਼ਕਤੀ ਉਸ ਵਿਸ਼ਵਾਸ ਤੋਂ ਪੈਦਾ ਹੁੰਦੀ ਹੈ ਜਿਹੜਾ ਬੀਮਾਰ ਦੇ ਦਿਲ ਵਿਚ ਉਸ ਦਵਾਈ ਤੇ ਹੈ। ਜੇ ਉਸ ਦਵਾਈ ਵਿਚ ਬੀਮਾਰ ਦਾ ਵਿਸ਼ਵਾਸ ਨਹੀਂ ਰਹਿੰਦਾ ਤਾਂ ਦਵਾਈ ਦੀ ਰੋਗ ਦੂਰ ਕਰਨ ਵਾਲੀ ਤਾਕਤ ਜਾਂਦੀ ਰਹਿੰਦੀ ਹੈ।

ਡਾਕਟਰ ਵਿਚ ਵੀ ਬੀਮਾਰ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ਨਹੀਂ ਤਾਂ ਬੀਮਾਰ ਉਸ ਦੇ ਇਲਾਜ ਤੋਂ ਲਾਭ ਨਹੀਂ ਪ੍ਰਾਪਤ ਕਰ ਸਕਦਾ। ਦਵਾਈ ਵਿਚ ਜਾਂ ਨੁਸਖ਼ੇ ਵਿਚ ਵਿਸ਼ਵਾਸ ਹੋਣਾ ਜ਼ਰੂਰੀ ਹੈ ਨਹੀਂ ਤਾਂ ਦਵਾਈ ਅਕਾਰਥ ਸਾਬਤ ਹੋਵੇਗੀ। ਜੇਹੋ ਜੇਹਾ ਵਿਸ਼ਵਾਸ ਹੋਵੇਗਾ ਉਹੋ ਜੇਹਾ ਹੀ ਇਲਾਜ ਦਾ ਅਸਰ ਹੋਵੇਗਾ। ਜੇ ਬੀਮਾਰ ਦਾ ਖ਼ਿਆਲ ਥੋੜਾ ਜੇਹਾ ਵੀ ਡਾਕਟਰ ਦੇ ਵਿਰੁੱਧ ਹੈ, ਜਾਂ ਉਹ ਉਹਦੇ ਇਲਾਜ ਨੂੰ ਪਸੰਦ ਨਹੀਂ ਕਰਦਾ, ਤਾਂ ਡਾਕਟਰ ਤੇ ਇਲਾਜ ਦੋਹਾਂ ਦਾ ਅਸਰ ਘੱਟ ਜਾਵੇਗਾ। ਸਰੀਰ ਦੇ ਰੋਗੀ ਅੰਗ ਦੀ ਮੁਰੰਮਤ ਕੇਵਲ ਉਪਜਾਊ ਸ਼ਕਤੀ ਨਾਲ ਹੀ ਹੋ ਸਕਦੀ ਹੈ ਜਿਹੜੀ ਉਸ ਅੰਗ ਵਿਚ ਅੱਗੇ ਹੀ ਮੌਜੂਦ ਹੈ। ਇਸ ਤਾਕਤ ਨੂੰ ਆਸ ਨਾਲ ਵਿਸ਼ਵਾਸ ਨਾਲ ਤੇ ਠੀਕ ਠਾਕ ਹੋਣ ਦੀ ਰੀਝ ਨਾਲ ਹੀ ਉਤੇਜਤ ਕੀਤਾ ਜਾ ਸਕਦਾ ਹੈ। ਜੇ ਕਿਸੇ ਖਾਸ ਡਾਕਟਰ ਜਾਂ ਕਿਸੇ ਖਾਸ ਦਵਾਈ ਵਿਚ ਵਿਸ਼ਵਾਸ ਹੋਵੇ ਤਾਂ ਉਸ ਤਾਕਤ ਨੂੰ ਹੋਰ ਵਧੇਰੀ ਸਹਾਇਤਾ ਮਿਲਦੀ ਹੈ।

ਇਸ ਗੱਲ ਦੇ ਸਬੂਤ ਮੌਜੂਦ ਹਨ। ਇਕ ਬੀਮਾਰ ਉੱਤੇ ਜਿਹੜਾ ਇਲਾਜ ਕਰਨ ਵਾਲੇ ਅਤੇ ਇਲਾਜ ਤੇ ਸ਼ਰਧਾ ਰੱਖਦਾ ਹੈ ਦਵਾਈ ਦਾ ਬੜਾ ਚੰਗਾ ਅਸਰ ਹੁੰਦਾ ਹੈ ਪਰ ਉਹੋ ਜੇਹੀ ਹੀ ਬਣਾਵਟ ਤੇ ਸੁਭਾ ਵਾਲੇ ਬੀਮਾਰ ਉੱਤੇ, ਜਿਹੜਾ ਉਸੇ ਤਰ੍ਹਾਂ ਦੀ ਬੀਮਾਰੀ ਤੋਂ ਦੁੱਖ ਪਾ ਰਿਹਾ ਹੈ, ਉਸੇ ਹੀ ਦਵਾਈ ਦਾ ਥੋੜਾ ਜੇਹਾ ਵੀ ਅਸਰ ਨਹੀਂ ਹੁੰਦਾ ਕਿਉਂਕਿ ਉਹ ਇਲਾਜ ਕਰਨ ਵਾਲੇ ਅਤੇ ਉਸ ਦੇ ਇਲਾਜ ਵਿਚ ਸ਼ਰਧਾ ਨਹੀਂ ਰੱਖਦਾ। ਦੂਜੇ ਸ਼ਬਦਾਂ ਵਿਚ ਇਹੋ ਗੱਲ ਇੰਜ ਕਹੀ ਜਾ ਸਕਦੀ ਹੈ ਕਿ ਜਦੋਂ ਸ਼ਰਧਾ ਤੇ ਵਿਸ਼ਵਾਸ ਬੀਮਾਰ ਨੂੰ ਤਾਕਤ ਦੇ ਰਹੇ ਹੋਣ ਤਾਂ ਇਹੋ ਜੇਹੀਆਂ ਹਾਲਤਾਂ ਵਿਚ ਇਕ ਇਲਾਜ ਬੜਾ ਲਾਭਦਾਇਕ ਸਿੱਧ ਹੁੰਦਾ ਹੈ। ਇਸ ਤੋਂ ਉਲਟ ਜੇ ਸ਼ਰਧਾ ਤੇ ਵਿਸ਼ਵਾਸ ਨਹੀਂ ਹੈ ਤਾਂ ਉਹੋ ਇਲਾਜ ਥੋੜਾ ਜੇਹਾ ਵੀ ਅਸਰ ਨਹੀਂ ਰੱਖਦਾ।

ਇਸ ਗੱਲ ਨੂੰ ਝੁਠਾਇਆ ਨਹੀਂ ਜਾ ਸਕਦਾ ਕਿ ਲੋਕਾਂ ਦੀ ਵਧੇਰੀ ਗਿਣਤੀ ਆਪਣੇ ਕੋਲ ਹਰ ਕਿਸਮ ਦੀਆਂ ਦਵਾਈਆਂ ਨਾਲ ਅਲਮਾਰੀਆਂ ਦੀਆਂ ਅਲਮਾਰੀਆਂ ਭਰੀ ਰੱਖਦੀ ਹੈ ਜਿਨਾਂ ਦੀ ਵਰਤੋਂ ਸਰੀਰ ਤੇ ਮਨ ਦੋਹਾਂ ਲਈ ਬੜੀ ਹਾਨੀਕਾਰਕ ਹੁੰਦੀ ਹੈ ਪਰ ਜਦੋਂ ਤੱਕ ਲੋਕਾਂ ਨੂੰ ਇਨ੍ਹਾਂ ਦਵਾਈਆਂ ਵਿਚ ਸ਼ਰਧਾ ਹੈ ਉਨ੍ਹਾਂ ਦਵਾਈਆਂ ਦੀ ਵਰਤੋਂ ਅਤੇ ਹੋਰ ਅਰੋਗ ਕਰਨ ਦੇ ਸਾਧਨਾਂ ਨੂੰ ਰੱਦ ਕਰ ਦੇਣਾ ਆਤਮਘਾਤ ਦੇ ਬਰਾਬਰ ਹੋਵੇਗਾ, ਕਿਉਂਕਿ ਲੋਕ ਉਨ੍ਹਾਂ ਤੇ ਭਰੋਸਾ ਰੱਖਦੇ ਹਨ ਅਤੇ ਇਹ ਵਿਸ਼ਵਾਸ ਉਨ੍ਹਾਂ ਦਵਾਈਆਂ ਰਾਹੀਂ ਹੁੰਦੇ ਇਲਾਜ ਵਿਚ ਸਹਾਈ ਹੋਵੇਗਾ। ਜੇ ਮਨੁੱਖ ਜਾਤੀ ਨੂੰ ਪੱਕਾ ਵਿਸ਼ਵਾਸ ਹੈ ਕਿ ਕੁਝ ਦਵਾਈਆਂ ਖਾਸ ਖਾਸ ਬੀਮਾਰੀਆਂ ਦਾ ਇਲਾਜ ਕਰ ਦਿੰਦੀਆਂ ਹਨ। ਤਾਂ ਉਨ੍ਹਾਂ ਦਵਾਈਆਂ ਦੀ ਵਰਤੋਂ ਤੋਂ ਉਤਨਾਂ ਕੁ ਲਾਭ ਜਰੂਰ ਹੋਵੇਗਾ ਜਿੰਨਾਂ ਕੁ ਲੋਕਾਂ ਦਾ ਉਹਨਾਂ ਉੱਤੇ ਵਿਸ਼ਵਾਸ ਹੈ, ਕਿਉਂਕਿ ਸਾਡੇ ਸਰੀਰ ਦੀ ਬਣਤਰ ਸਾਡੇ ਵਿਸ਼ਵਾਸਾਂ ਦੇ ਅਧੀਨ ਹੀ ਹੁੰਦੀ ਹੈ।

ਜੇ ਅਸੀਂ ਡਾਕਟਰੀ ਵਿਦਿਆ ਦੇ ਪੁਰਾਣੇ ਇਤਹਾਸ ਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਮਨੁੱਖ ਜਾਤੀ ਕਿਹੋ ਜੇਹੇ ਫਜ਼ੂਲ ਇਲਾਜਾਂ ਵਿਚ ਸ਼ਰਧਾ ਰੱਖਦੀ ਚਲੀ ਆਈ ਹੈ। ਉਹ ਇਲਾਜ ਆਪਣੇ ਜ਼ਮਾਨੇ ਵਿਚ ਚਾਲੂ ਰਹੇ ਤੇ ਸ਼ਾਇਦ ਇਨ੍ਹਾਂ ਤੋਂ ਕੁਝ ਮੰਤਵ ਪ੍ਰਾਪਤ ਹੁੰਦਾ ਰਿਹਾ ਪਰ ਜਦੋਂ ਤੋਂ ਸੰਸਾਰ ਵਿਚ ਉਨੰਤੀ ਕਰ ਕੇ ਅਸੀਂ ਹੋਰ ਅੱਗੇ ਵਧ ਗਏ ਹਾਂ, ਉਹੋ ਇਲਾਜ ਹੁਣ ਸਾਨੂੰ ਬੇਹੂਦਾ ਤੇ ਵਹਿਮ ਪਰਤੀਤ ਹੁੰਦੇ ਹਨ। ਬਹੁਤ ਚਿਰ ਨਹੀਂ ਹੋਇਆ ਹਜ਼ਾਰਾਂ ਆਦਮੀ ਆਪਣੀਆਂ ਜੇਬਾਂ ਵਿਚ ਸ਼ਾਹ-ਬਲੂਤ ਦੇ ਬੀਜ ਰਖਿਆ ਕਰਦੇ ਸਨ, ਹੱਥੀਂ ਲੋਹੇ ਦੇ ਛੱਲੇ ਪਾਈਂ ਰੱਖਦੇ ਸਨ ਕਿ ਜੋੜਾਂ ਦੇ ਦਰਦਾਂ ਤੋਂ ਬਚੇ ਰਹਿਣ। ਗੰਠੀਏ ਦੇ ਸੈਂਕੜੇ ਇਲਾਜ ਚਲਦੇ ਰਹੇ ਹਨ। ਉਨ੍ਹਾਂ ਵਿਚੋਂ ਹਰ ਇਕ ਕੁਝ ਚਿਰ ਜਾਰੀ ਰਿਹਾ ਫੇਰ ਬੰਦ ਹੋ ਗਿਆ। ਸ਼ਾਹ-ਬਲੂਤ ਦੇ ਬੀਜ ਤੇ ਲੋਹੇ ਦੇ ਛੱਲੇ ਆਪਣੇ ਵੇਲੇ ਕਾਫੀ ਲੋਕਾਂ ਦੇ ਵਿਸ਼ਵਾਸ ਦੇ ਪਾਤਰ ਰਹੇ ਤੇ ਗੰਠੀਏ ਦੇ ਬਹੁਤ ਸਾਰੇ ਬੀਮਾਰਾਂ ਨੂੰ ਉਨ੍ਹਾਂ ਤੋਂ ਲਾਭ ਵੀ ਪ੍ਰਾਪਤ ਹੁੰਦਾ ਰਿਹਾ। ਇਉਂ ਹੀ ਹਜ਼ਾਰਾਂ ਵਿਉਂਤਾਂ, ਜਿਹੜੀਆਂ ਕਿਸੇ ਵੇਲੇ ਖਾਸ ਖਾਸ ਬੀਮਾਰੀਆਂ ਦਾ ਮੰਨਿਆ ਹੋਇਆ ਇਲਾਜ ਸਨ, ਅੱਜ ਓਹੋ ਬੇਵਕੂਫ ਤੋਂ ਬੇਵਕੂਫ ਆਦਮੀ ਨੂੰ ਵੀ ਬੇਹੂਦਾ ਪਰਤੀਤ ਹੁੰਦੀਆਂ ਹਨ ਪਰ ਜਦੋਂ ਤੱਕ ਲੋਕਾਂ ਦੀ ਸ਼ਰਧਾ ਇਸ ਖ਼ਿਆਲ ਤੇ ਕਾਇਮ ਸੀ ਕਿ ਇਕ ਖਾਸ ਤਾਹਵੀਜ਼ ਦੇ ਸਰੀਰ ਨਾਲ ਬੰਨਿਆਂ ਜਾਂ ਕੋਈ ਖਾਸ ਦਵਾਈ ਵਰਤਿਆਂ ਸਰੀਰ ਦੇ ਕਿਸੇ ਬੀਮਾਰ ਭਾਗ ਨੂੰ ਅਰੋਗ ਕਰ ਦੇਵੇਗੀ ਜਾਂ ਕਿਸੇ ਟੁਟੇ ਨਿੱਕੇ ਮੋਟੇ ਅੰਸ਼ ਨੂੰ ਫੇਰ ਬਣਾ ਦੇਵੇਗੀ, ਉਨ੍ਹਾਂ ਦੀ ਸ਼ਰਧਾ ਕਰਕੇ ਕੁਦਰਤੀ ਤੌਰ ਤੇ ਕੁਝ ਖਾਸ ਖਾਸ ਲਾਭ ਪ੍ਰਾਪਤ ਹੋ ਜਾਂਦੇ ਸਨ।

ਔਖਧੀਆਂ ਦਾ ਇਤਹਾਸ ਸਹੀ ਅਰਥਾਂ ਵਿਚ ਸਮੇਂ ਸਮੇਂ ਮਨੁੱਖ ਜਾਤੀ ਦੇ ਭਾਂਤ ਭਾਂਤ ਦੀਆਂ ਦਵਾਈਆਂ ਉੱਤੇ ਘਟਦੇ ਜਾਂ ਵਧਦੇ ਵਿਸ਼ਵਾਸ ਦਾ ਵੇਰਵਾ ਹੈ। ਹਜ਼ਾਰਾ ਲੱਖਾਂ ਇਲਾਜ ਅਜੇਹੇ ਹੋ ਚੁਕੇ ਹਨ ਜਿਹੜੇ ਕਦੇ ਬੜੇ ਚੰਗੇ ਨਤੀਜੇ ਪੈਦਾ ਕਰਨ ਕਰਕੇ ਵਰਤੇ ਜਾਂਦੇ ਸਨ ਪਰ ਹੁਣ ਉਹ ਵਰਤੇ ਨਹੀਂ ਜਾਂਦੇ ਕਿਉਂਕਿ

ਡਾਕਟਰਾਂ ਅਤੇ ਰੋਗੀਆਂ ਦਾ ਉਨ੍ਹਾਂ ਤੇ ਵਿਸ਼ਵਾਸ ਨਹੀਂ ਰਿਹਾ। ਉਹੋ ਇਲਾਜ ਬੜੇ ਅਸਰ ਵਾਲੇ ਸਨ ਜਦੋਂ ਤੱਕ ਬੀਮਾਰਾਂ ਦੀ ਸ਼ਰਧਾ ਉਨ੍ਹਾਂ ਵਿਚ ਰਹੀ ਪਰ ਜਦ ਉਨ੍ਹਾਂ ਦਾ ਇਨ੍ਹਾਂ ਤੋਂ ਵਿਸ਼ਵਾਸ ਹੱਟ ਗਿਆ ਤਾਂ ਉਨ੍ਹਾਂ ਦੇ ਗੁਣ ਵੀ ਖਤਮ ਹੋ ਗਏ। ਇਲਾਜ ਦਾ ਅਸਰ ਦਵਾਈ ਦੀ ਅਰੋਗ ਕਰਨ ਦੀ ਮਸ਼ਹੂਰੀ ਅਤੇ ਉਸ ਦੀ ਤਾਕਤ ਵਿਚ ਲੋਕਾਂ ਦੇ ਵਿਸ਼ਵਾਸ ਉੱਤੇ ਨਿਰਭਰ ਹੈ।

ਪਰਸਿੱਧ ਡਾਕਟਰਾਂ ਤੇ ਹਕੀਮਾਂ ਉੱਤੇ ਵੀ ਇਹੋ ਗੱਲ ਢੁਕਦੀ ਹੈ। ਬੀਮਾਰ ਅਜੇਹੇ ਡਾਕਟਰ ਜਾਂ ਹਕੀਮ ਨੂੰ ਚਾਹੁੰਦੇ ਹਨ ਜਿਨ੍ਹਾਂ ਦੀ ਮਸ਼ਹੂਰੀ ਹੋਈ ਹੋਵੇ, ਜਿਨ੍ਹਾਂ ਵਿਚ ਹਰ ਕਿਸੇ ਨੂੰ ਵਿਸ਼ਵਾਸ ਹੋਵੇ। ਇਹ ਆਮ ਤਜਰਬੇ ਵਿਚ ਆਈ ਹੋਈ ਗੱਲ ਹੈ ਕਿ ਜਦੋਂ ਇਹੋ ਜੇਹਾ ਕੋਈ ਡਾਕਟਰ ਜਾਂ ਹਕੀਮ ਰੋਗੀ ਦੇ ਕੋਲ ਆ ਜਾਂਦਾ ਹੈ ਤਾਂ ਰੋਗੀ ਆਪਣੇ ਆਪ ਨੂੰ ਅਰੋਗ ਹੁੰਦਾ ਪਰਤੀਤ ਕਰਨ ਲੱਗ ਪੈਂਦਾ ਹੈ। ਹਾਲੇ ਉਸ ਨੇ ਨੁਸਖ਼ਾ ਵੀ ਨਹੀਂ ਲਿਖਿਆ ਹੁੰਦਾ ਤੇ ਉਸ ਦੀ ਦੱਸੀ ਹੋਈ ਦਵਾਈ ਬੀਮਾਰ ਦੇ ਅੰਦਰ ਗਈ ਵੀ ਨਹੀਂ ਹੁੰਦੀ ਕਿ ਰੋਗੀ ਆਪਣੇ ਆਪ ਨੂੰ ਅੱਗੇ ਨਾਲੋਂ ਚੰਗਾ ਸਮਝਣ ਲੱਗ ਜਾਂਦਾ ਹੈ। ਸਾਰੇ ਡਾਕਟਰ ਤੇ ਹਕੀਮ ਜਾਣਦੇ ਹਨ ਕਿ ਭੋਲੇ ਬੀਮਾਰ ਦਵਾਈ ਦੀ ਇਕ ਖ਼ੁਰਾਕ ਪੀਂਦਿਆਂ ਹੀ ਆਪਣੀ ਹਾਲਤ ਅੱਗੇ ਨਾਲੋਂ ਚੰਗੀ ਦਿਸਣ ਲੱਗ ਪੈਂਦੇ ਹਨ ਹਾਲਾਂਕਿ ਦਵਾਈ ਅਜੇ ਚੰਗੀ ਤਰ੍ਹਾਂ ਸਰੀਰ ਵਿਚ ਘੁਲੀ ਮਿਲੀ ਹੀ ਨਹੀਂ ਹੁੰਦੀ ਅਤੇ ਨਾ ਹੀ ਉਸ ਨੇ ਕੁਝ ਅਸਰ ਕੀਤਾ ਹੁੰਦਾ ਹੈ। ਡਾਕਟਰਾਂ ਹਕੀਮਾਂ ਦੀ ਸਫਲਤਾ ਅਸਲ ਵਿਚ ਉਨ੍ਹਾਂ ਦੇ ਇਲਾਜਾਂ ਵਿਚ ਲੋਕਾਂ ਦੀ ਸ਼ਰਧਾ ਉੱਤੇ ਵਧੇਰੀ ਨਿਰਭਰ ਹੈ

ਜਿੰਨੇ ਵੀ ਇਲਾਜ ਹਨ, ਜਿੰਨੀਆਂ ਵੀ ਸਰੀਰਕ ਜਾਂ ਮਾਨਸਿਕ ਪਰਾਪਤੀਆਂ ਹਨ ਉਨ੍ਹਾਂ ਦੀ ਤਹਿ ਵਿਚ ਵਿਸ਼ਵਾਸ ਹੀ ਕੰਮ ਕਰਦਾ ਹੈ। ਧਾਰਮਕ ਇਤਹਾਸ ਅਜੇਹੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ ਕਿ ਹਰ ਕਿਸਮ ਦੀਆਂ ਬੀਮਾਰੀਆਂ ਦਾ ਇਲਾਜ ਉਹਨਾਂ ਕਰਾਮਾਤੀ ਚਸ਼ਮਿਆਂ, ਪਵਿਤਰ ਸਰੋਵਰਾਂ,

ਨਦੀਆਂ ਤੋਂ ਦਰਿਆਵਾਂ ਵਿਚ ਵਿਸ਼ਵਾਸ ਕਰਨ ਨਾਲ ਹੋ ਜਾਂਦਾ ਹੈ ਜਿੰਨਾਂ ਵਿਚ ਉਹਨਾਂ ਦੇ ਵਿਸ਼ਵਾਸ ਅਨੁਸਾਰ ਰੋਗ ਦੂਰ ਕਰਨ ਦੀ ਸ਼ਕਤੀ ਹੈ।

ਮੇਰਾ ਇਕ ਮਿੱਤਰ ਹਿੰਦੁਸਤਾਨ ਗਿਆ। ਕਿਸੇ ਉਤਸਵ ਦੇ ਦਿਨਾਂ ਵਿਚ ਉਹ ਗੰਗਾ ਪੁੱਜਾ। ਉਸ ਸਮੇਂ ਅਣਗਿਣਤ ਸ਼ਰਧਾਲੂ ਉਸ ਪਵਿਤਰ ਦਰਿਆ ਦੇ ਕੰਢੇ ਤੇ ਉਸ ਦੇ ਅਰੋਗਤਾ ਦੇਣ ਵਾਲੇ ਪਾਣੀ ਵਿਚ ਇਸ਼ਨਾਨ ਲਈ ਆਏ ਹੋਏ ਸਨ। ਉਹ ਨੇ ਦੇਖਿਆ ਕਿ ਹਜ਼ਾਰਾਂ ਤੇ ਲੱਖਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੀ ਇਕ ਦੂਜੇ ਨਾਲ ਸਰੀਰ ਛੁਹਾ ਕੇ ਇਸ਼ਨਾਨ ਕਰ ਰਹੇ ਸਨ। ਉਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਬੀਮਾਰੀਆਂ-ਗ੍ਰਸੇ ਹੋਏ ਸਨ ਤੇ ਕਈਆਂ ਦੇ ਸਰੀਰਾਂ ਉੱਤੇ ਨੰਗੇ ਜ਼ਖਮ ਸਨ। ਪਾਣੀ ਬਿਲਕੁਲ ਹੀ ਗੰਦਾ ਸੀ ਤੇ ਥਾਂ ਥਾਂ ਤੇ ਮੁਰਦੇ ਪਾਣੀ ਵਿਚ ਇਸ਼ਨਾਨ ਕਰਨ ਵਾਲਿਆਂ ਦੇ ਅੱਗੇ ਪਿੱਛੇ ਤਰਦੇ ਸਨ। ਇਸ਼ਨਾਨ ਕਰਨ ਵਾਲੇ ਤਾਂ ਇਸ ਪਵਿਤਰ ਪਾਣੀ ਨੂੰ ਪੀ ਵੀ ਰਹੇ ਸਨ।

ਬਹੁਤ ਸਾਰੇ ਗਰੀਬ ਲੋਕ ਲੰਮੇ ਲੰਮੇ ਸਫਰ ਝਾਗ ਕੇ ਆਏ ਸਨ। ਕਈ ਤਾਂ ਡੰਡੋਤ ਕਰਦੇ ਉੱਥੇ ਪੁੱਜੇ ਸਨ ਤੇ ਉਨ੍ਹਾਂ ਦੇ ਹੱਥਾਂ ਤੇ ਗੋਡਿਆਂ ਦਾ ਚੰਮ ਉਧੜਿਆ ਹੋਇਆ ਸੀ। ਗੰਗਾ ਦੇ ਪਵਿਤਰ ਜਲ ਵਿਚ ਇਸ਼ਨਾਨ ਕਰਨ ਦੀ ਉਹ ਚਿਰਾਂ ਤੋਂ ਇੱਛਾ ਕਰਦੇ ਚਲੇ ਆਏ ਸਨ ਤੇ ਉੱਥੇ ਤੱਕ ਪੁੱਜਣ ਵਿਚ ਇਸ ਇੱਛਾ-ਪੂਰਤੀ ਲਈ ਉਨ੍ਹਾਂ ਨੇ ਕਈ ਤਰ੍ਹਾਂ ਦੇ ਕਸ਼ਟ ਤੇ ਤੱਕਲੀਫਾਂ ਝੱਲੀਆਂ ਸਨ। ਇਸ ਤਰ੍ਹਾਂ ਉਸ ਜਲ ਦੀ ਅਰੋਗਤਾ ਦਾ ਇਕ ਸ਼ਕਤੀ ਵਿਚ ਉਨ੍ਹਾਂ ਨੇ ਆਪਣੇ ਦਿਲ ਅੰਦਰ ਇਕ ਦ੍ਰਿੜ੍ਹ ਵਿਸ਼ਵਾਸ ਪੈਦਾ ਕਰ ਲਿਆ ਸੀ। ਉਨ੍ਹਾਂ ਦੀ ਸ਼ਰਧਾ ਇੰਨੀ ਡੂੰਘੀ ਤੇ ਪੱਕੀ ਹੋ ਗਈ ਸੀ ਕਿ ਅਣਗਿਣਤ ਲੋਕ ਇਸ ਪਾਣੀ ਤੋਂ, ਜਿਸ ਵਿਚ ਬੀਮਾਰੀ ਤੇ ਮੌਤ ਦੇ ਕੀੜੇ ਮਿਲੇ ਹੋਏ ਸਨ, ਅਰੋਗ ਹੋ ਗਏ। ਅਵਿਸ਼ਵਾਸੀ ਲੋਕ ਜਿਸ ਪਾਣੀ ਵਿਚ ਨਹਾਉਣ ਨਾਲ ਮਰ ਜਾਂਦੇ, ਉਸੇ ਪਾਣੀ ਨਾਲ ਬਹੁਤ ਸਾਰੇ ਸ਼ਰਧਾ ਰੱਖਣ ਵਾਲੇ ਜਾਤਰੀ ਅਰੋਗ ਹੋ ਗਏ।

ਯੂਰਪ ਤੇ ਅਮਰੀਕਾ ਦੇ ਕਈ ਮਸ਼ਹੂਰ ਪਾਣੀ ਦੇ ਸੋਮੇਂ, ਸਿਹਤ ਬਖਸ਼ਣ ਵਾਲੀਆਂ ਥਾਵਾਂ ਤੇ ਅਰੋਗਤਾ ਦੇਣ ਵਾਲੇ ਚਸ਼ਮੇ ਸਭ ਦਾ ਇਤਹਾਸ ਉਪਰ ਜ਼ਿਕਰ ਕੀਤੇ ਹੋਏ ਪਵਿਤਰ ਦਰਿਆ ਵਰਗਾ ਹੀ ਹੈ। ਇਨਾਂ ਸਾਰੇ ਦ੍ਰਿਸ਼ਟਾਂਤਾਂ ਵਿਚ ਬੀਮਾਰਾਂ ਦਾ ਵਿਸ਼ਵਾਸ ਪਰਤੱਖ ਕਰਾਮਾਤਾਂ ਕਰ ਦਾ ਪਰਤੀਤ ਹੁੰਦਾ ਹੈ।

ਮੈਂ ਆਪਣੀਆਂ ਅੱਖਾਂ ਨਾਲ ਨਿਊਯਾਰਕ ਵਿਚ ਸੇਂਟ ਜਾਨ ਬੈਪਟਿਸਟੋ ਦੇ ਗਿਰਜ ਵਿਚ ਸੇਂਟ ਏਨ ਦੇ ਵਾਰਸਕ ਨੌ-ਰੋਜ਼ ਉਤਸਵ ਦੇ ਸਮੇਂ ਅਣਗਿਣਤ ਬੀਮਾਰਾਂ ਨੂੰ ਅਰੋਗ ਹੁੰਦਿਆਂ ਦੇਖਿਆ ਹੈ। ਕਰਾਮਾਤ ਕਰਨ ਵਾਲੀ ਚੀਜ਼ ਸੇਂਟ ਏਨ ਦੀ ਵੀਣੀ ਦੀ ਹੱਡੀ ਦਾ ਟੁਕੜਾ ਮੰਨਿਆ ਜਾਂਦਾ ਹੈ। ਇਹ ਬਰਕਤ ਵਾਲੀ ਯਾਦਗਾਰ ਕੈਨੇਡਾ ਦੇ ਗਿਰਜੇ ਤੋਂ ਸੰਨ ੧੮੯੨ ਵਿਚ ਲਿਆਂਦੀ ਗਈ ਸੀ ਤੇ ਉਸ ਸਮੇਂ ਤੋਂ ਹਰ ਵਰ੍ਹੇ ਸੇਂਟ ਏਨ ਦੀ ਯਾਦ ਵਿਚ ਸੇਂਟ ਜਾਨ ਬੈਪਟਿਸਟੇ ਦੇ ਗਿਰਜੇ ਵਿਚ ਇਕ ਜਲਸਾ ਹੁੰਦਾ ਹੈ ਜਿਹੜਾ ਨੌਂ ਦਿਨ ਰਹਿੰਦਾ ਹੈ। ਲੋਕਾਂ ਦੇ ਟੋਲਿਆਂ ਦੇ ਟੋਲੇ ਇਸ ਉਤਸਵ ਸਮੇਂ ਆਉਂਦੇ ਹਨ ਤੇ ਬਰਕਤ ਵਾਲੀ ਹੱਡੀ ਦੀ ਅਰੋਗਤਾਂ ਦੇਣ ਵਾਲੀ ਛੋਹ ਤੋਂ ਲਾਭ ਉਠਾਉਂਦੇ ਹਨ। ਉਹ ਬਰਕਤ ਵਾਲੀ ਹੱਡੀ ਸੀਸ਼ੇ ਤੇ ਚਾਂਦੀ ਦੀ ਬਣੀ ਹੋਈ ਡੱਬੀ ਵਿਚ ਬੰਦ ਹੁੰਦੀ ਹੈ। ਭੇਟਾ ਦੇਣ ਵਾਲੀ ਥਾਂ ਦੇ ਜੰਗਲੇ ਦੇ ਨਾਲ ਨਾਲ, ਜਿਸ ਅੰਦਰ ਸੇਂਟ ਏਨ ਦੀ ਕਬਰ ਹੈ, ਟੋਲਿਆਂ ਦੇ ਟੋਲੇ ਗੋਡਿਆਂ ਭਾਰ ਖੜੇ ਹੋ ਜਾਂਦੇ ਹਨ ਤੇ ਇਕ ਪਾਦਰੀ ਉਸ ਬਰਕਤ ਵਾਲੀ ਨਿਸ਼ਾਨੀ ਨੂੰ ਹੱਥ ਵਿਚ ਲਈ ਕੋਲੋਂ ਦੀ ਲੰਘਦਾ ਚਲਾ ਜਾਂਦਾ ਹੈ ਤੇ ਜਿਹੜਾ ਜਿਹੜਾ ਆਦਮੀ ਆਪਣੇ ਕਿਸੇ ਅੰਗ ਵੱਲ ਇਸ਼ਾਰਾ ਕਰਦਾ ਹੈ, ਪਾਦਰੀ ਉਹਨੂੰ ਉਸ ਹੱਡੀ ਨਾਲ ਛੋਂਹਦਾ ਚਲਾ ਜਾਂਦਾ ਹੈ, ਭਾਵੇਂ ਉਹ ਸਿਰ ਹੋਵੇ, ਹੱਥ ਹੋਵੇ, ਅੱਖ ਹੋਵੇ, ਕੰਨ ਹੋਵੇ ਜਾਂ ਜਿਸਮ ਦਾ ਕੋਈ ਵੀ ਹਿੱਸਾ ਹੋਵੇ। ਪਾਦਰੀ ਜਲਦੀ ਨਾਲ ਉਹਨੂੰ ਛੋਹ ਦਿੰਦਾ ਹੈ ਉਹ ਨਾਲ ਨਾਲ ਕੁਝ ਪਰਾਰਥਨਾ ਵੀ ਕਰਦਾ ਜਾਂਦਾ ਹੈ। ਵੇਖਦਿਆਂ ਵੇਖਦਿਆਂ ਇਸ ਨਾਲ ਦੁਖ ਦੂਰ ਹੋ

ਜਾਂਦਾ ਹੈ, ਕਿਉਂਕਿ ਇਸ ਵੇਲੇ ਰੋਗੀ ਦਾ ਵਿਸ਼ਵਾਸ ਅਤੇ ਸ਼ਰਧਾ ਸਿਖਰ ਤੇ ਹੁੰਦੇ ਹਨ।

ਇਹ ਮਸ਼ਹੂਰ ਗੱਲ ਹੈ ਕਿ ਜਾਂਗਲੀ ਲੋਕਾਂ ਦੇ ਟੂਣੇ ਟਮਾਣ ਤੇ ਹਕੀਮਾਂ ਦੇ ਰਸਮ ਰਵਾਜ ਤੇ ਕੰਮਾਂ ਦੀਆਂ ਬਹੁਤ ਸਾਰੀਆਂ ਧਾਰਮਕ ਰੀਤੀਆ ਦਾ ਸਿੱਟਾ ਜ਼ਰੂਰ ਇਹੋ ਜੇਹਾ ਹੋਇਆ ਹੈ ਕਿ ਬਹੁਤ ਸਾਰੇ ਬੀਮਾਰ ਰਾਜ਼ੀ ਹੋ ਗਏ।

ਉਪਰ ਲਿਖੀਆਂ ਗੱਲਾਂ ਤਾਂ ਪਤਾ ਲੱਗਦਾ ਹੈ ਕਿ ਫੋਕੀਆਂ ਰਸਮਾਂ, ਬਜ਼ੁਰਗਾਂ ਦੇ ਸਰੀਰਾਂ ਦੀਆਂ ਯਾਦਗਾਰਾਂ, ਦਵਾਈਆਂ, ਪਵਿਤਰ ਪਾਣੀਆਂ ਆਦਿ ਵਿਚ ਦਵਾਈ ਲੁਕੀ ਹੋਈ ਨਹੀਂ ਸਗੋਂ ਬੀਮਾਰੀਆਂ ਕੇਵਲ ਸ਼ਰਧਾ ਕਰਕੇ ਠੀਕ ਹੋ ਜਾਂਦੀਆਂ ਹਨ। ਭਾਵੇਂ ਕੋਈ ਇਲਾਜ ਵਹਿਸ਼ੀ ਲੋਕਾਂ ਦੇ ਹੱਥੋਂ ਹੋਇਆ ਹੋਵੇ ਜਾਂ ਸਭਯ ਕੌਮਾਂ ਦੇ ਪੜ੍ਹੇ ਲਿਖੇ ਡਾਕਟਰ ਤੋਂ, ਉਸ ਦਾ ਅਸਲ ਅਸੂਲ ਵਿਸ਼ਵਾਸ ਹੀ ਹੈ। ਰੋਗੀ ਦਾ ਵਿਸ਼ਵਾਸ ਸਭ ਤੋਂ ਵਿਸ਼ੇਸ਼ ਗੱਲ ਹੈ। ਹਜਰਤ ਈਸਾ ਜਦ ਕਿਸੇ ਨੂੰ ਸਿਹਤ ਬਖਸ਼ਿਆ ਕਰਦੇ ਸਨ ਤਾਂ ਉਹ ਕਹਿਆ ਕਰਦੇ ਸਨ ਕਿ 'ਮੇਰੇ ਨਹੀਂ, ਤੇਰੇ ਵਿਸ਼ਵਾਸ ਨੇ ਹੀ ਤੈਨੂੰ ਸਿਹਤ ਦਿੱਤੀ ਹੈ।'

ਵਿਸ਼ਵਾਸ ਇਕ ਵਿਸ਼ੇਸ਼ ਬਲਵਾਨ ਗੁਣ ਹੈ। ਭਾਵੇਂ ਉਹ ਵਿਸ਼ਵਾਸ ਕਿਸੇ ਸਮਾਧ, ਕਿਸੇ ਇਲਾਜ, ਕਿਸੇ ਝੂਠੇ ਖ਼ਿਆਲ, ਕਿਸੇ ਹਕੀਮ, ਕਿਸੇ ਹਸਪਤਾਲ ਜਾਂ ਕਿਸੇ ਕਿਸਮ ਦੇ ਇਲਾਜ ਦੇ ਤਰੀਕੇ ਵਿਚ ਹੋਵੇ, ਇਹ ਇਕ ਵਿਸ਼ੇਸ਼ ਗੱਲ ਹੈ।

ਨੀਮ-ਹਕੀਮ ਵੀ ਆਪਣੇ ਅਜੀਬ ਊਲ-ਜਲੂਲ ਟੂਣਿਆਂ ਤੇ ਅਦਭੁਤ ਮੰਤਰਾਂ ਨਾਲ ਉਂਨੇ ਹੀ ਬੀਮਾਰਾਂ ਨੂੰ ਰਾਜ਼ੀ ਕਰ ਦਿੰਦਾ ਹੈ ਜਿੰਨੇ ਕਿ ਇਕ ਆਮ ਡਾਕਟਰ ਜਾਂ ਹਕੀਮ ਕਰ ਸਕਦਾ ਹੈ। ਬਹੁਤ ਸਾਰੇ ਲੋਕ ਅਜੇਹੇ ਹਨ ਜਿਨ੍ਹਾਂ ਨੂੰ ਕੋਈ ਦਵਾਈ ਜਾਂ ਕੋਈ ਹੋਰ ਸਥੂਲ ਦਵਾ-ਦਾਰੂ ਲਾਭ ਨਹੀਂ ਪੁਚਾ ਸਕਿਆ ਉਹ ਬਹੁਤ ਸਾਰੀਆਂ ਔਕੜਾਂ ਝਾਗ ਕੇ ਕਿਸੇ ਸਮਾਧ ਜਾਂ ਮੰਦਰ ਦੀ ਯਾਤਰਾ ਕਰਦੇ ਹਨ ਤੇ ਉੱਥੇ ਪੁੱਜ ਕੇ ਬਿਲਕੁਲ ਰਾਜ਼ੀ ਹੋ ਜਾਂਦੇ ਹਨ। ਉਨ੍ਹਾਂ ਨੂੰ ਸਿਹਤ ਦੇਣ ਵਾਲਾ ਉਨ੍ਹਾਂ

ਦਾ ਅਟੱਲ ਵਿਸ਼ਵਾਸ ਸੀ ਤੇ ਵਿਸ਼ਵਾਸ ਵੀ ਇਹ ਕਿ ਉਹ ਕੇਵਲ ਇਸੇ ਇਕ ਢੰਗ ਨਾਲ ਰਾਜ਼ੀ ਹੋ ਸਕਦੇ ਹਨ।

ਵਿਸ਼ਵਾਸ ਮਨੁੱਖ ਜਾਤੀ ਲਈ ਸਰਬੋਤਮ ਇਲਾਜ ਹੈ। ਵਿਸ਼ਵਾਸ ਹੀ ਜੀਵਨ ਦਾ ਉਸਰਈਆ, ਉਪਜਾਵਣਹਾਰਾ ਅਤੇ ਇਸ ਦੀਆਂ ਘਾਟਾਂ ਪੂਰੀਆਂ ਕਰਨ ਵਾਲਾ ਹੈ। ਵਿਸ਼ਵਾਸ ਬਿਨਾਂ ਅਸੀਂ ਕੁਝ ਵੀ ਨਹੀਂ ਕਰ ਸਕਦੇ। ਹਜ਼ਰਤ ਈਸਾ ਜੀ ਆਪਣੇ ਚੇਲਿਆਂ ਨੂੰ ਸਦਾ ਇਹੋ ਸਿਖਿਆ ਦਿੰਦੇ ਹੁੰਦੇ ਸਨ ਕਿ ਵਿਸ਼ਵਾਸ ਬਿਨਾਂ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਵਿਸ਼ਵਾਸਹੀਣ ਲੋਕਾਂ ਲਈ ਤਾਂ ਹਜ਼ਰਤ ਈਸਾ ਵੀ ਕੁਝ ਨਹੀਂ ਕਰ ਸਕੇ। ਅੰਜੀਲ ਤੋਂ ਕੀ ਇਸ ਗੱਲ ਦੀ ਗਵਾਹੀ ਨਹੀਂ ਮਿਲਦੀ ਕਿ ਲੋਕਾਂ ਦੇ ਅਵਿਸ਼ਵਾਸ ਕਰਕੇ ਹਜ਼ਰਤ ਈਸਾ ਆਪਣੇ ਮੁਲਕ ਵਿਚ ਬਹੁਤ ਸਾਰੇ ਵੱਡੇ ਵੱਡੇ ਕੰਮ ਨਾ ਕਰ ਸਕੇ।

ਜਿਹੜੇ ਲੋਕ ਹਜ਼ਰਤ ਈਸਾ ਦੀ ਸੇਵਾ ਵਿਚ ਆ ਕੇ ਕੋਈ ਬੇਨਤੀ ਕਰਦੇ ਸਨ, ਉਨ੍ਹਾਂ ਨੂੰ ਉਨਾਂ ਹੀ ਲਾਭ ਹੁੰਦਾ ਸੀ ਜਿੰਨਾਂ ਉਨ੍ਹਾਂ ਦਾ ਵਿਸ਼ਵਾਸ ਹੁੰਦਾ ਹੀ। ਹਜ਼ਰਤ ਤੋਂ ਸਦਾ ਉਨ੍ਹਾਂ ਨੂੰ ਇਹੋ ਜਵਾਬ ਮਿਲਦਾ- ‘ਤੇਰੇ ਵਿਸ਼ਵਾਸ ਅਨੁਸਾਰ ਤੇਰਾ ਹਾਲ ਹੋਵੇ। ਜਿਹੜੇ ਲੋਕ ਮੁਸੀਬਤ ਦੇ ਮਾਰੇ ਹਜ਼ਰਤ ਦੀ ਸੇਵਾ ਵਿਚ ਸੁੱਖ ਦੀ ਪਰਾਪਤੀ ਵਾਸਤੇ ਆਉਂਦੇ ਉਨ੍ਹਾਂ ਨੂੰ ਉਹ ਇਹ ਪੁਛਦੇ- ‘ਕੀ ਤੁਹਾਨੂੰ ਵਿਸ਼ਵਾਸ ਹੈ ਕਿ ਮੈਂ ਤੁਹਾਡੀ ਇੱਛਾ ਪੂਰੀ ਕਰ ਸਕਦਾ ਹਾਂ ? ਜਦ ਕਿਸੇ ਬੀਮਾਰ ਨੂੰ ਹਜ਼ਰਤ ਸਿਹਤ ਬਖਸ਼ਦੇ ਤਾਂ ਉਸ ਦੇ ਬਦਲੇ ਵਿਚ ਕਿਸੇ ਗੱਲ ਦਾ ਕੋਈ ਦਾਹਵਾ ਨਹੀਂ ਸੀ ਕਰਦੇ, ਸਗੋਂ ਇਹ ਕਹਿ ਦੇਂਦੇ ‘ਤੇਰੇ ਵਿਸ਼ਵਾਸ ਨੇ ਤੈਨੂੰ ਸਿਹਤ ਬਖਸ਼ੀ ਹੈ।' ਦੂਜੇ ਸ਼ਬਦਾਂ ਵਿਚ ਉਹ ਹਰ ਘੜੀ ਇਹ ਕੋਸ਼ਿਸ਼ ਕਰਦੇ ਸਨ ਕਿ ਲੋਕਾਂ ਦੇ ਵਿਸ਼ਵਾਸ ਨੂੰ ਹੁਲਾਰਾ ਦੇਣ ਤੇ ਉਨ੍ਹਾਂ ਅੰਦਰ ਵਿਸ਼ਵਾਸ ਦੀ ਮਹਾਨ ਤਾਕਤ ਦਾ ਚਿੱਤਰ ਬਿਠਾ ਦੇਣ ਤੇ ਉਨ੍ਹਾਂ ਦੇ ਦਿਲ ਵਿਚ ਆਪਣੇ ਆਪ ਤੇ ਰੱਬ ਤੇ ਵਿਸ਼ਵਾਸ ਤੇ ਕਾਇਮ ਹੋਵੇ। ਉਨ੍ਹਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਕਿ ਜੇ ਰਾਈ ਜਿੰਨਾਂ ਵਿਸ਼ਵਾਸ

ਵੀ ਉਨ੍ਹਾਂ ਦੇ ਦਿਲ ਵਿਚ ਹੋਵੇਗਾ ਤਾਂ ਉਹ ਅਸਚਰਜ ਕਰਨ ਵਾਲੇ ਕੰਮ ਕਰ ਸਕਣਗੇ।

ਹਜ਼ਰਤ ਈਸਾ ਨੇ ਕਦੇ ਵੀ ਆਪਣੇ ਵਿਸ਼ਵਾਸ ਸਬੰਧੀ ਜ਼ਿਕਰ ਨਹੀਂ ਸੀ ਕੀਤਾ ਜੋ ਉਹਨਾਂ ਸਾਰੀਆਂ ਅਖਾਉਤੀ ਕਰਾਮਾਤਾਂ ਦੀ ਆਤਮਾ ਸੀ। ਉਹ ਇਹੋ ਕਹਿੰਦੇ ਕਿ ਲੋਕਾਂ ਨੂੰ ਪਰਮਾਤਮਾ ਦੀ ਉਸ ਸ਼ਕਤੀ ਵਿਚ ਵਿਸ਼ਵਾਸ ਹੈ ਜੋ ਉਹਨਾਂ ਨੂੰ ਸਿਹਤ ਦਿੰਦੀ ਹੈ ਤੇ ਇਸੇ ਵਿਸ਼ਵਾਸ ਦੇ ਕਾਰਣ ਉਹ ਰਾਜ਼ੀ ਹੋ ਜਾਂਦੇ ਹਨ ਜੋ ਉਹ ਸਦਾ ਇਸੇ ਗੱਲ ਤੇ ਹੋਰ ਦਿਆ ਕਰਦੇ ਸਨ। ਜਰਾ ਵਿਚਾਰ ਕਰੋ ਕਿ ਗੈਲਿਲੀ ਦੇ ਭੋਲੇ ਜੇਹੇ ਵਸਨੀਕਾਂ ਦੀਆਂ ਨਜ਼ਰਾਂ ਵਿਚ ਹਜ਼ਰਤ ਈਸਾ ਦੀ ਅਰੋਗਤਾ ਦੇਣ ਦੀ ਮਸ਼ਹੂਰੀ ਦੀ ਕਿੰਨੀ ਕਦਰ ਸੀ ? ਮਸ਼ਹੂਰੀ ਉਸ ਇਨਸਾਨ ਦੀ ਜਿਹੜਾ ਕਰਾਮਾਤਾਂ ਕਰ ਕੇ ਦਿਖਾਉਂਦਾ ਸੀ, ਉਸ ਤੋਂ ਅੰਨੇ ਸੁਜਾਖੇ ਬਣਦੇ, ਨੂਲਿਆਂ ਨੂੰ ਲੱਤਾਂ ਮਿਲਦੀਆਂ, ਗੂੰਗੇ ਬੋਲਣ ਲੱਗ ਪੈਂਦੇ, ਬੋਲਿਆਂ ਨੂੰ ਸੁਣਨ ਸ਼ਕਤੀ ਮਿਲਦੀ, ਕੋਹੜਿਆਂ ਦਾ ਕੋੜ ਦੂਰ ਹੋ ਜਾਂਦਾ ਅਤੇ ਮੋਇਆਂ ਵਿਚ ਜਾਨ ਪੈ ਜਾਂਦੀ ਸੀ। ਜ਼ਰਾ ਸੋਚੋ ਕਿ ਇੰਨੇ ਵੱਡੇ ਵੱਡੇ ਕੰਮਾਂ ਦੀ ਮਸ਼ਹੂਰੀ ਭੋਲੇ ਭਾਲੇ ਲੋਕਾਂ ਦੇ ਮਨ ਉੱਤੇ ਕਿਹੋ ਜੇਹਾ ਅਸਰ ਕਰਦੀ ਹੋਵੇਗੀ ? ਇਉਂ ਹੀ ਹਜ਼ਰਤ ਵਿਚ ਲੋਕਾਂ ਦਾ ਵਿਸ਼ਵਾਸ ਬੇਹੱਦ ਵਧਦਾ ਜਾਂਦਾ ਸੀ, ਤੇ ਇਸ ਜ਼ਬਰਦਸਤ ਵਿਸ਼ਵਾਸ ਵੱਲ ਧਿਆਨ ਦਿਉ ਕਿ ਲੋਕ ਘਰਾਂ ਦੀਆਂ ਛੱਤਾਂ ਤੋਂ ਬੀਮਾਰ ਬੰਦਿਆਂ ਨੂੰ ਹੇਠਾਂ ਲਟਕਾ ਦਿੰਦੇ ਸਨ ਕਿ ਉਹ ਇਸ ਅਦਭੁਤ ਮਨੁੱਖ ਦੇ ਕਿਸੇ ਤਰ੍ਹਾਂ ਨੇੜੇ ਪੁੱਜ ਜਾਣ। ਜੇ ਉਨ੍ਹਾਂ ਦੀ ਬੀਮਾਰੀ ਹਜ਼ਰਤ ਦੇ ਹੱਥ ਲੱਗ ਜਾਣ ਨਾਲ, ਨਹੀਂ ਨਹੀਂ ਉਨ੍ਹਾਂ ਦੇ ਮੂੰਹ ਤੋਂ ਇਕ ਸ਼ਬਦ ਨਿਕਲ ਜਾਣ ਨਾਲ ਹਟ ਜਾਂਦੀ ਸੀ ਤਾਂ ਇਹ ਕੋਈ ਅਸਚਰਜ ਗੱਲ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖਦਿਆਂ ਹੋਇਆ ਇਹ ਗਲ ਓਪਰੀ ਜਾਂ ਵਿਗਆਨ ਵਿਰੁੱਧ ਜਾਪੇਗੀ ਕਿ ਮਨੁੱਖ ਦੇ ਜਾਮੇ ਵਿਚ ਕੰਮ ਕਰ ਰਹੀ ਅਦਭੁਤ ਰੱਬੀ ਸ਼ਕਤੀ ਤੇ ਵਿਸ਼ਵਾਸ ਰਖਦਿਆਂ ਹੋਇਆਂ ਈਸਾਈ ਵਿਗਿਆਨੀਆਂ, ਮਾਨਸਿਕ ਵਿਗਿਆਨੀਆਂ, ਦੈਵੀ

ਵਿਗਿਆਨੀਆਂ ਅਤੇ ਹੋਰਨਾਂ ਕਈਆਂ ਨੇ ਰੋਗੀਆਂ ਦੇ ਰੋਗ ਦੂਰ ਕਰਨ ਅਤੇ ਸਮਰੱਥਾ ਵਧਾਉਣ ਦੀਆਂ ਕਰਾਮਾਤਾਂ ਕੇਵਲ ਦ੍ਰਿੜ੍ਹ ਵਿਸ਼ਵਾਸ ਰਾਹੀਂ ਕਰ ਵਿਖਾਈਆਂ ? ਫੇਰ, ਜੇਕਰ ਡਾਕਟਰਾਂ ਤੇ ਹਕੀਮਾਂ ਦੀਆਂ ਦਵਾਈਆਂ ਵਿਚ ਸਿਹਤ ਦੇਣ ਵਾਲੇ ਗੁਣਾਂ ਦਾ ਮੂਲ ਆਮ ਕਰਕੇ ਰੋਗੀ ਦਾ ਉਨ੍ਹਾਂ ਵਿਚ ਵਿਸ਼ਵਾਸ ਹੀ ਹੈ, ਜਿਵੇਂ ਸਾਰੇ ਡਾਕਟਰ ਤੇ ਹਕੀਮ ਮਨਦੇ ਹਨ, ਤਾਂ ਕਿਉਂ ਨਾ ਦਵਾਈਆਂ ਨੂੰ ਲਾਂਭੇ ਰੱਖ ਕੇ ਸਿਹਤ ਪ੍ਰਾਪਤ ਕਰਨ ਲਈ ਕੇਵਲ ਵਿਸ਼ਵਾਸ ਦੀ ਵਰਤੋਂ ਹੀ ਕੀਤੀ ਜਾਵੇ, ਜਿਵੇਂ ਕਿ ਹਜ਼ਰਤ ਈਸਾ ਜਾਂ ਹੋਰ ਅਵਤਾਰਾਂ ਨੇ ਕੀਤਾ ਸੀ ?

ਹੋਮੀਉਪੈਥੀ ਵਾਲਿਆਂ ਨੇ ਏਨੀ ਵੱਡੀ ਛਾਲ ਮਾਰੀ ਹੈ ਕਿ ਦਵਾਈ ਦੀਆਂ ਵੱਡੀਆਂ ਵੱਡੀਆਂ ਖੁਰਾਕਾਂ ਦੀ ਥਾਂ ਬਿਲਕੁਲ ਛੋਟੀ ਜੇਹੀ ਖੁਰਾਕ ਦੇਣ ਲੱਗ ਪਏ ਹਨ ਤੇ ਪਰਤੱਖ ਤੌਰ ਤੇ ਨਤੀਜੇ ਵੀ ਤੱਸਲੀ ਵਾਲੇ ਹਨ। ਮਾਨਸਿਕ ਇਲਾਜ ਕਰਨ ਵਾਲਿਆਂ ਨੇ ਇਕ ਕਦਮ ਇਸ ਤੋਂ ਵੀ ਅੱਗੇ ਚੁੱਕਿਆ ਹੈ। ਇਹ ਲੋਕ ਕੇਵਲ ਵਿਸ਼ਵਾਸ ਤੇ ਸ਼ਰਧਾ ਉੱਤੇ ਭਰੋਸਾ ਰੱਖਦੇ ਹਨ ਤੇ ਜਾਪਦਾ ਵੀ ਇਉਂ ਹੈ ਕਿ ਇਹ ਲੋਕ ਵੀ ਉਂਨੇ ਕੁ ਹੀ ਬੀਮਾਰਾਂ ਨੂੰ ਰਾਜ਼ੀ ਕਰਨ ਵਿਚ ਸਫਲ ਹੁੰਦੇ ਹਨ ਜਿਨਾਂ ਕਿ ਬਾਕਾਇਦਾ ਹਕੀਮ ਤੇ ਡਾਕਟਰ ਆਦਿ। ਇਕ ਗੱਲ ਹੋਰ ਵੀ ਹੈ, ਉਹ ਇਹ ਕਿ ਇਨ੍ਹਾਂ ਲੋਕਾਂ ਦੇ ਇਲਾਜ ਆਮ ਤੌਰ ਤੇ ਪੂਰਣ ਆਰਾਮ ਦੇਂਦੇ ਹਨ, ਕਿਉਂਕਿ ਸਚਾਈ ਬੀਮਾਰੀ ਦੀਆਂ ਜੜਾਂ ਹੀ ਪੁੱਟ ਦਿੰਦੀ ਹੈ, ਜਿਨ੍ਹਾਂ ਸਬੰਧੀ ਡਾਕਟਰਾਂ ਦਾ ਵੀ ਖ਼ਿਆਲ ਹੈ ਕਿ ਉਹ ਰੋਗੀ ਦੇ ਮਨ ਦੇ ਅੰਦਰ ਹੁੰਦੀਆਂ ਹਨ।

ਹਜ਼ਰਤ ਈਸਾ ਨੇ ਵੀ ਕਦੇ ਸ਼ਰਧਾ ਤੇ ਵਿਸ਼ਵਾਸ ਬਿਨਾਂ ਅਰੋਗਤਾ ਪ੍ਰਾਪਤ ਕਰਨ ਦੇ ਕਿਸੇ ਹੋਰ ਸਾਧਨ ਦਾ ਵਰਣਨ ਨਹੀਂ ਕੀਤਾ। ਉਨ੍ਹਾਂ ਦਾ ਜ਼ੋਰ ਸਦਾ ਵਿਸ਼ਵਾਸ ਤੇ ਹੀ ਹੁੰਦਾ ਸੀ ਤੇ ਇਸੇ ਉੱਤੇ ਹੀ ਮਾਨਸਿਕ ਅਰੋਗਤਾ ਦਾ ਨਿਰਭਰ ਹੈ। ਮਾਨਸਿਕ ਇਲਾਜ ਕਰਨ ਵਾਲਿਆਂ ਦੀ ਸਫਲਤਾ ਉਨ੍ਹਾਂ ਦੇ ਆਪਣੇ ਆਪ ਉੱਤੇ ਵਿਸ਼ਵਾਸ ਤੇ ਉਸ ਵਿਸ਼ਵਾਸ ਤੇ, ਜਿਹੜਾ ਉਹ ਆਪਣੇ ਬੀਮਾਰਾਂ ਦੇ ਮਨ

ਵਿਚ ਜਗਾ ਸਕਦੇ ਹਨ, ਨਿਰਭਰ ਹੈ- ਜੇ ਸ਼ਰਧਾ ਨਹੀਂ ਤਾਂ ਇਲਾਜ ਵੀ ਕੋਈ ਨਹੀਂ।

ਕਈ ਲੋਕ ਕਹਿਣਗੇ ਕਿ ਬਹੁਤ ਸਾਰੇ ਮਨੁੱਖ ਬਿਨਾਂ ਵਿਸ਼ਵਾਸ ਦੇ ਆਪਣੀ ਇੱਛਾ ਵਿਰੁੱਧ ਵੀ ਅਰੋਗ ਹੋ ਜਾਂਦੇ ਹਨ। ਇਸ ਦਾ ਕਾਰਣ ਇਹ ਹੈ ਕਿ ਉਹ ਇਲਾਜ ਕਰਨਾ ਚਾਹੁੰਦੇ ਹਨ ਤੇ ਇਹ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦੇ ਦਿਲਾਂ ਵਿਚ ਵਿਸ਼ਵਾਸ ਹੈ, ਨਹੀਂ ਤਾਂ ਉਹ ਰੋਗ ਦੂਰ ਕਰਨ ਵਾਲੇ ਕੋਲ ਜਾਂਦੇ ਹੀ ਕਿਉਂ ? ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਰੋਗ ਕਰਨ ਵਾਲੇ ਦਾ ਅਰੋਗਤਾ ਵਿਚ ਵਿਸ਼ਵਾਸ ਵਧੇਰਾ ਕੰਮ ਕਰਦਾ ਹੈ ਪਰ ਪੂਰਣ ਅਰੋਗਤਾ ਬੀਮਾਰ ਦੇ ਮਨ ਵਿਚ ਵਿਸ਼ਵਾਸ ਰਾਹੀਂ ਹੀ ਹੋ ਸਕਦੀ ਹੈ।

ਅਰੋਗਤਾ ਪਰਾਪਤੀ ਦੇ ਅਸੂਲ ਬੀਮਾਰ ਦੇ ਆਪਣੇ ਅੰਦਰ ਹੀ ਹਨ। ਮਾਨਸਿਕ ਇਲਾਜ ਕਰਨ ਵਾਲਾ ਆਪਣੇ ਬੀਮਾਰ ਨੂੰ ਸਿਹਤ ਨਹੀਂ ਦਿੰਦਾ, ਉਹ ਤਾਂ ਬੀਮਾਰ ਦੇ ਮਨ ਵਿਚ 'ਰੱਬਤਾ' ਨੂੰ ਜਗਾ ਦਿੰਦਾ ਹੈ ਜੋ ਸਭ ਰੋਗਾਂ ਨੂੰ ਦੂਰ ਕਰਨ ਵਾਲੀ ਹੈ। ਤੁਹਾਡੀ ਬੀਮਾਰੀ ਵਿਚ ਤੁਹਾਡਾ ਇਲਾਜ ਕਰਨ ਵਾਲਾ ਐਲੋਪੈਥੀ ਦਾ ਡਾਕਟਰ ਹੋਵੇ, ਹੋਮੀਉਪੈਥੀ ਦਾ ਹੋਵੇ, ਜਾਂ ਮਾਨਸਿਕ ਵਿਗਿਆਨੀ ਹੋਵੇ, ਅਸਲ ਵਿਚ ਤੁਹਾਡੇ ਅੰਦਰ ਜੋ ਰੱਬੀ ਤਾਕਤ ਹੈ, ਇਲਾਜ ਤੁਹਾਡਾ ਉਹੋ ਹੀ ਤਾਕਤ ਕਰਦੀ ਹੈ ਹੋਰ ਕੋਈ ਨਹੀਂ। ਇਹ ਉਹੋ ਤਾਕਤ ਹੈ ਜਿਸ ਨੇ ਤੁਹਾਨੂੰ ਪੈਦਾ ਕੀਤਾ ਹੈ, ਜਿਹੜੀ ਤੁਹਾਡੀ ਪਾਲਣਾ ਕਰਦੀ ਹੈ, ਜਿਹੜੀ ਤੁਹਾਡੇ ਜੀਵਨ ਦਾ ਅਧਾਰ ਹੈ। ਇਹ ਉਹ ਸ਼ਕਤੀ ਹੈ ਜਿਹੜੀ ਔਖੇ ਵੇਲੇ ਤੁਹਾਡੀ ਸਹਾਇਤਾ ਲਈ ਬਹੁੜਦੀ ਹੈ। ਜਿਹੜੀ ਤੁਹਾਡੀ ਟੁੱਟੀ ਹੋਈ ਹੱਡੀ ਨੂੰ ਜੋੜਦੀ, ਤੁਹਾਡੇ ਫੱਟ ਜਾਂ ਫੋੜੇ ਨੂੰ ਰਾਜ਼ੀ ਕਰਦੀ, ਤੁਹਾਡੇ ਕੁਚਲੇ ਹੋਏ ਰਗ ਰੇਸ਼ਿਆਂ ਦੀ ਮੁਰੰਮਤ ਕਰਦੀ ਅਰਥਾਤ ਤੁਹਾਨੂੰ ਨਵੇਂ ਸਿਰੋਂ ਬਣਾ ਦਿੰਦੀ ਹੈ। ਸਿਹਤ ਦੇਣ ਜਾਂ ਰਾਜ਼ੀ ਕਰਨ ਵਾਲੀ ਤਾਕਤ ਕੇਵਲ ਇਕੋ ਹੀ ਹੈ ਤੇ ਉਹ ਉਪਜਾਊ ਤਾਕਤ ਹੈ।

'ਰੱਬੀ ਮਨ' ਦੀ ਅਰੋਗਤਾਦਾਇਕ ਸ਼ਕਤੀ ਸਬੰਧੀ ਬਹੁਤ ਕੁਝ ਸੁਣਨ ਵਿਚ ਆਉਂਦਾ ਹੈ। ਉਹ 'ਰੱਬੀ ਮਨ' ਤੁਹਾਡੇ ਅੰਦਰ ਹੀ ਹੈ, ਤੁਹਾਥੋਂ ਬਾਹਰ ਨਹੀਂ। ਤੁਹਾਡੇ ਦੈਵੀ ਆਪੇ ਵਿਚ ਹੀ ਕੁਦਰਤ ਵਲੋਂ ਉਹ ਰੱਬੀ ਸ਼ਕਤੀ ਮੌਜੂਦ ਹੈ ਜਿਹੜੀ ਤੁਹਾਨੂੰ ਅਰੋਗ ਕਰਦੀ ਹੈ। ਬ੍ਰਹਿਮੰਡੀ ਸਿਆਣਪ ਦਾ ਉਪਜਾਊ ਨਿਯਮ ਹੀ ਹੈ ਜੋ ਤੁਹਾਡੀਆਂ ਸਾਰੀਆਂ ਸਰੀਰਕ ਸੱਟਾਂ ਤੇ ਤੱਕਲੀਫਾਂ ਦਾ ਇਲਾਜ ਕਰਦਾ ਹੈ ਤੇ ਤੁਹਾਨੂੰ ਨਵੇਂ ਸਿਰਿਉਂ ਸਿਹਤ ਬਖਸ਼ਦਾ ਹੈ। ਇਹ ਉਹੋ ਉਪਜਾਊ ਨਿਯਮ ਹੈ ਜਿਹੜਾ ਸ਼ਾਹ-ਬਲੂਤ ਦੇ ਬੀਜ ਅੰਦਰ ਲੁਕੀ ਸ਼ਕਤੀ ਨੂੰ ਵਧਾ ਕੇ ਇਕ ਵੱਡੇ ਸ਼ਾਹ-ਬਲੂਤ ਦੇ ਵੱਡੇ ਸਾਰੇ ਦਰੱਖਤ ਦਾ ਰੂਪ ਦਿੰਦਾ ਹੈ, ਜਿਹੜਾ ਇਕ ਛੋਟੇ ਜੇਹੇ ਬੀਜ ਨੂੰ ਵਧਾ ਵਧਾ ਕੇ ਇਕ ਖੂਬਸੂਰਤ ਪੂਰੇ ਖਿੜੇ ਹੋਏ ਫੁੱਲ ਦੀ ਸੂਰਤ ਦੇ ਦਿੰਦਾ ਹੈ। ਇਹ ਉਪਜਾਊ ਅਸੂਲ ਅਜੇਹਾ ਹੈ ਜਿਹੜਾ ਹਰ ਥਾਂ ਵਿਆਪਕ ਹੈ, ਜ਼ੱਰੇ ਜ਼ੱਰੇ ਵਿਚ ਮੌਜੂਦ ਹੈ ਤੇ ਅਸਲ ਵਿਚ ਹਰ ਜ਼ੋਰੇ ਦੀ ਜਿੰਦ ਜਾਨ ਹੈ ਕਿਉਂਕਿ ਹਰ ਚੀਜ਼ ਦੀ ਅਸਲੀਅਤ ਰੱਬ ਹੈ।

ਸਾਡੀ ਹਸਤੀ ਦੀ ਅਸਲੀਅਤ ਤੇ ਸਾਡੀ ਹੋਂਦ ਦੀ ਸਚਾਈ ਰੱਬ ਹੈ, ਨਹੀਂ ਤਾਂ ਅਸੀਂ ਜੀਉਂਦੇ ਰਹਿ ਹੀ ਨਹੀਂ ਸਕਦੇ। ਜਿਹੜੀ ਸ਼ਕਤੀ ਸਦਾ ਸਾਡੀ ਰੱਖਿਆ ਲਈ ਆ ਜਾਂਦੀ ਹੈ ਸਾਨੂੰ ਕਾਇਮ ਰਖਦੀ ਹੈ, ਸਾਨੂੰ ਖੜਾ ਰਖਦੀ ਹੈ ਤੇ ਸਾਨੂੰ ਰਾਹ ਦਸਦੀ ਹੈ, ਉਹ ਕੋਈ ਬਾਹਰਲੀ ਤਾਕਤ ਨਹੀਂ। ਉਹ ਰੱਬੀ ਤਾਕਤ ਸਾਡੇ ਅੰਦਰ ਹੀ ਹੈ, ਜਿਹੜੀ ਸਾਡੇ ਸਰੀਰ ਦੇ ਹਰ ਅੰਗ ਵਿਚ, ਮਾਦੇ ਦੇ ਹਰ ਜ਼ੱਰੇ ਵਿਚ ਰਚੀ ਹੋਈ ਹੈ। ਇਹ ਸਾਡੀ ਅਸਲੀਅਤ ਤੇ ਸਾਡੀ ਹਸਤੀ ਦੀ ਸਚਾਈ ਹੈ। ਇਸ ਵਿਚ ਸੰਦੇਹ ਨਹੀਂ ਕਿ ਅਸੀਂ ਰੱਬ ਦੀ ਗੋਦ ਵਿਚ ਰਹਿੰਦੇ ਸਹਿੰਦੇ ਹਿਲਦੇ ਜੁਲਦੇ ਤੇ ਜਿਉਂਦੇ ਹਾਂ।

ਜੇ ਇਸ ਸਚਾਈ ਦੀ ਸਮਝ ਆ ਜਾਵੇ, ਜੇ ਅਸੀਂ ਉਸ ਮਹਾਨ ਤਾਕਤ ਨਾਲ ਆਪਣੀ ਏਕਤਾ ਨੂੰ ਰੋਜ਼ ਸਮਝਦੇ ਜਾਈਏ ਤਾਂ ਸਾਡੇ ਮਨ ਨੂੰ ਸਦਾ ਵਧਦੀ

ਸ਼ਾਂਤੀ ਤੇ ਬਿਰਤਾ ਮਿਲੇਗੀ ਤੇ ਸਾਡਾ ਸਰੀਰ ਦਿਨੋਂ ਦਿਨ ਨਰੋਆ ਹੁੰਦਾ ਜਾਵੇਗਾ, ਸਾਡੇ ਦਿਲ ਵਿਚ ਬ੍ਰਹਿਮੰਡ ਦਾ ਗਿਆਨ ਦਿਨੋ ਦਿਨ ਵਧੇਗਾ ਤੇ ਸਾਡੀ ਪਰਸੰਨਤਾ ਲਈ ਹਾਨੀਕਾਰਕ ਜਿੰਨੇ ਕਾਰਣ ਹਨ ਉਨ੍ਹਾਂ ਤੋਂ ਸਾਡਾ ਬਚਾਉ ਹੁੰਦਾ ਰਹੇਗਾ।

ਕਿਸੇ ਨੇ ਕਿਹਾ ਹੈ, 'ਰੱਬ ਦੀ ਹੋਂਦ ਦਾ ਤੇ ਉਹਦੀ ਅਰੋਗਤਾ-ਦਾਇਕ ਸ਼ਕਤੀ ਦਾ ਖ਼ਿਆਲ ਕਰਨਾ ਮਾਨੋਂ ਉਸ ਦੀ ਹੋਂਦ ਨਾਲ ਅਸਲ ਵਿਚ ਮਾਨਸਿਕ ਸਬੰਧ ਪੈਦਾ ਕਰਨਾ ਹੈ। ਜੇ ਅਰੋਗਤਾ ਦੀ ਅਸਲੀਅਤ ਦੀ ਦ੍ਰਿੜਤਾ ਨਾਲ ਘੜੀ ਮੁੜੀ ਪਰਤੱਗਿਆ ਕਰ ਕੇ ਅਸੀਂ ਆਪਣੇ ਮਨ ਨੂੰ ਉਸ ਪ੍ਰਿਤਪਾਲਕ ਸ਼ਕਤੀ ਨਾਲ ਇਕਸੁਰਤਾ ਕਾਇਮ ਰਖਾਂਗੇ, ਤਾਂ ਸਾਡਾ ਮਨ ਉਸ ਤਾਕਤ ਨਾਲ ਮਾਦੀ ਵਸਤੂਆਂ ਦੇ ਵਿੰਨਾਸ਼ਕਾਰੀ ਖਿਆਲਾਂ ਦੇ ਹਨੇਰੇ ਵਿਚੋਂ ਤੇ ਭਾਰੇ ਵਾਯੂਮੰਡਲ ਵਿਚੋਂ ਨਿਕਲ ਕੇ ਮਾਨੋ ਖੁਸ਼ੀ ਤੇ ਚਾਨਣ-ਮੰਡਲ ਵਿਚ ਆ ਜਾਵੇਗਾ। ਰੱਬੀ ਵਿਚਾਰਾਂ ਕਰਨ ਦਾ ਇਹ ਫਲ ਅਵੱ ਨਿਕਲਦਾ ਹੈ।

ਖ਼ਿਆਲ ਦੀ ਤਾਕਤ ਸਾਡੀ ਸਮਝ ਵਿਚ ਨਹੀਂ ਆਈ। ਕਾਰਣ ਇਹ ਹੈ ਕਿ ਅਸੀਂ ਇਸ ਸਚਾਈ ਦੀ ਕਦਰ ਤੋਂ ਅਗਿਆਤ ਹਾਂ ਕਿ ਜਿਹੜੀ ਚੀਜ ਦਾ ਅਸੀਂ ਖ਼ਿਆਲ ਕਰਦੇ ਹਾਂ, ਜਾਂ ਜਿਹੜੀ ਚੀਜ਼ ਤੇ ਅਸੀਂ ਆਪਣਾ ਧਿਆਨ ਲਾਉਂਦੇ ਹਾਂ, ਅਸੀ ਉਹਦੇ ਨਾਲ ਸਬੰਧ ਪੈਦਾ ਕਰ ਲੈਂਦੇ ਹਾਂ। ਇਹ ਸਬੰਧ ਭਾਵੇਂ ਮਾਨਸਿਕ ਹੈ ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਤੇ ਇਹਦੇ ਵਿਚ ਸਰੀਰ ਤੇ ਮਨ ਦੋਹਾਂ ਤੇ ਅਸਰ ਪਾਉਣ ਦੀ ਤਾਕਤ ਹੈ।

ਕਦੇ ਆਪਣੇ ਆਪ ਨੂੰ ਕਮਜ਼ੋਰ, ਬੀਮਾਰ ਤੋਂ ਕਿਸੇ ਗੱਲੋਂ ਘਟੀਆ ਖ਼ਿਆਲ ਨਾ ਕਰੋ। ਆਪਣੇ ਆਪ ਨੂੰ ਪੂਰਣ ਤੋਂ ਅਮਰ ਜਾਣੋ। ਇਸ ਦਾ ਅਸਰ ਇਹ ਹੋਵੇਗਾ ਕਿ ਤੁਹਾਡੇ ਮਨ ਤੇ ਸਰੀਰ ਪੂਰਣਤਾ ਤੇ ਭਰਪੂਰਤਾ ਦੀ ਇਸ ਇੱਛਾ ਨੂੰ ਪੂਰਾ ਕਰਨ ਦੇ ਆਹਰ ਕਰਨ ਲੱਗ ਪੈਣਗੇ।

ਬਦਕਿਸਮਤੀ ਦੇ ਚਿੰਨਾਂ ਦੀ ਮੂਰਤੀ, ਬੀਮਾਰੀ ਤੇ ਕਮਜ਼ੋਰੀ ਦੇ ਖ਼ਿਆਲ ਜਿਨ੍ਹਾਂ ਨੂੰ ਅਸੀਂ ਆਪਣੇ ਮਨ ਵਿਚ ਜਗ੍ਹਾ ਦਿੰਦੇ ਹਾਂ, ਇਸ ਆਦਰਸ਼ ਨੂੰ ਪਰਾਪਤੀ ਲਈ ਮਾਰ ਦੇਣ ਵਾਲੇ ਜ਼ਹਿਰ ਦਾ ਕੰਮ ਕਰਦੇ ਹਨ। ਕਮਜ਼ੋਰ ਹੀਣੇ ਤੇ ਮਰੀਅਲ ਖਿਆਲਾਂ ਨਾਲ ਸਰੀਰ ਕਮਜ਼ੋਰ ਤੇ ਬੀਮਾਰ ਹੋ ਜਾਂਦਾ ਹੈ ਤੇ ਮਾਨਸਿਕ ਸ਼ਕਤੀ ਅਪਾਹਜ ਹੋ ਜਾਂਦੀ ਹੈ। ਆਪਣੇ ਸਬੰਧ ਵਿਚ ਸਦਾ ਭਰਪੂਰਤਾ ਤੇ ਪੂਰਣਤਾ ਨੂੰ ਚਿਤਵਿਆ ਕਰੋ। ਜੇ ਤੁਹਾਡੇ ਦਿਲ ਵਿਚ ਯਕੀਨ ਹੈ ਕਿ ਤੁਸੀਂ ਆਪਣੇ ਕਾਦਰ ਦੇ ਮਾਡਲ ਤੇ ਬਣਾਏ ਗਏ ਹੋ, ਤਾਂ ਤੁਸੀਂ ਮਹਾਨਤਾ ਦੀਆਂ ਸਿਖਰਾਂ ਛੋਹ ਲਵੋਗੇ।

ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਤੁਹਾਡਾ ਸਰੀਰ ਆਦਰਸ਼ ਨੂੰ ਪੂਰਾ ਕਰਨ ਦੇ ਅਸਮਰਥ ਹੈ। ਇਸ ਆਦਰਸ਼ ਨੂੰ ਫੜੀ ਰਖੋ ਤੇ ਕਮਜ਼ੋਰੀਆਂ ਉਣਤਾਈਆਂ ਜਿਹੜੀਆਂ ਤੁਹਾਡੀ ਉੱਨਤੀ ਦੇ ਰਾਹ ਵਿਚ ਰੋਕਾਂ ਹਨ, ਉਹ ਹੌਲੀ ਹੌਲੀ ਤੁਹਾਡੀ ਅੰਦਰਲੀ ਰੱਬੀ ਮੂਰਤੀ ਦੀ ਵਿਆਪਕ ਸ਼ਕਤੀ ਅੱਗੇ ਝੁਕ ਜਾਣਗੀਆਂ, ਤੁਹਾਡੇ ਅੰਦਰਲੇ ਜੀਵਨ ਦੇ ਅਮਲ ਤੁਹਾਡੀ ਉਸ ਵਿਸ਼ੇਸ਼ ਮੂਰਤੀ ਦੇ ਸਥੂਲ ਰੂਪ ਦੀ ਰਚਨਾ ਸ਼ੁਰੂ ਕਰ ਦੇਣਗੇ ਤੇ ਤੁਸੀਂ 'ਰੱਬ ਵਰਗੇ' ਹੀ ਹੋ ਜਾਉਗੇ ?

ਬਹੁਤ ਸਾਰੇ ਲੋਕ, ਜਿਹੜੇ ਮਾਨਸਿਕ ਸ਼ਕਤੀ ਨਾਲ ਅਰੋਗਤਾ ਦੇਣ ਵਾਲੇ ਗਿਆਨ ਤੇ ਵਿਸ਼ਵਾਸ ਨਹੀਂ ਰੱਖਦੇ, ਖ਼ਿਆਲ ਕਰਦੇ ਹਨ ਕਿ ਜਦੋਂ ਸਾਡੇ ਸਰੀਰ ਪੀੜ ਨਾਲ ਅਤਿਅੰਤ ਦੁਖੀ ਹੋਣ ਅਤੇ ਜਦੋਂ ਸਾਡੇ ਵਿਚ ਠੀਕ ਤੌਰ ਤੇ ਕੰਮ ਕਰਨ ਦੀ ਸਮਰੱਥਾ ਨਾ ਹੋਵੇ ਤਾਂ ਇਹ ਕਹੀ ਜਾਣਾ ਕਿ ਅਸੀਂ ਠੀਕ ਹਾਂ, ਅਰੋਗ ਹਾਂ, ਉਸੇ ਗੱਲ ਤੇ ਜ਼ੋਰ ਦਈ ਜਾਣਾ ਹੈ ਜਿਸ ਨੂੰ ਅਸੀਂ ਗਲਤ ਤੇ ਝੂਠਾ ਸਮਝਦੇ ਹਾਂ।

ਜਦੋਂ ਪੀੜ ਦਾ ਦੁਖ ਸਹਾਰਦਿਆਂ ਹੋਇਆਂ ਅਸੀਂ ਖ਼ਿਆਲ ਕਰਦੇ ਹਾਂ ਕਿ ਅਸੀਂ ਅਰੋਗ ਹਾਂ, ਤਾਂ ਇਸ ਤੋਂ ਸਾਡਾ ਮਤਲਬ ਹੈ ਕਿ ਸਾਡਾ ਅਸਲ ਆਪਾ ਠੀਕ ਹੈ। ਸਾਡੀ ਹਸਤੀ ਦੀ ਵਾਸਤਵਿਕਤਾ ਬੀਮਾਰ ਨਹੀਂ ਹੋ ਸਕਦੀ, ਉਹਨੂੰ ਕੋਈ ਤੱਕਲੀਫ ਨਹੀਂ ਹੋ ਸਕਦੀ। ਇਸ ਵਿਚ ਕਿਸੇ ਪ੍ਰਕਾਰ ਦਾ ਕਲਾ ਕਲੇਸ਼ ਨਹੀਂ ਆ

ਸਕਦਾ ਕਿਉਂਕਿ ਸਾਡਾ ਆਪਾ ਰੱਬ ਹੈ। ਤੁਸੀਂ ਆਪਣੇ ਜੀਵਨ ਦੀ ਅਸਤਿਤਾ ਅਤੇ ਗਲਤੀਆਂ ਦੀ ਥਾਂ ਸਦਾ ਇਹਦੀ ਸਤਿਤਾਂ ਤੇ ਦ੍ਰਿੜ ਰਹੋ। ਸਦਾ ਤੇ ਹਰ ਥਾਂ ਆਪਣੇ ਆਤਮਕ ਆਦਰਸ਼ ਨੂੰ ਦ੍ਰਿੜ੍ਹ ਕਰੋ ਇਸ ਨਾਲ ਤੁਸੀਂ ਸੰਪੂਰਣਤਾ ਤੇ ਆਦਰਸ਼ ਵੱਲ ਵਧਦੇ ਜਾਉਂਗੇ। ਇਸ ਦੇ ਉਲਟ ਬੀਮਾਰੀ ਦਾ ਚਿਤਵਨ ਅਤੇ ਇਸ ਨੂੰ ਸਚਾਈ ਮੰਨ ਬਹਿਣਾ ਤੁਹਾਡੇ ਸਰੀਰਕ ਢਾਂਚੇ ਨੂੰ ਹਿਲਾ ਦੇਵੇਗਾ ਅਤੇ ਤੁਹਾਨੂੰ ਸਦਾ ਹੀ ਰੋਗੀ ਜੇਹਾ ਬਣਾਈ ਰਖੇਗਾ।

ਜੇ ਤੁਸੀਂ ਹਰ ਵੇਲੇ ਬੀਮਾਰੀ ਦਾ ਖ਼ਿਆਲ ਕਰਦੇ ਰਹਿੰਦੇ ਹੋ, ਬੀਮਾਰੀ ਵੱਲ ਹੀ ਤੁਹਾਡਾ ਧਿਆਨ ਲੱਗਾ ਰਹਿੰਦਾ ਹੈ ਤੇ ਤੁਸੀਂ ਬੀਮਾਰੀ ਦੀਆਂ ਹੀ ਗੱਲਾਂ ਸੁਣਦੇ ਰਹਿੰਦੇ ਹੋ ਤਾਂ ਤੁਸੀਂ ਕਦੇ ਵੀ ਇਹੋ ਜੇਹੇ ਤੱਕੜੇ ਤੇ ਸ਼ਕਤੀਸ਼ਾਲੀ ਨਹੀਂ ਬਣ ਸਕਦੇ ਕਿ ਤੁਸੀਂ ਰੋਗ ਨੂੰ ਆਪਣੇ ਆਪ ਤੋਂ ਪਰੇ ਰੱਖ ਸਕੋ। ਜਿਹੜੀ ਗੱਲ ਗਲਤ ਹੈ, ਜਿਹੜੀ ਗੱਲ ਝੂਠੀ ਹੈ, ਜਿਹੜੀ ਰੱਬ ਦੀ ਪੈਦਾ ਕੀਤੀ ਹੋਈ ਨਹੀਂ ਉਸ ਨੂੰ ਮੰਨਣੋਂ ਇਨਕਾਰ ਕਰੋ ਤਾਂ ਤੁਸੀਂ ਠੀਕ ਠਾਕ ਹੋ ਜਾਉਗੇ।

ਯਾਦ ਰਖੋ ਕਿ ਕੇਵਲ ਕਿਸੇ ਚੀਜ਼ ਨੂੰ ਪਰੇ ਰੱਖਣਾ, ਜਾਂ ਉਸ ਦੀ ਹੋਂਦ ਤੋਂ ਇਨਕਾਰ ਕਰਨਾ ਹੀ ਉਸ ਚੀਜ਼ ਨੂੰ ਤਬਾਹ ਕਰਨਾ ਨਹੀਂ ਹੁੰਦਾ। ਬਹੁਤ ਸਾਰੇ ਲੋਕ ਤਾਂ ਇਨਕਾਰ ਇਸ ਤਰ੍ਹਾਂ ਕਰਦੇ ਹਨ ਕਿ ਇਨਕਾਰ ਕੀਤੀ ਹੋਈ ਚੀਜ਼ ਦਾ ਉਨ੍ਹਾਂ ਦੇ ਮਨ ਉੱਤੇ ਬਹੁਤ ਦ੍ਰਿੜ੍ਹ ਤੋਂ ਡੂੰਘਾ ਅਸਰ ਹੁੰਦਾ ਹੈ। ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਜੇ ਤੁਸੀਂ ਬੀਮਾਰੀ ਦੀ ਅਸਲੀਅਤ ਤੋਂ ਇਨਕਾਰ ਕਰਦੇ ਹੋ ਤਾਂ ਤੁਹਾਨੂੰ ਉਹਦੀ ਵਿਰੋਧੀ ਵਸਤੂ ਅਰਥਾਤ ਅਧਿਆਤਮਕ ਆਦਰਸ਼, ਰੂਹਾਨੀ ਮਨੁੱਖ ਦਾ ਚਿੱਤਰ ਮਨ ਵਿਚ ਰੱਖਣਾ ਚਾਹੀਦਾ ਹੈ ਜੋ ਕਦੇ ਬੀਮਾਰ ਨਹੀਂ ਹੋਇਆ ਤੇ ਜਿਹੜਾ ਕਦੇ ਬੀਮਾਰ ਨਹੀਂ ਹੋ ਸਕਦਾ। ਪੂਰਣਤਾ ਅਤੇ ਆਪਣੇ ਆਪੇ ਦੇ ਰੱਬੀ ਆਦਰਸ਼ ਨਾਲ ਚਿੰਬੜੇ ਰਹੋ। ਇਸ ਆਦਰਸ਼ ਦਾ ਉਲਟ ਭਾਵੇਂ ਚੀਕ ਚੀਕ ਕੇ ਆਪਣੀ ਗੱਲ ਸੁਣਾਵੇ, ਆਪਣੀ ਹੋਂਦ ਜਤਾਉਣ ਵਿਚ ਭਾਵੇਂ ਕਿੰਨਾਂ ਹੀ ਜ਼ੋਰ ਲਗਾਵੇ

ਤੁਸੀਂ ਆਪਣੇ ਆਦਰਸ਼ ਨੂੰ ਆਪਣੇ ਮਨ ਤੋਂ ਦੁਰਾਡੇ ਨਾ ਜਾਣ ਦਿਉ। ਜਿਹੜੀ ਮਹਾਨ ਸਿਆਣਪ ਸਾਡੇ ਸਰੀਰ ਦੇ ਇਕ ਇਕ ਅੰਗ ਵਿਚ ਕੁਦਰਤ ਵਲੋਂ ਰੱਖੀ ਗਈ ਹੈ ਉਹ ਉਸ ਨਮੂਨੇ ਦੇ ਮੁਤਾਬਕ ਸਰੀਰ ਨੂੰ ਬਣਾਉਂਦੀ ਰਹਿੰਦੀ ਹੈ ਜਿਸ ਨੂੰ ਸਾਡਾ ਵਿਸ਼ਵਾਸ ਉਸਦੇ ਅੱਗੇ ਪੇਸ਼ ਕਰਦਾ ਜਾਂਦਾ ਹੈ ਤੇ ਸਾਡੇ ਮਨ ਨੂੰ ਪੂਰਾ ਪੂਰਾ ਅਧਿਕਾਰ ਹੈ ਕਿ ਉਹ ਸਰਬੋਤਮ ਅਰੋਗਤਾ ਦਾ ਚਿੱਤਰ ਵੀ ਚਿਤਵਨ ਕਰੇ। ਉਸੇ ਵਿਚ ਹੀ ਸਭ ਕੁਝ ਆ ਜਾਂਦਾ ਹੈ।

ਸਿਹਤ ਦੇ ਆਦਰਸ਼ ਨੂੰ ਮਨ ਅੱਗੇ ਰੱਖਣਾ ਸਰੀਰਕ ਰੋਗਾਂ ਨੂੰ ਤੇ ਸਰੀਰ ਦੇ ਸਾਰੇ ਵਿਕਾਰਾਂ ਨੂੰ ਹਟਾਉਣ ਦਾ ਉੱਚਾ ਵਿਗਿਆਨਕ ਢੰਗ ਹੈ ਕਿਉਂਕਿ ਸਰੀਰ ਦੇ ਹਰ ਹਿੱਸੇ ਦੇ ਸਾਂਝੇ ਕੰਮ ਕਰਨ ਵਾਲੇ ਖਾਨੇ (Cells) ਆਪਣੀ ਸਾਂਝੀ ਸੂਝ ਬੂਝ ਰਾਹੀਂ ਉਸ ਸੁਨੇਹੇ ਨੂੰ ਬੜੀ ਜਲਦੀ ਮੰਨਦੇ ਹਨ ਜਿਹੜਾ ਕਿ ਉਨ੍ਹਾਂ ਦੇ ਕੇਂਦਰੀ ਅਸਥਾਨ, ਅਰਥਾਤ ਮਨ, ਤੋਂ ਉਨ੍ਹਾਂ ਵੱਲ ਪੁੱਜਦਾ ਹੈ। ਇਹ ਖਾਨੇ ਬੜੀ ਛੇਤੀ ਉਤਸ਼ਾਹ ਭਰਪੂਰ ਤੇ ਉਤਸ਼ਾਹਹੀਣ ਹੋ ਜਾਂਦੇ ਹਨ। ਆਸ ਅਤੇ ਨਿਰਾਸਤਾ ਦਾ ਇਹਨਾਂ ਉੱਤੇ ਬੜੀ ਛੇਤੀ ਅਸਰ ਹੁੰਦਾ ਹੈ, ਇਸ ਕਰਕੇ ਸਰੀਰ ਦਾ ਨਿਰਉਤਸ਼ਾਹਤਾ ਨਾਲ ਇਲਾਜ ਕਰਨ ਦੇ ਸਿੱਟੇ ਦੁਖਾਂਤ ਵਿਚ ਨਿਕਲਦੇ ਹਨ।

ਮਾਨਸਿਕ ਇਲਾਜ ਨਾਲ ਅਰੋਗਤਾ ਦੇਣ ਦੇ ਸਾਰੇ ਨਿਯਮਾਂ ਦੀ ਨੀਂਹ ਦੈਵੀ ਆਦਰਸ਼ ਦੀ ਅਨੁਭਵਤਾ ਹੈ। ਕਿਸੇ ਬਿਮਾਰ ਦਾ ਮਨ ਭਾਵੇਂ ਸ੍ਵੈ-ਪਰੇਰਨਾ ਨਾਲ, ਭਾਵੇਂ ਇਲਾਜ ਕਰਨ ਵਾਲੇ ਦੇ ਮਨ ਦੀ ਨਿਤਾਪ੍ਰਤ ਦੀ ਸਹਾਇਤਾ ਨਾਲ, ਜਿੰਨਾਂ ਵੀ ਦੈਵੀ ਮਨ ਜਾਂ ਸਿਹਤ ਦੇਣ ਵਾਲੇ ਰੱਬੀ ਨਿਯਮ ਨਾਲ ਇਕਸੁਰ ਤੇ ਇਕਮਿਕ ਰਹਿੰਦਾ ਹੈ, ਉਤਨੀ ਹੀ ਅਰੋਗਤਾ ਉਹ ਪ੍ਰਾਪਤ ਕਰ ਸਕੇਗਾ।

ਇਹ ਖ਼ਿਆਲ ਦਿਲ ਵਿਚ ਰੱਖੋ ਕਿ ਸਿਹਤ ਇਕ ਸਦੀਵੀ ਕਾਇਮ ਰਹਿਣ ਵਾਲੀ ਸਚਾਈ ਹੈ, ਬੀਮਾਰੀ ਤੇ ਕਮਜ਼ੋਰੀ ਨਕਲੀ ਸਿੱਕੇ ਤੇ ਸਚਾਈ ਦੀ ਅਣਹੋਂਦ ਹਨ। ਇਸ ਖ਼ਿਆਲ ਵਿਚ ਅਰੋਗ ਕਰਨ ਦੀ ਭਾਰੀ ਤਾਕਤ ਹੈ। ਮਾਨਸਿਕ

ਢੰਗ ਨਾਲ ਅਰੋਗ ਕਰਨ ਦਾ ਅਮਲ ਭਾਵੇਂ ਕਿਸੇ ਸ਼ਕਲ ਵਿਚ ਹੋਵੇ ਇਸ ਦਾ ਮੂਲ, ਸੰਪੂਰਣਤਾ ਅਤੇ ਭਰਪੂਰਤਾ ਦਾ ਇਹ ਵਿਸ਼ਵਾਸ ਹੈ ਕਿ ਬੀਮਾਰ ਸਹੀ ਅਰਥਾਂ ਵਿਚ ਰੱਬ ਦਾ ਬੱਚਾ ਹੈ ਤੇ ਉਸ ਦਾ ਪੈਦਾਇਸ਼ੀ ਹੱਕ ਹੈ ਕਿ ਉਹ ਅਰੋਗ ਰਹੇ, ਉਹਦੀ ਉਸ ਪੂਰਣਤਾ ਵਿਚ ਫਰਕ ਨਾ ਆਵੇ ਜਿਹੜੀ ਸਾਰੇ ਵਿਕਾਸ਼ ਦੀ ਕਰਤਾ ਧਰਤਾ ਹੈ।

ਜਦੋਂ ਮੈਂ ਪੂਰਣ ਸਿਹਤ ਦੇ ਆਦਰਸ਼ ਨੂੰ ਆਪਣੇ ਮਨ ਅੱਗੇ ਰੱਖਦਾ ਹਾਂ ਤਾਂ ਮੈਂ ਆਪਣੀ ਮਨੋ ਦ੍ਰਿਸ਼ਟੀ ਨਾਲ ਆਪਣੇ ਆਪੇ ਦੇ ਮਨੁੱਖੀ ਅੰਗ ਨੂੰ ਨਹੀਂ ਵੇਖਦਾ, ਸਗੋਂ ਕੇਵਲ ਇਸ ਦੇ ਰੱਬੀ ਅੰਗ ਤੋਂ ਵੇਖਦਾ ਹਾਂ। ਇਸ ਗੱਲ ਨੂੰ ਮੇਰੇ ਦੈਵੀ-ਪੱਖ ਦਾ ਨਿਰਾ ਬਹਾਨਾ ਵੀ ਸਮਝਿਆ ਜਾ ਸਕਦਾ ਹੈ। ਮੈਂ ਆਪਣੇ ਉਸ ਦੈਵੀ ਆਪੇ ਜਾਂ ਪੂਰਣ ਆਪੇ ਦਾ ਆਦਰਸ਼ ਆਪਣੇ ਸਾਹਮਣੇ ਰਖਦਾ ਹਾਂ ਜਿਹੜਾ ਕਦੇ ਜੰਮਿਆ ਨਹੀਂ ਸੀ ਤੇ ਜਿਹੜਾ ਕਦੇ ਵੀ ਨਹੀਂ ਮਰੇਗਾ, ਜਿਹੜਾ ਕਦੇ ਬੀਮਾਰ ਨਹੀਂ ਸੀ ਅਤੇ ਨਾ ਹੀ ਕਦੇ ਬੀਮਾਰੀ ਦੀ ਤੱਕਲੀਫ ਉਠਾਏਗਾ, ਜਿਸ ਨੂੰ ਕਦੇ ਵੀ ਹਾਰ ਅਤੇ ਤਬਾਹੀ ਦਾ ਮੂੰਹ ਨਹੀਂ ਦੇਖਣਾ ਪਵੇਗਾ। ਇਹ ਮੇਰੇ ਜੀਵਨ ਦਾ ਜੇਤੂ ਪੱਖ ਹੈ ਅਰਥਾਤ ਦੈਵੀ ਪੱਖ ਹੈ ਤੇ ਇਹੋ ਹੀ ਮੇਰਾ ਆਦਰਸ਼ ਹੈ, ਜਿਸ ਦੇ ਨਾਲ ਮੈਂ ਸਦਾ ਚਿੰਬੜਿਆ ਰਹਾਂਗਾ। ਮੇਰੇ ਇਸ ਆਦਰਸ਼ ਨੂੰ ਪਕਿਆਈ ਨਾਲ ਫੜੀ ਰੱਖਣ ਦਾ ਕਾਰਣ ਇਹ ਹੈ ਕਿ ਇਸ ਨਮੂਨੇ ਅਨੁਸਾਰ ਮੈਂ ਆਪਣੇ ਜੀਵਨ ਦੀ ਉਸਾਰੀ ਕਰਨੀ ਚਾਹੁੰਦਾ ਹਾਂ ਤੇ ਮੈਂ ਜਾਣਦਾ ਹਾਂ ਕਿ ਇਸ ਆਦਰਸ਼ੀ ਨਮੂਨੇ ਨੂੰ ਸਦਾ ਆਪਣੇ ਸਾਹਮਣੇ ਰੱਖਣ ਨਾਲ ਮੈਂ ਆਪਣੇ ਸਰੀਰ ਨੂੰ ਇਹਦੇ ਅਨੁਸਾਰ ਬਣਾ ਸਕਾਂਗਾ।

ਇਸ ਤੋਂ ਉਲਟ, ਜੇ ਮੇਰੇ ਸਾਹਮਣੇ ਇਹੋ ਜੇਹਾ ਆਦਰਸ਼ ਹੋਵੇਗਾ ਜਿਹੜਾ ਮੇਰੇ ਆਪੇ ਦੇ ਅੰਗਾਂ ਨੂੰ ਲਿਸੇ, ਨਿਤਾਣੇ, ਨੁਕਸਦਾਰ ਅਤੇ ਰੋਗੀ ਰੂਪ ਵਿਚ ਵੇਖੇਗਾ ਤਾਂ ਮੇਰੇ ਜੀਵਨ ਦੀ ਉਸਾਰੀ ਇਸ ਤੁਛ ਆਦਰਸ਼ ਦੇ ਮੁਤਾਬਕ ਹੀ ਹੋ ਜਾਵੇਗੀ ਤੇ ਮੇਰੇ ਸਾਰੇ ਮਿਆਰ ਮੇਰੇ ਇਸ ਤੁਛ ਆਦਰਸ਼ ਦੇ ਅਨੁਕੂਲ ਹੋ ਜਾਣਗੇ।

ਜੇ ਮੈਂ ਹਰ ਵੇਲੇ ਇਹੋ ਖ਼ਿਆਲ ਕਰਦਾ ਰਹਾਂ ਤੇ ਆਪਣੇ ਆਪ ਨੂੰ ਇਉਂ ਕਹਾਂ ਕਿ 'ਮੈਂ ਸਰੀਰਕ ਤੌਰ ਤੇ ਕਮਜ਼ੋਰ ਹਾਂ, ਮੈਨੂੰ ਆਪਣੇ ਉਨ੍ਹਾਂ ਵੱਡਿਆ ਤੋਂ ਕਸਬਖਤ ਬੀਮਾਰੀ ਹੀ ਵਿਰਸੇ ਵਿਚ ਮਿਲੀ ਹੈ ਜਿਹੜੇ ਤਪਦਿਕ ਕੈਂਸਰ, ਪਾਚਨ ਰੋਗ, ਜਿਗਰ ਤੇ ਦਿਲ ਦੀਆਂ ਬੀਮਾਰੀਆਂ ਨਾਲ ਮੋਏ ਸਨ, ਤਾਂ ਮੇਰੀ ਅਵਸਥਾ ਇਹਨਾਂ ਵਿਚਾਰਾਂ ਅਨੁਸਾਰ ਹੋਣੀ ਸ਼ੁਰੂ ਹੋ ਜਾਵੇਗੀ।

ਸਿਹਤ ਨੂੰ ਕਾਇਮ ਰੱਖਣ ਦਾ ਇਸ ਦੋ ਸਿਵਾ ਹੋਰ ਕੋਈ ਤਰੀਕਾ ਤੁਸੀਂ ਕਾਇਮ ਨਹੀਂ ਕਰ ਸਕਦੇ ਕਿ ਸਿਹਤ ਕਾਇਮ ਰੱਖਣ ਵਾਲੇ ਨਿਯਮਾਂ ਨੂੰ ਸਦਾ ਅੱਖਾਂ ਅੱਗੇ ਰੱਖੋ ਅਤੇ ਮਨ ਵਿਚ ਵਸਾਉ। ਸਿਹਤ ਦਾ ਆਦਰਸ਼' ਤੁਹਾਡੀਆਂ ਅੱਖਾਂ ਅੱਗੇ ਰਹਿਣਾ ਚਾਹੀਦਾ ਹੈ। ਤੁਹਾਨੂੰ ਚਾਹੀਦਾ ਹੈ ਕਿ ਲਗਾਤਾਰ ਜ਼ੋਰ ਨਾਲ ਇਸ ਗੱਲ ਦਾ ਇਕਰਾਰ ਕਰੋ, 'ਮੈਂ ਸਿਹਤ ਵਾਲਾ ਹਾਂ, ਮੈਂ ਤਾਕਤਵਰ ਹਾਂ, ਮੈਂ ਸ਼ਕਤੀ ਹਾਂ, ਮੇਰਾ ਸਰੀਰ ਰਿਸ਼ਟ ਪੁਸ਼ਟ ਹੈ, ਮੈਂ ਜ਼ੋਰ ਵਾਲਾ ਹਾਂ। ਮੈਂ ਸਰੀਰਕ ਤੌਰ ਤੇ ਪੂਰਣ ਹਾਂ, ਕਾਦਰ ਨੇ ਮੈਨੂੰ ਜੱਦੀ ਬੀਮਾਰੀਆਂ ਤੇ ਕਮਜ਼ੋਰੀਆਂ ਦੇ ਕੇ ਊਣਾ ਜੇਹਾ ਨਹੀਂ ਪੈਦਾ ਕੀਤਾ ਤੇ ਜੇ ' ਕੋਈ ਊਣਤਾਈ ਮੇਰੇ ਵਿਚ ਆ ਗਈ ਹੈ ਤਾਂ ਉਸਦਾ ਪੂਰਾ ਪੂਰਾ ਮੁਕਾਬਲਾ ਕਰਨ ਲਈ ਯੋਗਤਾ ਤੇ ਸਮਰੱਥਾ ਵੀ ਮੈਨੂੰ ਦਿੱਤੀ ਹੈ। ਮੇਰੀ ਸਿਹਤ ਦੀ ਬੁਨਿਆਦ ਮੇਰੀ ਹਸਤੀ ਦੀ ਸਚਾਈ, ਮੇਰੀ ਅਸਲੀਅਤ ਅਤੇ ਮੇਰੀ ਦੈਵੀਅਤਾ ਦੀ ਚੇਤਨਤਾ ਉੱਤੇ ਹੈ। ਇਸ ਦਾ ਆਧਾਰ ਉਹ ਵਿਰਸਾ ਹੈ ਜਿਹੜਾ ਮੈਨੂੰ ਆਪਣੇ ਕਾਦਰ ਤੋਂ ਮਿਲਿਆ ਹੈ। ਇਸ ਵਿਰਸੇ ਨੂੰ ਬੀਮਾਰੀ, ਗਿਰਾਵਟ, ਕਮਜ਼ੋਰੀ, ਵਿਨਾਸ਼ਤਾ ਤੇ ਮੌਤ ਛੋਹ ਵੀ ਨਹੀਂ ਸਕਦੀ। ਜੋ ਕੁਝ ਮੈਨੂੰ ਆਪਣੇ ਕਾਦਰ ਤੋਂ ਵਿਰਸੇ ਵਿਚ ਮਿਲਿਆ ਹੈ ਉਹ ਅਮਰ ਹੈ ਕਿਉਂਕਿ ਮੇਰਾ ਕਾਦਰ ਆਪ ਅਮਰ ਹੈ।

ਹਾਰਵਰਡ ਮੈਡੀਕਲ ਸਕੂਲ ਦਾ ਮਸ਼ਹੂਰ ਡਾਕਟਰ ਰਿਚਰਡ ਸੀ ਕਬਟ ਲਿਖਦਾ ਹੈ ਕਿ "ਰੋਗੀ ਦਾ ਦਵਾਈਆਂ ਭਰਿਆ ਆਲਾ ਦੁਆਲਾ ਉਹਦੀ ਸਿਹਤ ਪਰਾਪਤੀ ਵਿਚ ਵਿਘਨਕਾਰੀ ਹੈ। ਜਿਹੜੇ ਰੋਗੀ ਪੂਰੀ ਤਰ੍ਹਾਂ ਦਵਾਈਆਂ

ਵਾਲੇ ਉਸ ਵਾਯੂਮੰਡਲ ਵਿਚ ਰੱਖੇ ਜਾਂਦੇ ਹਨ ਜਿਥੇ ਉਹ ਲਗਾਤਾਰ ਬੀਮਾਰੀ ਦੀਆਂ ਗੱਲਾਂ ਸੁਣਦੇ ਰਹਿੰਦੇ ਹਨ, ਉਨ੍ਹਾਂ ਲਈ ਬੀਮਾਰੀ ਦੇ ਖਿਆਲਾਂ ਤੋਂ ਬਾਹਰ ਨਿਕਲਣਾ ਕਠਨ ਹੋ ਜਾਂਦਾ ਹੈ। ਉਨ੍ਹਾਂ ਦੇ ਮਨਾਂ ਵਿਚ ਸਿਹਤ ਦੀ ਥਾਂ ਬੀਮਾਰੀਆਂ ਦੇ ਖ਼ਿਆਲ ਹੀ ਭਰੇ ਰਹਿੰਦੇ ਹਨ, ਚਾਹੀਦਾ ਇਹ ਹੈ ਕਿ ਉਨ੍ਹਾਂ ਨੂੰ ਅਜੇਹੇ ਵਾਯੂਮੰਡਲ ਵਿਚ ਰਖਿਆ ਜਾਏ ਜਿਥੇ ਕਿ ਹਰ ਇਕ ਚੀਜ਼ ਬੀਮਾਰੀ ਤੇ ਰੋਗ ਦੀ ਥਾਂ ਸਿਹਤ ਵੱਲ ਪਰੇਰੇ।

ਕਈ ਲੋਕ ਅਣਜਾਣਪੁਣੇ ਵਿਚ ਲਗਾਤਾਰ ਬੀਮਾਰੀ ਦੇ ਵਿਚਾਰ ਕਰ ਕਰ ਕੇ ਆਪਣੇ ਸਰੀਰ ਨੂੰ ਬੀਮਾਰ ਹਾਲਤ ਵਿਚ ਪੁਚਾ ਦਿੰਦੇ ਹਨ। ਥੋੜੇ ਹੀ ਦਿਨ ਹੋਏ ਨੇ ਮੈਨੂੰ ਇਕ ਰੋਗੀ ਔਰਤ ਦਾ ਹਾਲ ਮਲੂਮ ਹੋਇਆ ਹੈ ਜਿਹੜੀ ਕਿ ਚਿਰ ਤੱਕ ਬੀਮਾਰ ਰਹਿਣ ਪਿੱਛੋਂ ਇਕ ਮਾਨਸਿਕ ਵਿਗਿਆਨੀ ਪਾਸ ਸਲਾਹ ਲੈਣ ਗਈ ਤੇ ਅਰਜ਼ ਕੀਤੀ ਕਿ 'ਮੈਂ ਤੁਹਾਨੂੰ ਬਿਨਾਂ ਕਿਸੇ ਸੰਕੋਚ ਦੇ ਇਹ ਦੱਸਣਾ ਚਾਹੁੰਦੀ ਹਾਂ ਕਿ ਮੈਂ ਬਹੁਤ ਤੱਕਲੀਫ ਪਾਈ ਹੈ ਪਰ ਮੈਨੂੰ ਪਤਾ ਨਹੀਂ ਲੱਗਦਾ ਕਿ ਰੱਬ ਦੀ ਇਹ ਮਰਜ਼ੀ ਹੈ ਕਿ ਨਹੀਂ ਕਿ ਮੈਂ ਰਾਜ਼ੀ ਬਾਜ਼ੀ ਹੋ ਜਾਵਾਂ ? ਮੈਨੂੰ ਇਹ ਵੀ ਪਤਾ ਨਹੀਂ ਕਿ ਤੰਦਰੁਸਤੀ ਦੀਆਂ ਤਦਬੀਰਾਂ ਕਰ ਕਰ ਦੇ ਰੱਬ ਨੂੰ ਨਾਰਾਜ਼ ਹੋਣ ਦਾ ਮੌਕਾ ਦੇਣਾ ਮੇਰੇ ਲਈ ਠੀਕ ਹੈ ਕਿ ਨਹੀਂ।'

ਹੋਰ ਤੱਕਲੀਫਾਂ ਦੇ ਛੁਟ ਇਕ ਤੱਕਲੀਫ ਇਸ ਤੀਵੀਂ ਨੂੰ ਇਹ ਵੀ ਸੀ ਕਿ ਉਹਦੀ ਗਰਦਨ ਉੱਤੇ ਇਕ ਗਿਲਟੀ ਸੀ। ਉਸ ਨੇ ਡਾਕਟਰ ਨੂੰ ਕਿਹਾ, 'ਪਹਿਲਾਂ ਤੁਸੀਂ ਇਸ ਗਿਲਟੀ ਨੂੰ ਵੇਖੋ, ਇਹਦੀ ਹਾਲਤ ਕੇਹੀ ਖਰਾਬ ਹੈ। ਜੇ ਤੁਹਾਨੂੰ ਇਸ ਬਾਰੇ ਪੂਰਾ ਪੂਰਾ ਗਿਆਨ ਹੋਵੇਗਾ, ਜੇ ਤੁਸੀਂ ਇਸ ਬਾਰੇ ਸਭ ਹਾਲਾਤ ਜਾਣ ਸਕੋਗੇ ਤਦ ਹੀ ਤੁਸੀਂ ਮੇਰੀ ਸਹੀ ਮਦਦ ਕਰ ਸਕੋਗੇ। ਇਸ ਤੀਵੀਂ ਨੇ ਆਪਣੀਆਂ ਤੱਕਲੀਫਾਂ ਤੇ ਖ਼ਰਾਬੀਆਂ ਵੱਲ ਬਹੁਤਾ ਧਿਆਨ ਦੇ ਕੇ ਆਪਣੀ ਹਾਲਤ ਨੂੰ ਬਹੁਤ

ਪਰੇਸ਼ਾਨ ਬਣਾ ਲਿਆ ਸੀ ਉਹ ਹੋਰ ਕਿਸੇ ਚੀਜ਼ ਦਾ ਧਿਆਨ ਜਾਂ ਖ਼ਿਆਲ ਹੀ ਨਹੀਂ ਕਰ ਸਕਦੀ ਸੀ।

ਜਦ ਇਹ ਤੀਵੀ ਇਲਾਜ ਕਰਾਉਣ ਲਈ ਪਹਿਲੀ ਵਾਰੀ ਆਈ ਤਾਂ ਮਾਨਸਿਕ ਡਾਕਟਰ ਨੇ ਉਸ ਤੋਂ ਪਹਿਲਾਂ ਹੀ ਸੋਹਣੇ ਗੁਲਾਬ ਦੇ ਬੋਲਾਂ ਦਾ ਇਕ ਗਮਲਾ ਤਿਆਰ ਕਰ ਛੱਡਿਆ ਸੀ। ਇਨ੍ਹਾਂ ਫੂਲਾਂ ਦਾ ਰੰਗ ਇਕ ਸਿਹਤ ਵਾਲੇ ਇਨਸਾਨ ਦੀ ਗੁਲਾਬੀ ਭਾਹ ਮਾਰਦੇ ਚਮੜੇ ਵਰਗਾ ਸੀ। ਡਾਕਟਰ ਨੇ ਉਸ ਨੂੰ ਹੁਕਮ ਦਿੱਤਾ ਕਿ ਬੈਠ ਕੇ ਇਨ੍ਹਾਂ ਗੁਲਾਬ ਦੇ ਫੁੱਲਾਂ ਨੂੰ ਦੇਖਦੀ ਰਹੇ ਤੇ ਸੁੰਦਰਤਾ ਨੂੰ ਆਪਣੀਆਂ ਅੱਖਾਂ ਰਾਹੀਂ ਮਨ ਅੰਦਰ ਖਿਚਦੀ ਰਹੇ ਤੇ ਉਨ੍ਹਾਂ ਦੀ ਸੰਪੂਰਣਤਾ ਵੱਲ ਪੂਰਾ ਪੂਰਾ ਧਿਆਨ ਦੇਵੇ। ਉਸ ਦੇ ਮਨ ਨੂੰ ਇਲਾਜ ਕਰਾਉਣ ਵਾਸਤੇ ਚੰਗੇਰੀ ਅਵਸਥਾ ਵਿਚ ਲਿਆਉਣ ਲਈ ਉਸ ਨੇ ਰੋਗੀ ਨੂੰ ਅੱਧਾ ਘੰਟਾ ਫੁੱਲਾ ਵੱਲ ਦੇਖਣ ਲਈ ਕਿਹਾ ਨਾਲ ਹੀ ਉਸ ਨੇ ਇਹ ਵੀ ਕਹਿ ਦਿੱਤਾ ਕਿ ਮੈਂ ਤੁਹਾਡੀਆਂ ਤੱਕਲੀਫਾਂ ਦਾ ਹਾਲ ਸੁਣਨਾ ਨਹੀਂ ਚਾਹੁੰਦਾ ਕਿਉਂਕਿ ਮਾਨਸਿਕ ਡਾਕਟਰ ਦਾ ਧਿਆਨ ਉਸ ਇਨਸਾਨ ਵੱਲ ਰਹਿਣਾ ਚਾਹੀਦਾ ਹੈ ਜਿਹੜਾ ਰੱਬ ਨੇ ਬਣਾਇਆ ਹੈ ਤੇ ਜੋ ਸੰਪੂਰਣ ਹੈ, ਭਰਪੂਰ ਹੈ, ਬਹਾਦਰ ਹੈ, ਰਿਸ਼ਟ ਪੁਸ਼ਟ ਹੈ ਤੇ ਚੰਗੀ ਸਿਹਤ ਵਾਲਾ ਹੈ। ਜੇ ਉਹ ਇਸ ਤਰ੍ਹਾਂ ਨਾ ਕਰੇ ਤਾਂ ਉਹ ਕਿਸੇ ਦੀ ਵੀ ਮਦਦ ਨਹੀਂ ਕਰ ਸਕਦਾ। ਉਸ ਨੇ ਬੀਮਾਰ ਨੂੰ ਹਦਾਇਤ ਕਰ ਦਿੱਤੀ ਕਿ ਉਹ ਵੀ ਇਸੇ ਤਰ੍ਹਾਂ ਦੇ ਖ਼ਿਆਲ ਆਪਣੇ ਮਨ ਵਿਚ ਲਿਆਵੇ ਤੇ ਆਪਣੇ ਮਨ ਵਿਚ ਕਿਸੇ ਬੀਮਾਰੀ, ਕਮਜ਼ੋਰੀ ਜਾਂ ਊਣਤਾਈ ਦੇ ਖਿਆਲਾਂ ਨੂੰ ਵਸਾਉਣ ਦੀ ਥਾਂ ਉਸ ਆਦਰਸ਼ ਨੂੰ ਵਸਾਏ ਜਿਹੜਾ ਕਾਦਰ ਨੇ ਉਸ ਲਈ ਮਿਥਿਆ ਸੀ।

ਬੀਮਾਰ ਤੀਵੀਂ ਨੇ ਇਨ੍ਹਾਂ ਹਦਾਇਤਾਂ ਤੇ ਅਮਲ ਕੀਤਾ ਤੇ ਸਿਹਤ ਦੇ ਤਾਕਤਵਰ ਖ਼ਿਆਲ ਦੇ ਅਸਰ ਹੇਠਾਂ ਸਿਹਤ ਦੇ ਆਦਰਸ਼ ਦੀ ਦ੍ਰਿੜਤਾ ਦੇ ਕਾਰਣ

ਉਸ ਦੀ ਗਿਲਟੀ ਹੌਲੀ ਹੌਲੀ ਰਾਜ਼ੀ ਹੁੰਦੀ ਹੁੰਦੀ ਬਿਲਕੁਲ ਹਟ ਗਈ ਤੇ ਉਹਦੀਆਂ ਸਾਰੀਆਂ ਤੱਕਲੀਫਾਂ ਜਾਂਦੀਆਂ ਰਹੀਆਂ।

ਇਸ ਤਰ੍ਹਾਂ ਦੇ ਇਲਾਜ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਰੀਰ ਕੇਵਲ ਖਿਆਲ਼ਾਂ ਦਾ ਸਥੂਲ ਰੂਪ ਹੈ। ਜਦੋਂ ਖ਼ਿਆਲ ਬਦਲ ਜਾਂਦਾ ਹੈ ਤਾਂ ਸਰੀਰ ਦਾ ਬਦਲਣਾ ਵੀ ਜ਼ਰੂਰੀ ਹੋ ਜਾਂਦਾ ਹੈ। ਆਪਣੇ ਆਪੇ, ਆਪਣੀ ਯੋਗਤਾ, ਆਪਣੇ ਕਰਤੱਵ ਦੇ ਸੰਪੂਰਣ, ਭਰਪੂਰ, ਸਰਬੋਤਮ ਤੇ ਸ਼ਾਨਦਾਰ ਵਿਚਾਰਾਂ ਦਾ ਚਿੱਤਰ ਸਿਮਰਨ ਹੌਲੀ ਹੌਲੀ ਸਾਡੇ ਜੀਵਨ ਵਿਚ ਇਨਕਲਾਬ ਲੈ ਆਵੇਗਾ।

ਉਹ ਜ਼ਮਾਨਾਂ ਛੇਤੀ ਹੀ ਆਉਣ ਵਾਲਾ ਹੈ ਜਦੋਂ ਕਿ ਬੀਮਾਰੀ ਤੇ ਕਮਜ਼ੋਰੀ ਦਾ ਘਰਾਂ ਵਿਚ ਨਾਂ ਵੀ ਨਹੀ ਲਿਆ ਜਾਵੇਗਾ, ਜਦੋਂ ਸਾਰੀਆਂ ਸਰੀਰਕ ਬੀਮਾਰੀਆਂ ਤੇ ਕਮਜ਼ੋਰੀਆਂ ਬਿਲਕੁਲ ਰੱਦ ਕੀਤੀਆਂ ਜਾਣਗੀਆਂ, ਜਦੋਂ ਬੱਚਿਆਂ ਦੇ ਦਿਲਾਂ ਵਿਚ ਬੀਮਾਰੀ ਦੇ ਖ਼ਿਆਲ ਭਰੇ ਰਹਿਣ ਦੇ ਥਾਂ ਇਹ ਹਾਲਤ ਹੋ ਜਾਵੇਗੀ ਕਿ ਉਨ੍ਹਾਂ ਦੀ ਜ਼ਿੰਦਗੀ ਸਿਹਤ, ਪੂਰਣਤਾ, ਸਰੀਰਕ ਤੇ ਮਾਨਸਿਕ ਸ਼ਕਤੀ, ਸ਼ੋਭਾ, ਖ਼ੂਬਸੂਰਤੀ ਤੇ ਆਸ਼ਾਵਾਦ ਨਾਲ ਭਰਪੂਰ ਹੋ ਜਾਵੇਗੀ। ਜਦੋਂ ਘਰਾਂ ਵਿਚ ਬੀਮਾਰੀ, ਕਮਜ਼ੋਰੀ ਤੇ ਨਿਰਉਤਸਾਹਤਾ ਦੇ ਪੁਰਾਣੇ ਖਿਆਲਾਂ ਦੀ ਥਾਂ ਖ਼ੁਸ਼ੀ, ਪਰਫੁਲਤਾ ਤੇ ਸ਼ਾਦਮਾਨੀ ਡੇਰਾ ਲਾਵੇਗੀ।

ਆਉਣ ਵਾਲੇ ਯੁੱਗ ਵਿਚ ਸਾਡੀ ਜ਼ਿੰਦਗੀ ਦਾ ਉਦੇਸ਼ ਤੰਦਰੁਸਤੀ ਦਾ ਉਹ ਆਦਰਸ਼ ਹੋਵੇਗਾ ਜਿਹੜਾ ਸਾਡੇ ਕਾਦਰ ਦਾ ਮੰਤਵ ਸਾਨੂੰ ਬਣਾਉਣ ਦਾ ਹੈ, ਕਿਉਂਕਿ ਅਸੀਂ ਆਪਣੇ ਆਪੇ ਸਬੰਧੀ ਠੀਕ ਖ਼ਿਆਲ ਆਪਣੇ ਸਾਹਮਣੇ ਰਖਾਂਗੇ। ਕੇਵਲ ਦੁਖਾਂ ਪੀੜਾਂ ਦਾ ਬੰਦ ਕਰਨਾ ਜਾਂ ਬੀਮਾਰੀ ਨੂੰ ਦੂਰ ਕਰਨਾ ਕਾਫ਼ੀ ਨਹੀਂ ਹੈ, ਤੇ ਨਾ ਹੀ ਕੇਵਲ ਰਾਜ਼ੀ ਖ਼ੁਸ਼ੀ ਹੋਣਾ ਸਿਹਤ ਦੇ ਅਸਲੀ ਆਦਰਸ਼ ਨੂੰ ਹਾਸਲ ਕਰਨਾ ਹੈ। ਕਾਦਰ ਨੇ ਮਨੁੱਖ ਨੂੰ ਕਿਸੇ ਉਚੇਰੀ ਕਿਸਮ ਦੀ ਸਿਹਤ ਲਈ ਵਿਉਂਤਿਆ ਸੀ।

ਜਿਹੜੇ ਚਸ਼ਮੇ ਵਿਚੋਂ ਉਮਲ ਉਮਲ ਕੇ ਪਾਣੀ ਬਾਹਰ ਨਿਕਲਦਾ ਹੈ ਉਹ ਚਸ਼ਮਾ ਆਪਣੇ ਹੇਠਾਂ ਵਾਲੀ ਵਾਦੀ ਨੂੰ ਹਰਾ ਭਰਾ ਬਣਾ ਸਕਦਾ ਹੈ। ਅੱਧਾ ਭਰਿਆ ਹੋਇਆ ਜਾਂ ਕੇਵਲ ਭਰਿਆ ਹੋਇਆ ਚਸ਼ਮਾ ਕੁਝ ਕੰਮ ਨਹੀਂ ਕਰਦਾ। ਇਸੇ ਤਰ੍ਹਾਂ ਉਹ ਸਿਹਤ ਹੀ ਕਿਸੇ ਗਿਣਤੀ ਦੇ ਲਾਇਕ ਹੈ ਜਿਹੜੀ ਸਾਡੇ ਅੰਗ ਅੰਗ ਤੇ ਰਗ ਰਗ ਵਿਚੋਂ ਫੁੱਟ ਫੁੱਟ ਕੇ ਨਿਕਲੇ। ਇਹੋ ਜੇਹੀ ਸਿਹਤ ਵਾਲੀ ਜ਼ਿੰਦਗੀ ਬਤੀਤ ਕਰਨ ਨਾਲ ਖੁਸ਼ੀ ਹਾਸਲ ਹੁੰਦੀ ਹੈ।

ਜੇ ਤੁਸੀਂ ਆਪਣੇ ਸੁਭਾ ਨੂੰ ਸਿਹਤ ਦੇ ਚਿਤਵੇ ਆਦਰਸ਼ ਨਾਲ ਪਕਿਆਉਂਦੇ ਹੋ, ਜੇ ਤੁਸੀਂ ਖ਼ਿਆਲ ਵੀ ਸਿਹਤ ਦਾ ਕਰਦੇ ਹੋ, ਸੁਪਨੇ ਵੀ ਸਿਹਤ ਦੇ ਹੀ ਦੇਖਦੇ ਹੋ, ਗੱਲਾਂ ਵੀ ਸਿਹਤ ਦੀਆਂ ਹੀ ਕਰਦੇ ਹੋ, ਜੇ ਤੁਸੀਂ ਭਰੋਸਾ ਰੱਖਦੇ ਹੋ ਕਿ ਤੁਸਾਂ ਤੰਦਰੁਸਤ ਤੇ ਤਾਕਤਵਰ ਬਣਨਾ ਹੈ ਕਿਉਂਕਿ ਇਹ ਤੁਹਾਡਾ ਪੈਦਾਇਸ਼ੀ ਹੱਕ ਹੈ ਤਾਂ ਤੁਹਾਡੀ ਮਿਕਨਾਤੀਸੀ ਖਿਚ ਨਾਲ ਹੋਰ ਲੋਕ ਵੀ ਤੰਦਰੁਸਤ ਹੋ ਜਾਣਗੇ ਤੇ ਤੁਸੀਂ ਉਸ ਦੇਵੀ ਮਨ ਦੀਆਂ ਸ਼ਕਤੀਆਂ ਦਾ ਉਹ ਜੀਉਂਦਾ ਜਾਗਦਾ ਚਿੱਤਰ ਬਣ ਜਾਉਗੇ ਜਿਹੜਾ ਰੋਗਾਂ ਬੀਮਾਰੀਆਂ ਵੱਲ ਧਿਆਨ ਹੀ ਨਹੀਂ ਦੇਂਦਾ।

ਕਾਂਡ ੧

ਆਪੇ ਨੂੰ ਕਿਵੇਂ ਖੋਜੀਏ ?

ਰਾਲਫ ਵਾਲਡੋ ਐਮਰਸਨ ਦੇ ਸ਼ਬਦਾਂ ਵਿਚ, 'ਬਹੁਤ ਘਟ ਮਨੁੱਖ ਮਰਨ ਤੋਂ ਪਹਿਲਾਂ ਆਪਣੀ ਵਾਸਤਵਿਕਤਾ ਜਾਣ ਸਕਦੇ ਹਨ।'

ਮਨੁੱਖ ਦੇ ਠਿਗਣੇ ਜੇਹੇ ਆਕਾਰ ਵਿਚ ਜੇਹੋ ਜੇਹਾ ਕਿ ਤੁਸੀਂ ਆਪਣੇ ਆਪ ਨੂੰ ਅਨੁਭਵ ਕਰ ਰਹੇ ਹੋ ਜਿਹੜੀ ਅਤਿ ਜ਼ਰੂਰੀ ਵਸਤ ਹੈ ਉਹ ਹੈ ਵਡੇਰਾ ਤੇ ਮਹਾਨ ਮਨੁੱਖ।

ਕਹਿੰਦੇ ਨੇ ਕਿ ਜਦੋਂ ਰੱਬ ਮਨੁੱਖ ਨੂੰ ਖੋਜ ਦੇ ਲੰਮੇ ਜੀਵਨ-ਸਫਰ ਲਈ ਸਾਜ ਸਮਾਨ ਨਾਲ ਲੈਸ ਕਰ ਰਿਹਾ ਸੀ ਤਾਂ ਕੋਲ ਖਲੋਤਾ ਇਕ ਨੇਕ ਫਰਿਸ਼ਤਾ ਸੰਤੋਖ ਤੇ ਪੂਰਨ ਤ੍ਰਿਪਤੀ ਦਾ ਢੋਆ ਉਹਨੂੰ ਪੇਸ਼ ਕਰਨ ਲੱਗਾ। ਸ੍ਰਿਸ਼ਟੀ ਦੇ ਰਚਣਹਾਰ ਨੇ ਉਹਦਾ ਹੱਥ ਰੋਕ ਲਿਆ ਤੇ ਕਿਹਾ, 'ਨਹੀਂ ਇਹ ਨਾ ਦਿਉ ਜੇ ਇਹ ਵੀ ਤੁਸੀਂ ਇਨਸਾਨ ਨੂੰ ਦੇ ਦਿਉਗੇ ਤਾਂ ਤੁਸੀਂ ਇਸ ਦੀ ਆਪਾ ਪਛਾਣਨ ਜਾਂ ਸ੍ਵੈ-ਭਾਲ ਦੀ ਸਾਰੀ ਖੁਸ਼ੀ ਸਦਾ ਲਈ ਖੋਹ ਲਵੋਗੇ।'

ਜੀਵਨ ਵਿਚ ਸਾਰਿਆਂ ਤੋਂ ਵਧੇਰਾ ਕਦਰ ਯੋਗ ਵੇਲਾ ਆਪਣੇ ਆਪ ਨੂੰ ਪਛਾਣਨ ਦਾ ਵੇਲਾ ਹੈ। ਇਹ ਉਹ ਵੇਲਾ ਹੈ ਜਦੋਂ ਮਨੁੱਖ ਨੂੰ ਆਪਣੀਆਂ ਰੱਬੀ ਤਾਕਤਾਂ ਦੀ ਪਹਿਲੀ ਚਮਕਦੀ ਝਲਕ ਦਿਖਾਈ ਦਿੰਦੀ ਹੈ। ਇਹ ਉਹ ਵਕਤ ਹੈ ਜਿਹੜਾ ਮਨੁੱਖ ਦੇ ਮਹਾਨ ਅੰਦਰਲੇ ਦਾ ਦਰਵਾਜ਼ਾ ਖੋਲ ਕੇ ਉਸ ਦੀਆਂ ਰੱਬੀ ਸੰਭਾਵਨਾਵਾਂ ਨੂੰ ਪਰਗਟ ਕਰ ਵਿਖਾਉਂਦਾ ਹੈ। ਜੀਵਨ ਦੀ ਸਾਰਿਆਂ ਤੋਂ ਵੱਡੀ

ਘਟਨਾ ਉਹ ਹੈ ਜਿਹੜੀ ਮਨੁੱਖ ਦੇ ਮਨ ਅੰਦਰ ਰੱਬੀ ਤਾਕਤ ਨੂੰ ਜਗਾਉਣ ਤੇ ਵਾਪਰਦੀ।

ਇਕ ਵਾਰੀ ਨਿਊਯਾਰਕ ਦੇ ਇਕ ਸ਼ਾਮ ਦੇ ਸਕੂਲ ਦੀ ਮੁੱਖ-ਅਧਿਆਪਕਾ ਨੇ ਆਪਣੇ ਇਕ ਮੁਲਾਕਾਤੀ ਨੂੰ ਦੱਸਿਆ ਕਿ ਕਿਵੇਂ ਉਹਨੇ 'ਆਪਣੇ ਆਪ' ਨੂੰ ਲੱਭਿਆ ਸੀ। ਉਸ ਨੇ ਕਿਹਾ 'ਜਦ ਮੈਂ ਮਹਿਸੂਸ ਕੀਤਾ ਕਿ ਸੰਸਾਰ ਵਿਚ ਮੇਰੀ ਹੋਂਦ ਦੀ ਜ਼ਰੂਰਤ ਹੈ ਤਾਂ ਮੈਨੂੰ ਇਹ ਸਮਝ ਆਈ ਕਿ ਮੇਰੇ ਸਰੀਰ ਵਿਚ ਇਕ ਆਤਮਾ ਦਾ ਹੋਣਾ ਜ਼ਰੂਰੀ ਹੈ ਤੇ ਉਹ ਅਜੇਹੀ ਵਸਤ ਹੈ ਜਿਹੜੀ ਮੇਰੇ ਨਾਲੋਂ ਵੱਡੀ ਹੈ ਤੇ ਜਿਸ ਦਾ ਗਿਆਨ ਹੋਰਾਂ ਤੱਕ ਪੁਚਾਉਣਾ ਮੇਰੇ ਲਈ ਜ਼ਰੂਰੀ ਹੈ। ਮੈਨੂੰ ਸਦਾ ਇਹ ਵਿਸ਼ਵਾਸ ਰਿਹਾ ਹੈ ਕਿ ਸਕੂਲ ਇਕ ਅਜੇਹਾ ਖੇਤਰ ਹੈ ਜਿਸ ਦੀ ਕਦਰ ਨੂੰ ਲੋਕ ਹੁਣ ਤੱਕ ਨਹੀਂ ਸਮਝੇ। ਸੰਸਾਰ ਵੀ ਆਪਣੇ ਆਪ ਵਿਚ ਇਕ ਸਕੂਲ ਹੀ ਹੈ ਇਸ ਲਈ ਸਕੂਲ ਤੇ ਸੰਸਾਰ ਵਿਚ ਏਕਤਾ ਦੇ ਬਹੁਤੇ ਸਬੰਧ ਹਨ।

ਇਹ ਮੁੱਖ-ਅਧਿਆਪਕਾ ਆਪਣੇ ਕੰਮ ਵਿਚ ਅਤੀਅੰਤ ਸਫਲ ਹੈ। ਇਸਦੀ ਸਫਲਤਾ ਦਾ ਕਾਰਣ ਇਹ ਹੈ ਕਿ ਸ਼ੁਰੂ ਜੀਵਨ ਵਿਚ ਹੀ ਉਸ ਨੇ ਆਪਣੇ ਆਪੇ ਤੋਂ ਵੱਡੀ ਇਕ ਚੀਜ਼ ਲੱਭ ਲਈ ਸੀ ਅਤੇ ਮਹਿਸੂਸ ਕੀਤਾ ਸੀ ਕਿ ਉਹ ਚੀਜ਼ ਜ਼ਰੂਰੀ ਦੇਣੀ ਚਾਹੀਦੀ ਹੈ। ਭਾਵੇਂ ਉਹਦੀ ਸਿੱਖਿਆ ਇਕ ਸਾਧਾਰਨ ਸਮਾਜਿਕ ਲੜਕੀ ਵਾਂਙ ਹੋਈ ਸੀ ਪਰ ਅਧਿਆਪਕਾ ਦਾ ਕੰਮ ਸੰਭਾਲਣ ਦੀ ਤੀਬਰ ਇੱਛਾ ਉਸ ਦੇ ਅੰਦਰੋਂ ਅਜੇਹੀ ਉੱਠੀ ਕਿ ਦਬਾਈ ਨਾ ਜਾ ਸਕੀ। ਵਿਦਿਆ ਦੇਣ ਨਾਲ ਉਸ ਨੇ ਆਪਣੇ ਆਪੇ ਅੰਦਰੋਂ ਨਾ ਹੀ ਕੇਵਲ ਇਸਤਰੀ ਜਾਤੀ ਦਾ ਮਹੱਤਵ ਲੱਭ ਲਿਆ ਹੈ ਸਗੋਂ ਉਹ ਹਜ਼ਾਰਾ ਹੋਰ ਲੜਕੀਆਂ ਤੇ ਤੀਵੀਆਂ ਦੀ ਆਪਣੇ ਅੰਦਰੋਂ ਉਹੋ ਮਹੱਤਵ ਲੱਭਣ ਵਿਚ ਸਹਾਇਤਾ ਕਰ ਰਹੀ ਹੈ। ਸੰਸਾਰ ਵਿਚ ਅਤਿ ਮੁਸ਼ਕਲ ਗੱਲਾਂ ਵਿਚੋਂ ਇਕ ਇਹ ਹੈ ਕਿ ਲੋਕਾਂ ਦੇ ਮਨਾਂ ਅੰਦਰ ਉਨ੍ਹਾਂ ਦੀਆਂ ਲੁਕੀਆਂ ਹੋਈਆਂ ਤਾਕਤਾਂ ਦੀ ਮਹਾਨਤਾ ਦਾ ਗਿਆਨ ਕਿਵੇਂ ਦਿਵਾਇਆ ਜਾਵੇ ਕਿ ਉਹ ਆਪਣੇ ਵਡੱਪਣ ਤੇ

ਆਪਣੀਆਂ ਸੰਭਾਵਨਾਵਾਂ ਦੀ ਹੋਂਦ ਤੇ ਵਿਸ਼ਵਾਸ ਲਿਆਉਣ, ਕਿਉਂਕਿ ਇਹ ਲੋਕ ਆਪਣੇ ਆਪੇ ਦੇ ਕੇਵਲ ਇਕ ਭਾਗ ਨੂੰ ਹੀ ਦੇਖਦੇ ਹਨ ਤੇ ਉਨ੍ਹਾਂ ਦੇ ਸਾਹਮਣੇ ਮਨੁੱਖੀ ਆਪੇ ਦਾ ਕੇਵਲ ਇਕ ਅੰਗ ਹੀ ਹੁੰਦਾ ਹੈ।

ਪ੍ਰੋਫੈਸਰ ਵਿਲਿਅਮ ਜੇਮਜ਼ ਦਾ ਕਥਨ ਹੈ ਕਿ 'ਹਰ ਮਨੁੱਖ ਦੇ ਅੰਦਰ ਅਜੇਹੇ ਵਸੀਲੇ ਹਨ ਜਿਨ੍ਹਾਂ ਦਾ ਉਸ ਨੂੰ ਕਦੇ ਖ਼ਿਆਲ ਜਾਂ ਸੁਫਨਾ ਵੀ ਨਹੀਂ ਆਇਆ ਹੋਣਾ। ਜੇ ਅਸੀਂ ਆਪਣੇ ਆਪੇ ਨੂੰ ਆਤਮਕ ਐਕਸਰੇ ਨਾਲ ਦੇਖ ਸਕੀਏ ਤਾਂ ਸਾਡੇ ਵਿਚੋਂ ਬਹੁਤ ਸਾਰੇ ਲੋਕ ਆਪਣੇ ਮਹਾਨ ਅੰਤਰ ਵਿਚ ਉਹ ਤਾਕਤਾਂ ਵੇਖਣਗੇ ਜਿਹੜੀਆਂ ਹਾਲੀ ਪੁੰਗਰੀਆਂ ਵੀ ਨਹੀਂ। ਮੇਰੇ ਖ਼ਿਆਲ ਵਿਚ ਕੋਈ ਵੀ ਜਿਉਂਦੀ ਹਸਤੀ ਅਜੇਹੀ ਨਹੀਂ ਜਿਸ ਨੂੰ ਆਪਣੇ ਅੰਦਰ ਦੀਆਂ ਸਾਰੀਆਂ ਸ਼ਕਤੀਆਂ ਦਾ ਪੂਰਾ ਨਜ਼ਾਰਾ, ਜਾਂ ਆਪਣੀਆਂ ਸੰਭਾਵਨਾਵਾਂ ਦੀ ਰਤੀ ਜਿੰਨੀ ਝਲਕ ਦੇਖ ਕੇ ਅਚੰਭਾ ਨਾ ਹੋਵੇ। ਇਸ ਰੱਬੀ ਨਜ਼ਾਰੇ ਨੂੰ ਵੇਖ ਕੇ ਉਹ ਕੂਕ ਉਠੇਗਾ— 'ਇਹ ਅਸਚਰਜ ਸਫਲਤਾ ਦੇ ਗੁਣ ਕਿਸੇ ਹੋਰ ਮਨੁੱਖ ਦੇ ਸਬੰਧ ਵਿਚ ਹੋਣਗੇ ਜਿਸ ਨੇ ਆਦਰਸ਼ਕ ਕੰਮ ਕਰ ਕੇ ਉਚੇਚਾ ਬੜਾ ਮਾਣ ਪ੍ਰਾਪਤ ਕਰ ਲਿਆ ਹੋਵੇਗਾ। ਮੇਰੇ ਜੇਹੇ ਗੁਮਨਾਮ ਮਨੁੱਖ ਵਿਚ ਇਹ ਗੁਣ ਕਿਵੇਂ ਹੋ ਸਕਦੇ ਹਨ ?'

ਵੱਡੇ ਤੇ ਉੱਚੇ ਸ਼ਾਹਬਲੂਤ ਦੇ ਦਰਖਤ ਦੀਆਂ ਸਾਰੀਆਂ ਸ਼ਕਤੀਆਂ ਤੇ ਸੰਭਾਵਨਾਵਾਂ ਇਕ ਛੋਟੇ ਜੇਹੇ ਬੀਜ ਅੰਦਰ ਲਪੇਟੀਆਂ ਪਈਆਂ ਹਨ, ਤੇ ਅਨੁਸਾਰੀ ਹਾਲਾਤ ਵਿਚ ਉਹ ਸ਼ਕਤੀਆਂ ਤੇ ਸੰਭਾਵਨਾਵਾਂ ਇਕ ਪੂਰਣ ਬ੍ਰਿਛ ਦੇ ਰੂਪ ਵਿਚ ਪਰਗਟ ਹੋ ਸਕਦੀਆਂ ਹਨ ਯਾ ਹੋ ਜਾਂਦੀਆਂ ਹਨ। ਜਦੋਂ ਅਸੀਂ ਸ਼ਾਹਬਲੂਤ ਦੇ ਬੂਟੇ ਨੂੰ ਇਕ ਝਾੜੀ ਦੀ ਸ਼ਕਲ ਵਿਚ ਵੇਖਦੇ ਹਾਂ ਜਿਹੜਾ ਇਕ ਪੂਰਣ ਬੀਜ ਤੋਂ ਪੈਦਾ ਹੋਇਆ ਹੈ ਤਾਂ ਅਸੀਂ ਜਾਣ ਲੈਂਦੇ ਹਾਂ ਕਿ ਵਿਰੋਧੀ ਹਾਲਤ ਕਰਕੇ ਉਹ ਦਰੱਖਤ ਛੋਟੇ ਕੱਦ ਦਾ ਰਹਿ ਗਿਆ ਹੈ ਤੇ ਬੀਜ ਵਿਚ ਜੋ ਵੀ ਸੰਭਾਵਨਾਵਾਂ ਲੁਕੀਆਂ ਪਈਆਂ ਸਨ ਉਨ੍ਹਾਂ ਦਾ ਬਹੁਤ ਘੱਟ ਹਿੱਸਾ ਸਾਕਾਰ ਰੂਪ ਵਿਚ ਆਇਆ ਹੈ। ਛੋਟੇ ਜੇਹੇ ਕੱਦ ਦਾ

ਝਾੜੀ ਵਰਗਾ ਦਰਖਤ ਬੀਜ ਅੰਦਰ ਲੁਕੀਆਂ ਹੋਈਆਂ ਅਣਗਿਣਤ ਸੰਭਾਵਨਾਵਾਂ ਦਾ ਕੇਵਲ ਸਾਧਾਰਨ ਜੇਹਾ ਰੂਪ ਪਰਗਟ ਕਰਦਾ ਹੈ।

ਇਹੋ ਗੱਲ ਦੁਨੀਆ ਵਿਚ ਪੈਦਾ ਹੋਣ ਵਾਲੇ ਹਰ ਇਕ ਬੱਚੇ ਸਬੰਧੀ ਠੀਕ ਹੈ। ਸਾਰੀਆਂ ਲੁਕੀਆਂ ਹੋਈਆਂ ਤਾਕਤਾਂ ਤੇ ਸੰਭਾਵਨਾਵਾਂ, ਜਿਹੜੀਆਂ ਮਨੁੱਖੀ ਬੀਜ ਵਿਚ ਬੰਦ ਪਈਆਂ ਹਨ, ਉਹ ਹਾਲਾਤ ਠੀਕ ਹੋਣ ਤੇ ਪੂਰਣ ਮਨੁੱਖ ਜਾਂ ਇਸਤਰੀ ਦੀ ਸ਼ਕਲ ਵਿਚ ਖ਼ੂਬ ਵਧ ਫੁੱਲ ਸਕਦੀਆਂ ਹਨ।

ਕੁਦਰਤ ਆਪਣੇ ਸਾਰੇ ਕਾਰਵਿਹਾਰ ਵਿਚ ਇਸੇ ਗੱਲ ਦੇ ਪਿੱਛੇ ਲੱਗੀ ਹੋਈ ਹੈ ਕਿ ਅਜੇਹਾ ਪੂਰਣ ਤੇ ਆਦਰਸ਼ਕ ਨਮੂਨਾ ਪੈਦਾ ਕਰੇ ਜਿਹੜਾ ਬੀਜ ਅੰਦਰ ਲੁਕਿਆਂ ਹੋਈਆਂ ਸੰਭਾਵਨਾਵਾਂ ਦੀ ਹੱਦ ਤੱਕ ਪੁੱਜ ਸਕਦਾ ਹੋਵੇ। ਕੁਦਰਤ ਝਾੜੀ ਵਰਗੇ ਦਰਖਤ ਪੈਦਾ ਕਰਨਾ ਨਹੀਂ ਚਾਹੁੰਦੀ ਨਾ ਹੀ ਇਹ ਚਾਹੁੰਦੀ ਹੈ ਕਿ ਸੁੱਕੇ ਸੜੇ ਕਣਕ ਦੇ ਦਾਣੇ ਪੈਦਾ ਕਰੇ ਜਿਹੜੇ ਭੈੜੀ ਧਰਤੀ, ਸੋਕੇ ਜਾਂ ਵਿਰੋਧੀ ਹਾਲਾਤ ਕਰਕੇ ਖਰਾਬ ਹੋ ਗਏ ਹੋਣ। ਕੁਦਰਤ ਦੀ ਇੱਛਾ ਤਾਂ ਇਹ ਹੈ ਕਿ ਪੂਰਣ ਕਣਕ ਪੈਦਾ ਹੋਵੇ ਜਿਹੜੀ ਬੀਜ ਦੇ ਅੰਦਰ ਲੁਕੀਆਂ ਹੋਈਆਂ ਸੰਭਾਵਨਾਵਾਂ ਨੂੰ ਪਰਗਟ ਕਰੇ। ਸਾਰਿਆਂ ਤੋਂ ਵਧ ਕੇ ਉਹਦੀ ਇੱਛਾ ਇਹ ਹੈ ਕਿ ਮਨੁੱਖ ਦੀ ਬੀਜ ਪੂਰਣ ਮਨੁੱਖ ਪੈਦਾ ਕਰੇ ਇਹ ਨਹੀਂ ਕਿ ਸ਼ਾਹਬਲੂਤ ਦੀ ਅਧੂਰੀ ਝਾੜੀ ਯਾ ਸੁੱਕੇ ਸੜੇ ਕਣਕ ਦੇ ਦਾਣਿਆਂ ਵਰਗਾ ਮਨੁੱਖ ਪੈਦਾ ਹੋਵੇ। ਜੋ ਕੁਝ ਤੁਸੀਂ ਅਜ ਹੋ ਉਹ ਉਸ ਹੋਣੀਆਂ ਭਰਪੂਰ ਸੰਪੂਰਣ ਤੇ ਆਦਰਸ਼ਕ ਮਨੁੱਖ ਦਾ ਹਜ਼ਾਰਵਾਂ ਹਿੱਸਾ ਵੀ ਨਹੀਂ ਜਿਸ ਨੂੰ ਕਾਦਰ ਨੇ ਤੁਹਾਡੇ ਜੀਵਨ ਦੇ ਬੀਜ ਵਿਚ ਲੁਕਾ ਕੇ ਰਖਿਆ ਹੈ।

ਕਦੇ ਕਦਾਈਂ ਹੀ ਪੂਰੀ ਤਰ੍ਹਾਂ ਵਿਗਸਿਆ ਹੋਇਆ ਮਨੁੱਖੀ ਸ਼ਾਹਬਲੂਤ ਸਾਨੂੰ ਨਜ਼ਰੀਂ ਪੈਂਦਾ ਹੈ ਜਿਸ ਦੇ ਵਿਚ ਬੀਜ ਦੀਆਂ ਸਾਰੀਆਂ ਸੰਭਾਵਨਾਵਾਂ ਸਥੂਲ ਰੂਪ ਵਿਚ ਪਰਗਟ ਹੋਈਆਂ ਹੋਣ। ਸਕਰਾਤ, ਗੋਲਡਸਟੋਨ, ਲਿੰਕਨ ਵਰਗੇ ਮਹਾਂ ਪੁਰਸ਼ ਕਦੇ ਕਦੇ ਹੀ ਸੰਸਾਰ ਵਿਚ ਪੈਦਾ ਹੁੰਦੇ ਹਨ। ਸਾਡੇ

ਵਿਚੋਂ ਸਾਰੇ ਮਨੁੱਖ ਸ਼ਾਹਬਲੂਤ ਦੀ ਛੋਟੇ ਕੱਦ ਵਾਲੀ ਉਸ ਝਾੜੀ ਵਾਂਙ ਠਿਗਣੇ ਮਨੁੱਖ ਹਨ ਜਿਨ੍ਹਾਂ ਵਿਚ ਮਨੁੱਖੀ ਬੀਜ ਦੀਆਂ ਸੰਭਾਵਨਾਵਾਂ ਘੱਟ ਤੋਂ ਘੱਟ ਮਾਤਰਾ ਵਿਚ ਪਰਗਟ ਹੋਈਆਂ ਹਨ, ਪਰ ਮੈਨੂੰ ਯਕੀਨ ਹੈ ਕਿ ਸਮਾਂ ਆਵੇਗਾ ਜਦੋਂ ਕਿ ਸਾਧਾਰਨ ਮਨੁੱਖ ਵਰਤਮਾਨ ਤੇ ਭੂਤਕਾਲ ਦੇ ਮਨੁੱਖ ਨਾਲੋਂ ਵਧੇਰਾ ਆਦਰਸ਼ਕ ਹੋਵੇਗਾ।

ਤੁਸੀਂ ਜੋ ਕੁਝ ਬਣ ਸਕਦੇ ਹੋ, ਜੋ ਕੁਝ ਕਰਨ ਦੇ ਲਾਇਕ ਹੋ, ਇਹੋ ਹੀ ਤੁਹਾਡੇ ਜੀਵਨ ਦੀ ਸਭ ਤੋਂ ਵੱਡੀ ਪੂੰਜੀ ਹੈ ਜਿਹੜਾ ਕੰਮ ਤੁਸੀਂ ਕਰ ਰਹੇ ਹੋ ਸ਼ਾਇਦ ਉਸ ਕੰਮ ਦੇ ਮੁਕਾਬਲੇ ਵਿਚ ਪਹਾੜ ਤੇ ਰਾਈ ਜਿੰਨਾਂ ਫਰਕ ਰੱਖਦਾ ਹੋਵੇ ਜਿਹੜਾ ਤੁਸੀਂ ਕਰਨ ਦੇ ਯੋਗ ਹੋ। ਜਿਹੜਾ ਕੰਮ ਤੁਸੀਂ ਕਰ ਚੁਕੇ ਹੋ ਉਹ ਨਹੀਂ ਸਗੋਂ ਉਹ ਕੰਮ ਕਿਸੇ ਗਿਣਤੀ ਵਿਚ ਆਉਣ ਲਾਇਕ ਹੈ ਜਿਸ ਦੇ ਕਰਨ ਦੀ ਤੁਹਾਡੇ ਅੰਦਰ ਤੜਪ ਹੈ ਤੇ ਜਿਸ ਦੇ ਕਰ ਲੈਣ ਦੀ ਲਿਆਕਤ ਤੁਸੀਂ ਆਪਣੇ ਅੰਦਰ ਪਰਤੀਤ ਕਰਦੇ ਹੋ। ਸ਼ਰਤ ਇੰਨੀ ਹੈ ਕਿ ਤੁਸੀਂ ਆਪਣੇ ਖਿਆਲੀ ਆਦਰਸ਼ ਨੂੰ ਅਸਲ ਰੂਪ ਵਿਚ ਲਿਆਉਣ ਦੀ ਕੋਸ਼ਿਸ਼ ਕਰਦੇ ਰਹੋ।

ਹੋ ਸਕਦਾ ਹੈ ਕਿ ਇਸ ਵੇਲੇ ਤੱਕ ਤੁਸੀਂ ਆਪਣੇ ਵਧਣ ਫੁਲਣ ਵਿਚ ਬਹੁਤ ਹੱਦ ਤੱਕ ਅਧੂਰੇ ਤੇ ਊਣੇ ਊਣੇ ਤੇ ਬਹੁਤ ਕਿਸਮ ਦੀਆਂ ਰੁਕਾਵਟਾਂ ਤੁਹਾਡੇ ਆਪੇ ਨੂੰ ਪੂਰੇ ਆਕਾਰ ਵਿਚ ਆਉਣ ਤੇ ਵਧਣ ਫੁਲਣ ਦੇ ਰਾਹ ਦਾ ਰੋੜਾ ਬਣੀਆਂ ਹੋਣ ਪਰ ਉਹ ਸ਼ਾਨਦਾਰ ਚੀਜ਼, ਜਿਹੜੀ ਤੁਹਾਡੇ ਲਈ ਸੰਭਵ ਹੈ ਤੇ ਜਿਹੜੀ ਚੀਜ਼ ਨੂੰ ਪੂਰਣ ਰੂਪ ਵਿਚ ਲਿਆਉਣ ਲਈ ਕਾਦਰ ਨੇ ਤੁਹਾਨੂੰ ਏਥੇ ਭੇਜਿਆ ਹੈ ਆਪਣੇ ਅਮਲਾਂ ਨਾਲ ਉਸ ਚੀਜ਼ ਨੂੰ ਰੂਪਮਾਨ ਕਰਨ ਲਈ ਤੁਹਾਨੂੰ ਕੋਸ਼ਿਸ਼ ਕਰਦਿਆਂ ਰਹਿਣਾ ਚਾਹੀਦਾ ਹੈ। ਜਿਹੜੀ ਮਹਾਨ ਮਨੁੱਖਤਾ ਰੱਬ ਨੇ ਜੀਵ ਮਾਤਰ ਦੇ ਮਨ ਅੰਦਰ ਲਪੇਟ ਕੇ ਰਖੀ ਸੀ, ਉਸ ਨੂੰ ਜ਼ਾਹਿਰ ਕਰਨ ਲਈ ਤੁਹਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਨੁੱਖ ਦੇ ਠਿਗਣੇ ਜੇਹੇ ਆਕਾਰ ਵਿਚ ਜੇਹੋ ਜੇਹਾ ਕਿ ਤੁਸੀਂ ਇਸ ਨੂੰ

ਅਨੁਭਵ ਕਰ ਰਹੇ ਹੋ, ਜਿਹੜੀ ਅਤਿ ਜ਼ਰੂਰੀ ਵਸਤੂ ਹੈ ਉਹ ਹੈ 'ਵਡੇਰਾ ਤੇ ਮਹਾਨ ਮਨੁੱਖ।"

ਤੁਹਾਡੇ ਮਹਾਨ ਅੰਦਰ ਵਿਚ ਉਹ ਵੱਡੀਆਂ ਵੱਡੀਆਂ ਤਾਕਤਾਂ ਮੌਜੂਦ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਤੁਸੀਂ ਕਦੇ ਬਾਹਰ ਨਹੀਂ ਕੱਢਿਆ। ਕੌਣ ਦਸ ਸਕਦਾ ਹੈ ਕਿ ਕਿਹੋ ਜੇਹੀਆਂ ਅਣਲਿਖੀਆਂ ਪੁਸਤਕਾਂ ਤੁਹਾਡੇ ਮਨ ਦੇ ਅਣਲੱਭੇ ਖ਼ਜ਼ਾਨਿਆਂ ਅੰਦਰ ਮੌਜੂਦ ਹਨ ਜਿਹੜੀਆਂ ਦੁਨੀਆ ਨੂੰ ਹਿੰਮਤ ਤੇ ਹੌਂਸਲੇ ਨਾਲ ਭਰ ਸਕਦੀਆਂ ਹਨ ਜਾਂ ਸੋਚਾਂ ਵਿਚ ਪਾ ਸਕਦੀਆਂ ਹਨ। ਸ਼ਾਇਦ ਤੁਹਾਡੇ ਅੰਦਰ ਉਹ ਸੁੰਦਰਤਾ ਮੌਜੂਦ ਹੈ ਜਿਸ ਦੀ ਹਾਲਾਂ ਬਿਰਧੀ ਨਹੀਂ ਹੋਈ ਤੇ ਜਿਹੜੀ ਪਰਗਟ ਹੋਣ ਦੀ ਉਡੀਕ ਵਿਚ ਤੁਹਾਡੇ ਅੰਦਰ ਬੰਦ ਪਈ ਹੈ। ਜੇ ਉਹ ਪਰਗਟ ਹੋ ਜਾਵੇ ਤਾਂ ਉਸ ਨੂੰ ਵੇਖ ਕੇ ਲੋਕ ਅਸਚਰਜ ਰਹਿ ਜਾਣ। ਤੁਹਾਡੇ ਅੰਦਰ ਕਿਹੋ ਜੇਹੇ ਰਾਗਾਂ ਦੇ ਤਰਾਨੇ ਤੇ ਸੁਰੀਲੀਆਂ ਕਵਿਤਾਵਾਂ ਚੁਪਚਾਪ ਦਬੀਆਂ ਪਈਆਂ ਹਨ। ਕਿਹੋ ਜੇਹੀ ਲਿਆਕਤ, ਕਿਹੋ ਜੇਹੀ ਦੂਜਿਆਂ ਦੀ ਸਹਾਇਤਾ ਕਰਨ ਦੀ ਸ਼ਕਤੀ, ਕਿਹੋ ਜੇਹੀਆਂ ਰੱਬੀ ਹਦਾਇਤਾਂ ਤੇ ਕਿਹੋ ਜੇਹੇ ਜੁਰਅਤ ਦੇ ਜ਼ਖੀਰੇ ਤੁਹਾਡੇ ਅੰਦਰ ਲੁਕੇ ਪਏ ਹਨ।

ਤੁਹਾਨੂੰ ਸ਼ਾਇਦ ਅਜੇਹੀਆਂ ਸੰਭਾਵਨਾਵਾਂ ਦੇ ਹੋਣ ਤੇ ਸ਼ੁਬ੍ਹਾ ਹੋਵੇ ਪਰ ਅਸਲੀ ਗੱਲ ਇਹ ਹੈ ਕਿ ਤੁਹਾਨੂੰ ਉਨ੍ਹਾਂ ਦਾ ਗਿਆਨ ਹੀ ਨਹੀਂ ਹੈ। ਬਹੁਤ ਸਾਰੇ ਲੋਕ ਅਜੇਹੇ ਹੋ ਚੁਕੇ ਹਨ ਜਿਹੜੇ ਪੰਜਾਹ ਸਾਲ ਦੀ ਉਮਰ ਤੱਕ ਬਿਨਾਂ ਸਮਝੇ ਮਹਾਨ ਸੰਭਾਵਨਾਵਾਂ ਦੇ ਹੋਣੀਆਂ ਦੇ ਬੀਜ ਆਪਣੇ ਅੰਦਰ ਬੰਦ ਚੁੱਕੀ ਫਿਰਦੇ ਰਹੇ ਤੇ ਉਨ੍ਹਾਂ ਨੂੰ ਕਦੇ ਉਨ੍ਹਾਂ ਦੀ ਹੋਂਦ ਦਾ ਖ਼ਿਆਲ ਤੱਕ ਵੀ ਨਾ ਹੋਇਆ। ਕੋਲੰਬਸ ਨੇ ਜਦੋਂ ਪੱਛਮੀ ਦੁਨੀਆ ਨੂੰ ਲੱਭਿਆ ਤਾਂ ਉਥੋਂ ਦੇ ਅਸਲੀ ਵਸਨੀਕਾਂ ਨੂੰ ਉਸ ਦੇਸ਼ ਦੇ ਵਸੀਲਿਆਂ ਦਾ ਜ਼ਰਾ ਜਿੰਨਾਂ ਵੀ ਪਤਾ ਨਹੀਂ ਸੀ ਪਰ ਉਹ ਵਸੀਲੇ ਮੌਜੂਦ ਜ਼ਰੂਰ ਸਨ। ਠੀਕ ਇਸੇ ਤਰ੍ਹਾਂ ਬੇਸ਼ੁਮਾਰ ਮਨੁੱਖ ਤੇ ਤੀਵੀਆਂ ਇਸ ਸੰਸਾਰ ਵਿਚ ਅਜੇਹੀਆਂ

ਹਨ ਜਿਨ੍ਹਾਂ ਨੂੰ ਆਪਣੀਆਂ ਸੰਭਾਵਨਾਵਾਂ ਤੋਂ ਆਪਣੇ ਵਿਚ ਲੁਕੇ ਸਫਲਤਾ ਦੇ ਸਾਧਨਾਂ ਦਾ ਕੋਈ ਗਿਆਨ ਨਹੀਂ।

ਐਮਰਸਨ ਦਾ ਕਥਨ ਹੈ- 'ਬਹੁਤ ਘਟ ਆਦਮੀ ਆਪਣੇ ਮਰਨ ਤੋਂ ਪਹਿਲਾਂ ਆਪਣੇ ਆਪੇ ਨੂੰ ਲੱਭ ਸਕਦੇ ਹਨ' ਬਹੁਤ ਹੀ ਥੋੜੇ ਆਦਮੀ ਆਪਣੇ ਆਪੇ ਦੀ ਆਪਣੇ ਅੰਦਰੋਂ ਢੂੰਡ ਭਾਲ ਕਰਦੇ ਹਨ, ਤੇ ਮਰਦੇ ਵੇਲੇ ਆਪਣੇ ਨਾਲ ਯੋਗਤਾ ਤੇ ਤਾਕਤ ਦੇ ਅਣਲੱਭ ਖ਼ਜ਼ਾਨੇ ਕਬਰ ਵਿਚ ਲੈ ਜਾਂਦੇ ਹਨ। ਬੜੀ ਭਾਰੀ ਗਿਣਤੀ ਵਿਚ ਲੋਕ ਆਪਣੇ ਹੱਥ ਦੀ, ਜ਼ਬਾਨ ਦੀ, ਜਾਂ ਦਿਮਾਗ ਦੀ, ਸੰਭਵ ਲਿਆਕਤ ਨੂੰ ਵਿਗਸਤ ਕੀਤੇ ਬਿਨਾਂ ਸੰਸਾਰ ਤੋਂ ਚਲੇ ਜਾਂਦੇ ਹਨ ਤੇ ਜਿਹੜੀਆਂ ਖਾਸ ਬਖਸ਼ਸ਼ਾਂ ਉਨ੍ਹਾਂ ਦੀ ਮਹਾਨ ਅੰਤਰ ਆਤਮਾ ਵਿਚ ਕੁਦਰਤ ਨੇ ਰੱਖੀਆਂ ਹੋਈਆਂ ਸਨ ਉਨ੍ਹਾਂ ਦਾ ਜ਼ਰਾ ਜਿੰਨਾਂ ਵੀ ਵਿਕਾਸ਼ ਨਹੀਂ ਕਰਦੇ। ਸਾਡੇ ਵਿਚੋਂ ਬਹੁਤ ਸਾਰੇ ਲੋਕ ਉਸ ਮਹਾਨ ਭੇਤ ਨੂੰ ਤੇ ਉਸ ਮੋਹਰ ਲੱਗੇ, ਸੁਨੇਹੇ ਨੂੰ, ਜਿਹੜਾ ਕਾਦਰ ਨੇ ਪੈਦਾ ਕਰਨ ਸਮੇਂ ਸਾਨੂੰ ਦਿੱਤਾ ਸੀ, ਬਿਨਾਂ ਕਿਸੇ ਵਾਧੇ ਘਾਟੇ ਦੇ ਅਣਪੜ੍ਹਿਆ ਹੀ ਕਬਰ ਵਿਚ ਨਾਲ ਲੈ ਜਾਂਦੇ ਹਨ। ਕਾਰਣ ਇਸ ਦਾ ਇਹ ਹੈ ਕਿ ਅਸਾਂ ਉਸ ਭੇਤ ਨੂੰ ਸਮਝਣ ਤੇ ਉਸ ਸੁਨੇਹੇ ਨੂੰ ਪੜਨ ਦਾ ਢੰਗ ਹੀ ਨਹੀਂ ਸਿੱਖਿਆ।

ਨੌਜਵਾਨ ਬਹੁਤ ਕਰਕੇ ਆਪਣੇ ਅਧੂਰੇ ਜਤਨਾਂ ਤੇ ਲਈ ਕਿਹਾ ਕਰਦੇ ਹਨ- 'ਜੇ ਮੈਨੂੰ ਇੰਨਾਂ ਹੀ ਅੰਦਰ ਰੂਜ਼ਵੈਲਟ, ਐਲੀਹੂਰੂਟ ਵਾਨਾ ਮੇਕਰ, ਮਾਰਸ਼ਨ ਫੀਲਡ ਜੇਹੀ ਲਿਆਕਤ ਹੈ ਜਿਸ ਕਰਕੇ ਮੈਂ ਮਸ਼ਹੂਰ ਤੇ ਸਫਲ ਹੋ ਸਕਦਾ ਹਾਂ, ਤਾਂ ਮੈਂ ਕਿਸੇ ਕਿਸਮ ਦੀ ਮਿਹਨਤ ਮਸ਼ੱਕਤ ਤੋਂ ਕਦੇ ਸੰਕੋਚ ਨਾ ਕਰਦਾ। ਭਾਵੇਂ ਉਹ ਮਿਹਨਤ ਕਰਦਿਆਂ ਕਰਦਿਆਂ ਮੈਨੂੰ ਕਿੰਨੇ ਹੀ ਸਾਲ ਕਿਉਂ ਨਾ ਲੱਗ ਜਾਂਦੇ। ਜੇ ਮੈਨੂੰ ਓੜਕ ਨੂੰ ਪ੍ਰਾਪਤ ਹੋਣ ਵਾਲੀ ਸਫਲਤਾ ਦਾ ਭਰੋਸਾ ਹੋਵੇ ਤਾਂ ਮੈਂ ਮਿਹਨਤ ਤੇ ਤੱਕਲੀਫ ਤੋਂ ਰਤੀ ਨਾ ਕਤਰਾਵਾਂ।

ਇਨ੍ਹਾਂ ਨੌਜਵਾਨਾਂ ਤੋਂ ਮੈਂ ਪੁੱਛਦਾ ਹਾਂ ਕਿ ਇਸ ਗੱਲ ਦਾ ਤੁਹਾਨੂੰ ਪਤਾ ਕਿਵੇਂ ਲੱਗਾ ਹੈ? ਤੁਹਾਨੂੰ ਕਿਵੇਂ ਯਕੀਨ ਹੋ ਜਾਂਦਾ ਹੈ ਕਿ ਇਹੋ ਜੇਹੀ ਲਿਆਕਤ ਦਾ ਕਾਫੀ ਭੰਡਾਰ ਤੁਹਾਡੇ ਅੰਦਰ ਨਹੀਂ ਹੈ ਜਿਸ ਦੀ ਤੁਸੀਂ ਇੱਛਾ ਕਰਦੇ ਹੋ? ਜੇ ਤੁਸਾਂ ਆਪਣੀ ਲਿਆਕਤ ਤੇ ਤਾਕਤ ਨੂੰ ਅਜ਼ਮਾਇਆ ਹੀ ਨਹੀਂ ਫੇਰ ਤੁਹਾਨੂੰ ਕਿਵੇਂ ਪਤਾ ਲੱਗ ਸਕਦਾ ਹੈ ਕਿ ਤੁਹਾਡੇ ਅੰਦਰ ਕੀ ਕੁਝ ਕਰਨ ਦੀ ਯੋਗਤਾ ਹੈ? ਸੰਭਵ ਹੈ ਕਿ ਤੁਹਾਡੇ ਖਿਆਲਾਂ ਤੇ ਸੁਪਨਿਆਂ ਤੋਂ ਵੀ ਵਧੇਰੀ ਯੋਗਤਾ ਤੁਹਾਡੇ ਅੰਦਰ ਸੁੱਤੀ ਪਈ ਹੋਵੇ! ਤੁਸੀਂ ਆਪਣਾ ਕੀਮਤੀ ਵਕਤ ਦੂਜਿਆਂ ਦੇ ਕਮਾਲ ਦੇ ਗੁਣ ਤੇ ਯੋਗਤਾ ਦੇ ਖਿਆਲਾਂ ਵਿਚ ਕਿਉਂ ਗੁਆਉਂਦੇ ਹੋ ? ਕਿਉਂ ਨਹੀਂ ਤੁਸੀਂ ਬੰਦ ਜੰਦਰੇ ਖੋਲ ਕੇ ਅੰਦਰ ਵੇਖਣ ਦੀ ਕੋਸ਼ਿਸ਼ ਕਰਦੇ ਕਿ ਤੁਹਾਡੇ ਕੋਲ ਕੀ ਕੁਝ ਹੈ ? ਤੇ ਕਿਉਂ ਨਹੀਂ ਉਸ ਲੁਕੀ ਹੋਈ ਯੋਗਤਾ ਨੂੰ ਉਜਾਗਰ ਕਰ ਕੇ ਪ੍ਰਫੁਲਤ ਕਰਦੇ ? ਹੋ ਸਕਦਾ ਹੈ ਕਿ ਤੁਹਾਡੇ ਅੰਦਰ ਰੂਜ਼ਵੈਲਟ ਜਾਂ ਮਾਰਸ਼ਲ ਫੀਲਡ ਦੀ ਲਿਆਕਤ ਦਾ ਕੋਈ ਅੰਸ਼ ਮੌਜੂਦ ਹੋਵੇ ਤੇ ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਮਹਾਂ ਪੁਰਖਾਂ ਪਰਸਿੱਧ ਹਸਤੀਆਂ ਤੋਂ ਵਧ ਕੇ ਤੁਹਾਡੇ ਅੰਦਰ ਯੋਗਤਾ ਹੋਵੇ ਜੋ ਪਰਗਟ ਹੋਣ ਲਈ ਤੁਹਾਡੀ ਸਹਾਇਤਾ ਦੀ ਉਡੀਕ ਕਰ ਰਹੀ ਹੋਵੇ।

ਜਦੋਂ ਸਾਨੂੰ ਪਤਾ ਹੈ ਕਿ ਅਜੇਹੇ ਆਦਮੀ ਜਿਨ੍ਹਾਂ ਨੂੰ ਅਸੀਂ ਸਫਲ ਬੰਦਿਆਂ ਦੀ ਪਦਵੀ ਦਿੰਦੇ ਹਾਂ, ਉਹ ਵੀ ਆਪਣੀ ਯੋਗਤਾ ਦੇ ਇਕ ਛੋਟੇ ਜੇਹੇ ਅੰਸ਼ ਨੂੰ ਹੀ ਵਰਤੋਂ ਵਿਚ ਲਿਆ ਰਹੇ ਹੁੰਦੇ ਹਨ- ਕਿਉਂਕਿ ਉਹ ਵੀ ਆਪਣੇ ਆਪ ਦੀ ਪੂਰਣਤਾ ਨੂੰ ਨਹੀਂ ਜਾਣ ਸਕੇ- ਤਾਂ ਕਿਉਂ ਸਾਡੇ ਵਿਚੋਂ ਕੋਈ ਮਨੁੱਖ ਆਪਣੀਆਂ ਸੰਭਾਵਨਾਵਾਂ ਨੂੰ ਛੋਟੇ ਜੇਹੇ ਖੇਤਰ ਵਿਚ ਸੀਮਤ ਕਰ ਲਵੇ ਤੇ ਸਫਲਤਾ ਦੀ ਦੁਨੀਆ ਵਿਚ ਕੰਗਾਲ ਹੀ ਬਣਿਆ ਰਹੇ, ਜਿਥੇ ਕਿ ਉਹ ਰਾਜਕੁਮਾਰ ਬਣ ਸਕਦਾ ਹੈ ?

ਆਪਣੀ ਹੱਦ ਬੰਦੀ ਅਸੀਂ ਆਪ ਹੀ ਕਰ ਲੈਂਦੇ ਹਾਂ, ਐਮਰਸਨ ਆਪਣੇ ਮਜ਼ਮੂਨ 'ਆਤਮ ਵਿਸ਼ਵਾਸ ਵਿਚ ਇਹ ਸਚਾਈ ਸਾਨੂੰ ਇਸ ਤਰ੍ਹਾਂ

ਸਮਝਾਉਂਦਾ ਹੈ। ਉਹ ਕਹਿੰਦਾ ਹੈ... 'ਕਿਸੇ ਸ਼ਰਾਬੀ ਦੀ ਇਕ ਮਸ਼ਹੂਰ ਕਹਾਣੀ ਹੈ ਕਿ ਉਹ ਸ਼ਰਾਬ ਪੀ ਕੇ ਗਲੀ ਵਿਚ ਬਦਮਸਤ ਪਿਆ ਹੋਇਆ ਸੀ।

ਉਹਨੂੰ ਚੁੱਕ ਕੇ ਇਕ ਨਵਾਬ ਦੇ ਘਰ ਲੈ ਗਏ। ਉਥੇ ਉਸ ਨੂੰ ਨੁਹਾ ਕੇ, ਸਾਫ ਕੱਪੜੇ ਪੁਆ ਕੇ ਨਵਾਬ ਦੇ ਬਿਸਤਰੇ ਤੇ ਲਿਟਾ ਦਿੱਤਾ ਗਿਆ, ਜਦੋਂ ਉਸ ਨੂੰ ਜਾਗ ਆਈ ਤਾਂ ਸਾਰੇ ਨੌਕਰ ਚਾਕਰ ਉਹਦੇ ਨਾਲ ਇਸ ਤਰ੍ਹਾਂ ਪੇਸ਼ ਆਏ ਜਿਵੇਂ ਉਹ ਨਵਾਬ ਹੀ ਹੈ ਤੇ ਉਸ ਨੂੰ ਭਰੋਸਾ ਦਿਵਾ ਦਿਤਾ ਕਿ ਉਹ ਪਾਗਲ ਹੋ ਗਿਆ ਸੀ। ਇਹ ਕਹਾਣੀ ਇਸ ਲਈ ਮਸ਼ਹੂਰ ਹੋ ਗਈ ਹੈ ਕਿਉਂਕਿ ਇਹ ਮਨੁੱਖ ਦੀ ਅਵਸਥਾ ਦਾ ਬੜਾ ਸੋਹਣਾ ਚਿੱਤਰ ਖਿਚਦੀ ਹੈ ਜੋ ਇਸ ਦੁਨੀਆ ਵਿਚ ਸ਼ਰਾਬੀ ਵਾਂਙ ਵਿਚਰਦਾ ਹੈ ਪਰ ਕਦੇ ਕਦੇ ਹੋਸ਼ ਵਿਚ ਆਉਂਦਾ ਹੈ, ਆਪਣੀ ਅਕਲ ਨੂੰ ਵਰਤਦਾ ਹੈ, ਫੇਰ ਉਸ ਨੂੰ ਪਤਾ ਲੱਗਦਾ ਹੈ। ਕਿ ਉਹ ਤਾਂ ਅਸਲ ਵਿਚ ਰਾਜਕੁਮਾਰ ਹੈ।

ਸੰਸਾਰ ਦੇ ਬੇਸ਼ੁਮਾਰ ਅਸਫਲ ਮਨੁੱਖਾਂ ਵਿਚ ਕਾਫੀ ਤਾਕਤਾਂ ਤੇ ਕਾਫੀ ਵਸੀਲੇ ਮੌਜੂਦ ਹਨ ਜੇ ਉਨ੍ਹਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਹਿਲੂਣ ਕੇ ਜਗਾ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਸਹਾਇਤਾ ਨਾਲ ਸੰਸਾਰ ਵਿਚ ਪਰੀਵਰਤਨ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਦੀ ਸ਼ਕਤੀ ਜਗਾਉਣ ਦਾ ਅਰਥ ਇਹ ਹੈ ਕਿ ਉਨ੍ਹਾਂ ਨੂੰ ਆਪਣੇ ਆਪ ਦਾ ਵਿਸ਼ਵਾਸ ਦਿਵਾਇਆ ਜਾਏ। ਜੇ ਉਹਨਾਂ ਲੋਕਾਂ ਨੂੰ ਪਤਾ ਲੱਗ ਜਾਏ ਕਿ ਆਪਣੀ ਪਰਕਿਰਤੀ ਦੀਆਂ ਡੂੰਘਾਈਆਂ ਤੱਕ ਕਿਵੇਂ ਪੁੱਜ ਸਕੀਦਾ ਏ, ਉਥੇ ਪਏ ਗੁੱਝੇ ਖਜ਼ਾਨਿਆਂ ਤੇ ਕਿਵੇਂ ਕਬਜ਼ਾ ਕੀਤਾ ਜਾ ਸਕਦਾ ਹੈ ਤੇ ਉਹਨਾਂ ਸ਼ਕਤੀਆਂ ਨੂੰ ਕਿਵੇਂ ਜਗਾਇਆ ਜਾ ਸਕਦਾ ਹੈ ਤਾਂ ਉਹ ਬੜੇ ਬੜੇ ਮਹਾਨ ਕੰਮ ਕਰ ਦਿਖਾਉਣ।

ਸਮੱਸਿਆ ਕੇਵਲ ਇਹੋ ਹੀ ਹੈ ਕਿ ਆਪਣੇ ਮਹਾਨ ਅੰਦਰ ਵਿਚ ਲੁਕੀ ਪਈ ਸ਼ਕਤੀ ਤੱਕ ਕਿਵੇਂ ਪੁੱਜਿਆ ਜਾਵੇ ਤੇ ਕਿਵੇਂ ਉਸ ਤੋਂ ਵੱਡੇ ਤੋਂ ਵੱਡਾ ਲਾਭ ਉਠਾਉਣ ਲਈ ਉਸ ਨੂੰ ਕੰਮ ਵਿਚ ਲਿਆਂਦਾ ਜਾਵੇ ? ਸਾਡਾ ਜੀਵਨ ਸਫਲ ਹੋਵੇਗਾ

ਯਾ ਅਸਫਲ, ਇਹ ਕੇਵਲ ਇਸ ਗੱਲ ਤੇ ਨਿਰਭਰ ਹੈ ਕਿ ਅਸੀਂ ਆਪਣੇ ਵਸੀਲਿਆਂ ਨੂੰ ਕੰਮ ਵਿਚ ਲਿਆ ਕੇ ਆਪਣੀਆਂ ਸੰਭਾਵਨਾਵਾਂ ਨੂੰ ਕਿੰਨਾਂ ਕੁ ਵਧਾ ਸਕਦੇ ਹਾਂ।

ਕੁਝ ਦਿਨ ਹੋਏ ਹਨ ਮੈਂ ਇਕ ਨੌਜਵਾਨ ਨੂੰ ਉਤਸ਼ਾਹ ਦੇਣ ਦਾ ਜਤਨ ਕਰ ਰਿਹਾ ਸੀ। ਉਸ ਨੌਜਵਾਨ ਲਈ ਸਮਾਂ ਸੀ ਕਿ ਉਹ ਕਿਸੇ ਹੋਰ ਵਾਸਤੇ ਕੰਮ ਕਰ ਕੇ ਲਕੀਰ ਦਾ ਫਕੀਰ ਬਣਨ ਦੀ ਥਾਂ ਆਪਣੇ ਆਪ ਵਾਸਤੇ ਜੀਵਨ ਦਾ ਅਰੰਭ ਕਰਦਾ ਪਰ ਉਹ ਬੋਲਿਆ 'ਸ੍ਰੀਮਾਨ ਜੀ ! ਮੇਰੇ ਅੰਦਰ ਮੌਕੇ ਤੋਂ ਫਾਇਦਾ ਉਠਾਉਣ ਦੀ ਦਲੇਰੀ ਨਹੀਂ। ਮੈਂ ਸਦਾ ਦੂਜਿਆਂ ਲਈ ਹੀ ਕੰਮ ਕਰਦਾ ਰਿਹਾ ਹਾਂ। ਮੈਂ ਆਪਣੇ ਲਈ ਕਦੇ ਵੀ ਪ੍ਰੋਗਰਾਮ ਨਹੀਂ ਬਣਾਇਆ ਤੇ ਨਾ ਹੀ ਕਦੇ ਮੈਂ ਆਪਣੀ ਜ਼ਿੰਮੇਵਾਰੀ ਤੇ ਕੰਮ ਕਰਨਾ ਸ਼ੁਰੂ ਕੀਤਾ ਹੈ। ਮੈਂ ਕੋਸ਼ਿਸ਼ ਕਰਨ ਦੀ ਜੁਅਰਤ ਵੀ ਕਦੇ ਨਹੀਂ ਕੀਤੀ, ਕਿਉਂਕਿ ਮੈਨੂੰ ਡਰ ਹੈ ਕਿ ਮੈਂ ਕਿਤੇ ਅਸਫਲ ਹੀ ਨਾ ਹੋ ਜਾਵਾਂ।

ਇਹ ਨੌਜਵਾਨ ਆਦਮੀ ਆਪਣੇ ਸਾਧਨਾਂ ਵਿਚੋਂ ਅੱਧਿਆਂ ਨੂੰ ਵੀ ਕਾਬੂ ਵਿਚ ਨਹੀਂ ਲਿਆ ਸਕੇਗਾ ਕਿਉਂਕਿ ਇਸ ਨੂੰ ਆਪਣੇ ਆਪ ਉਪਰ ਵਿਸ਼ਵਾਸ ਕਰਨ, ਲਕੀਰ ਨੂੰ ਛਡ ਕੇ ਨਵੇਂ ਰਾਹ ਤੇ ਚਲਣ, ਤੇ ਪਰਖ ਕਰਨ ਤੋਂ ਡਰ ਲੱਗਦਾ ਹੈ। ਜਦੋਂ ਤੱਕ ਅਸੀਂ ਅਜ਼ਮਾ ਨਹੀਂ ਲੈਂਦੇ ਸਾਨੂੰ ਆਪਣੀ ਲਿਆਕਤ ਦਾ ਉਸ ਵੇਲੇ ਤੱਕ ਪਤਾ ਹੀ ਨਹੀਂ ਲੱਗਦਾ ਤੇ ਅਣਵਰਤੀਆਂ ਸ਼ਕਤੀਆਂ ਨਾਂ ਕਦੇ ਰਸਦੀਆਂ ਹਨ ਅਤੇ ਨਾ ਹੀ ਤੱਕੜੀਆਂ ਹੁੰਦੀਆਂ ਹਨ।

ਹਰ ਥਾਂ ਸਾਨੂੰ ਭੁੱਖੀਆਂ ਤੇ ਠਠੰਬਰੀਆਂ ਹੋਈਆਂ ਜਿੰਦਾਂ ਦਿਸਦੀਆਂ ਹਨ। ਇਹ ਉਹ ਮਨੁੱਖ ਹਨ ਜਿਨਾਂ ਦੇ ਜੀਵਨ ਅਧੂਰੇ ਤੇ ਅਪੂਰਣ ਪਏ ਹਨ, ਜਿਹੜੇ ਆਪਣੇ ਆਪੇ ਦੇ ਕੇਵਲ ਇਕ ਅੰਗ ਨੂੰ ਹੀ ਜਾਣ ਸਕੇ ਹਨ ਤੇ ਇਉਂ ਮੰਨੋ ਉਨ੍ਹਾਂ ਨੇ ਆਪਣੀਆਂ ਸੰਭਾਵਨਾਵਾਂ ਦੇ ਵਿਸ਼ਾਲ ਉਜਾੜ ਦਾ ਕਿਤੇ ਕਿਤੇ ਕੋਈ ਟੁਕੜਾ ਸਾਫ਼ ਕਰ ਕੇ ਵਰਤੋਂ ਵਿਚ ਲਿਆਂਦਾ ਹੈ। ਉਨ੍ਹਾਂ ਨੂੰ ਆਪਣੀ ਜੱਦੀ ਮਹਾਨਤਾ ਤੇ ਵਿਸ਼ਵਾਸ ਹੀ ਨਹੀਂ ਆ ਸਕਿਆ। ਉਹ ਸਮਝ ਹੀ ਨਹੀਂ ਸਕੇ ਕਿ ਇਸ ਸੰਸਾਰ ਵਿਚ

ਉਹ ਕੋਈ ਖਾਸ ਕੰਮ ਕਰਨ ਲਈ ਪੈਦਾ ਹੋਏ ਹਨ ਤੇ ਉਸ ਖਾਸ ਕੰਮ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਤਾਕਤ ਦੇ ਹਰ ਭਾਗ ਦੀ ਲੋੜ ਹੈ ਜਿਸ ਨੂੰ ਉਹ ਪ੍ਰਫੁਲਤ ਕਰ ਸਕਦੇ ਹਨ।

ਜੀਵਨ ਨੂੰ ਸ਼ੁਰੂ ਕਰਦੇ ਵੇਲੇ ਸਾਧਾਰਨ ਜੇਹੇ ਨੌਜਵਾਨ ਪਾਸ ਕੋਈ ਅਜੇਹਾ ਵਸੀਲਾ ਨਹੀਂ ਹੁੰਦਾ ਜਿਸ ਨਾਲ ਉਹ ਆਪਣੀ ਅੰਦਰਲੀ ਸਾਰੀ ਪੂੰਜੀ ਦਾ ਪਤਾ ਕਰ ਸਕੇ। ਸਾਡਾ ਵਿਦਿਆ ਦਾ ਢੰਗ ਅਜੇਹਾ ਨਹੀਂ ਜਿਹੜਾ ਉਸ ਨੂੰ ਆਪਣੀਆਂ ਸੰਭਾਵਨਾਵਾਂ ਲੱਭਣ ਵਿਚ ਸਹਾਈ ਹੋ ਸਕੇ। ਉਸ ਨੂੰ ਕੇਵਲ ਉਨ੍ਹਾਂ ਸੰਭਾਵਨਾਵਾਂ ਦਾ ਹੀ ਪਤਾ ਲੱਗਦਾ ਹੈ ਜਿਹੜੀਆਂ ਉਪਰ ਹੀ ਹੁੰਦੀਆਂ ਹਨ ਜਾਂ ਪਰਤੱਖ ਦਿਸ ਰਹੀਆਂ ਹੁੰਦੀਆਂ ਹਨ। ਜੇ ਉਸ ਨੂੰ ਇਹ ਸਿੱਖਿਆ ਹੀ ਨਹੀਂ ਮਿਲਦੀ ਕਿ ਸਤਹ ਤੋਂ ਹੇਠਾਂ ਡੂੰਘਾਈ ਵਿਚ ਮੌਜੂਦ ਸ਼ਕਤੀਆਂ ਦਾ ਕਿਵੇਂ ਪਤਾ ਕਰੀਦਾ ਏ ? ਜੇ ਆਪਣੇ ਯੋਗ ਆਲੇ ਦੁਆਲੇ ਵਿਚ ਹੀ ਨਹੀਂ ਪੁਜਦਾ, ਜੇ ਉਹ ਆਪਣੇ ਅੰਦਰ ਬਿਰਾਜਮਾਨ ਰੱਬੀ ਸ਼ਕਤੀ ਨੂੰ ਕੱਢ ਕੇ ਨਹੀਂ ਵਰਤਦਾ ਤਾਂ ਇਹ ਹੋ ਸਕਦਾ ਹੈ ਕਿ ਉਹ ਆਪਣੇ 'ਅੰਦਰਲੇ ਮਨੁੱਖ' ਨੂੰ ਉਸ ਮਹਾਨਤਾ ਤੱਕ ਨਾ ਪੁਜਾ ਸਕੇ ਜਿਥੋਂ ਤੱਕ ਉਹਦਾ ਪੁੱਜਣਾ ਸੰਭਵ ਹੈ।

ਆਪਣੇ ਆਪੇ ਨੂੰ ਲੱਭ ਲੈਣਾ ਆਪਣੇ ਅੰਦਰ ਲੁਕੀ ਸਚਾਈ ਨੂੰ ਲੱਭ ਲੈਣ ਦਾ ਦੂਜਾ ਨਾਉਂ ਹੈ ਤੇ ਇਸ ਕੰਮ ਵਿਚ ਨਵਾਂ ਫਲਸਫ਼ਾ ਸਾਡੀ ਸਹਾਇਤਾ ਕਰਦਾ ਹੈ। ਜਦੋਂ ਨਵਾਂ ਖ਼ਿਆਲ ਜਾ ਕਿਰਸਚੀਅਨ ਸਾਇੰਸ ਦੀ ਜਾਗ ਸਾਡੀ ਚੇਤਨਤਾ ਨੂੰ ਲੱਗ ਜਾਂਦੀ ਹੈ ਤਾਂ ਇਹ ਇਕ ਮਹਾਨ ਪ੍ਰਕਾਸ਼ ਦਾ ਕੰਮ ਦਿੰਦੀ ਹੈ, ਕਿਉਂਕਿ ਇਹ ਸਾਡੇ ਅੰਦਰ ਬਿਰਾਜਮਾਨ ਰੱਬ ਨਾਲ ਸਾਡੀ ਜਾਣ ਪਛਾਣ ਕਰਾਉਂਦੀ ਹੈ ਤੇ ਸਾਨੂੰ ਮੁੜ ਕੇ ਜੀਵਨ ਦੇ ਅਸਲ ਸੋਮੇ ਵੱਲ ਲੈ ਜਾਂਦੀ ਹੈ, ਅਨੰਤ ਜੀਵਨ ਨਾਲ ਤੇ ਕਾਇਨਾਤ ਦੇ ਮਹਾਨ ਕੇਂਦਰ ਨਾਲ ਜੋੜ ਦਿੰਦੀ ਹੈ। ਇਹ ਨਵਾਂ ਫਲਸਫਾ ਬੇਅੰਤ ਤਾਕਤ ਦੀ ਜ਼ਬਰਦਸਤ ਲਹਿਰ ਨਾਲ ਸਾਡਾ ਸਬੰਧ ਇਸ ਤਰ੍ਹਾਂ ਜੋੜ ਦਿੰਦਾ ਹੈ

ਜਿਵੇਂ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਨੂੰ ਬਿਜਲੀ ਦੀ ਤਾਰ ਨਾਲ ਮਿਲਾਉਣ ਵਾਲਾ ਡੰਡਾ। ਜਦੋਂ ਅਸੀਂ ਇਸ ਅਵਸਥਾ ਤੇ ਪੁੱਜ ਜਾਂਦੇ ਹਾਂ ਤਾਂ ਸਾਡੇ ਜੀਵਨ ਦੇ ਸਾਰੇ ਸਵਾਲ ਸੁਖਾਲੇ ਹੋ ਜਾਂਦੇ ਹਨ ਕਿਉਂਕਿ ਆਪਣੇ ਜੀਵਨ ਦੀ ਗੱਡੀ ਸਾਨੂੰ ਆਪ ਹੀ ਨਹੀਂ ਧੱਕਣੀ ਪੈਂਦੀ ਸਗੋਂ ਇਹ ਕੰਮ ਇਕ ਬੇਅੰਤ ਤਾਕਤ ਕਰਨ ਲੱਗ ਪੈਂਦੀ ਹੈ।

ਬਹੁਤ ਸਾਰੇ ਲੋਕ ਆਪਣੇ ਆਪੇ ਤੋਂ ਕੇਵਲ ਉਸੇ ਵੇਲੇ ਵਾਕਫ ਹੋ ਸਕੇ ਹਨ ਜਦੋਂ ਉਨ੍ਹਾਂ ਦਾ ਸਬੰਧ ਇਸ ਨਵੇਂ ਫਲਸਫੇ ਨਾਲ ਹੋਇਆ ਅਰਥਾਤ ਉਸ ਵੇਲੇ ਤੱਕ ਉਨ੍ਹਾਂ ਨੂੰ ਆਪਣੇ ਆਪ ਦੇ ਸਭ ਤੋਂ ਚੰਗੇ ਹਿੱਸੇ ਦਾ ਪਤਾ ਹੀ ਨਾ ਲੱਗਾ। ਇਸ ਤੋਂ ਪਹਿਲਾਂ ਆਪਣੀਆਂ ਬਲਵਾਨ ਸ਼ਕਤੀਆਂ ਦੀ ਥਾਂ ਉਹ ਕੇਵਲ ਆਪਣੀਆਂ ਕਮਜ਼ੋਰ ਸ਼ਕਤੀਆਂ ਦੀ ਸਹਾਇਤਾ ਨਾਲ ਹੀ ਆਪਣੀ ਰੋਜ਼ੀ ਪ੍ਰਾਪਤ ਕਰਦੇ ਰਹੇ। ਉਨ੍ਹਾਂ ਦਾ ਹਾਲ ਅਜੇਹੇ ਮਨੁੱਖਾਂ ਵਰਗਾ ਰਿਹਾ ਹੈ ਜਿਹੜੇ ਆਪਣੀ ਲੰਮੀ ਚੌੜੀ ਜਗੀਰ ਦੇ ਇਕ ਖੂੰਜੇ ਬੈਠ ਕੇ ਕੰਗਾਲਾਂ ਵਰਗਾ ਜੀਵਨ ਬਤੀਤ ਕਰਦੇ ਰਹੇ ਹੋਣ ਤੇ ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਨਾ ਹੋਇਆ ਹੋਵੇ ਕਿ ਇਸ ਜਗੀਰ ਵਿਚ ਬੇਅੰਤ ਅਣਲੱਭੀ ਮਾਇਆ ਦੇ ਭੰਡਾਰ ਭਰੇ ਪਏ ਹਨ।

ਇਸ ਨਵੇਂ ਫਲਸਫੇ ਦੇ ਖੇਤਰ ਵਿਚ ਮਾਨਸਿਕ ਵਿਕਾਸ਼ ਦੀਆਂ ਸੰਭਾਵਨਾਵਾਂ, ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਮਾਨਸਿਕ ਸ਼ਕਤੀਆਂ ਦੀ ਤੀਖਣਤਾ, ਲਿਆਕਤ ਦੀ ਪਰਫੁਲਤਾ ਵਧਾਉਣ ਜਾਂ ਦੂਜੇ ਸ਼ਬਦਾਂ ਵਿਚ ਆਪਣੇ ਆਪ ਨੂੰ ਪਛਾਣਨ ਦੀਆਂ ਸੰਭਾਵਨਾਵਾਂ ਇੰਨੀਆਂ ਜ਼ਿਆਦਾ ਹਨ ਕਿ ਆਮ ਲੋਕ ਉਨ੍ਹਾਂ ਦੇ ਹੋਣ ਦਾ ਯਕੀਨ ਵੀ ਨਹੀਂ ਕਰ ਸਕਦੇ।

ਪੁਰਾਣੀ ਵਿਚਾਰ ਧਾਰਾ ਅਨੁਸਾਰ ਮਨੁੱਖ ਮਾਤਰ ਦੀ ਲਿਆਕਤ ਇਉਂ ਰਹਿੰਦੀ ਹੈ ਜਿਵੇਂ ਗੋਦ ਵਿਚ ਬੱਚਾ। ਸ੍ਵੈ-ਪਰਗਟਤਾ ਦਾ ਤਾਂ ਮਾਨੋ ਗਲਾ ਹੀ। ਘੁਟਿਆ ਹੋਇਆ ਹੁੰਦਾ ਹੈ। ਮਨੁੱਖ ਜਾਤੀ ਤਅੱਸਬਾਂ, ਜ਼ਾਤੀ ਵਿਸ਼ਵਾਸਾਂ, ਜ਼ਾਤੀ ਝੂਠੇ

ਵਹਿਮਾਂ, ਧਾਰਮਕ ਤੰਗ-ਦਿਲੀਆਂ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਇਸ ਦੇ ਉਲਟ ਨਵੇਂ ਫਲਸਫੇ ਵਿਚ ਆਜ਼ਾਦੀ ਹੈ ਤੇ ਸ੍ਵੈ-ਪਰਗਟਤਾ ਦਾ ਪੂਰਾ ਪੂਰਾ ਸਮਾਂ ਮਿਲਦਾ ਰਹਿੰਦਾ ਹੈ ਜਿਸ ਤੋਂ ਇਉਂ ਜਾਪਦਾ ਰਹਿੰਦਾ ਹੈ ਕਿ ਸਾਡੀਆਂ ਗੁੱਝੀਆਂ ਸ਼ਕਤੀਆਂ ਕੈਦ ਦੀ ਅਵਸਥਾ ਵਿਚੋਂ ਨਿਕਲ ਕੇ ਸੁਤੰਤਰ ਹੋ ਰਹੀਆਂ ਹਨ।

ਮੈਨੂੰ ਇਹੋ ਜੇਹੀ ਇਕ ਘਟਨਾ ਯਾਦ ਹੈ। ਇਕ ਜਵਾਨ ਨੇ ਇਸ ਨਵੇਂ ਫਲਸਫੇ ਦਾ ਅਭਿਆਸ ਅਰੰਭਿਆ। ਥੋੜੇ ਹੀ ਚਿਰ ਵਿਚ ਉਹਦੀ ਲਿਆਕਤ ਦੂਣੀ ਛੱਡ ਚੌਣੀ ਹੋ ਗਈ। ਉਹ ਜਵਾਨ ਆਪ ਹੀ ਦੱਸਦਾ ਹੈ ਕਿ ਇਸ ਤੋਂ ਪਹਿਲਾਂ ਉਹ ਪੁਰਾਣੇ ਖਿਆਲਾਂ ਤੇ ਤਅੱਸਬਾਂ ਵਿਚ ਐਨਾ ਫਸ ਚੁੱਕਾ ਸੀ, ਪੇਟੈਂਟ ਦਵਾਈਆਂ ਦਾ ਉਹ ਉਪਾਸ਼ਕ ਛੱਡ ਗੁਲਾਮ ਹੀ ਬਣ ਗਿਆ ਸੀ। ਉਹਦੇ ਪੁਰਾਣੇ ਖਿਆਲਾਂ ਕਰਕੇ ਉਹਦਾ ਮਨ ਬੰਧਨਾਂ ਵਿਚ ਜਕੜਿਆ ਗਿਆ ਸੀ। ਉਹਦੀ ਵਿਚਾਰ ਸ਼ਕਤੀ ਡਾਢੀ ਤੰਗ ਅਤੇ ਹੀਣੀ ਹੋ ਗਈ ਸੀ। ਉਹਨੂੰ ਇਉਂ ਜਾਪਦਾ ਸੀ ਕਿ ਉਹਨੂੰ ਕੋਈ ਵਿਚਾਰ ਬਣਾਉਣ ਜਾਂ ਪਰਗਟ ਕਰਨ ਦੀ ਆਜ਼ਾਦੀ ਹੀ ਨਹੀਂ ਸੀ। ਕਾਰਣ ਇਸ ਦਾ ਬਹੁਤ ਕਰਕੇ ਇਹ ਸੀ ਕਿ ਉਹ ਦੇਸ ਦੇ ਦੱਖਣੀ ਹਿੱਸੇ ਵਿਚ ਉਸ ਛੋਟੇ ਜੇਹੇ ਕਸਬੇ ਵਿਚ ਜੰਮਿਆ ਤੇ ਪਲਿਆ ਸੀ ਜਿਥੇ ਮਜ਼੍ਹਬੀ ਤਅੱਸਬ ਜ਼ੋਰਾਂ ਉੱਤੇ ਸੀ। ਇਸ ਕਸਬੇ ਦੇ ਵਸਨੀਕਾਂ ਦਾ ਇਹ ਹਾਲ ਸੀ ਕਿ ਇਕ ਖ਼ਿਆਲ ਦੇ ਅਨੁਸਾਰੀ ਮਨੁੱਖ ਦੂਜੇ ਖਿਆਲਾਂ ਦੇ ਬੰਦਿਆਂ ਨੂੰ ਕਾਫਰ ਤੇ ਝੂਠੇ ਖ਼ਿਆਲ ਕਰਦੇ ਸਨ। ਇਸ ਜਵਾਨ ਦਾ ਵੀ ਇਹ ਹਾਲ ਸੀ ਕਿ ਜਿਹੜੇ ਲੋਕ ਇਸ ਦੇ ਆਪਣੇ ਫਿਰਕੇ ਦੇ ਖ਼ਿਆਲ ਨੂੰ ਨਹੀਂ ਸੀ ਮੰਨਦੇ ਇਹ ਉਨ੍ਹਾਂ ਤੇ ਅਫਸੋਸ ਕੀਤਾ ਕਰਦਾ ਸੀ, ਕਿਉਂਕਿ ਇਹਨੂੰ ਯਕੀਨ ਸੀ ਕਿ ਉਹ ਵਿਚਾਰੇ ਸਦਾ ਲਈ ਨਰਕ ਵਿਚ ਪਏ ਰਹਿਣਗੇ। ਪਾਪਾਂ ਅਤੇ ਨਰਕਾਂ ਦੇ ਖ਼ਿਆਲ ਉਹਦੇ ਲਈ ਸਹਿਮ ਬਣੇ ਹੋਏ ਸਨ ਤੇ ਉਹ ਮੌਤ ਦੇ ਸਹਿਮ ਦਾ ਗੁਲਾਮ ਹੀ ਬਣ ਗਿਆ ਸੀ।

ਨਵੇਂ ਫਲਸਫੇ ਨੇ ਉਸ ਨੂੰ ਬਿਲਕੁਲ ਹੋਰ ਦਾ ਹੋਰ ਹੀ ਬਣਾ ਦਿੱਤਾ। ਉਸ ਦਾ ਦ੍ਰਿਸ਼ਟੀਕੋਣ ਬਿਲਕੁਲ ਬਦਲ ਗਿਆ ਤੇ ਉਹਦੇ ਅੱਗੇ ਇਕ ਨਵੀਂ ਦੁਨੀਆ ਖੁੱਲ ਗਈ। ਜਿਹੜੀਆਂ ਗੱਲਾਂ ਪਹਿਲਾਂ ਉਹਨੂੰ ਬਿਲਕੁਲ ਸੱਚੀਆਂ ਤੇ ਅਤਿ ਜ਼ਰੂਰੀ ਜਾਪਦੀਆਂ ਸਨ ਉਨ੍ਹਾਂ ਦੀ ਹੁਣ ਉਹ ਕਦਰ ਨਾ ਰਹੀ। ਹੁਣ ਉਸ ਨੂੰ ਪਤਾ ਲੱਗ ਗਿਆ ਕਿ ਕੇਵਲ ਨੇਕ ਗੱਲਾਂ ਹੀ ਅਸਲੀ ਹਨ। ਹੁਣ ਉਹ ਇਸ ਗੱਲ ਨੂੰ ਸਮਝਦਾ ਹੈ ਕਿ ਜੇ ਰੱਬ ਹੀ 'ਸਭ ਕੁਝ' ਹੈ, ਜੇ ਰੱਬ ਦੇ ਸਿਵਾ ਹੋਰ ਕੋਈ ਸ਼ਕਤੀ ਨਹੀਂ, ਜੇ ਰੱਬ ਨੇ ਹੀ ਸਭ ਕੁਝ ਬਣਾਇਆ ਹੈ, ਤਾਂ ਹਰ ਚੀਜ਼ ਦਾ ਚੰਗਾ ਹੋਣਾ ਜ਼ਰੂਰੀ ਹੈ। ਫੇਰ ਜਿਹੜੀ ਚੀਜ਼ ਚੰਗੀ ਹੈ ਉਹੋ ਹੀ ਕੁਝ ਅਸਲੀ ਹੋ ਸਕਦੀ ਹੈ।

ਜਦੋਂ ਉਸ ਨੂੰ ਇਸ ਇਕ ਅਸੂਲ ਦੀ ਸਮਝ ਆ ਗਈ ਤਾਂ ਉਹਦੇ ਦਿਮਾਗ਼ ਵਿਚ ਇਹ ਗੱਲ ਬੈਠ ਗਈ ਕਿ ਸਾਰਾ ਜੀਵਨ ਇਕੋ ਹੀ ਹੈ ਤੇ ਪਰਕਿਰਤੀ ਦੀਆਂ ਸਾਰੀਆਂ ਵਸਤਾਂ ਵਿਚ ਏਕਤਾ ਹੈ, ਤਾਂ ਜੀਵਨ ਦੇ ਸਬੰਧ ਵਿਚ ਉਹਦਾ ਦ੍ਰਿਸ਼ਟੀਕੋਣ ਬਿਲਕੁਲ ਬਦਲ ਗਿਆ। ਉਹਦੀਆਂ ਜਕੜੀਆਂ ਹੋਈਆਂ ਸ਼ਕਤੀਆਂ ਹੁਣ ਆਜ਼ਾਦ ਹੋ ਗਈਆਂ ਤੇ ਉਹਨੂੰ ਵਿਚਾਰ ਪਰਗਟ ਕਰਨ ਦੀ ਉਹ ਖੁੱਲ ਮਿਲ ਗਈ ਜਿਸ ਬਾਰੇ ਉਸ ਨੂੰ ਪਹਿਲਾਂ ਕਦੀ ਸੁਪਨੇ ਵਿਚ ਵੀ ਖ਼ਿਆਲ ਨਾ ਆਇਆ ਹੋਵੇ।

ਆਪਣੇ ਆਪੇ ਦੀ ਪਛਾਣ ਸਾਨੂੰ ਕਈ ਤਰੀਕਿਆਂ ਨਾਲ ਹੁੰਦੀ ਹੈ, 'ਘਾਲਾਂ ਮੁਸ਼ਕਲਾਂ, ਨਿਰਾਸ਼ਤਾਵਾਂ, ਅਸਫਲਤਾਈਆਂ ਤੋਂ ਵੱਡੀਆਂ ਜ਼ਿਮੇਵਾਰੀਆਂ ਰਾਹੀਂ ਬਹੁਤ ਸਾਰੇ ਲੋਕਾਂ ਨੇ ਆਪਣੇ ਆਪੇ ਨੂੰ ਲੱਭ ਲਿਆ ਹੈ। ਕਈ ਲਿਖਾਰੀਆਂ ਲਈ ਮਸ਼ਹੂਰੀ ਦਾ ਦਰਵਾਜ਼ਾ ਇਸ ਤਰ੍ਹਾਂ ਖੁੱਲਿਆ ਕਿ ਉਨ੍ਹਾਂ ਨੇ ਆਪਣੀਆਂ ਕਿਤਾਬਾਂ ਦੇ ਖਰੜੇ ਪਰਕਾਸ਼ਕਾਂ ਕੋਲ ਭੇਜੇ ਪਰ ਉਨ੍ਹਾਂ ਨੇ 'ਕੇਵਲ ਧੰਨਵਾਦ' ਕਰਦਿਆਂ ਹੋਇਆਂ ਹੀ ਉਨ੍ਹਾਂ ਨੂੰ ਮੋੜ ਦਿੱਤੇ ਤੇ ਪੁਸਤਕਾਂ ਛਾਪਣ ਤੋਂ ਨਾਂਹ ਕਰ ਦਿੱਤੀ ਜਾਂ ਉਨ੍ਹਾਂ ਤੇ ਬਹੁਤ ਕਰੜੀ ਆਲੋਚਨਾ ਕੀਤੀ। ਜੇ ਕਦੀ ਉਨ੍ਹਾਂ ਦੇ ਪਹਿਲੇ

ਖਰੜੇ ਹੀ ਪਰਵਾਨ ਕਰ ਲਏ ਜਾਂਦੇ ਜਾਂ ਉਨ੍ਹਾਂ ਦੀ ਲਿਖੀ ਪਹਿਲੀ ਕਿਤਾਬ ਦੀ ਹੀ ਤਾਰੀਫ਼ ਕਰ ਦਿੱਤੀ ਜਾਂਦੀ ਤਾਂ ਉਹੋ ਲਿਖਾਰੀ ਹੇਠਲੇ ਦਰਜੇ ਦੇ ਲਿਖਾਰੀ ਬਣਦੇ।

ਐਲਾ ਵੀਲਰ ਵਿਲਕੋਕਸ ਨੇ ਲਿਖਾਰੀਆਂ ਦਾ ਜੀਵਨ ਅਰੰਭਣ ਲਈ ਇਕ ਮਜ਼ਮੂਨ ੧੯ ਪਰਕਾਸ਼ਕਾਂ ਨੂੰ ਭੇਜਿਆ ਤਾਂ ਕਿਤੇ ਉਹ ਛਾਪਣ ਦੇ ਯੋਗ ਹੋਇਆ। ਅਜੇਹਾ ਤਜਰਬਾ ਬਹੁਤ ਸਾਰੇ ਵਿਸ਼ੇਸ਼ ਲਿਖਾਰੀਆਂ ਨੂੰ ਹੋਇਆ ਹੈ। ਜਿਨ੍ਹਾਂ ਨੇ ਔਕੜਾਂ ਨੂੰ ਟੱਪ ਟੱਪ ਕੇ ਆਪਣੀ ਵੱਡੀ ਮਹਾਨ ਹਸਤੀ ਨੂੰ ਲੱਭ ਲਿਆ ਹੈ।

ਬਾਹਜ਼ੇ ਬੰਦਿਆਂ ਦੀ ਬਣਤਰ ਹੀ ਅਜੇਹੀ ਹੁੰਦੀ ਹੈ ਕਿ ਉਨ੍ਹਾਂ ਦੀਆਂ ਮਹਾਨ ਸੰਭਾਵਨਾਵਾਂ ਉਨ੍ਹਾਂ ਅੰਦਰ ਬਹੁਤ ਡੂੰਘੀਆਂ ਲੁਕੀਆਂ ਪਈਆਂ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਪਰਗਟ ਕਰਨ ਲਈ ਕਿਸੇ ਮਹਾਨ ਪਰੀਵਰਤਨ, ਕਿਸੇ ਮਹਾਨ ਜੀਵਨ ਜਾਂ ਕਿਸੇ ਕੌਮੀ ਸੰਕਟ ਦੀ ਲੋੜ ਹੁੰਦੀ ਹੈ। ਕੋਈ ਸਾਧਾਰਨ ਜੇਹੀ ਘਟਨਾ ਜਾਂ ਤਰੱਕੀ ਦਾ ਸੁਖਾਲਾ ਸਾਧਨ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਹਰਕਤ ਵਿਚ ਨਹੀਂ ਲਿਆ ਸਕਦਾ। ਉਨ੍ਹਾਂ ਸੰਭਾਵਨਾਵਾਂ ਨੂੰ ਖੋਜ ਕੱਢਣ ਲਈ ਉਨ੍ਹਾਂ ਨੂੰ ਕੇਂਦਰ ਤੱਕ ਹਿਲਾ ਦੇਣ ਵਾਲੇ ਕਿਸੇ ਹਲੂਣੇ ਦੀ ਅਤੇ ਉਹਨਾਂ ਪਾਸੋਂ ਹਰ ਇਕ ਆਸਰਾ ਖੋਹ ਲੈਣ ਦੀ ਲੋੜ ਹੁੰਦੀ ਹੈ। ਉਨ੍ਹਾਂ ਲਈ ਇਸ ਗੱਲ ਨੂੰ ਮਹਿਸੂਸ ਕਰਨ ਦੀ ਜ਼ਰੂਰਤ ਹੁੰਦੀ ਹੈ ਕਿ ਉਹਨਾਂ ਨੂੰ ਆਪਣੀ ਅੰਦਰਲੀ ਉਪਜਾਊ ਸ਼ਕਤੀ ਦੇ ਸਿਵਾ ਹੋਰ ਕੋਈ ਚੀਜ਼ ਸਹਾਰਾ ਦੇਣ ਵਾਲੀ ਨਹੀਂ ਰਹੀ। ਇਥੋਂ ਤੱਕ ਕਿ ਉਹ ਆਪਣੇ ਪੈਦਾ ਕਰਨ ਵਾਲੇ ਰੱਬ ਤੋਂ ਵੀ ਨਿਰਾਸ ਹੋ ਜਾਣ। ਜਦੋਂ ਤੱਕ ਕੋਈ ਵੱਡੀ ਤੋਂ ਵੱਡੀ ਜ਼ਰੂਰਤ ਉਨ੍ਹਾਂ ਦੇ ਮਹਾਨ ਅੰਦਰਲੇ ਤੇ ਆਪਣਾ ਅਸਰ ਨਹੀਂ ਪਾਉਂਦੀ ਉਨ੍ਹਾਂ ਨੂੰ ਆਪਣੇ ਅੰਦਰ ਦੀਆਂ ਸੰਭਾਵਨਾਵਾਂ ਦਾ ਪਤਾ ਹੀ ਨਹੀਂ ਲੱਗਦਾ। ਇਸ ਦੇ ਉਲਟ ਬਹੁਤ ਸਾਰੀਆਂ ਦੈਵੀ ਕਾਮਯਾਬੀਆਂ ਦਾ ਮਹਿਲ ਸੜ ਕੇ ਸੁਆਹ ਹੋ ਚੁੱਕੀਆਂ ਤੱਕਦੀਰਾਂ ਅਤੇ ਦਿਸਣ ਵਿਚ ਤਬਾਹ ਹੋ ਚੁਕੀਆਂ ਆਸਾਂ ਦੀਆਂ ਨੀਹਾਂ ਉੱਤੇ ਉਸਰ ਖਲੋਂਦੇ ਹਨ।

ਸਾਨਫਰਾਂਸਿਸਕੋ ਵਿਚ ਬੜਾ ਭਾਰਾ ਭੁਚਾਲ ਆਇਆ ਤੇ ਬੜੀ ਭਿਆਨਕ ਅੱਗ ਲੱਗੀ। ਜ਼ਾਹਿਰ ਵਿਚ ਤਾਂ ਇਹ ਮੁਸੀਬਤਾਂ ਸਨ ਪਰ ਇਨ੍ਹਾਂ ਕਰਕੇ ਕਈ ਜ਼ਿੰਦਗੀਆਂ ਬਣ ਗਈਆਂ। ਹਜ਼ਾਰਾਂ ਲੋਕ ਜਿਹੜੇ ਇਸ ਵੱਡੀ ਆਫਤ ਤੋਂ ਪਹਿਲਾਂ ਕਿਸੇ ਗਿਣਤੀ ਵਿਚ ਨਹੀਂ ਸਨ ਉਨ੍ਹਾਂ ਦੀਆਂ ਅੱਖਾਂ ਖੁੱਲ ਗਈਆਂ ਤੇ ਉਨ੍ਹਾਂ ਨੂੰ ਆਪਣਾ 'ਅਸਲੀ ਆਪਾ' ਲੱਭ ਪਿਆ। ਭੁਚਾਲ ਨੇ ਜਿਥੇ ਮੀਲਾਂ ਤੱਕ ਧਰਤੀ ਵਿਚ ਪਾੜਾ ਪਾ ਦਿੱਤਾ, ਉਥੇ ਲੋਕਾਂ ਦੇ ਜੀਵਨ ਵਿਚ ਇਕ ਮਹਾਨ ਪਾੜਾ ਪਾ ਕੇ ਉਨ੍ਹਾਂ ਬੇਸ਼ੁਮਾਰ ਅਣਲੱਗੇ ਖਜ਼ਾਨਿਆਂ ਨੂੰ ਸਹਾਮਣੇ ਲਿਆ ਧਰਿਆ ਜਿਹੜੇ ਹੋਰ ਕਿਸੇ ਤਰ੍ਹਾਂ ਮਨੁੱਖੀ ਅੱਖ ਨੂੰ ਦਿਸਣੇ ਹੀ ਨਹੀਂ ਸਨ।

ਬਹੁਤ ਸਾਰੀਆਂ ਬੂਟੀਆਂ ਅਜੇਹੀਆਂ ਹੁੰਦੀਆਂ ਹਨ ਕਿ ਜਦੋਂ ਤੱਕ ਉਨ੍ਹਾਂ ਨੂੰ ਕੁੱਟਿਆ ਰਗੜਿਆ ਨਾ ਜਾਵੇ ਉਨ੍ਹਾਂ ਦੀਆਂ ਮਿੱਠੀਆਂ ਮਿੱਠੀਆਂ ਸੁੰਗਧੀਆਂ ਤੇ ਉਨ੍ਹਾਂ ਦੀਆਂ ਲਾਭਦਾਇਕ ਖਾਸੀਅਤਾਂ ਪਰਗਟ ਨਹੀਂ ਹੁੰਦੀਆਂ ਇਸੇ ਤਰ੍ਹਾਂ ਬਹੁਤ ਸਾਰੇ ਲੋਕ ਆਪਣੀ ਮਿੱਠੀ ਖਾਸੀਅਤ ਨੂੰ ਜ਼ਾਹਿਰ ਨਹੀਂ ਕਰ ਸਕਦੇ ਜਦੋਂ ਤੱਕ ਕੋਈ ਮੁਸੀਬਤ ਉਨ੍ਹਾਂ ਨੂੰ ਤੋੜ ਭੰਨ ਨਾ ਦੇਵੇ। ਉਹ ਅੱਧੀ ਜਾਂ ਅੱਧੀ ਤੋਂ ਵਧ ਉਮਰ ਬਤੀਣ ਤੱਕ ਆਪਣੇ ਅੰਦਰ ਦਬੀ ਹੋਈ ਦੌਲਤ ਤੋਂ ਅਚੇਤ ਜੀਵਨ ਬਤੀਤ ਕਰਦੇ ਰਹਿੰਦੇ ਹਨ। ਅਚਾਨਕ ਕੋਈ ਵੱਡਾ ਗ਼ਮ, ਕੋਈ ਹੇਠਲੀ ਉੱਤੇ ਕਰ ਦੇਣ ਵਾਲੀ ਮੁਸੀਬਤ, ਉਨ੍ਹਾਂ ਦੀ ਆਪੇ ਦੀ ਵਡਿਆਈ ਨੂੰ ਤੇ ਉਨ੍ਹਾਂ ਦੀ ਉਸ ਸਖ਼ਸੀਅਤ ਦੇ ਖਜ਼ਾਨੇ ਤੇ ਉਹਨਾਂ ਦੀਆਂ ਮਹਾਨ ਸ਼ਕਤੀਆਂ ਨੂੰ ਪਰਗਟ ਕਰ ਦਿੰਦੀ ਹੈ, ਜਿਨ੍ਹਾਂ ਦੀ ਮਾਲਕੀ ਸਬੰਧ ਉਨ੍ਹਾਂ ਦੇ ਚੰਗੇ ਤੋਂ ਚੰਗੇ ਮਿੱਤਰਾਂ ਨੂੰ ਵੀ ਕਦੇ ਖ਼ਿਆਲ ਨਹੀਂ ਆਇਆ ਹੁੰਦਾ।

ਅੰਜੀਲ ਵਿਚ ਇਕ 'ਜਾਬ' ਜਾਂ 'ਆਯੂਬ' ਦਾ ਕਥਨ ਆਉਂਦਾ ਹੈ। ਇਸ ਨੂੰ ਆਪਣੀ ਪੂਰੀ ਤਾਕਤ, ਆਪਣੀ ਸ਼ਾਨਦਾਰ ਹਸਤੀ ਦਾ ਪਤਾ ਉਸ ਵੇਲੇ ਲੱਗਾ ਜਦੋਂ ਉਹਦੀ ਜਾਇਦਾਦ ਤੇ ਉਹਦਾ ਹੋਰ ਸਭ ਕੁਝ ਹੱਥੋਂ ਜਾਂਦਾ ਰਿਹਾ, ਜਦੋਂ ਬੰਦੂ ਲੋਕਾਂ ਨੇ ਉਹਦੇ ਸਾਰੇ ਡੰਗਰ ਚੁਰਾ ਲਏ ਤੇ ਉਸ ਦੇ ਘਰ ਨੂੰ ਅੱਗ ਲਾ ਦਿੱਤੀ,

ਏਥੋਂ ਤੱਕ ਕਿ ਉਸ ਦੇ ਸਾਰੇ ਸਰੀਰ ਤੇ ਫੋੜੇ ਹੀ ਫੋੜੇ ਨਿਕਲ ਆਏ ਤੇ ਉਹਨੂੰ ਹਰ ਤਰ੍ਹਾਂ ਦੇ ਸਰੀਰਕ ਕਸ਼ਟਾਂ ਦਾ ਸਹਾਮਣਾ ਕਰਨਾ ਪਿਆ ਪਰ ਇਨ੍ਹਾਂ ਭਿਆਨਕ ਮੁਸੀਬਤਾਂ ਰਾਹੀਂ, ਜਿਨ੍ਹਾਂ ਨੇ ਉਸਦੇ ਆਚਰਣ ਦੀ ਪਰਖ ਕੀਤੀ, ਉਹਦੇ ਅੰਦਰ ਰੋਸ਼ਣੀ ਤੇ ਸ਼ਕਤੀ ਪੈਦਾ ਹੋਈ ਜਿਸ ਦੀ ਸਹਾਇਤਾ ਨਾਲ ਉਹ ਸ਼ਾਂਤੀ ਦੇ ਸੁਵਰਗ ਵਿਚ ਪੁੱਜ ਗਿਆ। ਉਹਨੂੰ ਅੱਗੇ ਨਾਲੋਂ ਹੋਰ ਵਧੇਰੀ ਪਦਾਰਥਕ ਸਫਲਤਾ ਅਤੇ ਉਚੇਰੀ ਮਨੁੱਖਤਾ ਪ੍ਰਾਪਤ ਹੋ ਗਈ। ਜਦੋਂ ਸ਼ੋਕ ਤੇ ਨੁਕਸਾਨ ਨੇ ਉਹਦਾ ਕਚੂਮਰ ਕੱਢ ਦਿੱਤਾ ਤੇ ਉਹਦੇ ਦੋਸਤ ਮਿੱਤਰ, ਉਹਦੇ ਨੇੜੇ ਦੇ ਅੰਗ ਸਾਕ ਵੀ ਉਸ ਤੋਂ ਅਡਰੇ ਹੋ ਗਏ। ਜਦੋਂ ਕੰਮ ਵੀ ਹਰ ਚੀਜ਼ ਉਹਦੇ ਹੱਥੋਂ ਛੁਟ ਜਾਂਦੀ ਰਹੀ ਤੇ ਉਹ ਕੇਬਲ ਰੱਬ ਉੱਤੇ ਹੀ ਭਰੋਸਾ ਕਰਨ ਲਈ ਮਜ਼ਬੂਰ ਹੋ ਗਿਆ ਤਾਂ ਕਿਤੇ ਜਾਕੇ ਉਹ ਆਪਣੇ ਸਚੇ ਆਪੇ ਨੂੰ ਜਾਣ ਸਕਿਆ।

ਅਮਰੀਕਾ ਵਿਚ ਜਦ ਖਾਨਾਜੰਗੀ ਸ਼ੁਰੂ ਹੋਈ ਤਾਂ ਉਸ ਦੇ ਹਲੂਣੇ ਨਾਲ ਅਬਰਾਹਮ ਲਿੰਕਨ ਅਤੇ ਯੂਲੀਸਿਜ਼ ਐਸ ਗਰਾਂਟ ਦੀ ਮਹਾਨਤਾ ਪਰਗਟ ਹੋਈ। ਇਸ ਗਰਾਂਟ ਦੀ ਉਮਰ ਚਾਲੀਆਂ ਵਰ੍ਹਿਆਂ ਦੀ ਹੋ ਗਈ ਸੀ ਪਰ ਉਸ ਦੇ ਆਪਣੇ ਕਬੀਲੇ ਤੋਂ ਛੁਟ ਬਾਹਰ ਉਹਨੂੰ ਕੋਈ ਜਾਣਦਾ ਵੀ ਨਹੀਂ ਸੀ। ਇੰਨੀ ਉਮਰ ਤੱਕ ਉਹ ਆਪਣੇ ਅੰਦਰ ਬੰਦ ਪਈ ਸ਼ਕਤੀ ਦਾ ਜ਼ਰਾ ਜਿੰਨਾਂ ਚਿੰਨ ਵੀ ਪਰਗਟ ਨਾ ਕਰ ਸਕਿਆ। ਕਿਸੇ ਬੰਦੇ ਨੂੰ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਕਿ ਇਸ ਦੇ ਅੰਦਰ ਕੋਈ ਕਦਰ ਯੋਗ ਗੁਣ ਹੈ। ਇੰਨੇ ਵਰ੍ਹਿਆਂ ਤੱਕ ਆਪਣੇ ਲੋਕਾਂ ਵਿਚਾਲੇ ਸੰਸਾਰ ਦਾ ਇਕ ਬਹਾਦਰ ਸਿਪਾਹੀ ਇਉਂ ਹੀ ਫਿਰਦਾ ਰਿਹਾ ਸੀ ਤੇ ਕਿਸੇ ਨੇ ਉਸ ਨੂੰ ਨਹੀਂ ਸੀ ਪਛਾਣਿਆ ਤੇ ਨਾ ਹੀ ਉਹਦੀ ਕੋਈ ਪਰਵਾਹ ਕੀਤੀ। ਅਸਲ ਵਿਚ ਉਹ ਬਹਾਦਰ ਆਦਮੀ ਇਕ ਸਾਧਾਰਨ ਜੇਹੇ ਮਨੁੱਖ ਅੰਦਰ ਲੁਕਿਆ ਪਿਆ ਸੀ ਜਿਸ ਨੇ ਆਪਣੇ ਮੁਲਕ ਨੂੰ ਬਚਾਉਣ ਲਈ ਲਿੰਕਨ ਤੋਂ ਦੂਜੇ ਦਰਜੇ ਤੇ ਹਿੱਸਾ ਲੈਣਾ ਸੀ। ਇਸ ਸਾਧਾਰਨ ਮਨੁੱਖ ਦੇ ਅੰਦਰ ਬਹੁਤ ਹੀ ਮਸ਼ਹੂਰ ਜੰਗੀ ਸੂਝ ਵਾਲਾ ਮਨੁੱਖ ਲੁਕਿਆ

ਪਿਆ ਸੀ। ਚੁਥਾਈ ਸਦੀ ਦੀਆਂ ਸਾਧਾਰਨ ਜੇਹੀਆਂ ਘਟਨਾਵਾਂ ਅਤੇ ਆਮ ਜੀਵਨ ਨੇ ਉਸ ਸ਼ਕਤੀਸ਼ਾਲੀ ਮਨੁੱਖ ਦੀ ਇਕ ਝਲਕ ਵੀ ਨਾ ਦੱਸੀ ਜਿਹੜਾ ਉਹਦੇ ਅੰਦਰ ਲੁਕਿਆ ਬੈਠਾ ਸੀ। ਉਸ ਨੂੰ ਆਪ ਵੀ ਕਦੇ ਨਹੀਂ ਸੀ ਖ਼ਿਆਲ ਆਇਆ ਕਿ ਉਹਦੇ ਅੰਦਰ ਇੰਨੀ ਵੱਡੀ ਤਾਕਤ ਲੁਕੀ ਪਈ ਹੈ। ਗਰਾਂਟ ਦੀ ਉਮਰ ਦੇ ੩੯ਵੇਂ ਸਾਲ, ਸਗੋਂ ਇਸ ਤੋਂ ਵਡੇਰੀ ਉਮਰ ਤੱਕ ਉਸ ਦਾ ਹਰ ਵਾਕਫ, ਸਗੋਂ ਗਰਾਂਟ ਆਪ ਵੀ ਇਸ ਖ਼ਿਆਲ ਤੇ ਹੱਸ ਪੈਂਦਾ ਕਿ ਉਹਦੇ ਅੰਦਰ ਵੱਡੀ ਬਗਾਵਤ ਨੂੰ ਦਬਾ ਦੇਣ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਸਮਰੱਥਾ ਹੈ। ਵੈਸਟ ਪੁਆਇੰਟ ਯੂਨੀਵਰਸਟੀ ਵਿਚੋਂ ਉਸ ਨੇ ਡਿਗਰੀ ਦਾ ਇਮਤਿਹਾਨ ਪਾਸ ਕੀਤਾ। ਜਿਹੜੇ ੩੯ ਮੁੰਡੇ ਉਦੋਂ ਪਾਸ ਹੋਏ ਸਨ ਉਨ੍ਹਾਂ ਵਿਚੋਂ ਇਸ ਦਾ ਨੰਬਰ ੨੧ਵਾਂ ਸੀ। ਬੱਤੀ ਸਾਲ ਦੀ ਉਮਰ ਤੱਕ ਉਹ ਬਿਲਕੁਲ ਸਾਧਾਰਨ ਜੇਹਾ ਮਨੁੱਖ ਸੀ ਤੇ ਇਹਨੂੰ ਆਪਣੀ ਵੱਡੀ ਕਮਜ਼ੋਰੀ ਕਰਕੇ ਫੌਜ ਦੀ ਨੌਕਰੀ ਛੱਡਣੀ ਪਈ ਸੀ। ਫੇਰ ਇਹ ਚੁੰਗੀ ਦੇ ਮਹਿਕਮੇ ਵਿਚ ਨੌਕਰ ਹੋਇਆ, ਜਾਇਦਾਦਾਂ ਵੇਚਣ ਵਿਚ ਲੱਗਾ ਰਿਹਾ। ਉਸ ਨੇ ਇਕ ਦੁਕਾਨ ਵਿਚ ਵੀ ਕੰਮ ਕੀਤਾ, ਚਮੜਾ ਰੰਗਣ ਦਾ ਕੰਮ ਵੀ ਕਰਦਾ ਰਿਹਾ ਪਰ ਇਨ੍ਹਾਂ ਸਾਰੇ ਕੰਮਾਂ ਵਿਚੋਂ ਉਹ ਅਸਫਲ ਹੀ ਰਿਹਾ। ਲੜਾਈ ਦੇ ਸਮੇਂ ਵਿਚ ਡਾਢੀ ਲੋੜ ਵੇਲੇ ਜਦੋਂ ਕੌਮ ਦੇ ਤਿੱਤਰ ਬਿੱਤਰ ਹੋ ਜਾਣ ਦਾ ਡਰ ਸੀ ਉਸ ਦੇ ਅੰਦਰਲੇ ਮਹਾਨ ਮਨੁੱਖ ਨੇ ਆਪਣੇ ਆਪ ਨੂੰ ਪਰਗਟ ਕੀਤਾ।

ਸਵਰਗਵਾਸੀ ਜਸਟਿਸ ਮਿਲਰ, ਜਿਹੜਾ ਕਈ ਸਾਲ ਤੱਕ ਅਮਰੀਕਾ ਦੀ ਸਭ ਤੋਂ ਵੱਡੀ ਅਦਾਲਤ ਦਾ ਬੜਾ ਲਾਇਕ ਜੱਜ ਖ਼ਿਆਲ ਕੀਤਾ ਜਾਂਦਾ ਰਿਹਾ ਸੀ, ਨੇ ਆਪ ਮੈਨੂੰ ਦਸਿਆ ਕਿ ੩੭ ਸਾਲ ਦੀ ਉਮਰ ਵਿਚ ਉਸ ਨੇ ਕਾਨੂੰਨ ਪੜਨਾ ਸ਼ੁਰੂ ਕੀਤਾ, ਅਰਥਾਤ ਏਡੀ ਵੱਡੀ ਉਮਰ ਤੱਕ ਉਸ ਨੇ ਆਪਣੇ ਆਪ ਨੂੰ ਲੱਭਿਆ ਹੀ ਨਹੀਂ ਸੀ ਪਰ ਇਸ ਦੇ ਪਿੱਛੋਂ ਦੋ ਸਾਲ ਦੇ ਥੋੜੇ ਜੇਹੇ ਸਮੇਂ ਵਿਚ ਉਹ ਸਭ ਤੋਂ ਵੱਡੀ ਅਦਾਲਤ ਦਾ ਜੱਜ ਬਣ ਗਿਆ।

ਕਈ ਆਦਮੀ ਪੰਜਾਹ ਵਰ੍ਹਿਆਂ ਸਗੋਂ ਸੱਠਾਂ ਵਰ੍ਹਿਆਂ ਦੇ ਵੀ ਹੋ ਜਾਂਦੇ ਹਨ ਤਦ ਕਿਤੇ ਜਾ ਕੇ ਉਨ੍ਹਾਂ ਨੂੰ ਆਪਣੇ ਇਸ ਆਪੇ ਦੀ ਸਮਝ ਆਉਂਦੀ ਹੈ, ਤਦੋਂ ਕਿਤੇ ਕੋਈ ਗੋਲ ਅਜੇਹੀ ਵਾਪਰਦੀ ਹੈ ਜਿਹੜੀ ਉਨ੍ਹਾਂ ਦੇ 'ਮਹਾਨ ਅੰਦਰ' ਦਾ ਕੋਈ ਬੰਦ ਬੂਹਾ ਖੋਲ ਦਿੰਦੀ ਹੈ ਤੇ ਉਨ੍ਹਾਂ ਨਵੀਆਂ ਤਾਕਤਾਂ, ਨਵੇਂ ਵਸੀਲਿਆਂ ਨੂੰ ਪਰਗਟ ਕਰਦੀ ਹੈ, ਜਿਨ੍ਹਾਂ ਦਾ ਉਨ੍ਹਾਂ ਨੂੰ ਪਹਿਲਾਂ ਚਿੱਤ ਚੇਤਾ ਵੀ ਨਹੀਂ ਹੁੰਦਾ। ਇਸ ਸੋਝੀ ਦੇ ਥੋੜੇ ਹੀ ਵਰ੍ਹੇ ਪਿੱਛੋਂ ਉਹ ਅਜੇਹਾ ਕੰਮ ਕਰਦੇ ਹਨ ਜਿਨ੍ਹਾਂ ਤੋਂ ਕਦੇ ਕਦੇ ਅਜਾਈਂ ਬੀਤ ਚੁੱਕੇ ਅਧੇ ਜੀਵਨ ਦਾ ਘਾਟਾ ਵੀ ਪੂਰਾ ਹੋ ਜਾਂਦਾ ਹੈ।

ਜਿਨ੍ਹਾਂ ਮਰਦਾਂ ਤੇ ਇਸਤਰੀਆਂ ਨੇ ਆਪਣੇ ਆਪ ਨੂੰ ਲੱਭ ਲਿਆ ਹੈ, ਉਨ੍ਹਾਂ ਨੂੰ ਅਸੀਂ ਉਹ ਖਾਸ ਖਾਸ ਗੱਲਾਂ ਬਿਆਨ ਕਰਦਿਆਂ ਸੁਣਦੇ ਹਾਂ ਜਿਨ੍ਹਾਂ ਕਰਕੇ ਉਨ੍ਹਾਂ ਦੇ ਹੌਂਸਲੇ ਤੇ ਉਮੰਗਾਂ ਜਾਗ ਪਈਆਂ। ਕੋਈ ਘਟਨਾ, ਕੋਈ ਸ਼ੋਕ, ਕੋਈ ਨਾਜ਼ਕ ਵਕਤ ਕੋਈ ਪੁਸਤਕ, ਕੋਈ ਤਜਵੀਜ਼, ਕੋਈ ਉਤਸ਼ਾਹ ਦੇਣ ਵਾਲਾ ਮਿੱਤਰ ਉਹ ਕਾਰਣ ਬਣ ਜਾਂਦੇ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਆਪਣੀਆਂ ਉਨ੍ਹਾਂ ਸੰਭਾਵਨਾਵਾਂ, ਆਪਣੀਆਂ ਅਣਲਭੀਆਂ ਸ਼ਕਤੀਆਂ ਦੀ ਝਲਕ ਦਿਸ ਪੈਂਦੀ ਹੈ ਜਿਨ੍ਹਾਂ ਦਾ ਆਪਣੇ ਵਿਚ ਹੋਣ ਦਾ ਉਨ੍ਹਾਂ ਨੂੰ ਚਿੱਤ ਚੇਤਾ ਵੀ ਨਹੀਂ ਹੁੰਦਾ। ਜਿਨ੍ਹਾਂ ਮਨੁੱਖਾਂ ਨੇ ਸੰਸਾਰ ਵਿਚ ਕਦਰ ਯੋਗ ਮਹਾਨ ਕੰਮ ਕੀਤੇ ਹਨ ਜੇ ਉਹ ਕੇਵਲ ਆਪਣੇ 'ਜਾਗ ਪੈਣ' ਦੇ ਹਾਲ ਵਰਣਨ ਕਰਨ ਤੇ ਉਹ ਗੱਲਾਂ ਸੁਣਾਉਣ ਜਿਨ੍ਹਾਂ ਨਾਲ ਉਨ੍ਹਾਂ ਦੇ ਹੌਂਸਲੇ ਤੇ ਉਮੰਗਾਂ ਨੂੰ ਹੁਲਾਰਾ ਆਇਆ, ਅਰਥਾਤ ਉਹ ਹਾਦਸਾ, ਉਹ ਹਾਲਾਤ, ਉਹ ਆਪਬੀਤੀ, ਉਹ ਕਿਤਾਬ, ਉਹ ਲੈਕਚਰ, ਉਹ ਉਪਦੇਸ਼, ਉਹ ਸਿਖਿਆ, ਉਹ ਆਫਤ, ਉਹ ਅਸਫਲਤਾ, ਉਹ ਸੰਕਟ, ਉਹ ਮੁਸੀਬਤ, ਜਾਂ ਉਹ ਨੁਕਸਾਨ ਜਿਹੜੇ ਉਨ੍ਹਾਂ ਦੇ ਜੀਵਨ ਵਿਚ ਆਏ, ਜੇ ਉਹ ਇਨ੍ਹਾਂ ਗੱਲਾਂ ਦਾ ਵਰਣਨ ਕਰਨ ਤਾਂ ਉਨ੍ਹਾਂ ਜਤਨ ਕਰਨ ਵਾਲੇ ਲੋਕਾਂ ਨੂੰ ਕਿੰਨੀ ਅਦਭੁਤ ਸਹਾਇਤਾ ਮਿਲੇ ਜਿਹੜੇ ਇਹ ਜਾਣ ਗਏ ਹਨ ਕਿ ਉਨ੍ਹਾਂ ਦੇ ਅੰਦਰ ਅਜੇਹੀਆਂ ਤਾਕਤਾਂ ਬੰਦ ਪਈਆਂ ਹਨ ਜਿਹੜੀਆਂ ਹਾਲੇ

ਹਿਲੀਆਂ ਜੁਲੀਆਂ ਨਹੀਂ ਤੇ ਜਿਹੜੀਆਂ ਉਨ੍ਹਾਂ ਦੇ ਅਧਿਕਾਰ ਅੰਦਰ ਆਈਆਂ ਪਰਤੀਤ ਨਹੀਂ ਹੁੰਦੀਆਂ।

ਜਿਹੜਾ ਮਨੁੱਖ ਅਜੇਹੀ ਪੁਸਤੱਕ ਲਿਖ ਸਕਦਾ ਹੈ ਜਿਸ ਨੂੰ ਪੜ੍ਹ ਕੇ ਲੋਕਾਂ ਨੂੰ ਆਪਣੀ ਅਣਵਰਤੀ ਪੂੰਜੀ ਦਾ ਪਤਾ ਲੱਗ ਜਾਵੇ ਉਹ ਮਨੁੱਖ ਜਾਤੀ ਦੀ ਬੇਅੰਤ ਸੇਵਾ ਕਰੇਗਾ।

ਜੇ ਅਸੀਂ ਕੇਵਲ ਗੱਪਾਂ ਤੇ ਸ਼ੇਖੀਆਂ ਮਾਰਦੇ ਰਹੀਏ ਤਾਂ ਇਸ ਨਾਲ ਸਾਨੂੰ ਆਪਣੇ ਆਪੇ ਦੀ ਭਾਲ ਵਿਚ ਰਤੀ ਵੀ ਸਹਾਇਤਾ ਨਹੀਂ ਮਿਲੇਗੀ। ਜਦੋਂ ਅਸੀਂ ਆਪਣੀ ਕੋਈ ਊਣਤਾਈ ਦੂਰ ਕਰਨ ਲਈ ਜਾਂ ਦੁਨੀਆ ਵਿਚ ਆਪਣਾ ਥਾਂ ਬਣਾਉਣ ਲਈ ਹੱਥ ਪੈਰ ਮਾਰਦੇ ਹਾਂ, ਤਾਂ ਅਸੀਂ ਆਪਣੇ ਲਈ ਵੱਡੇ ਤੋਂ ਵੱਡਾ ਕੰਮ ਕਰਦੇ ਹਾਂ ਤੇ ਆਪਣੀਆਂ ਬਹੁਤ ਸਾਰੀਆਂ ਲੁਕੀਆਂ ਹੋਈਆਂ ਤਾਕਤਾਂ ਨੂੰ ਪਰਗਟ ਕਰਦੇ ਹਾਂ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਬਹੁਤ ਸਾਰੇ ਬੰਦੇ ਆਪਣੀਆਂ ਖੁਸ਼ੀਆਂ ਨੂੰ ਹੀ ਨਹੀਂ ਸਗੋਂ ਆਪਣੇ ਨਿੱਜੀ ਵਸੀਲਿਆਂ ਨੂੰ ਵੀ ਆਪਣੇ ਆਪੇ ਤੋਂ ਬਾਹਰ ਭਾਲਦੇ ਰਹਿੰਦੇ ਹੈ। ਉਹ ਜੀਵਨ ਭਰ ਇਹੋ ਸ਼ਿਕਾਇਤ ਕਰਦੇ ਰਹਿੰਦੇ ਹਨ ਕੋਈ ਉਨ੍ਹਾਂ ਦੀ ਸਹਾਇਤਾ ਕਰਨ ਵਾਲਾ ਨਹੀਂ। ਦੂਜਿਆਂ ਵਾਂਙ ਉਨ੍ਹਾਂ ਨੂੰ ਮੌਕੇ ਨਸੀਬ ਨਹੀਂ। ਜਦੋਂ ਉਨ੍ਹਾਂ ਨੂੰ ਅਸਫਲਤਾ ਹੁੰਦੀ ਹੈ ਜਾਂ ਥੋੜੀ ਜੇਹੀ ਕਾਮਯਾਬ ਮਿਲਦੀ ਹੈ ਤਾਂ ਬਹਾਨਾ ਇਹ ਬਣਾਉਂਦੇ ਹਨ ਕਿ ਉਨਾਂ ਦੇ ਕੋਲ ਪੂੰਜੀ ਨਹੀਂ, ਕਿਸੇ ਨੇ ਸਹਾਇਤਾ ਨਹੀਂ ਦਿੱਤੀ, ਕੋਈ ਮੌਕਾ ਨਹੀਂ ਮਿਲਿਆ ਹਾਲਾਂਕਿ ਅਸਲ ਗੱਲ ਇਹ ਹੈ ਕਿ ਉਨ੍ਹਾਂ ਦੇ ਆਪਣੇ ਅੰਦਰ ਅਣਗਿਣੇ ਮੁੱਲ ਦੀ ਬੇਅੰਤ ਕੀਮਤੀ ਪੂੰਜੀ ਬੰਦ ਪਈ ਹੈ ਜਿਸ ਨੂੰ ਉਨ੍ਹਾਂ ਨੇ ਲੱਭਿਆ ਅਤੇ ਵਰਤਿਆ ਨਹੀਂ ਹੁੰਦਾ। ਜਦੋਂ ਤਾਈਂ ਉਹ ਉਸ ਦੀ ਭਾਲ ਕਰ ਕੇ ਉਸ ਨੂੰ ਹੱਥ ਹੇਠ ਲਿਆਉਣ ਦੇ ਯੋਗ ਨਹੀਂ ਹੋ ਜਾਂਦੇ, ਉਸ ਨੂੰ ਵਰਤ ਨਹੀਂ ਸਕਦੇ।

ਇਹੋ ਹੀ ਇਕ ਕਾਰਣ ਹੈ ਕਿ ਜਿਹੜੇ ਮੁੰਡਿਆਂ ਕੁੜੀਆਂ ਨੂੰ ਵਿਰਸੇ ਵਿਚ ਦੌਲਤ ਮਿਲ ਜਾਂਦੀ ਹੈ ਉਹ ਆਪਣੇ ਆਪੇ ਦਾ ਬਹੁਤ ਘਟ ਅੰਸ਼ ਲੱਭ ਸਕਦੇ ਹਨ। ਉਹ ਐਵੇਂ ਜੇਹਾ ਜੀਵਨ ਬਤੀਤ ਕਰਦੇ ਚਲੇ ਜਾਂਦੇ ਹਨ ਤੇ ਆਪਣੀਆਂ ਵੱਡੀਆਂ ਵੱਡੀਆਂ ਸੰਭਾਵਨਾਵਾਂ ਨੂੰ ਪ੍ਰਫੁਲਤ ਕੀਤੇ ਬਿਨਾਂ, ਕਬਰ ਵਿਚ ਆਪਣੇ ਨਾਲ ਲੈ ਜਾਂਦੇ ਹਨ। ਕਾਰਣ ਇਸ ਦਾ ਇਹ ਹੁੰਦਾ ਹੈ ਕਿ ਇਹੋ ਜੇਹੇ ਮਨੁੱਖਾਂ ਨੂੰ ਕੋਸ਼ਿਸ਼ ਕਰਨ ਤੇ ਹੱਥ ਪੈਰ ਮਾਰਨ ਲਈ ਕੋਈ ਖਾਸ ਪਰੇਰਨਾ ਨਹੀਂ ਹੁੰਦੀ। ਉਨ੍ਹਾਂ ਨੂੰ ਤਾਂ ਆਪਣੀ ਉਪਰਲੀ ਸ਼ਕਤੀ ਨੂੰ ਵਰਤਣ ਦੀ ਲੋੜ ਨਹੀਂ ਪੈਂਦੀ।

ਕੋਈ ਮੁੰਡਾ ਅਜੇਹਾ ਨਹੀਂ ਹੋਇਆ ਜਿਸ ਨੂੰ ਇੰਨੀ ਦੌਲਤ ਵਿਰਸੇ ਵਿਚ ਮਿਲੀ ਹੋਵੇ ਜਿਸ ਦੀ ਸਹਾਇਤਾ ਨਾਲ ਉਹਨੇ ਆਪਣੀਆਂ ਵੱਡੀਆਂ ਸੰਭਾਵਨਾਵਾਂ ਨੂੰ ਲੱਭਿਆ ਹੋਵੇ। ਆਪਣੇ ਪੁੱਤਰ ਲਈ ਕੋਈ ਪਿਤਾ ਇਹ ਕੰਮ ਨਹੀਂ ਕਰ ਸਕਦਾ, ਇਹ ਤਾਂ ਕੇਵਲ ਆਪਣੇ ਹੀ ਜਤਨਾਂ ਨਾਲ ਕਰਨਾ ਪੈਂਦਾ ਹੈ। ਜਿਹੜੇ ਮਨੁੱਖਾਂ ਨੇ ਸੰਸਾਰ ਵਿਚ ਨਾਮ ਪੈਦਾ ਕੀਤਾ, ਜਾਂ ਆਪਣੇ ਮਾਣ ਦਾ ਨਿਸ਼ਾਨ ਸੰਸਾਰ ਵਿਚ ਛੱਡਿਆ, ਜਾਂ ਕੋਈ ਕਦਰ ਯੋਗ ਕੰਮ ਕਰ ਵਿਖਾਇਆ ਹੈ ਉਹ ਆਪਣੇ ਅੰਦਰ ਦੇ ਵਸੀਲਿਆਂ ਨੂੰ ਹੀ ਵਰਤ ਕੇ ਇਉਂ ਕਰ ਸਕੇ ਹਨ।

ਬਹੁਤ ਸਾਰੇ ਲੋਕਾਂ ਨਾਲ ਅਜੇਹਾ ਹੋਇਆ ਹੈ ਕਿ ਜਦੋਂ ਕਦੀ ਉਨ੍ਹਾਂ ਨੂੰ ਨਿੱਜੀ ਹੀਲੇ ਕਰਨ ਦੀ ਲੋੜ ਪਈ ਤਾਂ ਉਹ ਉਨ੍ਹਾਂ ਦੀ ਮਸ਼ਹੂਰੀ ਦਾ ਕਾਰਣ ਬਣ ਗਏ ਤੇ ਉਹ ਆਪਣੀ ਮਰਜ਼ੀ ਨਾ ਹੁੰਦਿਆਂ ਹੋਇਆਂ ਵੀ ਮਨੁੱਖ ਜਾਤੀ ਦੀ ਭਲਾਈ ਤੇ ਸੰਸਾਰ ਦੀ ਉੱਨਤੀ ਦਾ ਸਾਧਨ ਬਣਨ ਲਈ ਮਜ਼ਬੂਰ ਹੋ ਗਏ। ਜੇ ਇਹ ਬਹੁਮੁੱਲਾ ਹੁਲਾਰਾ ਉਨ੍ਹਾਂ ਵਿਚ ਪੈਦਾ ਨਾ ਹੁੰਦਾ ਤਾਂ ਉਹ ਲੋਕ ਵੀ ਸਮਾਜ ਦੇ ਨਿਕੰਮੇ ਜੇਹੇ ਬੰਦੇ ਹੀ ਬਣੇ ਰਹਿੰਦੇ।

ਉਸ ਮੁੰਡੇ ਦੇ ਭਾਗ ਬੜੇ ਮੰਦੇ ਸਮਝੋ ਜਿਹੜਾ ਟਾਹਿਲ ਸੇਵਾ ਤੇ ਲਾਡ

ਪਿਆਰ ਨਾਲ ਅਜੇਹਾ ਸੁਭਾ ਬਣਾ ਲਵੇ ਕਿ ਆਪਣੇ ਆਪ ਨੂੰ ਪਛਾਣਨ ਲਈ ਉਹਦੇ ਵਾਸਤੇ ਲੋੜੀਂਦੀ ਕੋਸ਼ਿਸ਼ ਕਰਨੀ ਹੀ ਅਸੰਭਵ ਜੇਹੀ ਬਣ ਜਾਏ।

ਇਕ ਦਿਨ ਇਕ ਘਰ ਵਿਚ ਰੋਟੀ ਚੰਗੀ ਤਿਆਰ ਨਾ ਹੋਈ। ਪਤਨੀ ਪਤੀ ਨੂੰ ਇਸ ਦਾ ਕਾਰਣ ਦੱਸਣ ਲੱਗੀ ਤੇ ਬੋਲੀ 'ਅੱਜ ਦੀ ਰੋਟੀ ਨੂੰ ਆਟਾ ਤਾਂ ਉਹੋ ਜੇਹਾ ਲੱਗਾ ਹੋਇਆ ਹੈ ਜੇਹੋ ਜੇਹਾ ਰੋਜ਼ ਹੁੰਦਾ ਸੀ ਪਰ ਇਸ ਨੂੰ ਕੋਈ ਨਹੀਂ ਖਾ ਸਕਦਾ ਕਿਉਂਕਿ ਇਸ ਵਿਚ ਖਮੀਰ ਕਾਫੀ ਨਹੀਂ ਜਿਸ ਕਰਕੇ ਇਸ ਦਾ ਆਟਾ ਚੰਗੀ ਤਰ੍ਹਾਂ ਉਠਿਆ ਨਹੀਂ।

ਇਹੋ ਹਾਲ ਬਹੁਤ ਸਾਰੇ ਨੌਜਵਾਨਾਂ ਦਾ ਹੈ। ਉਨ੍ਹਾਂ ਦੀ ਬਣਾਵਟ ਤਾਂ ਹਰ ਤਰ੍ਹਾਂ ਨਾਲ ਚੰਗੀ ਦਿਖਾਈ ਦਿੰਦੀ ਹੈ ਪਰ ਉਨ੍ਹਾਂ ਵਿਚ 'ਖਮੀਰ' ਦੀ ਘਾਟ ਹੈ, ਉਨ੍ਹਾਂ ਵਿਚ 'ਉੱਠਣ ਵਾਲਾ ਗੁਣ' ਘੱਟ ਹੈ, ਰੱਬੀ ਹੌਂਸਲੇ ਤੇ ਉਮੰਗ ਦਾ ਖਮੀਰ ਉਨ੍ਹਾਂ ਅੰਦਰ ਕਾਫੀ ਨਹੀਂ ਹੈ ਜਿਸ ਦੀ ਸਹਾਇਤਾ ਨਾਲ ਉਹ ਆਪਣੇ ਆਪ ਨੂੰ ਪਛਾਣਨ ਲਈ ਜਤਨ ਕਰ ਸਕਣ ਤੇ ਆਪਣੀਆਂ ਚੰਗੀਆਂ ਸ਼ਕਤੀਆਂ ਨੂੰ ਪ੍ਰਫੁਲਤ ਕਰ ਸਕਣ।

ਡਾਕਟਰ ਫਰੈਂਕ ਕਰੇਨ ਦਾ ਕਥਨ ਹੈ- 'ਵੱਡੇ ਅਧਿਆਪਕ ਉਹ ਹਨ ਜਿਹੜੇ ਤੁਹਾਨੂੰ ਤੁਹਾਡੇ ਆਪੇ ਦੀ ਭਾਲ ਵਿਚ ਸਹਾਇਤਾ ਦਿੰਦੇ ਹਨ। ਬਾਕੀ ਤਾਂ ਕੇਵਲ ਤੁਹਾਡੀ ਹੀ ਖੋਜ ਭਾਲ ਵਿਚ ਲੱਗੇ ਰਹਿੰਦੇ ਹਨ।'

ਇਕ ਨਹੀਂ ਹਜ਼ਾਰਾਂ ਹੀ ਚੀਜ਼ਾਂ ਅਜੇਹੀਆਂ ਹਨ ਜਿਹੜੀਆਂ ਸਾਨੂੰ ਆਪਣੇ ਆਪੇ ਦੇ ਪਛਾਣਨ ਵਿਚ ਸਹਾਇਤਾ ਦਿੰਦੀਆਂ ਹਨ। ਆਪਣੇ ਮਨ ਨੂੰ ਨਫੀ ਦੀ ਹਾਲਤ ਤੋਂ ਬਚਾ ਕੇ ਰੱਖਣਾ, ਆਪਣੇ ਸਰੀਰ ਨੂੰ ਅਤਿ ਉੱਤਮ ਸਿਹਤ ਵਾਲਾ ਬਣਾਉਣਾ, ਉਪਜਾਊ ਹਾਲਤਾਂ ਦੀ ਮੌਜੂਦਗੀ ਜਿਹੜੇ ਵੀ ਹਾਲ ਤੁਹਾਡੇ ਹੋਣ, ਸਰੀਰਕ ਤੌਰ ਤੇ ਉਸ ਤੋਂ ਉਤਾਂਹ ਰਹਿਣਾ, ਮਨ ਨੂੰ ਡਰ, ਘਬਰਾਹਟ ਤੇ ਚਿੰਤਾ ਤੋਂ ਆਜ਼ਾਦ ਰੱਖਣਾ, ਮਾਨਸਿਕ ਸ਼ਕਤੀ ਨੂੰ ਕਾਇਮ ਰੱਖਣਾ, ਖੁਸ਼ ਖੁਸ਼ ਰਹਿਣਾ ਇਹ

ਗੱਲਾਂ ਆਪਣੇ ਆਪ ਨੂੰ ਪਛਾਣਨ ਵਿਚ ਬੜੀ ਸਹਾਇਤਾ ਦਿੰਦੀਆਂ ਹਨ ਤੇ ਇਨ੍ਹਾਂ ਵਿਚ ਕੋਈ ਭੇਤ ਵਾਲੀ ਗੱਲ ਨਹੀਂ।

ਆਤਮ ਵਿਸ਼ਵਾਸ ਆਪਣੇ ਆਪ ਵਿਚ ਇਕ ਮਹਾਨ ਸ੍ਵੈ-ਖੋਜੀ ਹੈ। ਅਵਿਸ਼ਵਸ ਤੇ ਸ੍ਵੈ-ਕੁਲਾਹਤਾ ਅੰਦਰ ਬੰਦ ਪਈਆਂ ਸ਼ਕਤੀਆਂ ਤੇ ਸੰਭਾਵਨਾਵਾਂ ਦਾ ਦਰਵਾਜ਼ਾ ਬੰਦ ਕਰ ਦਿੰਦੀਆਂ ਹਨ। ਭਰੋਸਾ, ਵਿਸ਼ਵਾਸ ਇਸ ਦਰਵਾਜ਼ੇ ਨੂੰ ਖੋਲ ਕੇ ਮੰਦ ਤਾਕਤਾਂ ਨੂੰ ਆਜ਼ਾਦ ਕਰ ਦਿੰਦਾ ਹੈ।

ਜਿਹੜਾ ਵੀ ਸੰਭਵ ਤਜਰਬਾ ਤੁਹਾਡੇ ਆਪੇ ਨੂੰ ਬੰਧਨ ਰਹਿਤ ਤੇ ਨਵੀਂ ਸ਼ਕਤੀ ਨੂੰ ਆਜ਼ਾਦ ਕਰਨ ਵਾਲਾ ਹੋ ਸਕਦਾ ਹੋਵੇ ਹਰ ਵੇਲੇ ਉਸ ਦੀ ਭਾਲ ਵਿਚ ਰਹੋ। ਉਦਾਹਰਣ ਵਜੋਂ, ਰਾਗ ਦੇ ਸ਼ੋਕੀਨ ਜਦੋਂ ਕੋਈ ਅਜੀਬ ਆਵਾਜ਼ ਸੁਣਦੇ ਹਨ, ਜਾਂ ਨਾਟਕ ਤਮਾਸ਼ੇ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਅੰਦਰ ਦੀ ਕੋਈ ਚੀਜ਼ ਬੰਧਨ ਰਹਿਤ ਹੁੰਦੀ ਹੋਈ ਮਲੂਮ ਹੁੰਦੀ ਹੈ ਜਿਹੜੀ ਪਹਿਲੇ ਕੈਦ ਪਈ ਸੀ ਤੇ ਜਿਸ ਦੇ ਆਪਣੇ ਅੰਦਰ ਹੋਣ ਦਾ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਕਦੇ ਵੀ ਗਿਆਨ ਨਹੀਂ ਸੀ ਹੋਇਆ। ਕਈ ਵਾਰੀ ਅਜੋਹਾ ਅਸਰ ਕਿਸੇ ਥੇਟਰ ਦੇ ਵੇਖਣ ਨਾਲ ਹੁੰਦਾ ਹੈ। ਕੋਈ ਮਨੁੱਖ ਥੇਟਰ ਦੇਖ ਕੇ ਬਾਹਰ ਨਿਕਲਦਿਆਂ ਹੋਇਆਂ ਇਉਂ ਅਨੁਭਵ ਕਰਦਾ ਹੈ ਜਿਵੇਂ ਉਹਦੇ ਅੰਦਰੋਂ ਸ਼ਕਤੀਆਂ ਦਾ ਕੋਈ ਗੁਝਾ ਸੋਮਾ ਫੁਟ ਨਿਕਲਿਆ ਹੈ ਤੇ ਉਹਦੀ ਚੇਤਨਤਾ ਜਾਗ ਕੇ ਪਲ੍ਹਰ ਰਹੀ ਹੈ। ਅਜੇਹੇ ਤਜਰਬਿਆਂ ਨਾਲ ਸਾਡੇ ਖਿਆਲੀ ਆਦਰਸ਼ ਲਗਾਤਾਰ ਚੌੜੇਰੇ ਤੇ ਉਚੇਰੇ ਹੁੰਦੇ ਰਹਿੰਦੇ ਹਨ।

ਕਿਸੇ ਨੌਜਵਾਨ ਦੇ ਮਨ ਅੰਦਰ ਸ਼ਾਇਦ ਰਾਗ ਵਿਦਿਆ ਤੇ ਚਿਤਰਕਾਰੀ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਗੁਪਤ ਤੇ ਬੰਦ ਪਈਆਂ ਹਨ ਪਰ ਉਹ ਨੌਜਵਾਨ ਦੁਰੇਡੇ ਪਿੰਡਾਂ ਵਿਚ ਰਹਿੰਦਾ ਹੋਇਆ ਖੇਤਾਂ ਵਿਚ ਆਪਣੇ ਦਿਨ ਬਤੀਤ ਕਰਦਾ ਹੈ ਜਿਥੇ ਚਿਤਰਕਾਰਾਂ ਤੇ ਰਾਗ ਵਿਦਿਆ ਦੇ ਮਾਹਿਰਾਂ ਨਾਲ ਕਦੇ ਉਹਦਾ ਵਾਹ ਨਹੀਂ ਪਿਆ ਜਾਂ ਇਉਂ ਸਮਝੋ ਕਿ ਉਹ ਕਦੇ ਚਿਤਰਕਾਰ ਜਾਂ ਰਾਗ

ਵਿਦਿਆ ਦੇ ਵਾਯੂਮੰਡਲ ਵਿਚ ਹੀ ਨਹੀਂ ਆਇਆ। ਸ਼ਾਇਦ ਗਿਰਜੇ ਜਾਂ ਮੰਦਰ ਦੇ ਧਾਰਮਕ ਭਜਨ ਸੁਣਨ ਤੋਂ ਛੁਟ ਉਸ ਨੇ ਕਦੇ ਕੋਈ ਉੱਚ ਰਾਗ ਸੁਣਿਆ ਹੀ ਨਹੀਂ। ਉਹਨੂੰ ਆਪਣੀਆਂ ਗੁਪਤ ਸੰਭਾਵਨਾਵਾਂ ਦਾ ਕਦੇ ਪਤਾ ਨਹੀਂ ਲੱਗਿਆ। ਓੜਕ ਉਹਨੂੰ ਸ਼ਹਿਰ ਵਿਚ ਜਾਣ ਦਾ ਮੌਕਾ ਮਿਲ ਜਾਂਦਾ ਹੈ। ਉਥੇ ਮਸ਼ਹੂਰ ਰਾਗੀਆਂ ਦੇ ਰਾਗ ਸੁਣਨ, ਰਾਗ ਰੰਗ ਦੀਆਂ ਮਹਿਫਲਾਂ, ਰਾਗ ਸੰਮੇਲਨਾਂ, ਥੇਟਰ ਜਾਂ ਨਾਟਕ ਵਿਚ ਵੰਡੇ ਵੰਡੇ ਰਾਗੀਆਂ ਦਾ ਹੁਨਰ ਵੇਖਣ ਦਾ ਸਮਾਂ ਮਿਲਦਾ ਹੈ। ਇਥੇ ਉਹਦੇ ਆਪਣੇ ਅੰਦਰ ਦਾ ਇਕ ਨਵਾਂ ਝਰੋਕਾ ਖੁੱਲ ਜਾਂਦਾ ਹੈ। ਇਕ ਨਵੀਂ ਲਹਿਰ ਉਹਦੇ ਅੰਦਰ ਉਪਜਦੀ ਹੈ ਜਿਹੜੀ ਉਹਦੇ ਵਾਹੀ ਗਾਹੀ ਦੇ ਵਿਚਾਰਾਂ ਤੇ ਆਦਰਸ਼ਾਂ ਨੂੰ ਰੋਹੜ ਲੈ ਜਾਂਦੀ ਹੈ ਤੇ ਉਨ੍ਹਾਂ ਦੀ ਥਾਂ ਸੰਭਾਵਨਾਵਾਂ ਭਰੇ ਨਵੇਂ ਆਦਰਸ਼ ਮਨ ਵਿਚ ਸਮਾ ਜਾਂਦੇ ਹਨ। ਉਹਨੂੰ ਆਪਣੇ ਅੰਦਰ ਇਕ ਨਵੀਂ ਤਾਕਤ ਦਾ ਪਤਾ ਲੱਗ ਜਾਂਦਾ ਹੈ ਜਿਸ ਨੇ ਉਸ ਦੇ ਆਉਣ ਵਾਲੇ ਜੀਵਨ ਉੱਤੇ ਛਾ ਜਾਣਾ ਹੈ।

ਇਕ ਹੋਰ ਨੌਜਵਾਨ ਦੇ ਦਿਲ ਵਿਚ ਕਾਲਜ ਦਾਖਲ ਹੋਣ ਤੋਂ ਪਹਿਲਾਂ ਇਹੋ ਖ਼ਿਆਲ ਹੁੰਦਾ ਹੈ ਕਿ ਉਹ ਆਪਣੇ ਪਿਤਾ ਨਾਲ ਮਿਲ ਕੇ ਦੁਕਾਨ ਜਾਂ ਵਪਾਰ ਕਰੇ ਪਰ ਜਿਉਂ ਉਹ ਪੜ੍ਹਾਈ ਵਿਚ ਤਰੱਕੀ ਕਰਦਾ ਜਾਂਦਾ ਹੈ, ਕਾਲਜ ਦੇ ਪ੍ਰੋਫੈਸਰਾਂ ਦੇ ਹੌਂਸਲਾ ਵਧਾਉਣ ਵਾਲੇ ਲੈਕਚਰ ਉਹਦੀ ਅਸੂਝਤਾ ਨੂੰ ਦੂਰ ਹੀ ਦੂਰ ਹਟਾਉਂਦੇ ਜਾਂਦੇ ਹਨ, ਉਹਦੀਆਂ ਨਵੀਆਂ ਸੰਭਾਵਨਾਵਾਂ ਤੇ ਸ਼ਕਤੀਆਂ ਆਜ਼ਾਦ ਹੁੰਦੀਆਂ ਜਾਂਦੀਆਂ ਹਨ ਤੇ ਉਹ ਆਪਣੀ ਪਰਕਿਰਤੀ ਵਿਚ ਉਹ ਨਵੀਆਂ ਗੱਲਾਂ ਵੇਖ ਲੈਂਦਾ ਹੈ ਜਿਨ੍ਹਾਂ ਕਰਕੇ ਉਹਦੇ ਜੀਵਨ ਦਾ ਮੰਤਵ ਤੇ ਮੁੱਦਾ ਬਿਲਕੁਲ ਬਦਲ ਜਾਂਦਾ ਹੈ।

ਮਾਪੇ ਆਮ ਤੌਰ ਤੇ ਆਪਣੇ ਬੱਚਿਆਂ ਅੰਦਰ ਛੇਤੀ ਛੇਤੀ ਉਨ੍ਹਾਂ ਦੇ ਭੱਵਿਖਤੀ ਜੀਵਨ ਦੇ ਸਬੰਧ ਵਿਚ ਖਿਆਲਾਂ ਦੀ ਅਦਲਾ ਬਦਲੀ ਹੁੰਦੀ ਵੇਖ ਕੇ ਹੈਰਾਨ ਹੁੰਦੇ ਤੇ ਘਬਰਾ ਜਾਂਦੇ ਹਨ। ਉਹ ਇਸ ਅਦਲਾ ਬਦਲੀ ਨੂੰ ਬੱਚਿਆਂ ਦੇ ਦਿਲਾਂ ਦੀ ਕਮਜ਼ੋਰੀ ਸਮਝਦੇ ਹਨ। ਇਸ ਛੇਤੀ ਛੇਤੀ ਅਦਲਾ ਬਦਲੀ ਦਾ ਕਾਰਣ

ਬਹੁਤ ਕਰਕੇ ਇਹ ਹੁੰਦਾ ਹੈ ਕਿ ਵਿਦਿਆ ਉਨ੍ਹਾਂ ਬੱਚਿਆਂ ਦੇ ਅੰਦਰ ਨਵੀਆਂ ਤਾਕਤਾਂ ਦੇ ਜੰਦਰੇ ਖੋਲ ਰਹੀ ਹੁੰਦੀ ਹੈ, ਨਵੀਆਂ ਨਵੀਆਂ ਸੰਭਾਵਨਾਵਾਂ ਉਨ੍ਹਾਂ ਨੂੰ ਨਜ਼ਰੀਂ ਪੈਣ ਲੱਗ ਪੈਂਦੀਆਂ ਹਨ ਤੇ ਉਨ੍ਹਾਂ ਦੇ ਸ਼ਾਮਲੇ ਤੇ ਉਮੰਗਾਂ ਵਿਚ ਪਰੀਵਰਤਨ ਆ ਰਿਹਾ ਹੁੰਦਾ ਹੈ।

ਵਿੱਦਿਆ ਤੇ ਜ਼ਿਆਦਾ ਤਜ਼ਰਬਿਆਂ ਦਾ ਇਕ ਵੱਡਾ ਲਾਭ ਇਹ ਹੁੰਦਾ ਹੈ ਕਿ ਇਹ ਸਾਡੀਆਂ ਗੁਪਤ ਸ਼ਕਤੀਆਂ ਦੇ ਦਰਵਾਜ਼ੇ ਦਿਨੋਂ ਦਿਨ ਖੋਲ੍ਹਣ ਵਿਚ ਸਾਡੇ ਸਹਾਈ ਹੁੰਦੇ ਹਨ ਤੇ ਇਹ ਸ਼ਕਤੀਆਂ ਬੇਅੰਤ, ਕਦੇ ਨਾ ਮੁੱਕਣ ਵਾਲੀਆਂ ਪ੍ਰਤੀਤ ਹੁੰਦੀਆਂ ਹਨ, ਕਿਉਂਕਿ, ਭਾਵੇਂ ਅਸੀਂ ਲਗਾਤਾਰ ਆਪਣੇ ਅੰਦਰ ਨਵੀਂਆਂ ਖੋਜਾਂ ਕਰਦੇ ਹਾਂ ਪਰ ਪ੍ਰਤੱਖ ਤੌਰ ਤੇ ਉਨ੍ਹਾਂ ਸ਼ਕਤੀਆਂ ਵਿਚ ਕੋਈ ਘਾਟ ਹੁੰਦੀ ਦਿਖਾਈ ਨਹੀਂ ਦਿੰਦੀ। ਅਸਲ ਵਿਚ ਮਨੁੱਖੀ ਜੀਵਨ ਇਕ ਤੇਲ ਪਾਉਣ ਵਾਲੀ ਪੀਕ ਵਰਗਾ ਹੁੰਦੀ ਹੈ ਜਦੋਂ ਅਸੀਂ ਜੀਵਨ ਵਿਚ ਪੀਕ ਦੇ ਛੋਟੇ ਤੇ ਭੀੜੇ ਸਿਰੇ ਵਿਚ ਦੀ ਦਾਖਲ ਹੁੰਦੇ ਹਾਂ, ਅਤੇ ਜਿਉਂ ਜਿਉਂ ਅਸੀਂ ਇਸ ਵਿਚਾਲਿਓਂ ਲੰਘਦੇ ਜਾਂਦੇ ਹਾਂ ਤਾਂ ਇਹ ਪੀਕ ਚੌੜੀ ਹੁੰਦੀ ਜਾਂਦੀ ਹੈ। ਸਾਡਾ ਦ੍ਰਿਸ਼ਟੀਕੋਣ ਅਨੰਤ ਤੀਕ ਵਧਦਾ ਚਲਾ ਜਾਂਦਾ ਹੈ ਤੇ ਸਾਡੇ ਪ੍ਰਫੁਲਿਤ ਹੋ ਸਕਣ ਦੀ ਕੋਈ ਸੀਮਾ ਹੀ ਨਹੀਂ ਰਹਿੰਦੀ।

ਬਹੁਤ ਸਾਰੇ ਲੋਕ ਜੀਵਨ ਬਤੀਤ ਕਰਦੇ ਚਲੇ ਜਾਂਦੇ ਹਨ ਪਰ ਉਨ੍ਹਾਂ ਦੇ ਆਪੇ ਦਾ ਆਕਾਰ ਕਿਸੇ ਕਦਰ ਯੋਗ ਹੱਦ ਤੱਕ ਨਹੀਂ ਵਧਦਾ। ਕਾਰਣ ਇਸ ਦਾ ਇਹ ਹੈ ਕਿ ਉਹ ਵਧਣ ਫੁਲਣ ਦੇ ਮੌਕੇ ਦੀ ਭਾਲ ਨਹੀਂ ਕਰਦੇ, ਉਹ ਉਮੰਗਾਂ ਨੂੰ ਜਗਾਉਣ ਵਾਲੇ ਤੇ ਆਦਰਸ਼ਾਂ ਨੂੰ ਉਤਸ਼ਾਹ ਦੇਣ ਵਾਲੇ ਵਾਯੂ-ਮੰਡਲ ਵਿਚ ਪਰਵੇਸ਼ ਕਰਨ ਲਈ ਕਾਫੀ ਜਤਨ ਹੀ ਨਹੀਂ ਕਰਦੇ।

ਬਹੁਤਾ ਚਿਰ ਨਹੀਂ ਹੋਇਆ। ਇਕ ਰਾਤ ਮੈਂ ਆਪਣੀ ਘੜੀ ਨੂੰ ਚਾਬੀ ਦਿੱਤੀ। ਸਵੇਰੇ ਦੇਖਿਆ ਕਿ ਘੜੀ ਬੰਦ ਸੀ। ਘੜੀ ਦੀਆਂ ਸੂਈਆਂ ਉਥੇ ਹੀ ਸਨ ਜਿਥੇ ਚਾਬੀ ਦੇਣ ਵੇਲੇ ਸਨ। ਮੈਂ ਘੜੀ ਚੁੱਕੀ ਪਰ ਸੂਈਆਂ ਹਿੱਲੀਆਂ ਨਹੀਂ। ਮੈਂ ਇਸ

ਨੂੰ ਜ਼ੋਰ ਨਾਲ, ਹਿਲਾਇਆ ਘੜੀ ਚਲ ਪਈ ਤੇ ਅਗਲੀ ਰਾਤ ਤੱਕ ਬਰਾਬਰ ਚਲਦੀ ਰਹੀ, ਜਦੋਂ ਤੱਕ ਕਿ ਉਹਦੀ ਚਾਬੀ ਖਤਮ ਨਾ ਹੋ ਗਈ।

ਜਿਹੜੀ ਤਾਕਤ ਨਾਲ ਘੜੀ ਚਲ ਪਈ ਤੇ ਚਲਦੀ ਰਹੀ ਉਹ ਤਾਕਤ ਘੜੀ ਦੇ ਵਿਚੋਂ ਕਦੇ ਗੁੰਮ ਨਹੀਂ ਸੀ ਹੋਈ ਸਗੋਂ ਹਰ ਵੇਲੇ ਉਸ ਵਿਚ ਮੌਜੂਦ ਸੀ ਕੇਵਲ ਉਸ ਨੂੰ ਇਕ ਝਟਕੇ ਦੀ ਲੋੜ ਸੀ ਜਿਹਦੇ ਨਾਲ ਉਹ ਫੇਰ ਨਿਤ ਵਾਂਙ ਚਲ ਪਈ।

ਮੈਂ ਕਈ ਇਹੋ ਜੇਹੇ ਨੌਜਵਾਨ ਵੇਖੇ ਹਨ ਜਿਹੜੇ ਬਿਲਕੁਲ ਬੁੱਤਾਂ ਵਰਗੇ ਖੜੇ ਦਿਸਦੇ ਹਨ। ਉਨ੍ਹਾਂ ਅੰਦਰ ਕੋਈ ਕੰਮ ਕਰਨ ਵਾਲਾ 'ਇੰਜਨ' ਪਰਤੀਤ ਨਹੀਂ ਦਿੰਦਾ ਜਿਸ ਨਾਲ ਉਨ੍ਹਾਂ ਦੀ ਮਾਨਸਿਕ ਮਸ਼ੀਨਰੀ ਚੰਗੀ ਤਰ੍ਹਾਂ ਚੱਲ ਪਵੇ। ਮੈਂ ਹੈਰਾਨ ਹੋ ਕੇ ਸੋਚਦਾ ਸਾਂ ਕਿ ਕਦੋਂ ਇਹ ਨੌਜਵਾਨ ਬੁੱਤ ਵਾਂਗਰ ਖੜਾ ਰਹਿਣਾ ਛੱਡ ਕੇ ਹਿਲਣ ਜੁਲਣ ਲੱਗ ਪੈਣਗੇ। ਕਰਨਾ ਰੱਬ ਦਾ ਕੀ ਹੁੰਦਾ ਹੈ ਕਿ ਉਸ ਨੌਜਵਾਨ ਦਾ ਪਿਤਾ ਜਿਸ ਦੇ ਆਸਰੇ ਉਹ ਆਰਾਮ ਚੈਨ ਨਾਲ ਜੀਵਨ ਬਤੀਤ ਕਰ ਰਿਹਾ ਸੀ, ਅਚਾਨਕ ਮਰ ਜਾਂਦਾ ਹੈ ਜਾਂ ਅਜੇਹੀ ਕੋਈ ਹੋਰ ਆਫਤ ਉਸ ਦੇ ਸਿਰ ਤੋਂ ਆ ਪੈਂਦੀ ਹੈ। ਪਿਤਾ ਦੀ ਮੌਤ ਦਾ ਜਾਂ ਅਚਾਨਕ ਹੀ ਕਿਸੇ ਆਫਤ ਦੇ ਝਟਕੇ ਨਾਲ ਉਸ ਦਾ ਮਾਨਸਿਕ ਇੰਜਨ ਹਿੱਲਣ ਲੱਗ ਪਿਆ ਤੇ ਛੇਤੀ ਹੀ ਉਹਦੇ ਅੰਦਰ ਹੈਰਾਨ ਕਰ ਦੇਣ ਵਾਲੀ ਤਾਕਤ ਹਲੋਰੇ ਵਿਚ ਆਈ ਤੇ ਉਹ ਅਜੇਹੀ ਅਦਭੁਤ ਪ੍ਰਬੰਧ ਯੋਗਤਾ ਦਿਖਾਉਣ ਲੱਗ ਗਿਆ ਜਿਸ ਦਾ ਕਦੇ ਕਿਸੇ ਨੂੰ ਖ਼ਿਆਲ ਹੀ ਨਹੀਂ ਸੀ ਆਇਆ।

ਅਜੇਹੇ ਮਨੁੱਖ ਵੀ ਮੇਰੀ ਨਜ਼ਰ ਵਿਚੋਂ ਲੰਘੇ ਹਨ ਜਿਨ੍ਹਾਂ ਦੀ ਜੀਵਨ ਸੜਕ ਇੰਨੀ ਸਾਫ ਤੇ ਬੇਝਟਕਾ ਬਣਾ ਦਿੱਤੀ ਗਈ ਸੀ ਕਿ ਉਨ੍ਹਾਂ ਨੂੰ ਅਜੇਹਾ ਝਟਕਾ ਕਦੇ ਲੱਗਾ ਈ ਨਾ ਜਿਸ ਦੇ ਨਾਲ ਉਨ੍ਹਾਂ ਦਾ ਮਾਨਸਿਕ ਇੰਜਨ ਹਿਲ ਕੇ ਕੰਮ ਕਰਨ ਲੱਗ ਜਾਂਦਾ। ਇਹ ਮਨੁੱਖ ਜੀਵਨ ਬਤੀਤ ਕਰਦੇ ਚਲੇ ਗਏ ਤੇ ਇਨ੍ਹਾਂ ਦੇ ਅੰਦਰ ਦੀਆਂ ਤਾਕਤਾਂ ਉਸੇ ਤਰ੍ਹਾਂ ਉਨ੍ਹਾਂ ਦੇ ਅੰਦਰ ਬੰਦ ਪਈਆਂ ਰਹੀਆਂ।

ਚਾਰੇ ਪਾਸੇ ਇਹੋ ਜੇਹੇ ਨੌਜਵਾਨ ਮਰਦ ਤੇ ਔਰਤਾਂ ਦਿਖਾਈ ਦਿੰਦੇ ਹਨ ਜਿਹੜੇ ਮਾਨਸਿਕ ਤੇ ਆਤਮਕ ਤੌਰ ਤੇ ਚੁਪ ਚਾਪ ਬੁੱਤ ਵਾਂਗਰ ਖੜੇ ਹਨ। ਇਹ ਲੋਕ ਆਪਣੇ ਆਪੇ ਦੀ ਭਾਲ ਕਰਨ ਵਿਚ ਰਤੀ ਵੀ ਤਰੱਕੀ ਨਹੀਂ ਕਰਦੇ। ਅਸਲ ਵਿਚ ਉਨ੍ਹਾਂ ਦਾ ਵਧਣਾ ਫੁਲਣਾ ਬੰਦ ਹੋ ਚੁੱਕਿਆ ਹੈ।

ਜਿਹੜੇ ਲੋਕ ਆਪਣੇ ਜੀਵਨ ਦੀ ਵਰਤੋਂ ਵਧੇਰੀ ਚੰਗੀ ਤਰ੍ਹਾਂ ਕਰਨ ਦੇ ਜਤਨਾਂ ਵਿਚ ਲੱਗੇ ਹੋਏ ਹਨ ਉਹ ਸਦਾ ਫਲਦੇ ਫੁੱਲਦੇ ਤੇ ਵਧਦੇ ਚਲੇ ਜਾਂਦੇ ਹਨ। ਉਨ੍ਹਾਂ ਦੀ ਪਰਫੁਲਤਾ ਕਦੇ ਨਹੀਂ ਰੁਕਦੀ। ਉਹ ਸਦਾ ਪੈਂਡੇ ਪਏ ਰਹਿੰਦੇ ਹਨ। ਕਿਉਂਕਿ ਜਿਉਂ ਜਿਉਂ ਉਨ੍ਹਾਂ ਦਾ ਆਪਾ ਵੱਡਾ ਚੌੜੇਰਾ ਤੇ ਮਹਾਨ ਹੁੰਦਾ ਜਾਂਦਾ ਹੈ ਉਨ੍ਹਾਂ ਦੀ ਆਦਰਸ਼ ਮੰਜ਼ਲ ਵੀ ਦੁਰੇਡੀ ਹੀ ਹੁੰਦੀ ਜਾਂਦੀ ਹੈ। ਉਹ ਕੇਵਲ ਕਦੇ ਕਦੇ ਕਿਸੇ ਪੜਾਓ ਤੇ ਠਹਿਰ ਕੇ ਸਸਤਾਉਂਦੇ ਹਨ ਤਾਂ ਜੋ ਜਿਹੜੀਆਂ ਚੀਜ਼ਾਂ ਉਨ੍ਹਾਂ ਦੇ ਅਗਲੇਰੇ ਸਫਰ ਲਈ ਬੇਲੋੜੀਆਂ ਹੋ ਚੁੱਕੀਆਂ ਹਨ ਉਨ੍ਹਾਂ ਨੂੰ ਆਪਣੇ ਸਾਮਾਨ ਵਿਚੋਂ ਛਾਂਟ ਦੇਣ। ਜਦੋਂ ਇਨ੍ਹਾਂ ਬੇਲੋੜੀਆਂ ਚੀਜ਼ਾਂ ਨੂੰ ਸੁੱਟ ਦਿੰਦੇ ਹਨ ਉਹ ਫੇਰ ਅੱਗੇ ਚਲ ਪੈਂਦੇ ਹਨ। ਜੀਵਨ ਦਾ ਪੈਂਡਾ ਸੁਖਾਲੀ ਤਰ੍ਹਾਂ ਕੱਟਣ ਦਾ ਸੁਖਾਲਾ ਤਰੀਕਾ ਇਹੋ ਹੈ।

ਜਦੋਂ ਤੁਸੀਂ ਆਪਣੇ ਲੁੱਕੇ ਹੋਏ ਵਸੀਲਿਆਂ ਨੂੰ ਲੱਭ ਲੈਂਦੇ ਹੋ ਤੇ ਆਪਣੇ ਉਸਾਰੂ ਜਤਨਾਂ ਅਤੇ ਸ਼ਕਤੀ ਨੂੰ ਉਤੇਜਤ ਕਰਦੇ ਹੋ ਤਾਂ ਯਕੀਨੀ ਹੀ ਤੁਸੀਂ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਆਪ ਨੂੰ ਲਗਾਤਾਰ ਉੱਨਤ ਕਰ ਰਹੇ ਹੋ; ਭਾਵੇਂ ਤੁਸੀਂ ਆਪ ਨੇੜੇ ਦੇ ਤੇ ਤੀਖਣ ਧਿਆਨ ਨਾਲ ਆਪਣੀ ਬੁੱਧੀ ਨੂੰ ਵਧਾ ਰਹੇ ਹੋਵੋ, ਭਾਵੇਂ ਤੁਸੀਂ ਮਨੁੱਖਾਂ ਅਤੇ ਵਸਤੂਆਂ ਦੇ ਸੁਭਾਵਾਂ ਨੂੰ ਜਾਚਣ ਦੇ ਲਗਾਤਾਰ ਜਤਨ ਕਰ ਕੇ ਆਪਣੇ ਮਾਨਸਿਕ ਤੇ ਆਤਮਕ ਦ੍ਰਿਸ਼ਟੀਕੋਣ ਨੂੰ ਚੌੜੇਰਾ ਕਰ ਰਹੇ ਹੋਵੋ ਤੇ ਇਸ ਤਰ੍ਹਾਂ 'ਹਉਮੈ' ਤੋਂ ਦੂਰ ਰਹਿੰਦੇ ਹੋਏ ਮਨੁੱਖ ਜਾਤੀ ਦੀ ਸੇਵਾ ਤੇ ਸਹਾਇਤਾ ਦੇ ਹਲਕੇ ਨੂੰ ਚੌੜੇਰਾ ਕਰ ਰਹੇ ਹੋਵੋ।

ਜਿਹੜੇ ਨੌਜਵਾਨ ਸ੍ਵੈ-ਪਛਾਣ ਦੇ ਰਾਹ ਤੇ ਚਲਣਾ ਚਾਹੁੰਦੇ ਹਨ ਉਨ੍ਹਾਂ ਲਈ ਸੰਸਾਰ ਦੀਆਂ ਮਹਾਨ ਪੁਸਤਕਾਂ, ਵੱਡੇ ਵੱਡੇ ਆਦਮੀਆਂ ਦੇ ਜੀਵਨ ਚਰਿਤਰ ਪੜ੍ਹਨ ਤੇ ਉੱਚੀਆਂ ਪਵਿਤਰ ਆਤਮਾਵਾਂ ਨਾਲ ਮੇਲ ਜੋਲ ਕਰਨਾ ਬਹੁਤ ਲਾਭਦਾਇਕ ਹੋਵੇਗਾ।

ਜ਼ਰਾ ਧਿਆਨ ਦਿਓ ਲਿੰਕਨ ਜੇਹੇ ਮਨੁੱਖ ਨੇ ਕਿੰਨੇ ਲੋਕਾਂ ਦੀਆਂ ਸੰਭਾਵਨਾਵਾਂ ਤੇ ਗੁਪਤ-ਦਰ ਖੋਲ ਦਿੱਤੇ। ਹਜ਼ਾਰਾਂ ਬੰਦੇ ਇਸ ਵੇਲੇ ਜਿਉਂਦੇ ਹਨ ਜਿਹੜੇ ਅਤੀਅੰਤ ਸ਼ਾਨਦਾਰ ਮਨੁੱਖ ਬਣ ਗਏ ਹਨ, ਚੰਗੇਰੇ ਪਤੀ ਤੇ ਚੰਗੇਰੀਆਂ ਪਤਨੀਆਂ ਬਣ ਗਏ ਹਨ, ਆਦਰਸ਼ਕ ਵਕੀਲ, ਚੰਗੇਰੇ ਡਾਕਟਰ ਚੰਗੇਰੇ ਰਾਜਨੀਤੱਕ ਬਣੇ ਹੋਏ ਹਨ, ਇਨ੍ਹਾਂ ਦੇ ਸਾਹਮਣੇ ਕੇਵਲ ਇਬਰਾਹਮ ਲਿੰਕਨ ਦੀ ਮਿਸਾਲ ਹੈ। ਉਸ ਦੀ ਜੀਵਨ ਕਹਾਣੀ ਨੇ, ਉਸ ਦੇ ਕਾਰਨਾਮਿਆਂ ਨੇ ਇਨ੍ਹਾਂ ਲੋਕਾਂ ਦੇ ਆਪੇ ਵਿਚ ਨਵੀਂ ਰਾਹ ਤੇ ਸੰਭਾਵਨਾਵਾਂ ਦੇ ਰਾਹ ਖੋਲ ਦਿੱਤੇ ਹਨ। ਸਾਡੇ ਕਾਇਦੇ ਕਾਨੂੰਨ ਚੰਗੇ ਬਣ ਗਏ ਹਨ, ਸਾਡੀਆਂ ਸੰਸਥਾਵਾਂ ਚੰਗੇਰੀਆਂ ਹਨ, ਸਾਡੀ ਸਭਿਅਤਾ ਵਧੇਰੀ ਉੱਚੀ ਹੋ ਗਈ ਹੈ। ਕੇਵਲ ਇਸ ਲਈ ਕਿ ਲਿੰਕਨ ਜੇਹੀ ਸ਼ਾਨਦਾਰ ਸ਼ਖਸੀਅਤ ਸਾਡੇ ਵਿਚ ਹੋ ਗੁਜ਼ਰੀ ਹੈ।

ਆਪਣੇ ਆਪ ਨੂੰ ਪਛਾਣਨ ਦਾ ਸਾਧਨ ਹਿੰਮਤ ਤੇ ਹੌਸਲੇ ਨਾਲ ਦਿਲ ਨੂੰ ਭਰਪੂਰ ਕਰ ਦੇਣ ਵਾਲੀ ਕਿਤਾਬ ਦੇ ਮੁਕਾਬਲੇ ਵਿਚ ਮੈਨੂੰ ਕੋਈ ਹੋਰ ਸ਼ਕਤੀਸ਼ਾਲੀ ਪਰਤੀਤ ਨਹੀਂ ਹੁੰਦਾ। ਇਹੋ ਜੇਹੀਆਂ ਕਿਤਾਬਾਂ ਦਾ ਕੋਲ ਰੱਖਣਾ ਬੜਾ ਜ਼ਰੂਰੀ ਹੈ ਕਿਉਂਕਿ ਲੋੜੀਂਦੀ ਮਾਨਸਿਕ ਖੁਰਾਕ ਇਨ੍ਹਾਂ ਨੂੰ ਨਾ ਮਿਲਦੀ ਰਹੇ ਤਾਂ ਇਨ੍ਹਾਂ ਵਿਚ ਹੁਲਾਰਾ ਨਹੀਂ ਰਹਿੰਦਾ ਤੇ ਸਾਡੇ ਚਿਤਵੇਂ ਆਦਰਸ਼ ਧੁੰਦਲੇ ਪੈ ਜਾਂਦੇ ਹਨ।

ਕਿਸੇ ਚੰਗੇ ਉਪਦੇਸ਼ਕ ਦਾ ਉਪਦੇਸ਼ ਸੁਣ ਕੇ ਸਾਡੀ ਹਸਤੀ ਆਪਣੇ ਕੇਂਦਰ ਤੱਕ ਹਲੂਣੀ ਜਾਂਦੀ ਹੈ। ਬਹੁਤ ਸਾਰੀਆਂ ਰੂਹਾਂ ਵਿਚ ਨਵੀਆਂ ਉਮੰਗਾਂ ਜਾਗ ਪੈਂਦੀਆਂ

ਹਨ, ਨਵੀਆਂ ਤਾਕਤਾਂ, ਨਵੇਂ ਇਰਾਦੇ ਪੈਦਾ ਹੋ ਜਾਂਦੇ ਹਨ ਜਿਹੜੇ ਕਿ ਉਪਦੇਸ਼ ਸੁਣਨ ਤੋਂ ਪਹਿਲਾਂ, ਜਿਥੋਂ ਤੱਕ ਅੰਦਰਲੀਆਂ ਸ਼ਕਤੀਆਂ ਦੇ ਜਾਣਨ ਜਾਂ ਉਨ੍ਹਾਂ ਦੇ ਵਰਤਣ ਦਾ ਸਬੰਧ ਹੈ, ਬਿਲਕੁਲ ਸੁੱਤੇ ਪਏ ਸਨ। ਸ਼ਾਇਦ ਤੁਹਾਡੇ ਤਜਰਬੇ ਵਿਚ ਵੀ ਇਹ ਗੱਲ ਆਈ ਹੋਵੇ ਕਿ ਕਿਸੇ ਵੱਡੇ ਉਪਦੇਸ਼ਕ ਜਾਂ ਪਰਚਾਰਕ ਦਾ ਵਖਿਆਨ ਸੁਣ ਕੇ ਤੁਹਾਡੀਆਂ ਅੱਖਾਂ ਵਿਚ ਇਕ ਨਵਾਂ ਸੰਸਾਰ ਆ ਸਮਾਇਆ ਤੇ ਤੁਹਾਨੂੰ ਆਪਣੇ ਅੰਤ੍ਰੀਵ-ਆਪੇ ਦੀ ਝਲਕ ਪੈ ਗਈ ਜਿਹੜਾ ਜੇ ਇਹ ਲੈਕਚਰ ਨਾ ਸੁਣਿਆ ਜਾਂਦਾ ਤਾਂ, ਅਣਲਭਿਆ ਹੀ ਪਿਆ ਰਹਿੰਦਾ।

'ਜਿੰਨਾਂ ਜਿੰਨਾਂ ਮਨੁੱਖ ਆਪਣੇ ਆਪੇ ਦਾ ਤੇ ਆਪਣੀਆਂ ਸੰਭਾਵਨਾਵਾਂ ਦਾ ਗਿਆਨ ਪ੍ਰਾਪਤ ਕਰਦਾ ਜਾਂਦਾ ਹੈ, ਉਨਾਂ ਹੀ ਵੱਡਾ ਬਣਦਾ ਜਾਂਦਾ ਹੈ।' ਜਿੰਨਾਂ ਵਧੇਰੇ ਅਸੀਂ ਆਪਣੀਆਂ ਸੰਭਾਵਨਾਵਾਂ ਨੂੰ ਪ੍ਰਫੁਲਤ ਕਰਦੇ ਹਾਂ, ਜਿੰਨੀ ਵਧੇਰੀ ਅਸੀਂ ਆਪਣੇ ਵਸੀਲਿਆਂ ਦੀ ਵਰਤੋਂ ਕਰਦੇ ਹਾਂ, ਉਨਾਂ ਹੀ ਵਧੇਰਾ ਅਸੀਂ ਆਪਣੇ ਗੁਪਤ ਆਪੇ ਨੂੰ ਪਰਗਟ ਕਰਦੇ ਜਾਂਦੇ ਹਾਂ, ਉਨਾਂ ਹੀ ਚੌੜੇਰਾ ਸਾਡਾ ਦ੍ਰਿਸ਼ਟੀਕੋਣ ਹੁੰਦਾ ਜਾਂਦਾ ਹੈ ਤੇ ਜੀਵਨ ਨਿਰੰਤਰ ਉੱਨਤੀ ਦਾ ਸਾਧਨ ਬਣੀ ਜਾਂਦਾ ਹੈ

ਯੁੱਗਾਂ ਦਾ ਪੈਂਡਾ ਝਾਗ ਕੇ ਮਨੁੱਖ ਵਹਿਸ਼ੀ ਤੋਂ ਇਨਸਾਨ ਬਣਿਆ ਹੈ ਤੇ ਇਸ ਪੈਂਡੇ ਵਿਚ ਅਸਾਂ ਨੇ ਅਜੇਹੀਆਂ ਸ਼ਾਨਦਾਰ ਸ਼ਕਤੀਆਂ ਤੇ ਉਚੇਰੇ ਸਾਧਨਾਂ ਨੂੰ ਪ੍ਰਫੁਲਤ ਕੀਤਾ ਹੈ ਕਿ ਆਦਿ ਮਨੁੱਖ ਨੂੰ ਇਸ ਦਾ ਸੁਪਨਾ ਵੀ ਨਹੀਂ ਆ ਸਕਦਾ ਪਰ ਵਰਤਮਾਨ ਸਭਯ ਮਨੁੱਖ ਅਜੇ ਵੀ ਆਪਣੀ ਅਸਲੀ ਮੰਜ਼ਲ ਤੋਂ, ਆਪਣੀ ਤਰੱਕੀ, ਆਪਣੀ ਚੜ੍ਹਾਈ ਦੇ ਅੰਤਲੇ ਸਿਰੇ ਤੋਂ ਹਾਲੇ ਵੀ ਉਨਾਂ ਹੀ ਦੂਰ ਹੈ ਜਿੰਨਾਂ ਉਹ ਸ਼ੁਰੂ ਦੀਆਂ ਜਹਾਲਤਾਂ ਦੀਆਂ ਮੰਜ਼ਲਾਂ ਤੋਂ ਅੱਗੇ ਨਿਕਲ ਆਇਆ ਹੈ।

ਗੈਰਟ ਪੀ ਸਰਵਿਸ ਦਾ ਕਥਨ ਹੈ- 'ਮਨੁੱਖੀ ਦਿਮਾਗ਼ ਹਾਲੇ ਵੀ ਬਾਲਪਨ ਦੀ ਅਵਸਥਾ ਵਿਚ ਹੈ, ਕਿਉਂਕਿ ਅਸੀਂ ਇਸ ਗੱਲ ਤੋਂ ਜਾਣੂ ਹਾਂ ਇਸ ਲਈ ਜੇ ਅਸੀਂ ਇਹ ਆਸ ਕਰੀਏ ਕਿ ਸਾਡਾ ਭਵਿਖਤ ਦਾ ਗਿਆਨ ਕੇਵਲ ਪ੍ਰਿਥਵੀ ਦੀਆਂ

ਭਰਪੂਰ ਸ਼ਕਤੀਆਂ ਤੱਕ ਹੀ ਸੀਮਤ ਨਹੀਂ ਰਹੇਗਾ ਸਗੋਂ ਅਸੀਂ ਇਨ੍ਹਾਂ ਸ਼ਕਤੀਆਂ ਪਾਸੋਂ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਸੇਵਾ ਵੀ ਕਰਾਵਾਂਗੇ ਤਾਂ ਸਾਡੀ ਆਸ ਗਲਤ ਨਹੀਂ ਹੋਵੇਗੀ।

ਅਸੀਂ ਲਗਾਤਾਰ ਉੱਨਤੀ ਕਰਦੇ ਚਲੇ ਆ ਰਹੇ ਹਾਂ ਪਰ ਫੇਰ ਵੀ ਅਸੀਂ ਉਨ੍ਹਾਂ ਮਹਾਨ ਸੰਭਾਵਨਾਵਾਂ ਤੋਂ ਅਣਜਾਣ ਹਾਂ ਜਿਹੜੀਆਂ ਸਾਡੇ ਮਹਾਨ ਅੰਦਰਲੇ ਵਿਚ ਸੁੱਤੀਆਂ ਪਈਆਂ ਹਨ। ਹਰ ਮਨੁੱਖ ਦਾ ਜ਼ਰੂਰੀ ਫਰਜ਼ ਹੈ ਕਿ ਉਹ ਇਨ੍ਹਾਂ ਸੰਭਾਵਨਾਵਾਂ ਉਪਰ ਪਏ ਹੋਏ ਪੜਦਿਆਂ ਨੂੰ ਚੁੱਕੇ ਤੇ ਆਪਣੇ ਵਸੀਲਿਆਂ ਦਾ ਪਤਾ ਕਰੇ।

ਯੂਨਾਨ ਦੇ ਸੱਤਾਂ ਸਿਆਣਿਆਂ ਦੇ ਉੱਚੇ ਅਤੇ ਅਤਿ ਸਿਆਣੇ ਖ਼ਿਆਲ ਦੋ ਸ਼ਬਦਾਂ ਵਿਚ ਪਰਗਟ ਕੀਤੇ ਗਏ ਹਨ, ਜਿਹੜੇ ਡੈਲਫਿਕੇ ਦੇ ਮਸ਼ਹੂਰ ਮੰਦਰ ਦੇ ਦਰਵਾਜ਼ੇ ਤੇ ਉਕਰੇ ਹੋਏ ਹਨ। ਉਹ ਸ਼ਬਦ ਹਨ, 'ਆਪਾ ਪਛਾਣੋ।'

'ਆਪਾ ਪਛਾਣਨਾ।' ਅਸਲ ਵਿਚ ਇਹੋ ਹੀ ਇਨਸਾਨ ਦਾ ਮੁੱਖ-ਮੰਤਵ ਹੈ। ਆਪਣੇ ਆਪੇ ਨੂੰ ਪਛਾਣਨ ਦਾ ਗਿਆਨ ਇਨਸਾਨ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। ਉਸ ਨੂੰ ਉਸ ਸ਼ਕਤੀ ਨੂੰ ਜਾਣ ਲੈਣਾ ਚਾਹੀਦਾ ਹੈ ਜਿਹੜੀ ਕਾਦਰ ਦੇ ਨਾਲ ਕਦੇ ਨ ਟੁੱਟਣ ਵਾਲੇ ਸਬੰਧ ਦੇ ਕਾਰਣ ਉਸ ਦੇ ਅੰਦਰ ਮੌਜੂਦ ਹੈ।

ਕਾਂਡ ੮

ਖੁਸ਼ਹਾਲ ਕਿਸ ਤਰ੍ਹਾਂ ਬਣੀਦਾ ਹੈ ?

ਡਰ ਤੇ ਸ਼ੰਕੇ ਖੁਸ਼ਹਾਲੀ ਨੂੰ ਪਰ੍ਹਾਂ ਹੀ ਪਰ੍ਹਾਂ ਧਕਦੇ ਹਨ। ਜਿਸ ਮਨੁੱਖ ਦਾ ਮਾਨਸਿਕ ਝੁਕਾਉ ਇਸ ਤਰ੍ਹਾਂ ਦਾ ਹੁੰਦਾ ਹੈ ਉਹਦੇ ਵੱਲ ਖੁਸ਼ਹਾਲੀ ਕਦੇ ਵੀ ਨਹੀਂ ਆਉਂਦੀ। ਮਨਾਸਿਕ ਬਾਦਸ਼ਾਹੀ ਵਿਚ ਇਕ ਦੂਜੇ ਦੀਆਂ ਵਿਰੋਧੀ ਗੱਲਾਂ ਇਕ ਦੂਜੇ ਨੂੰ ਪਰ੍ਹਾਂ ਧਕਦੀਆਂ ਹਨ।

ਖੁਸ਼ਹਾਲ ਹੋਣ ਦੀਆਂ ਕੋਸ਼ਿਸ਼ਾਂ ਕਰਦਿਆਂ ਹੋਇਆਂ ਸਦਾ ਗਰੀਬੀ ਦੀਆਂ ਗੱਲਾਂ ਕਰਦਿਆਂ ਰਹਿਣਾ, ਗਰੀਬੀ ਦੇ ਖ਼ਿਆਲ ਸੋਚਦੇ ਰਹਿਣਾ, ਗਰੀਬੀ ਤੋਂ ਸਹਿਮ ਕੇ ਇਹੋ ਸੋਚਦਾ ਰਹਿਣਾ ਕਿ 'ਅਸੀਂ ਸਦਾ ਕੰਗਾਲ ਗਰੀਬ ਹੀ ਰਹਾਂਗੇ' ਉਸੇ ਤਰ੍ਹਾਂ ਹੈ ਜਿਵੇਂ ਬੀਮਾਰੀ ਦੇ ਇਲਾਜ ਕਰਨ ਦਾ ਜਤਨ ਕਰਦਿਆਂ ਸਦਾ ਬੀਮਾਰ ਰਹਿਣ ਦਾ ਖ਼ਿਆਲ ਦਿਲ ਵਿਚ ਬਣਾਈ ਰੱਖਣਾ। ਜੇ ਅਸੀਂ ਬੀਮਾਰੀ ਦੇ ਚਿੱਤਰ ਦਿਲ ਵਿਚ ਖਿਚਦੇ ਰਹੀਏ, ਬੀਮਾਰੀ ਨੂੰ ਹੀ ਸਦਾ ਨਜ਼ਰ ਦੇ ਸਾਹਮਣੇ ਲਿਆਉਂਦੇ ਰਹੀਏ ਤੇ ਯਕੀਨ ਕਰਦੇ ਰਹੀਏ ਕਿ ਅਸੀਂ ਸਦਾ ਬੀਮਾਰ ਹੀ ਰਹਾਂਗੇ, ਸਾਡਾ ਕੋਈ ਇਲਾਜ ਹੋ ਹੀ ਨਹੀਂ ਸਕਦਾ, ਤਾਂ ਸਾਡੀ ਬੀਮਾਰੀ ਹੱਟ ਹੀ ਨਹੀਂ ਸਕੇਗੀ। ਇਉਂ ਹੀ ਗਰੀਬੀ ਦਾ ਖ਼ਿਆਲ ਰੱਖਦਿਆਂ ਹੋਇਆਂ ਖੁਸ਼ਹਾਲੀ ਨਹੀਂ ਆ ਸਕਦੀ।

ਬਿਨਾਂ ਉਸ ਚੀਜ਼ ਦੇ, ਜਿਹੜੀ ਖੁਸ਼ਹਾਲੀ ਨਾਲ ਸਬੰਧ ਰੱਖਦੀ ਹੋਵੇ, ਹੋਰ ਕੋਈ ਚੀਜ਼ ਖੁਸ਼ਹਾਲੀ ਨੂੰ ਨਹੀਂ ਖਿੱਚ ਸਕਦੀ। ਖੁਸ਼ਹਾਲੀ ਨੂੰ ਖਿੱਚਣ ਲਈ ਖੁਸ਼ਹਾਲੀ ਦੇ ਵਿਚਾਰ, ਖੁਸ਼ਹਾਲੀ ਤੇ ਯਕੀਨ, ਖੁਸ਼ਹਾਲੀ ਤੇ ਭਰੋਸਾ ਤੇ ਖੁਸ਼ਹਾਲੀ ਦੀ ਉਮੰਗ ਹੋਣੀ ਜ਼ਰੂਰੀ ਹੈ।

ਦੌਲਤ ਵੀ ਹਿਸਾਬ ਵਾਂਙ ਇਕ ਕਾਨੂੰਨ ਦੇ ਅਧੀਨ ਚਲਦੀ ਹੈ। ਜੇ ਅਸੀਂ ਇਸ ਕਾਨੂੰਨ ਨੂੰ ਮੰਨਾਂਗਾ ਤਾਂ ਦੌਲਤ ਸਾਡੇ ਵੱਲ ਭੱਜਦੀ ਚਲੀ ਆਵੇਗੀ। ਜੇ ਕਾਨੂੰਨ ਦੇ ਵਿਰੁੱਧ ਚਲਾਂਗੇ ਤਾਂ ਇਹ ਸਾਡੇ ਵੱਲ ਆਉਣੇ ਰੁਕ ਜਾਵੇਗੀ। ਬਹੁਤ ਸਾਰੇ ਲੋਕ ਸਿਰਫ ਅੱਧ ਇੰਚ ਦੀ ਨਾਲੀ ਲਾ ਕੇ ਜੀਵਨ ਸਪਲਾਈ ਦੀ ਟੈਂਕੀ ਵਿਚੋਂ ਆਪਣਾ ਹਿੱਸਾ ਲੈਂਦੇ ਹਨ, ਫੇਰ ਉਸ ਨੂੰ ਵੀ ਸ਼ੰਕਿਆਂ, ਡਰਾਂ, ਚਿੰਤਾਵਾਂ, ਵਿਸ਼ਵਾਸ ਦੀ ਘਾਟ ਨਾਲ ਭੰਗ ਕਰ ਲੈਂਦੇ ਹਨ। ਰੱਬ ਦੇ ਭੰਡਾਰ ਭਰਪੂਰ ਹਨ। ਉਨ੍ਹਾਂ ਵਿਚ ਕਦੇ ਘਾਟ ਨਹੀਂ ਆਉਂਦੀ। ਤੰਗੀ ਤੁਰਸ਼ੀ, ਤੋਟਾ ਤੇ ਊਣਤਾਈ ਸਾਡੇ ਵਿਚ ਹੈ, ਕਿਉਂਕਿ ਰੱਬ ਤਾਂ ਹਰ ਤ੍ਰਿਸਨਾਲੂ ਆਤਮਾ ਨੂੰ ਤ੍ਰਿਪਤ ਕਰਦਾ ਹੈ ਤੇ ਭੁਖਿਆਂ ਨੂੰ ਸੁਹਣੀਆਂ ਚੀਜ਼ਾਂ ਨਾਲ ਰਜਾਉਂਦਾ ਹੈ।

ਬਾਹਰ ਦੀ ਗਰੀਬੀ ਨੂੰ ਜਿੱਤਣ ਤੋਂ ਪਹਿਲਾਂ ਸਾਨੂੰ ਆਪਣੇ ਅੰਦਰ ਦੀ ਗਰੀਬੀ ਤੇ ਫਤਿਹ ਪਾਉਣੀ ਚਾਹੀਦੀ ਹੈ। ਅਸਲੀ ਖੁਸ਼ਹਾਲੀ ਤਾਂ ਅਧਿਆਤਮਕ ਦੌਲਤ, ਭਰਪੂਰਤਾ ਤੇ ਪੂਰਣਤਾ ਦੀ ਅੰਦਰਲੀ ਚੇਤਨਤਾ ਦਾ ਨਾਉਂ ਹੈ। ਜਦੋਂ ਸਾਡੇ ਅੰਦਰ ਇਹ ਚੇਤਨਤਾ ਹੋ ਜਾਵੇ ਕਿ ਸਾਡੇ ਚਾਰੇ ਪਾਸੇ ਸਾਡੀਆਂ ਲੋੜਾਂ ਦੇ ਭੰਡਾਰਾਂ ਨਾਲ ਭਰਪੂਰ ਹਨ, ਰੱਬ ਸਾਡਾ ਸਾਂਝੀ ਹੈ, ਉਹ ਸਾਡਾ ਰਾਖਾ ਹੈ, ਸਾਨੂੰ ਕਦੇ ਵੀ ਕਿਸੇ ਵਸਤੂ ਦੀ ਥੁੜ ਨਹੀਂ ਹੋ ਸਕਦੀ, ਤਾਂ ਅਸੀਂ ਕਦੇ ਵੀ ਆਪਣੇ ਆਪ ਨੂੰ ਗਰੀਬ ਮਹਿਸੂਸ ਨਾ ਕਰੀਏ।

ਇਕ ਗਰੀਬ ਜੇਹੀ ਤੀਵੀਂ ਸੀ। ਉਹ ਸਾਰੀ ਉਮਰ ਪਛੜੇ ਹੋਏ ਇਲਾਕੇ ਦੇ ਕਿਸੇ ਛੋਟੇ ਜੇਹੇ ਪਿੰਡ ਵਿਚ ਰਹਿੰਦੀ ਰਹੀ ਸੀ, ਕਿਸੇ ਤਰ੍ਹਾਂ ਉਹ ਇਕ ਰੱਜੇ ਪੁੱਜੇ ਪਿੰਡ ਵਿਚ ਆ ਵਸੀ। ਜਿਸ ਘਰ ਵਿਚ ਉਹ ਰਹਿਣ ਲੱਗੀ ਉਸ ਘਰ ਵਿਚ ਬਿਜਲੀ ਦੀ ਰੋਸ਼ਨੀ ਦਾ ਪ੍ਰਬੰਧ ਸੀ। ਉਹ ਵਿਚਾਰੀ ਨਹੀਂ ਸੀ ਜਾਣਦੀ ਕਿ ਬਿਜਲੀ ਕੀ ਹੁੰਦੀ ਹੈ, ਨਾ ਹੀ ਉਨ੍ਹੇ ਕਦੇ ਇਸ ਤੋਂ ਪਹਿਲਾਂ ਬਿਜਲੀ ਦੀ ਰੋਸ਼ਨੀ ਵੇਖੀ

ਸੀ। ਛੋਟੇ ਛੋਟੇ, ਅੱਠ ਬੱਤੀ ਦੀ ਰੋਸ਼ਨੀ ਵਾਲੇ ਬਿਜਲੀ ਦੇ ਬਲਬ, ਜਿਹੜੇ ਘਰ ਵਿਚ ਲੱਗੇ ਹੋਏ ਸਨ ਉਹ ਉਸਨੂੰ ਕੋਈ ਅਚੰਭੇ ਦੀਆਂ ਚੀਜ਼ਾਂ ਮਲੂਮ ਹੋਏ।

ਕੁਝ ਸਮੇਂ ਪਿੱਛੋਂ ਇਕ ਦਿਨ ਉਸ ਪਿੰਡ ਵਿਚ ਇਕ ਫੇਰੀ ਵਾਲਾ ਨਵੀਂ ਕਿਸਮ ਦੀ ਬਿਜਲੀ ਦੇ ਬਲਬ ਵੇਚਦਾ ਆ ਨਿਕਲਿਆ ਤੇ ਉਸ ਨੇ ਉਸ ਤੀਵੀਂ ਨੂੰ ਕਿਹਾ ਕਿ 'ਮਾਈ ਤੇਰਾ ਛੋਟਾ ਜੇਹਾ ਬਲਬ ਲਾਹ ਕੇ ਮੈਂ ਸੱਠ ਬੱਤੀ ਦੀ ਰੋਸ਼ਨੀ ਵਾਲਾ ਬਲਬ ਲਾ ਕੇ ਦਿਖਾਵਾਂ, ਤੂੰ ਵੇਖੇਂਗੀ ਕਿ ਮੇਰਾ ਬਲਬ ਕੀ ਕਰ ਵਿਖਾਏਗਾ ? ਮਾਈ ਨੇ ਮੰਨ ਲਿਆ। ਜਦੋਂ ਉਸ ਲਾਟੂ ਵਿਚੋਂ ਰੋਸ਼ਨੀ ਆਈ ਤਾਂ ਮਾਈ ਹੈਰਾਨੀ ਨਾਲ ਬੁੱਤ ਬਣ ਕੇ ਖੜੀ ਦੀ ਖੜੀ ਰਹਿ ਗਈ। ਉਸ ਨੂੰ ਤਾਂ ਇਹ ਜਾਦੂ ਹੀ ਜਾਪਿਆ ਕਿ ਇਕ ਛੋਟਾ ਜੇਹਾ ਲਾਟੂ ਇੰਨੀ ਵਧੀਆ ਸੂਰਜ ਵਰਗੀ ਰੋਸ਼ਨੀ ਦੇ ਸਕਦਾ ਹੈ। ਉਹਦੇ ਤਾਂ ਸੁਪਨੇ ਵਿਚ ਵੀ ਕਦੀ ਨਹੀਂ ਸੀ ਆਇਆ ਕਿ ਰੋਸ਼ਨੀ ਦੇ ਇਸ ਨਵੇਂ ਹੜ੍ਹ ਦਾ ਸਰੋਤ ਤਾਂ ਪਹਿਲੋਂ ਹੀ ਉਥੇ ਮੌਜੂਦ ਸੀ ਤੇ ਇਹ ਵਧ ਰੋਸ਼ਨੀ ਉਸੇ ਸਰੋਤ ਵਿਚੋਂ ਆਈ ਹੈ ਜਿਸ ਵਿਚੋਂ ਉਸ ਦੀ ਛੋਟੇ ਅੱਠ ਬੱਤੀ ਦੀ ਰੋਸ਼ਨੀ ਵਾਲੇ ਬਲਬ ਵਿਚ ਆਉਂਦੀ ਸੀ।

ਇਸ ਗਰੀਬ ਤੀਵੀਂ ਦੀ ਅਗਿਆਨਤਾ ਤੇ ਸਾਨੂੰ ਹਾਸਾ ਆਉਂਦਾ ਹੈ ਪਰ ਸਾਡੇ ਬਹੁਤ ਸਾਰੇ ਲੋਕ ਅਜੇਹੇ ਹਨ ਜੋ ਉਸ ਤੀਵੀਂ ਦੀ ਬਿਜਲੀ ਸਬੰਧੀ ਅਗਿਆਨਤਾ ਨਾਲੋਂ ਕਿਤੇ ਵਧੇਰੇ ਆਪਣੀ ਸ਼ਕਤੀ ਵਲੋਂ ਅਣਜਾਣ ਹਨ। ਅਸੀਂ ਸਾਰਾ ਜੀਵਨ ਅੱਠ ਬੱਤੀ ਦੀ ਰੋਸ਼ਨੀ ਵਾਲੇ ਲਾਟੂ ਵਰਤਦਿਆਂ ਹੀ ਗੁਜ਼ਾਰ ਦਿੰਦੇ ਹਾਂ ਤੇ ਦਿਲ ਵਿਚ ਮੰਨੀ ਬੈਠੇ ਰਹਿੰਦੇ ਹਾਂ ਕਿ ਜਿੰਨੀ ਕੁ ਤਾਕਤ ਸਾਡੇ ਪਾਸ ਸੀ ਅਸੀਂ ਇੰਨੀ ਕੁ ਹੀ ਪ੍ਰਾਪਤ ਕਰ ਸਕਦੇ ਹਾਂ। ਸਾਡੀ ਕਿਸਮਤ ਵਿਚ ਇਨ੍ਹਾਂ ਕੁਝ ਹੀ ਲਿਖਿਆ ਹੋਇਆ ਹੈ। ਸਾਡੀ ਸਮਰੱਥਾ ਦੀ ਹੱਦ ਇੰਨੀ ਹੀ ਹੈ। ਸਾਨੂੰ ਕਦੇ ਖ਼ਿਆਲ ਹੀ ਨਹੀਂ ਆਉਂਦਾ ਕਿ ਚਾਨਣ ਦੀ ਇਕ ਅਨੰਤ ਧਾਰਾ ਨਾਲ ਸਾਡਾ ਸਿੱਧਾ ਸਬੰਧ ਹੈ ਜੋ ਸਾਡੇ

ਜੀਵਨ ਨੂੰ ਰੋਸ਼ਨੀ ਨਾਲ ਚਮਕਾ ਸਕਦੀ ਹੈ, ਜਿਸ ਦੀ ਚਮਕ ਤੇ ਸੁੰਦਰਤਾ ਸਾਡੇ ਖਿਆਲੋਂ ਵੀ ਪਰੇ ਹੈ। ਸ਼ਰਤ ਕੇਵਲ ਇੰਨੀ ਹੈ ਕਿ ਅਸੀਂ ਵੱਡਾ ਲਾਟੂ ਲਾ ਦੇਈਏ ਤੇ ਉਸ ਅਨੰਤ ਧਾਰਾ ਨਾਲ ਆਪਣਾ ਸਬੰਧ ਜੋੜ ਲਈਏ। ਇਸ ਧਾਰਾ ਨਾਲ ਆਪਣਾ ਸਬੰਧ ਜੋੜਨ ਲਈ ਜਿਹੜੀ ਤਾਰ ਅਸੀਂ ਵਰਤਦੇ ਹਾਂ ਉਹ ਇੰਨੀ ਛੋਟੀ ਹੈ ਕਿ ਉਸ ਮਹਾਨ ਧਾਰਾ ਵਿਚੋਂ ਬਹੁਤ ਘੱਟ ਬੱਤੀਆਂ ਵਾਲੀ ਐਵੇਂ ਇਕ ਨਿੱਕੀ ਜੇਹੀ ਲਹਿਰ ਉਹਦੇ ਰਾਹੀਂ ਸਾਡੇ ਵਿਚ ਆ ਸਕਦੀ ਹੈ ਹਾਲਾਂਕਿ ਲੱਖਾਂ ਬੱਤੀਆਂ ਵਾਲੀ ਤਾਕਤ ਸਾਡੇ ਬੂਹੇ ਕੋਲੋਂ ਦੀ ਲੰਘਦੀ ਚਲੀ ਜਾ ਰਹੀ ਹੈ। ਇਸ ਅਨੰਤ ਧਾਰਾ ਵਿਚੋਂ ਖੁਲੀ ਡੁਲੀ ਲਹਿਰ ਸਾਡੀ ਬਣ ਸਕਦੀ ਹੈ, ਬਸ ਇੰਨਾਂ ਹੀ ਚਾਹੀਦਾ ਹੈ ਕਿ ਉਹਦੇ ਲੈਣ ਲਈ ਤੇ ਉਹਨੂੰ ਪਰਗਟ ਕਰ ਕੇ ਦਿਖਾਉਣ ਲਈ ਅਸੀਂ ਤਿਆਰ ਹੋ ਜਾਈਏ।

ਬੇਸ਼ੁਮਾਰ ਮਨੁੱਖ ਉਸ ਗਰੀਬ ਪੇਂਡੂ ਬੁੱਢੀ ਵਾਂਙ ਉਮਰਾਂ ਅਜਾਈਂ ਗੁਆ ਦਿੰਦੇ ਹਨ ਤੇ ਉਨ੍ਹਾਂ ਨੂੰ ਇੰਨੀ ਵਾਕਫੀਅਤ ਵੀ ਨਹੀਂ ਹੁੰਦੀ ਕਿ ਉਨ੍ਹਾਂ ਦੀ ਵਰਤੋਂ ਲਈ ਤਿਆਰ, ਬਹੁਤ ਸਾਰੀ ਰੋਸ਼ਨੀ ਤੇ ਤਾਕਤ ਉਨ੍ਹਾਂ ਦੇ ਦਰਵਾਜਿਆਂ ਦੇ ਕੋਲੋਂ ਲੰਘਦੀ ਚਲੀ ਜਾਂਦੀ ਹੈ ਜਿਸ ਵਿਚੋਂ ਜਿੰਨੀ ਵੀ ਉਹ ਵਰਤ ਸਕਦੇ ਹਨ ਬੇਸ਼ਕ ਵਰਤ ਲੈਣ। ਉਹ ਵਰਤਣ ਲਈ ਉਨ੍ਹਾਂ ਵੱਡੇ ਭੰਡਾਰਾਂ ਵਿਚੋਂ ਉਨਾਂ ਮਸਾਲਾ ਨਹੀਂ ਲੈ ਸਕਦੇ ਜਿੰਨਾਂ ਕਿ ਉਹ ਬੁੱਢੀ ਤੀਵੀਂ ਬਿਜਲੀ ਦੀ ਧਾਰ ਵਿਚੋਂ ਲੈ ਰਹੀ ਸੀ। ਜਾਪਦਾ ਹੈ ਕਿ ਉਨ੍ਹਾਂ ਨੂੰ ਇਹੋ ਖ਼ਿਆਲ ਹੈ ਕਿ ਜਿਹੜੀ ਚਾਰ ਜਾਂ ਅੱਠ ਬੱਤੀ ਦੀ ਤਾਕਤ ਉਹ ਪਰਗਟ ਕਰ ਰਹੇ ਹਨ, ਅਨੰਤ ਭੰਡਾਰ ਵਿਚੋਂ ਉਨ੍ਹਾਂ ਨੂੰ ਉਨੀ ਹੀ ਮਿਲ ਸਕਦੀ ਹੈ। ਉਨ੍ਹਾਂ ਦੀ ਕਿਸਮਤ ਵਿਚ ਇੰਨੀ ਹੀ ਲਿਖੀ ਹੋਈ ਹੈ ਤੇ ਉਹ ਇੰਨੀ ਕੁ ਸ਼ਕਤੀ ਨੂੰ ਵਰਤਣ ਲਈ ਬਣਾਏ ਗਏ ਸਨ ਇਹ ਉਨ੍ਹਾਂ ਨੂੰ ਕਦੇ ਨਹੀਂ ਸੁਝਦਾ ਕਿ ਧਾਰਾ ਦੇ ਵਿਚ ਤਾਂ ਕੋਈ ਨੁਕਸ ਜਾਂ ਖਰਾਬੀ ਨਹੀਂ, ਬਖੇੜਾ ਸਾਰਾ ਉਨ੍ਹਾਂ ਛੋਟੇ ਲਾਟੂਆਂ ਦਾ ਹੈ ਜਿਨ੍ਹਾਂ ਦੀ ਉਹ ਵਰਤੋਂ ਕਰ ਰਹੇ ਹਨ।

ਕਰੋੜਾਂ ਬੰਦੇ ਮਾਨਸਿਕ ਤੇ ਸਰੀਰਕ ਗਰੀਬੀ ਵਿਚ ਹੀ ਮਰਦੇ, ਮੁਕਦੇ, ਸੁਕਦੇ, ਸੜਦੇ ਸੰਸਾਰ ਤੋਂ ਚਲੇ ਜਾਂਦੇ ਹਨ, ਹਾਲਾਂਕਿ ਉਨ੍ਹਾਂ ਦੇ ਅੰਦਰ ਦੌਲਤ ਤੇ ਸ਼ਕਤੀ ਦੀਆਂ ਵੱਡੀਆਂ ਵੱਡੀਆਂ ਸੰਭਾਵਨਾਵਾਂ ਹੁੰਦੀਆਂ ਹਨ ਜਿੰਨਾਂ ਨੂੰ ਉਹ ਨਹੀਂ ਵਰਤਦੇ, ਕਿਉਂਕਿ ਉਨ੍ਹਾਂ ਨੇ ਉਸ ਸਰੋਤ ਨਾਲ ਆਪਣਾ ਸਬੰਧ ਨਹੀਂ ਜੋੜਿਆ ਜਿਸ ਕਰ ਕੇ ਉਹ ਦੌਲਤ ਤੇ ਤਾਕਤ ਪ੍ਰਾਪਤ ਕਰ ਸਕਦੇ।

ਸਾਡੇ ਵਿਚੋਂ ਬਹੁਤ ਸਾਰੇ ਲੋਕ ਆਪਣੇ ਦਾਤ-ਭੰਡਾਰ ਨੂੰ ਭੀੜੇ ਦ੍ਰਿਸ਼ਟੀਕੋਣ, ਗਰੀਬੀ, ਸ਼ੰਕਿਆਂ, ਡਰ, ਭੈ ਦੇ ਖਿਆਲਾਂ ਨਾਲ ਛੋਟਾ ਕਰ ਲੈਂਦੇ ਹਨ। ਅਸੀਂ ਆਪਣੇ ਗਰੀਬੀ ਦੇ ਮਾਰੇ ਹੋਏ ਮਾਨਸਿਕ ਝੁਕਾ ਨਾਲ ਖੁਸ਼ਹਾਲੀ ਦੇ ਵਹਿਣ ਨੂੰ ਘੱਟ ਕਰ ਲੈਂਦੇ ਹਾਂ ਜਾਂ ਉੱਕਾ ਹੀ ਰੋਕ ਦਿੰਦੇ ਹਾਂ।

ਖੁਲੇ ਤੇ ਆਸ਼ਾਵਾਦੀ ਮਨ ਵਿਚ ਪੂਰਣਤਾ ਦੀ ਨਦੀ ਉਮਡਦੀ ਹੀ ਚਲੀ ਆਉਂਦੀ ਹੈ। ਇਹ ਨਦੀ ਵਿਸ਼ਵਾਸ ਤੇ ਭਰੋਸੇ ਵੱਲ ਵਹਿੰਦੀ ਹੈ ਤੇ ਸ਼ੰਕਿਆਂ ਤੋਂ ਦੂਰ ਦੂਰ ਰਹਿੰਦੀ ਹੈ। ਤੰਗ ਦਿਲ, ਕੰਜੂਸ, ਸੜੀਅਲ, ਬੇਈਮਾਨ, ਡਰਾਕਲ, ਫਿਕਰਮੰਦ ਘਬਰਾਹਟ ਵਾਲੇ ਮਨਾਂ ਵੱਲ ਇਸ ਨਦੀ ਦਾ ਵਹਿਣ ਨਹੀਂ ਹੋ ਸਕਦਾ। ਸਾਨੂੰ ਚਾਹੀਦਾ ਹੈ ਕਿ ਨਦੀ ਦੇ ਇਸ ਵਹਿਣ ਨੂੰ ਖੁਲਾ ਡੁਲਾ ਆਪਣੇ ਵੱਲ ਵਗਣ ਦੇਈਏ। ਜੇ ਅਸੀਂ ਇਉਂ ਨਾ ਕਰਾਂਗੇ ਤਾਂ ਸਾਡੇ ਵੱਲ ਦਾਤਾਂ ਦੀ ਆਮਦ ਬੰਦ ਹੋ ਜਾਵੇਗੀ। ਚਾਰ ਜਾਂ ਅੱਠ ਬੱਤੀ ਦੀ ਤਾਕਤ ਵਾਲੇ ਲਾਟੂਆਂ ਵਿਚੋਂ ਸਾਨੂੰ ਸੱਠ ਜਾਂ ਸੌ ਬੱਤੀ ਦੀ ਤਾਕਤ ਨਹੀਂ ਲੱਭ ਸਕਦੀ।

ਰਜੇਵੇਂ ਤੇ ਬਹੁਲਤਾ ਦੀ ਨਦੀ ਤੁਹਾਡੇ ਬੂਹੇ ਅੱਗੋਂ ਵਗਦੀ ਚਲੀ ਜਾ ਰਹੀ ਹੈ ਤੇ ਜਿਨ੍ਹਾਂ ਅਤਿ ਚੰਗੀਆਂ ਚੀਜ਼ਾਂ ਦੀ ਸਾਡੇ ਦਿਲਾਂ ਵਿਚ ਚਾਹ ਪੈਦਾ ਹੋ ਸਕਦੀ ਹੈ ਉਨ੍ਹਾਂ ਦਾ ਬੇਅੰਤ, ਅਤੁੱਟ ਭੰਡਾਰ ਉਸ ਨਦੀ ਵਿਚ ਵਹਿੰਦਾ ਜਾ ਰਿਹਾ ਹੈ। ਜੇ ਤੁਹਾਡੇ ਅੰਦਰ ਉਪਜਾਊ ਵਿਸ਼ਵਾਸ ਹੈ, ਚੰਗੀਆਂ ਚੀਜ਼ਾਂ ਦੇ ਤੁਹਡੇ ਵੱਲ ਆਉਣ ਦਾ ਤੁਹਾਡਾ ਭਰੋਸਾ ਹੈ ਤਾਂ ਤੁਸੀਂ ਮਾਨਸਿਕ ਤੌਰ ਤੇ ਭਰਪੂਰਤਾ ਦੀ ਇਸ

ਵੱਡੀ ਨਦੀ ਅਰਥਾਤ ਸਰਬਵਿਆਪਕ ਭੰਡਾਰ ਤੱਕ ਪੁੱਜ ਸਕਦੇ ਹੋ, ਤੇ ਤੁਸੀਂ ਜੋ ਵੀ ਬਣਾਉਣਾ ਚਾਹੋ ਉਸ ਦਾ ਮਸਾਲਾ ਉਥੋਂ ਲੈ ਸਕਦੇ ਹੋ। ਭੰਡਾਰ ਮੌਜੂਦ ਹੈ ਤੁਸੀਂ ਕੇਵਲ ਉਹ ਸਬੰਧ ਕਾਇਮ ਕਰ ਲਵੋ ਜਿਨ੍ਹਾਂ ਨਾਲ ਤੁਸੀਂ ਆਪਣੀਆਂ ਮਨ ਭਾਉਂਦੀਆਂ ਚੀਜ਼ਾਂ ਲੈ ਸਕੋ।

ਜੇ ਅੱਜ ਦੁਨੀਆ ਭਰ ਦੇ ਗਰੀਬ ਗਰੀਬ ਹੋਣ ਦਾ ਖ਼ਿਆਲ ਕਰਨਾ ਛੱਡ ਦੇਣ, ਇਸ ਖ਼ਿਆਲ ਨਾਲ ਚੰਬੜੇ ਰਹਿਣਾ ਬੰਦ ਕਰ ਦੇਣ, ਗਰੀਬੀ ਤੋਂ ਘਬਰਾਉਣਾ ਤੇ ਡਰਨਾ ਛੱਡ ਦੇਣ, ਜੇ ਉਹ ਕੰਗਾਲੀ ਦਾ ਖਿਅਲ ਆਪਣੇ ਮਨ ਵਿਚੋਂ ਕੱਢ ਦੇਣ, ਗਰੀਬੀ ਦੇ ਨਾਲ ਮਾਨਸਿਕ ਸਬੰਧ ਤੋੜ ਦੇਣ ਤੇ ਉਹਦੀ ਥਾਂ ਖੁਸ਼ਹਾਲੀ ਦੇ ਖਿਆਲਾਂ ਨੂੰ ਧਨ ਦੇ ਖਿਆਲਾਂ ਨੂੰ, ਖੁਸ਼ਹਾਲੀ ਦੇ ਖਿਆਲਾਂ ਨੂੰ ਦਿਲ ਵਿਚ ਥਾਂ ਦੇਣ, ਆਪਣੇ ਮਨ ਦਾ ਮੂੰਹ ਖੁਸ਼ਹਾਲੀ ਵੱਲ ਕਰ ਲੈਣ ਤਾਂ ਉਹ ਛੇਤੀ ਹੀ ਆਪਣੀ ਹਾਲਤ ਨੂੰ ਬਦਲਣ ਲੱਗ ਪੈਣ। ਗਰੀਬੀ ਦੇ ਖਿਆਲਾਂ ਵਿਚ ਰਹਿਣਾ, ਉਸ ਤੋਂ ਡਰਦੇ ਰਹਿਣਾ, ਘਬਰਾਉਂਦੇ ਰਹਿਣਾ, ਫਿਕਰ ਕਰਦੇ ਰਹਿਣਾ, ਗਰੀਬੀ ਨੂੰ ਆਪਣੇ ਵੱਲ ਤੇ ਆਪਣੇ ਆਪ ਨੂੰ ਗਰੀਬੀ ਵੱਲ ਖਿਚਦੇ ਰਹਿਣਾ ਹੈ। ਅਸੀਂ ਸ਼ਾਹ ਮਖ਼ਾਹ ਆਪਣੇ ਦਾਤ-ਭੰਡਾਰ ਨਾਲ ਆਪਣਾ ਸਬੰਧ ਤੋੜ ਕੇ ਥੁੜ ਕੇ ਕੰਗਾਲੀ ਨਾਲ ਸਬੰਧ ਜੋੜ ਲੈਂਦੇ ਹਾਂ।

ਬਹੁਤ ਸਾਰੇ ਲੋਕ, ਜਿਨ੍ਹਾਂ ਨੂੰ 'ਨਵੇਂ ਫਲਸਫੇ' ਨਾਲ ਦਿਲਚਸਪੀ ਹੋ ਗਈ ਹੈ, ਬੜੇ ਨਿਰਾਸ਼ ਹੋ ਗਏ ਹਨ ਕਿ ਉਨ੍ਹਾਂ ਨੂੰ ਗਰੀਬੀ ਦੂਰ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਜੀਵਨ ਵਿਚ ਉਨ੍ਹਾਂ ਦੇ ਸਥਾਨ ਵਿਚ ਕੋਈ ਵਾਧਾ ਨਹੀਂ ਹੋਇਆ ਤੇ ਜਿਵੇਂ ਉਹ ਆਸ ਕਰਦੇ ਸਨ ਉਸ ਮੁਤਾਬਕ ਉਨ੍ਹਾਂ ਦੀ ਅਵਸਥਾ ਵਿਚ ਕੋਈ ਉੱਨਤੀ ਨਹੀਂ ਹੋਈ।

ਪਰ ਸੁਣ ਲਵੋ ਮੇਰੇ ਦੋਸਤ ! ਭਰਪੂਰਤਾ ਤੇ ਦੌਲਤਮੰਦੀ ਦਾ ਕਾਨੂੰਨ ਉਸੇ ਤਰ੍ਹਾਂ ਅਟੱਲ ਹੈ ਜਿਸ ਤਰ੍ਹਾਂ ਕਿ ਜ਼ਮੀਨ ਦੀ ਖਿੱਚ ਦਾ ਕਾਨੂੰਨ। ਜੇ ਤੁਹਾਨੂੰ

ਅਜੇ ਆਪਣੀ ਆਸ਼ਾ ਦੇ ਮੁਤਾਬਕ ਇਸ ਦਾ ਕੋਈ ਸਬੂਤ ਨਹੀਂ ਮਿਲ ਰਿਹਾ ਤਾਂ ਤੁਸੀਂ ਹਾਲੇ ਮਾਨਸਿਕ ਹਦਬੰਦੀ ਦੀ ਕੈਦ ਵਿਚ ਹੋ, ਕਿਉਂਕਿ ਪਰੀਪੂਰਣ ਪਰਮਾਤਮਾ ਘਾਟ ਤੋਂ ਰਹਿਤ ਹੈ। ਉਸ ਦੇ ਅਤੁੱਟ ਭੰਡਾਰ ਵਿਚ ਕਿਸੇ ਤਰ੍ਹਾਂ ਦੀ ਊਣਤਾਈ ਨਹੀਂ। ਘਾਟਾ ਹੈ ਤਾਂ ਇਹ ਕਿ ਤੁਸੀਂ ਨਿਕਾਰੀ ਜੇਹੀ ਅਧ-ਇੰਚੀ ਚੌਥਾਈ-ਇੰਚੀ ਨਾਲੀ ਨਾਲ ਉਥੋਂ ਆਪਣੀਆਂ ਲੋੜਾਂ ਲੈਣ ਦੀ ਕੋਸ਼ਿਸ਼ ਕਰਦੇ ਹੋ ਤੇ ਚੌੜੀ ਨਾਲੀ ਨਹੀਂ ਲਾਉਂਦੇ। ਇਸ ਭੀੜੀ ਨਾਲੀ ਰਾਹੀਂ ਤੁਹਾਨੂੰ ਲੋੜੀਂਦੀ ਰਸਦ ਖੁਲੀ ਡੁਲੀ ਨਹੀਂ ਮਿਲਦੀ ਤੇ ਤੁਹਾਡੇ ਜੀਵਨ ਵਿਚ ਭਰਪੂਰਤਾ ਨਹੀਂ ਆਉਂਦੀ।

ਜੇ ਤੁਸੀਂ ਰਸਦ ਦੀ ਨਾਲੀ ਨੂੰ ਸ਼ੰਕਿਆਂ, ਡਰਾਂ, ਫਿਕਰਾਂ, ਗਰੀਬ ਹੋ ਜਾਣ ਦੇ ਖਤਰਿਆਂ ਨਾਲ ਤੰਗ ਕਰ ਦਿਉਗੇ, ਜੇ ਤੁਸੀਂ ਦਿਲ ਵਿਚ ਇਹ ਨਿਸ਼ਚਾ ਨਹੀਂ ਕਰ ਲਵੋਗੇ ਕਿ ਤੁਸੀਂ ਭਰਪੂਰ ਹੋ ਸਕਦੇ ਹੋ ਤਾਂ ਤੁਹਾਨੂੰ ਅਤੁੱਟ ਭੰਡਾਰ ਦੀ ਥਾਂ ਬਹੁਤ ਥੋੜੀ ਜੇਹੀ ਰਸਦ ਹੀ ਮਿਲੇਗੀ। ਦੂਜੇ ਸ਼ਬਦਾਂ ਵਿਚ ਇਉਂ ਸਮਝੋ ਕਿ ਉਸ ਅਤੁੱਟ ਭੰਡਾਰ ਵਿਚੋਂ ਆਉਣ ਵਾਲੀ ਰਸਦ ਦੀ ਨਾਲੀ ਤੁਹਾਡੇ ਆਪਣੇ ਦਿਲ ਦੀਆਂ ਰੋਕਾਂ ਟੋਕਾਂ ਨਾਲ ਤੰਗ ਹੋ ਜਾਂਦੀ ਹੈ। ਆਪਣੇ ਸ਼ੰਕਿਆਂ, ਆਪਣੇ ਡਰਾਂ, ਆਪਣੀਆਂ ਘਬਰਾਹਟਾਂ, ਆਪਣੀਆਂ ਬੇ-ਯਕੀਨੀਆਂ ਨਾਲ ਤੁਸੀਂ ਆਪ ਹੀ ਰਸਦ ਨੂੰ ਕੱਟ ਕੇ ਫਾਕੇ ਵੀ ਮਰ ਸਕਦੇ ਹੋ ਤੇ ਮਹਾਂ ਮਿਕਨਾਤੀਸੀ ਵਿਸ਼ਵਾਸ ਰਾਹੀਂ ਰੱਬ ਦੇ ਭੰਡਾਰਾਂ ਤੋਂ ਮਨ-ਇੱਛਤ ਵਸਤਾਂ ਦਾ ਹੜ੍ਹ ਪ੍ਰਾਪਤ ਕਰ ਕੇ ਤੁਸੀਂ ਆਪਣੇ ਜੀਵਨ ਨੂੰ ਭਰਪੂਰ ਵੀ ਬਣਾ ਸਕਦੇ ਹੋ।

ਦਾਤਾਂ ਦੀ ਪਰਾਪਤੀ ਜਾਂ ਵੰਡ ਦਾ ਕਾਨੂੰਨ ਪੂਰਾ ਪੂਰਾ ਵਿਗਿਆਨਕ ਹੈ। ਜਦੋਂ ਤੱਕ ਜ਼ਰੂਰੀ ਸ਼ਰਤਾਂ ਪੂਰੀਆਂ ਨਾ ਕੀਤੀਆਂ ਜਾਣ, ਇਹ ਕਾਨੂੰਨ ਆਪਣਾ ਕੰਮ ਨਹੀਂ ਕਰਦਾ। ਜਦੋਂ ਤੱਕ ਪੁਰਾਣੇ ਜੀਵਨ ਵਾਲੇ ਸ਼ੰਕਿਆਂ ਤੇ ਡਰ ਦੀਆਂ ਆਦਤਾਂ ਕਾਇਮ ਹਨ, ਜਦੋਂ ਤੱਕ ਗਰੀਬੀ, ਕੰਗਾਲੀ ਤੇ ਅਯੋਗਤਾ ਦੇ ਪੁਰਾਣੇ ਖਿਆਲਾਂ ਵਾਲੀ ਆਦਤ ਨਾਲ ਜੀਵਨ ਬਤੀਤ ਕੀਤਾ ਜਾ ਰਿਹਾ ਹੈ, ਉਦੋਂ ਤੱਕ ਨਵੇਂ

ਫਲਸਫੇ ਵਿਚ ਨਿਰਾ ਯਕੀਨ ਰੱਖਣ ਨਾਲ ਹੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ। ਜਦੋਂ ਤੱਕ ਤੁਹਾਨੂੰ ਆਪਣੀ ਸਫਲਤਾ ਦਾ ਯਕੀਨ ਨਹੀਂ ਅਤੇ ਤੁਸੀਂ ਅਮਲ ਨਹੀਂ ਕਰਦੇ, ਉਦੋਂ ਤੱਕ ਕੋਈ ਚੰਗਾ ਨਤੀਜਾ ਹਾਸਲ ਨਹੀਂ ਹੋ ਸਕਦਾ। ਜੇ ਤੁਸੀਂ ਨਵੇਂ ਫਲਸਫੇ ਦਾ ਫਲ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਦਾਤ-ਭੰਡਾਰ, ਭਰਪੂਰਤਾ ਤੇ ਖੁਸ਼ਹਾਲੀ ਦੇ ਕਾਨੂੰਨਾਂ ਦੀ ਆਗਿਆਕਾਰੀ ਜ਼ਰੂਰੀ ਹੈ।

ਨਿਰੇ ਇੱਛਾ ਕਰਨ ਤੇ ਆਸਾਂ ਲਾਈ ਰੱਖਣ ਨਾਲ ਖੁਸ਼ਹਾਲੀ ਪ੍ਰਾਪਤ ਨਹੀਂ ਹੋਇਆ ਕਰਦੀ। ਖੁਸ਼ਹਾਲੀ ਤੇ ਧਿਆਨ ਜਮਾਈ ਰੱਖਣ ਨਾਲ ਤੇ ਉਹਦਾ ਖ਼ਿਆਲ ਕਰਨ ਨਾਲ ਉਹ ਤੁਹਾਡੇ ਵੱਲ ਨਹੀਂ ਚਲੀ ਆਵੇਗੀ। ਏਨਾਂ ਕੰਮ ਤਾਂ ਸਫਰ ਦਾ ਪਹਿਲਾ ਕਦਮ ਹੈ, ਇਹ ਤਾਂ ਕੇਵਲ ਪਹਿਲਾਂ ਪਹਿਲ ਕਰਨ ਵਾਲੇ ਅਮਲ ਹਨ। ਖੁਸ਼ਹਾਲੀ ਦੇ ਖ਼ਿਆਲ ਦੇ ਨਾਲ ਨਾਲ ਖੁਸ਼ਹਾਲੀ ਦੇ ਆਦਰਸ਼ ਨਾਲ ਵੀ ਚਿੰਬੜੇ ਰਹੋ ਪਰ ਉਸ ਨੂੰ ਸਾਇੰਸ ਦੇ ਨੇਮਾਂ ਤੇ ਸਾਧਾਰਨ ਵਰਤੋਂ ਵਿਚ ਆਉਣ ਵਾਲੇ ਤਰੀਕਿਆਂ ਦਾ ਸਹਾਰਾ ਵੀ ਦੇਂਦੇ ਰਹੋ, ਜਿਵੇਂ ਸਾਰੇ ਸਫਲ ਮਨੁੱਖ ਕਰਦੇ ਰਹੇ ਹਨ। ਜੇ ਤੁਸੀਂ ਆਪਣੇ ਖੁਸ਼ਹਾਲੀ ਦੇ ਖਿਆਲਾਂ ਨੂੰ ਅਮਲੀ ਯੋਗਤਾ ਦੇ ਸਾਧਨਾਂ ਦਾ ਸਹਾਰਾ ਨਹੀਂ ਦਿਉਗੇ ਤਾਂ ਹੋ ਸਕਦਾ ਹੈ ਕਿ ਤੁਸੀਂ ਸਾਰੀ ਉਮਰ ਭਰਪੂਰਤਾ ਤੇ ਖੁਸ਼ਹਾਲੀ ਦੇ ਸੁਪਨੇ ਹੀ ਦੇਖਦੇ ਰਹੋ ਅਤੇ ਅੰਤ ਵਿਚ ਮਰੋ ਗਰੀਬ- ਖਾਨੇ ਵਿਚ ਹੀ ਜਾ ਕੇ। ਮਤਲਬ ਇਹ ਹੈ ਕਿ ਤੁਹਾਨੂੰ ਨੇਮਾਂ ਅਨੁਸਾਰ ਚਲਣਾ ਚਾਹੀਦਾ ਹੈ। ਹਰ ਤਰ੍ਹਾਂ ਦਾ ਪ੍ਰਬੰਧ ਠੀਕ ਠਾਕ ਰੱਖਣਾ ਚਾਹੀਦਾ ਹੈ, ਦਿਲ ਲਾ ਕੇ ਮਿਹਨਤ ਨਾਲ ਕੰਮ ਕਾਰ ਠੀਕ ਠੀਕ ਕਰਨਾ ਚਾਹੀਦਾ ਹੈ। ਜੋ ਵੀ ਕੰਮ ਤੁਸੀਂ ਕਰੋ, ਜਿਹੜੇ ਵੀ ਕੰਮ ਨੂੰ ਹੱਥ ਪਾਉ, ਉਹਨੂੰ ਪੂਰਾ ਕਰੋ, ਉਹਦੇ ਵਿਚ ਪੂਰੀ ਹਿੰਮਤ ਲਾ ਦੇਵੋ।

ਗਰੀਬੀ ਦੇ ਸਬੰਧ ਵਿਚ ਅਤਿ ਮਾੜੀ ਗੱਲ ਇਹ ਹੈ ਕਿ ਇਹਦੇ ਕਰਕੇ ਗਰੀਬੀ ਤੇ ਅਸਫਲਤਾ ਦੀ ਆਸ ਕਰਨ ਦੀ ਆਦਤ ਬਣ ਜਾਂਦੀ ਹੈ। ਭਾਵੇਂ ਤੁਸੀਂ ਕਿੰਨੇ ਹੀ ਗਰੀਬ ਕਿਉਂ ਨਾ ਹੋਵੋ, ਜੇ ਤੁਹਾਡੇ ਮਨ ਦਾ ਝੁਕਾਉ ਠੀਕ ਪਾਸੇ ਵਲੋਂ

ਹੋਵੇਗਾ ਤਾਂ ਤੁਸੀਂ ਬਹੁਤਾ ਚਿਰ ਗਰੀਬ ਨਹੀਂ ਰਹੋਗੇ, ਭਾਵੇਂ ਤੁਹਾਡੀ ਅਸਲੀ ਹਾਲਤ ਕਿੰਨੀ ਹੀ ਇਸ ਦੇ ਉਲਟ ਹੋਵੇ। ਜੇ ਤੁਸੀਂ ਗਰੀਬੀ ਵੱਲ ਪਿੱਠ ਤੇ ਖੁਸ਼ਹਾਲੀ ਵੱਲ ਮੂੰਹ ਕਰਨ ਦਾ ਇਰਾਦਾ ਪੱਕਾ ਕਰ ਲਵੋ, ਜੇ ਤੁਸੀਂ ਸੱਚ ਮੁਚ ਮੰਨ ਲਵੋ ਕਿ ਤੁਸੀਂ ਸਭ ਵਸਤੂਆਂ ਦੇ ਮਾਲਕ ਪਰਮਾਤਮਾ ਦੇ ਪੁੱਤਰ ਹੋ ਤੇ ਤੁਸੀਂ ਗਰੀਬ ਰਹਿਣ ਲਈ ਪੈਦਾ ਨਹੀਂ ਕੀਤੇ ਗਏ, ਸਗੋਂ ਇਸ ਤੋਂ ਉਲਟ ਜੀਵਨ ਦੀਆਂ ਸਾਰੀਆਂ ਸੋਹਣੀਆਂ ਤੇ ਚੰਗੀਆਂ ਚੀਜ਼ਾਂ ਤੁਹਾਡੇ ਲਈ ਹਨ, ਤੁਹਾਡੇ ਲਈ ਜੀਵਨ ਮੁਸ਼ਕੱਤਾਂ ਤੇ ਕੰਗਾਲੀ ਭਰਿਆ ਨਹੀਂ ਸਗੋਂ ਸ਼ਾਨਦਾਰ ਨਿਸਚਤ ਹੈ ਤਾਂ ਤੁਹਾਡੇ ਮਨ ਦੇ ਦਰਵਾਜ਼ੇ ਖੁਸ਼ਹਾਲੀ ਪ੍ਰਾਪਤ ਕਰਨ ਲਈ ਖੁੱਲ ਜਾਣਗੇ।

ਭਰਾਵੋ ਤੁਸੀਂ ਗਰੀਬੀ ਦੀਆਂ ਲੋਹੇ ਦੀਆਂ ਸੀਖਾਂ ਨਾਲ ਮੱਥੇ ਮਾਰ ਰਹੇ ਹੋ। ਕਦੇ ਤੁਸਾਂ ਇਹ ਵੀ ਸੋਚਿਆ ਹੈ ਕਿ ਕਿਹੋ ਜੇਹੀਆਂ ਅਜੀਬ ਵਸਤਾਂ ਕਰਤਾ ਨੇ ਆਪਣੇ ਬੱਚਿਆਂ ਲਈ ਹਰ ਪਾਸੇ ਤਿਆਰ ਕਰ ਛੱਡੀਆਂ ਹਨ ? ਜ਼ਰਾ ਸਾਰੇ ਸੰਸਾਰ ਨੂੰ ਖ਼ਿਆਲ ਵਿਚ ਲਿਆਉ, ਸੰਸਾਰ ਦੀ ਉਤਪਤੀ ਕਰਨ ਵਾਲੀ ਬੁੱਧੀ ਦੇ ਅਥਾਹ ਸਮੁੰਦਰ ਨੂੰ ਦੇਖੋ ਕਿਵੇਂ ਉਹ ਹਰ ਤਰ੍ਹਾਂ ਦੀ ਦੌਲਤ, ਹਰ ਪ੍ਰਕਾਰ ਦੀਆਂ ਸ਼ਾਨਦਾਰ ਚੀਜ਼ਾਂ ਤੇ ਮਨ ਦੀ ਚੇਤਨਾ ਵਿਚ ਆ ਸਕਣ ਵਾਲੀਆਂ ਮਹਾਨ ਸੰਭਾਵਨਾਵਾਂ ਨਾਲ ਭਰਿਆ ਪਿਆ ਹੈ ਤੇ ਫੇਰ ਇਸ ਨਜ਼ਾਰੇ ਦੀ ਤਸਵੀਰ ਆਪਣੇ ਦਿਮਾਗ਼ ਵਿਚ ਬਣਾਉ ਤੇ ਵੇਖੋ ਕਿ ਇਹ ਤੁਹਾਡੇ ਲਈ ਅਤੇ ਉਨ੍ਹਾਂ ਸਾਰਿਆਂ ਲਈ ਕਿੰਨੀ ਮਹਾਨਤਾ ਰੱਖਦਾ ਹੈ ਜਿਹੜੇ ਥੁੜ ਦਾ ਗਿਲਾ ਕਰਦੇ ਰਹਿੰਦੇ ਨੇ ਤੇ ਚਾਹੁੰਦੇ ਨੇ ਕਿ ਇਸ ਸੰਸਾਰ ਵਿਚੋਂ ਕਿਸੇ ਜਾਦੂ ਨਾਲ ਇਸ ਉਪਜਾਊ-ਬੁੱਧੀ ਦੇ ਦਾਤ-ਭੰਡਾਰ ਵਿਚੋਂ ਆਪਣੇ ਮਨ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲੀ ਕੋਈ ਚੀਜ਼ ਪ੍ਰਾਪਤ ਕਰ ਸਕਣ। ਜ਼ਰਾ ਆਪਣੇ ਮਨ ਦੀਆਂ ਅੱਖੀਆਂ ਦੇ ਸਾਹਮਣੇ ਇਕ ਮਹਾਨ ਸੰਸਾਰ-ਉਪਜਾਊ ਸ਼ਕਤੀਆਂ ਨਾਲ ਭਰੇ ਹੋਏ ਅਸੀਮ ਸਾਗਰ ਦਾ ਚਿੱਤਰ ਲਿਆਉ ਜਿਸ ਵਿਚ ਹਰ ਤਰ੍ਹਾਂ ਦੀਆਂ ਸੰਭਾਵਨਾਵਾਂ ਭਰੀਆਂ ਪਈਆਂ ਹਨ, ਜਿਸ ਵਿਚੋਂ ਤੁਸੀਂ

ਸ਼ਹਿਰ, ਰੇਲਾਂ, ਸੜਕਾਂ, ਟੈਲੀਗਰਾਫ, ਸੁਖਾਂ ਤੇ ਸਹੂਲਤਾਂ ਦੇ ਸਾਰੇ ਸਾਧਨ, ਸਭ ਕਿਸਮਾਂ ਦੀਆਂ ਹੈਰਾਨ ਕਰਨ ਵਾਲੀਆਂ ਕਾਢਾਂ ਅਤੇ ਭਾਲਾਂ ਆਦਿ, ਜੋ ਕੁਝ ਵੀ ਮਨੁੱਖ ਜਾਤੀ ਦੀ ਅਤਿ ਚੌੜੀ ਕਲਪਨਾ ਚਿਤਵ ਸਕਦੀ ਹੈ, ਜੋ ਕੁਝ ਵੀ ਜੀਵਨ ਦੀ ਅਤਿ ਉੱਚੀ ਰੀਝ ਹੋ ਸਕਦੀ ਹੈ, ਪ੍ਰਾਪਤ ਕਰ ਸਕਦੇ ਹੋ। ਯਕੀਨੀ ਹੀ ਤੁਸੀਂ ਕਹੋਗੇ ਕਿ ਇਕ ਮਿੰਟ ਲਈ ਵੀ ਇਹੋ ਜੇਹੀ ਗੱਲ ਦਾ ਖ਼ਿਆਲ ਕਰਨਾ ਮੂਰਖਤਾ ਹੈ ਪਰ ਕੀ ਜਦੋਂ ਦੀ ਸਭਿਅਤਾ ਹੋਂਦ ਵਿਚ ਆਈ ਹੈ ਮਨੁੱਖ ਇਉਂ ਹੀ ਨਹੀਂ ਕਰਦਾ ਆਇਆ ?

ਹਰ ਕਾਢ, ਹਰ ਖੋਜ, ਹਰ ਇਮਾਰਤ, ਹਰ ਸ਼ਹਿਰ, ਹਰ ਉੱਨਤੀ, ਹਰ ਸਹੂਲਤ, ਹਰ ਘਰ ਰੇਲ, ਹਰ ਜਹਾਜ਼, ਗੱਲ ਕੀ ਹਰ ਉਹ ਚੀਜ਼ ਜੋ ਆਦਮੀ ਨੂੰ ਮਨੁੱਖ ਜਾਤੀ ਦੀ ਵਰਤੋਂ ਦੇ ਭਲੇ ਲਈ ਬਣਾਈ ਹੈ, ਉਹ ਖ਼ਿਆਲ ਦੀ ਸ਼ਕਤੀ ਨਾਲ ਬੁੱਧੀ ਦੇ ਇਸ ਮਹਾਨ ਅਦਿਖ, ਤੇ ਸਰਬ- ਵਿਆਪੀ ਸਮੁੰਦਰ ਤੋਂ ਹੀ ਵਿਉਂਤੀ ਗਈ ਹੈ। ਜਿਹੜੀ ਵੀ ਚੀਜ਼ ਅਸੀਂ ਵਰਤ ਰਹੇ ਹਾਂ, ਜਿਹੜੀ ਵੀ ਵਸਤੂ ਸਾਡੇ ਕੋਲ ਹੈ, ਮਨੁੱਖ ਦੀ ਜਿਹੜੀ ਵੀ ਪਰਾਪਤੀ ਹੈ, ਅਸਲ ਰੂਪ ਵਿਚ ਸਾਹਮਣੇ ਆਉਣ ਤੋਂ ਪਹਿਲਾਂ ਉਸ ਦੇ ਦਿਮਾਗ ਵਿਚ ਉਸ ਦੀ ਇਕ ਖਿਆਲੀ ਤਸਵੀਰ ਜਾਂ ਨਕਸ਼ਾ ਬਣਦਾ ਹੈ। ਇਸ ਪ੍ਰਿਥਵੀ ਤੇ ਜਿਹੜਾ ਵੀ ਕੰਮ ਮਨੁੱਖ ਨੇ ਕਰ ਵਿਖਾਇਆ ਹੈ ਉਹ ਕਿਸੇ ਇੱਛਾ ਦਾ ਹੀ ਨਤੀਜਾ ਹੁੰਦਾ ਰਿਹਾ ਹੈ ਤੇ ਉਸ ਦੇ ਹੋਣ ਤੋਂ ਪਹਿਲਾਂ ਦਿਮਾਗ ਵਿਚ ਉਸ ਦੀ ਤਸਵੀਰ ਜ਼ਰੂਰ ਬਣੀ ਹੈ। ਜੀਵਨ ਦੇ ਇਸ ਪੰਧ ਵਿਚ ਜੋ ਚੀਜ਼ ਵੀ ਇਨਸਾਨ ਨੇ ਪੈਦਾ ਕੀਤੀ ਹੈ ਉਹ ਆਪਣੇ ਖ਼ਿਆਲ ਦੀ ਤਾਕਤ ਨਾਲ ਰੱਬੀ ਬੁੱਧੀ ਦੇ ਅਦਿਖ ਸਮੁੰਦਰ ਵਿਚੋਂ ਹੀ ਕੱਢ ਕੇ ਬਣਾਈ ਹੈ। ਜਿਸ ਕੰਮ ਨੂੰ ਆਦਮੀ ਨੇ ਕਰਨਾ ਚਾਹਿਆ ਹੈ ਉਸ ਨੇ ਆਪਣੇ ਖ਼ਿਆਲ ਦੇ ਜ਼ੋਰ ਨਾਲ ਪਹਿਲੋਂ ਦਿਮਾਗ ਵਿਚ ਉਹਦੀ ਤਸਵੀਰ ਬਣਾਈ ਤੇ ਇਸ ਖਿਆਲੀ ਤਸਵੀਰ ਨੂੰ ਉਹ ਲਗਾਤਾਰ ਚਿਤਵਦਾ ਰਿਹਾ ਤੇ ਜਦੋਂ ਤੱਕ ਉਸ ਨੇ ਆਪਣੇ ਖ਼ਿਆਲ ਅਨੁਸਾਰ ਉਸ ਚੀਜ਼ ਨੂੰ ਸਥੂਲ ਰੂਪ ਵਿਚ

ਨਹੀਂ ਬਣਾ ਲਿਆ, ਉਸ ਸਬੰਧੀ ਸੋਚਣ, ਵਿਚਾਰਨ ਤੇ ਆਪਣੇ ਖਿਆਲਾਂ ਵਿਚ ਉਹਨੂੰ ਜੀਵਤ ਰੱਖਣ ਦਾ ਕੰਮ ਇਸ ਨੇ ਬੰਦ ਨਾ ਕੀਤਾ।

ਜਦ ਅਸੀਂ ਕੋਈ ਕੰਮ ਕਰਦੇ ਹਾਂ ਤਾਂ ਇਹੋ ਖ਼ਿਆਲ ਕਰਦੇ ਹਾਂ ਕਿ ਇਹ ਸਭ ਕੁਝ ਸਾਡਾ ਹੀ ਕੀਤਾ ਹੋਇਆ ਹੈ। ਇਹ ਗਲਤ ਹੈ। ਉਹ ਸਾਡਾ ਕੀਤਾ ਨਹੀਂ ਹੁੰਦਾ, ਅਸੀਂ ਤਾਂ ਕੇਵਲ ਆਪਣੇ ਕਾਦਰ ਨਾਲ ਮਿਲ ਕੇ ਕੰਮ ਕਰਦੇ ਹਾਂ ਤੇ ਇਉਂ ਜੋ ਕੁਝ ਕਰਦੇ ਹਾਂ ਉਹ ਦਾਤਾਂ ਦੇ ਭਰੇ ਅਦਿਖ ਤੇ ਮਹਾਨ ਭੰਡਾਰ ਵਿਚੋਂ ਕੱਢ ਲਿਆਉਂਦੇ ਹਾਂ ਪਰ ਸਾਨੂੰ ਆਪਣਾ ਕੰਮ ਕਰਦਿਆਂ ਰਹਿਣਾ ਚਾਹੀਦਾ ਹੈ, ਨਹੀਂ ਤਾਂ ਸਾਡੇ ਹੱਥ ਕੁਝ ਨਹੀਂ ਆ ਸਕਦਾ। ਜਿਵੇਂ ਮਕਾਨ ਉਸਾਰਨ ਵਾਲੇ ਮਿਸਤਰੀ ਦਾ ਪਹਿਲਾ ਕੰਮ ਉਸ ਦਾ ਨਕਸ਼ਾ ਬਣਾਉਣਾ ਹੁੰਦਾ ਹੈ, ਉਸੇ ਤਰ੍ਹਾਂ ਜਿਸ ਚੀਜ਼ ਦੀ ਸਾਨੂੰ ਇੱਛਾ ਹੁੰਦੀ ਹੈ ਉਸ ਦਾ ਨਕਸ਼ਾ ਜਾਂ ਤਸਵੀਰ ਸਾਨੂੰ ਬਣਾਉਣੀ ਚਾਹੀਦੀ ਹੈ। ਇਮਾਰਤਾਂ ਦਾ ਕਾਰੀਗਰ ਨਕਸ਼ਾ ਖਿਚਣ ਤੋਂ ਵੀ ਪਹਿਲਾਂ ਆਪਣੇ ਮਨ ਦੀਆਂ ਅੱਖਾਂ ਨਾਲ ਬਣਨ ਵਾਲੇ ਮਕਾਨ ਦੇ ਅਡੋ ਅੱਡ ਅੰਗਾਂ ਦੇ ਵੇਰਵੇ ਨੂੰ ਵੇਖਦਾ ਹੈ। ਮਕਾਨ ਬਣਾਉਣ ਵਾਲੇ ਸਾਮਾਨ ਦੇ ਮੌਕੇ ਤੇ ਆਉਣ ਤੋਂ ਬਹੁਤ ਚਿਰ ਪਹਿਲਾਂ ਉਹ ਅਸਲੀ ਮਕਾਨ ਨੂੰ ਆਪਣੇ ਮਨ ਦੀਆਂ ਅੱਖਾਂ ਨਾਲ ਵੇਖ ਲੈਂਦਾ ਹੈ। ਉਸ ਦਾ ਨਕਸ਼ਾ ਉਨ੍ਹਾਂ ਅਦਿਖ-ਸੰਭਾਵਨਾਵਾਂ ਦੇ ਅਥਾਹ ਸਮੁੰਦਰ ਵਿਚੋਂ ਬਣਿਆ ਹੈ ਜਿਹੜੀਆਂ ਸਾਡੇ ਚੌਹੀਂ ਪਾਸੀਂ ਖਿਲਰੀਆਂ ਪਈਆਂ ਹਨ। ਏਸੇ ਅਤੁੱਟ ਭੰਡਾਰ ਵਿਚੋਂ ਸਾਡੀਆਂ ਸਾਰੀਆਂ ਜ਼ਰੂਰਤਾਂ ਤੇ ਲੋੜਾਂ ਪੂਰੀਆਂ ਹੋ ਸਕਦੀਆਂ ਹਨ।

ਮਨੁੱਖ ਲਈ ਇਹ ਇਕ ਅਸਚਰਜ ਕਰਨ ਵਾਲਾ ਗਿਆਨ ਹੈ ਜਿਸ ਦੀ ਮਹਾਨਤਾ ਨੂੰ ਬਹੁਤ ਸਾਰੇ ਲੋਕਾਂ ਨੇ ਨਹੀਂ ਸਮਝਿਆ। ਕੋਈ ਵਿਰਲਾ ਹੀ ਅਜੇਹਾ ਹੁੰਦਾ ਹੈ ਜਿਹੜਾ ਆਪਣੇ ਨਿੱਤ ਦੇ ਜੀਵਨ ਵਿਚ ਇਸ ਦੀ ਵਰਤੋਂ ਕਰਦਾ ਹੈ ਪਰ ਸਾਇੰਸ ਇਸ ਗੱਲ ਨੂੰ ਮੰਨਣ ਲੱਗ ਪਈ ਹੈ। ਐਡੀਸਨ ਦਾ ਕਥਨ ਹੈ ਕਿ ਸਾਰੇ ਵਿਗਿਆਨੀ ਮਹਿਸੂਸ ਕਰਦੇ ਹਨ ਕਿ 'ਹਰ ਚੀਜ਼ ਵਿਚ ਤੇ ਉਹਦੇ ਆਲੇ ਦੁਆਲੇ

ਵਿਚ ਇਕ ਸਦੀਵੀ-ਮਨ ਦਾ ਅਮਲ ਜਾਰੀ ਰਹਿੰਦਾ ਹੈ।' ਵਿਗਿਆਨੀ ਇਸ ਨੂੰ 'ਪਹਿਲਾ ਵੱਡਾ ਕਾਰਣ' ਮੰਨਦੇ ਹਨ।

ਇਸ ਗੱਲ ਦਾ ਸਮਝਣਾ ਮੁਸ਼ਕਲ ਹੈ ਕਿ ਹਰ ਪਲ, ਹਰ ਘੜੀ, ਸਦੀਵੀ ਮਨ ਦੇ ਹੁਲਾਰੇ ਨਾਲ ਸ਼ਕਤੀ ਦੇ ਸਰਬ-ਵਿਆਪੀ ਸਾਗਰ ਵਿਚੋਂ ਕਰਾਮਾਤਾਂ ਬਾਹਰ ਆ ਰਹੀਆਂ ਹਨ ਜਿਹੜੀਆਂ ਸਾਡੇ ਲਈ ਲੋੜੀਂਦੀਆਂ ਚੀਜ਼ਾਂ ਨੂੰ ਸਥੂਲ ਰੂਪ ਵਿਚ ਪੈਦਾ ਕਰਦੀਆਂ ਰਹਿੰਦੀਆਂ ਹਨ। ਬਹੁਤ ਸਾਰੇ ਲੋਕ ਇਸ ਖ਼ਿਆਲ ਨੂੰ ਸਮਝਣ ਦੀ ਸਮਰੱਥਾ ਨਹੀਂ ਰੱਖਦੇ ਕਿ ਇਸ ਪ੍ਰਿਥਵੀ ਤੇ ਦੌਲਤ, ਸੰਦਰਤਾ ਤੇ ਖ਼ਿਆਲ ਵਿਚ ਵੀ ਨਾ ਆਉਣ ਵਾਲੇ ਸੁੱਖ ਆਰਾਮ ਦੇ ਸਾਮਾਨ ਰੱਬ ਦੇ ਬੱਚਿਆਂ ਲਈ ਉਡੀਕਾਂ ਕਰ ਰਹੇ ਹਨ। ਇਹ ਗੱਲ ਨਾ ਸਮਝਣ ਕਰ ਕੇ ਅਸੀਂ ਆਪਣੀਆਂ ਇੱਛਾਵਾਂ ਨੂੰ ਸਥੂਲ ਰੂਪ ਵਿਚ ਪ੍ਰਾਪਤ ਨਹੀਂ ਕਰ ਰਹੇ।

ਸ੍ਰਿਸ਼ਟੀ ਦੀ ਇਸ ਅਦਭੁਤ ਵਿਉਂਤ ਵਿਚ ਬਹੁਤ ਹੀ ਅਚੰਭੇ ਵਾਲੀ ਗੱਲ ਹੈ ਕਿ ਅਸਲ ਵਿਚ ਅਸੀਂ ਇਸ ਬੇਅੰਤ ਪੈਦਾ ਕਰਨ ਵਾਲੇ ਮਾਦੇ ਦੇ ਅਦਿਖ ਸਾਗਰ ਵਿਚ ਜਿਉਂਦੇ, ਹਿਲਦੇ ਜੁਲਦੇ ਹਾਂ ਤੇ ਜੋ ਕੁਝ ਸਾਨੂੰ ਲੋੜੀਂਦਾ ਹੈ ਉਹਨੂੰ ਇਸ ਦੇ ਵਿਚੋਂ ਪ੍ਰਾਪਤ ਕਰਨ ਲਈ ਕੇਵਲ ਇੰਨਾਂ ਕੁਝ ਹੀ ਕਰਨਾ ਪੈਂਦਾ ਹੈ ਕਿ ਇਹਦੇ ਵੱਲ ਸਾਡੇ ਮਨ ਦਾ ਝੁਕਾਉ ਠੀਕ ਹੋਵੇ ਤੇ ਮਨ ਦੇ ਉਸ ਝੁਕਾਉ ਅਨੁਸਾਰ ਸਥੂਲ ਚੀਜ਼ਾਂ ਨੂੰ ਪ੍ਰਾਪਤ ਕਰਨ ਲਈ ਸਰੀਰਕ ਪੱਧਰ ਤੇ ਅਸੀਂ ਪੂਰੀ ਪੂਰੀ ਕੋਸ਼ਿਸ਼ ਕਰੀਏ। ਪੁਰਾਣੇ ਸਮੇਂ ਵਿਚ ਵੀ ਉਹੋ ਗੱਲਾਂ ਹੋ ਸਕਦੀਆਂ ਸਨ ਜਿਹੜੀਆਂ ਅੱਜ ਕੱਲ੍ਹ ਹੋ ਰਹੀਆਂ ਹਨ ਜੇ ਉਸ ਸਮੇਂ ਦੇ ਲੋਕ ਬਿਨ੍ਹਾਂ ਗੱਲਾਂ ਨੂੰ ਜਾਣਦੇ ਹੁੰਦੇ। ਸਾਰੀ ਤਾਕਤ ਉਸ ਵੇਲੇ ਵੀ ਉਵੇਂ ਹੀ ਜਿਵੇਂ ਅੱਜ ਹੈ। ਜਦੋਂ ਅਸੀਂ ਇਕ ਵਾਰ ਆਪਣੇ ਦਿਲ ਵਿਚ ਧਾਰ ਲਈਏ ਕਿ ਸੰਭਾਵਨਾਵਾਂ ਦੇ ਇਸ ਅਦਿਖ ਸੰਸਾਰ ਵਿਚ ਹਰ ਉਹ ਚੀਜ਼ ਮੌਜੂਦ ਹੈ ਜਿਹੜੀ ਸਾਡੀ ਮੁਨਾਸਬ ਇੱਛਾ ਤੇ ਉਮੰਗ ਅਨੁਸਾਰ ਹੈ ਤੇ ਜਿਹੜੀ ਸਾਡੇ ਮਤਲਬ ਦੀ ਹੈ, ਉਹ ਜ਼ਰੂਰ ਸਾਡੇ ਕੋਲ ਆ ਜਾਵੇਗੀ। ਜੇ ਅਸੀਂ ਦ੍ਰਿੜਤਾ ਨਾਲ ਉਸ

ਦਾ ਚਿਤਵਨ ਕਰਦੇ ਰਹੀਏ ਤੇ ਉਸ ਨੂੰ ਸਥੂਲ ਅਵਸਥਾ ਵਿਚ ਲਿਆਉਣ ਲਈ ਪੂਰੀ ਵਾਹ ਲਾਉਂਦੇ ਰਹੀਏ ਫੇਰ ਤਾਂ ਅਸੀਂ ਕਦੇ ਵੀ ਗਰੀਬੀ ਤੇ ਮੰਦਹਾਲੀ ਦੀ ਹਾਲਤ ਵਿਚ ਨਾ ਰਹੀਏ।

ਜੇ ਤੁਸੀਂ ਗਰੀਬੀ ਚੋਂ ਬਚ ਨਿਕਲਣਾ ਚਾਹੁੰਦੇ ਹੋ, ਭਰਪੂਰਤਾ ਤੇ ਖੁਸ਼ਹਾਲੀ ਨੂੰ ਰੱਜ ਕੇ ਮਾਣਨਾ ਚਾਹੁੰਦੇ ਹੋ ਤਾਂ ਮਾਨਸਿਕ ਤੌਰ ਤੇ ਭਰਪੂਰਤਾ ਦੀ ਹਾਲਤ ਵਿਚ ਰਹਿਣ ਦੀ ਆਦਤ ਪਾਉਣੀ ਤੁਹਾਡੇ ਲਈ ਜ਼ਰੂਰੀ ਹੈ। ਜੋ ਕੁਝ ਤੁਸੀਂ ਚਾਹੁੰਦੇ ਹੋ ਉਸ ਦੀ ਆਦਰਸ਼ਕ ਅਵਸਥਾ ਵਿਚ ਜੀਵਨ ਬਤੀਤ ਕਰੋ ਅਰਥਾਤ ਤੁਸੀਂ ਖੁਸ਼ਹਾਲੀ ਦੇ ਖ਼ਿਆਲ ਵਾਲਾ ਜੀਵਨ ਬਣਾਉ ਤੇ ਭਰਪੂਰਤਾ ਦੇ ਖ਼ਿਆਲ ਤੋਂ ਦ੍ਰਿੜ੍ਹ ਰਹੋ। ਇਹ ਖ਼ਿਆਲ ਤੁਹਾਡੇ ਵਿਚ ਰਚ ਜਾਏ ਤਾਂ ਗਰੀਬੀ ਦਾ ਖ਼ਿਆਲ ਤੁਹਾਨੂੰ ਛੋਹ ਵੀ ਨਹੀਂ ਸਕਦਾ, ਇਹ ਮਰ ਮੁੱਕ ਜਾਵੇਗਾ ਕਿਉਂਕਿ ਤੁਸੀਂ ਆਪਣੇ ਮਨ ਵਿਚ ਇਕ ਵੇਲੇ ਇਕ ਦੂਜੇ ਦੇ ਉਲਟ ਦੋ ਖ਼ਿਆਲ ਨਹੀਂ ਰੱਖ ਸਕਦੇ ਤੇ ਜਿਹੜਾ ਖ਼ਿਆਲ ਤੁਹਾਡੇ ਦਿਲ ਵਿਚ ਪੱਕਾ ਹੋ ਜਾਂਦਾ ਹੈ ਉਹੋ ਹੀ ਅਸਲੀ ਉਪਜਾਊ ਸ਼ਕਤੀ ਦਾ ਧਾਰਨੀ ਹੁੰਦਾ ਹੈ।

ਗਰੀਬਾਂ ਵਿਚ ਬਹੁਤ ਸਾਰੇ ਲੋਕ ਉਹ ਹਨ ਜਿਹੜੇ ਖ਼ਿਆਲ ਕਰਨ, ਤਜਵੀਜ਼ਾਂ ਬਣਾਉਣ ਤੇ ਅਮਨ ਕਰਨ ਵਿਚ ਵੀ ਗਰੀਬ ਹੁੰਦੇ ਹਨ। ਉਹ ਖੁਸ਼ਹਾਲੀ ਦਾ ਖ਼ਿਆਲ ਨਹੀਂ ਕਰਦੇ, ਉਹ ਧਨ ਤੇ ਖੁਸ਼ਹਾਲੀ ਦੇ ਕਾਨੂੰਨ ਤੇ ਚਲਦੇ ਹੀ ਨਹੀਂ, ਇਸੇ ਕਰਕੇ ਭਰਪੂਰਤਾ ਵਿਚ ਵਸਦੇ ਹੋਏ ਵੀ ਉਹ ਗਰੀਬ ਹੀ ਰਹਿੰਦੇ ਹਨ।

ਜੇ ਤੁਸੀਂ ਗਰੀਬੀ ਦੀਆਂ ਸੋਚਾਂ ਵਿਚ ਡੁੱਬੇ ਰਹੋਗੇ ਤਾਂ ਤੁਸੀਂ ਕਦੇ ਵੀ ਅਮੀਰ ਨਹੀਂ ਬਣ ਸਕਦੇ। ਜਿਵੇਂ ਉਹ ਜਵਾਨ ਜਿਸ ਦੇ ਖ਼ਿਆਲ ਹਰ ਵੇਲੇ ਇਸ ਤੋਂ ਬਿਨਾਂ ਹੋਰ ਪਾਸਿਆਂ ਵੱਲ ਹੀ ਲੱਗੇ ਰਹਿੰਦੇ ਹੋਣ ਵਕੀਲ ਨਹੀਂ ਬਣ ਸਕਦਾ। ਪਰਬੀਨ ਆਦਮੀ ਤਾਂ ਆਪਣੇ ਮਨ ਨੂੰ ਇਸ ਤਰ੍ਹਾਂ ਦਾ ਮਿਕਨਾਤੀਸ ਬਣਾ ਲੈਂਦਾ ਹੈ ਜਿਹੜਾ ਜਿਸ ਚੀਜ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਉਹਨੂੰ ਆਪਣੇ ਵੱਲ

ਖਿਚਦਾ ਰਹੇ। ਉਹ ਉਸੇ ਚੀਜ਼ ਤੇ ਪੂਰਾ ਧਿਆਨ ਲਾਈ ਰੱਖਦਾ ਹੈ, ਉਸ ਦਾ ਹੀ ਖ਼ਿਆਲ ਕਰਦਾ ਹੈ, ਸਾਰੀ ਹਿੰਮਤ ਉਸੇ ਤੇ ਲਾ ਦਿੰਦਾ ਹੈ, ਉਸੇ ਦੇ ਸੁਪਨੇ ਵੇਖਦਾ ਹੈ, ਉਸੇ ਨੂੰ ਆਪਣੇ ਜੀਵਨ ਦਾ ਵਿਸ਼ੇਸ਼ ਹਿੱਸਾ ਬਣਾ ਲੈਂਦਾ ਹੈ ਤੇ ਓੜਕ ਉਸ ਨੂੰ ਆਪਣੇ ਵੱਲ ਖਿਚ ਹੀ ਲੈਂਦਾ ਹੈ। ਇਸੇ ਤਰ੍ਹਾਂ ਧਨ, ਅਮੀਰੀ, ਖ਼ੁਸ਼ਹਾਲੀ ਵੀ ਖਿੱਚ ਦੇ ਕਾਨੂੰਨ ਨੂੰ ਮੰਨਦੇ ਹਨ।

ਜੇ ਸਾਡੇ ਦਿਲ ਵਿਚ ਕਿਸੇ ਚੀਜ਼ ਦੀ ਇੱਛਾ ਹੋਵੇ ਤੇ ਅਸੀਂ ਉਹਨੂੰ ਅਤੁੱਟ ਭੰਡਾਰ ਵਿਚੋਂ ਪ੍ਰਾਪਤ ਕਰਨਾ ਚਾਹੀਏ ਤਾਂ ਸਾਨੂੰ ਉਸ ਚੀਜ਼ ਦੇ ਖ਼ਿਆਲ ਨੂੰ ਤੇ ਉਹਨੂੰ ਪ੍ਰਾਪਤ ਕਰ ਲੈਣ ਦੇ ਇਰਾਦੇ ਨੂੰ ਘੜੀ ਮੁੜੀ ਆਪਣੇ ਅਚੇਤ-ਮਨ ਦੇ ਅੰਦਰ ਪੱਕੀ ਤਰ੍ਹਾਂ ਕਾਇਮ ਕਰ ਦੇਣਾ ਚਾਹੀਦਾ ਹੈ। ਇਥੋਂ ਤੱਕ ਕਿ ਸਾਡਾ ਉਹ ਇਰਾਦਾ ਸਾਡੇ ਅੰਦਰ ਜ਼ੋਰ ਨਾਲ ਹਲੂਣਾ ਦੇ ਕੇ ਕੰਮ ਕਰਾਉਣ ਵਾਲਾ ਜੋਹਰ ਬਣ ਜਾਵੇ। ਸਾਨੂੰ ਖ਼ੁਸ਼ਹਾਲੀ ਤੇ ਅਮੀਰੀ ਦਾ ਖ਼ਿਆਲ ਅਚੇਤ-ਮਨ ਦੇ ਅੰਦਰ ਦ੍ਰਿੜਤਾ ਨਾਲ ਜਮ੍ਹਾਂ ਲੈਣਾ ਚਾਹੀਦਾ ਹੈ, ਇਉ ਇਹ ਜੀਵਨ ਵਿਚ ਜ਼ੋਰ ਨਾਲ ਕੰਮ ਕਰਨ ਵਾਲਾ ਅਸਰ ਬਣ ਜਾਂਦਾ ਹੈ ਤੇ ਹਰ ਵੇਲੇ ਵਧਦਾ ਰਹਿਣ ਵਾਲਾ ਮਾਨਸਿਕ ਮਿਕਨਾਤੀਸ ਬਣ ਜਾਂਦਾ ਹੈ ਜੋ ਇੱਛਾ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਜਿਸ ਚੀਜ਼ ਨੂੰ ਅਸੀਂ ਸਥੂਲ ਰੂਪ ਵਿਚ ਪ੍ਰਾਪਤ ਕਰਨਾ ਚਾਹੁੰਦੇ ਹਾਂ ਉਸ ਨੂੰ ਪਹਿਲਾਂ ਦ੍ਰਿੜ੍ਹ ਵਿਸ਼ਵਾਸ ਧਾਰਨ ਕਰ ਕੇ ਅਚੇਤ-ਮਨ ਵਿਚ ਕਾਇਮ ਕਰ ਲੈਣਾ ਚਾਹੀਦਾ ਹੈ।

ਨਵੇਂ ਫਲਸਫੇ ਨੂੰ ਮੰਨਣ ਵਾਲਿਆਂ ਦੀ ਗਰੀਬੀ ਤੇ ਪੁਰਾਣੇ ਖ਼ਿਆਲ ਨੂੰ ਮੰਨਣ ਵਾਲਿਆਂ ਦੀ ਗਰੀਬੀ ਵਿਚ ਬੜੀ ਭਾਰੀ ਵਿਥ ਹੈ। ਇਸ ਦਾ ਕਾਰਣ ਇਹ ਹੈ ਕਿ ਨਵੇਂ ਫਲਸਫੇ ਨੂੰ ਮੰਨਣ ਵਾਲੇ ਮਨ ਦੇ ਆਸ਼ਾਵਾਦੀ ਝੁਕਾਉ ਦੀ ਲੋੜ ਤੇ ਵਡਿਆਈ ਨੂੰ ਸਮਝਦੇ ਹਨ ਇਨ੍ਹਾਂ ਦੋਹਾਂ ਗਰੀਬੀਆਂ ਵਿਚ ਫ਼ਰਕ ਇਹ ਹੈ ਕਿ ਇਕ ਗਰੀਬੀ ਤਾਂ ਆਸ਼ਾਵਾਦੀ, ਹੌਂਸਲੇ ਵਾਲੀ, ਭਵਿਖਤ ਵਿਚ ਕਿਸੇ ਚੰਗੀ ਪ੍ਰਾਪਤੀ ਹੋਣ ਦੀ ਉਡੀਕਵਾਨ ਹੈ, ਜਿਸ ਨੂੰ ਆਪਣੀ ਹਾਲਤ ਨੂੰ ਸੁਧਾਰਨ ਲਈ ਵਿਸ਼ਵਾਸ ਪੂਰਤ

ਜਤਨਾਂ ਦਾ ਸਹਾਰਾ ਦਿੱਤਾ ਜਾਂਦਾ ਹੈ। ਦੂਸਰੀ ਗਰੀਬੀ ਨਿਰਾਸ਼ਵਾਦੀ, ਅੱਗੇ ਨੂੰ ਕੋਈ ਆਸ ਨਾ ਰੱਖਣ ਵਾਲੀ, ਕਦੇ ਵੀ ਕੁਝ ਚੰਗਾ ਨਾ ਹੋਣ ਦੀ ਆਸਵੰਦ ਗਰੀਬੀ ਹੈ ਜਿਹੜੀ ਵਧੇਰੀ ਗਰੀਬੀ ਦਾ ਹੀ ਖ਼ਿਆਲ ਕਰਦੀ ਹੈ, ਵਧੇਰੀ ਕੁੜੱਤਣ, ਵਧੇਰੀ ਕੰਗਾਲੀ ਤੇ ਵਧੇਰੀ ਤਕਲੀਫ਼ ਦਾ ਹੀ ਧਿਆਨ ਕਰਦੀ ਰਹਿੰਦੀ ਹੈ।

ਚੰਗੀਆਂ ਚੀਜ਼ਾਂ ਦੀ ਆਸ਼ਾ ਲਾਈ ਰੱਖਣ ਵਾਲੀ ਗਰੀਬੀ ਵੀ ਕੋਈ ਸੁਖਾਵੀਂ ਅਵਸੱਥਾ ਨਹੀਂ ਪਰ ਇਸ ਵਿਚ ਨਿਰਾਸ਼ਾ ਨਹੀਂ ਹੁੰਦੀ, ਕੋਈ ਅਸਲੀ ਤਕਲੀਫ਼ ਜਾਂ ਅਸਲੀ ਪੀੜ ਨਹੀਂ ਹੁੰਦੀ ਕਿਉਂਕਿ ਆਸ਼ਾ ਹਨੇਰੇ ਤੋਂ ਦੂਰ ਦੀ ਮੰਜ਼ਲ ਨੂੰ ਦੇਖਦੀ ਰਹਿੰਦੀ ਹੈ। ਇਹ ਇਕ ਤਰ੍ਹਾਂ ਦਾ ਚਾਨਣਾ ਦੇਂਦੀ ਰਹਿੰਦੀ ਹੈ ਜਿਹੜਾ ਰੋਕਾਂ ਟੋਕਾਂ ਦੇ ਹਨੇਰੇ ਨੂੰ ਅਗੇਰੇ ਜਾ ਕੇ ਪ੍ਰਾਪਤ ਹੋਣ ਵਾਲੀਆਂ ਚੰਗੀਆਂ ਚੀਜ਼ਾਂ ਦਾ ਨਜ਼ਾਰਾ ਵਿਖਾ ਕੇ ਦੂਰ ਕਰ ਦਿੰਦਾ ਹੈ। ਨਿਰਾਸ਼ਾ ਵਾਲੀ ਗਰੀਬੀ, ਜਿਸ ਨੂੰ ਅੱਗੇ ਕੋਈ ਚਾਨਣਾ ਦਿਖਾਈ ਹੀ ਨਹੀਂ ਦਿੰਦਾ ਉਹ ਦਿਨੋ ਦਿਨ ਕਿਸੇ ਚੰਗਿਆਈ ਤੇ ਬਿਹਤਰੀ ਦੀ ਆਸ਼ਾ ਦੇ ਨਜ਼ਾਰੇ ਦਿਖਾਏ ਬਿਨਾਂ ਲੋਕਾਂ ਦੀ ਜਾਨ ਨੂੰ ਆਪਣੀ ਚੱਕੀ ਵਿਚ ਪੀਂਹਦੀ ਰਹਿੰਦੀ ਹੈ। ਇਹ ਗਰੀਬੀ ਉਤਸ਼ਾਹ ਨੂੰ ਮਾਰ ਦਿੰਦੀ ਹੈ ਜੀਉਂਣ ਦੇ ਲਚਕਦਾਰ ਅੰਸ਼ ਅਰਥਾਤ ਖੇੜੇ ਤੇ ਖ਼ੁਸ਼ੀ ਦਾ ਨਾਸ ਕਰ ਦਿੰਦੀ ਹੈ ਤੇ ਤਬਾਹ ਕਰ ਦਿੰਦੀ ਹੈ ਉਨ੍ਹਾਂ ਚੀਜ਼ਾਂ ਨੂੰ ਜਿਹੜੀਆਂ ਕਿ ਹਰ ਮਨੁੱਖ ਦਾ ਪੈਦਾਇਸ਼ੀ ਹੱਕ ਹਨ।

ਜਿਨ੍ਹਾਂ ਲੋਕਾਂ ਨੇ ਕਿਸੇ ਚੰਗੀ ਚੀਜ਼ ਦੀ ਝਲਕ ਵੇਖ ਲਈ ਹੈ, ਜਿਨ੍ਹਾਂ ਨੂੰ ਰੋਸ਼ਨੀ ਦਾ ਚਮਕਾਰਾ ਦਿਸ ਪਿਆ ਹੈ। ਅਜੇਹੇ ਲੋਕਾਂ ਦੀ ਗਰੀਬੀ, ਜਿਹੜੇ ਭਵਿਖਤ ਵਿਚ ਕਿਸੇ ਅਜੇਹੀ ਚੀਜ਼ ਨੂੰ ਦੇਖ ਲੈਂਦੇ ਹਨ, ਜਿਸ ਦੀ ਪ੍ਰਾਪਤੀ ਲਈ ਹੱਥ ਪੈਰ ਮਾਰਨੇ ਜ਼ਰੂਰੀ ਹੁੰਦੇ ਹਨ, ਉਸ ਕਬੀਲੇ ਦੀ ਥੋੜੇ ਸਮੇਂ ਲਈ ਬੇਚੈਨੀ ਹੁੰਦੀ ਹੈ ਜਿਹੜਾ ਗਰਮੀ ਦੇ ਦਿਨਾਂ ਵਿਚ ਬਾਹਰ ਕਿਤੇ ਤੰਬੂ ਲਾ ਕੇ ਰਹਿ ਰਿਹਾ ਹੋਵੇ। ਉਸ ਕਬੀਲੇ ਦੇ ਲੋਕ ਜਾਣਦੇ ਹਨ ਕਿ ਇਹ ਬੇਅਰਾਮੀ ਥੋੜੇ ਚਿਰ ਲਈ ਹੀ ਹੈ ਸੋ ਉਹ ਉਸ ਦੀ ਪਰਵਾਹ ਨਹੀਂ ਕਰਦੇ, ਇਸ ਕਰਕੇ ਉਨ੍ਹਾਂ ਦੀ ਖ਼ੁਸ਼ੀ ਵਿਚ ਕੋਈ ਵਿਘਨ

ਨਹੀਂ ਪੈਂਦਾ ਕਿਉਂਕਿ ਉਹ ਜਾਣਦੇ ਹਨ ਕਿ ਇਹ ਹਾਲਤ ਛੇਤੀ ਹੀ ਬਦਲ ਜਾਵੇਗੀ। ਉਹ ਆਪਣੀ ਵਰਤਮਾਨ ਅਵਸਥਾ ਤੋਂ ਘਬਰਾਉਂਦੇ ਨਹੀਂ। ਹਾਂ ਜੇ ਉਹ ਹਾਲਤ ਸਦਾ ਰਹਿਣ ਵਾਲੀ ਤੇ ਲਾਇਲਾਜ ਹੋਵੇ ਤਾਂ ਉਹ ਜ਼ਰੂਰ ਘਬਰਾ ਜਾਣ।

ਬੇਸ਼ੁਮਾਰ ਅਜੇਹੇ ਲੋਕ ਹਨ ਜਿਹੜੇ ਉਜਾੜਾਂ ਵਿਚ ਬੈਠੇ ਜੀਵਨ ਬਤੀਤ ਕਰਨ ਵਾਲੇ ਖਾਨਾ ਬਦੋਸ਼ਾਂ ਵਾਂਙ ਉੱਕਾ ਹੀ ਅਸੂਝ ਤੇ ਬੇਵਕੂਫ ਹਨ, ਜਿਹੜੇ ਧੁੱਪਾਂ ਨਾਲ ਸੜੇ ਥਲਾਂ ਵਿਚ ਝੁਗੀਆਂ ਵਿਚ ਰਹਿੰਦੇ ਹਨ ਤੇ ਧਰਤੀ ਦੇ ਛੋਟੇ ਛੋਟੇ ਟੁਕੜਿਆਂ ਤੇ ਵਾਹੀ ਕਰ ਕੇ ਤੇ ਕੁਝ ਪਸ਼ੂ ਪਾਲ ਕੇ ਸੰਤੁਸ਼ਟ ਰਹਿੰਦੇ ਹਨ। ਉਨ੍ਹਾਂ ਦਾ ਜੀਵਨ ਕੇਵਲ ਨਾਂ-ਮਾਤਰ ਹੀ ਹੈ ਪਰ ਜਿਸ ਭੌਂ ਵਿਚੋਂ ਉਹ ਮੁਸ਼ਕਲ ਨਾਲ ਪੇਟ ਪਾਲਣ ਜੋਗ ਅੰਨ ਹੀ ਪੈਦਾ ਕਰਦੇ ਹਨ ਉਹ ਜ਼ਮੀਨ ਬੜੀਆਂ ਤਾਕਤਾਂ ਨਾਲ ਭਰੀ ਹੋਈ, ਚੋਖੀਆਂ ਫਸਲਾਂ ਦੀ ਸੰਭਾਵਨਾਂ ਰੱਖਣ ਵਾਲੀ ਤੇ ਬਹੁਤ ਸਾਰਾ ਧਨ ਪੈਦਾ ਕਰਨ ਦੇ ਯੋਗ ਹੈ। ਜੇ ਇਨ੍ਹਾਂ ਲੋਕਾਂ ਨੂੰ ਇੰਨਾਂ ਗਿਆਨ ਹੋਵੇ ਕਿ ਭੌਂ ਦੇ ਨਾਲ ਨਾਲ ਅਕਲ ਤੇ ਦਿਮਾਗ਼ ਦੀ ਵਰਤੋਂ ਕਿਵੇਂ ਕਰੀਦੀ ਹੈ, ਜਾਂ ਉਹ ਇਨ੍ਹਾਂ ਥਾਵਾਂ ਨੂੰ ਛੱਡ ਕੇ ਹੋਰ ਜਗ੍ਹਾ ਜਾ ਵਸਣ ਜਿਥੇ ਪਾਣੀ ਖੁਲਾ ਮਿਲ ਸਕਦਾ ਹੋਵੇ ਤੇ ਉਹ ਚੰਗੀ ਤਰ੍ਹਾਂ ਖੇਤੀਬਾੜੀ ਕਰ ਸਕਣ ਤਾਂ ਉਹ ਵੀ ਐਸ਼ ਵਾਲਾ ਜੀਵਨ ਬਤੀਤ ਕਰ ਸਕਣ।

ਜ਼ਮੀਨ ਵਿਚ ਕਿਸੇ ਕਿਸਮ ਦੀ ਘਾਟ ਨਹੀਂ ਕੇਵਲ ਪਾਣੀ ਤੇ ਅਕਲ ਦੀ ਲੋੜ ਹੈ ਜਿਸ ਨਾਲ ਇਸ ਨੂੰ ਵਧੇਰੀ ਉਪਜਾਊ ਬਣਾਇਆ ਜਾਵੇ। ਇਨ੍ਹਾਂ ਦੋਹਾਂ ਗੱਲਾਂ ਨਾਲ ਉਜਾੜ ਨੂੰ ਗੁਲਜ਼ਾਰ ਬਣਾਇਆ ਜਾ ਸਕਦਾ ਹੈ। ਪਾਣੀ ਤੇ ਅਕਲ ਜੇ ਜ਼ਮੀਨ ਨਾਲ ਮਿਲ ਜਾਣ ਤਾਂ ਖੇਤੀਬਾੜੀ ਵਿਚ ਕਰਾਮਾਤ ਕਰ ਕੇ ਦਿਖਾਈ ਜਾ ਸਕਦੀ ਹੈ ਪਰ ਉਥੇ ਹੀ ਇਨ੍ਹਾਂ ਦੇ ਬਗੈਰ ਅਣਜਣਾਤਾ ਇਕ ਸੁੱਕੇ ਸੜੇ ਜੀਵਨ ਨੂੰ ਸਹਾਰਾ ਦੇਣ ਲਈ ਵੀ ਕਾਫੀ ਪੈਦਾਵਾਰ ਨਹੀਂ ਕਰ ਸਕਦੀ।

ਇਨ੍ਹਾਂ ਅਣਜਾਣ ਝੁੱਗੀ-ਵਾਸਾਂ ਤੋਂ ਥੋੜੀ ਹੀ ਦੂਰ ਮੈਂ ਉਸੇ ਪਲ ਦੇ ਇਕ ਹਿੱਸੇ ਨੂੰ ਵੇਖਿਆ ਜਿਸ ਨੂੰ ਵਾਹੁਣ ਦੀ ਸਿਆਣਪ ਨੇ ਪਾਣੀ ਨਾਲ ਮਿਲ ਕੇ ਅਜੇਹੀ

ਉਪਜਾਊ ਤੇ ਹਰਾ ਭਰਾ ਬਣਾਇਆ ਹੋਇਆ ਸੀ ਕਿ ਉਹ ਹਿੱਸਾ ਮਨਮੋਹਨੇ ਫਲਾਂ, ਸਬਜ਼ੀਆਂ ਤੋਂ ਫੁੱਲਾਂ ਨਾਲ ਸਵਰਗੀ ਗੁਲਜ਼ਾਰ ਬਣਿਆ ਹੋਇਆ ਸੀ। ਉਥੇ ਜ਼ਮੀਨ ਦੇ ਇਕ ਛੋਟੇ ਜੇਹੇ ਟੁਕੜੇ ਤੇ ਹੀ ਵੱਡੇ ਵੱਡੇ ਟੱਬਰ ਆਰਾਮ ਨਾਲ ਗੁਜ਼ਾਰਾ ਕਰ ਰਹੇ ਸਨ ਤੇ ਪਾਣੀ ਆਉਣ ਤੋਂ ਪਹਿਲਾਂ ਸ਼ਾਇਦ ਉਹੋ ਟੱਬਰ ਕਈ ਔਕੜਾਂ ਸਹਾਰਨ ਤੇ ਵੀ ਮੁਸ਼ਕਲ ਨਾਲ ਗੁਜ਼ਾਰਾ ਕਰ ਸਕਦੇ।

ਮਨੁੱਖ ਜਾਤੀ ਦਾ ਵਧੇਰਾ ਭਾਗ ਸਾਰੀ ਉਮਰ ਉਨ੍ਹਾਂ ਥਲਾਂ ਵਿਚ ਗੁਜ਼ਾਰ ਦਿੰਦਾ ਹੈ ਜਿਹੜੇ ਅਜੀਬ ਅਜੀਬ ਤਾਕਤਾਂ ਤੇ ਸੰਭਾਵਨਾਵਾਂ ਨਾਲ ਭਰੇ ਪਏ ਹਨ ਪਰ ਗਿਆਨ ਦੀ ਅਣਹੋਂਦ ਕਰਕੇ ਉਥੋਂ ਦੇ ਵਸਨੀਕ ਗਰੀਬੀ ਦਾ ਜੀਵਨ ਗੁਜ਼ਾਰ ਰਹੇ ਹਨ। ਉਨ੍ਹਾਂ ਦੇ ਮਾਨਸਿਕ ਤੌਰ ਤੇ ਪ੍ਰਫੁਲਤ ਨਾ ਹੋਣ ਕਰਕੇ ਕੁਝ ਵੀ ਪੈਦਾ ਨਹੀਂ ਕਰ ਸਕਦੇ। ਸਾਡੇ ਵਿਚੋਂ ਵੀ ਕਈ ਬੰਦੇ ਆਪਣੇ ਜੀਵਨ ਦੇ ਕਿਸੇ ਖੂੰਜੇ ਵਿਚ ਕੁਝ ਵਾਹੀ ਕਰ ਲੈਂਦੇ ਹਨ ਤੇ ਕੁਝ ਸਬਜ਼ੀ ਭਾਜੀ ਉਗਾ ਲੈਂਦੇ ਹਨ। ਕੋਈ ਵਿਰਲਾ ਵਿਰਲਾ ਕੁਝ ਫਲ ਫੁੱਲ ਵੀ ਉਗਾ ਲੈਂਦਾ ਹੈ ਤੇ ਕਦੇ ਕਦੇ ਪਾਣੀ ਤੇ ਅੰਦਰੋਂ ਹੁਲਾਰਾ ਤੇ ਉਮੰਗ ਮਿਲ ਜਾਣ ਨਾਲ ਆਪਣੇ ਮਾਨਸਿਕ ਥਲ ਦੇ ਕਿਸੇ ਨਿੱਕੇ ਵੱਡੇ ਹਿੱਸੇ ਵਿਚ ਥੋੜੀ ਬਹੁਤੀ ਕਦਰ ਯੋਗ ਉਪਜ ਵੀ ਕਰ ਲੈਂਦਾ ਹੈ ਪਰ ਬਹੁਤ ਥੋੜੇ ਮਨੁੱਖ ਆਪਣੇ ਪੂਰੇ ਪੂਰੇ ਵਸੀਲਿਆਂ ਦੀ ਵਰਤੋਂ ਕਰਦੇ ਹਨ।

ਨਵਾਂ ਫਲਸਫਾ ਸਾਨੂੰ ਸਿਖਾਉਂਦਾ ਹੈ ਕਿ ਆਪਣੇ ਵਸੀਲਿਆਂ ਨੂੰ ਕਿਵੇਂ ਕਾਬੂ ਕਰ ਕੇ ਵਰਤਿਆ ਜਾਵੇ ਤਾਂ ਜੋ ਆਪਣੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਇਹ ਸਾਨੂੰ ਸਿਖਾਉਂਦਾ ਹੈ ਕਿ ਜਿਸ ਸੋਮੇ ਤੋਂ ਸਾਰੀਆਂ ਚੀਜ਼ਾਂ ਉਪਜਦੀਆਂ ਹਨ ਉਸ ਸੋਮੇ ਦਾ ਸਬੰਧ ਉਸ ਮਹਾਨ ਸਰਬ-ਵਿਆਪਕ ਬੁੱਧੀ ਨਾਲ ਹੈ ਜਿਹੜੀ ਸਭ ਥਾਵੀਂ ਵਿਆਪਕ ਹੈ ਤੇ ਇਸ ਮਹਾਨ ਸਰਬ-ਵਿਆਪੀ ਬੁੱਧੀ ਦੇ ਅਥਾਹ ਸਾਗਰ ਵਿਚ ਇੰਨੀ ਦੌਲਤ ਭਰੀ ਪਈ ਹੈ ਜਿੰਨੀ ਖ਼ਿਆਲ ਵਿਚ ਵੀ ਨਹੀਂ ਆ ਸਕਦੀ ਤੇ ਇਹ ਦੌਲਤ ਉਡੀਕਦੀ ਪਈ ਹੈ ਕਿ ਮਨੁੱਖ ਇਸ ਨੂੰ ਸਥੂਲ ਰੂਪ ਦੇ ਕੇ ਆਪਣੀ ਵਰਤੋਂ

ਵਿਚ ਲਿਆਵੇ। ਨਵਾਂ ਫਲਸਫਾ ਸਾਨੂੰ ਸਿਖਾਉਂਦਾ ਹੈ ਕਿ ਇਹ ਸਾਰੀਆਂ ਚੀਜ਼ਾਂ ਠੀਕ ਖ਼ਿਆਲ, ਦ੍ਰਿੜ੍ਹ-ਵਿਸ਼ਵਾਸ ਤੇ ਠੀਕ ਹੁਲਾਰੇ ਨਾਲ ਸਾਂਵੀਆਂ ਹੁੰਦੀਆਂ ਹਨ ਤੇ ਅਸੀਂ ਇਸ ਅਤੁੱਟ ਭੰਡਾਰ ਵਿਚੋਂ ਆਪਣੀ ਹਰ ਇੱਛਤ ਵਸਤੂ ਲੈ ਸਕਦੇ ਹਾਂ। ਨਵਾਂ ਫਲਸਫਾ ਸਪੱਸ਼ਟ ਕਰਦਾ ਹੈ ਕਿ ਸਾਡੇ ਜੀਵਨ ਇਤਨੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਦੇ ਹੁੰਦਿਆਂ ਹੋਇਆਂ ਇੰਨੇ ਤੰਗ, ਇੰਨੇ ਹੀਣੇ, ਅਤੇ ਸਾਡੀਆਂ ਪਰਾਪਤੀਆਂ ਇੰਨੀਆਂ ਥੋੜੀਆਂ ਤੇ ਸੀਮਤ ਕਿਉਂ ਹਨ? ਕਾਰਣ ਇਹ ਹੈ ਕਿ ਅਸੀਂ ਅਤੁੱਟ ਦਾਤ-ਭੰਡਾਰ ਵਿਚੋਂ ਆਪਣੀ ਲੋੜ ਅਨੁਸਾਰ ਚੀਜ਼ਾਂ ਨਹੀਂ ਲੈਂਦੇ।

ਸਾਡੇ ਭੀੜੇ, ਸੀਮਤ ਅਤੇ ਨਿਕੰਮੇ ਜੇਹੇ ਆਦਰਸ਼ ਸਾਡੇ ਕੰਗਾਲੀ ਮਾਰੇ ਦ੍ਰਿਸ਼ਟੀਕੋਣ, ਸਾਡੇ ਆਪਣੇ ਹੀ ਖਿਆਲਾਂ ਦੀਆਂ ਪਾਈਆਂ ਹੋਈਆਂ ਹੱਦਾਂ ਹੀ ਸਾਡੀ ਤਾਕਤ ਦੇ ਚੋਰ ਹਨ ਤੇ ਇਹੋ ਹੀ ਸਾਨੂੰ ਗਰੀਬੀ ਵਿਚ ਰੱਖ ਰਹੇ ਹਨ। ਸਾਡੀਆਂ ਪ੍ਰਾਪਤੀਆਂ, ਸਾਡੇ ਕਬਜ਼ੇ, ਸਾਡੇ ਖਿਆਲਾਂ ਤੇ ਆਦਰਸ਼ਾਂ ਤੋਂ ਕਦੇ ਵੀ ਵੱਧ ਨਹੀਂ ਹੋ ਸਕਦੇ। ਅਸੀਂ ਆਪਣੀਆਂ ਹੱਦਾਂ ਆਪ ਹੀ ਖੜੀਆਂ ਕਰ ਲੈਂਦੇ ਹਾਂ।

ਜਦ ਕੋਈ ਮਨੁੱਖ ਜੰਗਲਾਂ ਵਿਚ ਰਾਹ ਭੁੱਲ ਕੇ ਇਧਰ ਉਧਰ ਭਟਕਦਾ ਫਿਰਦਾ ਹੈ ਤਾਂ ਉਹਨੂੰ ਪਤਾ ਨਹੀਂ ਹੁੰਦਾ ਕਿ ਉਹ ਕਿਧਰ ਫਿਰ ਰਿਹਾ ਹੈ। ਕਾਰਣ ਇਹ ਹੁੰਦਾ ਹੈ ਕਿ ਉਹਨੂੰ ਪੂਰਬ, ਪੱਛਮ, ਦੱਖਣ, ਉੱਤਰ ਦਾ ਕੋਈ ਗਿਆਨ ਨਹੀਂ ਰਹਿੰਦਾ। ਜਦੋਂ ਤੱਕ ਇਉਂ ਭੁੱਲਿਆ ਹੋਇਆ ਮਨੁੱਖ ਸੂਰਜ ਨੂੰ ਨਹੀਂ ਦੇਖ ਲੈਂਦਾ ਤੇ ਆਪਣੇ ਥਹੁ ਟਿਕਾਣੇ ਨੂੰ ਨਹੀਂ ਸਮਝ ਲੈਂਦਾ ਉਦੋਂ ਤੱਕ ਉਹ ਚੱਕਰ ਖਾਂਦਾ ਘੁੰਮਣਘੇਰੀ ਵਿਚ ਤੁਰਿਆ ਫਿਰਦਾ ਰਹਿੰਦਾ ਹੈ ਤੇ ਖ਼ਿਆਲ ਕਰਦਾ ਹੈ ਕਿ ਉਹ ਕਿਸੇ ਖਾਸ ਸੇਧੇ ਤੁਰੀ ਜਾ ਰਿਹਾ ਹੈ। ਉਹਦਾ ਮੂੰਹ ਮੰਜ਼ਿਲ ਵੱਲ ਨਾ ਹੋਣ ਕਰਕੇ ਉਹ ਜ਼ਰਾ ਵੀ ਅੱਗੇ ਨਹੀਂ ਵਧਦਾ। ਉਹਨੂੰ ਇਹ ਪਤਾ ਨਹੀਂ ਹੁੰਦਾ ਪਰ ਜਦੋਂ ਕੁਝ ਚਿਰ ਪਿੱਛੋਂ ਉਹਨੂੰ ਕੋਈ ਰਸਤਾ ਨਹੀਂ ਲੱਭਦਾ ਤੇ ਪਤਾ ਨਹੀਂ ਲੱਗਦਾ ਕਿ ਜਦੋਂ ਤੱਕ ਇਸ ਤਰ੍ਹਾਂ ਘੁੰਮਦਾ ਫਿਰਦਾ ਰਹੇਗਾ ਤਾਂ ਉਹ ਉਤਸ਼ਾਹ ਹੀਣ ਹੋ ਜਾਂਦਾ ਹੈ। ਕਰੋੜਾਂ

ਮਨੁੱਖ ਗ਼ਲਤ ਖਿਆਲਾ ਦੇ ਸੰਘਣੇ ਜੰਗਲਾਂ ਵਿਚ ਭੁੱਲੇ ਫਿਰਦੇ ਹਨ। ਉਹ ਤਰਕੀ ਦੀ ਮੰਜਿਲ ਵੱਲ ਨਹੀਂ ਵੱਧ ਰਹੇ। ਉਨ੍ਹਾਂ ਨੂੰ ਕਿਤੇ ਰੋਸ਼ਨੀ ਨਹੀਂ ਦਿਸਦੀ, ਜੰਗਲੋਂ ਨਿਕਲਣ ਦਾ ਰਾਹ ਨਹੀਂ ਦਿਖਾਈ ਦਿੰਦਾ। ਬਸ ਉਨ੍ਹਾਂ ਦਾ ਹੌਂਸਲਾ ਟੁੱਟ ਜਾਂਦਾ ਹੈ। ਮਾਨਸਿਕ ਤੌਰ ਤੇ ਉਹ ਕੁਰਾਹੇ ਪਏ ਹੁੰਦੇ ਹਨ ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਹੁੰਦਾ।

ਜੇ ਅੱਜ ਕੱਲ੍ਹ ਦੇ ਅਸਫਲ ਲੋਕਾਂ ਦੀਆਂ ਧਾੜਾਂ ਕੇਵਲ ਖੁਸ਼ਹਾਲੀ ਵਾਲਾ ਇਲਾਜ ਕੀਤਾ ਜਾਵੇ ਤੇ ਉਨ੍ਹਾਂ ਨੂੰ ਦੱਸ ਦਿੱਤਾ ਜਾਵੇ ਕਿ ਉਹ ਲੋਕ ਆ ਪੁੱਠੇ ਮਾਨਸਿਕ ਝੁਕਾਉ ਦੇ ਕਾਰਣ ਵਰਤਮਾਨ ਭੈੜੀ ਹਾਲਤ ਵਿਚ ਹਨ। ਉਹ ਕੰਮ ਤਾਂ ਕਰਦੇ ਰਹੇ ਹਨ ਕਿਸੇ ਹੋਰ ਚੀਜ਼ ਲਈ ਤੇ ਆਸ਼ਾ ਕਰਦੇ ਰਹੇ ਹਨ ਕਿਸੇ ਹੋਰ ਚੀਜ਼ ਦੀ। ਜੇ ਉਨ੍ਹਾਂ ਦਾ ਮੂੰਹ ਮੋੜ ਕੇ ਸਿੱਧੇ ਪਾਸੇ ਕਰ ਦਿੱਤਾ ਜਾਵੇ ਜਿਸ ਨਾਲ, ਜਿਥੇ ਉਹ ਆਪਣੀ ਮੰਜਲ ਵੱਲ ਮਾਨਸਿਕ ਤੌਰ ਤੇ ਪਿੱਠ ਕਰੀ ਬੈਠੇ ਹਨ, ਉਥੇ ਉਨ੍ਹਾਂ ਦਾ ਮੂੰਹ ਆਪਣੀ ਮੰਜਲ ਵੱਲ ਹੋ ਜਾਵੇ, ਤਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਹੁਣ ਵੀ ਆਪਣੇ ਜੀਵਨ ਨੂੰ ਸ਼ਾਨਦਾਰ ਤੇ ਸਫਲ ਬਣਾ ਸਕਦੇ ਹਨ। ਬਸ ਲੋੜ ਕੇਵਲ ਇਹ ਹੀ ਹੈ ਕਿ ਉਨ੍ਹਾਂ ਲੱਖਾਂ ਅਸਫਲ ਤੇ ਬਿਲਕੁਲ ਗਏ ਗਵਾਚੇ ਲੋਕਾਂ ਨੂੰ ਭੁਆਟਣੀ ਦੇ ਕੇ ਉਨ੍ਹਾਂ ਦਾ ਮੂੰਹ ਸਿੱਧੇ ਪਾਸੇ ਕਰ ਦਿੱਤਾ ਜਾਵੇ ਜਿਸ ਦੇ ਨਾਲ ਉਨ੍ਹਾਂ ਦਾ ਰੁੱਖ ਜੀਵਨ ਵੱਲ ਠੀਕ ਹੋ ਜਾਵੇ।

ਕਿੰਨੇ ਅਫਸੋਸ ਦੀ ਗੱਲ ਹੈ ਕਿ ਯੋਗ ਮੌਕਿਆਂ ਤੇ ਬਹੁਲਤਾ ਭਰੇ ਸਾਡੇ ਦੇਸ਼ (ਅਮਰੀਕਾ) ਵਿਚ ਸਾਡੀ ਸਰਕਾਰ ਅਜੇਹੀਆਂ ਸੰਸਥਾਵਾਂ ਕਾਇਮ ਨਹੀਂ ਕਰਦੀ ਜਿਥੇ ਮਾਹਰ ਲੋਕ ਗਰੀਬੀ ਤੋਂ ਦੁੱਖ ਪਾਉਣ ਵਾਲਿਆਂ ਤੇ ਉਨ੍ਹਾਂ ਲੋਕਾਂ ਦਾ, ਜਿਹੜੇ ਇਸ ਖ਼ਿਆਲ ਦੇ ਭੂਤ ਦੇ ਅਸਰ ਹੇਠ ਹਨ ਕਿ ਉਨ੍ਹਾਂ ਦੀ ਗਰੀਬੀ ਕਿਸੇ ਤਰ੍ਹਾਂ ਹੱਟ ਹੀ ਨਹੀਂ ਸਕਦੀ, ਇਲਾਜ ਕਰਨ। ਜਿਵੇਂ ਹਸਪਤਾਲਾਂ ਵਿਚ ਬੀਮਾਰਾਂ ਨੂੰ ਅਰੋਗਤਾ ਲਈ ਸਲਾਹ ਦੀ ਲੋੜ ਹੈ ਇਸੇ ਤਰ੍ਹਾਂ ਇਹ ਲੋਕ ਖੁਸ਼ਹਾਲੀ ਲਈ ਇਲਾਜ

ਦੇ ਲੋੜਵੰਦ ਹਨ। ਬਹੁਤ ਸਾਰੇ ਇਨ੍ਹਾਂ ਵਿਚੋਂ ਇਲਾਜ ਨਾਲ ਰਾਜ਼ੀ ਹੋ ਸਕਣ ਵਾਲੇ ਹਨ। ਉਹ ਤਾਂ ਕੇਵਲ ਜੀਵਨ ਦੇ ਪੰਧ ਤੇ ਚਲਦੇ ਚਲਦੇ ਰਾਹ ਭੁੱਲ ਗਏ ਹਨ ਤੇ ਚਾਨਣ ਦੀ ਥਾਂ ਹਨੇਰੇ ਵੱਲ, ਖੁਸ਼ਹਾਲੀ ਦੀ ਥਾਂ ਗਰੀਬੀ ਦੀ ਮੰਜਲ ਵੱਲ ਮੂੰਹ ਕਰ ਬੈਠੇ ਹਨ। ਉਨ੍ਹਾਂ ਦੇ ਮਨ ਦਾ ਝੁਕਾਉ ਮੋੜਨ ਦੀ ਲੋੜ ਹੈ ਕਿ ਉਨ੍ਹਾਂ ਦਾ ਝੁਕਾਉ ਹਾਰ ਦੀ ਥਾਂ ਜਿੱਤ ਵੱਲ, ਗਰੀਬੀ ਤੇ ਹੱਦਬੰਦੀ ਦੀ ਥਾਂ, ਭਰਪੂਰਤਾ ਤੇ ਧਨ ਵੱਲ ਹੋ ਜਾਵੇ। ਮਾਨਸਿਕ ਖੁਸ਼ਹਾਲੀ ਵਾਲੇ ਇਲਾਜ ਨਾਲ ਉਤਸ਼ਾਹਹੀਣ ਦਿਲਾਂ ਵਿਚ ਆਸ ਦੀ ਇਕ ਨਵੀਂ ਜੋਤ ਜਗ ਪਏਗੀ ਤੇ ਨਿਰਾਸ਼ਾ ਦੀ ਥਾਂ ਚੰਗੀਆਂ ਚੀਜ਼ਾਂ ਦੀ ਆਸ ਮੱਲ ਲਏਗੀ। ਉਨ੍ਹਾਂ ਗਰੀਬਾਂ ਦੀਆਂ ਅੱਖਾਂ ਵਿਚ ਨਵੀਂ ਰੋਸ਼ਨੀ ਚਮਕਣ ਲੱਗ ਪਵੇਗੀ ਅਤੇ ਜੇ ਸਾਰੇ ਮੁਲਕਾਂ ਦੀ ਗਰੀਬੀ ਦੇ ਮਾਰੇ ਹੋਏ ਲੋਕਾਂ ਦਾ ਖੁਸ਼ਹਾਲੀ ਦਾ ਅਜੇਹਾ ਇਲਾਜ ਕੀਤਾ ਜਾਵੇ ਤਾਂ ਸੰਸਾਰ ਦੀ ਨੁਹਾਰ ਹੋਰ ਹੀ ਹੋ ਜਾਵੇ।

ਉਹ ਸਮਾਂ ਆਉਣ ਵਾਲਾ ਹੈ ਜਦੋਂ ਸਰਕਾਰਾਂ ਮਾਨਸਿਕ ਵਿਦਿਆ ਦੇ ਅਧਾਰ ਤੇ ਇਲਾਜ ਕਰਨ ਵਾਲੇ ਅਫਸਰ ਜਾਂ ਡਾਕਟਰ ਨਿਸ਼ਚਤ ਕਰਨਗੀਆਂ, ਜੋ ਉਨ੍ਹਾਂ ਅਸਫਲ ਲੋਕਾਂ ਦਾ ਇਲਾਜ ਕਰਨ ਜਿਹੜੇ ਪੁੱਠੇ ਰੱਖ ਕਰ ਕੇ ਜੀਵਨ ਪੰਧ ਵਿਚ ਭੁੱਲੇ ਪਏ ਹਨ ਪਰ ਗਰੀਬੀ ਹੱਥੋਂ ਦੁਖੀ ਲੋਕਾਂ ਨੂੰ ਆਪਣਾ ਇਲਾਜ ਕਰਾਉਣ ਲਈ ਉਸ ਵੇਲੇ ਦੀ ਉਡੀਕ ਹੀ ਨਹੀਂ ਕਰਦਿਆਂ ਰਹਿਣਾ ਚਾਹੀਦਾ। ਕੋਈ ਵੀ ਸਿਆਣਾ ਮਨੁੱਖ ਕਾਨੂੰਨ ਨੂੰ ਲਾਗੂ ਕਰ ਕੇ ਖੁਸ਼ਹਾਲੀ ਲਈ ਆਪਣੀ ਗਰੀਬੀ ਦਾ ਇਲਾਜ ਕਰ ਸਕਦਾ ਹੈ।

ਮਾਨਸਿਕ ਕਾਨੂੰਨ ਸਾਫ਼ ਤੇ ਸਾਦਾ ਹੈ। ਅਸੀਂ ਜਾਣਦੇ ਹਾਂ ਕਿ ਡਰ ਦਾ ਖ਼ਿਆਲ ਹੋਰ ਵਧੇਰੇ ਡਰ ਨੂੰ ਆਪਣੇ ਵੱਲ ਖਿਚਦਾ ਹੈ। ਇਸੇ ਤਰ੍ਹਾਂ ਘਬਰਾਹਟ ਦਾ ਖ਼ਿਆਲ ਹੋਰ ਘਬਰਾਹਟ ਨੂੰ, ਫਿਕਰ ਦਾ ਖ਼ਿਆਲ ਵਧੇਰੇ ਫਿਕਰ ਨੂੰ, ਘਿਰਣਾ ਦਾ ਖ਼ਿਆਲ ਵਧੇਰੀ ਘਿਰਣਾ ਨੂੰ, ਸਾੜੇ ਦਾ ਖ਼ਿਆਲ ਵਧੇਰੇ ਸਾੜੇ ਨੂੰ ਤੇ ਗਰੀਬੀ ਦਾ

ਖ਼ਿਆਲ ਵਧੇਰੀ ਗਰੀਬੀ ਨੂੰ ਆਪਣੇ ਵੱਲ ਖਿਚਦਾ ਹੈ। ਇਹ ਖਿੱਚ ਦਾ ਨੇਮ ਹੈ ਤੇ ਹੋਰ ਸਾਰੇ ਕਾਨੂੰਨਾਂ ਵਾਂਙ ਇਹ ਵੀ ਅਟਲ ਹੈ।

ਗਰੀਬੀ ਦੀ ਬੀਮਾਰੀ ਦਾ ਇਲਾਜ ਕੇਵਲ ਇਹਦੇ ਉਲਟ, ਅਰਥਾਤ ਖੁਸ਼ਹਾਲੀ ਦੇ ਖ਼ਿਆਲ ਨਾਲ ਹੀ ਹੋ ਸਕਦਾ ਹੈ। ਗਰੀਬੀ, ਘਾਟ, ਤੰਗੀ, ਘਟਦੀਆਂ ਵਧਦੀਆਂ ਔਕੜਾਂ ਅਤੇ ਸੁੰਗੜਵੀਆਂ ਹੱਦਬੰਦੀਆਂ ਦੇ ਜ਼ਹਿਰ ਦੀ ਦਵਾ ਤੁਸੀਂ ਆਪਣੇ ਅੰਦਰ ਲਈ ਫਿਰਦੇ ਹੋ। ਇਹਦੀ ਵਰਤੋਂ ਕਰੋ। ਤੁਸੀਂ ਆਪਣੇ ਆਪ ਨੂੰ ਅਰੋਗ ਕਰ ਸਕਦੇ ਹੋ। ਖੁਸ਼ਹਾਲੀ ਦਾ ਖ਼ਿਆਲ ਗਰੀਬੀ ਦੇ ਕੀੜਿਆਂ ਨੂੰ ਮਾਰ ਦੇਵੇਗਾ।

ਦਾਤਾਂ ਤੇ ਅਤੁੱਟ ਭੰਡਾਰ ਵਿਚੋਂ ਲਿਆਉਣ ਵਾਲੀਆਂ ਆਪਣੀਆਂ ਨਾਲੀਆਂ ਨੂੰ ਖੂਬ ਮੋਕਲਾ ਰੱਖੋ। ਉਨ੍ਹਾਂ ਨਾਲੀਆਂ ਨੂੰ ਸ਼ੰਕਿਆਂ ਨਾਲ ਤੰਗ ਨਾ ਕਰੋ, ਰੋਕਾਂ ਲਿਆਉਣ ਵਾਲੇ, ਗਰੀਬੀ ਤੇ ਕੰਗਾਲੀ ਦੇ ਖਿਆਲਾਂ ਨਾਲ ਉਨ੍ਹਾਂ ਦੇ ਪਰਵਾਹ ਨੂੰ ਨਾ ਰੋਕੋ। ਅਕਾਲ ਪੁਰਖ ਨਾਲ ਆਪਣੀ ਏਕਤਾ ਦੀ ਚੇਤਨਾ ਤੇ ਅਤੁੱਟ ਭੰਡਾਰ ਦੇ ਨਾਲ ਆਪਣੇ ਸਬੰਧ ਤੋਂ ਗਿਆਤ ਰਹਿ ਕੇ ਆਪਣੀਆਂ ਨਾਲੀਆਂ ਨੂੰ ਖੂਬ ਖੁਲਾ ਮੋਕਲਾ ਰੱਖੋ।

ਭਰਪੂਰਤਾ ਦਾ ਕਾਨੂੰਨ ਹਿਸਾਬ ਦੇ ਕਾਨੂੰਨ ਵਾਂਙ ਉਸੇ ਤਰ੍ਹਾਂ ਸੌਲਾਂ ਆਨੇ ਠੀਕ ਹੈ ਜਿਵੇਂ ਹਿਸਾਬ ਦੇ ਕਾਨੂੰਨ ਨਾਲ ਦੋ ਤੇ ਦੋ ਚਾਰ ਹੁੰਦੇ ਹਨ। ਜੇ ਅਸੀਂ ਉਸ ਕਾਨੂੰਨ ਅਨੁਸਾਰ ਚਲੀਏ ਤਾਂ ਭਰਪੂਰਤਾ ਸਾਡੇ ਵੱਲ ਵਹਿੰਦੀ ਚਲੀ ਆਵੇਗੀ ਤੇ ਜੇ ਅਸੀਂ ਉਸ ਦਾ ਗਲਾ ਘੁਟ ਦਈਏ, ਉਸ ਨੂੰ ਤੋੜ ਮੋੜ ਦੇਈਏ ਤਾਂ ਉਹ ਸਾਡੇ ਪਾਸ ਆਉਣਾ ਬੰਦ ਕਰ ਦੇਵੇਗੀ।

ਫਰਜ਼ ਕਰੋ ਕੋਈ ਜਵਾਨ ਫੈਸਲਾ ਕਰ ਲੈਂਦਾ ਹੈ ਕਿ ਉਹ ਡਾਕਟਰੀ ਦੀ ਸਿਖਿਆ ਪਾ ਕੇ ਡਾਕਟਰ ਬਣੇਗਾ ਤੇ ਆਪਣੇ ਆਪ ਨੂੰ ਕਹਿੰਦਾ ਹੈ- 'ਮੈਂ ਆਪਣੇ ਆਪ ਨੂੰ ਸਫਲ ਹੁੰਦਾ ਖ਼ਿਆਲ ਨਹੀਂ ਕਰ ਸਕਦਾ, ਕਿਉਂਕਿ ਮੈਨੂੰ ਕੀ ਪਤਾ ਹੈ ਕਿ

ਮੇਰਾ ਕੀ ਹਾਲ ਹੋਣਾ ਹੈ? ਕਾਮਯਾਬ ਡਾਕਟਰ ਬਣਨ ਵਾਲੇ ਗੁਣ ਪਤਾ ਨਹੀਂ ਮੇਰੇ ਵਿਚ ਹਨ ਕਿ ਨਹੀਂ? ਸ਼ਾਇਦ ਮੈਂ ਡਾਕਟਰ ਬਣ ਹੀ ਨਾ ਸਕਾਂ? ਸ਼ਾਇਦ ਅਸਫਲਤਾ ਹੀ ਮੇਰੇ ਪੱਲੇ ਪਵੇ ? ਮੈਨੂੰ ਵਿਸ਼ਵਾਸ ਨਹੀਂ ਹੈ ਕਿ ਮੈਂ ਡਾਕਟਰ ਬਣਨ ਯੋਗ ਹਾਂ ਪਰ ਫੇਰ ਵੀ ਮੈਂ ਕੋਸ਼ਿਸ਼ ਤਾਂ ਕਰ ਵੇਖਾਂ। ਕੀ ਤੁਸੀਂ ਖ਼ਿਆਲ ਕਰਦੇ ਹੋ ਕਿ ਇਸ ਤਰ੍ਹਾਂ ਦਾ ਡਰਾਕਲ, ਸ਼ੱਕੀ, ਨਵੀਂ ਝੁਕਾਉ ਵਾਲਾ ਜਵਾਨ ਕਿਸੇ ਸਫਲਤਾ ਦੀ ਮੰਜ਼ਲ ਤੱਕ ਪੁੱਜ ਸਕਦਾ ਹੈ ? ਡਾਕਟਰੀ ਪੜ੍ਹਨ ਵਾਲਾ ਜਵਾਨ ਉਹੋ ਹੀ ਕਾਮਯਾਬ ਹੋ ਸਕੇਗਾ ਜਿਹੜਾ ਹਰ ਵੇਲੇ ਆਪਣੇ ਆਪ ਨੂੰ ਸਫਲ ਡਾਕਟਰ ਖ਼ਿਆਲ ਕਰਦਾ ਰਹਿੰਦਾ ਹੈ, ਜਿਹੜਾ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਸੋਹਣੇ ਜੋਹੇ ਦਫਤਰ ਵਿਚ ਬੈਠਾ ਲੋਕਾਂ ਦਾ ਇਲਾਜ ਕਰ ਕਰ ਕੇ ਖ਼ੂਬ ਰੁਪਿਆ ਕਮਾਉਂਦਾ ਤੇ ਆਪਣੇ ਪੇਸ਼ੇ ਦੀ ਸਿਖਰ ਤੇ ਪੁੱਜਿਆ ਹੋਇਆ ਵੇਖਦਾ ਰਹਿੰਦਾ ਹੈ। ਉਹ ਹੀ ਸਫਲਤਾ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਉਹ ਹਰ ਵੇਲੇ ਆਪਣੇ ਆਪ ਨੂੰ ਬਣੇ ਬਣਾਏ ਸਫਲ ਡਾਕਟਰ ਵਾਂਙ ਵੇਖ ਰਿਹਾ ਹੁੰਦਾ ਹੈ।

ਇਹੋ ਨੇਮ ਉਸ ਗਰੀਬ ਤੇ ਲਾਗੂ ਹੁੰਦਾ ਹੈ ਜਿਹੜਾ ਖ਼ੁਸ਼ਹਾਲ ਤੇ ਅਮੀਰ ਬਣਨਾ ਚਾਹੁੰਦਾ ਹੈ। ਉਹਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਸਦਾ ਖ਼ੁਸ਼ਹਾਲ ਖ਼ਿਆਲ ਕਰਦਾ ਰਹੇ, ਆਪਣੇ ਮਨ ਦੇ ਸਾਹਮਣੇ ਅਮੀਰੀ ਦਾ ਆਦਰਸ਼ ਰੱਖ ਕੇ ਅਮੀਰ ਬਣਨ ਦੇ ਕਾਨੂੰਨ ਤੇ ਚਲਦਾ ਰਹੇ ਤੇ ਆਪਣੇ ਆਪ ਨੂੰ ਤਰੱਕੀ ਤੇ ਭਰਪੂਰਤਾ ਦੇ ਖਿਆਲਾਂ ਨਾਲ ਭਰਿਆ ਰੱਖੇ।

ਜੇ ਤੁਸੀਂ ਗਰੀਬੀ ਦੀ ਬੀਮਾਰੀ ਨੂੰ ਦੂਰ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਖ਼ੁਸ਼ਹਾਲੀ ਦੀਆਂ ਦਵਾਈਆਂ ਵਰਤਣੀਆਂ ਚਾਹੀਦੀਆਂ ਹਨ। ਆਪਣੇ ਆਪ ਨੂੰ ਕਿਹਾ ਕਰੋ- 'ਜੇ ਮੈਂ ਰੱਬ ਦਾ ਪੁੱਤਰ ਹਾਂ ਤਾਂ ਮੈਨੂੰ ਸੰਸਾਰ ਭਰ ਦੀਆਂ ਸਾਰੀਆਂ ਚੰਗੀਆਂ ਚੀਜਾਂ ਦੀ ਮਾਲਕੀ ਵਿਰਸੇ ਵਿਚ ਮਿਲੀ ਹੈ। ਮੈਂ ਅਤਿ ਚੰਗੀਆਂ ਚੀਜ਼ਾਂ ਦੇ ਅਤੁੱਟ-ਭੰਡਾਰ ਦਾ ਮਾਲਕ ਹਾਂ। ਮੇਰੀ ਅਸਲੀਅਤ ਨੂੰ ਗਰੀਬੀ ਨਹੀਂ ਛੋਹ ਸਕਦੀ,

ਇਹ ਬੀਮਾਰੀ ਮੇਰੇ ਨੇੜੇ ਨਹੀਂ ਆ ਸਕਦੀ, ਕਿਉਂਕਿ ਸਿਹਤ ਤੇ ਤੰਦਰੁਸਤੀ ਮੇਰੀ ਅਸਲੀਅਤ ਹੈ। ਸਿਹਤ ਸਦਾ ਰਹਿਣ ਵਾਲੀ ਸਚਾਈ ਹੈ, ਬੀਮਾਰੀ ਵਿਚਾਰੀ ਤਾਂ ਅਸਲੀਅਤ ਦੀ ਅਣਹੋਂਦ ਹੈ। ਗਰੀਬੀ ਮੇਰੀ ਸਾਧਾਰਨ ਅਵਸਥਾ ਨਹੀਂ। ਰੱਬ ਦੀ ਮੂਰਤੀ ਲਈ ਕੋਈ ਘਾਟਾ, ਕੋਈ ਗਰੀਬੀ ਹੋ ਹੀ ਨਹੀਂ ਸਕਦੀ। 'ਮੇਰੇ ਪਰਮ ਪਿਤਾ ਦਾ ਸਭ ਕੁਝ ਮੇਰਾ ਹੈ।'

ਰੋਜ਼ ਇਸ ਤਰ੍ਹਾਂ ਕਿਹਾ ਕਰੋ- 'ਰੱਬ ਮੇਰਾ ਰਾਖਾ ਹੈ, ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਰਹੇਗੀ। ਰੱਬ ਮੈਨੂੰ ਸੁੱਖਾਂ ਦੇ ਸਾਧਨਾਂ ਵਿਚ ਆਰਾਮ ਨਾਲ ਲਿਟਾਉਂਦਾ ਹੈ' ਆਦਿ। ਦਿਲ ਵਿਚ ਕਈ ਵਾਰ ਕਾਦਰ ਨਾਲ ਆਪਣੇ ਸਬੰਧ ਦਾ ਦ੍ਰਿੜਤਾ ਨਾਲ ਚਿਤਵਨ ਕੀਤਾ ਕਰੋ। ਏਲਾ ਵੀਲਰ ਵਿਲਕੋਕਸ ਦੀਆਂ ਹੇਠ ਲਿਖੀਆਂ ਤੁਕਾਂ ਨੂੰ ਯਾਦ ਕਰ ਲਵੋ ਤੇ ਕਈ ਕਈ ਵਾਰ ਆਪਣੇ ਆਪ ਨੂੰ ਪੱਕੇ ਵਿਸ਼ਵਾਸ ਨਾਲ ਸੁਣਾਇਆ ਕਰੋ-

'ਮੈਂ ਸਾਕਾਰ ਸਫਲਤਾ ਹਾਂ
ਭਾਵੇਂ ਭੁੱਖਾ ਨੰਗਾ ਰਹਿੰਦਾ ਹਾਂ
ਠੰਢ ਦਾ ਮਾਰਿਆ ਫਿਰਦਾ ਹਾਂ
ਪਰ ਹਸ ਹਸ ਹੋਕਾ ਦਿੰਦਾ ਹਾਂ
ਇਹ ਦੁੱਖ ਤਾਂ ਇਕ ਪਰਛਾਵਾਂ ਹੈ
ਫਿਰ ਸੂਰਜ ਮੇਰਾ ਚਮਕੇਗਾ
ਭਲਕੇ ਹੀ ਖੁਸ਼ ਹੋ ਜਾਵਾਂਗਾ
ਮੈਂ ਪਰਮ ਪਿਤਾ ਦਾ ਪੁੱਤਰ ਹਾਂ
ਉਹਦੀ ਦੌਲਤ ਬੇਅੰਤ ਹੈ
ਸਿਹਤ ਖੁਸ਼ੀ ਸੋਨਾ ਚਾਂਦੀ
ਉਹਦੀ ਦੌਲਤ ਸਾਰੀ ਮੇਰੀ ਹੈ।'

ਸਾਰੀਆਂ ਚੰਗੀਆਂ ਚੀਜ਼ਾਂ, ਜਿਨ੍ਹਾਂ ਦੀ ਤੁਹਾਨੂੰ ਲੋੜ ਹੈ ਤੁਹਾਡੇ ਵਿਰਸੇ ਵਿਚ ਤੁਹਾਨੂੰ ਪ੍ਰਾਪਤ ਹਨ। ਉਨ੍ਹਾਂ ਦਾ ਦਾਵਾ ਕਰੋ, ਉਨ੍ਹਾਂ ਦੀ ਆਸ ਰੱਖੋ, ਉਨ੍ਹਾਂ ਲਈ ਕਾਰ ਕਰੋ, ਵਿਸ਼ਵਾਸ ਰੱਖੋ ਉਹ ਅੱਗੇ ਹੀ ਤੁਹਾਡੀਆਂ ਹਨ ਤੇ ਤੁਸੀਂ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਹੀ ਪ੍ਰਾਪਤ ਕਰ ਲਵੋਗੇ। ਜੇ ਤੁਸੀਂ ਆਪਣੇ ਉਸ ਪਰਮ ਪਿਤਾ ਪਰਮੇਸ਼ਵਰ ਦੇ ਨਾਲ ਆਪਣਾ ਸਬੰਧ ਕਾਇਮ ਨਹੀਂ ਰਖੋਗੇ, ਜੋ ਸਭ ਚੀਜ਼ਾਂ ਦਾ ਮਾਲਕ ਹੈ, ਭਰਪੂਰਤਾ ਦੇ ਖ਼ਿਆਲ ਆਪਣੇ ਅੰਦਰ ਜੇ ਦ੍ਰਿੜ ਰਖੋਗੇ ਅਤੇ ਹਰ ਲੋੜੀਂਦੀ ਚੀਜ਼ ਦਾ ਜੋ ਤੁਹਾਡਾ ਪੈਦਾਇਸ਼ੀ ਹੱਕ ਹੈ, ਜ਼ੋਰ ਨਾਲ ਖ਼ਿਆਲ ਕਰੋਗੇ, ਤਾਂ ਗਰੀਬੀ ਕਦੇ ਵੀ ਤੁਹਾਨੂੰ ਗੁਲਾਮ ਨਹੀਂ ਬਣਾ ਸਕਦੀ।

ਥੋੜਾ ਚਿਰ ਹੋਇਆ ਮੈਂ ਇਕ ਆਦਮੀ ਨਾਲ ਗੱਲਾਂ ਕਰ ਰਿਹਾ ਸੀ, ਜਿਹੜਾ ਇੰਨਾਂ ਗਰੀਬ ਸੀ ਕਿ ਉਹ ਤੇ ਉਹਦੇ ਘਰ ਵਾਲੀ ਤੇ ਬੱਚਿਆਂ ਨੂੰ ਮਸਾਂ ਸੁੱਕੀ ਰੋਟੀ ਖਾਣ ਨੂੰ ਮਿਲਦੀ ਸੀ ਤੇ ਮਕਾਨ ਲਈ ਥੋੜਾ ਜਿੰਨਾਂ ਕਰਾਇਆ ਵੀ ਦੇਣ ਦੀ ਉਸ ਵਿਚ ਹਿੰਮਤ ਨਹੀਂ ਸੀ। ਉਹ ਕੱਪੜਾ ਲੱਤਾ ਵੀ ਚੰਗਾ ਨਹੀਂ ਸੀ ਖਰੀਦ ਸਕਦਾ। ਹੌਲੀ ਹੌਲੀ ਇਹ ਟੱਬਰ ਬਿਲਕੁਲ ਕੰਗਾਲ ਹੋ ਰਿਹਾ ਸੀ ਪਰ ਅੱਜ ਉਹ ਚੰਗਾ ਜੀਵਨ ਬਤੀਤ ਕਰ ਰਹੇ ਹਨ ਤੇ ਇਕ ਵਧੀਆ ਹੋਟਲ ਵਿਚ ਰਹਿੰਦੇ ਹਨ। ਬੜੀ ਸੋਹਣੀ ਮੋਟਰ ਕਾਰ ਉਨ੍ਹਾਂ ਦੀ ਆਪਣੀ ਹੈ ਤੇ ਇਕ ਰੱਜੇ ਪੁੱਜੇ ਜੀਵਨ ਵਿਚ ਜਿਹੜੀ ਵੀ ਚੀਜ਼ ਲੋੜੀਂਦੀ ਹੈ ਉਹ ਉਨ੍ਹਾਂ ਕੋਲ ਹੈ। ਹੁਣ ਉਨ੍ਹਾਂ ਦੀ ਸ਼ਕਲ-ਸੂਰਤ, ਰਹਿਤ, ਬਹਿਤ, ਬਿਲਕੁਲ ਉਹੋ ਜੇਹੀ ਭੁੱਖਿਆਂ ਨੰਗਿਆਂ ਵਾਲੀ ਨਹੀਂ।

ਇਹ ਤਬਦੀਲੀ ਕਿਥੋਂ ਆਈ ? ਕੀ ਕੋਈ ਬੰਦਾ ਉਨ੍ਹਾਂ ਲਈ ਧਨ ਛੱਡ ਮੋਇਆ ? ਕੀ ਉਨ੍ਹਾਂ ਨੂੰ ਕੋਈ ਸੋਨੇ ਦੀ ਖਾਣ ਲੱਭ ਪਈ ? ਨਹੀਂ, ਬਿਲਕੁਲ ਨਹੀਂ। ਉਨ੍ਹਾਂ ਨੂੰ ਕੇਵਲ ਇੰਨੀ ਸਮਝ ਆ ਗਈ ਕਿ ਆਪਣੀ ਗਰੀਬੀ ਉਨ੍ਹਾਂ ਨੇ ਆਪ ਹੀ ਸਹੇੜੀ ਹੋਈ ਸੀ। ਉਨ੍ਹਾਂ ਦੀ ਖ਼ਰਾਬ ਹਾਲਾਤ ਦਾ ਕਾਰਣ ਕੇਵਲ ਉਨ੍ਹਾਂ ਦੀ ਮਾਨਸਿਕ ਅਵਸਥਾ ਸੀ। ਜਦ ਇੰਨੀ ਸਮਝ ਆ ਗਈ, ਉਸੇ ਹੀ ਵੇਲੇ ਉਨ੍ਹਾਂ ਨੇ

ਨਿਰਾਸ਼ਵਾਦੀ ਹਾਲਤ ਵੱਲ ਪਿੱਠ ਕਰ ਲਈ ਤੇ ਦਿਲ ਵਿਚ ਧਾਰ ਲਿਆ ਕਿ ਭਾਵੇਂ ਕੁਝ ਵੀ ਹੋਵੇ ਉਹ ਚਾਨਣ ਵੱਲ ਮੂੰਹ ਕਰ ਲੈਣਗੇ ਤੇ ਉਹਦੇ ਵੱਲ ਜਾਣ ਦੀ ਹੀ ਕੋਸ਼ਿਸ਼ ਕਰਨਗੇ। ਨਤੀਜਾ ਇਹ ਹੋਇਆ ਕਿ ਥੋੜੇ ਚਿਰ ਵਿਚ ਹੀ ਉਹ ਚੰਗੀਆਂ ਚੀਜ਼ਾਂ ਨੂੰ ਆਪਣੇ ਵੱਲ ਖਿਚਣ ਲੱਗ ਪਏ।

ਹੁਣ ਉਸ ਸਾਰੇ ਟੱਬਰ ਦੀ ਕਾਇਆ ਹੀ ਪਲਟ ਗਈ ਹੈ। ਨਿਰਾਸ਼ਾ ਤੇ ਮੁਸੀਬਤ ਦਾ ਕੋਈ ਚਿੰਨ ਉਨ੍ਹਾਂ ਦੇ ਚਿਹਰਿਆਂ ਤੇ ਨਹੀਂ ਰਿਹਾ ਤੇ ਹੁਣ ਉਹ ਆਸ਼ਾ ਤੇ ਖੁਸ਼ੀ ਦੇ ਚਾਨਣ ਨਾਲ ਚਮਕ ਰਹੇ ਹਨ। ਜਿਹੜਾ ਫ਼ਰਕ ਨਿਰਾਸ਼ਾ ਤੇ ਖੁਸ਼ੀ ਵਿਚ ਚੰਗੀਆਂ ਚੀਜ਼ਾਂ ਦੇ ਮਿਲਣ ਦੀ ਉਮੈਦ ਤੇ ਗਰੀਬੀ ਕੰਗਾਲੀ ਦੇ ਡਰ ਤੇ ਆਤਮਾ ਨੂੰ ਕੁਚਲਣ ਵਾਲੀਆਂ ਲੋੜਾਂ ਵਿਚ, ਹੋਇਆ ਕਰਦਾ ਹੈ ਉਹੋ ਹੀ ਹੁਣ ਉਨ੍ਹਾਂ ਦੀ ਸ਼ਕਲ ਸੂਰਤ ਤੋਂ ਹਾਲਤ ਤੋਂ ਸਾਫ ਪਰਤੱਖ ਹੋ ਰਿਹਾ ਹੈ।

ਮਨੋ-ਵਿਗਿਆਨ (Psycholoky) ਸਾਨੂੰ ਸਿਖਾਉਂਦਾ ਹੈ ਕਿ ਸਾਹਸ਼ਹੀਣਤਾ, ਨਿਰਾਸਤਾ ਦੇ ਖ਼ਿਆਲ, ਸ਼ੱਕ, ਡਰ, ਘਬਰਾਹਟ ਦੇ ਖ਼ਿਆਲ ਸਭ ਮਨ ਤੋਂ ਬਾਹਰ ਕੱਢੀ ਰਖਣੇ ਚਾਹੀਦੇ ਹਨ ਕਿਉਂਕਿ ਜਦੋਂ ਤੱਕ ਇਹ ਵੈਰੀ ਮਾਨਸਿਕ ਬਾਦਸ਼ਾਹੀ ਤੇ ਕਾਬੂ ਪਾਈ ਰੱਖਦੇ ਹਨ, ਉਦੋਂ ਤੱਕ ਮਨ ਕੋਈ ਉਪਜਾਊ ਕੰਮ ਨਹੀਂ ਕਰ ਸਕਦਾ। ਸਾਨੂੰ ਮਲੂਮ ਹੋ ਰਿਹਾ ਹੈ ਕਿ ਉਪਜਾਊ ਤੇ ਉਸਾਰੀ ਵਾਲੇ ਕੰਮ ਕਰਨ ਲਈ ਹਰ ਵੇਲੇ ਸਾਡੇ ਮਨ ਨੂੰ ਉਸਾਰੀ ਵਾਲਾ ਤੇ ਚੜ੍ਹਦੀਆਂ ਕਲਾਂ ਵਿਚ ਹੋਣਾ ਚਾਹੀਦਾ ਹੈ ਤੇ ਨਫ਼ੀ ਰੱਵਈਏ ਵਾਲੇ, ਹੌਂਸਲੇ ਤੋੜਨ ਵਾਲੇ, ਨਿਰਾਸ਼ਾ ਤੇ ਹਾਰ ਦੀ ਸੰਭਾਵਨਾ ਦੇ ਸਾਰੇ ਖ਼ਿਆਲ ਮਨੋਂ ਬਾਹਰ ਰੱਖਣੇ ਜ਼ਰੂਰੀ ਹਨ। ਮਨੋ ਵਿਗਿਆਨ ਸਾਨੂੰ ਸਿਖਾ ਰਿਹਾ ਹੈ ਕਿ ਅਸੀਂ ਕੇਵਲ ਉਹੋ ਕੁਝ ਉਪਜਾ ਸਕਦੇ ਹਾਂ ਜਿਸ ਦੇ ਉੱਤੇ ਅਸੀਂ ਆਪਣਾ ਖ਼ਿਆਲ ਜਮਾਈ ਰੱਖਦੇ ਹਾਂ, ਤੇ ਹਰ ਵੇਲੇ ਜਿਸ ਵੱਲ ਧਿਆਨ ਲਾਈ ਰੱਖਦੇ ਹਾਂ। ਉਹੋ ਜੋ ਸਾਡੇ ਮਨ ਤੇ ਕਾਬੂ ਪਾਈ ਰੱਖਦਾ ਹੈ, ਭਾਵੇਂ ਉਹ ਲਾਭਦਾਇਕ ਹੈ ਜਾਂ ਹਾਨੀਕਾਰਕ ਉਹ ਹੀ ਸਾਡੇ ਜੀਵਨ ਵਿਚ ਹੋ ਕੇ ਰਹਿੰਦਾ ਹੈ।

ਤੁਹਾਡੇ ਮਨ ਦਾ ਝੁਕਾਉ ਤੁਹਾਨੂੰ ਰੋਸ਼ਨੀ ਵਿਚ ਵੀ ਲੈ ਜਾ ਸਕਦਾ ਤੇ ਅਨ੍ਹੇਰੇ ਵਿਚ ਵੀ ਫਸਾਈ ਰੱਖ ਸਕਦਾ ਹੈ। ਇਹ ਤੁਹਾਨੂੰ ਆਸ਼ਾ ਵੱਲ ਵੀ ਲੈ ਜਾ ਸਕਦਾ ਹੈ ਤੇ ਨਿਰਾਸ਼ਾ ਵੱਲ ਵੀ, ਸ਼ਾਨਦਾਰ ਕਾਮਯਾਬੀ ਵੱਲ ਵੀ ਤੇ ਅਫਸੋਸਨਾਕ ਨਾਕਾਮਯਾਬੀ ਵੱਲ ਵੀ। ਇਹ ਤੁਹਾਡੇ ਆਪਣੇ ਵਸ ਦੀ ਗੱਲ ਹੈ, ਤੁਸੀਂ ਚੁਣ ਲਵੋ ਕਿ ਤੁਸੀਂ ਕਿਧਰ ਨੂੰ ਜਾਣਾ ਚਾਹੁੰਦੇ ਹੋ।

ਸਫਲ ਲੋਕ ਸ਼ਾਇਦ ਅਣਜਾਣੇ ਹੀ ਆਪਣਾ ਹੌਂਸਲਾ ਵਧਾ ਕੇ, ਆਪਣੇ ਮਨ ਦਾ ਝੁਕਾਉ ਉਪਜਾਊ ਬਣਾ ਕੇ ਲਗਾਤਾਰ ਖੁਸ਼ਹਾਲੀ ਤੇ ਕਾਮਯਾਬੀ ਦੀ ਦਵਾਈ ਦਿੰਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਨਫੀ ਵਾਲੇ ਹੌਂਸਲਾ ਤੋੜਨ ਵਾਲੇ, ਗਰੀਬੀ ਵਾਲੇ ਖਿਆਲਾਂ ਤੋਂ ਬਚੇ ਰਹਿੰਦੇ ਹਨ। ਸਫਲਤਾ ਦੇ ਖ਼ਿਆਲ ਨੂੰ ਫੜੀ ਰੱਖਣਾ, ਖੁਸ਼ਹਾਲੀ ਦੇ ਖ਼ਿਆਲ ਨੂੰ ਕੇਂਦਰ ਬਣਾਈ ਰੱਖਣਾ ਉਸ ਦੀ ਆਸ਼ਾ ਕਰਦੇ ਰਹਿਣਾ, ਉਹਦੇ ਵਾਸਤੇ ਕੋਸ਼ਿਸ਼ ਤੇ ਮਿਹਨਤ ਕਰਦੇ ਰਹਿਣਾ, ਇਹ ਹਨ ਕਾਮਯਾਬੀ ਤੇ ਖੁਸ਼ਹਾਲੀ ਦੀਆਂ ਦਵਾਈਆਂ, ਭਾਵੇਂ ਤੁਸੀਂ ਇਨ੍ਹਾਂ ਨੂੰ ਜਾਣ ਕੇ ਵਰਤਦੇ ਹੋ ਜਾਂ ਅਣਜਾਣੇ ਵਰਤਦੇ ਰਹਿੰਦੇ ਹੋ।

ਦ੍ਰਿਸ਼ਟਾਂਤ ਵਜੋਂ, ਚਾਰਲਸ ਐਮ ਸਕੁਆਬ ਵਰਗੇ ਆਦਮੀ ਨੂੰ ਲੈ ਲਵੋ। ਜਦ ਇਹ ਹਾਲੇ ਇਕ ਗਰੀਬ ਜੇਹਾ ਮੁੰਡਾ ਹੀ ਸੀ, ਉਦੋਂ ਤੋਂ ਹੀ ਆਪਣੇ ਆਪ ਨੂੰ ਕਾਮਯਾਬੀ ਦੀਆਂ ਦਵਾਈਆਂ ਦੇ ਰਿਹਾ ਸੀ। ਉਸ ਨੇ ਖੁਸ਼ਹਾਲੀ ਦੇ ਆਦਰਸ਼ ਨੂੰ, ਖੁਸ਼ਹਾਲ ਤੇ ਕਾਮਯਾਬ ਹੋਣ ਦੇ ਦ੍ਰਿੜ੍ਹ ਤੇ ਤੱਕੜੇ ਖ਼ਿਆਲ ਨੂੰ ਫੜੀ ਰੱਖਿਆ ਹੈ। ਇਹਦਾ ਮੂੰਹ ਸਦਾ ਖੁਸ਼ੀ ਦੀ ਮੰਜਲ ਵੱਲ ਹੀ ਰਿਹਾ ਹੈ। ਜੇ ਉਹ ਉਨ੍ਹਾਂ ਹੌਂਸਲਾ ਤੋੜਨ ਵਾਲੀਆਂ ਗੱਲਾਂ ਨਾਲ, ਜਿਹੜੀਆਂ ਉਹਦੇ ਰਾਹ ਵਿਚ ਆਈਆਂ, ਦੱਬ ਜਾਂਦਾ ਤਾਂ ਅੱਜ ਉਹ ਦੁਨੀਆ ਦਾ ਸਭ ਤੋਂ ਵੱਡਾ ਲੋਹੇ ਦਾ ਬਾਦਸ਼ਾਹ ਨਾ ਬਣਦਾ ਪਰ ਉਹਨੇ ਖੁਸ਼ਹਾਲੀ ਤੇ ਕਾਮਯਾਬੀ ਦੇ ਆਦਰਸ਼ ਤੇ ਕਾਇਮ ਰਹਿ ਕੇ ਨਫੀ ਵਾਲੇ, ਤਬਾਹ ਕਰਨ ਵਾਲੇ, ਹੌਂਸਲਾ ਢਾਹੁਣ ਵਾਲੇ ਖ਼ਿਆਲਾਂ ਉੱਤੇ ਫਤਿਹ ਪਾਈ।

ਫਰਜ਼ ਕਰੋ, ਕਿ ਕਦੇ ਕਦੇ ਥੋੜੀ ਜੇਹੀ ਦੇਰ ਲਈ ਵੀ ਮਿਸਟਰ ਸਕੁਆਬ ਕਾਮਯਾਬੀ ਦੇ ਆਦਰਸ਼ ਤੇ ਟਿਕਿਆ ਰਹਿਣਾ ਛੱਡ ਦੇਵੇ ਤੇ ਨਿਰਉਤਸ਼ਾਹ ਕਰਨ ਵਾਲੇ ਨਿਰਾਸ਼ਾ ਦੇ ਖ਼ਿਆਲਾਂ ਵਿਚ ਗੁਆਚ ਜਾਵੇ, ਡਰ ਜਾਵੇ, ਮਹਿਸੂਸ ਕਰੇ ਕਿ ਖੁਸ਼ ਕਿਸਮਤੀ ਉਹਦਾ ਸਾਥ ਛੱਡ ਰਹੀ ਹੈ ਤਾਂ ਦੱਸੋ ਤੁਹਾਡੇ ਖ਼ਿਆਲ ਵਿਚ ਇਸ ਦਾ ਕੀ ਨਤੀਜਾ ਹੋਵੇਗਾ? ਲਉ ਮੈਂ ਉੱਤਰ ਦਿੰਦਾ ਹਾਂ, ਸ਼ਾਇਦ ਉਹ ਇਸ ਤਰ੍ਹਾਂ ਦੇ ਨਫੀ ਵਾਲੇ ਖਿਆਲਾਂ ਵਿਚ ਗਲਤਾਨ ਰਹਿ ਕੇ ਇਕ ਦਿਨ ਵਿਚ ਏਨਾ ਨੁਕਸਾਨ ਕਰ ਲਏ ਜਿਸ ਨੂੰ ਕਿ ਇਹ ਹਫਤੇ ਦੇ ਖੁਸ਼ਹਾਲੀ ਦੇ ਖ਼ਿਆਲ ਵੀ ਪੂਰਾ ਨਾ ਕਰ ਸਕਣ।

ਜਦੋਂ ਤੱਕ ਤੁਸੀਂ ਨਿਰਉਤਸ਼ਾਹ ਉਦਾਸ ਨਿਰਾਸ਼ ਖਿਆਲਾਂ ਨੂੰ ਦਿਲ ਵਿਚ ਥਾਂ ਦਿੰਦੇ ਹੋ, ਜਦੋਂ ਵੀ ਤੁਸੀਂ ਨੀਲੇ ਪੀਲੇ ਹੁੰਦੇ ਹੋ, ਤੁਸੀਂ ਕਾਮਯਾਬੀ ਤੇ ਖੁਸ਼ੀ ਦੇ ਖ਼ਿਆਲਾਂ ਨਾਲ ਜੋ ਕੁਝ ਬਣਾਉਣ ਦੀ ਕੋਸ਼ਿਸ਼ ਕਰਦੇ ਰਹੇ ਹੋ ਉਹਨੂੰ ਦਾ ਦਿੰਦੇ ਹੋ। ਤੁਹਾਡਾ ਝੁਕਾਉ ਖੁਸ਼ਹਾਲੀ ਦੇ ਵਿਰੁੱਧ ਹੁੰਦਾ ਹੈ ਤੇ ਤੁਹਾਡੀ ਮਨ ਦੀ ਅਵਸਥਾ ਖੁਸ਼ਹਾਲੀ ਨੂੰ ਧੁੰਦਲਾ ਕਰ ਦਿੰਦੀ ਹੈ, ਉਹਦਾ ਗਲਾ ਘੁਟ ਦਿੰਦਾ ਹੈ। ਅਮਲੀ ਤੌਰ ਤੇ ਤੁਸੀਂ ਕਹਿੰਦੇ ਹੋ- 'ਹੇ ਖੁਸ਼ਹਾਲੀ ਦੀ ਦੈਵੀ। ਮੈਂ ਤੇਰੇ ਲਈ ਤੜਫਦਾ ਪਿਆ ਹਾਂ ਪਰ ਮੈਨੂੰ ਯਕੀਨ ਨਹੀਂ ਕਿ ਤੂੰ ਮੈਨੂੰ ਕਦੇ ਮਿਲੇਂਗੀ। ਜਾਪਦਾ ਹੈ ਕਿ ਤੂੰ ਮੇਰੇ ਲਈ ਬਣੀ ਹੀ ਨਹੀਂ, ਕਿਉਂਕਿ ਮੈਂ ਜੋ ਕੁਝ ਵੀ ਕਰਦਾ ਹਾਂ ਉਹਦੇ ਵਿਚ ਅਸਫਲ ਰਹਿੰਦਾ ਹਾਂ। ਤਕਦੀਰ ਹੀ ਪੁੱਠੀ ਹੈ ਜਿਹੜੀ ਮੈਨੂੰ ਸਫਲਤਾ ਤੋਂ,- ਤੇਰੇ ਤੋਂ ਦੂਰ ਰੱਖ ਰਹੀ ਹੈ। ਹੇ ਦੇਵੀ! ਮੈਂ ਤੇਰੇ ਦਰਸ਼ਨ ਕਰਨ ਲਈ ਬਥੇਰੀ ਕੋਸ਼ਿਸ਼ ਕਰਦਾ ਹਾਂ ਪਰ ਮੈਨੂੰ ਪਤਾ ਨਹੀਂ ਕਿ ਕਦ ਮੇਰੇ ਭਾਗ ਜਾਗਣਗੇ।'

ਇਸ ਤਰ੍ਹਾਂ ਦਾ ਮਾਨਸਿਕ ਝੁਕਾਉ ਹੀ ਸੈਂਕੜਿਆਂ ਬੰਦਿਆਂ ਨੂੰ ਖੁਸ਼ਹਾਲੀ ਤੋਂ ਪਰ੍ਹੇ ਧੱਕ ਰਿਹਾ ਹੈ। ਜੇ ਤੁਸੀਂ ਆਪਣੀ ਹਾਲਤ ਨੂੰ ਚੰਗਾ ਬਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਮਨ ਅੰਦਰੋਂ ਗਰੀਬੀ ਦੇ ਯਕੀਨ ਨੂੰ ਕੰਗਾਲੀ ਦੇ

ਖ਼ਿਆਲ ਨੂੰ, ਬਾਹਰ ਕੱਢ ਦੇਣਾ ਚਾਹੀਦਾ ਹੈ, ਕਿਉਂਕਿ ਇਹ ਗੱਲਾਂ ਤੁਹਾਡੇ ਮਨ ਨੂੰ, ਤੁਹਾਡੇ ਵਰਗੇ ਹੀ ਲੋਕਾਂ ਦੇ ਮਨਾਂ ਵਿਚੋਂ ਨਿਕਲੇ ਗਰੀਬੀ ਤੇ ਕੰਗਾਲੀ ਦੇ ਖਿਆਲਾਂ ਦੀ ਧਾਰਾ ਨਾਲ ਜੋੜ ਦਿੰਦੀਆਂ ਹਨ।

ਬਹੁਤ ਸਾਰੇ ਲੋਕ ਅਣਜਾਣ-ਪੁਣੇ ਕਰ ਕੇ ਸਾਰੀ ਉਮਰ ਆਪਣਾ ਜੀਵਨ ਗਰੀਬੀ ਵਿਚ ਹੀ ਗਾਲਦੇ ਰਹਿੰਦੇ ਹਨ। ਉਹ ਨਹੀਂ ਸਮਝਦੇ ਕਿ ਜਦ ਤੱਕ ਉਹ ਇਹ ਗਰੀਬੀ ਦੇ ਪੰਜੇ ਵਿਚੋਂ ਖ਼ਿਆਲ ਕਰਦੇ ਤੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਨਿਕਲਣ ਦੀ ਆਸ ਹੀ ਨਹੀਂ, ਭਾਵੇਂ ਕਿੰਨਾਂ ਕੰਮ, ਕਿੰਨੀ ਮਿਹਨਤ ਕਰਨ ਉਨ੍ਹਾਂ ਦੀ ਕਿਸਮਤ ਵਿਚ ਡੰਗਰਾਂ ਵਾਂਝ ਜੁਤੇ ਰਹਿਣ, ਚੱਕੀ ਪੀਹਣ ਤੇ ਗਰੀਬੀ ਵਿਚ ਦਿਨ ਗੁਜ਼ਾਰਨ ਦੇ ਸਿਵਾ ਹੋਰ ਕੁਝ ਲਿਖਿਆ ਹੋਇਆ ਹੀ ਨਹੀਂ। ਕਿਸਮਤ ਹੀ ਉਨ੍ਹਾਂ ਦੇ ਵਿਰੁੱਧ ਹੈ ਤੇ ਉਨ੍ਹਾਂ ਨੂੰ ਇਹ ਸਜ਼ਾ ਮਿਲੀ ਹੋਈ ਹੈ ਕਿ ਉਹ ਸਦਾ ਹੀ ਗਰੀਬ ਰਹਿਣ ਜਿਉਂ ਜਿਉਂ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਹਿੰਦੇ ਤੇ ਕਰਦੇ ਰਹਿੰਦੇ ਹਨ ਤਿਉਂ ਤਿਉਂ ਉਹ ਗਰੀਬੀ ਦੀ ਹਾਲਤ ਨੂੰ ਪੱਕਾ ਤੇ ਮਜ਼ਬੂਤ ਬਣਾਉਂਦੇ ਰਹਿੰਦੇ ਹਨ।

ਜੇ ਅਸੀਂ ਭਰਪੂਰਤਾ ਤੇ ਆਜ਼ਾਦੀ ਦਾ ਅਨੰਦ ਲੈਣਾ ਚਾਹੁੰਦੇ ਹਾਂ ਤਾਂ ਸਾਨੂੰ ਭਰਪੂਰਤਾ ਤੇ ਅਜ਼ਾਦੀ ਦੀਆਂ ਹੀ ਗੱਲਾਂ ਕਰਨੀਆਂ ਚਾਹੀਦੀਆਂ ਹਨ ਨਾਕਿ ਗਰੀਬੀ ਤੇ ਬੰਧਨਾਂ ਦੀਆਂ। ਸਾਨੂੰ ਭਰਪੂਰਤਾ ਦਾ ਹੀ ਖ਼ਿਆਲ ਰਰਨਾ ਚਾਹੀਦਾ ਹੈ ਤੇ ਦਾਤ-ਭੰਡਾਰ ਵਿਚੋਂ ਸਾਡਾ ਹਿੱਸਾ ਪੁਚਾਉਣ ਵਾਲੀ ਨਾਲੀ ਨੂੰ ਭੀੜਾ ਨਹੀਂ ਕਰਨਾ ਚਾਹੀਦਾ ਤਾਂ ਜੋ ਉਹ ਦਾਤਾਂ ਤੁਪਕਾ ਤੁਪਕਾ ਦੀ ਥਾਂ ਰਜਵੀਆਂ ਸਾਨੂੰ ਪ੍ਰਾਪਤ ਹੋਣ।

ਜੇ ਕਈ ਰਾਜਕੁਮਾਰ ਆਪਣੇ ਪਿਉ ਦਾ ਮਹਿਲ ਛੱਡ ਕੇ ਕਿਸੇ ਅਜੇਹੀ ਥਾਂ ਤੇ ਚਲਿਆ ਜਾਵੇ ਜਿਥੇ ਗਰੀਬੀ ਦਾ ਰਾਜ ਹੋਵੇ, ਚਾਰੇ ਪਾਸੇ ਕੰਗਾਲੀ ਹੀ ਕੰਗਾਲੀ ਹੋਵੇ ਤੇ ਉਹ ਰਾਜਕੁਮਾਰ ਕਹੇ ਕਿ ਬੱਸ ਇਸ ਤੋਂ ਚੰਗੀ ਹਾਲਤ ਕਦੇ ਹੋ ਹੀ ਨਹੀਂ ਸਕਦੀ। ਮੈਂ ਤਾਂ ਇਹੋ ਜੇਹੀ ਹਾਲਤ ਵਿਚ ਹੀ ਰਹਿਣ ਲਈ ਬਣਾਇਆ ਗਿਆ ਹਾਂ।' ਦੱਸੋ, ਤੁਸੀਂ ਅਜੇਹੇ ਰਾਜਕੁਮਾਰ ਬਾਰੇ ਕੀ ਖ਼ਿਆਲ ਕਰੋਗੇ ? ਤੁਸੀਂ

ਕਹੋਗੇ ਕਿ ਇਹ ਸਾਰਾ ਕਸੂਰ ਰਾਜਕੁਮਾਰ ਦਾ ਹੈ। ਉਹਦੇ ਪਿਉ ਦੇ ਘਰ ਕਿਸੇ ਚੀਜ਼ ਦੀ ਘਾਟ ਨਹੀਂ ਸੀ, ਭਰਪੂਰਤਾ ਦਾ ਰਾਜ ਸੀ। ਜਦੋਂ ਚਾਹੁੰਦਾ ਉਹ ਇਸ ਭਰਪੂਰਤਾ ਦਾ ਮਾਲਕ ਹੋ ਸਕਦਾ ਸੀ, ਚੰਗੇ ਚੰਗੇ ਖਾਣੇ ਤੇ ਸੋਹਣੇ ਸੋਹਣੇ ਕੱਪੜੇ ਉਹਦੀ ਉਡੀਕ ਕਰਦੇ ਸਨ।

ਸਾਡੇ ਵਿਚੋਂ ਵੀ ਕਈ ਉਸ ਰਾਜਕੁਮਾਰ ਵਾਂਙ ਮੂਰਖਤਾ ਕਰਦੇ ਹਨ। ਪਿਤਾ ਪਰਮੇਸ਼ਵਰ ਦੇ ਅਤੁੱਟ ਭੰਡਾਰਾਂ ਵਿਚ ਸਭ ਪ੍ਰਕਾਰ ਦੀਆਂ ਵਸਤੂਆਂ ਤੁਹਾਡੀ ਉਡੀਕ ਕਰ ਰਹੀਆਂ ਹਨ। ਵਿਰਸੇ ਦੇ ਨੇਮ ਅਨੁਸਾਰ ਉਹ ਸਭ ਚੀਜ਼ਾਂ ਤੁਹਾਡੀਆਂ ਹਨ। ਤੁਸੀਂ ਉਨ੍ਹਾਂ ਦਾ ਦਾਵਾ ਕਿਉਂ ਨਹੀਂ ਕਰਦੇ ? ਜਦੋਂ ਤੱਕ ਤੁਸੀਂ ਦਾਵਾ ਨਹੀਂ ਕਰਦੇ ਉਹ ਤੁਹਾਨੂੰ ਨਹੀਂ ਮਿਲ ਸਕਦੀਆਂ, ਜਿਵੇਂ ਉਪਰੋਕਤ ਰਾਜਕੁਮਾਰ ਆਪਣੇ ਪਿਉ ਦੀ ਭਰਪੂਰਤਾ ਦਾ ਸੁਆਦ ਲੈ ਸਕਦਾ ਸੀ ਜਿਸ ਨੂੰ ਉਹ ਛੱਡ ਕੇ ਗਰੀਬਾਂ ਕੰਗਾਲਾਂ ਵਾਂਙ ਗੁਜ਼ਾਰਾ ਕਰਦਾ ਰਿਹਾ।

ਖੁਸ਼ਹਾਲੀ ਤੇ ਅਮੀਰੀ ਨੂੰ ਅਸਾਂ ਖੁਲੇ ਅਰਥਾਂ ਵਿਚ ਵਰਤਿਆ ਹੈ, ਅਜਿਹੀ ਖੁਸ਼ਹਾਲੀ ਤੇ ਭਰਪੂਰਤਾ ਹੀ ਸਾਨੂੰ ਚਾਹੀਦੀ ਹੈ, ਇਹੋ ਸਾਡੇ ਲਈ ਚੰਗੀ ਹੈ। ਮੈਂ ਵੀ ਚੀਜ਼ ਸੋਹਣੀ, ਉਤਸ਼ਾਹ ਵਧਾਉਣ ਵਾਲੀ ਤੇ ਉਮੰਗਾਂ ਪੈਦਾ ਕਰਨ ਵਾਲੀ ਹੋਵੇ, ਉਹ ਖੁਲੀ ਡੁਲੀ ਸਾਡੇ ਹਿੱਸੇ ਵਿਚ ਆਏ, ਇਹ ਸਾਡੀ ਸ਼ਖਸੀਅਤ ਨੂੰ, ਸਾਡੇ ਤਜ਼ਰਬੇ ਨੂੰ ਤੇ ਸਾਡੇ ਰੂਹਾਨੀ ਜੀਵਨ ਨੂੰ ਮਾਲਾ ਮਾਲ ਕਰ ਦੇਵੇਗੀ।

ਇਹ ਖੁਸ਼ਹਾਲੀ ਜਿਸ ਵਿਚ ਸਾਡੀ ਹਰ ਇਕ ਇੱਛਤ ਚੀਜ਼ ਸ਼ਾਮਲ ਹੈ, ਰੱਬ ਦੇ ਸਾਰੇ ਬੱਚਿਆਂ ਲਈ ਬਣਾਈ ਗਈ ਹੈ। ਇਸ ਵਿਚ ਭਾਈਵਾਲ ਬਣਨ ਲਈ ਸਾਨੂੰ ਇੰਨਾਂ ਹੀ ਕਰਨਾ ਪੈਣਾ ਹੈ ਕਿ ਅਸੀਂ ਆਪਣੇ ਖ਼ਿਆਲ ਨਾਲ ਆਪਣੇ ਆਦਰਸ਼ਾਂ ਨਾਲ, ਆਪਣੀਆਂ ਉਮੰਗਾਂ ਨਾਲ ਉਸ ਸਰਬ-ਵਿਆਪੀ ਬੁੱਧੀ ਤੱਕ ਪੁੱਜੀਏ ਤੇ ਆਪਣਾ ਹਿੱਸਾ ਉਹਦੇ ਵਿਚੋਂ ਖਿੱਚ ਲਈਏ।

ਕਾਂਡ ੯

ਰੋਮ ਰੋਮ ਵਿਚਾਰ ਰੂਪ

ਸਾਡੇ ਸਰੀਰ ਦਾ ਹਰ ਅੰਸ ਸੋਚਦਾ ਹੈ

(ਤਾਮਸ ਏ. ਐਡੀਸਨ)

ਸਰੀਰ ਦਾ ਹਰ ਅੰਸ ਚੇਤੰਨ ਤੇ ਸੂਝਵਾਨ ਹੈ।

(ਪ੍ਰੋ: ਨੈਲਿਸ ਕੋਇਵਲੀ)

ਅੱਜ ਕਲ੍ਹ ਦੀ ਸਾਇੰਸ ਨੇ ਸਿੱਧ ਕਰ ਦਿੱਤਾ ਹੈ ਕਿ ਵਿਚਾਰ ਦਾ ਕੰਮ ਦਿਮਾਗ-ਅੰਸਾਂ ਤੱਕ ਸੀਮਤ ਹੀ ਨਹੀਂ ਸਗੋਂ ਸਾਡਾ ਸਾਰੇ ਦਾ ਸਾਰਾ ਸਰੀਰ ਸਮੂਹਿਕ ਰੂਪ ਵਿਚ ਵਿਚਾਰਦਾ ਤੇ ਸੋਚਦਾ ਹੈ। ਸੋਚਣ ਦੀ ਅਵਸਥਾ ਵਿਚ ਸਾਡੇ ਸਰੀਰ ਦੇ ਸਾਰੇ ਅੰਸ ਇਕ ਜਾਨ ਹੋ ਕੇ ਕੰਮ ਕਰਦੇ ਹਨ।

ਵਿਗਿਆਨੀ ਦਸਦੇ ਹਨ ਕਿ ਸਰੀਰ ਦੇ ਕਿਸੇ ਹਿੱਸੇ ਦੇ ਮਾਸ ਦਾ ਟੁਕੜਾ ਲੈ ਲਵੋ, ਜੇ ਉਸ ਟੁਕੜੇ ਨੂੰ ਇਹੋ ਜੇਹੀ ਦਵਾਈ ਦੇ ਕੋਲ ਰਖੋਗੇ ਜਿਹੜੀ ਉਸ ਦੇ ਅਣੂਆਂ ਲਈ ਹਾਨੀਕਾਰਕ ਹੈ ਤਾਂ ਉਸ ਮਾਸ ਦੇ ਟੁਕੜੇ ਦਾ ਹਰ ਅਣੂ ਉਸ ਹਾਨੀਕਾਰਕ ਦਵਾਦੀ ਤੋਂ, ਜਿਥੋਂ ਤੱਕ ਹੋ ਸਕੇਗਾ, ਪਰੇ ਹੱਟਦਾ ਜਾਏਗਾ। ਇਸ ਤੋਂ ਉਲਟ ਜੇ ਤੁਸੀਂ ਉਨ੍ਹਾਂ ਅਣੂਆਂ ਨੂੰ ਕਿਸੇ ਲਾਭਦਾਇਕ ਦਵਾਈ ਦੇ ਨੇੜੇ ਰਖੋਗੇ ਤਾਂ ਉਹ, ਜਿਥੋਂ ਤੱਕ ਹੋ ਸਕੇਗਾ, ਉਸ ਦਵਾਈ ਦੇ ਨੇੜੇ ਆ ਜਾਣਗੇ ਤੇ ਪਰਤੀਤ ਹੋਵੇਗਾ ਕਿ ਉਹ ਉਸ ਦਵਾਈ ਨੂੰ ਆਪਣੇ ਵਿਚ ਜਜ਼ਬ ਕਰ ਰਹੇ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਸਾਰੇ ਅਣੂਆਂ ਵਿਚ ਸਿਆਣਪ ਤੇ ਨਿਰਣਾ-ਜਨਕ ਚੋਣ-ਸ਼ਕਤੀ ਮੌਜੂਦ ਹੈ।

ਸਾਡੇ ਮਾਨਸਿਕ ਝੁਕਾਉ, ਸਾਡੀਆਂ ਆਸਾਂ, ਸਾਡੇ ਡਰ, ਸਾਡੀਆਂ ਖ਼ੁਸ਼ੀਆਂ ਸਾਡੇ ਗ਼ਮ ਆਦਿ ਸਭ ਚੀਜ਼ਾਂ ਸਾਡੇ ਸਰੀਰ ਤੇ ਸਾਡੇ ਜੀਵਨ ਉੱਤੇ ਅਸਰ ਪਾਉਂਦੀਆਂ ਹਨ। ਐਡੀਸਨ ਦੇ ਕਥਨ ਅਨੁਸਾਰ ਸਾਡੇ ਸਰੀਰ ਦਾ ਹਰੇਕ ਅਣੂ ਵਿਚਾਰ-ਸ਼ਕਤੀ ਰੱਖਦਾ ਹੈ। ਇਸ ਗੱਲ ਦੇ ਸੱਚੇ ਸਾਬਤ ਹੋਣ ਨਾਲ ਅਸੀਂ ਸਭ ਜਾਣਦੇ ਹਾਂ ਕਿ ਹਰੇਕ ਖ਼ਿਆਲ, ਮਾਨਸਿਕ ਪ੍ਰਭਾਵ ਤੇ ਮਾਨਸਿਕ ਰਵੱਈਆ ਸਰੀਰ ਦੇ ਸਾਰੇ ਅਣੂਆਂ ਅਤੇ ਸਮੁੱਚੇ ਸਰੀਰ ਤੋਂ ਅਸਰ ਪਾਉਂਦਾ ਹੈ।

ਆਪਣੇ ਸੁਭਾ ਅਨੁਸਾਰ ਅਸੀਂ ਇਹ ਸਮਝਣ ਲੱਗ ਪਏ ਹਾਂ ਕਿ ਸੂਝ ਬੂਝ ਦਾ ਕੰਮ ਕੇਵਲ ਦਿਮਾਗ਼ ਹੀ ਕਰਦਾ ਹੈ। ਸਾਨੂੰ ਇਹ ਮੰਨ ਲੈਣਾ ਔਖਾ ਜਾਪਦਾ ਹੈ ਕਿ ਸੋਚ ਵਿਚਾਰ ਦਾ ਕੰਮ ਸਰੀਰ ਦੇ ਸਾਰੇ ਹੀ ਅਣੂਆਂ ਦਾ ਸਾਂਝਾ ਵਾਸਤਾ ਹੈ ਤੇ ਇਸ ਵਿਚ ਦਿਮਾਗ਼, ਪੇਠੇ, ਹੱਡੀਆਂ, ਰਗਾਂ, ਨਸਾਂ ਸਾਰੇ ਸ਼ਾਮਲ ਹੁੰਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਸਰੀਰ ਦਾ ਸਿਰ ਤੋਂ ਪੈਰਾਂ ਤੱਕ ਦਾ ਹਰ ਅੰਸ ਸੋਚ ਵਿਚਾਰ ਕਰਦਾ ਹੈ। ਸਾਡਾ ਮਨ ਸਰੀਰ ਦੇ ਸਾਰੇ ਅਣੂਆਂ ਦੇ ਸਾਰੇ ਜਤਨਾਂ ਦੀ ਉਪਜ ਹੈ।

ਸਾਇੰਸ ਦੀ ਨਵੀਂ ਖੋਜ ਤੋਂ ਪਰਗਟ ਹੁੰਦਾ ਹੈ ਕਿ ਸਰੀਰ ਦੇ ਅਣੂ ਜਿਹੜੇ ਖੁਰਦਬੀਨ ਬਿਨਾਂ ਨਜ਼ਰ ਨਹੀਂ ਆਉਂਦੇ, ਉਨ੍ਹਾਂ ਵਿਚ ਵੀ ਉਪਜਾਉਣ ਦੀਆਂ ਮੁੜ ਬਣਦੀਆਂ, ਨਵੇਂ ਨਰੋਏ ਤੇ ਮੁੜ ਸਜਰੇ ਹੋਣ ਦੀਆਂ ਸ਼ਕਤੀਆਂ ਹਨ, ਜਿਨ੍ਹਾਂ ਕਰਕੇ ਇਨ੍ਹਾਂ ਅਣੂਆਂ ਤੋਂ ਬਣੇ ਹੋਏ ਸਰੀਰ ਦੀ ਹੋਣ ਵਾਲੀ ਅਵਸਥਾ ਨਿਸ਼ਚਤ ਕੀਤੀ ਜਾ ਸਕਦੀ ਹੈ। ਇਨ੍ਹਾਂ ਅਣੂਆਂ ਵਿਚ ਹੀ ਸਰੀਰ ਦੇ ਦ੍ਰਿਸ਼ਟੀਕੋਣ ਤੋਂ ਵੱਧਣ ਫੁਲਣ ਦੀ ਵਿਉਂਤ ਤੇ ਸੀਮਾ ਸ਼ਾਮਲ ਹੈ।

ਹਰ ਇਕ ਅਣੂ ਨੂੰ ਸੂਝ ਦੀ ਦਾਤ ਮਿਲੀ ਹੋਈ ਹੈ ਤੇ ਉਸ ਦੇ ਅੰਦਰ ਆਪੇ ਦੀ ਚੇਤਨਤਾ ਭਰੀ ਪਈ ਹੈ। ਭਾਵੇਂ ਹਰ ਇਕ ਅਣੂ ਦੀ ਚੇਤਨਤਾ ਵੱਖੋ ਵੱਖ ਹੈ

ਪਰ ਇਹ ਸਾਇੰਸ ਦੇ ਨੇਮ ਅਨੁਸਾਰ ਆਪਣੇ ਸਾਂਵੇ ਤੇ ਜਤਨਾ ਨਾਲ ਸਮੁੱਚੇ ਸਰੀਰ ਨੂੰ ਚੰਗੀ ਤਰ੍ਹਾਂ ਠੀਕ ਠਾਕ ਰੱਖਦੇ ਹਨ।

ਪ੍ਰੋਫੈਸਰ ਨੈਲਸ ਕੋਐਵਲੀ ਆਪਣੀ ਨਵੀਂ ਕਿਤਾਬ 'ਸੈਲ ਇਨਟੈਲੀਜੈਂਸ' (ਅਣੂਆ ਦੀ ਸੂਝ ਬੂਝ) ਵਿਚ ਲਿਖਦੇ ਹਨ- 'ਸਰੀਰ ਦਾ ਹਰੇਕ ਇਕ ਅਣੂ ਚੇਤਨ ਸੂਝ ਬੂਝ ਵਾਲੀ ਹਸਤੀ ਹੈ। ਇਸ ਚੇਤਨ ਸ਼ਕਤੀ ਨਾਲ ਇਹ ਅਣੂ ਹਰ ਬੂਟੇ, ਹਰ ਜਾਨਵਰ ਵਿਚ ਨਵੀਂ ਉਸਾਰੀ ਤੋਂ ਨਵੀਂ ਵਿਉਂਤ ਦਾ ਕੰਮ ਏਸੇ ਤਰ੍ਹਾਂ ਕਰਦੇ ਰਹਿੰਦੇ ਹਨ ਜਿਵੇਂ ਕਿ ਮਨੁੱਖ ਮਕਾਨਾਂ, ਰੇਲਾਂ, ਤੇ ਹੋਰ ਇਮਾਰਤਾਂ ਹਵੇਲੀਆਂ ਦੀ ਉਸਾਰੀ ਦਾ ਕੰਮ ਕਰਦਾ ਰਹਿੰਦਾ ਹੈ'। ਪ੍ਰੋਫੈਸਰ ਸਾਹਿਬ ਦਾ ਯਕੀਨ ਹੈ ਕਿ ਹਰ ਇਕ ਜੀਵ ਦੇ ਵੱਖੋ ਵੱਖ ਅਣੂ ਸਾਰੇ ਸਰੀਰ ਨਾਲ ਇਕਸੁਰਤਾ ਵਿਚ ਕੰਮ ਕਰਦੇ ਹੋਏ ਜੀਵ ਦੇ ਸਰੀਰ ਦੇ ਪ੍ਰਬੰਧ ਨੂੰ ਇਉਂ ਬਦਲਦੇ ਰਹਿੰਦੇ ਹਨ ਕਿ ਉਸ ਦੇ ਰਹਿਣ-ਅਸਥਾਨ ਦੀ ਬਦਲੀ, ਅਰਥਾਤ ਸ੍ਵੈ-ਰੱਖਿਆ ਦੇ ਆਸ਼ੇ ਨਾਲ ਕੀਤੀ ਆਲੇ ਦੁਆਲੇ ਦੀ ਬਦਲੀ, ਨਾਲ ਜਿਹੜੀਆਂ ਖਾਸ ਜ਼ਰੂਰਤਾਂ ਜਾਂ ਅਵਸਥਾਵਾਂ ਪੈਦਾ ਹੁੰਦੀਆਂ ਹਨ ਉਹ ਪੂਰੀਆਂ ਹੁੰਦੀਆਂ ਰਹਿਣ, ਜਿਵੇਂ ਕਿ ਬਹੁਤ ਸਾਰੇ ਜੀਵ ਜਾਨਵਰ ਆਪਣਾ ਰੰਗ ਉਨ੍ਹਾਂ ਦਰਖਤਾਂ, ਉਨ੍ਹਾਂ ਚਟਾਨਾਂ ਦੇ ਰੰਗ ਵਰਗਾ ਬਦਲਾ ਲੈਂਦੇ ਹਨ ਜਿਥੇ ਕਿ ਉਹ ਰਹਿੰਦੇ ਹਨ ਤਾਂ ਜੋ ਆਪਣੇ ਵੈਰੀਆਂ ਨੂੰ ਆਸਾਨੀ ਨਾਲ ਦਿਖਾਈ ਨਾ ਦੇਣ।

ਜਾਨਵਰਾਂ ਦੀਆਂ ਨਵੀਆਂ ਲੋੜਾਂ ਤੇ ਮੰਗਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਸਰੀਰਾਂ ਤੇ ਅਣੂਆਂ ਵਿਚ ਜੋ ਅਦਲਾ ਬਦਲੀ ਹੁੰਦੀ ਹੈ ਉਸ ਦਾ ਹਾਲ ਬਿਆਨ ਕਰਦਿਆਂ ਪ੍ਰੋਫੈਸਰ ਕੋਐਵਲੀ ਜੀਰਾਫ ਦੀ ਗਰਦਨ ਬਾਬਤ ਇਉਂ ਲਿਖਦੇ ਹਨ ਕਿ ਸ਼ੁਰੂ ਸ਼ੁਰੂ ਵਿਚ ਇਹ ਜਾਨਵਰ ਘਾਹ ਆਦਿ ਤੇ ਘੱਟੋ ਘੱਟ ਨਿਰਭਰ ਕਰਨ ਲਈ ਮਜ਼ਬੂਰ ਹੋ ਗਿਆ ਤੇ ਇਸ ਦੀ ਖੁਰਾਕ ਰੁੱਖਾਂ ਤੇ ਪੱਤਰ ਬਣਦੇ ਗਏ ਇਸ ਲਈ ਉਸ

ਦੇ ਸਰੀਰ ਦੇ ਚੇਤਨ ਅਣੂ ਇਉਂ ਬਦਲਣ ਲੱਗ ਪਏ ਕਿ ਉਸ ਦੀਆਂ ਚਾਰੇ ਟੰਗਾਂ ਲੰਮੀਆਂ ਤੇ ਗਰਦਨ ਉਤਾਂਹ ਹੋਣੀ ਸ਼ੁਰੂ ਹੋ ਗਈ।

ਇਹੋ ਜੇਹੀਆਂ ਲੋੜਾਂ ਤੇ ਮੰਗਾਂ ਕਰ ਕੇ ਸੁੰਡ ਵਾਲੇ ਜਾਨਵਰਾਂ ਦੇ ਸਰੀਰਾਂ ਦੇ ਅਣੂਆਂ ਨੇ ਉਨ੍ਹਾਂ ਦੇ ਨਕ ਨੂੰ ਦਰਖਤ ਦੇ ਲੰਮੇ ਤਣੇ ਵਾਂਙ ਬਾਹਰ ਵੱਲ ਨੂੰ ਵਧਾ ਦਿੱਤਾ ਹੈ ਤੇ ਉਸ ਦੇ ਸਿਰੇ ਉੱਤੇ ਚੁਸਤੀ ਫੁਰਤੀ ਵਾਲੀਆਂ ਉਂਗਲੀਆਂ ਜੇਹੀਆਂ ਬਣਾ ਦਿੱਤੀਆਂ।

ਪ੍ਰੋਫੈਸਰ ਸਾਹਿਬ ਦਾ ਵਿਸ਼ਵਾਸ ਹੈ ਕਿ ਸਰੀਰ ਦੇ ਹਰ ਹਿੱਸੇ ਤੇ ਅਣੂ ਇਕ ਖਾਸ ਕਿਸਮ ਦੀ ਯਾਦ ਸ਼ਕਤੀ ਰੱਖਦੇ ਹਨ ਜਿਹੜੀ ਪਿਛਲੀਆਂ ਪੀੜ੍ਹੀਆਂ ਤੋਂ ਆਦਿ ਦੇ ਅਣੂਆਂ ਦੇ ਸ਼ੁਰੂ ਸ਼ੁਰੂ ਵਾਲੇ ਜੀਵਨ ਨੂੰ ਚੇਤੇ ਰੱਖਦੀ ਹੈ। ਇਹ ਵਿਸ਼ੇਸ਼ਤਾ ਦੂਜੀਆਂ ਵਿਸ਼ੇਸ਼ ਗੱਲਾਂ ਦੇ ਨਾਲ ਨਾਲ ਅਣੂਆਂ ਦੇ ਵੱਖਰੇ ਵੱਖਰੇ ਰਹਿਣ ਦੀ ਹਾਲਤ ਵਿਚ ਉਸੇ ਤਰ੍ਹਾਂ ਸਰੀਰ ਦੇ ਅੰਦਰ ਚਲੀ ਆਈ ਹੈ। ਭਾਵੇਂ ਇਹ ਅਣੂ ਵਟਦੇ ਵਟਦੇ ਕੁਝ ਦੇ ਕੁਝ ਹੁੰਦੇ ਰਹਿੰਦੇ ਹਨ ਪਰ ਇਹ ਪਹਿਲਾਂ ਪਹਿਲ ਦੀਆਂ ਖਾਸ ਗੱਲਾਂ ਉਨ੍ਹਾਂ ਵਿਚ ਜਿਉਂ ਦੀਆਂ ਤਿਉਂ ਕਾਇਮ ਰਹਿੰਦੀਆਂ ਹਨ। ਜਿਹੜੇ ਗੁਣ ਆਦਿ ਕਾਲ ਦੇ ਅਣੂਆਂ ਵਿਚ ਉਨ੍ਹਾਂ ਦੇ ਵੱਟਣ ਵਟਾਉਣ ਤੋਂ ਪਹਿਲਾਂ ਹੁੰਦੇ ਸਨ, ਉਹ ਵੱਟਣ ਵਟਾਉਣ ਦੇ ਵੇਲੇ ਹਰ ਇਕ ਅੰਸ਼ ਦੇ ਹਿੱਸੇ ਵਿਚ ਆਉਂਦੇ ਰਹੇ। ਨਵੇਂ ਅਣੂ ਜਿਹੜੇ ਬਣਦੇ ਗਏ ਉਹ ਅਸਲ ਵਿਚ ਪੁਰਾਣੇ ਅਣੂਆਂ ਦੇ ਹੀ ਹਿੱਸੇ ਸਨ ਤੇ ਉਨ੍ਹਾਂ ਵਿਚ ਪਹਿਲੇ ਸਾਰੇ ਅਣੂਆਂ ਦੇ ਸੁਭਾ ਮੌਜੂਦ ਸਨ।

ਇਹ ਖ਼ਿਆਲ ਨਹੀਂ ਕਰਨਾ ਚਾਹੀਦਾ ਕਿ ਜਿਉਂ ਜਿਉਂ ਜਾਨਵਰ ਵਧਦਾ ਹੈ ਤਿਉਂ ਤਿਉਂ ਸਰੀਰ ਨੂੰ ਬਣਾਉਣ ਵਾਲੇ ਅਣੂ ਆਕਾਰ ਵਿਚ ਵਧਦੇ ਜਾਂਦੇ ਹਨ। ਇਹ ਗੱਲ ਨਹੀਂ ਸਗੋਂ ਇਹ ਵਾਧਾ ਤਾਂ ਅਣੂਆਂ ਦੇ ਹਿੱਸੇ ਬਣਨ ਨਾਲ ਪਰਗਟ ਹੁੰਦਾ ਹੈ ਇਉਂ ਸਮਝੋ ਕਿ ਅਣੂਆਂ ਦੀ ਗਿਣਤੀ ਵਧਦੀ ਜਾਂਦੀ ਹੈ। ਇਹ ਅਮਲ ਬਚਿਆਂ ਵਿਚ ਉਸ ਵੇਲੇ ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਉਹ ਪੂਰੇ ਪੂਰੇ ਵਧ

ਫੂਲ ਨਹੀਂ ਜਾਂਦੇ। ਅਰਥਾਤ ਜਦੋਂ ਤੱਕ ਇਕ ਇਕ ਅਣੂ ਵਿਚਲੀਆਂ ਉਸਾਰੀ ਦੀਆਂ ਸਾਰੀਆਂ ਤਜਵੀਜ਼ਾਂ ਪੂਰੀਆਂ ਨਹੀਂ ਹੋ ਜਾਂਦੀਆਂ, ਉਸ ਵੇਲੇ ਤੱਕ ਵਧਣਾ ਫੁਲਣਾ ਖਤਮ ਨਹੀਂ ਹੁੰਦਾ।

ਇਸ ਪ੍ਰੋਫੈਸਰ ਦਾ ਕਥਨ ਹੈ- 'ਤੁਸੀਂ ਸਾਫ ਵੇਖ ਸਕਦੇ ਹੋ ਕਿ ਇਨ੍ਹਾਂ ਅਣੂਆਂ ਵਿਚ ਜਾਂ ਇਨ੍ਹਾਂ ਅਣੂਆਂ ਦੇ ਬਣਾਉਣ ਵਾਲੀ ਜਾਨ ਵਿਚ ਕੁਝ ਸਿਆਣਪ ਤੇ ਤਜ਼ਰਬਾ ਭਰਿਆ ਹੋਇਆ ਹੈ। ਇਹ ਸਿਆਣਪ ਤੇ ਤਜ਼ਰਬਾ ਇਨ੍ਹਾਂ ਨੇ ਪੀੜ੍ਹੀ ਪੀੜ੍ਹੀ ਪ੍ਰਾਪਤ ਕੀਤਾ ਹੈ ਤੇ ਆਪਣੇ ਪਿੱਛੋਂ ਆਉਣ ਵਾਲੀਆਂ ਨਸਲਾਂ ਨੂੰ ਵਿਰਸੇ ਵਿਚ ਦੇ ਕੇ ਇਸ ਨੂੰ ਸੁਰੱਖਿਅਤ ਰੱਖਿਆ ਹੈ।

ਅਸੀਂ ਖ਼ਿਆਲ ਕਰਦੇ ਹਾਂ ਕਿ ਸਰੀਰ ਕਈ ਤਰ੍ਹਾਂ ਦੇ ਅੰਗਾਂ ਦਾ ਇਕ ਇਕੱਠ ਹੈ ਤੇ ਇਹ ਅੰਗ ਇਕ ਤਰ੍ਹਾਂ ਅੱਡੋ ਅੱਡ ਬਣਤਰ ਤੇ ਭਾਂਤ ਭਾਂਤ ਦੇ ਮਸਾਲੇ ਨਾਲ ਬਣੇ ਹੋਏ ਹਨ ਪਰ ਅਸਲ ਗੱਲ ਇਹ ਹੈ ਕਿ ਸਾਡਾ ਸਰੀਰ ਛੋਟੇ ਤੋਂ ਛੋਟੇ ਅਣਗਿਣਤ ਅਣੂਆਂ ਦਾ ਸਮੂਹ ਹੈ ਤੇ ਇਹ ਅਣੂ ਇਕ ਦੂਜੇ ਨਾਲ ਅਤਿ ਨੇੜੇ ਦਾ ਸਬੰਧ ਰੱਖਦੇ ਹਨ। ਹੱਡੀਆਂ ਦਿਮਾਗ਼ ਦੀ ਬਣਤਰ ਵਿਚ ਵਰਤੇ ਮਸਾਲੇ ਨਾਲੋਂ ਕਰੜੀਆਂ ਹੁੰਦੀਆਂ ਹਨ ਇਸ ਕਰਕੇ ਅਸੀਂ ਖ਼ਿਆਲ ਕਰਦੇ ਹਾਂ ਕਿ ਹੱਡੀਆਂ ਦਿਮਾਗ਼ ਦੇ ਮਾਦੇ ਨਾਲੋਂ ਕੋਈ ਵੱਖਰੀ ਵੀ ਵਸਤੂ ਹਨ ਪਰ ਸੱਚੀ ਗੱਲ ਇਹ ਹੈ ਕਿ ਸਰੀਰ ਦੇ ਸਾਰੇ ਵੱਖੋ ਵੱਖ ਅੰਸ਼, ਜਿਹੜੇ ਗਿਣਤੀ ਵਿਚ ਬਾਰਾਂ ਹਨ, ਭਾਂਤ ਭਾਂਤ ਦੀ ਇਕਸਾਰਤਾ ਵਾਲੇ ਅਣੂਆਂ ਦੇ ਬਣੇ ਹੋਏ ਹਨ ਤੇ ਇਹ ਸਾਰੇ ਅਣੂ ਆਦਿ ਕਾਲ ਦੇ ਅਣੂਆਂ ਦੀ ਅਦਲਾ ਬਦਲੀ ਤੋਂ ਵੀ ਹਿੱਸੇ ਹੀ ਹੋਂਦ ਵਿਚ ਆਏ ਹਨ। ਸੋ ਜਿਹੜੀ ਚੀਜ਼ ਸਰੀਰ ਦੇ ਕਿਸੇ ਦੇ ਕਿਸੇ ਇਕ ਅਣੂ ਤੇ ਅਸਰ ਪਾਉਂਦੀ ਹੈ ਉਹਦੇ ਕਰਕੇ ਸਾਰੇ ਦੇ ਸਾਰੇ ਅਣੂਆਂ ਤੇ ਅਸਰ ਪੈ ਜਾਂਦਾ ਹੈ। ਹਰ ਇਕ ਅਣੂ ਆਪਣੇ ਆਪ ਵਿਚ ਇਕ ਹਸਤੀ ਜਾਂ ਜ਼ਾਤ ਹੈ ਤੇ ਅਸੀਂ ਇਹੋ ਜੇਹੀਆਂ ਕਰੋੜਾਂ ਹਸਤੀਆਂ ਜਾਂ ਅਣੂਆਂ ਦੇ ਮੇਲ ਨਾਲ ਬਣੇ ਹੋਏ ਹਾਂ।

ਇਹ ਅਣੂ ਜਾਂ ਵਜੂਦ ਇਉਂ ਸਮਝੋ ਜਿਵੇਂ ਕਿਸੇ ਬੈਂਡ ਦੇ ਛੋਟੇ ਵੱਡੇ ਅੰਗ ਹੋਣ ਜਿਹੜੇ ਆਪਣੇ ਬੈਂਡ ਮਾਸਟਰ ਦੇ ਇਸ਼ਾਰੇ ਤੇ ਝੱਟ ਉਸੇ ਸੁਰ ਤਾਲ ਮੁਤਾਬਕ ਵੱਜਣ ਲੱਗ ਪੈਂਦੇ ਹਨ। ਸਾਡੀ ਅਕਲ ਜਾਂ ਸਮਝ ਜੋ ਰਾਗ ਛੇੜਦੀ ਹੈ ਉਸੇ ਨੂੰ ਈ ਇਹ ਅਣੂ ਅਲਾਪਣ ਲੱਗ ਪੈਂਦੇ ਹਨ। ਇਉਂ ਸਮਝੋ ਕਿ ਉਹ ਸਾਡੇ ਖ਼ਿਆਲ ਦੇ ਨਾਲ ਇਕ ਸੁਰ ਹੋਣ ਲੱਗ ਪੈਂਦੇ ਹਨ। ਜੋ ਖ਼ਿਆਲ, ਜੋ ਹੁਲਾਰਾ ਕਿਸੇ ਬੰਦੇ ਨੂੰ ਹਿਲਾਉਂਦਾ ਹੈ ਉਹ ਇਨ੍ਹਾਂ ਅਣੂਆਂ ਵਿਚ ਆਪਣਾ ਅਕਸ ਪਾ ਦਿੰਦਾ ਹੈ। ਸਾਡੇ ਸਰੀਰ ਦਾ ਹਰ ਨਿੱਕੇ ਤੋਂ ਨਿੱਕਾ ਅਣੂ ਸਾਡੇ ਹਰ ਖ਼ਿਆਲ, ਹਰ ਤਰੰਗ, ਹਰ ਅਸਰ ਤੇ ਹਰ ਹੁਲਾਰੇ ਨਾਲ ਥਰਥਰਾਉਣ ਲੱਗ ਪੈਂਦਾ ਹੈ ਤੇ ਉਨ੍ਹਾਂ ਅਣੂਆਂ ਦਾ ਜੀਵਨ ਉਸੇ ਖ਼ਿਆਲ, ਉਸੇ ਤਰੰਗ ਤੋਂ ਉਸੇ ਅਸਰ ਦੀ ਖਾਸੀਅਤ ਅਨੁਸਾਰ ਢਲ ਜਾਂਦਾ ਹੈ।

ਸਾਡਾ 'ਸਵੈ' ਸਾਡੀਆਂ ਸਾਰੀਆਂ ਸ਼ਕਤੀਆਂ ਦਾ ਸੁਆਮੀ ਹੈ। ਇਹ ਇਨ੍ਹਾਂ ਸਾਰੇ ਨਿੱਕੇ ਨਿੱਕੇ ਅਣੂਆਂ ਦਾ ਆਗੂ ਹੈ। ਸਰੀਰ ਦੇ ਸਾਰੇ ਅਣੂ ਉਸ ਦੇ ਹੁਕਮ ਹੇਠ ਕੰਮ ਕਰਦੇ ਹਨ। ਸਾਡਾ ਇਹ 'ਸਵੈ' ਆਪਣੇ ਖਿਆਲਾਂ ਦੀ ਸ਼ਕਤੀ ਨਾਲ ਅਣੂਆਂ ਵਿਚ ਸਿਹਤ ਵੀ ਪੈਦਾ ਕਰ ਸਕਦਾ ਹੈ ਤੇ ਬੀਮਾਰੀ ਵੀ। ਇਹ ਇਨ੍ਹਾਂ ਵਿਚ ਇਕਸਾਰਤਾ ਵੀ ਲਿਆ ਸਕਦਾ ਹੈ ਤੇ ਕਜੋੜ ਵੀ। ਇਹ ਹੀ ਇਨ੍ਹਾਂ ਵਿਚ ਕੰਮ ਕਰਨ ਦੀ ਯੋਗਤਾ ਵੀ ਭਰ ਸਕਦਾ ਹੈ ਤੇ ਕੰਮ ਕਰਨੋਂ ਅਯੋਗ ਵੀ ਕਰ ਸਕਦਾ ਹੈ। ਜੇ ਇਹ ਚਾਹੇ ਤਾਂ ਇਨ੍ਹਾਂ ਸਾਰੇ ਅਣੂਆਂ ਵਿਚ ਸਫਲਤਾ ਦੀ ਝੁਣਝੁਣਾਹਟ ਪੈਦਾ ਕਰ ਦੇਵੇ, ਭਾਵੇਂ ਕਾਮਯਾਬੀ ਦੀ ਸਨਸਨਾਹਟ। ਇਹ ਇਨ੍ਹਾਂ ਨੂੰ ਹਾਲਾਤ ਦਾ ਸੁਆਮੀ ਵੀ ਬਣਾ ਸਕਦਾ ਹੈ ਕਮਜ਼ੋਰ ਤੇ ਨਿਤਾਣਾ ਵੀ। ਇਹ ਆਪਣੀ ਸ਼ਕਤੀ ਨਾਲ ਸਰੀਰ ਦੇ ਸਾਰੇ ਅਣੂਆਂ ਵਿਚ ਆਸ਼ਾ ਜਾਂ ਨਿਰਾਸ਼ਾ, ਪ੍ਰੇਮ ਜਾਂ ਨਫਰਤ, ਜਿੱਤ ਜਾਂ ਹਾਰ, ਚੰਗਿਆਈਆਂ ਜਾਂ ਬੁਰਾਈਆਂ ਦੀ ਥਰਕਣ ਪੈਦਾ ਕਰ ਸਕਦਾ ਹੈ। ਥੋੜੇ ਸ਼ਬਦਾ ਵਿਚ ਜਿਹੜਾ ਵੀ ਖ਼ਿਆਲ ਸਾਡੀ ਜ਼ਾਤ ਜਾਂ ਇਉਂ ਕਹਿ ਲੋ ਸਾਡਾ 'ਸਵੈ' ਆਪਣੇ ਵਲੋਂ

ਸਰੀਰ ਵੱਲ ਘਲਦੀ ਹੈ ਉਹੋ ਸਰੀਰ ਦੇ ਸਾਰੇ ਅਣੂਆਂ ਤੇ ਅਪਣਾ ਨਿਸ਼ਾਨ ਲਾ ਦਿੰਦੇ ਹਨ ਤੇ ਉਸ ਨੂੰ ਆਪਣੇ ਜੇਹਾ ਬਣਾ ਲੈਂਦਾ ਹੈ।

ਸਰਜਨ ਦਸਦੇ ਹਨ ਕਿ ਕਿਸੇ ਵੱਡੀ ਜਿੱਤ ਦੇ ਪਿੱਛੋਂ ਜਿੱਤੀ ਹੋਈ ਫ਼ੌਜ ਦੇ ਸਿਪਾਹੀਆਂ ਦੇ ਜ਼ਖਮ ਹਾਰੀ ਹੋਈ ਫ਼ੌਜ ਦੇ ਸਿਪਾਹੀਆਂ ਦੇ ਜ਼ਖਮਾਂ ਨਾਲੋਂ ਛੇਤੀ ਭਰ ਜਾਂਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਅੰਦਰ ਦੀ ਜਿੱਤ ਵਾਲੀ ਉਹ ਖੁਸ਼ੀ, ਜਿਹੜੀ ਸਿਪਾਹੀਆਂ ਦੇ ਦਿਲ ਵਿਚ ਪੈਦਾ ਹੁੰਦੀ ਹੈ, ਤਾਕਤ ਦੇਣ ਵਾਲੀ ਤੇ ਹੁਲਾਰਾ ਪੈਦਾ ਕਰਨ ਵਾਲੀ ਚੀਜ਼ ਹੈ। ਇਸ ਤੋਂ ਉਲਟ ਜਿਹੜੀ ਨਿਰਾਸ਼ਾ ਹਾਰ ਹੋਣ ਕਰਕੇ ਪੈਦਾ ਹੁੰਦੀ ਹੈ ਉਹ ਇਕ ਪ੍ਰਕਾਰ ਦੀ ਕਮਜ਼ੋਰ ਕਰਨ ਵਾਲੀ ਦਬਾ ਪਾ ਲੈਣ ਵਾਲੀ ਚੀਜ਼ ਹੈ।

ਇਹ ਅਣੂ ਇਕ ਤਰ੍ਹਾਂ ਦਿਮਾਗ ਦਾ ਪਸਰਿਆ ਹੋਇਆ ਰੂਪ ਹਨ। ਹਰ ਇਕ ਅਣੂ ਮਾਨੋ ਬਿਜਲੀ ਦਾ ਇਕ ਸਬ ਸਟੇਸ਼ਨ ਅਰਥਾਤ ਛੋਟਾ ਜੇਹਾ ਸਟੇਸ਼ਨ ਹੈ, ਜਿਸ ਦਾ ਸਬੰਧ ਦਿਮਾਗ ਦੇ ਕੇਂਦਰੀ ਸਟੇਸ਼ਨ ਨਾਲ ਹੈ। ਦਿਮਾਗ ਵਿਚ ਜੇ ਗੁੱਸਾ, ਘਿਰਣਾ, ਕੀਨਾ, ਸਾੜਾ ਪੈਦਾ ਹੁੰਦਾ ਹੈ ਤਾਂ ਸਰੀਰ ਦੇ ਹਰ ਅਣੂ ਵਿਚ ਗੁੱਸਾ, ਘਿਰਣਾ, ਕੀਨਾ, ਸਾੜਾ ਪੈਦਾ ਹੋ ਜਾਂਦੇ ਹਨ। ਦਿਮਾਗ ਵਿਚ ਤਕਲੀਫ਼ ਹੋਣ ਨਾਲ ਸਰੀਰ ਦੇ ਹਰ ਅੰਗ ਵਿਚ ਤਕਲੀਫ਼ ਪਰਤੀਤ ਹੁੰਦੀ ਹੈ। ਦਿਮਾਗ ਵਿਚ ਖੁਸ਼ੀ ਹੋਣ ਨਾਲ ਸਾਰੇ ਸਰੀਰ ਵਿਚ ਖੁਸ਼ੀ ਵਸ ਜਾਂਦੀ ਹੈ। ਜਦੋਂ ਮਨ ਆਸ਼ਾ ਨਾਲ ਭਰਿਆ ਹੁੰਦਾ ਹੈ ਜਾਂ ਉਹਨੂੰ ਕੋਈ ਚਮਕਦਾ ਸਿਤਾਰਾ ਦਿਸਦਾ ਹੈ ਤੇ ਸਰੀਰ ਵੀ ਆਸ਼ਾ ਭਰਪੂਰ ਹੋ ਕੇ ਚੁਸਤ ਤੇ ਕੰਮ ਕਰਨ ਯੋਗ ਬਣ ਕੇ ਤਿਆਰ ਬਰ ਤਿਆਰ ਹੋ ਜਾਂਦਾ ਹੈ। ਜਦੋਂ ਮਨ ਵਿਚ ਨਿਰਾਸ਼ਾ ਤੇ ਨਿਰਉਤਸ਼ਾਹਤਾ ਪੈਦਾ ਹੁੰਦੀ ਹੈ ਤਾਂ ਸਰੀਰ ਵਿਚ ਨਿਰਾਸ਼ਾ ਹੀ ਨਿਰਾਸ਼ਾ ਛਾ ਜਾਂਦੀ ਹੈ। ਹੌਂਸਲਾ ਤੇ ਉਤਸ਼ਾਹ ਜਾਂਦੇ ਰਹਿੰਦੇ ਹਨ ਉਮੰਗਾਂ ਤੇ ਪਾਣੀ ਫਿਰ ਜਾਂਦਾ ਹੈ ਤੇ ਲਿਆਕਤ ਦਾ ਖੂਨ ਹੋ ਜਾਂਦਾ ਹੈ।

ਸਰਜਨਾਂ ਨੂੰ ਚਿਰਾਂ ਤੋਂ ਪਤਾ ਲੱਗ ਚੁੱਕਾ ਹੈ ਕਿ ਸਰੀਰ ਵਿਚ ਖ਼ਿਆਲ ਦੇ ਝੁਕਾਵਾਂ ਨਾਲ ਖਾਸ ਕਿਸਮ ਦੇ ਨਾਸੂਰ ਵਰਗੇ ਫੋੜੇ ਹੋ ਜਾਂਦੇ ਹਨ। ਨਾ ਕੇਵਲ ਇਹ ਕਿ ਸਰੀਰ ਵਿਚ ਨਾਸੂਰਾਂ ਵਰਗੇ ਫੋੜੇ ਪੈਦਾ ਹੋਣ ਦਾ ਖ਼ਿਆਲ ਹੀ ਜਾਂ ਵਿਰਸੇ ਵਿਚ ਮਿਲੀ ਹੋਈ ਕੋਈ ਛੂਤ ਹੀ ਇਨਾਂ ਦੁਖਦਾਈ ਫੋੜਿਆਂ ਦਾ ਕਾਰਣ ਬਣਦੀ ਹੈ ਸਗੋਂ ਕਈ ਵਾਰੀ ਇਹੋ ਜੇਹੇ ਫੋੜੇ ਵਿਰਸੇ ਵਿਚ ਆਈ ਹੋਈ ਬੀਮਾਰੀ ਉੱਕਾ ਹੀ ਨਾ ਹੁੰਦਿਆਂ ਹੋਇਆਂ ਵੀ ਖਿਆਲੀ ਅਸਰਾਂ ਨਾਲ ਆਪਣੇ ਆਪ ਪੈਦਾ ਹੋ ਜਾਂਦੇ ਹਨ। ਡਾਕਟਰੀ ਵਿਗਿਆਨ ਦੇ ਇਸ ਸਿੱਟੇ ਨੂੰ ਇਸ ਸੱਚੀ ਗੱਲ ਤੋਂ ਬੜੀ ਪੁਸ਼ਟੀ ਉਦੋਂ ਮਿਲਦੀ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਜਿਹੜੇ ਲੋਕਾਂ ਤੇ ਜੰਗ ਦੇ ਬਹੁਤ ਬੁਰੇ ਅਸਰ ਹੁੰਦੇ ਹਨ, ਖਾਸ ਕਰਕੇ ਜਿਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਜਾਂ ਦੋਸਤ ਲੜਾਈ ਵਿਚ ਮਾਰੇ ਜਾਂਦੇ ਹਨ ਜਾਂ ਜਿਨ੍ਹਾਂ ਦੇ ਪਿਆਰੇ ਅੰਗ ਸਾਕ ਬੜੀ ਬੁਰੀ ਤਰ੍ਹਾਂ ਨਾਲ ਫੱਟੜ ਹੋ ਕੇ ਉਮਰ ਭਰ ਲਈ ਨਿਕਾਰੇ ਹੋ ਜਾਂਦੇ ਹਨ, ਉਨ੍ਹਾਂ ਲੋਕਾਂ ਵਿਚ ਕੈਂਸਰ ਦੀ ਬੀਮਾਰੀ ਬਹੁਤ ਜ਼ਿਆਦਾ ਫੈਲਦੀ ਹੈ। ਉਨ੍ਹਾਂ ਲੋਕਾਂ ਦੀਆਂ ਖਾਸ ਕਿਸਮ ਦੀਆਂ ਮਾਨਸਿਕ ਤਕਲੀਫਾਂ, ਰੰਜਾਂ, ਫਿਕਰਾਂ, ਪਰੇਸ਼ਾਨੀਆਂ ਨੇ ਕਈ ਤਰ੍ਹਾਂ ਦੇ ਨਾਸੂਰ ਪੈਦਾ ਹੋਣ ਦਾ ਮਾਦਾ ਉਨ੍ਹਾਂ ਦੇ ਸਰੀਰ ਵਿਚ ਪਾ ਦਿੱਤਾ ਹੁੰਦਾ ਹੈ ਹਾਲਾਂਕਿ ਇਸ ਦਾ ਕੋਈ ਵੀ ਚਿੰਨ ਉਨ੍ਹਾਂ ਵਿਚ ਨਹੀਂ ਹੁੰਦਾ।

ਪੈਰਿਸ ਵਿਚ ਇਕ ਬੜਾ ਹੁਸ਼ਿਆਰ ਸਰਜਨ ਬੀਉਡੋਰ ਟ੍ਰਫਲਰ ਹੋਇਆ ਹੈ। ਉਸ ਨੇ ਇਕ ਬੀਮਾਰ ਦਾ ਹਾਲ ਦਸਦਿਆਂ ਲਿਖਿਆ ਹੈ ਕਿ ਉਸ ਆਦਮੀ ਵਿਚ ਕੈਂਸਰ ਹੋਣ ਦਾ ਕੋਈ ਚਿੰਨ ਨਹੀ ਸੀ ਤੇ ਜਦ ਉਸ ਦੇ ਦੋ ਪੁੱਤਰ ਲੜਾਈ ਵਿਚ ਮਾਰੇ ਗਏ ਤਾਂ ਉਹਨੂੰ ਇੰਨਾਂ ਗ਼ਮ ਹੋਇਆ ਕਿ ਉਸ ਨੂੰ ਕੈਂਸਰ ਫੋੜਾ ਹੋ ਗਿਆ। ਗ਼ਮ ਦਾ ਉਹਦੇ ਮਨ ਤੇ ਇੰਨਾਂ ਅਸਰ ਹੋਇਆ ਕਿ ਇਕ ਮਾਮੂਲੀ ਜੇਹਾ ਫੋੜਾ, ਜਿਸ ਵਿਚ ਕੋਈ ਖਾਸ ਗੁੰਝਲ ਨਹੀਂ ਸੀ, ਵਿਗੜਦਾ ਵਿਗੜਦਾ ਕੈਂਸਰ ਹੀ ਬਣ ਗਿਆ।

ਕੇਵਲ ਘਬਰਾਹਟ, ਫਿਕਰ, ਡਰ, ਤੇ ਗ਼ਮ ਨਾਲ ਕੈਂਸਰ ਨਹੀਂ ਦੇ ਜਾਂਦਾ ਸਗੋਂ ਘਿਰਣਾ, ਗ਼ੁਸਾ ਸਾੜਾ, ਕੀਨਾ ਆਦਿ ਨਾਲ ਵੀ ਕਈ ਪ੍ਰਕਾਰ ਦੇ ਕੈਂਸਰ ਹੋ ਜਾਂਦੇ ਹਨ। ਜੇ ਇਸ ਦਾ ਕੋਈ ਅੰਸ ਪਹਿਲੋਂ ਹੀ ਅੰਦਰ ਹੋਵੇ ਤਾਂ ਇਹ ਬੜੀ ਤੇਜ਼ੀ ਨਾਲ ਵਧਦਾ ਚਲਾ ਜਾਂਦਾ ਹੈ।

ਪਿੰਡੇ ਦੀਆਂ ਕਈ ਬੀਮਾਰੀਆਂ, ਗੁਰਦੇ ਦੀ ਤਕਲੀਫ਼, ਬਦਹਜ਼ਮੀ, ਜਿਗਰ ਦੀ ਖ਼ਰਾਬੀ, ਦਿਲ ਤੇ ਦਿਮਾਗ ਦੀ ਤਕਲੀਫ, ਪੁਰਾਣੇ ਵੈਰ ਵਿਰੋਧ, ਘਿਰਣਾਂ, ਸਾੜੇ, ਕੀਨੇ ਕਰਕੇ ਹੋਈਆਂ ਕਹੀਆਂ ਜਾਂਦੀਆਂ ਹਨ। ਦਿਲ ਅੰਦਰ ਪੈਦਾ ਹੋਈਆਂ ਇਹ ਬੁਰਾਈਆਂ ਸਰੀਰ ਅੰਦਰ ਲਹੂ ਨੂੰ ਤੇ ਹੋਰ ਪਾਣੀ ਵਰਗੇ ਅੰਸ਼ਾਂ ਨੂੰ ਵਿਹਲਾ ਬਣਾ ਦਿੰਦੀਆਂ ਹਨ ਜਿਸ ਕਰਕੇ ਸਾਰਾ ਸਰੀਰ ਕਮਜ਼ੋਰ ਹੋ ਜਾਂਦਾ ਹੈ ਤੇ ਅੰਦਰ ਦੇ ਹੋਰ ਲੁਕੇ ਹੋਏ ਭੈੜੇ ਝੁਕਾਉ ਬੀਮਾਰੀ ਦੇ ਕੀੜਿਆਂ ਨੂੰ ਵਧਣ ਵਿਚ ਸਹਾਇਤਾ ਦੇਣ ਲੱਗ ਪੈਂਦੇ ਹਨ।

ਹਰ ਵੈਦ ਹਕੀਮ ਜਾਣਦਾ ਹੈ ਕਿ ਨਿਸਉਤਸ਼ਾਹ ਹੋਣ ਨਾਲ ਚਿੱਤ ਮੁਰਝਾ ਜਾਂਦਾ ਹੈ ਤੇ ਸੋਗਾਂ ਨਾਲ ਸਰੀਰ ਵਿਚ ਰੋਗ ਛੇਤੀ ਨਾਲ ਵੱਧਣ ਲੱਗ ਪੈਂਦੇ ਹਨ। ਜਦੋਂ ਅਸੀਂ ਲਗਾਤਾਰ ਸਰੀਰ ਦੇ ਕਰੋੜਾਂ ਅਣੂਆਂ ਵਿਚ ਨਿਰਉਤਸ਼ਾਹਤਾ, ਡਰ, ਭੌ ਤੇ ਘਬਰਾਹਟ ਪੈਦਾ ਕਰਦੇ ਰਹਿੰਦੇ ਹਾਂ ਤਾਂ ਅਸੀਂ ਨਹੀਂ ਸਮਝਦੇ ਕਿ ਅਸੀਂ ਕੀ ਕਰਤੂਤਾਂ ਕਰ ਰਹੇ ਹਾਂ। ਇਸੇ ਤਰ੍ਹਾਂ ਅਸੀਂ ਇਹ ਵੀ ਨਹੀਂ ਸਮਝਦੇ ਕਿ ਹੌਂਸਲਾ ਢਾਹੁਣ ਵਾਲੀਆਂ ਗੱਲਾਂ ਲਗਾਤਾਰ ਕਰਦੇ ਰਹਿਣ ਦਾ ਸਿੱਟਾ ਕੀ ਨਿਕਲਿਆ ਕਰਦਾ ਹੈ। ਜਦੋਂ ਅਸੀਂ ਹੌਂਸਲਾ, ਆਸ, ਭਰੋਸਾ ਤੇ ਹਿੰਮਤ ਛੱਡ ਦਿੰਦੇ ਹਾਂ ਤਾਂ ਉਸ ਦਾ ਸਾਡੇ ਉੱਤੇ ਕੀ ਅਸਰ ਪੈਂਦਾ ਹੈ ? ਸਾਡੇ ਅਜੇਹੇ ਝੁਕਾਵਾਂ ਨਾਲ ਸਾਡੇ ਸਰੀਰ ਦੇ ਅਣੂਆਂ ਦੇ ਜੀਵਨ ਵਿਚ ਬੇਤਰਤੀਬੀ ਤੇ ਗੜ ਬੜ ਮਚ ਜਾਂਦੀ ਹੈ। ਸਰੀਰ ਦੀ ਕਿਸੇ ਨੁੱਕਰ ਵਿਚਲੇ ਅਣੂ ਤੇ ਵੀ ਦਿਲ ਦੀ ਉਦਾਸੀ ਤੇ ਉਤਸ਼ਾਹੀਣਤਾ ਦਾ ਅਸਰ ਹੋ ਜਾਂਦਾ ਹੈ। ਅੰਗ ਅੰਗ ਢਿੱਲਾ ਹੋ ਜਾਂਦਾ ਹੈ, ਜੇ ਪੂਰੀ ਤਰ੍ਹਾਂ ਮੌਤ ਵਾਲੀ ਅਵਸਥਾ ਨਾ ਵੀ ਹੋਵੇ ਤਾਂ

ਘੱਟ ਤੋਂ ਘੱਟ ਸਾਰੇ ਸਰੀਰ ਅੰਦਰ ਕਮਜ਼ੋਰੀ ਤੇ ਖਰਾਬੀ ਤਾਂ ਜ਼ਰੂਰ ਪੈਦਾ ਹੋ ਜਾਂਦੀ ਹੈ।

ਇਹੋ ਕਾਰਣ ਹੈ ਕਿ ਬਹੁਤ ਕਰਕੇ ਕਿਸੇ ਭੈੜੀ ਖ਼ਬਰ ਦੇ ਸਦਮੇ ਨਾਲ ਲੋਕਾਂ ਨੂੰ ਗਸ਼ਾਂ ਪੈ ਜਾਂਦੀਆਂ ਹਨ। ਜਦੋਂ ਕਿਸੇ ਸਬੰਧੀ ਤੇ ਕੋਈ ਭਿਆਨਕ ਘਟਨਾ ਵਾਪਰਦੀ ਹੈ ਜਾਂ ਕੋਈ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਅਜੇਹੀ ਖ਼ਬਰ ਤੋਂ ਪੈਦਾ ਹੋਣ ਵਾਲੇ ਰੰਜ ਦਾ ਅਸਰ ਕੇਵਲ ਸਿਰ ਜਾਂ ਦਿਮਾਗ਼ ਤੇ ਹੀ ਨਹੀਂ ਹੁੰਦਾ ਸਗੋਂ ਸਰੀਰ ਦੇ ਹਰ ਅਣੂ ਤੱਕ ਪੁੱਜਦਾ ਹੈ ਤੇ ਸਾਰੇ ਅਣੂ ਮੁਰਝਾ ਜਾਂਦੇ ਹਨ, ਸਾਰੇ ਅਣੂਆ ਤੇ ਇਸ ਦੁੱਖ ਦਾ ਅਸਰ ਹੁੰਦਾ ਹੈ। ਡਰ, ਮੁਰਝਾਹਟ, ਘਬਰਾਹਟ, ਫਿਕਰ, ਸਾੜਾ, ਘਿਰਣਾ ਆਦਿ ਨਿਰਉਤਸ਼ਾਹ ਕਰਨ ਵਾਲੇ ਮਾੜੇ ਸੁਨੇਹਿਆਂ ਦਾ ਹਰ ਇਕ ਹਿੱਸਾ ਸਰੀਰ ਦੇ ਇਕ ਇਕ ਅੰਸ਼ ਵਿਚ ਪੁੱਜ ਜਾਂਦਾ ਹੈ ਤੇ ਇਉਂ ਸਰੀਰ ਨੂੰ ਕਮਜ਼ੋਰ ਕਰਦਾ ਹੈ।

ਇਸ ਤੋਂ ਉਲਟ ਖੁਸ਼ਖਬਰੀ, ਚੰਗਿਆਈ, ਆਸ, ਉਮੀਦ ਦਾ ਮੁੜ ਸੁਰਜੀਤ ਹੋਣਾ, ਆਉਣ ਵਾਲੇ ਦਿਨਾਂ ਤੇ ਭਰੋਸਾ, ਚੰਗੀਆਂ ਚੰਗੀਆਂ ਗੱਲਾਂ ਹੋਣ ਦਾ ਵਿਸ਼ਵਾਸ, ਇਹ ਸਭ ਡਿਗੇ ਹੋਏ ਹੌਂਸਲੇ ਤੇ ਮੁਰਝਾਏ ਹੋਏ ਦਿਲਾਂ ਨੂੰ ਤਾਕਤ ਦੇਣ ਦਾ ਅਸਰ ਰੱਖਦੇ ਹਨ ਤੇ ਸਾਰੇ ਸਰੀਰ ਨੂੰ ਨਵਾਂ ਨਰੋਆ ਬਣਾ ਦਿੰਦੇ ਹਨ।

ਸਾਡੇ ਅੰਦਰ ਇਹ ਖ਼ਿਆਲ ਕਰਨ ਦੀ ਆਦਤ ਮਾੜੀ ਪੈ ਗਈ ਹੈ ਕਿ ਦਿਮਾਗ਼ ਤੋਂ ਇਲਾਵਾ ਬਾਕੀ ਸਾਰਾ ਸਰੀਰ ਇਕ ਅਸੂਝ ਜੇਹਾ ਹਿੱਸਾ ਹੈ ਜਿਸ ਦਾ ਸਾਰਾ ਨਿਰਭਰ ਦਿਮਾਗ਼ ਦੇ ਕੰਟਰੋਲ ਉੱਤੇ ਹੈ। ਸਾਡੇ ਲਈ ਇਸ ਸਚਾਈ ਨੂੰ ਸਮਝਣਾ ਔਖਾ ਹੋ ਗਿਆ ਹੈ ਕਿ ਸੂਝ ਬੂਝ, ਵਿਉਂਤਾਂ ਬਣਾਉਣ ਤਾਕਤ, ਉਸਾਰੀ ਤੇ ਮੁਰੰਮਤ ਕਰਨ ਦੀ ਸ਼ਕਤੀ ਸਾਰੇ ਸਰੀਰ ਦੇ ਹਰ ਇਕ ਅਣੂ ਵਿਚ ਮੌਜੂਦ ਹੈ।

ਦ੍ਰਿਸ਼ਟਾਂਤ ਵਜੋਂ ਜਦ ਅਸੀਂ ਫਟੜ ਹੋ ਜਾਂਦੇ ਹਾਂ ਤਾਂ ਅਸੀਂ ਜਾਣ ਬੁਝ ਕੇ ਦਿਮਾਗ਼ ਵਲੋਂ ਅਣੂਆਂ ਨੂੰ ਸਨੇਹਾ ਨਹੀਂ ਘਲਦੇ ਕਿ ਜਿਥੇ ਨੁਕਸਾਨ ਹੋਇਆ ਹੈ,

ਜਿਥੇ ਸਰੀਰ ਦਾ ਅੰਗ ਫਟੜ ਹੋਇਆ ਜਾਂ ਕਟਿਆ ਗਿਆ ਹੈ ਉਥੇ ਮੁਰੰਮਤ ਜਾਂ ਉਸਾਰੀ ਦਾ ਕੰਮ ਕੀਤਾ ਜਾਵੇ, ਸਗੋਂ ਅਣੂ ਆਪਣੇ ਆਪ ਇਹ ਕੰਮ ਕਰਨ ਲੱਗ ਪੈਂਦੇ ਹਨ, ਕਿਉਂਕਿ ਉਹ ਰਾਜ ਮਜ਼ਦੂਰ ਹਨ ਤੇ ਸਰੀਰ ਦੀ ਉਸਾਰੀ ਉਨ੍ਹਾਂ ਦਾ ਕੰਮ ਹੁੰਦਾ ਹੈ, ਉਨ੍ਹਾਂ ਨੇ ਹੀ ਸਰੀਰ ਨੂੰ ਬਣਾਇਆ ਹੁੰਦਾ ਹੈ ਤੇ ਉਹ ਹੀ ਉਸ ਦੀ ਦੇਖ ਭਾਲ ਤੇ ਮੁਰੰਮਤ ਕਰਦੇ ਹਨ।

ਪ੍ਰੋਫੈਸਰ ਕੁਐਵਲੀ ਲਿਖਦੇ ਹਨ ਕਿ ਅਣੂ ਦੇ ਹਰ ਹਿੱਸੇ ਵਿਚ, ਜਾਂ ਅਣੂ ਦੇ ਐਨ ਕੇਂਦਰ ਵਿਚ ਬਹੁਤ ਸਾਰੇ ਆਪਣੇ ਆਪਣੇ ਕੰਮ ਦੇ ਮਾਹਰ ਕਾਰੀਗਰ ਤੇ ਸਿਆਣੇ ਮਜ਼ਦੂਰ ਮੌਜੂਦ ਹੁੰਦੇ ਹਨ। ਪ੍ਰੋਫੈਸਰ ਸਾਹਿਬ ਦਾ ਇਸ ਦਿਲਚਸਪ ਸਿਧਾਂਤ ਵਿਚ ਪੂਰਾ ਪੂਰਾ ਯਕੀਨ ਹੈ ਕਿ ਹਰ ਅਣੂ ਨੂੰ ਸਾਜਨ ਵਾਲਾ, ਹਰ ਅਣੂ ਨੂੰ ਬਣਾਉਣ ਵਾਲਾ ਹਰ ਇਕ ਛੋਟੇ ਤੋਂ ਛੋਟੇ ਅਣੂ ਵਿਚ ਆਪ ਮੌਜੂਦ ਹੈ। ਸਾਡੇ ਖ਼ਿਆਲ ਦੀ ਤਾਕਤ ਇਸ ਗੱਲ ਨੂੰ ਕਿਵੇਂ ਮੰਨੇ ਕਿ ਅਣੂ ਤੋਂ ਬਾਹਰ ਵਾਰ ਹੋਰ ਕਿਤੇ ਕੋਈ ਤਾਕਤ ਹੈ ਜਿਹੜੀ ਸਾਡੇ ਸਰੀਰ ਨੂੰ ਸੱਚੇ ਵਿਚ ਢਾਲਦੀ, ਬਣਾਉਂਦੀ, ਪੈਦਾ ਕਰਦੀ, ਅਦਲਾ ਬਦਲੀ ਕਰਦੀ ਤੇ ਪ੍ਰਫੁਲਤ ਕਰਦੀ ਹੈ? ਸੱਚਾ ਸਿਧਾਂਤ ਤਾਂ ਇਹੋ ਪਰਤੀਤ ਹੁੰਦਾ ਹੈ ਕਿ ਇਹ ਸ਼ਕਤੀ, ਜਾਂ ਸੂਝ ਬੂਝ, ਹਰ ਅਣੂ ਦਾ ਅਮਰ ਅੰਗ ਹੈ ਤੇ ਇਹ ਵੱਡੀ ਅਕਲ ਹਰ ਥਾਂ ਤੇ ਮੌਜੂਦ ਹੈ। ਇਹ ਆਪ ਹੀ ਜੀਵਨ ਹੈ, ਜਿਵੇਂ ਸੰਸਾਰ ਵਿਚ ਕੋਈ ਨਿੱਕੀ ਨਿੱਕੀ ਥਾਂ ਵੀ ਅਜੇਹੀ ਨਹੀਂ ਜਿਹੜੀ ਹਿਸਾਬ ਦੇ ਕਾਨੂੰਨ ਅੰਦਰ ਨਾ ਆ ਸਕਦੀ ਹੋਵੇ, ਜਾਂ ਜਿਥੇ ਦੋ ਤੇ ਦੋ ਮਿਲ ਕੇ ਚਾਰ ਨਾ ਹੁੰਦੇ ਹੋਣ। ਏਸੇ ਤਰ੍ਹਾਂ ਕਿਸੇ ਛੋਟੇ ਤੋਂ ਛੋਟੇ ਪਰਮਾਣੂ ਨੂੰ ਵੀ ਅਸੀਂ ਇਸ ਤੋਂ ਖਾਲੀ ਖ਼ਿਆਲ ਨਹੀਂ ਕਰ ਸਕਦੇ।

ਕਈ ਬਹੁਤ ਸਿਆਣੇ ਸਾਇੰਸਦਾਨਾਂ ਦਾ ਇਹ ਵਿਸ਼ਵਾਸ ਹੈ ਕਿ ਸਰੀਰ ਦੇ ਅੱਡੋ ਅੱਡ ਭਾਗਾਂ ਦੇ ਅਣੂ ਰਲ ਮਿਲ ਕੇ ਇਕ ਸਾਂਝਾ ਮਨ ਜਾਂ ਦਿਮਾਗ ਬਣਾਉਂਦੇ ਹਨ ਜਿਹੜਾ ਹਰ ਖਾਸ ਮੌੜ ਦੇ ਜੀਵਨ ਤੇ ਉਸ ਦੇ ਕੰਮਾਂ ਉੱਤੇ ਪਰਧਾਨਤਾ ਕਰਦਾ ਹੈ। ਮਿਹਦਾ, ਜਿਗਰ, ਗੁਰਦੇ, ਦਿਲ ਆਦਿ ਇਹ ਛੋਟੇ ਦਿਮਾਗ

ਸੂਝ ਬੂਝ ਦੇ ਸਭ ਤੋਂ ਵੱਡੇ, ਵਿਚਕਾਰਲੇ ਕੇਂਦਰ ਅਰਥਾਤ ਦਿਮਾਗ ਤੋਂ ਹਦਾਇਤਾਂ ਤੋਂ ਸਲਾਹਾਂ ਲੈ ਕੇ ਕੰਮ ਕਰਦੇ ਹਨ।

ਸਰੀਰ ਦਾ ਹਰ ਇਕ ਅਣੂ ਆਪਣੇ ਆਪ ਵਿਚ ਇਕ ਹਿੰਮਤ ਵਾਲਾ ਛੋਟਾ ਜੇਹਾ ਕਾਮਾ ਹੈ, ਜਿਹੜਾ ਸਦਾ ਆਪਣੇ ਟੱਬਰ, ਅਰਥਾਤ ਸਾਡੇ ਸਰੀਰ ਦੀ ਖਾਤਰ ਸਿਰੜ ਨਾਲ ਕੰਮ ਕਰਦਾ ਰਹਿੰਦਾ ਹੈ। ਉਦਾਹਰਣ ਲਈ ਅਣੂਆਂ ਦਾ ਉਹ ਟੱਬਰ ਲੈ ਲੋ ਜਿਹੜੇ ਮਿਲ ਕੇ ਜਿਗਰ ਬਣਾਉਂਦੇ ਹਨ। ਇਸ ਅਣੂਆਂ ਦੇ ਸਮੂਹ ਦਾ ਕੰਮ ਸਫ਼ਰਾ ਨੂੰ ਕੱਢਣਾ, ਸ਼ੱਕਰ ਬਣਾਉਣਾ ਤੇ ਉਨ੍ਹਾਂ ਜ਼ਹਿਰੀਲੇ ਮਾਦਿਆਂ ਨੂੰ ਬਾਹਰ ਕੱਢਣਾ ਹੈ ਜਿਹੜੇ ਗੁਰਦੇ ਆਦਿ ਦੂਜੇ ਅੰਗਾਂ ਲਈ ਹਾਨੀਕਾਰਕ ਸਾਬਤ ਹੁੰਦੇ ਹਨ। ਹਰ ਇਕ ਅਣੂ ਇਸ ਜ਼ਰੂਰੀ ਕੰਮ ਵਿਚ ਸਿਰ ਤੋੜ ਲੱਗਾ ਰਹਿੰਦਾ ਹੈ।

ਛੋਟੇ ਛੋਟੇ ਅਣੂਆਂ ਦਾ ਇਕ ਹੋਰ ਸਮੂਹ ਹੈ ਜਿਸ ਨੂੰ ਦਿਲ ਕਹਿੰਦੇ ਹਨ। ਇਹ ਅਣੂ ਸਦਾ ਇਸ ਕੇਂਦਰੀ ਸਮੂਹ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ। ਲਹੂ ਦੀ ਚਾਲ ਨੂੰ ਦਿਨੇ ਰਾਤ ਸਥਿਰ ਰੱਖਣਾ ਤੇ ਇਸ ਨੂੰ ਅੱਖ ਦੇ ਇਕ ਫੌਰੇ ਲਈ ਵੀ ਰੁਕਣ ਨਾ ਦੇਣਾ, ਇਹ ਇਸ ਸਮੂਹ ਦਾ ਕੰਮ ਹੈ।

ਇਨ੍ਹਾਂ ਕਰਾਮਾਤੀ ਕਾਮਿਆਂ ਦਾ ਇਕ ਤੀਜਾ ਸਮੂਹ ਮਿਹਦਾ ਅਖਵਾਉਂਦਾ ਹੈ। ਇਸ ਦਾ ਕੰਮ ਖੁਰਾਕ ਨੂੰ ਪਚਾਉਣਾ ਤੋਂ ਲਹੂ ਵਿਚ ਉਸ ਤੇਜ਼ਾਬ ਨੂੰ ਬਣਾਉਣਾ ਹੈ ਜਿਹੜਾ ਖੁਰਾਕ ਦੀ ਤੋੜ ਭੰਨ ਕਰਨ ਵਿਚ ਸਹਾਇਤਾ ਦਿੰਦਾ ਹੈ। ਇਹ ਬਹੁਤ ਸਾਰਾ ਉਹ ਕੰਮ ਵੀ ਕਰਦਾ ਹੈ ਜੋ ਅਸਲ ਵਿਚ ਦੰਦਾਂ ਦੇ ਹਿੱਸੇ ਦਾ ਹੈ ਪਰ ਬਹੁਤ ਸਾਰੇ ਲੋਕ ਦੰਦਾਂ ਤੋਂ ਉਹ ਕੰਮ ਲੈਣ ਵਿਚ ਅਣਗਹਿਲੀ ਕਰਦੇ ਹਨ ਤੇ ਉਨ੍ਹਾਂ ਦਾ ਕੰਮ ਆਂਦਰਾਂ ਤੋਂ ਲੈਣ ਲੱਗ ਪੈਂਦੇ ਹਨ।

ਅਣੂਆਂ ਦਾ ਇਕ ਹੋਰ ਟੱਬਰ ਗੁਰਦੇ ਬਣਾਉਂਦਾ ਹੈ। ਇਨ੍ਹਾਂ ਦਾ ਕੰਮ ਖ਼ੂਨ ਵਿਚੋਂ ਉਹ ਵਿਹੁਲੇ ਅੰਸ਼ ਕੱਢਣਾ ਹੈ ਜਿਨ੍ਹਾਂ ਨੂੰ ਹੋਰ ਸਮੂਹ ਨਹੀਂ ਕੱਢ ਸਕੇ। ਜੇ

ਉਹ ਜ਼ਹਿਰੀਲੇ ਅੰਸ਼ ਅੰਦਰ ਰੁਕੇ ਰਹਿਣ ਤਾਂ ਸਰੀਰ ਦੇ ਵੱਡੇ ਵੱਡੇ ਜ਼ਰੂਰੀ ਹਿੱਸਿਆਂ ਨੂੰ ਨੁਕਸਾਨ ਪੁੱਜਦਾ ਹੈ।

ਅਣੂਆਂ ਦੇ ਇਕ ਹੋਰ ਸਮੂਹ ਨੂੰ ਥਾਈਰਾਇਡ ਗਲੈਂਡਜ ਕਹਿੰਦੇ ਹਨ। ਜਿਨ੍ਹਾਂ ਦਾ ਕੰਮ ਹੈ ਸਮੇਂ ਸਮੇਂ ਦੀ ਵਰਤੋਂ ਲਈ ਸਰੀਰ ਵਿਚੋਂ ਖਾਸ ਖਾਸ ਕਿਸਮ ਦੇ ਲੂਣ ਇਕੱਠੇ ਕਰ ਰੱਖਣਾ ਤੇ ਸਰੀਰ ਦੀ ਖੁਰਾਕ ਤੇ ਨਿੱਘ ਨੂੰ ਠੀਕ ਠਾਕ ਰੱਖਣਾ।

ਸਾਰਿਆਂ ਨਾਲੋਂ ਜ਼ਰੂਰੀ ਇਕ ਹੋਰ ਸਮੂਹ ਹੈ ਜਿਹੜਾ ਸਾਰੇ ਸਮੂਹਾਂ ਦਾ ਸਰਦਾਰ ਹੈ। ਇਸ ਦਾ ਨਾਂ ਹੈ ਦਿਮਾਗ਼। ਇਹ ਖ਼ਿਆਲ ਤੇ ਵਿਚਾਰ ਕਰਨ ਵਾਲਾ ਕੇਂਦਰ ਹੈ ਜਿਥੋਂ ਸਾਰੇ ਹੁਕਮ ਰਗਾਂ ਪਠਿਆਂ ਰਾਹੀ ਥਾਉਂ ਥਾਈਂ ਸਰੀਰ ਦੇ ਹਰ ਖੂੰਜੇ ਕਰੋੜਾਂ ਅਣੂਆਂ ਵਿਚ ਹਰ ਇਕ ਕੋਲ ਪੁੱਜਦੇ ਹਨ। ਜਿਕਰ ਦੂਸਰੇ ਸਮੂਹਾਂ ਦੇ ਅਣੂ ਸਦਾ ਕੰਮ ਵਿਚ ਲੱਗੇ ਰਹਿੰਦੇ ਹਨ ਉਵੇਂ ਹੀ ਦਿਮਾਗ਼ ਦਾ ਇਕ ਇਕ ਅਣੂ ਵੀ ਕੰਮ ਵਿਚ ਜੁਟਿਆ ਰਹਿੰਦਾ ਹੈ।

ਇਹ ਕਰੋੜਾਂ ਕਾਮੇ ਆਪਣੇ ਆਪਣੇ ਕੰਮ ਵਿਚ ਮਾਹਰ, ਇਕ ਦੂਸਰੇ ਦੇ ਫਰਜ਼ਾਂ ਵਿਚ ਦਖਲ ਨਾ ਦਿੰਦੇ ਹੋਏ, ਉਸ ਖ਼ੁਰਾਕ ਤੇ ਨਿਰਭਰ ਰੱਖਦੇ ਹਨ ਜਿਹੜੀ ਉਨ੍ਹਾਂ ਨੂੰ ਲਹੂ ਵਿਚੋਂ ਲੱਭਦੀ ਹੈ। ਜੇ ਲਹੂ ਕਮਜ਼ੋਰ, ਪਤਲਾ ਅਧਪੱਕਾ, ਜਾਂ ਖੁਰਾਕ ਦੀ ਖ਼ਰਾਬੀ ਨਾਲ ਖ਼ਰਾਬ ਹੋਇਆ ਹੋਵੇ, ਜਾਂ ਬਦਕਾਰੀ ਜਾਂ ਗਲਤ ਖਿਆਲਾਂ ਨਾਲ ਜ਼ਹਿਰੀਲਾ ਹੋ ਗਿਆ ਹੋਵੇ ਤਾਂ ਇਨ੍ਹਾਂ ਦੀ ਉਸਾਰੀ ਦਾ ਕੰਮ ਵੀ ਉਸੇ ਅਨੁਸਾਰ ਢਿਲਾ ਪੈ ਜਾਂਦਾ ਹੈ।

ਜਦੋਂ ਕਿਸੇ ਕਾਰਣ ਕਰ ਕੇ ਖ਼ੂਨ ਕਮਜ਼ੋਰ ਹੋ ਜਾਂਦਾ ਹੈ ਤਾਂ ਢਿੱਡ ਤੇ ਹਜ਼ਮ ਕਰਨ ਵਾਲੇ ਹੋਰ ਸਮੂਹਾਂ ਦੇ ਅਣੂ ਅਜੇਹੇ ਕਮਜ਼ੋਰ ਹੋ ਜਾਂਦੇ ਹਨ ਕਿ ਉਹ ਅਪਣਾ ਕੰਮ ਠੀਕ ਤਰ੍ਹਾਂ ਨਹੀਂ ਕਰ ਸਕਦੇ। ਫੇਰ ਜਦੋਂ ਖੁਰਾਕ ਠੀਕ ਤਰ੍ਹਾਂ ਹਜ਼ਮ ਨਹੀਂ ਹੁੰਦੀ ਤਾਂ ਉਹ ਅੰਦਰ ਹੀ ਸੜ ਜਾਂਦੀ ਹੈ ਜਿਸ ਤੋਂ ਪੈਦਾ ਹੋਇਆ ਜ਼ਹਿਰ

ਸਰੀਰ ਵਿਚ ਰਚ ਜਾਂਦਾ ਹੈ। ਸਾਰੇ ਸਰੀਰ ਅੰਦਰ ਥਾਂ ਥਾਂ ਤੇ ਵਿਕਾਰ ਪੈਦਾ ਹੋ ਜਾਂਦੇ ਹਨ। ਦਿਲ ਦੇ ਕੰਮ ਵਿਚ ਵਿਘਨ ਪੈਣ ਲੱਗ ਪੈਂਦਾ ਹੈ। ਖ਼ੂਨ ਦੀ ਚਾਲ ਵਿਚ ਨੁਕਸ ਪੈ ਜਾਂਦਾ ਹੈ, ਸਾਰੇ ਹਿੱਸਿਆਂ ਨੂੰ ਖੁਰਾਕ ਦੀ ਤੋਟ ਕਰ ਕੇ ਨੁਕਸਾਨ ਪੁੱਜਦਾ ਹੈ। ਸਰੀਰ ਦੀ ਤਾਕਤ ਘਟ ਜਾਂਦੀ ਹੈ। ਕਾਰਣ ਕੇਵਲ ਇਹ, ਕਿ ਖੁਰਾਕ ਨੂੰ ਹਜ਼ਮ ਕਰਨ ਵਾਲੇ ਅੰਗ ਖ਼ਰਾਬ ਹੋਣ ਕਰਕੇ ਖ਼ੂਨ ਵਿਚ ਲੋੜੀਂਦੀ ਤਾਕਤ ਤੇ ਚੁਸਤੀ ਪੈਦਾ ਨਹੀਂ ਕਰ ਸਕਦੇ। ਸਰੀਰ ਦੇ ਕਰੋੜਾਂ ਅਣੂ ਖੁਰਾਕ ਦੀ ਖ਼ਰਾਬੀ ਕਰਕੇ, ਜਾਂ ਭੁੱਖ ਦੂਰ ਨਾ ਹੋਣ ਦੀ ਤਕਲੀਫ ਉਠਾਉਂਦੇ ਹਨ, ਮਨੁੱਖ ਦੀ ਤਾਕਤ ਘਟਣ ਲੱਗ ਪੈਂਦੀ ਹੈ। ਸਰੀਰ ਅੰਦਰ ਲੱਗ ਕੇ ਕੰਮ ਕਰਨ ਵਿਚ, ਚੁਸਤੀ ਵਿਚ, ਜੋਸ਼ ਵਿਚ ਘਾਟ ਹੋ ਜਾਂਦੀ ਹੈ। ਭੁੱਖਾਂ ਮਾਰੇ ਅਣੂਆਂ ਵਿਚੋਂ ਖੁਰਾਕ ਲਈ ਮੰਗ ਦਿਮਾਗ਼ ਤੱਕ ਪੁਜਦੀ ਹੈ, ਤਦ ਪਤਾ ਲੱਗਦਾ ਹੈ ਕਿ ਸਰੀਰ ਵਿਚ ਕੋਈ ਵਿਘਨ ਪੈ ਗਿਆ ਹੈ ਤੇ ਅਸੀਂ ਆਪਣੇ ਮੂੰਹੋਂ ਕਹਿਣ ਲੱਗ ਪੈਂਦੇ ਹਾਂ ਕਿ ਅਸੀਂ ਬੀਮਾਰ ਹਾਂ, ਢਿੱਲੇ ਹਾਂ, ਅਰੋਗ ਨਹੀਂ ਹਾਂ। ਹੌਂਸਲਾ ਟੁੱਟ ਜਾਂਦਾ ਹੈ, ਕਿਸੇ ਦਵਾਖਾਨਿਉਂ ਜਾਂ ਡਾਕਟਰ ਪਾਸੋਂ ਉਤੇਜਤ ਕਰਨ ਵਾਲੀ ਕੋਈ ਅਜੇਹੀ ਦਵਾ ਮੰਗਵਾਉਣੀ ਪੈਂਦੀ ਹੈ ਜਿਹੜੀ ਸਾਡੇ ਅੰਦਰ ਉਤਸ਼ਾਹ ਪੈਦਾ ਕਰਕੇ ਤਾਕਤ ਦੇਵੇ ਤੇ ਅਸੀਂ ਅਰੋਗ ਹੋ ਜਾਈਏ। ਕਿਸੇ ਦਵਾਖਾਨੇ ਵਿਚ ਜਾਣ ਦੇ ਥਾਂ ਅਸੀਂ ਸ਼ਾਇਦ ਸ਼ਰਾਬਖਾਨੇ ਜਾ ਕੇ ਪੈਗ ਤੇ ਪੈਗ ਪੀ ਜਾਂਦੇ ਹਾਂ ਜਿਸ ਕਰਕੇ ਥੋੜੀ ਦੇਰ ਲਈ ਭਾਵੇਂ ਕੁਝ ਚੁਸਤੀ ਮਹਿਸੂਸ ਹੁੰਦੀ ਹੋਵੇ ਪਰ ਇਸ ਦਾ ਅਸਰ ਹੋਰ ਵੀ ਕਮਜ਼ੋਰ ਕਰਨ ਵਾਲਾ ਹੁੰਦਾ ਹੈ। ਫੇਰ ਸਾਨੂੰ ਡਰ ਲੱਗਣ ਲੱਗ ਪੈਂਦਾ ਹੈ ਕਿ ਬਸ ਹੁਣ ਬੀਮਾਰੀ ਦੇ ਬਿਸਤਰੇ ਤੇ ਲੇਟਣਾ ਪਵੇਗਾ, ਕੋਈ ਨਾ ਕੋਈ ਬੀਮਾਰੀ ਆਪਣਾ ਮੂੰਹ ਦਿਖਾਉਣ ਵਾਲੀ ਹੈ। ਜਦੋਂ ਦਿਲ ਵਿਚ ਇਹ ਡਰ ਵੀ ਹੋ ਜਾਏ ਕਿ ਬਸ ਹੁਣ ਤਾਂ ਬਿਲਕੁਲ ਹੀ ਸੁੱਕ ਸੜ ਜਾਵਾਂਗੇ, ਤਾਂ ਸਾਡੇ ਕਮਜ਼ੋਰ ਤੇ ਖ਼ਰਾਬ ਹੋਏ ਖ਼ੂਨ ਉੱਤੇ ਇਸ ਜ਼ਹਿਰ ਦਾ ਹੋਰ ਭਾਰ ਪੈ ਜਾਂਦਾ ਹੈ ਤੇ ਹਾਲਤ ਵਧੇਰੀ ਖ਼ਰਾਬ ਹੋਣ ਲੱਗ ਪੈਂਦੀ ਹੈ। ਇਸ ਤਰ੍ਹਾਂ ਦੀ ਮਾੜੀ ਹਾਲਤ ਦਾ ਪੂਰਾ ਪੂਰਾ ਇਲਾਜ ਕਰਨ ਦੀ ਥਾਂ ਜਿਸ

ਨਾਲ ਸਾਡੇ ਸਰੀਰ ਦੇ ਛੋਟੇ ਛੋਟੇ ਅਣੂਆਂ ਦੀ ਸਿਆਣੀ ਤੇ ਯੋਗ ਮੰਗ ਦੀ ਤਸੱਲੀ ਹੋ ਜਾਏ, ਕਈ ਆਦਮੀ ਉਕਸਾਉਣ ਵਾਲੀ ਤੇ ਤਾਕਤ ਦੇਣ ਵਾਲੀ ਦਵਾ ਪੀਣ ਲੱਗ ਪੈਂਦੇ ਹਨ, ਅਰਥਾਤ ਥੱਕੇ ਘੋੜੇ ਨੂੰ ਚਾਬਕਾਂ ਮਾਰਨੀਆਂ ਸ਼ੁਰੂ ਕਰ ਦਿੰਦੇ ਹਨ। ਅਸਲ ਵਿਚ ਉਸ ਵੇਲੇ ਘੋੜੇ ਨੂੰ ਛਾਂਟੇ ਦੀ ਲੋੜ ਨਹੀਂ ਹੁੰਦੀ ਸਗੋਂ ਇਸ ਦੀ ਥਾਂ ਚੰਗੀ ਰਜਵੀਂ ਖੁਰਾਕ, ਆਰਾਮ ਤੇ ਮਾਨਸਿਕ ਹਕੂਮਤ ਵਿਚ ਇਕਸੁਰਤਾ ਦੀ ਲੋੜ ਹੁੰਦੀ ਹੈ।

ਸਰੀਰ ਵਿਚ ਹਰ ਥਾਂ ਕੁਦਰਤ ਸਾਨੂੰ ਸਾਡੀਆਂ ਅਗਿਆਨਤਾਵਾਂ, ਸਾਡੀਆਂ ਬੇਅਕਲੀਆਂ, ਸਾਡੀਆਂ ਗਲਤੀਆਂ ਤੋਂ ਸਾਡੀਆਂ ਪਸ਼ੂ ਬਿਰਤੀਆਂ, ਸਾਡੇ ਕੁਕਰਮਾਂ ਤੇ ਸਾਡੇ ਅਸ਼ੁੱਧ ਵਿਚਾਰਾਂ ਦੇ ਅਸਰਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਹਰ ਇਕ ਛੋਟਾ ਅਣੂ ਹਰ ਵੇਲੇ ਹੁਸ਼ਿਆਰ ਤੇ ਚੁਕੰਨਾ ਰਹਿੰਦਾ ਹੈ ਤੇ ਸਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਬੇ ਅਕਲੀ ਤੇ ਮੰਦੇ ਕੰਮਾਂ ਤੋਂ ਬਚਾਉਣ ਵਿਚ ਸਾਡਾ ਸਾਥ ਦਿੰਦਾ ਹੈ।

ਜਿਸ ਨੂੰ ਅਸੀਂ ਅੰਤ੍ਰੀਵ ਗਿਆਨ ਜਾਂ ਸਹਿਜ ਗਿਆਨ ਕਹਿੰਦੇ ਹਾਂ ਉਹ ਬਹੁਤ ਕਰਕੇ ਸਰੀਰ ਦੇ ਵੱਖੋ ਵੱਖ ਹਿੱਸਿਆਂ ਦੇ ਅਣੂਆਂ ਦੇ ਸਮੂਹ ਦੀ ਬੁੱਧੀ ਜਾਂ ਸੂਝ ਬੂਝ ਦੇ ਵਸੀਲੇ ਨਾਲ ਪੈਦਾ ਹੁੰਦਾ ਹੈ। ਭਲਾ ਦੱਸੋ ਉਹ ਕੀ ਚੀਜ਼ ਹੈ ਜਿਹੜੀ ਸਾਨੂੰ ਦੱਸ ਦਿੰਦੀ ਹੈ ਕਿ ਬਸ ਹੁਣ ਅਸਾਂ ਆਪਣੇ ਸਰੀਰ ਦੀ ਲੋੜ ਅਨੁਸਾਰ ਖਾਣਾ ਖਾ ਲਿਆ ਹੈ? ਦਿਮਾਗ਼ ਨੂੰ ਤਾਂ ਇਸ ਦਾ ਪਤਾ ਹੋ ਹੀ ਨਹੀਂ ਸਕਦਾ ਕਿਉਂਕਿ ਜਿੰਨੀ ਕੁ ਖੁਰਾਕ ਅਸੀਂ ਸਾਧਾਰਨ ਖਾਣੇ ਵੇਲੇ ਖਾਂਦੇ ਹਾਂ ਉਹ ਸਾਡੇ ਮਿਹਦੇ ਦੀ ਪੂਰੀ ਪੂਰੀ ਭੁੱਖ ਮਿਟਾ ਕੇ ਦਿਮਾਗ਼ ਉੱਤੇ ਅਸਰ ਪਾ ਸਕਦੀ ਹੈ। ਭੁੱਖ ਕੀ ਹੈ ? ਇਹ ਸਾਡੇ ਸਰੀਰ ਦੇ ਸਾਰੇ ਹੀ ਛੋਟੇ ਛੋਟੇ ਅਣੂਆਂ ਦੀ ਕੰਮ ਕਰਨ ਵਾਲੀ ਸ਼ਕਤੀ ਦੀ ਮੰਗ ਹੈ। ਇਹ ਮੰਗ ਕਿਸੇ ਇਕ ਉਚੇਚੀ ਥਾਂ ਤੇ ਨਹੀਂ ਰਹਿੰਦੀ। ਅਣੂ ਖੁਰਾਕ ਮੰਗਦੇ ਹਨ, ਉਨ੍ਹਾਂ ਦੀ ਸੂਝ ਸ਼ਕਤੀ ਇਸ ਮੰਗ ਨੂੰ ਪੈਦਾ ਕਰਦੀ ਹੈ। ਆਪਣੇ ਸਹਿਜ

ਗਿਆਨ ਅਨੁਸਾਰ ਅਸੀਂ ਕਹਿ ਦਿੰਦੇ ਹਾਂ ਕਿ ਅਸਾਂ ਰਜਵਾਂ ਖਾਣਾ ਖਾ ਲਿਆ ਹੈ, ਹੁਣ ਹੋਰ ਖਾਣ ਦੀ ਲੋੜ ਨਹੀਂ ਤੇ ਸਾਡੀ ਭੁੱਖ ਹੱਟ ਗਈ ਹੈ ਪਰ ਇਹ ਚੇਤਾਵਨੀ ਜਾਂ ਗਿਆਨ ਕੇਵਲ ਦਿਮਾਗ਼ ਤੋਂ ਹੀ ਨਹੀਂ ਆਉਂਦਾ ਸਗੋਂ ਸਰੀਰ ਦੇ ਸਾਰੇ ਅਣੂਆਂ ਦਾ ਗਿਆਨ ਹੁੰਦਾ ਹੈ ਕਿ ਹੁਣ ਮਿਹਦੇ ਵਿਚ ਇਨ੍ਹਾਂ ਦੀਆਂ ਲੋੜਾਂ ਲਈ ਕਾਫ਼ੀ ਖ਼ੁਰਾਕ ਹੋ ਗਈ ਹੈ ਤੇ ਇਸ ਤਰ੍ਹਾਂ ਭੁੱਖ ਮਿੱਟ ਜਾਂਦੀ ਹੈ। ਸਰੀਰ ਵਿਚ ਕਿਸੇ ਨਾ ਕਿਸੇ ਪਾਸੇ ਕੋਈ ਸੂਝ ਸ਼ਕਤੀ ਜ਼ਰੂਰ ਹੈ ਜਿਹੜੀ ਇਹ ਫੈਸਲਾ ਕਰਦੀ ਹੈ। ਦਿਮਾਗ ਦੇ ਅਗੂ ਕੇਵਲ ਅਪਣੀਆਂ ਲੋੜਾਂ ਦੀ ਹੀ ਮੰਗ ਕਰਦੇ ਹਨ, ਉਹ ਜਿਗਰ, ਦਿਲ, ਗੁਰਦੇ ਤੇ ਪੱਠਿਆਂ ਲਈ ਮੰਗ ਨਹੀਂ ਕਰਦੇ।

ਬੀਮਾਰੀ ਦਾ ਮਾਨਸਿਕ ਸ਼ਕਤੀ ਨਾਲ ਇਲਾਜ ਇਸ ਸਹੀ ਗੱਲ ਤੋਂ ਨਿਰਭਰ ਹੈ ਕਿ ਸੂਝ ਸ਼ਕਤੀ ਕੇਵਲ ਦਿਮਾਗ ਵਿਚ ਹੀ ਨਹੀਂ ਸਗੋਂ ਸਰੀਰ ਦੇ ਸਾਰੇ ਅਣੂਆਂ ਵਿਚ ਇਹ ਸਮਝ ਮੌਜੂਦ ਹੈ ਤੇ ਇਹ ਸਚਾਈ ਬੋਲਿਆਂ, ਗੁੰਗਿਆਂ, ਤੇ ਅੰਨ੍ਹਿਆਂ ਦੀ ਹਾਲਤ ਨੂੰ ਚੰਗੀ ਤਰ੍ਹਾਂ ਦੇਖ ਕੇ ਸਾਬਤ ਹੋ ਚੁੱਕੀ ਹੈ। ਇਨ੍ਹਾਂ ਲੋਕਾ ਨੇ ਸ੍ਵੈ-ਪਰਗਟਤਾ ਦੇ ਜਤਨ ਕਰਦਿਆਂ ਆਪਣੀਆਂ ਉਂਗਲੀਆਂ ਦੇ ਪੋਟਿਆਂ ਦੀ ਸੂਝ-ਸ਼ਕਤੀ ਨੂੰ ਇਥੋਂ ਤੱਕ ਵਧਾ ਲਿਆ ਹੈ ਕਿ ਸੱਚੀ ਮੁੱਚੀ ਉਂਗਲੀਆਂ ਦੇ ਪੋਟੀਆਂ ਵਿਚ ਦਿਮਾਗ਼ ਵਰਗੇ ਛੋਟੇ ਛੋਟੇ ਅਣੂ ਪੈਦਾ ਹੋ ਗਏ ਹਨ। ਅਰਥਾਤ ਅੰਨ੍ਹਿਆਂ ਦੀਆਂ ਉਂਗਲੀਆਂ ਦੇ ਪੋਟਿਆਂ ਵਿਚ ਦਿਮਾਗ ਅਣੂ ਹੌਲੀ ਹੌਲੀ ਪੈਦਾ ਹੋ ਜਾਂਦੇ ਹਨ।

ਇਹ ਗੱਲ ਚੰਗੀ ਤਰ੍ਹਾਂ ਪਰਤੱਖ ਹੋ ਚੁੱਕੀ ਹੈ ਕਿ ਭੂਰੇ ਜੇਹੇ ਰੰਗ ਦਾ ਦਿਮਾਗੀ ਅੰਸ਼ ਜਿਹੜਾ ਅੰਨ੍ਹਿਆਂ ਦੀਆਂ ਉਂਗਲੀਆਂ ਦੇ ਪੋਟਿਆਂ ਵਿਚ ਹੁੰਦਾ ਹੈ ਉਹੋ ਜੇਹਾ ਦਿਮਾਗੀ ਅੰਸ਼ ਸਰੀਰ ਦੇ ਦੂਜੇ ਹਿੱਸਿਆਂ ਵਿਚ ਤੇ ਖਾਸ ਕਰਕੇ ਰੀੜ ਦੀਆਂ ਟਾਹਣੀਆਂ ਦੀਆਂ ਰਗਾਂ ਵਿਚ ਹਰ ਥਾਂ ਤੇ ਹੁੰਦਾ ਹੈ।

ਟੁਰਨਾ ਫਿਰਨਾ ਤੇ ਸਰੀਰ ਦੀਆਂ ਹੋਰ ਅਚੇਤ ਹਰਕਤਾਂ ਆਪਣੇ ਆਪਣੇ ਅਣੂਆਂ ਦੀ ਸੂਝ ਸ਼ਕਤੀ ਦੇ ਕੰਟਰੋਲ ਹੇਠ ਹਨ। ਆਪਣੀ ਤੌਰ ਵਿਚ

ਜਿਹੜਾ ਵੀ ਕਦਮ ਅਸੀਂ ਚੁਕਦੇ ਹਾਂ ਉਸ ਦੇ ਚੁੱਕਣ ਤੋਂ ਪਹਿਲਾਂ ਅਸੀਂ ਠਹਿਰ ਕੇ ਸੋਚ ਵਿਚਾਰ ਨਹੀਂ ਕਰਦੇ, ਨਾ ਹੀ ਉਸ ਵਾਸਤੇ ਅਸੀਂ ਇੱਛਾ ਸ਼ਕਤੀ ਨੂੰ ਵਰਤਦੇ ਹਾਂ। ਅਸੀਂ ਹਰ ਕਦਮ ਆਪਣੇ ਆਪ ਇੱਛਾ ਸ਼ਕਤੀ ਵਰਤੇ ਬਿਨਾਂ ਚੁੱਕਦੇ ਹਾਂ। ਨੀਂਦ ਵਿਚ ਜਦੋਂ ਦਿਮਾਗ਼ ਬੇਹੋਸ਼ ਹੁੰਦਾ ਹੈ ਉਸ ਵੇਲੇ ਦਿਲ ਦੀ ਚਾਲ ਤੇ ਸਾਹਾਂ ਦੇ ਆਉਣ ਜਾਣ ਨੂੰ ਕਾਇਮ ਰੱਖਣ ਵਾਲੀ ਸੂਝ ਦਿਮਾਗੋਂ ਬਾਹਰ ਹੋਣੀ ਜ਼ਰੂਰੀ ਹੈ। ਜਾਗ ਵਿਚ ਵੀ ਇਹ ਗੱਲ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਕੰਮਾਂ ਨੂੰ ਚਾਲੂ ਰੱਖਣ ਲਈ ਅਸੀਂ ਕਿਸੇ ਵੇਲੇ ਵੀ ਜਾਣ ਬੁਝ ਕੇ ਕੋਈ ਹਿੰਮਤ ਜਾਂ ਕੋਸ਼ਿਸ਼ ਨਹੀਂ ਕਰਦੇ।

ਸੁਘੜ ਵਾਜਾ ਵਜਾਉਣ ਵਾਲਾ ਜਦੋਂ ਵਾਜਾ ਵਜਾਉਂਦਾ ਹੈ ਤਾਂ ਉਹ ਆਪਣੀਆਂ ਉਂਗਲੀਆਂ ਵੀ ਚਾਲ ਵੱਲ ਧਿਆਨ ਨਹੀਂ ਦਿੰਦਾ। ਇਹ ਵੀ ਹੋ ਸਕਦਾ ਹੈ ਕਿ ਵਾਜਾ ਵਜਾਉਂਦਿਆਂ ਉਹ ਕਿਸੇ ਹੋਰ ਹੀ ਧਿਆਨ ਵਿਚ ਹੋਵੇ। ਉਸ ਦਾ ਮਨ ਸ਼ਾਇਦ ਕਿਤੇ ਦਾ ਕਿਤੇ ਪਿਆ ਭਟਕਦਾ ਹੋਵੇ ਪਰ ਫਿਰ ਵੀ ਉਹ ਬੜੀ ਹੁਸ਼ਿਆਰੀ ਨਾਲ ਵਾਜਾ ਵਜਾਉਂਦਾ ਚਲਾ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਸੂਝ ਵਾਲੇ ਅਣੂ ਉਸ ਦੀ ਰਗ ਰਗ, ਨਸ ਨਸ ਤੇ ਜੋੜ ਜੋੜ ਵਿਚ ਪਸਰੇ ਪਏ ਹਨ।

ਇਹ ਕਹਿ ਛਡਣਾਂ ਵਿਗਿਆਨਕ ਨੇਮਾਂ ਅਨੁਸਾਰ ਨਹੀਂ ਕਿ ਦਿਮਾਗ਼ ਰੀੜ ਵਾਲੇ ਹਿੱਸੇ ਤੇ ਰੋਗਾਂ ਦੀ ਸ਼ਾਖਾਂ ਨੂੰ ਸਿਖਿਅਤ ਕਰਦਾ ਹੈ, ਇਸ ਕਰ ਕੇ ਸੁਘੜ ਵਾਜਾ ਵਜਾਉਣ ਵਾਲਾ ਆਪਣੀ ਕਰਾਮਾਤ ਦਿਖਾਉਂਦਾ ਰਹਿੰਦਾ ਹੈ। ਢੁਕਵੀਂ ਵਿਆਖਿਆ ਤਾਂ ਇਹੋ ਹੀ ਹੈ ਕਿ ਸਰੀਰ ਦੇ ਸਾਰੇ ਅਣੂ ਸੂਝ ਰੱਖਦੇ ਹਨ ਤੇ ਸੋਚ ਵਿਚਾਰ ਦਾ ਕੰਮ ਸਾਡਾ ਸਮੁੱਚਾ ਸਰੀਰ ਕਰਦਾ ਹੈ। ਮਨੁੱਖ ਜਾਤੀ ਵਿਚ ਇਹ ਖ਼ਿਆਲ ਬੜੇ ਚਿਰਾਂ ਤੋਂ ਚਲਿਆ ਆਉਂਦਾ ਹੈ ਕਿ ਖ਼ਿਆਲ ਤੇ ਸੋਚ ਵਿਚਾਰ ਕੇਵਲ ਦਿਮਾਗ਼ ਹੀ ਕਰਦਾ ਹੈ। ਇਹ ਖ਼ਿਆਲ ਪੀੜ੍ਹਿਓ ਪੀੜ੍ਹੀ ਵਿਰਸੇ ਵਿਚ ਸਾਨੂੰ ਮਿਲਦਾ ਆਇਆ ਹੈ ਪਰ ਸੱਚੀ ਗੱਲ ਤਾਂ ਇਹ ਹੈ ਕਿ ਦਿਮਾਗ਼ ਦੇ ਅਣੂਆਂ ਤੇ ਸਰੀਰ ਦੇ ਬਾਕੀ ਅਣੂਆਂ ਵਿਚ ਇੰਨਾਂ ਫਰਕ ਨਹੀਂ ਜਿੰਨਾਂ ਅਸੀਂ ਖ਼ਿਆਲ ਕਰਦੇ ਹਾਂ। ਬਹੁਤ

ਸਾਰੇ ਦਿਮਾਗੀ ਸਦਮਿਆਂ ਤੋਂ ਇਹ ਸਾਬਤ ਹੋ ਚੁੱਕਿਆ ਹੈ ਕਿ ਦਿਮਾਗ਼ ਦੇ ਬਹੁਤ ਸਾਰੇ ਰੰਗ ਰੇਸ਼ੇ ਖਰਾਬ ਹੋ ਜਾਣ ਨਾਲ ਵੀ ਸੋਚ ਸ਼ਕਤੀ ਤੇ ਕੋਈ ਵਧੇਰੇ ਅਸਰ ਨਹੀਂ ਪੈਂਦਾ, ਜਿਵੇਂ ਸਰੀਰ ਦੇ ਹੋਰ ਹਿੱਸਿਆਂ ਦੇ ਰੰਗ ਰੇਸ਼ੇ ਖਰਾਬ ਹੋਣ ਨਾਲ ਦਿਮਾਗ਼ ਉੱਤੇ ਕੋਈ ਵਧੇਰੇ ਅਸਰ ਨਹੀਂ ਪੈਂਦਾ। ਕੇਵਲ ਇਹ ਹੀ ਨਹੀਂ ਸਗੋਂ ਕਈਆਂ ਮਨੁੱਖਾਂ ਦੇ ਦਿਮਾਗ਼ਾਂ ਦੇ ਵੱਡੇ ਵੱਡੇ ਹਿੱਸੇ ਕੱਢ ਦੇ ਵੇਖਿਆ ਗਿਆ ਹੈ ਕਿ ਉਨ੍ਹਾਂ ਹਿੱਸਿਆਂ ਬਿਨਾਂ ਵੀ ਉਹ ਉਸੇ ਤਰ੍ਹਾਂ ਕੰਮ ਕਰਦੇ ਰਹੇ ਹਨ ਜਿਵੇਂ ਪਹਿਲਾਂ ਕਰਦੇ ਸਨ। ਅਸੀਂ ਇਥੇ ਇਕ ਵੱਡੇ ਮਸ਼ਹੂਰ ਸਾਇੰਸਦਾਨ ਦਾ ਕੀਤਾ ਹੋਇਆ ਦਿਲਚਸਪ ਤਜ਼ਰਬਾ ਪੇਸ਼ ਕਰਦੇ ਹਾਂ। ਇਸ ਤਜ਼ਰਬੇ ਤੋਂ ਦਿਮਾਗੋਂ ਬਾਹਰ ਸਰੀਰ ਦੇ ਦੂਸਰੇ ਅਣੂਆਂ ਦੀ ਸੂਝ ਸ਼ਕਤੀ ਦਾ ਅਦਭੁਦ ਸਬੂਤ ਮਿਲਦਾ ਹੈ। ਇਹ ਤਜ਼ਰਬਾ ਕਈ ਵਾਰ ਕੀਤਾ ਜਾ ਚੁੱਕਾ ਹੈ।

'ਇਕ ਡੱਡੂ ਲੈ ਲਓ। ਉਸ ਦਾ ਸਿਰ ਕਟ ਦਿਓ ਫੇਰ ਉਹਦੇ ਪਟ ਦੇ ਹੇਠਲੇ ਪਾਸੇ ਤੇਜ਼ਾਬ ਦੀ ਇਕ ਬੂੰਦ ਸੁਟ ਦਿਓ। ਉਹ ਸਿਰ ਕੱਟਿਆ ਡੱਡੂ ਦਾ ਧੜ ਤੇਜ਼ਾਬ ਦੀ ਬੂੰਦ ਨੂੰ ਉਸ ਟੰਗ ਵਾਲੇ ਪੈਰ ਦੇ ਉਤਲੇ ਹਿੱਸੇ ਨਾਲ ਪਟ ਤੋਂ ਪੂੰਝ ਦੇਵੇਗਾ। ਸਾਇੰਸਦਾਨਾਂ ਨੇ ਸਿਰ ਕਟਣ ਪਿੱਛੋਂ ਡੱਡੂ ਦਾ ਉਹ ਪੈਰ ਵੀ ਕੱਟ ਕੇ ਦੇਖਿਆ ਹੈ। ਡੱਡੂ ਵਾਰ ਵਾਰ ਉਸ ਪੈਰ ਨਾਲ ਤੇਜ਼ਾਬ ਪੂੰਝਣ ਦੀ ਕੋਸ਼ਿਸ਼ ਕਰਦਾ ਆਖਰ ਦੂਜੀ ਟੰਗ ਦੇ ਪੈਰ ਨਾਲ ਤੇਜ਼ਾਬ ਪੂੰਝਣ ਦੀ ਕੋਸ਼ਿਸ਼ ਕਰੇਗਾ ਤੇ ਜਦੋਂ ਤੱਕ ਤੇਜ਼ਾਬ ਪੂੰਝ ਨਹੀਂ ਲਵੇਗਾ ਉਸ ਦੀ ਇਹ ਕੋਸ਼ਿਸ਼ ਜਾਰੀ ਰਹੇਗੀ।'

ਇਹ ਤਜਰਬਾ ਯਕੀਨੀ ਹੀ ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਸੂਝ ਸ਼ਕਤੀ ਸੁਕੜਨ ਵਾਲੀਆਂ ਚਾਲਾਂ ਦੇ ਨਾਲ ਇਕਸੁਰ ਹੁੰਦੀ ਹੋਈ ਖਾਸ ਨਤੀਜੇ ਪੈਦਾ ਕਰਦੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸੂਝ ਵਾਲਾ ਮਨ ਦਿਮਾਗ਼ ਤੋਂ ਬਿਨਾਂ ਵੀ ਕੰਮ ਕਰਦਾ ਰਹਿੰਦਾ ਹੈ।

ਅਸੀਂ ਜਾਣ ਗਏ ਹਾਂ ਕਿ ਸਰੀਰ ਦੇ ਪ੍ਰਬੰਧ ਵਿਚ ਦਿਮਾਗ਼ ਦਾ ਬਹੁਤ ਥੋੜਾ ਹਿੱਸਾ ਹੈ। ਸਾਡੀਆਂ ਇੱਛਾ ਰਹਿਤ ਹਰਕਤਾਂ, ਸਰੀਰ ਦੇ ਪਾਣੀ ਵਰਗੇ ਦ੍ਰਵਾਂ ਦੀ ਉਪਜ, ਸਰੀਰ ਅੰਦਰੋਂ ਗੰਦ ਦਾ ਨਿਕਾਸ, ਖ਼ੁਰਾਕ ਦਾ ਸਰੀਰ ਦੇ ਰੰਗ ਰੇਸ਼ਿਆਂ ਦੇ ਰੂਪ ਵਿਚ ਬਦਲਣਾ, ਇਹੋ ਜੇਹੇ ਸਾਰੇ ਕੰਮਾਂ ਤੇ ਆਪਣੇ ਆਪ ਦਿਮਾਗ਼ ਦਾ ਕੋਈ ਅਸਰ ਨਹੀਂ। ਸਰੀਰ ਅੰਦਰ ਜੇਹੜਾ ਰਸਾਇਣੀ ਕਾਰਖਾਨਾ ਹੈ, ਜਿਸ ਦਾ ਕਾਰ ਵਿਹਾਰ ਆਦਮੀ ਦੀ ਸੂਝ ਸ਼ਕਤੀ ਤੋਂ ਬਾਹਰ ਹੈ, ਉਸ ਦਾ ਸਾਰਾ ਕੰਮ ਸਰੀਰ ਦੇ ਦੂਜੇ ਹਿੱਸਿਆ ਦੇ ਸੂਝ ਬੂਝ ਵਾਲੇ ਅਣੂ ਦਿਮਾਗ਼ ਦੀ ਸਹਾਇਤਾ ਬਿਨਾਂ ਕਰਦੇ ਹਨ। ਹਾਂ ਇਹ ਠੀਕ ਹੈ ਕਿ ਦਿਮਾਗ਼ ਦੇ ਅਣੂ ਬੜੀ ਛੇਤੀ ਅਸਰ ਲੈਂਦੇ ਤੇ ਉਸ ਅਸਰ ਦਾ ਜਵਾਬ ਦਿੰਦੇ ਹਨ ਤੇ ਇਹ ਗੁਣ ਸਰੀਰ ਦੇ ਦੂਜੇ ਹਿੱਸਿਆਂ ਵਿਚ ਦਿਮਾਗ਼ ਦੇ ਮੁਕਾਬਲੇ ਵਿਚ ਬਹੁਤ ਘੱਟ ਹੈ। ਦਿਮਾਗ਼ ਦੇ ਅਣੂ ਦੂਜੇ ਅਣੂਆਂ ਦੇ ਵਕੀਲ ਹਨ ਤੇ ਇਨ੍ਹਾਂ ਵਕੀਲਾਂ ਦੇ ਰਾਹੀਂ ਮੁਅੱਕਲਾਂ ਦੀ ਅਵਸਥਾ ਪਰਗਟ ਹੁੰਦੀ ਹੈ।

ਇਸ ਵਿਚ ਥੋੜਾ ਜੇਹਾ ਵੀ ਸ਼ੱਕ ਨਹੀਂ ਕਿ ਸਰੀਰ ਨੂੰ ਬਣਾਉਣ ਵਾਲੇ ਕਰੋੜਾਂ ਅਣੂ ਇਕ ਸੂਖ ਵਾਲੀ ਸ਼ਕਤੀ ਦੇ ਭਾਗ ਹਨ। ਜਿਹੜੀ ਚੀਜ਼ ਇਕ ਅਣੂ ਤੇ ਅਸਰ ਪਾਉਂਦੀ ਹੈ ਉਹ ਹੀ ਸਾਰਿਆਂ ਤੇ ਅਸਰ ਪਾ ਦਿੰਦੀ ਹੈ। ਕਿਉਂ ਜਾਣ ਲਓ ਕਿ ਜੋ ਕੁਝ ਦਿਮਾਗ ਦੇ ਅਣੂਆਂ ਵਿਚੋਂ ਦੀ ਲੰਘਦਾ ਹੈ, ਉਹ ਸਰੀਰ ਦੇ ਹਰ ਅਣੂ ਵਿਚੋਂ ਲੰਘਦਾ ਹੈ। ਸਾਨੂੰ ਪਤਾ ਹੈ ਕਿ ਕੋਈ ਖਬਰ, ਕੋਈ ਅਚਾਨਕ ਸਦਮਾ ਦਿਮਾਗ ਦੇ ਕੇਂਦਰੀ ਸਟੇਸ਼ਨ ਤੇ ਪੁੱਜਕੇ ਕਿਵੇਂ ਸਰੀਰ ਦੇ ਸਾਰੇ ਹਿੱਸਿਆ ਵਿਚ ਫੋਰਨ ਪੁੱਜ ਜਾਂਦਾ ਹੈ। ਦਿਲ, ਜਿਗਰ, ਗੁਰਦੇ ਸਭਨਾਂ ਤੇ ਉਸ ਦਾ ਅਸਰ ਝਟ ਪਟ ਹੋ ਜਾਂਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਨ੍ਹਾਂ ਸਾਰਿਆਂ ਵਿਚ ਕੋਈ ਨੇੜੇ ਦਾ ਸਬੰਧ ਹੈ। ਸਾਡਾ ਸਰੀਰ ਇਕ ਤਰ੍ਹਾਂ ਨਾਲ ਦਿਮਾਗ ਦਾ ਹੀ ਵਿਸਥਾਰ ਹੈ।

ਜੇ ਕੋਈ ਮਨੁੱਖ ਕਿਸੇ ਲਕੜੀ ਦੇ ਜੋ ਫੁੱਟ ਲੰਮੇ ਸ਼ਤੀਰ ਦੇ ਇਕ ਸਿਰੇ ਤੇ ਕਿਸੇ ਮੇਖ ਜਾਂ ਨਹੁੰ ਨਾਲ ਖੁਰਚੇ ਤੇ ਜੇ ਤੁਹਾਡਾ ਕੰਨ ਟੁਕੜੇ ਦੇ ਦੂਸਰੇ ਸਿਰੇ ਤੇ

ਹੋਵੇ ਤਾਂ ਵੀ ਤੁਹਾਨੂੰ ਉਸ ਖੁਰਚਣ ਦੀ ਅਵਾਜ਼ ਸੁਣਾਈ ਦੇਵੇਗੀ। ਅਵਾਜ਼ ਦੇ ਭੇਜਣ ਵਿਚ ਫਾਸਲੇ ਜਾਂ ਵਿਥ ਨਾਲ ਕੋਈ ਜ਼ਿਆਦਾ ਫਰਕ ਨਹੀਂ ਪੈਂਦਾ। ਇਸੇ ਤਰ੍ਹਾਂ ਹਰ ਖ਼ਿਆਲ, ਹਰ ਰੌ ਮਾਨਸਿਕ ਅਵਸਥਾ ਦਾ ਹਰ ਰੰਗ, ਮਨ ਦੀ ਹਰ ਕਲਪਨਾ ਸਰੀਰ ਦੇ ਹਰ ਹਿੱਸੇ ਵਿਚ ਫੌਰਨ ਪੁੱਜ ਜਾਂਦੀ ਹੈ। ਦ੍ਰਿਸ਼ਟਾਂਤ ਵਜੋਂ, ਤੁਹਾਨੂੰ ਬੜੀ ਭੁੱਖ ਲੱਗੀ ਹੋਈ ਹੈ ਖਾਣ ਦਾ ਸਾਮਾਨ ਤਿਆਰ ਪਿਆ ਹੈ। ਮਿਹਦੇ ਦੇ ਅੰਸ਼ ਅੰਸ਼ ਵਿਚੋਂ ਹਜ਼ਮ ਕਰਨ ਵਾਲਾ ਰਸ ਚੋ ਰਹੀ ਹੋ। ਅਚਾਨਕ ਤੁਹਾਡੇ ਨਾਂ ਤੇ ਕੋਈ ਤਾਰ ਆ ਜਾਂਦੀ ਹੈ ਜਿਸ ਵਿਚ ਕਿਸੇ ਬਿਪਤਾ ਜਾਂ ਮੁਸੀਬਤ ਦਾ ਵਰਣਨ ਹੈ ਕਿ ਫਲਾਣਾ ਪਿਆਰਾ ਸਬੰਧੀ ਸਖਤ ਫੱਟੜ ਹੋ ਗਿਆ ਜਾਂ ਮਰ ਗਿਆ ਹੈ। ਤਾਰ ਪੜ੍ਹਦੇ ਸਾਰ ਮਿਹਦੇ ਵਿਚ ਹਜ਼ਮ ਕਰਨ ਵਾਲੀ ਰਸ ਆਉਣੋਂ ਰੁਕ ਜਾਂਦੀ ਹੈ ਤੇ ਇਹ ਰਸ ਲਿਆਉਣ ਵਾਲੇ ਅਣੂ ਇਉਂ ਸੁੱਕ ਜਾਂਦੇ ਹਨ ਜਿਵੇਂ ਤਾਪ ਵਿਚ ਜੀਭ ਸੁੱਕ ਜਾਇਆ ਕਰਦੀ ਹੈ। ਦਿਲ ਤੇ ਹੋਰ ਦੂਜੇ ਹਿਸਿਆਂ ਤੋਂ ਵੀ ਸਦਮੇ ਦਾ ਉਸ ਵੇਲੇ ਅਸਰ ਹੁੰਦਾ ਹੈ। ਇਨ੍ਹਾਂ ਸਾਰਿਆਂ ਤੇ ਇਕੋ ਜੇਹੀ ਬਿਪਤਾ ਆ ਪੈਂਦੀ ਹੈ ਤੇ ਉਨ੍ਹਾਂ ਦਾ ਕੰਮ ਰੁਕ ਜਾਂਦਾ ਹੈ। ਗੱਲ ਕੀ ਵੱਖੋ ਵੱਖ ਹਿੱਸੇ ਤੋਂ ਉਨ੍ਹਾਂ ਦੇ ਕਾਰ ਵਿਹਾਰ ਮੁਸੀਬਤ ਦੀ ਖਬਰ ਦਾ ਅਸਰ ਮੰਨਦੇ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਮਨ ਵਿਚ ਜੋ ਕੁਝ ਆਉਂਦਾ ਹੈ ਉਹ ਸਮੁੱਚੇ ਸਰੀਰ ਦੇ ਜੀਵਨ ਤੇ ਅਸਰ ਪਾਉਂਦਾ ਹੈ।

ਤੁਹਾਡੇ ਸਰੀਰ ਦੇ ਅਣੂ ਦੀ ਤੁਹਾਡੇ ਰਗਾਂ ਰੇਸ਼ਿਆ ਵੀ ਤੇ ਤੁਹਾਡੇ ਜੋੜਾਂ ਵੀ ਹਾਲਤ ਦਾ ਨਿਰਭਰ ਉਸ ਸੁਨੇਹੇ ਉੱਤੇ ਹੈ ਜਿਹੜਾ ਤੁਸੀਂ ਆਪਣੇ ਵਿਚਾਰਾਂ ਤੇ ਉਨ੍ਹਾਂ ਸਬੰਧੀ ਭਰੋਸਿਆਂ ਰਾਹੀਂ ਉਨ੍ਹਾਂ ਤੱਕ ਘੁਲਦੇ ਹੋ। ਉਹ ਖ਼ਿਆਲ ਭਾਵੇਂ ਅਰੋਗਤਾ ਦੇ ਹਨ, ਬੀਮਾਰੀ ਦੇ, ਤਾਕਤ ਦੇ ਹਨ ਭਾਰੇ ਕਮਜ਼ੋਰੀ ਦੇ, ਜੇਹੋ ਜੇਹੇ ਵੀ ਉਹ ਹੋਣਗੇ ਉਸੇ ਤਰ੍ਹਾਂ ਦਾ ਉਨ੍ਹਾਂ ਦਾ ਅਸਰ ਹੋਵੇਗਾ। ਸਰੀਰ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਤੁਸੀਂ ਹਰ ਇਕ ਅਣੂ ਦੀ ਸਹਾਇਤਾ ਨਾਲ ਸੋਚ ਵਿਚਾਰ ਕਰਦੇ ਹੋ। ਜੇਹੋ ਜੇਹਾ ਖ਼ਿਆਲ ਤੁਸੀਂ ਆਪਣੇ ਅਣੂਆਂ ਦੇ ਸਬੰਧ ਵਿਚ ਕਰਦੇ ਹੋ ਉਹੋ ਜੇਹੇ ਹੀ ਉਹ

ਬਣ ਜਾਂਦੇ ਹਨ। ਉਨ੍ਹਾਂ ਦੀ ਕਿਸਮਤ ਤੁਹਾਡੇ ਹੱਥ ਵਿਚ ਹੈ, ਜਿਹੜਾ ਹੁਕਮ ਤੁਸੀਂ ਉਨ੍ਹਾਂ ਨੂੰ ਦਿਉਗੇ ਉਹ ਉਸ ਨੂੰ ਮੰਨਣਗੇ। ਵੱਖਰੇ ਵੱਖਰੇ ਹਿੱਸਿਆਂ ਦੇ ਟੱਬਰ ਵਾਰ ਅਣੂਆਂ ਵੱਲ ਆਪਣੇ ਖਿਆਲੀ ਝੁਕਾਉ ਨਾਲ ਤੁਸੀਂ ਆਪਣੇ ਸਰੀਰ ਦੇ ਹਿੱਸਿਆਂ ਦਾ ਕੰਮ ਠੀਕ ਜਾਂ ਗਲਤ ਕਰ ਸਕਦੇ ਹੋ। ਤੁਸੀਂ ਅਰੋਗਤਾ ਵੀ ਨਿਸ਼ਚਤ ਕਰ ਸਕਦੇ ਹੋ ਤੇ ਬੀਮਾਰੀ ਵੀ ਲਿਆ ਸਕਦੇ ਹੋ, ਤੁਸੀਂ ਆਪਣੀ ਉਮਰ ਵਧਾ ਵੀ ਸਕਦੇ ਹੋ ਤੇਂ ਘਟਾ ਵੀ ਸਕਦੇ ਹੋ।

ਸਾਨੂੰ ਪਤਾ ਹੈ ਕਿ ਜਦੋਂ ਅਸੀਂ ਦ੍ਰਿੜ੍ਹਤਾ ਨਾਲ ਕਿਸੇ ਖ਼ਿਆਲ ਨੂੰ ਸਰੀਰ ਦੇ ਕਿਸੇ ਹਿੱਸੇ ਤੇ ਕੇਂਦ੍ਰਿਤ ਕਰਦੇ ਹਾਂ ਤਾਂ ਉਸ ਹਿੱਸੇ ਦੀਆਂ ਨਾੜਾਂ ਫੁੱਲ ਜਾਂਦੀਆਂ ਹਨ, ਤੇ ਵਧੇਰੇ ਲਹੂ ਉਨ੍ਹਾਂ ਵਿਚ ਪਹੁੰਚ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਲਹੂ ਖ਼ਿਆਲ ਦੇ ਪਿੱਛੇ ਪਿੱਛੇ ਚਲਦਾ ਹੈ। ਪ੍ਰੋਫੈਸਰ ਐਲਗਜ਼ੈਂਡਰ ਗਰਾਹਮ ਬੈਲ ਨੇ ਮੈਨੂੰ ਦੱਸਿਆ ਹੈ ਕਿ ਪਰਗਨਾ ਹੈਲੀਫੇਕਸ ਵਿਚ ਜਦੋਂ ਅਤਿ ਸਰਦੀ ਦੇ ਮੌਸਮ ਵਿਚ ਮੈਂ ਘੋੜੇ ਤੇ ਚੜ੍ਹ ਕੇ ਦੂਰ ਦੁਰਾਡੇ ਦਾ ਸਫਰ ਕਰਦਾ ਸਾਂ ਤਾਂ ਮੈਂ ਆਪਣੇ ਖ਼ਿਆਲ ਦਾ ਜ਼ੋਰ ਆਪਣੇ ਪੈਰਾਂ ਵੱਲ ਘਲ ਕੇ ਉਨ੍ਹਾਂ ਨੂੰ ਗਰਮ ਕਰ ਲੈਂਦਾ ਸਾਂ ਤੇ ਥੋੜੇ ਜੇਹੇ ਸਮੇਂ ਵਿਚ ਹੀ ਉਹ ਗਰਮ ਹੋ ਜਾਂਦੇ ਸਨ। ਲਹੂ ਦੀ ਚਾਲ ਨੂੰ ਤੇਜ਼ ਕਰਨ ਦਾ ਇਹ ਤਜ਼ਰਬਾ ਤੇ ਤਰੀਕਾ ਕਈ ਵਾਰ ਅਜ਼ਮਾਇਆ ਗਿਆ ਹੈ। ਹੁਣ ਸਾਇੰਸਦਾਨ ਇਸ ਦੀ ਸਚਾਈ ਵਿਚ ਸ਼ੱਕ ਨਹੀਂ ਕਰਦੇ।

ਐਲਮਰ ਗੇਟਜ਼ ਨੇ ਕਈ ਵਾਰ ਇਸ ਸਬੰਧ ਵਿਚ ਮਨ ਦੀ ਸ਼ਕਤੀ ਦਾ ਹੇਠ ਲਿਖਿਆ ਤਜ਼ਰਬਾ ਕੀਤਾ ਹੈ। ਉਸ ਨੇ ਦੋ ਪਾਣੀ ਨਾਲ ਨਕੋ ਨਕ ਭਰੇ ਭਾਂਡਿਆਂ ਵਿਚ ਆਪਣਾ ਇਕ ਇਕ ਹੱਥ ਡੋਬ ਦਿੱਤਾ। ਫੇਰ ਪਹਿਲਾਂ ਉਸ ਨੇ ਸੱਜੇ ਹੱਥ ਵੱਲ ਖ਼ਿਆਲ ਦਾ ਜ਼ੋਰ ਸੁਟਿਆ, ਨਤੀਜਾ ਇਹ ਹੋਇਆ ਕਿ ਸੱਜੇ ਹੱਥ ਵਾਲੇ ਭਾਂਡੇ ਵਿਚੋਂ ਪਾਣੀ ਬਾਹਰ ਵਗ ਪਿਆ ਫੇਰ ਖ਼ਿਆਲ ਦਾ ਜ਼ੋਰ ਖੱਬੇ ਹੱਥ ਤੇ ਪਾਇਆ ਤਦ ਖੱਬੇ ਹੱਥ ਵਾਲੇ ਭਾਂਡੇ ਵਿਚੋਂ ਪਾਣੀ ਬਾਹਰ ਵਗ ਪਿਆ।

ਇਸ ਤਰ੍ਹਾਂ ਤਜ਼ਰਬਿਆਂ ਤੋਂ ਇੰਨਾਂ ਕੁ ਪਤਾ ਲੱਗਦਾ ਹੈ ਕਿ ਖ਼ੂਨ ਨੂੰ ਜੋਸ਼ ਦੇਣ ਤੇ ਠੰਡਾ ਕਰਨ ਵਿਚ ਖ਼ਿਆਲ ਦੀ ਤਾਕਤ ਕੀ ਕੁਝ ਕਰ ਸਕਦੀ ਹੈ, ਤੇ ਇਹ ਤੁਸੀਂ ਜਾਣਦੇ ਹੀ ਹੋ ਕਿ ਖ਼ੂਨ ਉੱਤੇ ਹੀ ਸਰੀਰ ਦਾ ਨਿਰਭਰ ਹੈ, ਖ਼ੂਨ ਵਿਚ ਹੀ ਜੀਵਨ ਹੈ।

ਇਹ ਗੱਲ ਸਾਰੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਬੀਮਾਰ ਹੋ ਜਾਣ, ਪਿਓ ਦਾਦੇ ਤੋਂ ਬੀਮਾਰੀ ਦੀ ਛੂਤ ਲੈ ਲੈਣ ਤੇ ਉਸ ਦੇ ਵਧਦੇ ਜਾਣ ਦਾ ਡਰ, ਜਾਂ ਤੁਹਾਡੇ ਸਰੀਰ ਦੇ ਕਿਸੇ ਹਿੱਸੇ ਵਿਚ ਤਪਦਿਕ ਹੋ ਜਾਣ ਦੇ ਡਰ ਨਾਲ ਜਿਥੇ ਅਜੇਹੇ ਖਿਆਲਾਂ ਦਾ ਕੇਂਦਰ ਬਣ ਜਾਂਦਾ ਹੈ ਉਥੇ ਹੀ ਕੁਝ ਇਕੱਠ ਜੇਹਾ ਹੋ ਜਾਂਦਾ ਹੈ। ਇਹ ਡਰ ਦਾ ਖ਼ਿਆਲ ਪੁਰਾਣਾ ਹੋ ਜਾਵੇ ਤਾਂ ਉਥੇ ਇਹ ਜਮਾਉ ਜਾਂ ਇਕੱਠ ਵੀ ਪੁਰਾਣਾ ਹੋ ਜਾਂਦਾ ਹੈ। ਇਸ ਤਰ੍ਹਾਂ ਤੁਹਾਨੂੰ ਜਿਸ ਚੀਜ਼ ਦਾ ਡਰ ਹੁੰਦਾ ਹੈ ਉਹ ਚੀਜ਼ ਤੁਹਾਡੇ ਸਰੀਰ ਅੰਦਰ ਵਧਦੀ ਚਲੀ ਜਾਂਦੀ ਹੈ।

ਫਰਜ਼ ਕਰੋ, ਇਕ ਨੌਜਵਾਨ ਲੜਕੀ ਹੈ। ਉਸ ਦੀਆਂ ਸਹੇਲੀਆਂ ਜਾਂ ਹੋਰ ਮਿਲਣ ਗਿਲਣ ਵਾਲੀਆਂ ਉਹ ਨੂੰ ਕਹਿ ਦਿੰਦੀਆਂ ਹਨ ਕਿ ਬੀਬੀ ਤੈਨੂੰ ਵੀ ਤਪਦਿਕ ਹੋ ਗਿਆ ਹੈ, ਕਿਉਂਕਿ ਤੇਰੀ ਮਾਂ ਜਾਂ ਪਿਓ ਜਾਂ ਉਹ ਦੋਵੇਂ ਇਸ ਬੀਮਾਰੀ ਨਾਲ ਮੋਏ ਸਨ। ਜਦੋਂ ਕਦੇ ਇਹ ਕੁੜੀ ਵਿਰੋਧੀ ਮੌਸਮ ਵਿਚ ਬਾਹਰ ਨਿਕਲਦੀ ਹੈ, ਉਸ ਦੇ ਪੈਰ ਗਿੱਲੇ ਹੋ ਜਾਂਦੇ ਹਨ, ਜਾਂ ਉਹਨੂੰ ਠੰਢੀ ਤੇ ਤਿੱਖੀ ਹਵਾ ਦਾ ਇਕ ਬੁਲਾ ਲੱਗ ਜਾਂਦਾ ਹੈ। ਜੇ ਉਸ ਨੂੰ ਅਜੇਹੇ ਮੌਕਿਆਂ ਤੇ ਯਾਦ ਕਰਾ ਦਿੱਤਾ ਜਾਵੇ ਕਿ ਇਸ ਤਰ੍ਹਾਂ ਦੀ ਹਾਲਤ ਵਿਚ ਉਸ ਦੀ ਜਾਨ ਦਾ ਖਤਰਾ ਹੈ ਤਾਂ ਉਸ ਦੇ ਅੰਦਰ ਡਰ ਪੱਕਾ ਹੋਣ ਲੱਗ ਜਾਂਦਾ ਹੈ। ਇਹ ਡਰ ਜ਼ੋਰ ਨਾਲ ਉਸ ਦੇ ਫੇਫੜਿਆਂ ਤੇ ਪੈਂਦਾ ਹੈ ਤੇ ਉਥੇ ਟਿਕ ਜਾਂਦਾ ਹੈ। ਫਿਰ ਕੁਝ ਤਕਲੀਫ ਪਰਤੀਤ ਹੋਣ ਲੱਗਦੀ ਹੈ। ਉਹਦੇ ਸੁਭਾ ਵਿਚ ਤਲਖੀ ਅਤੇ ਉਹ ਨੂੰ ਖੰਘ ਆਉਣ ਲੱਗ ਜਾਂਦੀ ਹੈ। ਇਸ ਤੋਂ ਉਸਦਾ ਡਰ ਹੋਰ ਵੀ ਵਧ ਜਾਂਦਾ ਹੈ ਜਿਸ ਕਰਕੇ ਉਸ ਦੀ ਭੁੱਖ ਘੱਟ ਜਾਂਦੀ ਹੈ। ਖਾਧਾ ਪੀਤਾ ਸਰੀਰ ਨੂੰ

ਨਹੀਂ ਲੱਗਦਾ ਤੇ ਇਉਂ ਸਰੀਰ ਦੀ ਤਾਕਤ ਘਟਣ ਲੱਗ ਪੈਂਦੀ ਹੈ, ਵਜ਼ਨ ਘਟ ਜਾਂਦਾ ਹੈ, ਇਹ ਵੇਖ ਕੇ ਉਹਦਾ ਡਰ ਹੋਰ ਵੀ ਵਧ ਜਾਂਦਾ ਹੈ ਕਿਉਂਕਿ ਤਪਦਿਕ ਦੇ ਬੀਮਾਰ ਆਪਣਾ ਭਾਰ ਜ਼ਰੂਰ ਕਰਦੇ ਰਹਿੰਦੇ ਹਨ ਤੇ ਭਾਰ ਘੱਟ ਜਾਣ ਦਾ ਖ਼ਿਆਲ ਹਮੇਸ਼ਾਂ ਉਨ੍ਹਾਂ ਦਾ ਪਿੱਛਾ ਕਰਦਾ ਰਹਿੰਦਾ ਹੈ। ਇਨ੍ਹਾਂ ਫਿਕਰਾਂ ਨਾਲ ਉਨ੍ਹਾਂ ਦੀ ਪਾਚਨ-ਸ਼ਕਤੀ ਖਰਾਬ ਹੋ ਜਾਂਦੀ ਹੈ। ਖੁਰਾਕ ਪਚਾਉਣ ਦੀ ਤਾਕਤ ਕਮਜ਼ੋਰ ਹੋ ਜਾਂਦੀ ਹੈ ਤੇ ਖਰਾਬ ਹੋਏ ਪੱਠਿਆਂ ਤੇ ਰਗਾਂ ਰੇਸ਼ਿਆਂ ਦੀ ਮੁਰੰਮਤ ਵਿਚ ਨੁਕਸ ਪੈਦਾ ਹੋ ਜਾਂਦਾ ਹੈ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਸ ਦੇ ਰੰਗ ਰੂਪ ਵਿਚ ਖਰਾਬੀ ਆ ਜਾਂਦੀ ਹੈ, ਫਿਰ ਹਰ ਕੋਈ ਉਹਨੂੰ ਕਹਿਣ ਲੱਗ ਪੈਂਦਾ ਹੈ ਕਿ ਤੂੰ ਤੇ ਬੀਬੀ ਬੀਮਾਰ ਜੇਹੀ ਦਿਖਾਈ ਦਿੰਦੀ ਹੈਂ। ਇਹ ਇਕ ਹੋਰ ਭਿਆਨਕ ਚਿੰਨ ਹੈ ਜਿਹੜਾ ਬੀਮਾਰੀ ਦੇ ਵਧਦੇ ਜਾਣ ਦਾ ਸਬੂਤ ਹੁੰਦਾ ਹੈ, ਹੌਲੀ ਹੌਲੀ ਇਹ ਯਕੀਨ ਪੱਕਾ ਹੋ ਜਾਂਦਾ ਹੈ ਤੇ ਬੀਮਾਰੀ ਵਧਦੀ ਜਾਂਦੀ ਹੈ। ਵਿਚਾਰੀ ਬੀਮਾਰ ਕੁੜੀ ਦਾ ਇਹ ਹਾਲ ਹੋ ਜਾਂਦਾ ਹੈ ਕਿ ਬੀਮਾਰੀ ਨੂੰ ਰੋਕਣ ਵਾਲੀ ਅੰਦਰਲੀ ਤਾਕਤ ਵੀ ਜਾਂਦੀ ਰਹਿੰਦੀ ਹੈ। ਉਹ ਆਪਣੇ ਸਰੀਰ ਵਿਚ ਕਿਤੇ ਲੁਕੇ ਹੋਏ ਤਪਦਿਕ ਦੇ ਕੀੜਿਆਂ ਦਾ ਸ਼ਿਕਾਰ ਹੋ ਜਾਂਦੀ ਹੈ। ਬੀਮਾਰੀ ਦਾ ਡਰ ਉਹਦੇ ਫੇਫੜਿਆਂ ਦੇ ਅਣੂਆਂ ਦੇ ਜੀਵਨ ਤੇ ਹੋਰ ਦੂਜੇ ਹਿੱਸਿਆਂ ਤੇ ਡੂੰਘਾ ਅਸਰ ਪਾਉਂਦਾ ਹੈ ਤੇ ਉਹ ਹਿੱਸੇ ਉਸ ਖ਼ਿਆਲ ਦੇ ਅਸਰ ਹੇਠਾਂ ਆ ਕੇ ਉਹ ਕੁਝ ਹੀ ਬਣ ਜਾਂਦੇ ਹਨ। ਤਪਦਿਕ ਦੇ ਕੀੜੇ ਤਾਂ ਸੈਂਕੜੇ ਲੋਕਾਂ ਦੇ ਸਰੀਰਾਂ ਵਿਚ ਹੁੰਦੇ ਹਨ ਜੇ ਉਹ ਸਿਹਤ ਦੇ ਖ਼ਿਆਲ ਨੂੰ ਦ੍ਰਿੜ੍ਹਤਾ ਨਾਲ ਫੜੀ ਰੱਖਣ ਤੇ ਬੀਮਾਰੀ ਨੂੰ ਰੋਕਣ ਵਾਲੀਆਂ ਮਜਬੂਤ ਤਾਕਤਾਂ ਦੀ ਉਸਾਰੀ ਕਰਦੇ ਰਹਿਣ ਤਾਂ ਉਹ ਕੀੜੇ ਕਦੇ ਵੀ ਵਧ ਫੁੱਲ ਨਹੀਂ ਸਕਦੇ।

ਬੀਮਾਰੀ ਦੇ ਕੀੜੇ ਆਪਣੀ ਖੁਰਾਕ ਸਰੀਰ ਦੇ ਟੁੱਟੇ ਭੱਜੇ ਰਗਾਂ ਰੇਸ਼ਿਆਂ ਤੋਂ ਪ੍ਰਾਪਤ ਕਰਦੇ ਹਨ। ਇਹ ਕੀੜੇ ਗੰਦਗੀ-ਖੋਰ ਹੁੰਦੇ ਹਨ। ਇਹ ਸਿਹਤ ਵਾਲੇ ਰਗਾਂ ਰੇਸ਼ਿਆਂ ਤੇ ਸਿਹਤ ਵਾਲੀ ਖੁਰਾਕ ਨੂੰ ਨਹੀਂ ਖਾਂਦੇ। ਜਦੋਂ ਡਰ ਦੇ ਕਾਰਣ

ਰਗਾਂ ਪੱਠਿਆਂ ਵਿਚ ਟੁੱਟ ਭੱਜ ਹੋਣ ਲੱਗ ਪੈਂਦੀ ਹੈ, ਤਾਂ ਬੀਮਾਰੀ ਨੂੰ ਰੋਕਣ ਵਾਲੀ ਤਾਕਤ ਛੇਤੀ ਛੇਤੀ ਘਟਣ ਲੱਗ ਪੈਂਦੀ ਹੈ। ਆਖਰ ਸਰੀਰ ਅਰੋਗ ਨਹੀਂ ਰਹਿੰਦਾ ਤੇ ਹਰ ਪ੍ਰਕਾਰ ਦੇ ਗੰਦ-ਖਾਣੇ ਅਤੇ ਸਿਹਤ ਦੇ ਦੁਸ਼ਮਣ ਕੀੜੇ, ਜਿਹੜੇ ਸਮੇਂ ਦੀ ਤਾੜ ਵਿਚ ਹੁੰਦੇ ਹਨ ਨਿਕਾਰੇ ਰਗਾਂ ਰੇਸ਼ਿਆਂ ਤੋਂ ਆਪਣੀ ਖੁਰਾਕ ਲੈਣੀ ਸ਼ੁਰੂ ਕਰ ਦੇਂਦੇ ਹਨ। ਖ਼ੂਨ ਕਮਜ਼ੋਰ ਹੋ ਜਾਂਦਾ ਹੈ ਤੇ ਬੀਮਾਰੀ ਬੰਦੇ ਉੱਤੇ ਕਾਬੂ ਪਾ ਲੈਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਦੇ ਕਦੇ ਵੱਖਰੇ ਵੱਖਰੇ ਅੰਗਾਂ ਵਿਚ ਉੱਕਾ ਨਿਰਉਤਸ਼ਾਹ ਹੋ ਜਾਣ ਨਾਲ ਬੀਮਾਰੀ ਪੈਦਾ ਹੁੰਦੀ ਹੈ ਤੇ ਇਹ ਨਿਰਉਤਸ਼ਾਹਤਾ ਉਨ੍ਹਾਂ ਹਿੱਸਿਆਂ ਦੇ ਅਣੂਆਂ ਨੂੰ ਕੇਂਦਰੀ ਸਟੇਸ਼ਨ, ਅਰਥਾਤ ਦਿਮਾਗ਼ ਵਲੋਂ ਪ੍ਰਾਪਤ ਹੁੰਦੀ ਹੈ। ਬਹੁਤ ਕਰਕੇ ਤਾਂ ਸਾਰੇ ਸਰੀਰ ਦੇ ਅਣੂ ਜੀਉਣ ਦੀ ਕੋਸ਼ਿਸ਼ ਇਸ ਕਾਰਣ ਛੱਡ ਬਹਿੰਦੇ ਹਨ ਕਿ ਉਨ੍ਹਾਂ ਤੋਂ ਵਧੇਰੇ ਬਲ ਵਾਲੇ ਅਣੂ ਪਹਿਲਾਂ ਹੀ ਹੌਂਸਲਾ ਛੱਡ ਬੈਠੇ ਹੁੰਦੇ ਹਨ। ਕਈ ਘਟਨਾਵਾਂ ਇਹੋ ਜੇਹੀਆਂ ਹੋ ਚੁਕੀਆਂ ਹਨ ਕਿ ਦਿਲ ਦੀ ਚਾਲ ਬੰਦ ਹੋ ਗਈ ਤੇ ਅਖੀਰੀ ਸਾਹ ਵੀ ਆ ਗਿਆ ਪਰ ਜਦ ਕੁਝ ਦ੍ਰਿੜ ਉਤਸ਼ਾਹ, ਹੁਲਾਰਾ ਤੇ ਤਸੱਲੀ ਦੇਣ ਵਾਲੇ ਸ਼ਬਦ ਕੰਨੀਂ ਪਏ ਤਾਂ ਅਣੂਆਂ ਦਾ ਟੁੱਟਿਆ ਹੋਇਆ ਭਰੋਸਾ ਫੇਰ ਜਾਗ ਉਠਿਆ ਤੇ ਮਿਰਤਕ ਸਰੀਰ ਵਿਚੋਂ ਨਵੇਂ ਸਿਰਿਉਂ ਜਾਨ ਆ ਗਈ। ਜਦੋਂ ਤੱਕ ਜਿੱਤ ਦਾ ਸਰਬੋਤਮ ਭਰੋਸਾ ਸਰੀਰ ਦੇ ਅਣੂਆਂ ਵਿਚ ਮੌਜੂਦ ਹੈ, ਉਦੋਂ ਤੱਕ ਸਰੀਰ ਤੋਂ ਜਾਨ ਅੱਡ ਨਹੀਂ ਹੋ ਸਕਦੀ ਪਰ ਜਦੋਂ ਵੱਖਰੇ ਵੱਖਰੇ ਹਿੱਸਿਆਂ ਦੇ ਅਣੂਆਂ ਵਾਲੇ ਸਮੂਹਾਂ ਨੂੰ ਦਿਮਾਗ਼ ਵਲੋਂ ਇਹ ਸੁਨੇਹਾ ਮਿਲ ਜਾਂਦਾ ਹੈ, ਕਿ ਲਓ ਹਕੀਮ ਨੇ ਹੁਣ ਕਹਿ ਦਿੱਤਾ ਹੈ ਕਿ ਬਚਣ ਦੀ ਕੋਈ ਆਸ ਨਹੀਂ ਜਾਂ ਜਦੋਂ ਆਪ ਬੀਮਾਰ ਆਪਣੇ ਹੀ ਪੱਕੇ ਖ਼ਿਆਲ ਨਾਲ ਆਪਣੇ ਸਬੰਧੀ ਮਾੜੀ ਪੇਸ਼ੀਨਗੋਈ ਕਰ ਦਿੰਦਾ ਹੈ ਉਦੋਂ ਕੋਈ ਆਸ ਬਾਕੀ ਨਹੀਂ ਰਹਿੰਦੀ ਕਿ ਦਿਮਾਗ਼ ਦੇ ਅਧੀਨ ਅਣੂਆਂ ਦੇ ਸਮੂਹ ਇਸ ਨਾਜ਼ੁਕ ਸਮੇਂ ਤੋਂ ਬਚਣ ਦੀ ਕੋਸ਼ਿਸ਼ ਕਰਨ।

ਜਦੋਂ ਦਿਮਾਗ਼ ਆਸ ਛੱਡ ਬੈਠੇ ਤੇ ਸਾਰੇ ਸਰੀਰ ਵਿਚ ਨਿਰਾਸ਼ਾ ਘਲ ਦੋਵੇ, ਤਾਂ ਬੀਮਾਰ ਹੋਏ ਅਣੂ (Cell) ਜੇ ਜੀਉਂਦਿਆਂ ਰਹਿਣ ਦੀ ਕੋਸ਼ਿਸ਼ ਛੱਡ ਦੇਣ ਤਾਂ ਕੀ ਇਹ ਅਸਚਰਜ ਗੱਲ ਹੈ ? ਇਹ ਟੁੱਟੇ ਨਿਖੁਟੇ ਅਣੂ ਵਿਚਾਰੇ ਪਹਿਲਾਂ ਹੀ ਔਖ ਵਿਚ ਫਸੇ ਹੋਏ ਹੁੰਦੇ ਹਨ ਇਨ੍ਹਾਂ ਦੇ ਛੋਟੇ ਜੇਹੇ ਸਮੂਹ ਵਿਚ ਪਹਿਲਾਂ ਹੀ ਹਫੜਾ ਦਫੜੀ ਪਈ ਹੁੰਦੀ ਹੈ। ਜਦੋਂ ਸਾਰੇ ਸਰੀਰ ਦੇ ਅਣੂਆਂ ਦਾ ਜਰਨੈਲ ਦਿਲ ਢਾਹ ਬਹਿੰਦਾ ਹੈ ਤਾਂ ਉਹਦੇ ਮਾਤਹਿਤਾਂ ਵਿਚ ਆਪੇ ਹੀ ਨਿਰਾਸਤਾ ਆ ਜਾਂਦੀ ਹੈ।

ਇਸ ਤੋਂ ਉਲਟ ਜਦੋਂ ਸਰੀਰ ਦੇ ਸਾਰੇ ਅਣੂਆਂ ਨੂੰ ਸੂਝ ਦੇ ਕੇਂਦਰ ਤੋਂ ਆਸ਼ਾ, ਭਰੋਸਾ ਤੇ ਆਪਣੀ ਤਾਕਤ ਦੇ ਯਕੀਨ ਦਾ ਹੁਲਾਰਾ ਮਿਲਦਾ ਰਹੇ ਤਾਂ ਉਹ ਮੌਤ ਦੇ ਡਰ ਤੋਂ ਨਿਸਚਿੰਤ ਹੋ ਜਾਂਦੇ ਹਨ। ਬਹੁਤ ਸਾਰੇ ਸਰੀਰਾਂ ਵਿਚੋਂ ਜਾਨ ਨਿਕਲ ਦੀ ਹੁੰਦੀ ਹੈ ਉਦੋਂ ਵੀ ਉਨ੍ਹਾਂ ਵਿਚ ਕਾਫੀ ਸ਼ਕਤੀ ਤੇ ਹਿੰਮਤ ਲੁਕੀ ਹੋਈ ਹੁੰਦੀ ਹੈ ਇਸ ਦੇ ਸਹਾਰੇ ਉਹ ਫੇਰ ਵੀ ਜੀਉਂ ਸਕਦੇ ਹਨ ਤੇ ਆਪਣੇ ਆਪ ਨੂੰ ਹਿੰਮਤ ਨਾਲ ਭਰਪੂਰ ਕਰ ਸਕਦੇ ਹਨ ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਉਪਰ ਦੱਸਿਆ ਉਹ ਵਿਸ਼ਵਾਸ ਮਨ ਅੰਦਰ ਨਵੇਂ ਸਿਰਿਓਂ ਪੈਦਾ ਕੀਤਾ ਜਾਵੇ ਜਿਹੜਾ ਮੁਰਦਾ ਦਿਸਦੇ ਅਣੂਆਂ ਵਿਚ ਲੁਕੀ ਹੋਈ ਤਾਕਤ ਨੂੰ ਵਰਤੋਂ ਵਿਚ ਲਿਆਉਣ ਲੱਗ ਪਵੇ।

ਜਦੋਂ ਇਹ ਸਪਸ਼ਟ ਹੋ ਗਿਆ ਹੈ ਕਿ ਸਰੀਰ ਦੇ ਅਣੂਆਂ ਦੇ ਜੀਵਨ ਉੱਤੇ ਖ਼ਿਆਲ ਦਾ ਕਿੰਨਾਂ ਜ਼ਰੂਰੀ ਹੈ ਕਿ ਸਾਡੇ ਇੰਨਾਂ ਡੂੰਘਾ ਅਸਰ ਹੁੰਦਾ ਹੈ ਤਾਂ ਸੋਚੋ ਖ਼ਿਆਲ, ਸਾਡੀਆਂ ਮਨੋਕਲਪਤ ਮੂਰਤੀਆਂ ਤੇ ਤਰੰਗਾਂ ਸਾਡੀਆਂ ਮਿੱਤਰ ਹੋਣ, ਵਿਰੋਧੀ ਨਾ ਹੋਣ, ਲਾਭਦਾਇਕ ਹੋਣ, ਹਾਨੀਕਾਰਕ ਨਾ ਹੋਣ। ਕਿੰਨਾਂ ਜ਼ਰੂਰੀ ਹੈ ਕਿ ਅਸੀਂ ਉਹੋ ਹੀ ਖ਼ਿਆਲ ਤੇ ਚਿਤਰ ਦਿਲ ਵਿਚ ਰਖੀਏ, ਕੇਵਲ ਉਨ੍ਹਾਂ ਹੀ ਗੱਲਾਂ ਨਜ਼ਰਾਂ ਦੇ ਸਾਹਮਣੇ ਲਿਆਇਆ ਕਰੀਏ ਜਿਹੜੀਆਂ ਲਾਭਵੰਦੀਆਂ ਹੋਣ, ਹਮਦਰਦੀ-ਭਰਪੂਰ ਹੋਣ, ਸਰੀਰ ਨੂੰ ਉਤਸ਼ਾਹ ਦੇਣ ਵਾਲੀਆਂ ਹੋਣ ਤੋਂ ਅਸੀਂ ਉਨ੍ਹਾਂ ਗੱਲਾਂ ਨਾਲ ਕੋਈ ਸਬੰਧ ਨਾ ਰੱਖੀਏ ਜਿਹੜੀਆਂ ਸਰੀਰ ਨੂੰ ਕਮਜ਼ੋਰ ਕਰਨ

ਵਾਲੀਆਂ, ਢਹਿੰਦੀਆਂ ਕਲਾਂ ਵਿਚ ਲਿਜਾਉਣ ਵਾਲੀਆਂ ਤੋ ਤਬਾਹ ਕਰਨ ਵਾਲੀਆਂ ਹੋਣ।

ਇਹ ਗਲ ਅਤਿ ਜਰੂਰੀ ਹੈ ਕਿ ਸਾਰੇ ਹਿੱਸਿਆਂ ਦੇ ਅਣੂਆਂ ਨੂੰ ਖੁਸ਼ ਖੁਸ਼, ਸੰਤੁਸ਼ਟ, ਉਤਸ਼ਾਹ-ਭਰਪੂਰ ਤੇ ਇਕਸੁਰਤਾ ਵਿਚ ਰਖਿਆ ਜਾਵੇ। ਜੇ ਅਸੀਂ ਇਉਂ ਕਰਾਂਗੇ ਤਾਂ ਅਸੀਂ ਆਪ ਹੀ ਖੁਸ਼, ਸੰਤੁਸ਼ਟ ਤੇ ਇਕਸੁਰਤਾ ਵਾਲੇ ਜੀਵਨ ਦੇ ਸੁਆਮੀ ਬਣੇ ਰਹਾਂਗੇ। ਮਤਲਬ ਇਹ ਕਿ ਸਰੀਰ ਦੇ ਅਣੂਆਂ ਦੇ ਇਸ ਸਾਰੇ ਪ੍ਰਬੰਧ ਵਿਚ ਇਕਸੁਰਤਾ ਦਾ ਇਹ ਨਤੀਜਾ ਹੋਵੇਗਾ ਕਿ ਮਨੁੱਖ ਦੀ ਕੁਲ ਲਿਆਕਤ ਖੁਸ਼ੀ ਤੇ ਇਕਸੁਰਤਾ ਕਾਇਮ ਰਹੇਗੀ।

ਜਦੋਂ ਵੀ ਤੁਸੀਂ ਨਿਕੰਮੇ, ਨਿਰਾਸ਼ਾ-ਭਰਪੂਰ, ਹਾਰ ਦੇ ਸਹਿਮ ਵਾਲੇ ਡਰ ਭਰੇ, ਤੇ ਗਰੀਬੀ ਦੇ ਖਿਆਲਾਂ ਤੇ ਵਿਚਾਰਾਂ ਨੂੰ ਦਿਲ ਵਿਚ ਵੱਸਣ ਦਿੰਦੇ ਹੋ ਜਦੋਂ ਕਦੀ ਵੀ ਤੁਸੀਂ ਕਿਸੇ ਦੁਖਦਾਇਕ ਹਾਦਸੇ ਦੇ ਡਰ ਨੂੰ ਆਪਣੇ ਦਿਲ ਵਿਚ ਭਾਰੂ ਹੋ ਜਾਣ ਦਿੰਦੇ ਹੋ, ਜਦੋਂ ਵੀ ਤੁਸੀਂ ਈਰਖਾ, ਦਵੈਸ਼ ਜਾਂ ਕਿਸੇ ਨੀਵੀਂ ਜੇਹੀ ਮਨ ਤਰੰਗ ਦਾ ਸ਼ਿਕਾਰ ਹੁੰਦੇ ਹੋ, ਉਦੋਂ ਤੁਹਾਡੇ ਸਰੀਰ ਦਾ ਹਰ ਅਣੂ ਉਸ ਦੇ ਅਸਰ ਹੇਠ ਆ ਜਾਂਦਾ ਹੈ। ਏਸੇ ਤਰ੍ਹਾਂ ਹੀ ਉਹ ਤੁਹਾਡੇ ਜੋਸ਼, ਤੁਹਾਡੀ ਖੁਸ਼ੀ, ਤੁਹਾਡੇ ਹੌਂਸਲੇ, ਤੁਹਾਡੇ ਵਿਸ਼ਵਾਸ ਤੇ ਤੁਹਾਡੀ ਹਿੰਮਤ ਦੇ ਅਸਰ ਨੂੰ ਸਵੀਕਾਰਦੇ ਹਨ। ਤੁਸੀਂ ਜਿਹੜਾ ਵੀ ਇਸ਼ਾਰਾ ਜਾਂ ਸੁਝਾਉ ਉਨ੍ਹਾਂ ਨੂੰ ਦਿੰਦੇ ਹੋ ਉਸੇ ਦੇ ਅਨੁਕੂਲ ਉਹ ਹੌਂਸਲੇ ਵਾਲੇ ਜਾਂ ਹੌਂਸਲਾ-ਰਹਿਤ ਹੋ ਜਾਂਦੇ ਹਨ ਤੇ ਉਸੇ ਦੇ ਅਨੁਕੂਲ ਉਨ੍ਹਾਂ ਦੇ ਕੰਮ ਕਰਨ ਦੀ ਸੰਭਾਵਨਾ ਵੱਧ ਜਾਂ ਘੱਟ ਹੁੰਦੀ ਰਹਿੰਦੀ ਹੈ।

ਜਿਵੇਂ ਤੁਸੀਂ ਆਪਣੇ ਸਰੀਰ ਦੇ ਕਿਸੇ ਅਣੂ ਦੇ ਸਬੰਧ ਵਿਚ ਸੋਚਦੇ ਹੋ ਉਸੇ ਮੁਤਾਬਕ ਉਹ ਅਣੂ ਆਪਣੇ ਨਿਜ ਦੇ ਕਰਤੱਵ ਰਾਹੀਂ ਤੁਹਾਨੂੰ ਬਣਾ ਦਿੰਦਾ ਹੈ। ਜੇ ਤੁਸੀਂ ਆਪਣੇ ਮਿਹਦੇ ਤੇ ਪਾਚਨ-ਸ਼ਕਤੀ ਵਾਲੇ ਅੰਗਾਂ ਦੇ ਸਬੰਧ ਵਿਚ ਵਿਰੋਧੀ ਤੇ ਭੈੜੀਆਂ ਗੱਲਾਂ ਕਰਦੇ ਹੈ, ਉਨ੍ਹਾਂ ਦਾ ਉਤਸ਼ਾਹ ਘਟਾਉਂਦੇ ਹੈ, ਉਨ੍ਹਾਂ ਦੇ ਸਬੰਧ ਵਿਚ

ਭੈੜੇ ਸ਼ਬਦ ਵਰਤਦੇ ਹੋ ਤਾਂ ਤੁਸੀਂ ਉਨ੍ਹਾਂ ਅੰਗਾਂ ਦੇ ਅਣੂਆਂ ਤੋਂ ਚੰਗੇ ਕਰਤੱਵ ਦੀ ਆਸ ਨਹੀਂ ਰੱਖ ਸਕਦੇ। ਜੇ ਤੁਸੀਂ ਆਪਣੇ ਨੌਕਰਾਂ ਜਾਂ ਬੱਚਿਆਂ ਤੋਂ ਕਰੜਿਆਂ ਤਰੀਕਿਆਂ ਨਾਲ ਚੰਗਾ ਕੰਮ ਨਹੀਂ ਲੈ ਸਕਦੇ ਤਾਂ ਤੁਹਾਨੂੰ ਆਪਣੇ ਸਰੀਰ ਦੇ ਅਣੂਆਂ ਪਾਸੋਂ ਵੀ ਇਹੋ ਹੀ ਆਸ ਕਰਨੀ ਚਾਹੀਦੀ ਹੈ। ਜੇ ਤੁਸੀਂ ਉਨ੍ਹਾਂ ਵਿਰੁੱਧ ਗੱਲਾਂ ਕਰਦੇ ਰਹਿੰਦੇ ਹੋ, ਜਾਂ ਉਨ੍ਹਾਂ ਨਾਲ ਦੁਸ਼ਮਣੀ ਕਰਦੇ ਹੋ ਤਾਂ ਉਨ੍ਹਾਂ ਦਾ ਹੌਂਸਲਾ ਟੁੱਟ ਜਾਂਦਾ ਹੈ ਤੇ ਉਹ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਨਾ ਨਿਭਾ ਕੇ ਆਪਣਾ ਗੁੱਸਾ ਪਰਗਟ ਕਰਦੇ ਹਨ।

ਜਿਸ ਤਰ੍ਹਾਂ ਦਾ ਸਲੂਕ ਅਸੀਂ ਆਪਣੇ ਮਿਹਦੇ, ਜਿਗਰ, ਗੁਰਦਿਆਂ ਤੇ ਸਰੀਰ ਦੇ ਹੋਰ ਹਿੱਸਿਆਂ ਦੇ ਛੋਟੇ ਛੋਟੇ ਅਣੂਆਂ ਨਾਲ ਕਰਦੇ ਹਾਂ, ਜੇ ਉਹੋ ਜੇਹਾ ਹੀ ਸਲੂਕ ਅਸੀਂ ਆਪਣੇ ਨੌਕਰਾਂ ਜਾਂ ਬੱਚਿਆਂ ਨਾਲ ਕਰੀਏ, ਸਦਾ ਉਨ੍ਹਾਂ ਤੇ ਗਿਲੇ ਉਲਾਂਭੇ ਕਰਦੇ ਰਹੀਏ, ਕੰਮ ਚੰਗੀ ਤਰ੍ਹਾਂ ਨਾ ਕਰਨ ਦੇ ਬਦਲੇ ਝਿੜਕਦੇ ਝੰਬਦੇ ਰਹੀਏ, ਜੇ ਸਾਡੇ ਦਿਲ ਵਿਚ ਉਨ੍ਹਾਂ ਸਬੰਧੀ ਸ਼ੰਕੇ ਹੀ ਭਰੇ ਰਹਿਣ, ਜੋ ਅਸੀਂ ਉਨ੍ਹਾਂ ਦੀ ਕਰੜੀ ਨਿਗਰਾਨੀ ਏਸ ਡਰ ਨਾਲ ਕਰਦੇ ਰਹੀਏ ਕਿ ਕਿਤੇ ਉਹ ਸਾਨੂੰ ਧੋਖਾ ਨਾ ਦੇ ਜਾਣ ਤਾਂ ਯਾਦ ਰਖੋ ਉਨ੍ਹਾਂ ਕੋਲੋਂ ਚੰਗਾ ਫਲ ਨਹੀਂ ਮਿਲ ਸਕਦਾ।

ਜ਼ਰਾ ਵਿਚਾਰੋ ਕਿ ਬਦਹਜ਼ਮੀ ਦੀ ਸ਼ਿਕਾਇਤ ਕਰਨ ਵਾਲਾ, ਇਕ ਮਰੀਅਲ ਜੇਹਾ ਮਨੁੱਖ ਸਾਰੀ ਉਮਰ ਨੁਕਤਾ ਚੀਨੀ ਤੇ ਹੌਂਸਲਾ ਢਾਹੁਣ ਵਾਲੇ ਖਿਆਲਾਂ ਨਾਲ ਆਪਣੇ ਸਰੀਰ ਦੇ ਅਣੂਆਂ ਨੂੰ ਕਿੰਨਾਂ ਨੁਕਸਾਨ ਪੁਚਾਉਂਦਾ ਹੈ ? ਜਿਹੜਾ ਮਨੁੱਖ ਆਪਣੇ ਹਾਜਮੇ ਦੀ ਸ਼ਕਾਇਤ ਕਰਦਾ ਰਹਿੰਦਾ ਹੈ ਤੇ ਕਹਿੰਦਾ ਰਹਿੰਦਾ ਹੈ ਕਿ ਮੇਰੀ ਪਾਚਨ-ਸ਼ਕਤੀ ਬਿਲਕੁਲ ਖਰਾਬ ਹੋ ਗਈ, ਮੈਂ ਜੋ ਕੁਝ ਖਾਣਾ ਚਾਹੁੰਦਾ ਹਾਂ ਉਸ ਨੂੰ ਹਜ਼ਮ ਨਹੀਂ ਕਰ ਸਕਦਾ ਤੇ ਜਿਹੜੀਆਂ ਚੀਜ਼ਾ ਮੈਨੂੰ ਚੰਗੀਆਂ ਨਹੀਂ ਲੱਗਦੀਆਂ ਉਹ ਖਾਣੀਆਂ ਪੈਂਦੀਆਂ ਹਨ। ਜ਼ਰਾ ਸੋਚੋ, ਇਹ ਮਨੁੱਖ ਆਪਣੇ ਹਾਜ਼ਮੇ ਵਾਲੇ ਅੰਗਾਂ ਦਾ ਕੀ ਹਾਲ ਕਰ ਰਿਹਾ ਹੈ? ਜਦੋਂ ਕਿ ਖੁਰਾਕ ਦੀ ਇਕ ਇਕ

ਬੁਰਕੀ ਨਾਲ ਇਕ ਗਰਾਹੀ ਬਦਹਜ਼ਮੀ ਦੀ ਵੀ ਨਿਗਲੀ ਜਾਂਦੀ ਹੋਵੇ ਤਾਂ ਅਸਚਰਜ ਦੀ ਗੱਲ ਹੈ ਕਿ ਇਹ ਬਦਹਜ਼ਮੀ ਕਿਉਂ ਨਾ ਪੁਰਾਣੀ ਹੋ ਜਾਵੇ। ਖ਼ਿਆਲ ਕਰੋ ਕਿ ਇਹੋ ਜੇਹੇ ਤਬੀਅਤ ਦੇ ਝੁਕਾਉ ਦਾ ਅਸਰ ਹਾਜ਼ਮੇ ਦੀ ਤਾਕਤ ਤੇ ਸਰੀਰ ਦੇ ਹੋਰ ਅੰਗਾਂ ਤੇ ਕੀ ਹੋਵੇਗਾ ?

ਜੇ ਤੁਸੀਂ ਬਦਹਜ਼ਮੀ ਦੀ ਤਕਲੀਫ ਭੋਗ ਰਹੇ ਹੋ ਤਾਂ ਇਸ ਦਾ ਕਾਰਣ ਇਹ ਹੈ ਕਿ ਤੁਹਾਨੂੰ ਭਰੋਸਾ ਨਹੀਂ ਕਿ ਤੁਹਾਡੇ ਹਾਜ਼ਮੇ ਵਾਲੇ ਅੰਗ ਤੁਹਾਡੀ ਖ਼ੁਰਾਕ ਵੱਲ ਪੂਰਾ ਧਿਆਨ ਦੇ ਸਕਦੇ ਹਨ ਜਾਂ ਨਹੀਂ। ਤੁਸੀਂ ਦੁੱਖ ਸਹਿੰਦੇ ਹੋ ਕਿਉਂਕਿ ਤੁਸੀਂ ਦੁੱਖ ਦੀ ਆਸ ਲਾਈ ਰੱਖਦੇ ਹੋ। ਜਿਸ ਚੀਜ਼ ਦੀ ਤੁਹਾਨੂੰ ਆਸ ਹੁੰਦੀ ਹੈ ਉਹ ਤੁਹਾਨੂੰ ਮਿਲ ਜਾਂਦੀ ਹੈ। ਜੇ ਤੁਸੀਂ ਇਹ ਆਸ ਰਖੋਗੇ ਕਿ ਤੁਹਾਡਾ ਸਰੀਰ ਆਪਣਾ ਸਾਰਾ ਕੰਮ ਠੀਕ ਠੀਕ ਕਰੇ ਤਾਂ ਜ਼ਰੂਰ ਸਭ ਕੁਝ ਠੀਕ ਹੋਵੇਗਾ। ਆਪਣੇ ਸਰੀਰ ਦੀ ਮਸ਼ੀਨ ਨੂੰ ਹਰ ਤਰ੍ਹਾਂ ਠੀਕ ਠਾਕ ਖ਼ਿਆਲ ਕਰੋ। ਆਪਣੇ ਅੰਗਾਂ ਨਾਲ ਅਜੇਹਾ ਵਰਤਾਉ ਕਰੋ ਜਿਵੇਂ ਉਹ ਆਪਣਾ ਆਪਣਾ ਕੰਮ ਠੀਕ ਕਰ ਰਹੇ ਹਨ। ਆਸ ਰੱਖੋ ਕਿ ਤੁਹਾਡੇ ਸਰੀਰ ਅੰਦਰ ਅਣੂਆਂ ਦੇ ਸਮੂਹ ਇਕਸੁਰਤਾ ਨਾਲ ਕੰਮ ਕਰਨ। ਉਨ੍ਹਾਂ ਵਿਚ ਅਜੋੜਤਾ ਨਾ ਹੋਵੇ। ਸਰੀਰ ਦੇ ਅੰਗਾਂ ਦੇ ਸਬੰਧ ਵਿਚ ਕਿਸੇ ਕਿਸਮ ਦਾ ਸ਼ੱਕ ਸ਼ੁਭੇ ਵਾਲਾ ਰਵਈਆ ਨਾ ਬਣਾਓ। ਵਿਸ਼ਵਾਸ ਰਖੋ ਕਿ ਜਿਹੜਾ ਕੰਮ ਉਨ੍ਹਾਂ ਦੇ ਜ਼ਿਮੇ ਹੈ ਉਸ ਕੰਮ ਨੂੰ ਉਹ ਜ਼ਰੂਰ ਕਰਨਗੇ ਤੇ ਠੀਕ ਠੀਕ ਕਰਨਗੇ। ਇਨ੍ਹਾਂ ਅੰਗਾਂ ਤੇ ਉਸੇ ਤਰ੍ਹਾਂ ਯਕੀਨ ਕਰੋ ਜਿਸ ਤਰ੍ਹਾਂ ਆਪਣੇ ਬੱਚਿਆਂ ਤੇ ਨੌਕਰਾਂ ਤੇ ਇਤਬਾਰ ਕਰੀਦਾ ਹੈ। ਉਨ੍ਹਾਂ ਤੇ ਭਰੋਸਾ ਰੱਖੋ, ਉਨ੍ਹਾਂ ਨਾਲ ਪਿਆਰ ਦਾ ਵਤੀਰਾ ਰੱਖੋ। ਚੁਗਲੀ ਲਗਾਉਣ ਤੇ ਬੁਰਾ ਭਲਾ ਕਹਿਣ ਦੀ ਥਾਂ ਉਤਸ਼ਾਹ ਦਿਉ। ਉਨ੍ਹਾਂ ਦੀ ਸ਼ਲਾਘਾ ਕਰੋ, ਨਤੀਜਾ ਇਹ ਹੋਵੇਗਾ ਕਿ ਉਹ ਆਪਣਾ ਕੰਮ ਚੰਗੀ ਤਰ੍ਹਾਂ ਨਾਲ ਕਰਨਗੇ ਤੇ ਤੁਹਾਡੀ ਸਿਹਤ ਸੋਹਣੀ ਤੇ ਚੰਗੀ ਹੋ ਜਾਵੇਗੀ।

ਜੇ ਕਿਸੇ ਅੰਗ ਦੇ ਅਣੂ ਬੀਮਾਰ ਹੋ ਗਏ ਹੋਣ ਤਾਂ ਸਿਹਤ ਦਾ ਖ਼ਿਆਲ, ਸਿਹਤ ਦਾ ਆਪਣੇ ਮੂੰਹੋਂ ਇਕਰਾਰ ਤੇ ਦਿਮਾਗ਼ ਵਿਚ ਸਿਹਤ ਦਾ ਖ਼ਿਆਲ, ਉਨ੍ਹਾਂ ਨੂੰ ਅਰੋਗ ਕਰ ਦੇਵੇਗਾ। ਅਰੋਗਤਾ ਦੇਣ ਵਾਲੇ ਖਿਆਲਾਂ ਦੀਆਂ ਉਤਸ਼ਾਹਦਾਇਕ ਲਹਿਰਾਂ ਖ਼ਰਾਬ ਜਾਂ ਬੀਮਾਰ ਅੰਗ ਵੱਲ ਭੇਜਣ ਨਾਲ ਅਣੂਆਂ ਦੇ ਜੀਵਨ ਵਿਚ ਹੁਲਾਰਾ ਆ ਜਾਂਦਾ ਹੈ, ਅਣੂਆਂ ਦੇ ਸੰਗਠਨ ਦਾ ਉਤਸ਼ਾਹ ਵਧਦਾ ਹੈ, ਮਿਹਦਾ, ਗੁਰਦੇ, ਦਿਲ, ਜਿਗਰ, ਚੇਚਕੇ ਆਦਿ ਸਭਨਾ ਤੇ ਆਸ਼ਾਵਾਦੀ ਖਿਆਲਾਂ ਦਾ ਅਸਰ ਪੈਂਦਾ ਹੈ। ਦੂਜੇ ਸ਼ਬਦਾਂ ਵਿਚ ਬੀਮਾਰ ਹੋਏ ਅੰਗ ਅੰਦਰ ਸਿਹਤ ਦਾ ਖ਼ਿਆਲ ਪਾਉਣ ਨਾਲ, ਜੀਵਨ ਤੇ ਸਚਾਈ ਦਾ ਯਕੀਨ ਦੁਆਉਣ ਨਾਲ, ਬੀਮਾਰੀ ਦੀ ਛੂਤ ਦੂਰ ਹੋ ਜਾਂਦੀ ਹੈ। ਅਣੂਆਂ ਵਿਚ ਲੁਕਿਆ ਜੀਵਨ ਦਾ ਬਲ ਜਾਗ ਪੈਂਦਾ ਹੈ ਤੇ ਸਾਧਾਰਨ ਸਿਹਤ ਵਾਲੀ ਅਵਸਥਾ ਹੋ ਜਾਂਦੀ ਹੈ।

ਇਹ ਗੱਲ ਅਸੀਂ ਜਾਣ ਗਏ ਹਾਂ ਕਿ ਜੋ ਕੁਝ ਅਸੀਂ ਚਾਹੁੰਦੇ ਹਾਂ ਉਹ ਸਾਨੂੰ ਵੱਖੋ ਵੱਖਰੇ ਅੰਗਾਂ ਤੋਂ ਪ੍ਰਾਪਤ ਹੁੰਦਾ ਹੈ। ਦਿਮਾਗ ਤੇ ਵੀ ਇਹੋ ਨੇਮ ਲਾਗੂ ਹੁੰਦਾ ਹੈ। ਜੇ ਅਸੀਂ ਕਿਸੇ ਵਸਤੂ ਦੀ ਆਸ਼ਾ ਨਹੀਂ ਕਰਦੇ ਤਾਂ ਸਾਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਜੇ ਤੁਹਾਨੂੰ ਆਪਣੇ ਦਿਮਾਗ ਤੇ ਭਰੋਸਾ ਨਹੀਂ ਤਾਂ ਤੁਹਾਡੀ ਇਸ ਬੇ-ਭਰੋਸਗੀ ਦੇ ਬਦਲੇ ਵਿਚ ਉਹ ਤੁਹਾਨੂੰ ਕਮਜ਼ੋਰੀ, ਘਟੀਆ ਸਿਹਤ ਤੇ ਉਦਾਸੀ ਦੇਵੇਗਾ। ਇਸ ਦੇ ਉਲਟ ਜੇ ਤੁਹਾਨੂੰ ਆਪਣੇ ਦਿਮਾਗ਼ ਤੇ ਦ੍ਰਿੜ ਵਿਸ਼ਵਾਸ ਹੈ, ਜੇ ਤੁਸੀਂ ਉਸ ਤੋਂ ਵੱਡੀ ਤੋਂ ਵੱਡੀ ਗੱਲ ਦੀ ਆਸ਼ਾ ਰੱਖਦੇ ਹੋ ਤਾਂ ਉਹ ਤੁਹਾਡੀਆਂ ਆਸ਼ਾਂ ਦੇ ਅਨੁਕੂਲ ਕੰਮ ਕਰ ਵਿਖਾਏਗਾ।

ਇਹੋ ਗੱਲ ਸਰੀਰ ਦੇ ਹਰ ਹਿੱਸੇ ਦੀਆਂ ਰਗਾਂ ਨਸਾਂ ਦੇ ਸਬੰਧ ਵਿਚ ਠੀਕ ਹੈ। ਆਪਣੇ ਰਗਾਂ ਪੱਠਿਆਂ ਤੇ ਭਰੋਸਾ ਰੱਖੋ, ਦਿਲ ਵਿਚ ਯਕੀਨ ਰਖੋ ਇਹ ਤੱਕੜੇ ਤੇ ਰਿਸ਼ਟ ਪੁਸ਼ਟ ਹਨ। ਵਿਸ਼ਵਾਸ ਰੱਖੋ ਕਿ ਤੁਸੀਂ ਵੱਡੇ ਵੱਡੇ ਭਾਰ ਚੁੱਕ ਸਕਦੇ ਹੋ, ਕਸਰਤ ਦੇ ਕਮਾਲ ਦੇ ਕਰਤਬ ਕਰ ਕੇ ਵਿਖਾ ਸਕਦੇ ਹੋ, ਨਤੀਜਾ ਇਹ

ਹੋਵੇਗਾ ਕਿ ਤੁਹਾਡੇ ਸਰੀਰ ਦੇ ਪੰਜ ਸੌ ਰਗ ਪੱਠੇ ਤੁਹਾਡੀ ਸਹਾਇਤਾ ਲਈ ਖੜ੍ਹੇ ਹੋ ਜਾਣਗੇ ਤੇ ਤੁਹਾਡੀ ਆਸ਼ਾ ਨੂੰ ਪੂਰਾ ਕਰ ਦਿਖਾਉਣਗੇ।

ਜਾਨਵਰਾਂ ਦੇ ਸਬੰਧ ਵਿਚ ਵੀ ਇਹ ਗੱਲ ਠੀਕ ਹੈ। ਜਦੋਂ ਦੌੜ ਦੇ ਘੋੜੇ ਨੂੰ ਆਪਣੀ ਦੌੜ ਸ਼ਕਤੀ ਤੇ ਭਰੋਸਾ ਨਹੀਂ ਰਹਿੰਦਾ ਤਾਂ ਉਹ ਆਪਣੀ ਪਹਿਲੀ ਤੇਜ਼ੀ ਨੂੰ ਮੁੜ ਕੇ ਨਹੀਂ ਪ੍ਰਾਪਤ ਕਰ ਸਕਦਾ। ਜਦੋਂ ਘੋੜੇ ਨੂੰ ਯਕੀਨ ਹੁੰਦਾ ਹੈ ਕਿ ਉਹ ਦੂਜਿਆਂ ਨੂੰ ਦੌੜ ਵਿਚ ਪਿੱਛੇ ਛੱਡ ਸਕਦਾ ਹੈ ਉਹ ਜਿੱਤਦਾ ਰਹਿੰਦਾ ਹੈ ਪਰ ਜਦੋਂ ਉਹ ਦੋ ਚਾਰ ਵਾਰ ਬਾਜ਼ੀ ਹਾਰ ਜਾਂਦਾ ਹੈ ਤਾਂ ਉਸ ਨੂੰ ਹਾਰਨ ਦੀ ਆਦਤ ਪੈ ਜਾਂਦੀ ਹੈ ਤੇ ਉਸਦਾ ਆਪਣੇ ਆਪ ਤੇ ਭਰੋਸਾ ਨਹੀਂ ਰਹਿੰਦਾ। ਉਹਨੂੰ ਹਾਰ ਜਾਣ ਦਾ ਯਕੀਨ ਹੋ ਜਾਂਦਾ ਹੈ ਤੇ ਉਹ ਹਾਰ ਹੀ ਜਾਂਦਾ ਹੈ।

ਸਿਹਤ ਦੇ ਖਿਆਲਾਂ ਨੂੰ ਸਾਰੇ ਸਰੀਰ ਵਿਚ ਇਸ ਤਰ੍ਹਾਂ ਲੰਘਾਉਣਾ ਚਾਹੀਦਾ ਹੈ ਕਿ ਰਗ ਰਗ, ਰੇਸ਼ੇ ਰੇਸ਼ੇ, ਅਣੂ ਅਣੂ ਵਿਚ ਸਿਹਤ ਦੇ ਜ਼ੋਰ ਵਾਲੀ ਬਿਜਲੀ ਦੀ ਬਰਥਰਾਹਟ ਹੋਣ ਲੱਗ ਪਏ। ਇਹ ਹੁਨਰ ਸਾਰੇ ਹੁਨਰਾਂ ਦਾ ਸ਼੍ਰੋਮਣੀ ਹੈ। ਇਸ ਦਾ ਮਤਲਬ ਪੂਰੀ ਪੂਰੀ ਸਿਹਤ, ਪੂਰੀ ਪੂਰੀ ਲਿਆਕਤ ਤੇ ਪੂਰੀ ਪੂਰੀ ਖ਼ੁਸ਼ੀ ਨੂੰ ਪ੍ਰਾਪਤ ਕਰਨਾ ਹੈ।

ਜਿਵੇਂ ਸਿਹਤ ਦੇ ਖਿਆਲਾਂ ਨਾਲ ਸਰੀਰ ਦੇ ਅਣੂਆਂ ਦੇ ਜੀਵਨ ਵਿਚੋਂ ਬੀਮਾਰੀ ਨੂੰ ਕੱਢਿਆ ਜਾ ਸਕਦਾ ਹੈ ਉਵੇਂ ਹੀ ਦਿਮਾਗ਼ ਦੇ ਕੇਂਦਰੀ ਸਟੇਸ਼ਨ ਵਿਚੋਂ ਧਨ, ਤਰੱਕੀ, ਬਹੁਲਤਾ ਤੇ ਸਫਲਤਾ ਦੇ ਖ਼ਿਆਲ ਪੱਕੇ ਕਰ ਕੇ ਗਰੀਬੀ ਦੀ, ਬੀਮਾਰੀ ਦੀ, ਜੜ੍ਹ ਕੱਟੀ ਜਾ ਸਕਦੀ ਹੈ।

ਜੇ ਤੁਸੀਂ ਲਗਾਤਾਰ ਆਪਣੀ ਦੈਵੀਅਤਾ, ਆਪਣੀ ਹੋਂਦ ਦੀ ਅਮਰਤਾ ਅਤੇ ਆਪਣੇ ਆਪੇ ਦੀ ਸਚਾਈ ਨੂੰ ਅਕਾਲ ਪੁਰਖ ਨਾਲ ਇਕ ਮਿਕ ਹੋਈ ਹੋਈ ਸਮਝਦੇ ਰਹੋ ਅਤੇ ਇਹ ਖ਼ਿਆਲ ਮਨ ਵਿਚ ਵਸਾਈ ਰੱਖੋ ਕਿ ਤੁਹਾਡੀ ਸਿਹਤ ਪਰਮਾਤਮਾ ਹੈ, ਉਹ ਹਰ ਕਿਣਕੇ ਵਿਚ ਵਿਆਪਕ ਹੈ, ਉਹ ਤੁਹਾਡੇ ਸਰੀਰ ਦੇ ਹਰ

ਅਣੂ ਵਿਚ ਵਸਦਾ ਹੈ, ਤੇ ਉਹਦੀ ਹੋਂਦ ਸਾਰੀਆਂ ਬੀਮਾਰੀਆਂ, ਰੋਗਾਂ ਅਤੇ ਕਮਜ਼ੋਰੀਆਂ, ਘਾਟਿਆਂ ਅਤੇ ਅਪਰਸੰਨਤਾ ਨੂੰ ਦੂਰ ਕਰ ਦਿੰਦੀ ਹੈ ਤਾਂ ਤੁਸੀਂ ਆਪਣੇ ਸਰੀਰ ਦੇ ਹਰ ਅਣੂ ਵਿਚ ਵਾਹਿਗੁਰੂ ਦੀ ਹੋਂਦ ਸਬੰਧੀ ਚੇਤਨਤਾ ਭਰ ਦੇਂਦੇ ਹੋ ਫੇਰ ਤੁਸੀਂ ਅਰੋਗ, ਪਰਸੰਨ ਅਤੇ ਰੱਜੇ ਪੁੱਜੇ ਤੋਂ ਛੁਟ ਹੋਰ ਕੁਝ ਹੋ ਹੀ ਨਹੀਂ ਸਕਦੇ।

ਜਦੋਂ ਤੁਹਾਨੂੰ ਇਹ ਗਿਆਨ ਹੋ ਜਾਵੇਗਾ ਕਿ ਤੁਹਾਡੇ ਸਰੀਰ ਦੇ ਅਣੂ ਅਣੂ ਤੋਂ ਰੋਮ ਰੋਮ ਵਿਚ ਹੱਥ ਵਸਦਾ ਹੈ ਤਾਂ ਨਜ਼ਲਾ, ਜੁਕਾਮ, ਗੰਠੀਆਂ, ਕੈਂਸਰ ਫੋੜੇ ਦਾ ਜ਼ਹਿਰ ਡਰ ਭੌ, ਦੁਖ ਦਰਦ ਬੇਸੁਰਾਪਨ, ਗੱਲ ਕੀ ਕੋਈ ਕਿਸੇ ਪ੍ਰਕਾਰ ਦਾ ਦੁੱਖ ਵੀ ਤੁਹਾਡੇ ਅੰਦਰ ਨਹੀਂ ਰਹਿ ਸਕੇਗਾ। ਜਦੋਂ ਤੁਸੀਂ ਇਸ ਗੱਲ ਨੂੰ ਸਮਝਣ ਲੱਗ ਪਵੇਗੇ ਕਿ ਵਾਹਿਗੁਰੂ ਅਕਾਲ ਪੁਰਖ ਤੁਹਾਡੇ ਅੰਗ ਸੰਗ ਹੈ ਤੇ ਤੁਹਾਡੇ ਸਰੀਰ ਦਾ ਰੋਮ ਰੋਮ ਉਸੇ ਦੀ ਰਜਾ ਵਿਚ ਚਲਦਾ ਹੈ ਤਾਂ ਤੁਹਾਡੇ ਸਰੀਰ ਦੇ ਕਿਸੇ ਅੰਗ ਵਿਚ ਵੀ ਕੋਈ ਤਕਲੀਫ ਨਹੀਂ ਰਹਿ ਸਕਦੀ ਕਿਉਂਕਿ ਸਾਰਾ ਜੀਵਨ ਰੱਬ ਦਾ ਹੀ ਜ਼ਹੂਰ ਹੈ।

ਰੱਬ ਦੀ ਚੇਤਨਤਾ ਤੇ ਇਸ ਗੱਲ ਦਾ ਗਿਆਨ, ਕਿ ਰੱਬ ਸਾਡੇ ਸਰੀਰ ਦੇ ਰੋਮ ਰੋਮ ਵਿਚ ਵਸ ਰਿਹਾ ਹੈ ਉਥੇ ਕੋਈ ਬੇਸੁਰਤਾ, ਬੀਮਾਰੀ, ਕਮਜ਼ੋਰੀ ਨਹੀਂ ਤੇ ਜਿਥੇ ਉਹ ਵਸਦਾ ਹੈ ਰਹਿ ਸਕਦੀ, ਜਿਥੇ ਰੱਬ ਹੈ ਉਥੇ ਸਿਹਤ ਤੇ ਸੁੰਦਰਤਾ ਹੀ ਹੋ ਸਕਦੀ ਹੈ, ਰੱਬ ਸਚਾਈ ਹੈ, ਤੁਹਾਨੂੰ ਬੰਧਨਾ ਤੋਂ ਮੁਕਤ ਕਰਦੀ ਹੈ ਕਿਉਂਕਿ ਇਹ ਤੁਹਾਡੀ ਤੇ ਸਚਾਈ ਹਸਤੀ ਦੀ ਜਾਨ ਹੈ ਇਸ ਤਰ੍ਹਾਂ ਦੀ ਚੇਤਨਤਾ ਕਿ ਤੁਸੀਂ ਰੱਬ ਨਾਲ ਇਕ ਮਿਕ ਹੋਏ ਹੋਏ ਹੋ, ਤੁਹਾਨੂੰ ਤੁਹਾਡੀ ਸਿਹਤ ਦੇ ਵਿਰੋਧੀਆਂ ਤੋਂ ਸਫਲਤਾ ਤੇ ਖੁਸ਼ੀ ਦੇ ਵੈਰੀਆਂ ਤੋਂ ਛੁਟਕਾਰਾ ਦਿਵਾ ਦਿੰਦੀ ਹੈ।

ਰੱਬ ਸਬੰਧੀ ਇਸ ਚੇਤਨਤਾ ਨੂੰ ਆਪਣੇ ਸਰੀਰ ਦੇ ਅਣੂ ਅਣੂ ਤੇ ਉੱਕਰ ਦੇਵੋ। ਕੇਵਲ ਇਸੇ ਹੀ ਖ਼ਿਆਲ ਦੇ ਨਾਲ ਚਿੰਬੜ ਜਾਵੋ ਕਿ ਰੱਬ ਸਭ ਕੁਝ ਹੈ, ਸਰਬ-ਵਿਆਪੀ ਹੈ, ਰੱਬ ਤੋਂ ਹੋਰ ਛੁਟ ਹੋਰ ਕੁਝ ਨਹੀਂ, ਜੋ ਕੁਝ ਤੁਸੀਂ ਦੇਖਦੇ

ਹੋ, ਜਿਥੇ ਕਿਤੇ ਜਾਂਦੇ ਹੋ, ਉਹ ਸਭ ਕੁਝ ਰੱਬ ਹੀ ਹੈ। ਫੇਰ ਕਹੋ ਕਿ ਹਰ ਪਾਸੇ ਰੱਬ ਤੋਂ ਸਿਵਾ, ਹੋਰ ਕੁਝ ਵੀ ਨਹੀਂ ਤੇ ਸਭ ਕੁਝ ਹੀ ਚੰਗਾ ਹੈ ਕਿਉਂਕਿ ਉਹਦੇ ਵਿਚ ਰੱਬ ਹੈ। ਸੋ ਜਿਹੜੀ ਵਸਤੂ ਤੁਹਾਨੂੰ ਚੰਗੀ ਨਹੀਂ ਜਾਪਦੀ ਉਹ ਸਚਾਈ ਨਹੀਂ, ਸਚਾਈ ਦੀ ਅਣਹੋਂਦ ਹੈ। ਇਸ ਖ਼ਿਆਲ ਨੂੰ ਹਰ ਵੇਲੇ ਦਿਲ ਵਿਚ ਰਖੋ ਤਾਂ ਤੁਸੀਂ ਆਪਣੀ ਹਸਤੀ ਦੇ ਸਾਰੇ ਵਿਰੋਧੀਆਂ ਤੋਂ ਛੁਟਕਾਰਾ ਪਾ ਲਵੋਗੇ।

ਜੇ ਅਸੀਂ ਹਰ ਤਰ੍ਹਾਂ ਦੇ ਬੰਧਨਾਂ ਤੇ ਰੁਕਾਵਟਾਂ ਤੋਂ ਛੁਟਕਾਰਾ ਚਾਹੁੰਦੇ ਹਾਂ ਤਾਂ ਸਾਡੇ ਲਈ ਜ਼ਰੂਰੀ ਹੈ ਕਿ ਜਿੱਤ ਵਾਲੇ ਖ਼ਿਆਲ ਨੂੰ ਸਰੀਰ ਦੇ ਹਰ ਅਣੂ ਤੇ ਉਕੱਰ ਦਈਦੇ। ਅਸਾਂ ਨੇ ਆਪਣੇ ਸਰੀਰ ਵਿਚੋਂ ਦੀ ਨਾ ਨਿਰੇ ਸਿਹਤ ਤੇ ਤਾਕਤ ਦੇ ਖਿਆਲਾਂ ਦਾ ਅਕਸ ਬਾਹਰ ਪਉਣਾ ਹੈ ਸਗੋਂ ਦਲੇਰੀ, ਆਸ਼ਾ, ਭਰੋਸਾ, ਚੰਗੀ ਅਵਸਥਾ ਦੀ ਆਸ ਦਾ ਝਲਕਾਰਾ ਵੀ ਪਾਉਣਾ ਜਰੂਰੀ ਹੈ। ਸਾਡੇ ਵਿਚੋਂ ਬਹੁਤ ਸਾਰੇ ਲੋਕ ਆਪਣੇ ਸਰੀਰ ਵਿਚ ਗਰੀਬੀ ਦਾ ਖ਼ਿਆਲ, ਅਣਹੋਂਦ ਦਾ ਖ਼ਿਆਲ, ਸਮਾਜਕ ਤੇ ਆ ਬੰਧਨਾਂ ਤੋਂ ਉਤਾਂਹ ਨਾ ਉਠ ਸਕਣ ਦਾ ਖ਼ਿਆਲ ਕਰਦੇ ਰਹਿੰਦੇ ਹਨ ਇਸ ਦੀ ਥਾਂ ਸਾਨੂੰ ਚਾਹੀਦਾ ਹੈ ਕਿ ਰੋਜਵੇਂ, ਆਜ਼ਾਦੀ, ਵਧਣ ਫੂਲਣ ਦੀ ਆਸ਼ਾ, ਧਨ ਦੋਲਤ ਦੇ ਖਿਆਲਾਂ ਦਾ ਪਰਕਾਸ਼ ਕਰਿਆ ਕਰੀਏ। ਆਪਣੇ ਸਰੀਰ ਦੇ ਅਣੂਆਂ ਤੇ ਅਸਫਲਤਾ, ਉਦਾਸੀ, ਅਯੋਗਤਾ ਦੇ ਖਿਆਲਾਂ ਦਾ ਪ੍ਰਭਾਵ ਪਾਉਣ ਦੀ ਥਾਂ ਸਾਨੂੰ ਚਾਹੀਦਾ ਹੈ ਕਿ ਆਪਣੀ ਲਿਆਕਤ ਆਪਣੀ ਉਸ ਸਿਆਣਪ ਤੇ ਪੱਕੀ ਦ੍ਰਿੜਤਾ ਦਾ ਪ੍ਰਭਾਵ ਪਾਈਏ ਜੋ ਹਰ ਕੰਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹ ਸਕਦੀ- ਹੈ, ਕਿਉਂਕਿ ਅਸੀਂ ਰੱਬ ਦੀ ਅੰਸ਼ ਹਾਂ ਤੇ ਰੱਬ ਦੇ ਭੰਡਾਰ ਨਾਲ ਸਾਡਾ ਨੇੜੇ ਦਾ ਸਬੰਧ ਹੈ। ਸਾਨੂੰ ਸਦਾ ਜਿੱਤ ਦੇ ਖਿਆਲਾਂ ਨੂੰ ਪਰਕਾਸ਼ਮਾਨ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ ਤੇ ਕਮਜ਼ੋਰ ਦੀ ਥਾਂ ਸ਼ਕਤੀ- ਸ਼ਾਲੀ ਹੋਣ ਦੇ ਖ਼ਿਆਲ ਪੈਦਾ ਕਰਣ ਦੇ ਜਤਨ ਜਾਰੀ ਰੱਖਣੇ ਚਾਹੀਦੇ ਹਨ।

ਉਸਾਰੀ, ਸਿਹਤ, ਕਾਮਯਾਬੀ ਤੇ ਖੁਸ਼ੀ ਦੇ ਖਿਆਲਾਂ ਦੇ ਥੋੜੇ ਜੇਹੇ, ਅਭਿਆਸ ਨਾਲ ਤਾਕਤ ਦੀ ਥਰਥਰਾਹਟ ਸਾਡੇ ਸਰੀਰ ਦੇ ਦੁਰਾਡੇ ਖੂੰਜੇ ਦੇ ਅਣੂਆਂ ਵਿਚ ਵੀ ਪੁੱਜ ਜਾਵੇਗੀ ਤੇ ਅਸੀਂ ਸਿਹਤ, ਆਸ਼ਾਵਾਦ, ਚੰਗੇ ਖਿਆਲਾਂ ਦੀ ਆਸ਼ਾ ਨੂੰ ਆਪਣੀ ਸਾਰੀ ਹਸਤੀ ਵਿਚ ਇਕ ਹੁਲਾਰਾ ਦਿੰਦੇ ਹੋਏ ਅਨੁਭਵ ਕਰਨ ਲੱਗ ਜਾਵਾਂਗੇ।

ਕਾਂਡ ੧੦

ਆਪਣੇ ਆਪ ਨਾਲ ਦਿਲ ਦੀਆਂ ਗੱਲਾਂ

ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁੱਖ ਹੁੰਦੇ ਹਨ। ਇਕ ਉਹ ਜਿਨ੍ਹਾਂ ਦੀ ਤਬੀਅਤ ਦੀ ਬਣਾਵਟ 'ਨਫੀ' ਵਾਲੀ (Negative) ਹੁੰਦੀ ਹੈ। ਇਹ ਉਹ ਰੋਣੀਆਂ ਸੂਰਤਾਂ ਹਨ ਜਿਨ੍ਹਾਂ ਦੇ ਜੀਵਨ ਦੇ ਸਾਜ਼ ਤੋਂ ਇਹੋ ਸੁਰ ਨਿਕਲਦੀ ਹੈ ਕਿ ਹਾਇ 'ਅਸੀਂ ਤਾਂ ਕੁਝ ਵੀ ਨਹੀਂ ਕਰ ਸਕਦੇ। ਇਸ ਦੇ ਉਲਟ ਦੂਜੇ ਉਹ ਹਨ ਜਿਨ੍ਹਾਂ ਦੀ ਬਣਤਰ ਜਮ੍ਹਾ ਵਾਲੀ (Positive) ਹੁੰਦੀ ਹੈ। ਉਨ੍ਹਾਂ ਦੇ ਰੰਗ ਢੰਗ ਤੋਂ ਇਹੋ ਪਰਗਟ ਹੁੰਦਾ ਹੈ ਕਿ ਉਹ ਹਰ ਕੰਮ ਨੂੰ ਕਰਨ ਲਈ ਤਿਆਰ ਹਨ।

ਆਪਣੇ ਦਿਲ ਨੂੰ ਕਿਹਾ ਕਰੋ - 'ਅਰੋਗਤਾ, ਖੁਸ਼ਕਿਸਮਤੀ, ਜਿਤ, ਸਫਲਤਾ ਮੇਰੇ ਵਿਰਸੇ ਵਿਚ ਆਈਆਂ ਹਨ। ਮੈਂ ਇਨ੍ਹਾਂ ਦਾ ਦਾਹਵੇਦਾਰ ਹਾਂ। ਭਾਵੇਂ ਕੁਝ ਹੀ ਕਿਉਂ ਨਾ ਹੋਵੇ ਤੁਸੀਂ ਇਸ ਖਿਆਲ ਤੋਂ ਦ੍ਰਿੜ੍ਹ ਰਹੋ।

'ਐਲਾ ਵੀਲਰ ਵਿਲਕਾਕਸ'

ਈਸਾਈਆਂ ਦੀ ਧਰਮ-ਪੁਸਤਕ ਵਿਚ ਇਕ ਕਥਨ ਹੈ – 'ਮੇਰੇ ਸ਼ਬਦ ਸਚਾਈ ਤੇ ਅਧਿਆਤਮਕਤਾ ਨਾਲ ਭਰੇ ਹੋਏ ਹਨ। ਉਹ ਮੁੜ ਕੇ ਮੇਰੇ ਕੋਲ ਖਾਲੀ ਨਹੀਂ ਆਉਣਗੇ, ਸਗੋਂ ਜਿਹੜੇ ਮਤਲਬ ਲਈ ਉਹ ਭੇਜੇ ਗਏ ਹਨ ਉਸ ਨੂੰ ਜ਼ਰੂਰ ਪੂਰਾ ਕਰਨਗੇ।' ਕਿੰਨੇ ਕੁ ਲੋਕ ਹਨ ਜਿਹੜੇ ਇਨ੍ਹਾਂ ਸ਼ਬਦਾਂ ਦੀ ਮਹਾਨਤਾ ਨੂੰ ਠੀਕ ਠੀਕ ਸਮਝਦੇ ਹਨ? ਇਕ ਹੋਰ ਕਥਨ ਹੈ - 'ਸ਼ਬਦਾਂ ਨੂੰ ਸਥੂਲ ਰੂਪ ਦਿੱਤਾ ਗਿਆ ਤੇ ਸਥੂਲ ਰੂਪ ਵਿਚ ਉਹ ਸਾਡੇ ਵਿਚ ਰਹਿਣ ਸਹਿਣ ਲਗ ਪਏ।' ਇਸ ਦਾ ਮਤਲਬ

ਵੀ ਕਿੰਨੇ ਕੁ ਲੋਕ ਸਮਝਦੇ ਹਨ? ਸਾਡੇ ਵਿਚੋਂ ਕਿੰਨੇ ਲੋਕ ਇਹ ਖਿਆਲ ਕਰਨ ਤੇ ਸੋਚਣ ਦੀ ਤਕਲੀਫ ਕਰਦੇ ਹਨ ਕਿ ਸਾਡੀ ਆਪਣੀ ਬੋਲੀ ਦੇ ਸ਼ਬਦ, ਸਾਡੇ ਉਚਾਰੇ ਹੋਏ ਖਿਆਲ, ਸਥੂਲ ਰੂਪ ਵਿਚ ਜੀਉਂਦੀਆਂ ਜਾਗਦੀਆਂ ਸ਼ਕਤੀਆਂ ਹਨ ਪਰ ਇਹ ਗੱਲ ਅੱਖਰ ਅੱਖਰ ਸੱਚ ਹੈ ਕਿ ਸਾਡੀਆਂ ਗੱਲਾਂ ਤੇ ਸਾਡੇ ਖਿਆਲ ਸਾਡੇ ਸਰੀਰ ਦੀ ਸ਼ਕਲ ਬਣਾ ਲੈਂਦੇ ਹਨ। ਇਹ ਸਾਡੇ ਚਿਹਰੇ ਨੂੰ ਡੋਲਦੇ ਹਨ ਤੇ ਸਾਡੇ ਪਰਗਟਾਵਾਂ ਨੂੰ ਉਨ੍ਹਾਂ ਦੇ ਸਚੇ ਵਿਚ ਢਾਲ ਦਿੰਦੇ ਹਨ। ਜੋ ਕੁਝ ਅਸੀਂ ਖਿਆਲ ਕਰਦੇ ਹਾਂ ਜਾਂ ਮੂੰਹੋਂ ਬੋਲਦੇ ਹਾਂ, ਉਹ ਖਿਆਲ ਤੇ ਉਹ ਬੋਲ, ਨਾ ਕੇਵਲ ਸਾਡੇ ਚਿਹਰੇ ਤੋਂ ਪਰਗਟ ਹੁੰਦੇ ਹਨ ਸਗੋਂ ਸਾਡੇ ਸਰੀਰ ਦੀ ਹਾਲਤ ਵਿਚ ਚੰਗੀ ਜਾਂ ਬੁਰੀ ਸਿਹਤ ਬਣ ਕੇ ਦਿਸਦੇ ਹਨ। ਹਰ ਸ਼ਬਦ ਜੋ ਸਾਡੇ ਮੂੰਹ ਵਿਚੋਂ ਨਿਕਲਦਾ ਹੈ ਉਹ ਇਕ ਤਾਕਤ ਹੈ ਜਿਹੜੀ ਕਦੇ ਐਵੇਂ ਨਹੀਂ ਜਾਂਦੀ, ਕਿਉਂਕਿ ਉਹ ਕਿਸੇ ਖਿਆਲ, ਕਿਸੇ ਰਾਏ, ਕਿਸੇ ਤਰੰਗ ਜਾਂ ਕਿਸੇ ਹੁਲਾਰੇ ਨੂੰ ਪਰਗਟ ਕਰਦੀ ਹੈ ਜੋ ਆਪਣੇ ਅਸਰ ਦੱਸੇ ਬਿਨਾਂ ਕਦੇ ਨਹੀਂ ਰਹਿੰਦਾ।

ਹਜ਼ਰਤ ਈਸਾ ਇਸ ਗੱਲ ਨੂੰ ਮੰਨਦੇ ਸਨ ਕਿ ਸ਼ਬਦ ਸੱਚੀ ਤਾਕਤ ਹਨ ਤਾਂ ਹੀ ਤਾਂ ਉਨ੍ਹਾਂ ਨੇ ਕਿਹਾ ਸੀ- 'ਧਰਤੀ ਅਕਾਸ਼ ਭਾਵੇਂ ਮਿਟ ਜਾਣ ਪਰ ਮੇਰਾ ਸ਼ਬਦ ਕਦੇ ਨਹੀਂ ਮਿਟੇਗਾ'। ਸਕੂਲ ਚੀਜ਼ਾਂ ਭਾਵੇਂ ਨਾਸ਼ ਹੋ ਜਾਣ ਪਰ ਹਜ਼ਰਤ ਈਸਾ ਦੇ ਸ਼ਬਦ ਇਕ ਅਜੇਹੀ ਸ਼ਕਤੀ ਸਨ ਜਿਹੜੀ ਆਪਣਾ ਅਸਰ ਦਿਖਾਏ ਬਿਨਾਂ ਨਹੀਂ ਸੀ ਰਹਿ ਸਕਦੀ।

ਅੰਜੀਲ ਵਿਚ ਥਾਂ ਥਾਂ ਤੇ ਸ਼ਬਦ ਦੀ ਤਾਕਤ ਉੱਤੇ ਜ਼ੋਰ ਦਿੱਤਾ ਗਿਆ ਹੈ ਤੇ ਕਿਹਾ ਗਿਆ ਹੈ ਕਿ 'ਸ਼ਬਦਾਂ ਨੂੰ ਸਥੂਲ ਰੂਪ ਦਿੱਤਾ ਗਿਆ ਤੇ ਉਹ ਸਾਡੇ ਵਿਚ ਹੀ ਰਹਿੰਦੇ ਹਨ। 'ਸ਼ਬਦ ਰੱਬ ਦੇ ਨਾਲ ਸੀ ਅਤੇ ਸ਼ਬਦ ਹੀ ਰੱਬ ਸੀ'। 'ਰੱਬ ਨੇ ਅਪਣੇ ਸ਼ਬਦ ਭੇਜੇ ਤੇ ਉਨ੍ਹਾਂ ਨੂੰ ਅਰੋਗ ਕਰ ਦਿੱਤਾ।'

ਬੋਲੇ ਹੋਏ ਸ਼ਬਦ ਵਿਚ, ਖਿਆਲ ਨੂੰ ਜ਼ੋਰ ਨਾਲ ਪਰਗਟ ਕਰਨ ਵਿਚ ਇਕ ਗੁੱਝੀ ਤਾਕਤ ਹੁੰਦੀ ਹੈ ਜਿਹੜੀ ਅਚੇਤ ਮਨ ਉੱਤੇ ਬੜਾ ਡੂੰਘਾ ਅਸਰ ਪਾਉਂਦੀ ਹੈ ਤੇ ਸਾਡੇ ਅੰਦਰ ਦੀਆਂ ਚੁਪੀਤੀਆਂ ਸ਼ਕਤੀਆਂ ਸਾਰੇ ਉਨ੍ਹਾਂ ਸ਼ਬਦਾਂ ਨੂੰ ਸਥੂਲ ਤਾਕਤ ਦੇਣ ਤੇ ਸਾਡੀ ਕਹੀ ਹੋਈ ਗੱਲ ਨੂੰ ਠੋਸ ਬਣਾ ਦੇਣ ਦੇ ਕੰਮ ਵਿਚ ਲੱਗ ਪੈਂਦੀਆਂ ਹਨ। ਜਦੋਂ ਤੁਸੀਂ ਜ਼ੋਰਦਾਰ ਸ਼ਬਦਾਂ ਵਿਚ ਤੇ ਪੱਕੇ ਇਰਾਦੇ ਨਾਲ ਕੋਈ ਪਰਤਿਗਿਆ ਕਰਦੇ ਹੋ ਤੇ ਉਹਨੂੰ ਸਿਰੜ ਤੇ ਲਗਾਤਾਰ ਕੋਸ਼ਿਸ਼ ਦਾ ਸਹਾਰਾ ਇਸੇ ਲਈ ਦਿੰਦੇਂ ਹੋ ਕਿ ਤੁਹਾਡੀ ਆਸ਼ਾ ਸਥੂਲ ਸ਼ਕਲ ਧਾਰਨ ਕਰ ਲਵੇ ਤਾਂ ਇਉਂ ਮੰਨ ਲਵੋ ਕਿ ਤੁਸੀਂ ਇਕ ਜ਼ਬਰਦਸਤ ਉਸਾਰੂ-ਸ਼ਕਤੀ ਨੂੰ ਕੰਮ ਵਿਚ ਲੈ ਆਉਂਦੇ ਹੋ।

ਇਸ ਗੱਲ ਦਾ ਬੜਾ ਪੱਕਾ ਸਬੂਤ ਯੂਰਪ ਦੀ ਲੜਾਈ, ਤੋਂ ਮਿਲਿਆ ਹੈ। ਸੰਨ ੧੯੧੬ ਵਿਚ ਵਰਡਨ ਸ਼ਹਿਰ ਉੱਤੇ ਜਰਮਨਾਂ ਨੇ ਹਮਲਾ ਕੀਤਾ। ਫਰਾਂਸੀਸੀਆਂ ਨੇ ਜਰਮਨਾਂ ਦੇ ਜ਼ਬਰਦਸਤ ਹਮਲੇ ਨੂੰ ਕਾਮਯਾਬੀ ਨਾਲ ਰੋਕਿਆ। ਇਕ ਬੜੇ ਵੱਡੇ ਫਰਾਂਸੀਸੀ ਅਫਸਰ ਨੇ ਇਸ ਦੇ ਸਬੰਧ ਵਿਚ ਤਾਰ ਰਾਹੀਂ ਰਿਪੋਰਟ ਭੇਜੀ ਜਿਸ ਵਿਚ ਦਸਿਆ ਕਿ ਸਾਡੇ ਵਲੋਂ ਕੀਤੇ ਮੁਕਾਬਲੇ ਦੀ ਸਫਲਤਾ ਇਕ ਮਨੋਵਿਗਿਆਨਕ ਭੇਤ ਸੀ। ਇਹ ਭੇਤ ਸ੍ਵੈ-ਪਰੇਰਨਾ ਸੀ ਤੇ ਏਸੇ ਦੇ ਸਿਰ ਸਦਕੇ ਅਸੀਂ ਸਫਲ ਹੋਏ। ਜਨਰਲ ਪੀਟੇਨ ਦੇ ਇਨ੍ਹਾਂ ਸ਼ਬਦਾਂ ਨੇ ਕਿ 'ਜਰਮਨ ਫੌਜਾਂ ਫਰਾਂਸੀਸੀ ਮੋਰਚਿਆਂ ਨੂੰ ਟੱਪ ਕੇ ਅੱਗੇ ਨਾ ਵਧਣ।' ਸਿਪਾਹੀਆਂ ਦੇ ਦਿਲਾਂ ਵਿਚ ਸ਼ੰਕਿਆਂ ਤੇ ਨਿਰਉਤਸ਼ਾਹਤਾ ਦੀ ਥਾਂ ਲੋਹੇ ਵਰਗਾ ਪੱਕਾ ਤੇ ਅਟਲ ਇਰਾਦਾ ਭਰ ਦਿੱਤਾ। ਸਾਰੀ ਫੌਜ ਦੇ ਸਾਹਮਣੇ ਦ੍ਰਿੜਤਾ ਨਾਲ ਕਹੇ ਇਨ੍ਹਾਂ ਸ਼ਬਦਾਂ ਦੇ ਵਾਰ ਵਾਰ ਰਟਣ ਨੇ ਸਿਪਾਹੀਆਂ ਉੱਤੇ ਇਸ ਤਰ੍ਹਾਂ ਦਾ ਜਾਦੂ ਕਰ ਦਿੱਤਾ ਕਿ ਵਿਰੋਧੀਆਂ ਦੇ ਟਾਕਰੇ ਤੋਂ ਛੁਟ ਹੋਰ ਕੋਈ ਖਿਆਲ ਉਨ੍ਹਾਂ ਦੇ ਦਿਮਾਗ਼ ਵਿਚ ਆ ਨਹੀਂ ਸੀ ਸਕਦਾ।

ਇਸ ਵਿਚ ਜ਼ਰਾ ਜਿੰਨਾਂ ਵੀ ਸ਼ੱਕ ਨਹੀਂ ਕਿ ਇਨ੍ਹਾਂ ਸ਼ਬਦਾਂ ਨਾਲ ਫੌਜ ਦੀ ਮੁਕਾਬਲਾ ਕਰਨ ਦੀ ਤਾਕਤ ਤੀਣੀ ਚੌਣੀ ਹੋ ਗਈ। ਇਨ੍ਹਾਂ ਸ਼ਬਦਾਂ ਨੇ ਕਿ 'ਉਹ

ਅੱਗੇ ਲੰਘ ਨਾ ਸਕਣ' ਫਰਾਂਸੀਸੀ ਫੌਜ ਦੇ ਸਿਪਾਹੀਆਂ ਦੇ ਦਿਲਾਂ ਵਿਚ ਇਹ ਜ਼ਬਰਦਸਤ ਖਿਆਲ ਪੈਦਾ ਕਰ ਦਿੱਤਾ ਕਿ ਅਸੀਂ ਅਜਿਤ ਹਾਂ ਤੇ ਇਹੋ ਖਿਆਲ ਸਹੀ ਅਰਥਾਂ ਵਿਚ ਲੜਾਈ ਦਾ ਫੈਸਲਾ ਕਰਨ ਵਾਲਾ ਸਾਬਤ ਹੋਇਆ। ਇਨ੍ਹਾਂ ਸ਼ਬਦਾਂ ਨੂੰ ਵਾਰ ਵਾਰ ਰਟਣ ਨਾਲ ਪੈਦਲ ਫੌਜ ਵਿਚ ਕਮਾਲ ਦੀ ਤਾਕਤ ਪੈਦਾ ਹੋ ਗਈ ਉਨ੍ਹਾਂ ਨੇ ਉਹ ਗੋਲਾ ਬਾਰੀ ਸਹੀ ਜਿਸ ਦੀ ਮਿਸਾਲ ਨਾ ਤਾਂ ਇਸ ਤੋਂ ਪਹਿਲਾਂ ਦੇਖੀ ਗਈ ਤੇ ਨਾ ਹੀ ਸੁਣੀ ਗਈ। ਉਹ ਫਿਰ ਨਵੇਂ ਨਰੋਏ ਸਿਪਾਹੀਆਂ ਵਾਂਙ ਸੰਗੀਨਾਂ ਸੰਭਾਲ ਸੰਭਾਲ ਕੇ ਜਾ ਪੈਂਦੇ। ਜਿਹੜੇ ਫਰਾਂਸੀਸੀ ਸਿਪਾਹੀ ਵਿਰੋਧੀਆਂ ਦੇ ਕਾਬੂ ਵੀ ਆ ਗਏ ਉਨ੍ਹਾਂ ਦੇ ਚਿਹਰਿਆਂ ਤੇ ਵੀ ਫਤਿਹ ਦੇ ਭਰੋਸੇ ਦਾ ਨੂਰ ਸੀ ਜਿਸ ਨੂੰ ਵੇਖ ਕੇ ਉਨ੍ਹਾਂ ਨਾਲ ਲੜਨ ਵਾਲੇ ਜਰਮਨ ਹੈਰਾਨ ਰਹਿ ਗਏ।

ਉਪਰ ਲਿਖੇ ਹੋਏ ਫਰਾਂਸੀਸੀ ਅਫਸਰ ਦੀ ਰਿਪੋਟ ਤੋਂ ਇਹ ਵੀ ਪਤਾ ਲੱਗਾ ਕਿ ਲੜਾਈ ਦੇ ਮੈਦਾਨ ਦੇ ਨੇੜੇ ਹੀ ਮਲ੍ਹਮ ਪੱਟੀ ਕਰਨ ਵਾਲੇ ਇਕ ਸਰਜਨ ਨੇ ਲਿਖਿਆ ਸੀ 'ਫੱਟੜ ਫਰਾਂਸੀਸੀ ਸਿਪਾਹੀਆਂ ਦੇ ਸਬੰਧ ਵਿਚ ਇਕ ਅਨੋਖੀ ਗੱਲ ਇਹ ਸੀ ਕਿ ਉਨ੍ਹਾਂ ਦਾ ਵਿਸ਼ਵਾਸ ਦ੍ਰਿੜ ਸੀ। ਕਈ ਹਾਲਤਾਂ ਵਿਚ ਤਾਂ ਦ੍ਰਿੜ ਵਿਸ਼ਵਾਸ ਉਨ੍ਹਾਂ ਦੇ ਚਿਹਰਿਆ ਤੇ ਉਕਰਿਆ ਹੋਇਆ ਪਰਤੀਤ ਹੁੰਦਾ ਸੀ, ਖਾਸ ਕਰ ਕੇ ਉਨ੍ਹਾਂ ਸਿਪਾਹੀਆਂ ਤੇ ਜੋ ਗੋਲਾ ਬਾਰੀ ਕਰ ਕੇ ਫੱਟੜ ਸਨ। ਜਿਹੜੇ ਸਿਪਾਹੀ ਬੇਹੋਸ਼ੀ ਦੀ ਹਾਲਤ ਵਿਚ ਸਨ ਉਹ ਵੀ ਬੇਹੋਸ਼ੀ ਵਿਚ ਇਹੋ ਕਹਿੰਦੇ ਸਨ 'ਉਹ ਅੱਗੇ ਲੰਘ ਨਾ ਸਕਣ।

ਵਰਡਨ ਵਿਚ ਜਿੰਨੇ ਵੀ ਸਿਪਾਹੀ ਸਨ ਉਨ੍ਹਾਂ ਸਾਰਿਆਂ ਦੇ ਦਿਲਾਂ ਵਿਚ ਇਹੋ ਖਿਆਲ ਪਰਬਲ ਸੀ। ਇਸ ਤੋਂ ਛੁਟ ਉਨ੍ਹਾਂ ਦੇ ਮਨ ਵਿਚ ਹੋਰ ਕੋਈ ਖਿਆਲ ਨਹੀਂ ਸੀ ਆਉਂਦਾ 'ਜਰਮਨ ਅਗਾਂਹ ਲੰਘ ਨਾ ਸਕਣ' ਇਹੋ ਹੀ ਇਕ ਖਿਆਲ ਉਨ੍ਹਾਂ ਦੇ ਸੀਨੇ ਵਿਚ ਠਾਠਾ ਮਾਰ ਰਿਹਾ ਸੀ। ਮੈਦਾਨ- ਜੰਗ ਤੋਂ ਇਕ ਪੱਤਰ ਪ੍ਰੇਰਕ ਨੇ ਲਿਖਿਆ ਕਿ 'ਮੈਂ ਰਜਮੈਂਟ ਨੂੰ ਵੇਖਿਆ ਜਿਹੜੀ ਮੋਰਚਿਆਂ ਤੇ ਛੇ ਦਿਨ

ਲੜ ਕੇ ਆਰਾਮ ਕਰਨ ਲਈ ਮੁੜ ਕੇ ਆਈ ਸੀ। ਮੈਨੂੰ ਜਾਪਿਆ ਕਿ ਸਾਰੇ ਸਿਪਾਹੀਆਂ ਵਿਚ ਪੱਕੇ ਇਰਾਦੇ ਵਾਲੀ ਰੂਹ ਕੰਮ ਕਰ ਰਹੇ ਸੀ। ਜਦੋਂ ਉਨ੍ਹਾਂ ਤੋਂ ਲੜਾਈ ਦਾ ਹਾਲ ਤੇ ਉਨ੍ਹਾਂ ਦੀ ਰਾਇ ਪੁੱਛੀ ਤਾਂ ਸਾਰਿਆਂ ਦਾ ਇਕੋ ਜਵਾਬ ਸੀ ਕਿ 'ਜਰਮਨ ਅਗਾਂਹ ਨਹੀਂ ਵਧ ਸਕਣਗੇ' ਤੇ ਸੱਚੀ ਮੁੱਚੀ ਜਰਮਨ ਨਾ ਹੀ ਅਗਾਂਹ ਲੰਘ ਸਕੇ।

ਫਰਜ਼ ਕਰੋ ਤੁਸੀਂ ਆਪਣੇ ਅਚੇਤ ਮਨ ਵਿਚ ਉਵੇਂ ਹੀ ਇਹ ਪੱਕਾ ਨਿਸ਼ਚਾ ਕਰ ਲੈਂਦੇ ਹੋ ਜਿਵੇਂ ਫਰਾਂਸੀਸੀ ਸਿਪਾਹੀਆਂ ਨੇ ਵਰਡਨ ਦੇ ਮੈਦਾਨ ਵਿਚ ਜਰਮਨਾਂ ਦੇ ਸਬੰਧ ਵਿਚ ਕੀਤਾ ਸੀ ਤੇ ਦਿਲ ਵਿਰ ਧਾਰ ਲੈਂਦੇ ਹੋ ਕਿ ਤੁਸੀਂ ਦਿਲ-ਢਾਹੂ ਖਿਆਲਾਂ, ਤਰੰਗਾਂ ਤੇ ਜਜ਼ਬਿਆਂ ਨੂੰ ਜਿਹੜੇ ਤੁਹਾਡੀ ਸਫਲਤਾ ਤੇ ਖੁਸ਼ੀ ਦੇ ਵਿਰੋਧੀ ਹਨ, ਆਪਣੇ ਦਿਲ ਵਿਚ ਵੜਨ ਨਹੀਂ ਦਿਉਗੇ ਤਾਂ ਦੱਸੋ ਇਸ ਦਾ ਨਤੀਜਾ ਕੀ ਹੋਵੇਗਾ? ਜੇ ਵਿਰੋਧੀ ਖਿਆਲਾਂ ਤੇ ਤਰੰਗਾਂ ਨੂੰ ਜਦੋਂ ਉਹ ਤੁਹਾਡੇ ਦਿਲ ਵਿਚ ਦਾਖਲ ਹੋਣ, ਤੁਸੀਂ ਦ੍ਰਿੜਤਾ ਨਾਲ ਕਹਿ ਦਿਉ ਕਿ 'ਖਬਰਦਾਰ ! ਤੁਹਾਨੂੰ ਅੰਦਰ ਦਾਖਲ ਹੋਣ ਨਹੀਂ ਦਿੱਤਾ ਜਾਏਗਾ- ਮੈਂ ਕਾਮਯਾਬੀ ਤੇ ਖੁਸ਼ੀ ਦੇ ਦੁਸ਼ਮਣਾਂ ਨੂੰ ਆਪਣੇ ਮਨ ਵਿਚ ਵੜਨ ਨਹੀਂ ਦੇਵਾਂਗਾ'। ਕੀ ਤੁਸੀਂ ਖਿਆਲ ਕਰਦੇ ਹੋ ਕਿ ਫਿਰ ਉਹ ਅੰਦਰ ਆ ਸਕਣਗੇ? ਕਦੇ ਵੀ ਨਹੀਂ, ਅਜੇਹੀ ਹਾਲਤ ਵਿਚ ਉਹ ਕਦੇ ਅੰਦਰ ਆ ਹੀ ਨਹੀਂ ਸਕਦੇ। ਜੇ ਅਜੇਹੇ ਹੀ ਪੱਕੇ ਨਿਸ਼ਚੇ ਨੂੰ ਤੁਸੀਂ ਰੁਕਾਵਟਾਂ ਪਾਉਣ ਵਾਲੀਆਂ ਆਦਤਾਂ ਜਾਂ ਮਨ ਨੂੰ ਭੁਚਲਾਉਣ ਵਾਲੇ ਲੋਭ ਲਾਲਚ ਸਮੇਂ ਬੜੀ ਦ੍ਰਿੜਤਾ ਨਾਲ ਮੁੜ ਮੁੜ ਕੇ ਦਹੁਰਾਉਂਦੇ ਹੋ ਤੇ ਕਹਿੰਦੇ ਹੋ ਕਿ 'ਨਹੀਂ, ਤੁਹਾਨੂੰ ਅੰਦਰ ਨਹੀਂ ਆਉਣ ਦਿੱਤਾ ਜਾਏਗਾ,' ਤਾਂ, ਮੇਰੇ ਪਿਆਰੇ ਦੋਸਤੋ! ਇਹ ਸੰਭਵ ਹੈ ਕਿ ਤੁਹਾਡੇ ਜੀਵਨ ਵਿਚ ਮਹਾਨ ਇਨਕਲਾਬ ਆ ਜਾਵੇ।

ਹਰ ਇਕ ਬੋਲਿਆ ਸ਼ਬਦ, ਸਗੋਂ ਉਚਾਰਿਆ ਹੋਇਆ ਕੋਈ ਖਿਆਲ ਵੀ, ਚੰਗਿਆਈ ਜਾਂ ਬੁਰਾਈ ਲਈ ਇਕ ਤਾਕਤ ਹੁੰਦਾ ਹੈ ਤੇ ਸਾਨੂੰ ਯਾਦ ਰੱਖਣਾ

ਚਾਹੀਦਾ ਹੈ ਕਿ ਜਿਹੜੇ ਵੀ ਅਰਥ ਅਸੀਂ ਸ਼ਬਦਾਂ ਨੂੰ ਦਿੰਦੇ ਹਾਂ ਉਹ ਸ਼ਬਦ ਉਨ੍ਹਾਂ ਨੂੰ ਹੀ ਪਰਗਟ ਕਰਦੇ ਹਨ ਤੇ ਉਸੇ ਤੋਂ ਹੀ ਉਸ ਦੇ ਗੁਣ ਅਤੇ ਸ਼ਕਤੀ ਦਾ ਪਤਾ ਲਗਦਾ ਹੈ। ਸ਼ਬਦ ਤਾਂ ਮਾਨੋਂ ਸਾਡੇ ਖਿਆਲਾਂ ਦੇ ਕੱਪੜੇ ਹਨ। ਇਕ ਸ਼ਬਦ ਅਸੀਂ ਲੈਂਦੇ ਹਾਂ ਤੇ ਉਸ ਦੇ ਵਿਚ ਪ੍ਰੇਮ ਦਾ, ਸੇਵਾ ਦਾ, ਹਮਦਰਦੀ ਤੇ ਮਿੱਤਰਤਾ ਦਾ ਭਾਵ ਭਰ ਦਿੰਦੇ ਹਾਂ। ਫੇਰ ਸੁਣਨ ਵਾਲੇ ਬੰਦੇ ਦੇ ਦਿਲ ਵਿਚ ਉਸੇ ਤਰ੍ਹਾਂ ਦਾ ਭਾਵ ਪੈਦਾ ਹੋ ਜਾਂਦਾ ਹੈ। ਉਸੇ ਸ਼ਬਦ ਨੂੰ ਲੈ ਕੇ ਜੇ ਅਸੀਂ ਉਸ ਵਿਚ ਘਿਰਣਾ, ਈਰਖਾ, ਦਵੈਸ਼ ਭਰ ਦੇਈਏ ਤੇ ਉਸ ਸ਼ਬਦ ਨੂੰ ਮੂੰਹੋ ਕੱਢ ਕੇ ਅਸੀਂ ਸੁਣਨ ਵਾਲੇ ਦੇ ਦਿਲ ਵਿਚ ਵੈਰ ਵਿਰੋਧ, ਨਫਰਤ, ਹਸਦ ਪੈਦਾ ਕਰ ਦਿੰਦੇ ਹਾਂ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਵੇਂ ਸਾਡੇ ਸ਼ਬਦ ਮਨੁੱਖੀ ਮਨਾਂ ਤੇ ਅਸਰ ਪਾਉਂਦੇ ਹਨ ਉਸੇ ਤਰ੍ਹਾਂ ਦਾ ਅਸਰ ਇਕ ਕੁੱਤੇ ਤੇ ਵੀ ਪੈਂਦਾ ਹੈ ਉਹ ਵੀ ਸਾਡੇ ਖਿਆਲ ਨੂੰ ਆਪਣੇ ਦਿਲ ਵਿਚ ਉਸੇ ਰੂਪ ਵਿਚ ਮਹਿਸੂਸ ਕਰੇਗਾ। ਸ਼ਬਦਾਂ ਵਿਚ ਹੀ ਅਸੀਂ ਵੈਰ ਵਿਰੋਧ, ਕੀਨਾ, ਦੁਸ਼ਮਣੀ, ਨਫਰਤ ਭਰ ਕੇ ਮੂੰਹੋਂ ਕੱਢ ਸਕਦੇ ਹਾਂ, ਅਸੀਂ ਜਾਨ ਲੈਣ ਵਾਲੇ ਗੁੱਸੇ ਨੂੰ ਭੜਕਾ ਸਕਦੇ ਹਾਂ। ਉਸੇ ਤਰ੍ਹਾਂ ਅਸੀਂ ਪ੍ਰੇਮ, ਸ਼ਲਾਘਾ, ਹਮਦਰਦੀ, ਮਿਤਰਤਾਈ, ਵੀ ਉਪਜਾ ਸਕਦੇ ਹਾਂ। ਸ਼ਬਦ ਦੀ ਪਿਠ ਪਿੱਛੇ ਜਿਹੜਾ ਖਿਆਲ ਹੁੰਦਾ ਹੈ ਉਸੇ ਉੱਤੇ ਸਭ ਕੁਝ ਨਿਰਭਰ ਹੈ। ਸਾਡੇ ਮਨ ਦਾ ਝੁਕਾਉ ਹੀ ਸ਼ਬਦ ਨੂੰ ਸਹੀ ਅਰਥ ਦਿੰਦਾ ਹੈ ਜੋ ਕੁਝ ਸਾਡੇ ਦਿਲ ਵਿਚ ਹੋਵੇਗਾ ਉਹੋ ਹੀ ਸਾਡੇ ਮੂੰਹੋਂ ਨਿਕਲੇ ਸ਼ਬਦਾਂ ਦਾ ਅਰਥ ਹੋਵੇਗਾ। ਤੁਹਾਡੇ ਸ਼ਬਦ ਤੁਹਾਡੇ ਲਈ ਤੇ ਦੂਜਿਆਂ ਲਈ ਜ਼ਿੰਦਗੀ ਜਾਂ ਮੌਤ ਦਾ ਸੰਦੇਸ਼ਾ ਹੁੰਦੇ ਹਨ।

ਸਭਿਅਤਾ ਨੇ ਜੋ ਕੁਝ ਉੱਨਤੀ ਕੀਤੀ ਹੈ ਉਹ ਸ਼ਬਦਾਂ ਕਰ ਕੇ ਹੀ ਹੈ। ਖਿਆਲਾਂ ਨਾਲ ਜੁੜੇ ਹੋਏ ਸ਼ਬਦਾਂ ਨੇ ਹੀ ਉਨ੍ਹਾਂ ਸਾਰੀਆਂ ਚੀਜ਼ਾਂ ਦੀ ਉਸਾਰੀ ਕੀਤੀ ਹੈ, ਜਿਹੜੀਆਂ ਮਨੁੱਖ ਨੇ ਪ੍ਰਾਪਤ ਕੀਤੀਆਂ ਹਨ। ਜਿਸ ਤਰ੍ਹਾਂ ਰੱਬ ਨੇ 'ਕੁਨ' ਕਿਹਾ ਤੇ ਦੁਨੀਆ ਬਣ ਗਈ ਤੇ ਜੀਵ ਪੈਦਾ ਹੋ ਗਏ ਇਸੇ ਤਰ੍ਹਾਂ ਮਨੁੱਖ ਬੋਲਦਾ ਹੈ

ਤੇ ਉਸ ਦੇ ਕਹੇ ਅਨੁਸਾਰ ਸਭ ਕੁਝ ਹੋ ਜਾਂਦਾ ਹੈ। ਹਰ ਚੀਜ਼ ਰੱਬ ਦੇ ਖਿਆਲਾਂ ਨਾਲ ਹੀ ਪੈਦਾ ਹੁੰਦੀ ਹੈ ਤੇ ਅਸਲ ਵਿਚ ਰੱਬ ਹੀ ਮਨੁੱਖ ਰਾਹੀਂ ਬੋਲਦਾ ਹੈ।

ਮੂੰਹੋਂ ਉਚਾਰੇ ਸ਼ਬਦਾਂ ਵਿਚ ਉਹ ਸ਼ਕਤੀ ਹੈ ਜਿਹੜੀ ਉਨ੍ਹਾਂ ਹੀ ਸ਼ਬਦਾਂ ਨੂੰ ਦਿਲ ਵਿਚ ਘੜੀ ਮੁੜੀ ਦਹੁਰਾਉਣ ਨਾਲ ਹੁਲਾਰੇ ਵਿਚ ਨਹੀਂ ਆਉਂਦੀ। ਜਦ ਸ਼ਬਦਾਂ ਨੂੰ ਉਚਾਰਿਆ ਜਾਂਦਾ ਹੈ ਤਾਂ ਉਹ ਦਿਲ ਤੇ ਬਹੁਤ ਡੂੰਘਾ ਤੇ ਦੇਰ ਤਕ ਰਹਿਣ ਵਾਲਾ ਅਸਰ ਪੈਦਾ ਕਰ ਦਿੰਦੇ ਹਨ। ਤੁਸੀਂ ਜਾਣਦੇ ਹੀ ਹੋ ਕਿ ਜਦੋਂ ਤੁਸੀਂ ਕੋਈ ਮਹਾਨ ਉਪਦੇਸ਼ ਸੁਣਦੇ ਹੋ ਤਾਂ ਤੁਹਾਡੇ ਮਨ ਤੇ ਉਸੇ ਉਪਦੇਸ਼ ਦੀ ਛਪੀ ਹੋਈ ਕਾਪੀ ਨੂੰ ਪੜ੍ਹਨ ਨਾਲੋਂ ਕੰਨਾਂ ਨਾਲ ਸੁਣੇ ਹੋਏ ਉਪਦੇਸ਼ ਦਾ ਕਿੰਨਾਂ ਵਧੇਰਾ ਅਸਰ ਹੁੰਦਾ ਹੈ। ਉਚਾਰੇ ਹੋਏ ਸ਼ਬਦ ਸਾਡੇ ਚੇਤੇ ਵਿਚ ਗੱਡੇ ਜਾਂਦੇ ਹਨ ਤੇ ਛਪੇ ਹੋਏ ਨਿਰਜਿੰਦ ਸ਼ਬਦ ਸਾਨੂੰ ਯਾਦ ਵੀ ਨਹੀਂ ਰਹਿੰਦੇ। ਭਾਵੇਂ ਉਹ ਉਸੇ ਹੀ ਖਿਆਲ ਨੂੰ ਸਾਡੇ ਤੱਕ ਪੁਚਾਉਂਦੇ ਹੋਣ। ਬੋਲੇ ਹੋਏ ਸ਼ਬਦ ਸਾਡੇ ਅੰਦਰਲੇ ਆਪੇ ਉੱਤੇ ਬਹੁਤ ਡੂੰਘਾ ਅਸਰ ਉਕਰ ਜਾਂਦੇ ਹਨ।

ਅਸੀਂ ਆਪਣੇ ਅੰਦਰਲੇ ਨਾਲ ਉਸੇ ਤਰ੍ਹਾਂ ਗੱਲਾਂ ਕਰ ਸਕਦੇ ਹਾਂ ਜਿਵੇਂ ਕਿਸੇ ਬੱਚੇ ਨਾਲ ਗੱਲਾਂ ਕਰੀਦੀਆਂ ਹਨ। ਤਜਰਬਾ ਸਾਨੂੰ ਦਸਦਾ ਹੈ ਕਿ ਸਾਡਾ ਅੰਦਰਲਾ ਸਾਡੀਆਂ ਗੱਲਾਂ ਤੇ ਸਾਡੀਆਂ ਸਲਾਹਾਂ ਨੂੰ ਸੁਣ ਕੇ ਉਨ੍ਹਾਂ ਤੇ ਅਮਲ ਕਰਦਾ ਹੈ। ਅਸੀਂ ਸਦਾ ਆਪਣੇ ਅੰਦਰਲੇ ਨੂੰ ਹੁਕਮ ਜਾਂ ਸੁਝਾਉ ਦਿੰਦੇ ਰਹਿੰਦੇ ਹਾਂ ਭਾਵੇਂ ਇਹ ਸੁਨੇਹੇ ਅਸੀਂ ਉੱਚੀ ਅਵਾਜ਼ ਵਿਚ ਬੋਲਦੇ ਨਹੀਂ, ਅੰਦਰੋ ਅੰਦਰੀ ਚੁਪ ਚੁਪਾਤੇ ਇਹ ਸੁਨੇਹੇ ਚਲਦੇ ਹੀ ਰਹਿੰਦੇ ਹਨ। ਅਚੇਤ ਹੀ ਅਸੀਂ ਆਪਣੇ ਅੰਦਰਲੇ ਨੂੰ ਉਪਦੇਸ਼, ਨਸੀਹਤ ਕਰਦੇ ਰਹਿੰਦੇ ਹਾਂ ਤੇ ਕਿਸੇ ਨਾ ਕਿਸੇ ਪਾਸੇ ਉਹਨੂੰ ਮੋੜਨ ਦੇ ਜਤਨ ਕਰਦੇ ਹੀ ਰਹਿੰਦੇ ਹਾਂ।

ਦਿਲ ਦੀਆਂ ਗੱਲਾਂ ਕਰਦਿਆਂ ਚੇਤਨਤਾ ਅਤੇ ਉੱਚੇ ਉੱਚੇ ਸ਼ਬਦਾਂ ਨਾਲ ਆਪਣੇ ਦਿਲ ਨੂੰ ਸਮਝਾਉਣ ਦਾ ਸਿੱਟਾ ਇਹ ਹੁੰਦਾ ਹੈ ਕਿ ਅਸੀਂ ਆਪਣੀਆਂ

ਆਦਤਾਂ ਆਪਣੇ ਇਰਾਦਿਆਂ ਅਤੇ ਆਪਣੀ ਜੀਵਨ ਜਾਚ ਉੱਤੇ ਡੂੰਘੇਰਾ ਅਸਰ ਪਾ ਸਕਦੇ ਹਾਂ ਤੇ ਇਹ ਗੱਲ ਸੋਲਾਂ ਆਨੇ ਠੀਕ ਹੈ ਕਿ ਆਪਣੇ ਆਚਰਣ ਅਤੇ ਜੀਵਨ ਉੱਤੇ ਅਸਰ ਪਾਉਣ ਦੀਆਂ ਬੇਅੰਤ ਸੰਭਾਵਨਾਵਾਂ ਹਨ।

ਬੇਸ਼ੁਮਾਰ ਲੋਕਾਂ ਨੇ ਮਨ ਨਾਲ ਗੱਲਾਂ ਕਰ ਕੇ ਆਚਰਣ ਨੂੰ ਵਿਗਾੜਨ ਵਾਲੀਆਂ ਅਤੇ ਖੁਸ਼ੀ ਦਾ ਸਤਿਆਨਾਸ ਕਰਨ ਵਾਲੀਆਂ ਭੇੜੀਆਂ ਆਦਤਾਂ ਨੂੰ ਵਸ ਵਿਚ ਕਰ ਲਿਆ ਹੈ ਤੇ ਇਸ ਤਰ੍ਹਾਂ ਆਪਣੇ ਸ੍ਵੈ-ਭਰੋਸੇ ਨੂੰ ਵਧਾ ਕੇ ਦੂਣਾ ਚੌਣਾ ਕਰ ਕੇ ਆਪਣੀ ਆਰੰਭਕ ਅਰ ਪਰਬੰਧਕ ਯੋਗਤਾ ਨੂੰ ਬਹੁਤ ਵਧਾ ਲਿਆ ਹੈ। ਅਜੇਹੇ ਲੋਕਾਂ ਦੇ ਸਬੰਧ ਵਿਚ ਇਹ ਗੱਲ ਅੱਖਰ ਅੱਖਰ ਠੀਕ ਹੈ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਪੂਰੇ ਤੌਰ ਤੇ ਕੁਝ ਤੋਂ ਕੁਝ ਬਣਾ ਲਿਆ ਹੈ।

ਮੈਨੂੰ ਇਕ ਆਦਮੀ ਦਾ ਪਤਾ ਹੈ, ਉਸ ਨੇ ਆਪਣੇ ਆਪ ਨਾਲ ਲਗਾਤਾਰ ਗੱਲਾਂ ਕਰ ਕਰ ਕੇ ਆਪਣੇ ਕਾਇਰਾਂ ਵਾਲੇ ਸੁਭਾ ਨੂੰ ਇੰਨਾਂ ਪੂਰੀ ਤਰ੍ਹਾਂ ਬਦਲ ਲਿਆ ਹੈ ਕਿ ਉਸ ਨੂੰ ਦੇਖ ਕੇ ਕਿਸੇ ਦੇ ਸੁਪਨੇ ਵਿਚ ਵੀ ਇਹ ਨਹੀਂ ਆ ਸਕਦਾ ਕਿ ਥੋੜੇ ਸਾਲ ਪਹਿਲਾਂ ਉਹ ਬਹੁਤ ਸ਼ਰਮਾਕਲ ਸੀ ਤੇ ਛੇਤੀ ਹੀ ਗੁੱਸੇ ਹੋ ਜਾਣ ਵਾਲਾ ਸੀ ਤੇ ਜੇ ਉਸ ਨੂੰ ਯਾਰਾਂ ਦੋਸਤਾਂ ਦੇ ਇਕੱਠ ਜਾਂ ਜਲਸੇ ਵਿਚ ਸਦਿਆ ਜਾਂਦਾ ਸੀ ਤਾਂ ਉਸ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਜਾਂਦਾ ਸੀ ਉਹ ਕਿਸੇ ਤਰ੍ਹਾਂ ਇਸ ਤੋਂ ਜਾਨ ਛੁਡਾਉਣ ਦੇ ਜਤਨ ਕਰਦਾ ਹੁੰਦਾ ਸੀ।

ਪੰਜ ਸਾਲ ਪਹਿਲਾਂ ਜੇ ਉਹਨੂੰ ਕੋਈ ਕਹਿੰਦਾ ਕਿ ਤੂੰ ਕਿਸੇ ਜਲਸੇ ਵਿਚ ਖੜਾ ਹੋਕੇ ਕੋਈ ਛੋਟਾ ਮੋਟਾ ਮਤਾ ਹੀ ਪੇਸ਼ ਕਰ ਤਾਂ ਭਾਵੇਂ ਉਹਨੂੰ ਕਿੰਨਾਂ ਹੀ ਰੁਪਿਆ ਇਸ ਕੰਮ ਲਈ ਦਿੱਤਾ ਜਾਂਦਾ ਉਹ ਜਲਸੇ ਵਿਚ ਖੜਾ ਨਹੀਂ ਸੀ ਹੋ ਸਕਦਾ। ਮੇਰਾ ਖਿਆਲ ਹੈ ਜੇ ਕਿਸੇ ਜਲਸੇ ਵਿਚ ਇਹਦਾ ਨਾਂ ਈ ਲਿਆ ਜਾਂਦਾ ਤਾਂ ਇਹਨੂੰ ਗਸ਼ ਆ ਜਾਂਦੀ। ਗੱਲ ਕੇਵਲ ਇੰਨੀ ਹੀ ਨਹੀਂ ਸੀ ਕਿ ਉਸ ਨੂੰ ਆਪਣੇ ਆਪ ਤੇ ਭਰੋਸਾ ਨਹੀਂ ਸੀ, ਸਗੋਂ ਉਸ ਦੇ ਦਿਲ ਵਿਚ ਇਹ ਵਹਿਮ ਵੜ ਚੁੱਕਾ ਸੀ ਕਿ ਉਹ ਤਾਂ

ਇਕ ਫਰੇਬ ਹੀ ਹੈ। ਉਹ ਪੂਰਾ ਪੂਰਾ ਸੱਚਾ, ਸਿਰੜੀ ਤੇ ਮਿਹਨਤੀ, ਤੇ ਸਾਰਿਆਂ ਦਾ ਸ਼ੁਭ ਚਿੰਤਕ ਸੀ ਫੇਰ ਵੀ ਉਹ ਦਿਲ ਵਿਚ ਇਹੋ ਸੋਚਿਆ ਕਰਦਾ ਸੀ ਕਿ ਕੋਈ ਨਾ ਕੋਈ ਗੱਲ ਉਹਦੇ ਵਿਚ ਖੋਟੀ ਹੈ ਤੇ ਕਦੀ ਨ ਕਦੀ ਕਿਸੇ ਘਟਨਾ ਨਾਲ ਉਹਦੀ ਅਸਲੀ ਤਸਵੀਰ ਲੋਕਾਂ ਸਾਹਮਣੇ ਆ ਜਾਏਗੀ।

ਕਿੰਨਾਂ ਈ ਚਿਰ ਉਹ ਆਪਣੇ ਸਬੰਧ ਵਿਚ ਅਜੇਹੇ ਮੂਰਖਤਾ ਭਰੇ ਖਿਆਲਾਂ ਨਾਲ ਬੇਅੰਤ ਕਲੇਸ਼ ਸਹਿੰਦਾ ਰਿਹਾ। ਉਹ ਇਸ ਗੱਲ ਨੂੰ ਤਾਂ ਜਾਣਦਾ ਸੀ ਕਿ ਲਿਆਕਤ ਉਹਦੇ ਵਿਚ ਕਾਫ਼ੀ ਹੈ ਪਰ ਬਦਕਿਸਮਤੀ ਨਾਲ ਉਹਦੇ ਮਨ ਵਿਚ ਅਜੇਹੀਆਂ ਕਮਜ਼ੋਰੀਆਂ ਆ ਗਈਆਂ ਸਨ, ਜਿਨ੍ਹਾਂ ਕਰ ਕੇ ਉਹ ਬਹੁਤ ਸਾਰੀਆਂ ਗੱਲਾਂ ਵਿਚ ਇਸ ਲਿਆਕਤ ਤੋਂ ਲਾਭ ਨਹੀਂ ਸੀ ਉਠਾ ਸਕਦਾ। ਉਹਦੇ ਜੀਵਨ ਦਾ ਝੁਕਾਉ ਨਫ਼ੀ ਵਾਲੇ ਪਾਸੇ ਹੋ ਚੁਕਿਆ ਸੀ ਕਿ ਅਚਣਚੇਤ ਹੀ ਉਸ ਨੂੰ ਨਵੇਂ ਖਿਆਲ (New Thought) ਦੀ ਕਿਤਾਬ ਮਿਲ ਗਈ ਜਿਸ ਨੂੰ ਪੜ੍ਹ ਕੇ ਉਸ ਨੂੰ ਪਤਾ ਲੱਗਾ ਕਿ ਆਪਣੇ ਆਪ ਨੂੰ ਹੌਸਲਾ ਦੇਣ ਤੇ ਖਾਸ ਕਰ ਉਚਾ ਬੋਲ ਬੋਲ ਕੇ ਆਪਣੇ ਆਪ ਅੰਦਰ ਹਿੰਮਤ ਭਰਨ ਨਾਲ ਕੀ ਕੀ ਕਰਾਮਾਤਾਂ ਕਰ ਕੇ ਵਖਾਈਆਂ ਜਾ ਸਕਦੀਆਂ ਹਨ। ਉਸ ਨੇ ਝੱਟ ਹੀ ਉਸ ਕਿਤਾਬ ਦੀਆਂ ਹਦਾਇਤਾਂ ਤੇ ਕੰਮ ਕਰਨਾ ਅਰੰਭ ਦਿੱਤਾ ਤੇ ਨਿੱਤ ਆਪਣੇ ਮਨ ਨਾਲ ਗੱਲਾਂ ਕਰਨ ਦੀ ਆਦਤ ਪਾ ਲਈ। ਥੋੜ੍ਹੇ ਹੀ ਦਿਨਾਂ ਵਿਚ ਉਹਨੂੰ ਪਤਾ ਲੱਗ ਗਿਆ ਕਿ ਹੁਣ ਉਸ ਦੇ ਅਹਿਸਾਸ, ਉਸ ਦੇ ਮਾਨਸਕ ਝੁਕਾਉ, ਤੇ ਉਸ ਦੇ ਹੌਂਸਲੇ ਵਿਚ ਭਾਰੀ ਉੱਨਤੀ ਹੋ ਗਈ ਹੈ। ਬਹੁਤ ਸਾਰੇ ਲੋਕਾਂ ਨੇ ਵੀ ਉਸ ਦੇ ਵਾਹ ਵਰਤਣ, ਤੇ ਉਠਣ ਬੈਠਣ ਵਿਚ ਕਾਫ਼ੀ ਚੰਗੇਰਾ ਅਸਰ ਅਨੁਭਵ ਕੀਤਾ। ਹੁਣ ਉਹੋ ਆਦਮੀ ਬਿਨਾਂ ਕਿਸੇ ਸੰਗ-ਸੰਗਾ ਦੇ ਆਮ ਜਲਸਿਆਂ ਦੀਆਂ ਪਰਧਾਨਗੀਆਂ ਕਰਦਾ ਹੈ। ਉਹਦਾ ਦੁਖਦਾਈ ਸੰਗਾਊ-ਸੁਭਾ ਉੱਕਾ ਜਾਂਦਾ ਰਿਹਾ ਹੈ, ਹੁਣ ਉਹ ਬਿਲਕੁਲ ਨਿਸੰਗ ਹੋ ਕੇ ਹਰ ਤਰ੍ਹਾਂ ਦੀ ਆਲੋਚਨਾ ਤੇ ਵਿਰੋਧਤਾ ਨੂੰ ਸਹਾਰ ਲੈਂਦਾ ਹੈ।

ਕੋਈ ਨੁਕਸ, ਕੋਈ ਕਮਜ਼ੋਰੀ, ਵੱਡੀ ਹੋਵੇ ਜਾਂ ਛੋਟੀ, ਅਜੇਹੀ ਨਹੀਂ ਜਿਹੜੀ ਲਗਾਤਾਰ ਤੇ ਦ੍ਰਿੜ ਸ੍ਵੈ-ਪਰੇਰਨਾ ਨਾਲ ਕਾਬੂ ਵਿਚ ਨਾ ਆ ਸਕੇ। ਇੰਨਾਂ ਹੀ ਨਹੀਂ ਸਗੋਂ ਇਸ ਨਾਲ ਉਨ੍ਹਾਂ ਸੁੱਤੇ ਹੋਏ ਗੁਣਾਂ ਨੂੰ ਜਗਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਕੇਵਲ ਖਿਆਲ ਨਾ ਹਲੂਣਾ ਦੇ ਸਕਦਾ ਸੀ, ਨਾ ਜਗਾ ਸਕਦਾ ਸੀ। ਬਹੁਤ ਸਾਰੇ ਲੋਕ ਇਸ ਗੱਲ ਦੇ ਪੂਰੇ ਪੂਰੇ ਜਾਣੂ ਨਹੀਂ ਹੁੰਦੇ ਕਿ ਉਹ ਕੀ ਕੁਝ ਕਰ ਸਕਦੇ ਹਨ। ਅਸਾਂ ਸਾਰਿਆਂ ਨੂੰ ਕਿਸੇ ਹਲੂਣੇ ਨਾਲ ਜਗਾ ਦੇਣ ਦੀ ਲੋੜ ਹੁੰਦੀ ਹੈ। ਸਾਡੇ ਅੰਦਰ ਬਰੂਦ ਸਿੱਕਾ ਤਾਂ ਇੰਨਾਂ ਭਰਿਆ ਹੋਇਆ ਹੈ ਕਿ ਉਹਦੇ ਨਾਲ ਬੜਾ ਧੜਲੇਦਾਰ ਧਮਾਕਾ ਪੈਦਾ ਹੋ ਸਕਦਾ ਹੈ ਪਰ ਲੋੜ ਕੇਵਲ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਅੰਦਰਲੇ ਬਰੂਦ ਨੂੰ ਕੇਵਲ ਇਕ ਚਿਣਗ ਦਿਖਾ ਦਈਏ।

ਜੇ ਤੁਸੀਂ ਡਰਾਕਲ ਤੇ ਸ਼ੱਕੀ ਹੋ, ਜੇ ਤੁਹਾਨੂੰ ਅਸਫਲਤਾ ਤੇ ਗਰੀਬੀ ਦਾ ਡਰ ਹੈ ਤਾਂ ਤੁਸੀਂ ਆਪਣੇ ਅੰਦਰਲੇ ਨਾਲ ਰੋਜ਼ ਗੱਲਾਂ ਕਥਾਂ ਕਰ ਕੇ ਆਪਣੀ ਸ਼ਕਤੀ ਨੂੰ ਸਹਾਰਾ ਦੇ ਸਕਦੇ ਹੋ। ਆਪਣੇ ਭਰੋਸੇ ਨੂੰ ਦ੍ਰਿੜ੍ਹ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਸਬੰਧੀ ਘੜੀ ਮੁੜੀ ਇਸ ਤਰ੍ਹਾਂ ਸੋਚੋ ਕਿ 'ਮੈਨੂੰ ਇਹ ਜ਼ਰੂਰ ਕਰਨਾ ਚਾਹੀਦਾ ਹੈ' 'ਮੈਂ ਇਹ ਕਰ ਸਕਦਾ ਹਾਂ', 'ਮੈਂ ਇਹ ਕਰ ਲਵਾਂਗਾ'। ਇੱਛਾ-ਸ਼ਕਤੀ ਨੂੰ ਦ੍ਰਿੜ ਕਰਨ ਤੇ ਕੰਮ ਕਰਨ ਦੀ ਸ਼ਕਤੀ ਨੂੰ ਵਧਾਉਣ ਲਈ ਐਮਰਸਨ ਦੇ ਇਸ ਸੁਝਾਉ ਨਾਲੋਂ ਚੰਗਾ ਹੋਰ ਕੋਈ ਸੁਝਾਉ ਨਹੀਂ। ਉਸ ਦਾ ਕਥਨ ਹੈ 'ਲਗਾਤਾਰ ਹਾਂ' ਵਾਲੀਆਂ ਗੱਲਾਂ ਨਾਲ ਆਪਣੇ ਆਪ ਨੂੰ ਤਕੜਿਆਂ ਬਣਾਈ ਰਖੋ ਤੇ ਯਾਦ ਰੱਖੋ ਕਿ ਇਹੋ ਜੇਹੀ ਪਰਤਗਿਆ ਨਾਲ ਅਸੀਂ ਸ਼ਕਤੀਸ਼ਾਲੀ ਹੋ ਜਾਇਆ ਕਰਦੇ ਹਾਂ।'

ਭਾਵੇਂ ਕੁਝ ਵੀ ਹੋ ਜਾਏ, ਆਪਣੀਆਂ ਉਮੰਗਾਂ ਨੂੰ ਪ੍ਰਾਪਤ ਕਰਨ ਲਈ ਦ੍ਰਿੜ ਇਰਾਦਾ ਕਰਦੇ ਰਹੋ ਅਤੇ ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਦਾ ਪੱਕਾ ਵਿਸ਼ਵਾਸ ਬਣਾਉ, ਦਿਲ ਵਿਚ ਇਸ ਗੱਲ ਤੇ ਦ੍ਰਿੜ ਰਹੋ ਕਿ ਅਸਾਂ ਅਰੋਗਤਾ, ਧਨ ਦੌਲਤ, ਸਫਲਤਾ ਨੂੰ ਪ੍ਰਾਪਤ ਕਰਨਾ ਹੈ ਆਪਣੀਆਂ ਮਨ ਚਾਹੀਆਂ ਚੀਜ਼ਾਂ ਨੂੰ ਲੈਣ

ਦੀ ਲਿਆਕਤ ਉੱਤੇ ਪੂਰਾ ਵਿਸ਼ਵਾਸ ਰਖੋ। ਇਹ ਵਿਸ਼ਵਾਸ ਕਮਜ਼ੋਰ ਇੱਛਾ ਸ਼ਕਤੀ ਨੂੰ ਮਜ਼ਬੂਤ ਬਣਾ ਦੇਵੇਗਾ ਤੇ ਯਕੀਨ ਵਿਚਲੇ ਢਿੱਲੇਪਨ ਨੂੰ ਦੂਰ ਕਰਨ ਲਈ ਹੋਰ ਕੋਈ ਚੀਜ਼ ਅਜੇਹਾ ਕੰਮ ਨਹੀਂ ਕਰ ਸਕਦੀ।

ਜੇ ਤੁਸੀਂ ਅੱਜ ਤਕ ਆਪਣੀ ਤਰੱਕੀ ਨਾਲ ਸੰਤੁਸ਼ਟ ਨਹੀਂ, ਜੇ ਤੁਸੀਂ ਆਚਰਣਕ ਤੌਰ ਤੇ ਉਚੇਰੇ ਤੇ ਚੌੜੇਰੇ ਨਹੀਂ ਹੋ ਰਹੇ, ਜੇ ਤੁਸੀਂ ਆਪਣੇ ਕੰਮ ਵਿਚ ਦਿਨੋ ਦਿਨ ਵਧੇਰੇ ਯੋਗ ਨਹੀਂ ਹੋ ਰਹੇ ਤਾਂ ਯਾਦ ਰਖੋ ਕੋਈ ਨਾ ਕੋਈ ਸ਼ੱਕ ਤੁਹਾਨੂੰ ਪਿੱਛੇ ਖਿਚੀ ਬੈਠਾ ਹੈ, ਕੋਈ ਨਾ ਕੋਈ ਗੱਲ ਤੁਹਾਡੇ ਆਦਰਸ਼ ਅਤੇ ਤੁਹਾਡੇ ਵਿਚਕਾਰ ਆ ਖਲੋਤੀ ਹੈ, ਪਤਾ ਕਰੋ ਕਿ ਉਹ ਕੀ ਗੱਲ ਹੈ ਅਤੇ ਸੁਣੇ ਜਾਣ ਵਾਲੇ ਸ਼ਬਦਾਂ ਵਿਚ ਆਪਣਾ ਇਲਾਜ ਆਪ ਕਰਕੇ ਇਸ ਨੁਕਸ ਨੂੰ ਦੂਰ ਕਰੋ।

ਆਪਣੇ ਰਾਹ ਵਿਚੋਂ ਰੋੜਿਆਂ ਨੂੰ ਹਟਾਉਣ ਦਾ ਸਭ ਤੋਂ ਚੰਗਾ ਸਾਧਨ ਇਹ ਹੈ ਕਿ ਤੁਸੀਂ ਘੜੀ ਮੁੜੀ ਆਪਣੇ ਮਨ ਨਾਲ ਗੱਲਾਂ ਕਰੋ। ਆਪਣੀ ਅਸਲੀ ਜ਼ਾਤ, ਅਰਥਾਤ ਆਪਣੀ ਆਤਮਾ ਅੰਦਰ ਝਾਤੀ ਮਾਰੋ ਤੇ ਆਪਣੀ ਯੋਗਤਾ, ਸਫਲਤਾ ਦੇ ਗੁਣਾਂ ਅਤੇ ਅਸਫਲਤਾ ਦੇ ਔਗੁਣਾਂ ਨੂੰ ਤੋਲੋ। ਆਪਣੇ ਆਪ ਦੀ ਇਸ ਤਰ੍ਹਾਂ ਸੂਖਮ ਪ੍ਰੀਖਿਆ ਕਰਿਆ ਕਰੋ, ਜਿਸ ਤਰ੍ਹਾਂ ਆਪਣੇ ਕਿਸੇ ਉਸ ਮਿਤਰ ਦੀ ਜਾਚਨਾ ਕਰਿਆ ਕਰਦੇ ਹੋ ਜਿਸ ਦੀ ਤੁਸੀਂ ਸਹਾਇਤਾ ਕਰਨਾ ਚਾਹੁੰਦੇ ਹੋ ਅਤੇ ਜਿਸ ਦੇ ਤਕੜੇ ਤੇ ਕਮਜ਼ੋਰ ਸਾਰੇ ਪਹਿਲੂ ਤੁਹਾਨੂੰ ਸਾਫ ਸਾਫ ਦਿਸ ਰਹੇ ਹੁੰਦੇ ਹਨ।

ਇਕੱਲੇ ਕਿਸੇ ਇਕਾਂਤ ਕਮਰੇ ਵਿਚ ਬਹਿ ਜਾਇਆ ਕਰੋ, ਚੰਗਾ ਹੋਵੇ ਜੇ ਸ਼ਹਿਰੋਂ ਬਾਹਰ ਕਿਸੇ ਇਕਾਂਤ ਸਥਾਨ ਤੇ ਚਲੇ ਜਾਇਆ ਕਰੋ ਜਿਥੇ ਤੁਸੀਂ ਆਪਣੇ ਕਾਦਰ ਨਾਲ ਪੂਰੀ ਪੂਰੀ ਅਭਿਨੰਤਾ ਮਹਿਸੂਸ ਕਰ ਸਕੋ। ਉਥੇ ਆਪਣੀ ਜਾਂਚ ਪ੍ਰੀਖਿਆ ਕਰਿਆ ਕਰੋ ਤੇ ਉੱਚੀ ਉੱਚੀ ਅਵਾਜ਼ ਨਾਲ ਆਪਣਾ ਨਾਉਂ ਲੈ ਕੇ ਆਪਣੇ ਆਪ ਤੇ ਹੇਠਾਂ ਲਿਖੇ ਸਵਾਲ ਕਰਿਆ ਕਰੋ- 'ਭਲਾ (ਆਪਣਾ ਨਾਉਂ ਲੈ ਕੇ) ਦੱਸ ਤੈਨੂੰ ਕੀ ਤਕਲੀਫ ਹੈ ? ਤੂੰ ਛੇਤੀ ਛੇਤੀ ਤਰੱਕੀ ਕਿਉਂ ਨਹੀਂ ਕਰ ਰਿਹਾ ? ਕੀ ਤੇਰੇ ਵਿਚ

ਹੌਂਸਲੇ ਦਾ ਘਾਟਾ ਹੈ ? ਜਾਂ ਤੇਰੇ ਵਿਚ ਹੌਂਸਲਾ ਤਾਂ ਬਥੇਰਾ ਹੈ ਪਰ ਹਾਲੀ ਜਾਗਿਆ ਨਹੀਂ ? ਕੀ ਕਾਰਣ ਹੈ ਕਿ ਤੂੰ ਆਪਣੇ ਵਰਗੀ ਅਵਸਥਾ ਵਾਲੇ ਲੋਕਾਂ ਜਿੰਨੀ ਉੱਨਤੀ ਨਹੀਂ ਕਰ ਰਿਹਾ ? ਕੀ ਕਾਰਣ ਹੈ ਕਿ ਜਿਨ੍ਹਾਂ ਲੋਕਾਂ ਨੂੰ ਤੇਰੇ ਨਾਲੋਂ ਚੰਗੇ ਮੌਕੇ ਨਸੀਬ ਨਹੀਂ, ਸਗੋਂ ਜਿਨ੍ਹਾਂ ਨੂੰ ਤੇਰੇ ਨਾਲੋਂ ਘਟ ਮੌਕੇ ਮਿਲੇ ਨੇ ਉਹ ਛਾਲਾਂ ਮਾਰਦੇ ਹੋਏ ਤੇਰੇ ਨਾਲੋਂ ਅਗੇਰੇ ਲੰਘਦੇ ਜਾ ਰਹੇ ਨੇ ? ਆਖਰ ਇਸ ਦਾ ਕੋਈ ਨਾ ਕੋਈ ਕਾਰਣ ਤਾਂ ਜ਼ਰੂਰ ਹੈ। ਕੀ ਤੇਰੇ ਵਿਚ ਹੌਂਸਲੇ ਦੀ ਘਾਟ ਹੈ ਜਾਂ ਉਸ ਦੇ ਹੁੰਦਿਆਂ ਹੋਇਆਂ ਵੀ ਤੂੰ ਉਹਨੂੰ ਵਰਤੋਂ ਵਿਚ ਨਹੀਂ ਲਿਆ ਰਿਹਾ ? ਕੀ ਤੇਰੇ ਅੰਦਰ ਕੋਈ ਕਮਜ਼ੋਰੀ ਜਾਂ ਨੁਕਸ ਹੈ ਯਾ ਕੋਈ ਖਾਸ ਗੱਲ ਅਜੇਹੀ ਹੈ ਜਿਸ ਨੇ ਤੈਨੂੰ ਪਿਛਾਂ ਖਿਚ ਕੇ ਰੱਖਿਆ ਹੋਇਆ ਹੈ ? ਕੀ ਤੇਰੇ ਆਚਰਣ ਤੇ ਆਦਤਾਂ ਵਿਚ ਕੋਈ ਕਮਜ਼ੋਰੀ ਹੈ ਜਿਹੜੀ ਤੇਰੇ ਸਾਰੇ ਜਤਨਾਂ ਨੂੰ ਮਿੱਟੀ ਵਿਚ ਮਿਲਾ ਰਹੀ ਹੈ ? ਕਸਰ ਕਿਹੜੀ ਗੱਲ ਦੀ ਹੈ ? ਤੈਨੂੰ ਆਪਣੀ ਘਾਟ ਤੇ ਉਂਗਲੀ ਰੱਖਣੀ ਤੇ ਉਹਨੂੰ ਦੂਰ ਕਰਨਾ ਚਾਹੀਦਾ ਹੈ ਨਹੀਂ ਤਾਂ ਤੇਰੀ ਸਾਰੀ ਜ਼ਿੰਦਗੀ ਅਸਫਲ ਰਹੇਗੀ।'

ਉਨ੍ਹਾਂ ਗੁਣਾਂ ਦੀ ਇਕ ਸੂਚੀ ਬਣਾਓ ਜਿਹੜੇ ਦ੍ਰਿੜ ਹਿੰਮਤ ਅਤੇ ਸਫਲ' ਆਚਰਣ ਨੂੰ ਬਣਾਉਂਦੇ ਹਨ ਇਸੇ ਤਰ੍ਹਾਂ ਫਿਰ ਉਨ੍ਹਾਂ ਔਗਣਾਂ ਦੀ ਵੀ ਸੂਚੀ ਬਣਾਉ ਜਿਹੜੇ ਕਮਜ਼ੋਰ, ਡਰਪੋਕ ਤੇ ਅਸਫਲ ਆਚਰਣ ਬਣਾਉਂਦੇ ਹਨ ਤੇ ਫੇਰ ਆਪਣੇ ਆਪ ਨੂੰ ਜਾਚੋ ਤੇ ਵੇਖੋ ਉਸ ਸੂਚੀ ਵਿਚ ਤੁਹਾਡਾ ਸਥਾਨ ਕਿਥੇ ਹੈ। ਭਰੋਸਾ, ਦਲੇਰੀ, ਸ੍ਵੈ-ਵਿਸ਼ਵਾਸ, ਹੌਸਲਾ, ਉਮੰਗ, ਪੱਕੀ ਦ੍ਰਿੜਤਾ, ਇਕਾਗਰਤਾ, ਕੰਮ ਸ਼ੁਰੂ ਕਰਨ ਦੀ ਹਿੰਮਤ, ਖੁਸ਼ੀ, ਪਰਫੁਲਤਾ, ਕੰਮ ਪੂਰਾ ਕਰਨ ਦੀ ਆਦਤ ਆਦਿ ਉੱਚੀ ਆਵਾਜ਼ ਨਾਲ ਸਾਰੇ ਚੰਗੇ ਗੁਣਾਂ ਨੂੰ ਪੁਕਾਰੋ। ਆਪਣੇ ਆਪ ਤੋਂ ਪੁੱਛੋ ਕੀ ਇਹ ਚੰਗੇ ਗੁਣ ਤੇਰੇ ਅੰਦਰ ਮੌਜੂਦ ਹਨ ਜਾਂ ਤੂੰ ਇਨ੍ਹਾਂ ਤੋਂ ਉਲਟੇ ਪਾਸੇ ਝੁਕਿਆ ਹੋਇਆ ਹੈ ?

ਆਪਣੇ ਔਗੁਣਾਂ ਤੇ ਆਪਣੇ ਮੂਰਖਤਾ ਭਰੇ ਕਾਰਨਾਮਿਆਂ ਦੇ ਸਾਹਮਣੇ ਹੋਣ ਤੋਂ ਨਾ ਡਰੋ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੇ ਠੀਕ ਨਾਵਾਂ ਨਾਲ ਪੁਕਾਰੋ। ਉਨ੍ਹਾਂ ਨੂੰ ਹਨੇਰੇ ਵਿਚੋਂ ਕੱਢ ਕੇ ਰੋਸ਼ਨੀ ਵਿਚ ਲਿਆਉ। ਉਨ੍ਹਾਂ ਨੂੰ ਅਸਲੀ ਰੂਪ ਵਿਚ ਵੇਖੋ, ਫੇਰ ਉਨ੍ਹਾਂ ਨਾਲ ਘੋਲ ਕਰੋ। ਜੋ ਕੁਝ ਸਿਰਜਣਹਾਰ ਤੁਹਾਨੂੰ ਬਣਾਉਣਾ ਚਾਹੁੰਦਾ ਹੈ, ਉਸ ਤੋਂ ਘੱਟ ਬਣੇ ਤੁਸੀਂ ਸੋਭਦੇ ਨਹੀਂ। ਜੋ ਕੁਝ ਤੁਸੀਂ ਬਣ ਸਕਦੇ ਹੋ ਜਾਂ ਆਪਣੇ ਖਿਆਲ ਮੁਤਾਬਕ ਤੁਹਾਨੂੰ ਬਣਨਾ ਚਾਹੀਦਾ ਹੈ ਉਸ ਤੋਂ ਘੱਟ ਬਣਨਾ ਤੁਹਾਨੂੰ ਪੁਜਦਾ ਨਹੀਂ। ਜਿਨ੍ਹਾਂ ਉਣਤਾਈਆਂ ਤੇ ਘਾਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਤੁਸੀਂ ਉਨ੍ਹਾਂ ਨੂੰ ਕਦੇ ਵੀ ਮੌਕਾ ਨਹੀ ਦਿਉਗੇ ਕਿ ਉਹ ਤੁਹਾਡੇ ਜੀਵਨ ਨੂੰ ਬਰਬਾਦ ਕਰਨ।

ਜਦ ਤੁਸੀਂ ਆਚਰਣ ਸਬੰਧੀ ਖਾਸ ਖਾਸ ਗੁਣਾਂ ਨੂੰ ਪੁਕਾਰ ਚੁੱਕੇ ਤਾਂ ਇਹ ਵਿਸ਼ਾਲ ਸਵਾਲ ਆਪਣੇ ਆਪ ਪਾਸੋਂ ਪੁੱਛੋ ਤੇ ਆਪਣੇ ਆਪੇ ਨੂੰ ਸਦਾ ਮਨ ਦੀਆਂ ਅੱਖੀਆਂ ਦੇ ਸਾਹਮਣੇ ਰੱਖ ਕੇ ਉਸ ਨਾਲ ਇਉਂ ਗੱਲਾਂ ਕਰੋ- 'ਤੂੰ ਏਥੇ ਕਿਸ ਮਤਲਬ ਲਈ ਆਇਆ ਹੈਂ ? ਸੰਸਾਰ ਵਿਚ ਤੇਰੀ ਹੈਸੀਅਤ ਕੀ ਹੈ ? ਤੇਰਾ ਜੀਵਨ ਅਤੇ ਤੇਰੇ ਕਰਤੱਵ ਵਿਚ ਦੁਨੀਆ ਲਈ ਕੀ ਸੁਨੇਹਾ ਹੈ ? ਆਪਣੀ ਕੌਮ ਲਈ ਤੂੰ ਕੀ ਅਰਥ ਰਖਦਾ ਹੈਂ ? ਤੂੰ ਕਿਸ ਪੱਖ ਵਿਚ ਖੜਾ ਹੈਂ ? ਤੂੰ ਕਿਸ ਦੀ ਪ੍ਰਤੀਨਿਧਤਾ ਕਰਦਾ ਹੈਂ ? ਕੀ ਤੂੰ ਸਮਝਦਾ ਹੈਂ ਕਿ ਤੂੰ ਸੰਸਾਰ ਵਿਚ ਮਨੁੱਖ ਜਾਤੀ ਲਈ ਕੋਈ ਉਚੇਚਾ ਸੁਨੇਹਾ ਲੈ ਕੇ ਆਇਆ ਹੈਂ ? ਕੀ ਤੂੰ ਇਕ ਜਵਾਨ ਮਰਦ ਜਾਂ ਦਲੇਰ ਔਰਤ ਵਾਂਙ ਇਸ ਸੁਨੇਹੇ ਨੂੰ ਸਬਰ ਨਾਲ, ਦ੍ਰਿੜਤ ਨਾਲ, ਚੰਗੀ ਸਹਿਣ ਸ਼ਕਤੀ ਨਾਲ ਕਿਸੇ ਗਿਲੇ, ਸ਼ਿਕਵੇਂ ਸ਼ਿਕਾਇਤ ਬਿਨਾਂ ਆਪਣੀਆਂ ਭੈਣਾਂ ਤੇ ਭਰਾਵਾਂ ਨੂੰ ਪੁਚਾ ਰਿਹਾ ਹੈ ? ਦੱਸ ਤੂੰ ਦੁਨੀਆ ਨੂੰ ਕੀ ਕੁਝ ਦੇ ਰਿਹਾ ਹੈਂ ? ਕੀ ਤੂੰ ਆਪਣੇ ਨਾਲੋਂ ਕਿਸੇ ਹੋਰ ਦਾ ਵਧੇਰਾ ਕੁਝ ਲਗਦਾ ਹੈਂ ? ਕੀ ਤੇਰਾ ਜੀਵਨ ਮੰਤਵ ਆਪਣੇ ਆਪ ਲਈ ਵਧੇਰੀ ਖੁਸ਼ੀ, ਵਧੇਰੀ ਮਸ਼ਹੂਰੀ, ਵਧੇਰਾ ਧਨ, ਵਧੇਰੇ ਸੁਖ ਆਰਾਮ ਦੇ ਸਾਧਨਾਂ ਦੀ ਪ੍ਰਾਪਤੀ

ਹੀ ਹੈ ? ਕੀ ਤੇਰੀਆਂ ਉਮੰਗਾਂ ਨੇ ਹਰ ਕਿਸੇ ਨੂੰ ਤੇਰੇ ਜੀਵਨ ਤੋਂ ਵਿਰਲਾ ਰਖਿਆ ਹੋਇਆ ਹੈ ? ਕੀ ਤੈਨੂੰ ਮਿਹਰਬਾਨੀਆਂ ਭਰਿਆ ਵਤੀਰਾ ਚੰਗਾ ਲਗਦਾ ਹੈ ? ਕੀ ਤੂੰ ਅੱਗੇ ਨੂੰ ਦੂਜਿਆਂ ਦੀ ਸਹਾਇਤਾ ਕੀਤਾ ਕਰੇਂਗਾ ? ਖਾਸ ਕਰਕੇ ਉਦੋਂ ਜਦੋਂ ਭਵਿਖਤ ਵਿਚ ਤੇਰੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ, ਤੂੰ ਸੁਖਾਲਾ ਹੋ ਜਾਏਂਗਾ ਤੇ ਤਰੱਕੀ ਕਰ ਜਾਏਂਗਾ ? ਕੀ ਅੱਜ ਤੂੰ ਕਿਸੇ ਵੱਡੀ ਗੱਲ ਦਾ ਸੁਪਨਾ ਦੇਖਦਾ ਹੈਂ ਜਿਹੜੀ ਤੂੰ ਕਲ੍ਹ ਨੂੰ ਕਰਨ ਦਾ ਇਰਾਦਾ ਰਖਦਾ ਹੈਂ ? ਜਾਂ ਕੀ ਤੂੰ ਕਲ੍ਹ ਇਹੋ ਜੇਹੀਆਂ ਹੀ ਛੋਟੀਆਂ ਛੋਟੀਆਂ ਗੱਲਾਂ ਕਰਦਾ ਰਹੇਂਗਾ ਜਿਹੜੀਆਂ ਅੱਜ ਕਰ ਸਕਦਾ ਏਂ ? ਕੀ ਤੂੰ ਜੀਵਨ ਵਿਚ ਕਿਸੇ ਨੂੰ 'ਆਪ' ਵੀ ਦੇ ਰਿਹਾ ਹੈ ਜਾਂ ਤੇਰੇ ਪੱਲੇ ਜੀਵਨ-ਪੈਂਡੇ ਵਿਚ ਆਪਣੇ ਹਮਸਫਰਾਂ ਨੂੰ ਦੇਣ ਵਾਲੀ ਅਜੇਹੀ ਕੋਈ ਵਸਤੂ ਨਹੀਂ ਜਿਵੇਂ ਕਿ ਹੌਸਲਾ, ਹਿੰਮਤ, ਦਲੇਰੀ ਆਦਿ ? ਕੀ ਜਦੋਂ ਤੂੰ ਸੰਸਾਰ ਵਿਚੋਂ ਚਲਿਆ ਜਾਵੇਂਗਾ ਤਾਂ ਤੇਰੀ ਕੌਮ ਤੇਰਾ ਘਾਟਾ ਮਹਿਸੂਸ ਕਰੇਗੀ ?'

ਜਦੋਂ ਤਕ ਤੁਸੀਂ ਆਪਣੇ ਜੀਵਨ ਤੇ ਕੋਈ ਚਿਰ ਸਥਾਈ ਤੇ ਚੰਗੇਰਾ ਅਸਰ ਨਾ ਪਾ ਲਉ ਤੇ ਆਪਣੇ ਸਬੰਧੀ ਠੀਕ ਠੀਕ ਅੰਦਾਜ਼ਾ ਨਾ ਲਾ ਲਉ, ਜਦੋਂ ਤਕ ਤੁਹਾਨੂੰ ਆਪਣੀ ਸ਼ਕਤੀ ਜਾਂ ਕਮਜ਼ੋਰੀ ਦਾ ਪਤਾ ਨਾ ਲੱਗ ਜਾਏ, ਜਦੋਂ ਤਕ ਤੁਸੀਂ ਉਨ੍ਹਾਂ ਗੱਲਾਂ ਨੂੰ ਸਾਫ ਸਾਫ ਨਾ ਦੇਖ ਸਕੋ ਜਿਹੜੀਆਂ ਤੁਹਾਨੂੰ ਹਿਠਾਂਹ ਰਖ ਰਹੀਆਂ ਹਨ, ਜਦੋਂ ਤਕ ਤੁਸੀਂ ਆਪਣੇ ਸੁਭਾ ਵਿਚਲੀ ਕਿਸੇ ਅਜੇਹੀ ਘਾਟ ਦਾ ਪਤਾ ਨਾ ਲਾ ਲਵੋ ਜਿਸ ਨੇ ਤੁਹਾਨੂੰ ਤੁਹਾਡੇ ਹੱਥ ਪੈਰ ਬੰਨ੍ਹ ਕੇ ਕਿਨਾਰਾ ਕਰ ਰੱਖਿਆ ਹੈ, ਜਦੋਂ ਤਕ ਤੁਹਾਨੂੰ ਉਸ ਕਮਜ਼ੋਰੀ ਦਾ ਪਤਾ ਨਹੀਂ ਲਗਦਾ ਜਿਹੜੀ ਤੁਹਾਡੀ ਯੋਗਤਾ ਨੂੰ ਦਸ ਵੀਹ, ਪੰਜਾਹ ਜਾਂ ਪੰਝੱਤਰ ਫੀ ਸਦੀ ਘਟਾ ਰਹੀ ਹੈ, ਉਦੋਂ ਤਕ ਉਪਰ ਦੱਸੇ ਢੰਗ ਨਾਲ ਆਪਣੀ ਪੜਤਾਲ ਕਰਦੇ ਰਹੋ। ਜਦੋਂ ਤੁਸੀਂ ਆਪਣੇ ਸਬੰਧੀ ਜਾਣ ਜਾਉ ਤਾਂ ਆਪਣੀ ਸਫਲਤਾ, ਆਪਣੀ ਯੋਗਤਾ ਤੇ ਆਪਣੀ ਪਰਸੰਨਤਾ ਦੇ ਦੁਸ਼ਮਣਾਂ ਤੇ ਇਕ ਭਰਪੂਰ ਹੱਲਾ ਬੋਲ ਦਿਉ, ਲਗਾਤਾਰ ਪਕਿਆਈ ਨਾਲ ਉਨ੍ਹਾਂ ਦੁਸ਼ਮਣਾਂ ਉੱਤੇ

ਆਪਣੀ ਪੂਰੀ ਪੂਰੀ ਜਿੱਤ ਨੂੰ ਦ੍ਰਿੜ੍ਹ ਕਰਦੇ ਰਹੋ ਤੇ ਆਪਣੇ ਦਿਲ ਨੂੰ ਸਮਝਾਉਂਦੇ ਰਹੋ ਕਿ ਇਨ੍ਹਾਂ ਦੁਸ਼ਮਣਾਂ ਵਿਚ ਤੁਹਾਡੇ ਜੀਵਨ ਨੂੰ ਤਬਾਹ ਕਰਨ ਤੇ ਤੁਹਾਡੀ ਤਰੱਕੀ ਵਿਚ ਰੋਕ ਪਾਉਣ ਦੀ ਕੋਈ ਸਮਰੱਥਾ ਹੀ ਨਹੀਂ ਹੈ।

ਜੇ ਤੁਸੀਂ ਆਪਣੇ ਆਪ ਨੂੰ ਮਿੱਟਾ ਦੇਣ ਵਾਲੇ ਝੁਕਾਉ ਦੇ ਸ਼ਿਕਾਰ ਹੋ, ਜੇ ਤੁਸੀਂ ਆਪਣੇ ਅੰਦਰ ਸ੍ਵੈ-ਵਿਸ਼ਵਾਸ ਦੀ ਘਾਟ ਮਹਿਸੂਸ ਕਰਦੇ ਹੋ, ਜੇ ਤੁਹਾਨੂੰ ਉਦੋਂ ਤਕ ਕੋਈ ਬੜੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਦੀ ਦਲੇਰੀ ਨਹੀਂ ਜਦੋਂ ਤਕ ਕਿ ਉਹ ਤੁਹਾਡੇ ਗਲ ਮੜ੍ਹ ਹੀ ਨਾ ਦਿੱਤੀ ਜਾਵੇ, ਜੇ ਆਪਣੇ ਵੱਖਰੇ ਆਪੇ ਨੂੰ ਦ੍ਰਿੜ੍ਹਤਾ ਨਾਲ ਮੰਨਣ ਅਤੇ ਆਪਣੇ ਆਪ ਨੂੰ ਉਸ ਗੌਰਵ ਦਾ, ਜਿਹੜਾ ਤੁਹਾਡਾ ਰੱਬੀ ਹੱਕ ਹੈ, ਸੁਆਮੀ ਮੰਨਣ ਦੀ ਥਾਂ ਤੁਸੀਂ ਹਰ ਉਸ ਗੱਲ ਤੋਂ ਜਿਹੜੀ, ਲੋਕਾਂ ਦੇ ਧਿਆਨ ਨੂੰ ਤੁਹਾਡੇ ਵੱਲ ਖਿਚਦੀ ਹੈ, ਬਚਦੇ ਤੇ ਪਰੇਰੇ ਰਹਿੰਦੇ ਹੋ, ਜੇ ਤੁਹਾਨੂੰ ਆਪਣੀ ਯੋਗਤਾ ਉੱਤੇ ਭਰੋਸਾ ਨਹੀਂ ਤਾਂ ਤੁਸੀਂ ਆਪਣੇ ਆਪ ਨਾਲ ਇਸ ਤਰ੍ਹਾਂ ਗੱਲਾਂ ਕਰਿਆ ਕਰੋ –

'ਮੈਂ ਰੱਬ ਦਾ ਪੁੱਤਰ ਹਾਂ। ਮੈਨੂੰ ਰੱਬ ਨੇ ਆਪਣੀ ਮੂਰਤੀ, ਅਰਥਾਤ ਆਪਣੇ ਵਰਗਾ ਬਣਾਇਆ ਹੈ। ਮੈਂ ਰੱਬ ਦੇ ਸਾਰੇ ਗੁਣਾਂ ਦਾ ਭਾਈਵਾਲ ਹਾਂ ਇਸ ਕਰਕੇ ਮੇਰੇ ਵਿਚ ਰੱਬੀ ਤਾਕਤ ਹੈ। ਮੇਰੇ ਅੰਦਰ ਉਹ ਲਿਆਕਤ ਤੇ ਤਾਕਤ ਹੈ ਜਿਸ ਨਾਲ ਮੈਂ ਜੋ ਚਾਹਾਂ ਕਰ ਸਕਦਾ ਹਾਂ। ਮੈਂ ਸ਼ਕਤੀ ਹਾਂ। ਮੈਂ ਲਿਆਕਤ ਹਾਂ। ਮੇਰੇ ਵਿਚ ਸ੍ਵੈ-ਭਰੋਸਾ ਹੈ। ਮੈਂ ਸਾਕਾਰ ਕਾਮਯਾਬੀ ਹਾਂ। ਜੋ ਕੁਝ ਮੈਂ ਚਾਹਾਂ ਕਰ ਸਕਦਾ ਹਾਂ। ਹੁਣ ਮੈਂ ਕਾਇਰਤਾ ਤੇ ਹੀਣੇਪਨ ਨੂੰ ਆਪਣੇ ਉਪਰ ਅਧਿਕਾਰ ਨਹੀਂ ਜਮਾਉਣ ਦੇਵਾਂਗਾ। ਅੱਗੇ ਨੂੰ ਮੈਂ ਆਪਣੀ ਹੇਠੀ ਅਤੇ ਆਪਣੇ ਆਪ ਨੂੰ ਤਬਾਹ ਕਰ ਕਰ ਕੇ ਆਪਣੇ ਰੱਬੀ ਰਿਸ਼ਤੇ ਤੋਂ ਇਨਕਾਰ ਨਹੀਂ ਕਰਾਂਗਾ। ਰੱਬ ਵਲੋਂ ਮਿਲੇ ਵਿਰਸੇ ਦੀ ਹੇਠੀ ਕਰਨੀ ਆਪਣੇ ਆਪ ਅਤੇ ਆਪਣੇ ਪਿਤਾ ਸਿਰਜਣਹਾਰ ਵਿਰੁੱਧ ਪਾਪ ਹੈ। ਮੈਂ ਸਰਬਸ਼ਕਤੀਮਾਨ ਬਾਦਸ਼ਾਹ ਦਾ ਪੁੱਤਰ ਹਾਂ ਹੁਣ ਅੱਗੇ ਨੂੰ ਮੈਂ ਅਜੇਹੇ ਕਰਤੱਵ ਦੀ ਪਾਲਣਾ ਕਰਾਂਗਾ। ਮੈਂ ਧਰਤੀ ਤੇ ਸ਼ਾਹਜ਼ਾਦਿਆਂ ਵਾਂਝ ਚੱਲਾਂਗਾ। ਜਿਹੜੀ ਜ਼ਿੰਮੇਵਾਰੀ

ਮੇਰੇ ਸਿਰ ਤੇ ਪੈਂਦੀ ਹੈ ਉਹਨੂੰ ਨਿਭਾਉਣ ਤੋਂ ਕਦੇ ਨਹੀਂ ਕਤਰਾਵਾਂਗਾ। ਮੇਰੇ ਵਿਚ ਆਪਣੀ ਇੱਛਾ ਅਨੁਸਾਰ ਬਣਨ ਤੇ ਕੰਮ ਕਰਨ ਦੀ ਰੱਜਵੀਂ ਯੋਗਤਾ ਹੈ। ਹੁਣ ਮੈਂ ਅੱਗੇ ਤੋਂ ਦੂਜਿਆਂ ਤੋਂ ਘੱਟੀਆ ਬਣ ਕੇ ਨਹੀਂ ਜੀਵਨ ਬਤੀਤ ਕਰਾਂਗਾ। ਮੈਂ ਕਿਸੇ ਨਾਲੋਂ ਘੱਟ ਨਹੀਂ। ਅੱਜ ਤੋਂ ਜਿਥੇ ਤੇ ਜਦੋਂ ਲੋੜ ਪਵੇਗੀ ਮੈਂ ਆਪਣੀ ਰਾਇ ਜ਼ਰੂਰ ਪਰਗਟ ਕਰਾਂਗਾ ਤੇ ਉਸ ਉੱਤੇ ਜ਼ੋਰ ਵੀ ਪਾਵਾਂਗਾ।'

'ਹੁਣ ਮੈਂ ਸ੍ਵੈ-ਸਤਕਾਰ ਅਤੇ ਭਰੋਸੇ ਵਾਲੇ ਰੱਵਈਏ ਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਨਾਲ ਜੀਵਨ ਦਾ ਸਾਹਮਣਾ ਕਰਾਂਗਾ, ਕਿਉਂਕਿ ਮੈਂ ਜਾਣ ਗਿਆ ਹਾਂ ਕਿ ਰੱਬ ਦਾ ਪੁੱਤਰ ਹੋਣ ਕਰਕੇ ਮੈਂ 'ਸਾਕਾਰ-ਜਿੱਤ ਹਾਂ। ਆਪਣੇ ਆਪ ਨੂੰ ਕੁਲਾਹੁਣਾ ਪਾਪ ਹੈ ਤੇ ਉਸ ਰੱਬ ਤੇ ਇਕ ਤਰ੍ਹਾਂ ਦੀ ਊਜ ਲਾਉਣਾ ਹੈ ਜਿਸ ਨੇ ਆਪਣੀ ਬਣਾਈ ਹਰ ਚੀਜ ਨੂੰ ਵਧੀਆ ਤੇ ਉੱਤਮ ਦੱਸਿਆ ਹੈ। ਆਪਣੇ ਆਪ ਤੇ ਭਰੋਸਾ ਨਾ ਕਰਨਾ ਰੱਬ ਤੇ ਭਰੋਸਾ ਨਾ ਕਰਨ ਦੇ ਬਰਾਬਰ ਹੈ। ਮੈਂ ਇਸ ਘਾਟ ਨੂੰ ਆਪਣੇ ਜੀਵਨ ਵਿਚੋਂ ਬਾਹਰ ਕੱਢ ਦੇਵਾਂਗਾ, ਕਿਉਂਕਿ ਮੈਂ ਉਹੋ ਕੁਝ ਹਾਂ ਜੋ ਕੁਝ ਮੈਂ ਆਪਣੇ ਆਪ ਨੂੰ ਸਮਝਦਾ ਹਾਂ। ਨਾ ਮੈਂ ਇਸ ਤੋਂ ਘੱਟ ਹੋ ਸਕਦਾ ਹਾਂ ਨਾ ਹੀ ਵਧ ਸਕਦਾ ਹਾਂ। ਸਰਬ-ਸ਼ਕਤੀਮਾਨ ਤੇ ਉਤੱਮਤਾ ਦਾ ਪੁੱਤਰ ਹੋਣ ਕਰਕੇ ਮੇਰਾ ਫਰਜ਼ ਹੈ ਕਿ ਜੀਵਨ ਦੇ ਹਰ ਅੰਗ ਨੂੰ ਪੂਰਿਆਂ ਕਰਾਂ। ਇਹ ਆਪਣਾ ਤੇ ਆਪਣੇ ਪਿਤਾ ਦੇ ਸਬੰਧ ਵਿਚ ਮੇਰਾ ਫਰਜ਼ ਹੈ।'

ਖੁਲੀਆਂ ਡੁਲੀਆਂ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਨਾਲ ਤੁਸੀਂ ਆਪਣੀਆਂ ਆਦਤਾਂ ਨੂੰ ਬਦਲ ਸਕਦੇ ਹੋ ਤੇ ਆਪਣੇ ਜੀਵਨ ਵਿਚ ਮਹਾਨ ਪਰੀਵਰਤਨ ਲਿਆ ਸਕਦੇ ਹੋ। ਵਿਸ਼ਵਾਸ, ਦਲੇਰੀ, ਪਰਸੰਤਾ, ਆਰੰਭਕ- ਸ਼ਕਤੀ ਆਦਿ ਜਿਸ ਗੱਲ ਦੀ ਤੁਹਾਡੇ ਅੰਦਰ ਘਾਟ ਹੈ ਮਨ ਵਿਚ ਉਸ ਗੁਣ ਨੂੰ ਪੱਕੀ ਤਰ੍ਹਾਂ ਦ੍ਰਿੜ ਕਰੋ ਜਿਸ ਨੂੰ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ ਤੇ ਯਕੀਨੀ ਤੌਰ ਤੇ ਇਹੋ ਸਮਝ ਲਉ ਕਿ ਇਹ ਗੁਣ ਅੱਗੇ ਹੀ ਤੁਹਾਡੇ ਵਿਚ ਮੌਜੂਦ ਹੈ। ਜਦੋਂ ਵੀ ਸੰਭਵ ਹੋਵੇ

ਉਸ ਗੁਣ ਨੂੰ ਕੰਮ ਵਿਚ ਲਿਆਉ, ਉਹਦੇ ਤੇ ਆਪਣਾ ਧਿਆਨ ਲਾਈ ਰੱਖੋ ਤੇ ਤੁਸੀਂ ਆਪ ਹੀ ਹੈਰਾਨ ਹੋ ਜਾਉਗੇ ਕਿ ਕਿੰਨੀ ਛੇਤੀ ਤੁਸਾਂ ਉਹ ਲੋੜੀਂਦਾ ਗੁਣ ਪ੍ਰਾਪਤ ਕਰ ਲਿਆ ਹੈ।

'ਦ੍ਰਿੜ੍ਹਤਾ ਭਰੇ ਇਕਰਾਰਾਂ ਦੀ ਉਸਾਰੂ-ਸ਼ਕਤੀ ਤੇ ਮੈਨੂੰ ਬੜਾ ਭਰੋਸਾ ਹੈ। ਮੇਰਾ ਵਿਸ਼ਵਾਸ ਹੈ ਕਿ ਜਿਹੜਾ ਕੰਮ ਕਰਨ ਦਾ ਮੈਂ ਨਿਸਚਾ ਰਖਦਾ ਹਾਂ ਉਸ ਸਬੰਧੀ ਲਗਾਤਾਰ ਦ੍ਰਿੜਤਾ ਨਾਲ ਉਹਦੇ ਪਰਗਟ ਹੋਣ ਦੀ ਸੰਭਾਵਨਾ ਹੋ ਜਾਵੇਗੀ, ਮੇਰੇ ਵਿਚਲੇ ਕਮਜ਼ੋਰ ਗੁਣਾਂ ਨੂੰ ਤਾਕਤ ਮਿਲੇਗੀ, ਮੇਰਾ ਆਚਰਣ ਉਸਰੇਗਾ, ਤੇ ਮੇਰਾ ਜੀਵਨ ਉੱਚੇ ਮਿਆਰ ਦਾ ਤੇ ਪਵਿਤਰ ਬਣ ਜਾਵੇਗਾ।

ਸੀ. ਡੀ. ਲਾਰਸਨ ਦੀਆਂ ਹੇਠਾਂ ਲਿਖਿਆਂ ਹੋਈਆਂ ਸ਼ਕਤੀਸ਼ਾਲੀ ਤੇ ਦ੍ਰਿੜਤਾ ਭਰਪੂਰ ਗੱਲਾਂ ਬੜੀਆਂ ਅਸਰ ਵਾਲੀਆਂ ਹਨ। ਜੇ ਇਨ੍ਹਾਂ ਦੀ ਰੋਜ਼ ਮਸ਼ਕ ਕੀਤੀ ਜਾਵੇ ਤਾਂ ਨਤੀਜਾ ਬੜਾ ਸ਼ਾਨਦਾਰ ਹੋਵੇਗਾ— 'ਮੈਂ ਜੋ ਕੁਝ ਵੀ ਹਾਂ ਉਸ ਤੋਂ ਵਧ ਬਣਾਂਗਾ'। 'ਮੇਰੀਆਂ ਪਰਾਪਤੀਆਂ ਹੋਰ ਵੀ ਵਧੇਰੀਆਂ ਹੋਣਗੀਆਂ ਕਿਉਂਕਿ ਮੈਂ ਜਾਣਦਾ ਹਾਂ ਕਿ ਮੈਂ ਕਰ ਸਕਦਾ ਹਾਂ।' 'ਮੈਂ ਆਪਣੀ ਤੇ ਦੂਜਿਆਂ ਦੀ ਕੇਵਲ ਉਹੋ ਗੱਲ ਮੰਨਾਂਗਾ ਜਿਹੜੀ ਸੋਹਣੀ ਤੇ ਚੰਗੀ ਹੋਵੇਗੀ'। 'ਜਦੋਂ ਮੁਸੀਬਤ ਸਾਹਮਣੇ ਆਵੇਗੀ ਤਾਂ ਮੈਂ ਪਹਿਲਾਂ ਨਾਲੋਂ ਵਧੇਰੇ ਦ੍ਰਿੜ੍ਹ ਇਰਾਦੇ ਨਾਲ ਉਹਦਾ ਟਾਕਰਾ ਕਰਾਂਗਾ ਤੇ ਇਹ ਸਾਬਤ ਕਰ ਵਿਖਾਵਾਂਗਾ ਕਿ ਮੈਂ ਹਰ ਪਰਕਾਰ ਦੀਆਂ ਗੱਲਾਂ ਨੂੰ ਲਾਭਦਾਇਕ ਬਣਾ ਸਕਦਾ ਹਾਂ'। 'ਮੈਂ ਕੇਵਲ ਉਨ੍ਹਾਂ ਚੀਜ਼ਾਂ ਦੀ ਹੀ ਇੱਛਾ ਕਰਾਂਗਾ ਜਿਹੜੀਆਂ ਸੁਤੰਤਰਤਾ ਤੇ ਸਚਾਈ ਦੇ ਸਕਦੀਆਂ ਹਨ ਤੇ ਜਨਤਾ ਦੇ ਸੁੱਖ ਸਾਧਨਾਂ ਵਿਚ ਵਾਧਾ ਕਰ ਸਕਦੀਆਂ ਹਨ'। 'ਮੇਰੇ ਮੂੰਹੋਂ ਸਦਾ ਹੌਂਸਲਾ ਵਧਾਉਣ, ਉਤਸ਼ਾਹ ਦੇਣ ਤੇ ਪਰਸੰਨਤਾ ਵੰਡਣ ਵਾਲੇ ਸ਼ਬਦ ਨਿਕਲਣਗੇ। 'ਮੈਂ ਉਹ ਉਹ ਕੰਮ ਕਰਾਂਗਾ ਜਿਹੜੇ ਪਲੋ ਪਲੀ ਵਧ ਰਹੀ ਜਨਤਾ ਲਈ ਲਾਭਦਾਇਕ ਹੋਣ'। 'ਮੇਰੀ ਸਾਰਿਆਂ ਤੋਂ ਵੱਡੀ ਇੱਛਾ ਇਹ

ਹੋਵੇਗੀ ਕਿ ਜਿਹੜਾ ਕੋਈ ਕਿਸੇ ਤਰ੍ਹਾਂ ਮੇਰੇ ਸਬੰਧ ਵਿਚ ਆਵੇ, ਉਸ ਦਾ ਜੀਵਨ ਸੋਹਣਾ ਉੱਚ-ਦਰਜੇ ਦਾ ਤੇ ਮਹਾਨਬਣ ਜਾਵੇ'।

ਜਦੋਂ ਤੁਸੀਂ 'ਮੈਂ ਹਾਂ' ਕਹਿੰਦੇ ਹੋ ਤਾਂ ਤੁਹਾਡੀ ਇਹ ਦ੍ਰਿੜਤਾ ਆਪਣੇ ਅਧਿਆਤਮਕ ਆਪੇ ਸਬੰਧੀ ਹੋਣੀ ਚਾਹੀਦੀ ਹੈ, ਤੁਹਾਡੇ ਅੰਦਰਲੇ ਰੱਬੀ ਅੰਸ਼ ਤੋਂ ਨਿਕਲੀ ਹੋਣੀ ਚਾਹੀਦੀ ਹੈ। ਕੇਵਲ ਉਪਰਲੀ ਸਰੀਰਕ 'ਮੈਂ ਹਾਂ ਨਾ ਹੋਵੇ ਜਿਹੜੀ ਤੁਹਾਡੇ ਹੱਡ ਮਾਸ ਤੋਂ ਹੀ ਨਿਕਲੀ ਹੋਵੇ ਕਿਉਂਕਿ ਸਰੀਰਕ 'ਮੈਂ ਹਾਂ' ਹੰਕਾਰ ਹੈ ਤੇ ਇਸ ਦੀ ਦ੍ਰਿੜਤਾ ਨਾਲ ਤੁਹਾਨੂੰ ਕੋਈ ਲਾਭ ਨਹੀਂ ਸਗੋਂ ਉਲਟਾ ਨੁਕਸਾਨ ਹੋਵੇਗਾ ਪਰ ਇਸ ਦੇ ਉਲਟ, ਅਰਥਾਤ ਆਪਣੇ ਰੱਬੀ ਅੰਸ਼ ਹੋਣ ਨੂੰ ਪਰਗਟ ਕਰਨ ਤੋਂ ਤੁਹਾਨੂੰ ਹਰ ਤਰ੍ਹਾਂ ਲਾਭ ਪੁੱਜੇਗਾ। ਤੁਹਾਡਾ ਰੱਬੀ ਅੰਸ਼ ਜਾਂ ਤੁਸਾਂ ਦਾ ਅਮਲ ਆਪਾ ਇਕ ਬਲਵਾਨ ਸ਼ਕਤੀ ਹੈ। ਉਹ ਤੁਹਾਡੀ ਉਪਜਾਊ ਜ਼ਾਤ ਹੈ। ਜਦੋਂ ਤੁਸੀਂ ਆਪਣੀ ਬਾਹਰਲੀ ਯਾ ਸਰੀਰਕ ਹਸਤੀ ਨੂੰ ਨਹੀਂ ਸਗੋਂ ਆਪਣੀ ਰੱਬੀ ਹਸਤੀ ਦੀ ਸਚਾਈ ਨੂੰ ਦ੍ਰਿੜ ਕਰਦੇ ਹੋ ਤਾਂ ਉਸ ਵੇਲੇ ਤੁਸੀਂ ਰੱਬ ਦੀ ਸਰਬਸ਼ਕਤੀਮਾਨਤਾ, ਸਰਬਵਿਆਪਕਤਾ ਅਤੇ ਦੈਵੀਅਤ ਨੂੰ ਦ੍ਰਿੜ੍ਹ ਕਰਦੇ ਹੋ ਜਿਹੜੀ ਵੱਡੇ ਵੱਡੇ ਕੰਮ ਕਰ ਦਿਖਾਉਂਦੀ ਹੈ।

ਜੇ ਅਸੀਂ ਕੇਵਲ ਇੰਨਾਂ ਹੀ ਜਾਣ ਜਾਈਏ ਕਿ ਦ੍ਰਿੜ੍ਹਤਾ ਵਿਚ ਕਿੰਨੀ ਉਸਾਰੂ ਸ਼ਕਤੀ ਹੈ ਤੇ ਇਹ ਮੰਨ ਲਈਏ ਕਿ ਅਸੀਂ ਮਨ-ਇੱਛਤ ਜਾਂ ਪ੍ਰਾਪਤ ਕਰਨ ਯੋਗ ਚੀਜ਼ਾਂ ਦੇ ਸਾਕਾਰ ਰੂਪ ਹੀ ਹਾਂ, ਤੇ ਨਾ ਹੀ ਕੇਵਲ ਚੰਗਿਆਈ ਦੀਆਂ ਸਾਰੀਆਂ ਤਾਕਤਾਂ ਸਾਡੇ ਵਿਚ ਹਨ ਸਗੋਂ ਅਸੀਂ ਆਪ ਹੀ ਸਾਕਾਰ ਉਹ ਤਾਕਤਾਂ ਹਾਂ, ਫਿਰ ਇਸ ਦੇ ਨਾਲ ਨਾਲ ਜੇ ਅਸੀਂ ਲਗਾਤਾਰ ਇਸ ਗੱਲ ਨੂੰ ਦ੍ਰਿੜ ਕਰਦੇ ਰਹੀਏ ਕਿ 'ਅਸੀਂ ਸਿਰਜਣਹਾਰ, ਆਸਰਾ ਦੇਣ ਵਾਲੇ ਮਾਲਕ ਦੇ ਅੰਸ਼ ਹਾਂ, ਕਿਉਂਕਿ ਸਾਡੀ ਅਸਲੀ ਦੈਵੀ ਜ਼ਾਤ ਤੇ ਸਾਡਾ ਪਿਤਾ ਇਕ ਹੀ ਹੈ' ਤਾਂ ਇਸ ਧਰਤੀ ਦੇ ਲਾਲਾਂ ਨੂੰ ਕਿੰਨੀ ਪਰਸੰਨਤਾ ਪ੍ਰਾਪਤ ਹੋ ਜਾਵੇ ?

ਦ੍ਰਿੜਤਾ ਇਕ ਜੀਉਂਦੀ ਜਾਗਦੀ ਵਿਸ਼ੇਸ਼ ਸ਼ਕਤੀ ਹੈ। ਅੰਜੀਲ ਵਿਚ ਜਿਹੜੀ ਸ਼ਕਤੀ ਹੈ ਉਹ ਏਸੇ ਦ੍ਰਿੜ੍ਹਤਾ ਕਰਕੇ ਹੀ ਹੈ। ਅੰਜੀਲ ਤਾਂ ਸੱਚ ਮਨੋ ਤਾਂ ਬਲਵਾਨ ਦ੍ਰਿੜਤਾ ਭਰੇ ਬਿਆਨਾਂ ਦੀ ਪੁਸਤਕ ਹੈ। ਜੇ ਇਹ ਇਉਂ ਨਾਂ ਹੁੰਦੀ ਤਾਂ ਇਸ ਦੀ ਮਹਾਨਤਾ ਨੂੰ ਖ਼ਤਮ ਹੋਇਆਂ ਸਦੀਆਂ ਹੀ ਬੀਤ ਗਈਆਂ ਹੁੰਦੀਆਂ।

ਧਾਰਮਕ ਪੁਸਤਕਾਂ ਲਿਖਣ ਵਾਲੇ ਆਪਣੀਆਂ ਕਹੀਆਂ ਗੱਲਾਂ ਦੀ ਸਚਾਈ ਸਾਬਤ ਕਰਨ ਲਈ ਕੋਈ ਵਾਦ ਵਿਵਾਦ ਜਾਂ ਹੁਸੰਤ ਆਦਿ ਨਹੀਂ ਕਰਦੇ। ਉਹ ਕੇਵਲ ਆਪਣੇ ਮੱਤ ਤੇ ਪੱਕੇ ਰਹਿੰਦਿਆਂ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਫਲਾਣੀਆਂ ਫਲਾਣੀਆਂ ਗੱਲਾਂ ਹੋ ਚੁੱਕੀਆਂ ਹਨ ਅਤੇ ਕੁਝ ਕੁ ਹੋਰ ਭਵਿਖਤ ਵਿਚ ਹੋਣਗੀਆਂ। ਜੇ ਉਹ ਆਪਣੇ ਲੇਖਾਂ ਦੀ ਅਟਲਤਾ ਦਾ ਸਬੂਤ ਦੇਣ ਦੇ ਜਤਨ ਕਰਦੇ ਤੇ ਪੜ੍ਹਨ ਵਾਲਿਆਂ ਨੂੰ ਆਪਣੀ ਦਿਆਨਤਦਾਰੀ ਦਾ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕਰਦੇ ਤਾਂ ਉਹ ਜ਼ਰੂਰ ਪੜ੍ਹਨ ਵਾਲਿਆਂ ਦੇ ਦਿਲਾਂ ਵਿਚ ਸ਼ੰਕੇ ਪੈਦਾ ਕਰ ਦਿੰਦੇ ਪਰ ਇਨ੍ਹਾਂ ਲਿਖਤਾਂ ਵਿਚ ਤੁਹਾਨੂੰ ਅਜੇਹਾ ਕਿਤੇ ਨਹੀਂ ਮਿਲੇਗਾ ਜਿਸ ਨਾਲ ਪੜ੍ਹਨ ਵਾਲਿਆਂ ਦੀ ਹਮਦਰਦੀ ਜਾਂ ਉਨ੍ਹਾਂ ਦੇ ਭਰੋਸੇ ਨੂੰ ਅਪੀਲ ਕੀਤੀ ਗਈ ਹੋਵੇ ਜਾਂ ਕਿਸੇ ਗੱਲ ਦਾ ਸਬੂਤ ਪੇਸ਼ ਕੀਤਾ ਗਿਆ ਹੋਵੇ। ਸਗੋਂ ਇਨ੍ਹਾਂ ਵਿਚ ਤਾਂ ਜ਼ੋਰਦਾਰ ਇਕਰਾਰ ਤੇ ਦ੍ਰਿੜਤਾ ਭਰਪੂਰ ਗੱਲਾਂ ਪੇਸ਼ ਕੀਤੀਆਂ ਗਈਆਂ ਹਨ ਤੇ ਇਨ੍ਹਾਂ ਵਿਚ ਕੇਵਲ ਸੱਚੀਆਂ ਗੱਲਾਂ ਦਾ ਵਰਣਨ ਤੇ ਅਸੂਲਾਂ ਤੇ ਜ਼ੋਰ ਹੈ। ਇਨ੍ਹਾਂ ਲਿਖਤਾਂ ਦੀ ਇਕ ਇਕ ਪੰਕਤੀ ਵਿਚ ਭਰੋਸਾ, ਵਡੱਤਣ ਤੇ ਉੱਚਤਾ ਦੇ ਖਿਆਲ ਮਨ ਵਿਚ ਭਰਦੀ ਹੈ ਅਤੇ ਇਸੇ ਗੱਲ ਵਿਚ ਹੀ ਉਨ੍ਹਾਂ ਦੀ ਮਹਾਨ ਸ਼ਕਤੀ ਲੁਕੀ ਹੋਈ ਹੈ। ਇਥੋਂ ਤਕ ਕਿ ਰੱਬ ਅਗੇ ਪ੍ਰਾਥਨਾਵਾਂ ਵਿਚ ਵੀ ਕੋਈ ਜਜ਼ਬਾਤੀ ਮੰਗਾਂ ਨਹੀਂ ਕੀਤੀਆਂ ਗਈਆਂ। ਜੋ ਕੁਝ ਵੀ ਮੰਗਿਆ ਗਿਆ ਹੈ ਉਹ ਕੇਵਲ 'ਸਾਨੂੰ ਦੇ' 'ਸਾਨੂੰ ਉਲਟੇ ਪਾਸੇ ਨਾ ਜਾਣ ਦੇ' 'ਸਾਨੂੰ ਖਿਮਾ ਕਰ' ਆਦਿ।

ਆਪਣੇ ਦਿਲ ਨਾਲ ਉਹੋ ਜੇਹੀਆਂ ਗੱਲਾਂ ਕਰੋ, ਜਿਵੇਂ ਅੰਜੀਲ ਵਰਗੀਆਂ ਪੁਸਤਕਾਂ ਨੂੰ ਰਚਣ ਵਾਲੇ ਕਹਿਆ ਕਰਦੇ ਸਨ। ਉਕਾ ਨਾ ਥਿੜਕੋ, ਫੋਕੀਆਂ ਗੱਲਾਂ ਨਾ ਕਰੋ, ਆਸਾਂ ਨਾਲ ਨਾ ਬੱਝੇ ਰਹੋ, ਸਗੋਂ ਦ੍ਰਿੜਤਾ ਨਾਲ ਕਿਹਾ ਕਰੋ 'ਮੈਂ ਹਾਂ' 'ਮੈਂ ਕਰ ਸਕਦਾ ਹਾਂ' 'ਮੈਂ ਕਰਾਂਗਾ' 'ਇਹ ਹੈ'। ਸਦਾ ਲਗਾਤਾਰ ਮਨ ਨੂੰ ਇਸ ਪਾਸੇ ਲਾ ਕੇ ਇਸ ਇਰਾਦੇ ਤੇ ਦ੍ਰਿੜ ਰਹੋ ਕਿ ਜੋ ਕੁਝ ਤੁਹਾਡੀਆਂ ਉਮੰਗਾਂ ਨੂੰ ਫਬਵਾਂ ਤੇ ਸੰਭਵ ਜਾਪਦਾ ਹੈ ਉਹ ਤੁਸੀਂ ਜਰੂਰ ਬਣ ਜਾਉਗੇ। ਇਹ ਨਾ ਕਹੋ 'ਮੈਂ ਕਦੇ ਨਾ ਕਦੇ ਤੂੰ ਕਾਮਯਾਬ ਹੋ ਹੀ ਜਾਵਾਂਗਾ', ਸਗੋਂ ਇਹ ਕਿਹਾ ਕਰੋ 'ਮੈਂ ਹੁਣ ਕਾਮਯਾਬ ਹਾਂ। ਕਾਮਯਾਬੀ ਮੇਰਾ ਜਮਾਂਦਰੂ ਹੱਕ ਹੈ। ਇਹ ਨਾ ਕਰੋ ਕਿ ਤੁਸੀਂ ਆਉਣ ਵਾਲੇ ਕਿਸੇ ਸਮੇਂ ਵਿਚ ਖੂਬ ਰਾਜ਼ੀ ਖੁਸ਼ੀ ਹੋਵੇਗੇ, ਸਗੋਂ ਇਹ ਕਹੋ ਕਿ ਖੁਸ਼ ਰਹਿਣਾ ਹੀ ਮੇਰਾ ਕਰਤੱਵ ਹੈ, ਖੁਸ਼ ਰਹਿਣ ਲਈ ਹੀ ਤਾਂ ਮੈਨੂੰ ਬਣਾਇਆ ਗਿਆ ਹੈ, ਮੈਂ ਤਾਂ ਹਰ ਵੇਲੇ ਖੁਸ਼ ਹਾਂ। ਵਾਲਟ ਵਿਟਮੈਨ ਵਾਂਙ ਕਹੋ 'ਮੈਂ ਤੇ ਮੇਰਾ ਆਪਾ ਹੀ ਤਾਂ ਖੁਸ਼ਨਸੀਬ ਹਾਂ। ਜਿਨ੍ਹਾਂ ਚੀਜ਼ਾਂ ਦੀ ਤੁਹਾਨੂੰ ਲੋੜ ਹੈ, ਇਉਂ ਜ਼ਾਹਿਰ ਕਰਿਆ ਕਰੋ ਕਿ ਉਹ ਅੱਗੇ ਹੀ ਤੁਹਾਡੇ ਕਬਜ਼ੇ ਵਿਚ ਹਨ। ਜਿਨ੍ਹਾਂ ਗੁਣਾਂ ਦੇ ਤੁਸੀਂ ਸੁਆਮੀ ਬਣਨਾ ਚਾਹੁੰਦੇ ਹੋ ਉਨ੍ਹਾਂ ਸਬੰਧੀ ਇਉਂ ਜ਼ਾਹਿਰ ਕਰੋ ਜਿਵੇਂ ਉਹ ਤੁਹਾਡੇ ਅੰਦਰ ਪਹਿਲਾਂ ਹੀ ਮੌਜੂਦ ਹਨ। ਆਪਣੀ ਮਨਚਿਤਵੀ ਮੰਜ਼ਲ ਵੱਲ ਚਲਣ ਤੇ ਉਥੇ ਪੁਜਣ ਲਈ ਆਪਣੇ ਮਨ ਨੂੰ ਮਜ਼ਬੂਰ ਕਰਿਆ ਕਰੋ ਤੇ ਦ੍ਰਿੜਤਾ ਤੇ ਸਬਰ ਨਾਲ, ਆਪਣੇ ਮਨ ਨੂੰ ਉਥੇ ਟਿਕਾਈ ਰਖੋ, ਕਿਉਂਕਿ ਮਨ ਦੀ ਅਜੇਹੀ ਅਵਸਥਾ ਹੀ ਕੁਝ ਉਪਜਾ ਸਕਦੀ ਹੈ। ਇਸੇ ਨਾਲ ਹੀ ਸੂਖਮ ਸ਼ਬਦ ਸਥੂਲ ਅਵਸਥਾ ਵਿਚ ਬਦਲ ਜਾਇਆ ਕਰਦੇ ਹਨ। ਇਸ ਦੇ ਉਲਟ ਜਿਹੜਾ ਮਨ ਸ਼ੰਕਿਆਂ ਵਿਚ ਪਿਆ ਰਹਿੰਦਾ ਹੈ, ਡੋਲਦਾ ਰਹਿੰਦਾ ਹੈ, ਡਰਦਾ ਰਹਿੰਦਾ ਹੈ, ਉਹ ਕੁਝ ਵੀ ਨਹੀਂ ਉਪਜਾ ਸਕਦਾ। ਇਹੋ ਜੇਹੇ ਮਨ ਤੋਂ ਕਦੀ ਵੀ ਦ੍ਰਿੜ੍ਹਤਾ ਭਰਪੂਰ 'ਹਾਂ' ਵਾਲੇ ਇਕਰਾਰ ਨਹੀਂ ਨਿਕਲਿਆ ਕਰਦੇ।

ਅਸੀਂ ਸਦਾ ਹੀ ਖਿਆਲਾਂ ਦੀਆਂ ਸ਼ਕਤੀਆਂ ਮਨ ਤਰੰਗਾਂ ਦੀਆਂ ਸ਼ਕਤੀਆਂ ਤੇ ਸ਼ਬਦਾਂ ਦੀਆਂ ਸ਼ਕਤੀਆਂ ਨੂੰ ਆਪਣੇ ਅੰਦਰੋਂ ਕੱਢਦੇ ਰਹਿੰਦੇ ਹਾਂ ਜਿਹੜੀਆਂ ਲਗਾਤਾਰ ਦੂਣੀਆਂ ਚੌਣੀਆਂ ਹੁੰਦੀਆਂ ਹੋਈਆਂ ਸਰਬਵਿਆਪੀ ਸ਼ਕਤੀ ਦੇ ਰੂਪ ਵਿਚ ਪਰਗਟ ਹੋ ਕੇ ਸਾਡੀਆਂ ਹਾਲਤਾਂ ਅਤੇ ਸਾਡੇ ਆਲੇ ਦੁਆਲੇ ਨੂੰ ਰੂਪ ਦਿੰਦੀਆਂ ਰਹਿੰਦੀਆਂ ਹਨ। ਜਿਵੇਂ ਜਿਵੇਂ ਅਸੀਂ ਆਪਣੇ ਖਿਆਲਾਂ ਤੇ ਸ਼ਬਦਾਂ ਦੀਆਂ ਸ਼ਕਤੀਆਂ ਨੂੰ ਵਰਤਦੇ ਰਹਿੰਦੇ ਹਾਂ ਉਸੇ ਮੁਤਾਬਕ ਹੀ ਅਸੀਂ ਅਮੀਰ ਜਾਂ ਗਰੀਬ, ਤੰਦਰੁਸਤ ਜਾਂ ਬੀਮਾਰ, ਸਫਲ ਜਾਂ ਅਸਫਲ, ਖੁਸ਼ ਜਾਂ ਉਦਾਸ ਉੱਚੇ ਜਾਂ ਨੀਵੇਂ ਬਣਦੇ ਜਾਂਦੇ ਹਾਂ। ਸਾਡੇ ਚੰਮ ਮਾਸ ਜਾਂ ਸਾਡੀਆਂ ਮਾਨਸਕ ਹਾਲਤਾਂ ਤੇ ਚੀਜ਼ਾਂ ਵਿਚ ਜੋ ਕੁਝ ਲਿਖਿਆ ਤੇ ਪਰਤੱਖ ਦਿਸਦਾ ਹੈ ਉਹ ਸਾਡੇ ਅੰਦਰਲੇ ਖਿਆਲਾਂ ਤੋਂ ਦ੍ਰਿੜਤਾ ਭਰੇ ਸ਼ਬਦਾਂ ਨਾਲ ਮੇਲ ਖਾਂਦਾ ਹੈ।

ਆਪਣੀ ਆਤਮਾ, ਅਰਥਾਤ ਆਪਣੇ 'ਸੱਚੇ ਆਪੇ’ ਨੂੰ ਲਗਾਤਾਰ 'ਮੈਂ ਹਾਂ' ਦਾ ਤੇ ਉਸ ਸ਼ਕਤੀ ਤੇ ਦ੍ਰਿੜ੍ਹ ਹੋਣ ਦਿਉ ਜਿਹੜੀ ਸਰਬ-ਸ਼ਕਤੀਮਾਨ ਤੋਂ ਤੁਹਾਨੂੰ ਮਿਲੀ ਹੋਈ ਹੈ। ਇਹ ਦ੍ਰਿੜਤਾ ਬੜੀ ਖਾਮੋਸ਼ ਭਰੋਸੇ ਭਰਪੂਰ ਤੇ ਨਫੀ ਦੀ ਥਾਂ ਜਮ੍ਹਾ ਖਿਆਲਾਂ ਵਾਲੀ ਹੋਣੀ ਚਾਹੀਦੀ ਹੈ। ਕਿਹਾ ਕਰੋ ਕਿ- 'ਮੈਂ ਰੱਬ ਨਾਲ ਅਭੇਦ ਹਾਂ, ਜੋ ਕੁਝ ਉਹ ਮੈਥੋਂ ਕਰਾਉਣਾ ਚਾਹੁੰਦਾ ਹੈ ਉਹ ਕਰਨ ਦੀ ਸਮਰੱਥਾ ਮੇਰੇ ਕੋਲ ਹੈ। ਮੇਰਾ ਫਰਜ਼ ਹੈ ਕਿ ਮੈਂ ਆਪਣੀ ਹਸਤੀ ਦੇ ਅੰਦਰਲੇ ਹੁਲਾਰੇ ਦਾ ਕਹਿਣਾ ਮੰਨਾਂ। ਉਹ ਹੁਲਾਰਾ ਅਸਲ ਵਿਚ ਰੱਬ ਦੀ ਭੇਜੀ ਹੋਈ ਉਮੰਗ ਹੈ ਤਾਂ ਜੋ ਮੈਂ ਆਪਣੀਆਂ ਉਨ੍ਹਾਂ ਉੱਚੀਆਂ ਤੋਂ ਉੱਚੀਆਂ ਸੰਭਾਵਨਾਵਾਂ ਮੁਤਾਬਕ ਬਣ ਜਾਵਾਂ ਜਿਹੜੀਆਂ ਮੈਨੂੰ ਹਰ ਵੇਲੇ ਅਗਾਂਹ ਵਧਣ ਲਈ ਕਹਿੰਦੀਆਂ ਰਹਿੰਦੀਆਂ ਹਨ। ਅੱਗੇ ਤੋਂ ਮੈਂ ਕਦੇ ਕਿਸੇ ਚੀਜ਼ ਨੂੰ ਆਪਣੀਆਂ ਸਰੀਰਕ, ਮਾਨਸਕ ਤੇ ਆਤਮਕ ਸ਼ਕਤੀਆਂ ਦੀ ਪੂਰੀ ਪੂਰੀ ਆਜ਼ਾਦੀ ਵਿਚ ਦਖਲ ਨਹੀਂ ਦੇਣ ਦੇਵਾਂਗਾ। ਕਰਤਾਪੁਰਖ ਨੇ ਜਿੰਨੀਆਂ ਸੰਭਾਵਨਾਵਾਂ ਮੇਰੇ ‘ਸਵੈ’ ਅੰਦਰ ਲੁਕਾ ਕੇ ਰੱਖ ਛੱਡੀਆਂ ਹਨ ਉਨ੍ਹਾਂ

ਸਾਰੀਆਂ ਨੂੰ ਮੈਂ ਪਰਗਟ ਕਰ ਦਿਖਾਵਾਂਗਾ। ਰੱਬ ਦੀ ਜੰਤਰੀ ਵਿਚ ਕੋਈ ਵੀ ਦਿਨ ਅਜੇਹਾ ਨਹੀਂ ਜਿਹੜਾ ਅਜਾਈਂ ਜਾਏ, ਉਥੇ ਕਿਸੇ ਵਸਤੂ ਦੇ ਗੁਆਉਣ ਲਈ ਰਤਾ ਜਿੰਨੀ ਵੀ ਗੁੰਜਾਇਸ਼ ਨਹੀਂ, ਇਸ ਲਈ ਅੱਗੇ ਤੋਂ, ਜੋ ਕੁਝ ਮੈਨੂੰ ਮਿਲਿਆ ਹੋਇਆ ਹੈ ਉਸ ਦੀ ਲਾਭਦਾਇਕ ਵਰਤੋਂ ਕਰਾਂਗਾ। ਮੈਂ ਉਹੋ ਕਰਾਂਗਾ ਜਿਹੜਾ ਸਰਬ-ਸ਼ਕਤੀਮਾਨ ਦੇ ਪੁੱਤਰ ਨੂੰ ਕਰਨਾ ਸੋਭਦਾ ਹੈ।'

ਪਰ ਯਾਦ ਰਖੋ ਕਿ ਆਤਮਾ ਦੀ ਸਾਰਿਆਂ ਨੂੰ ਚਲਾਉਣ ਵਾਲੀ ਤਾਕਤ ਜਾਂ ਜ਼ਿੰਦਗੀ ਨਾਲ ਹੀ ਸ਼ਬਦਾਂ ਨੂੰ ਪੱਕਿਆਈ ਮਿਲਦੀ ਹੈ। ਜੇ ਤੁਹਾਡਾ ਮਤਲਬ ਉਹ ਨਹੀਂ ਜੋ ਤੁਸੀਂ ਕਹਿੰਦੇ ਹੋ ਜਾਂ ਤੁਸੀਂ ਉਨ੍ਹਾਂ ਕਹੇ ਹੋਏ ਸ਼ਬਦਾਂ ਦੇ ਅਰਥਾਂ ਅਨੁਸਾਰ ਆਪਣੇ ਜੀਵਨ ਨੂੰ ਨਹੀਂ ਢਾਲਦੇ ਤਾਂ ਉਨ੍ਹਾਂ ਸ਼ਬਦਾਂ ਦੀ ਕਦਰ ਉਂਨੀ ਹੀ ਹੈ ਜਿੰਨੀ ਕਿ ਐਵੇਂ ਲਏ ਹੋਏ ਸਾਹਾਂ ਦੀ ਹੋਇਆ ਕਰਦੀ ਹੈ। ਵੱਖੋ ਵੱਖ ਆਚਰਣ ਵਾਲੇ ਬੰਦਿਆਂ ਦੇ ਮੂੰਹੋਂ ਖੋਲਿਆ ਹੋਇਆ ਇਕੋ ਹੀ ਸ਼ਬਦ ਵੱਖੋ ਵੱਖ ਅਰਥ ਰੱਖਦਾ ਹੈ ਉਸੇ ਤਰ੍ਹਾਂ ਇਹੋ ਹੀ ਸਬ਼ਦ ਇਕ ਬੰਦੇ ਦੇ ਮੂੰਹੋਂ ਨਿਕਲ ਕੇ ਰੋਗੀ ਨੂੰ ਅਰੋਗ ਕਰ ਦਿੰਦਾ ਹੈ ਤੇ ਜਦੋਂ ਉਹ ਹੀ ਸ਼ਬਦ ਕਿਸੇ ਹੋਰ ਮਨੁੱਖ ਦੇ ਮੂੰਹੋਂ ਨਿਕਲਦਾ ਹੈ ਤਾਂ ਉਹਦਾ ਰੋਗੀ ਤੇ ਜ਼ਰਾ ਜਿੰਨਾ ਵੀ ਅਸਰ ਨਹੀਂ ਹੁੰਦਾ। ਅਜਿਹਾ ਫਰਕ ਬੋਲਣ ਵਾਲਿਆਂ ਦੇ ਜੀਵਨ ਅਤੇ ਆਚਰਣ ਵਿਚ ਭਿੰਨ ਭੇਦ ਹੋਣ ਦਾ ਕਾਰਣ ਹੈ। ਬਹੁਤ ਸਾਰੇ ਹਕੀਮ ਡਾਕਟਰ ਅਰੋਗ ਕਰਨ ਤੇ ਸਿਧਾਂਤਾਂ ਅਤੇ ਉਨ੍ਹਾਂ ਦੀ ਵਰਤੋਂ ਦੇ ਪੂਰੇ ਪੂਰੇ ਮਾਹਿਰ ਹੁੰਦਿਆਂ ਵੀ ਅਸਫਲ ਰਹਿੰਦੇ ਹਨ। ਕਾਰਣ ਕੇਵਲ ਇਹੋ ਹੀ ਹੈ ਕਿ ਉਨ੍ਹਾਂ ਦਾ ਆਤਮਕ ਪੱਖ ਕਮਜ਼ੋਰ ਹੁੰਦਾ ਤੇ ਉਨ੍ਹਾਂ ਦਾ ਜੀਵਨ ਉਨ੍ਹਾਂ ਦੀ ਸਿੱਖਿਆ ਅਨੁਕੂਲ ਨਹੀਂ ਹੁੰਦਾ ਹੈ ਜੋ ਉਹ ਦਿੰਦੇ ਹਨ।

ਸੱਚੀ ਗੱਲ ਤਾਂ ਇਹ ਹੈ ਕਿ ਅਰੋਗ ਕਰਨ ਵਾਲੀ ਅਸਲ ਚੀਕ ਜੀਵਨ ਅਰਥਾਤ ਅਧਿਆਤਮਕ ਜੀਵਨ ਹੈ ਜਿਹੜਾ ਉਨ੍ਹਾਂ ਸ਼ਬਦਾਂ ਰਾਹੀਂ ਅਰੋਗ ਕਰਦਾ ਹੈ ਜਿਨ੍ਹਾਂ ਦੇ ਉਚਾਰਣ ਲਈ ਅਕਲ ਹੋਠਾਂ ਨੂੰ ਕਹਿੰਦੀ ਹੈ। ਜਿਵੇਂ ਨਿਰਾ

ਵਿਸ਼ਵਾਸ ਦੰਗੇ ਅਮਲਾਂ ਬਿਨਾਂ ਕੌਡੀ ਦਾ ਨਹੀਂ, ਉਵੇਂ ਹੀ ਜੇ ਸ਼ਬਦਾਂ ਦੀ ਪਿਠ ਉੱਤੇ ਆਤਮਾ ਅਤੇ ਚੰਗੇਰੇ ਜੀਵਨ ਦਾ ਹੱਥ ਨਹੀਂ ਤਾਂ ਉਹ ਬੇਜਾਨ ਅਤੇ ਬੇਅਸਰ ਹੋ ਜਾਂਦੇ ਹਨ।

ਜਦੋਂ ਤੁਸੀਂ ਕਿਸੇ ਅਜੇਹੀ ਚੀਜ਼ ਦੀ ਇੱਛਾ ਕਰਦੇ ਹੋ ਜਿਸ ਨੂੰ ਤੁਸੀਂ ਪ੍ਰਾਪਤ ਕਰਨ ਦੇ ਯੋਗ ਸਮਝਦੇ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਪੂਰੇ ਭਰੋਸੇ ਨਾਲ ਕਹੋ ਕਿ 'ਇਹ ਚੀਜ਼ ਤਾਂ ਅੱਗੇ ਹੀ ਮੇਰੀ ਹੋ ਚੁੱਕੀ ਹੋਈ ਹੈ' ਸਗੋਂ ਇਉਂ ਕਹੋ ਕਿ ਉਹ ਤਾਂ ਤੁਹਾਡੇ ਅਧਿਕਾਰ ਵਿਚ ਆ ਵੀ ਚੁੱਕੀ ਹੈ। ਆਪਣੇ ਖਿਆਲ ਨੂੰ ਅਸਲੀਅਤ ਦਾ ਰੂਪ ਦਿਉ, ਸਥੂਲ ਅਵਸਥਾ ਵਿਚ ਉਸ ਚੀਜ਼ ਨੂੰ ਆਪਣਾ ਬਣਾਉਣ ਲਈ ਪੂਰੀ ਪੂਰੀ ਵਾਹ ਲਾਉ। ਤੁਸੀਂ ਵੇਖੋਗੇ ਕਿ ਜੋ ਕੁਝ ਤੁਸਾਂ ਖਿਆਲ ਦੀ ਪੈਲੀ ਵਿਚ ਦ੍ਰਿੜਤਾ ਨਾਲ ਬੀਜਿਆ ਹੈ ਉਹ ਪੱਕੀ ਹੋਈ ਫਸਲ ਦੇ ਰੂਪ ਵਿਚ ਤੁਹਾਡੇ ਸਾਹਮਣੇ ਹੋਵੇਗਾ, ਤੁਸੀਂ ਕੱਟ ਲਵੋਗੇ।

ਆਪਣੇ ਆਪ ਨੂੰ ਕਹੋ, 'ਰੱਬ ਕਿਸੇ ਬੰਦੇ ਦਾ ਕੋਈ ਖਾਸ ਲਿਹਾਜ਼ ਨਹੀਂ ਕਰਦਾ। ਸਾਡਾ ਪਿਤਾ ਆਪਣੇ ਬੱਚਿਆਂ ਨਾਲ ਸਲੂਕ ਕਰਨ ਵਿਚ ਪੱਖ ਪਾਤ ਨਾ ਕਰਦਾ ਹੈ ਨਾ ਕਰ ਸਕਦਾ ਹੈ। ਉਹ ਪੱਖ ਪਾਤੀ ਨਹੀਂ। ਉਹ ਸਾਰਿਆਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਇਕੋ ਜੇਹਾ ਪਿਆਰ, ਇਕੋ ਜੇਹੇ ਅਧਿਕਾਰ ਤੇ ਇਕੋ ਜੇਹੀਆਂ ਰਿਆਇਤਾਂ ਦਿੰਦਾ ਹੈ। ਉਹ ਮੇਰੇ ਜਤਨਾਂ ਰਾਹੀਂ ਮੇਰੀ ਲੋੜੀਂਦੀ ਤੇ ਮੰਗੀ ਹੋਈ ਚੀਜ਼ ਦਿੰਦਾ ਹੈ। ਜੋ ਕੁਝ ਮੈਂ ਕਰਨਾ ਚਾਹੁੰਦਾ ਹਾਂ ਉਹ ਮੈਂ ਕਰ ਸਕਦਾ ਹਾਂ ਤੇ ਕਰਾਂਗਾ। ਜੋ ਕੁਝ ਮੈਂ ਬਣਨਾ ਚਾਹੁੰਦਾ ਉਹ ਮੈਂ ਜਰੂਰ ਬਣਾਂਗਾ'। ਇਹ ਦਾਹਵਾ ਵਾਰ ਵਾਰ ਕੀਤਾ ਕਰੋ ਤੇ ਜੋ ਕੁਝ ਤੁਸੀਂ ਕਰਨਾ ਚਾਹੁੰਦੇ ਹੋ ਉਹਦੇ ਪੂਰੇ ਕਰਨ ਲਈ ਮੌਕੇ ਦੀਆਂ ਉਡੀਕਾਂ ਨਾ ਕਰੋ। ਮੌਕੇ ਨੂੰ ਆਪ ਬਣਾ ਲਓ। ਇਹ ਰਵੱਈਆ ਤੁਹਾਡੇ ਲਈ ਕਰਾਮਾਤ ਕਰ ਦਿਖਾਵੇਗਾ।

ਹੌਲੀ ਹੌਲੀ ਸਾਨੂੰ ਜਾਪਣ ਲੱਗ ਪਵੇਗਾ ਕਿ ਜਿਉਂ ਜਿਉਂ ਅਸੀਂ ਉਸ ਗੱਲ ਸਬੰਧੀ, ਜਿਸ ਦੇ ਬਣਾਉਣ ਜਾਂ ਕਰਨ ਦਾ ਇਰਾਦਾ ਰੱਖਦੇ ਹਾਂ- ਦ੍ਰਿੜ੍ਹ ਇਰਾਦੇ ਕਰ ਕੇ ਅਸੀਂ ਆਪਣੇ ਆਪ ਤੇ ਭਰੋਸੇ ਨੂੰ ਵਧਾਉਂਦੇ ਚਲੇ ਜਾਂਦੇ ਹਾਂ ਉਂਨੀ ਹੀ ਸਾਡੀ ਲਿਆਕਤ ਵਧਦੀ ਚਲੀ ਜਾਂਦੀ ਹੈ। ਦੂਜੇ ਲੋਕ ਤੁਹਾਡੇ ਬਾਰੇ ਕੀ ਖਿਆਲ ਕਰਦੇ ਹਨ ਤੇ ਕਹਿੰਦੇ ਹਨ ਕਦੇ ਇਸ ਗੱਲ ਦੀ ਪਰਵਾਹ ਨਾ ਕਰੋ। ਆਪਣੇ ਦਿਲ ਵਿਚ ਇਹ ਸ਼ੰਕਾ ਨਾ ਆਉਣ ਦਿਉ ਕਿ ਜੋ ਕੁਝ ਤੁਸੀਂ ਕਰਨਾ ਚਾਹੁੰਦੇ ਹੋ ਨਹੀਂ ਕਰ ਸਕਦੇ। ਦਲੇਰੀ ਨਾਲ, ਭਰੋਸੇ ਨਾਲ ਤੇ ਦ੍ਰਿੜਤਾ ਨਾਲ ਇਸ ਗੱਲ ਨੂੰ ਮੰਨੋ ਕਿ ਦੁਨਿਆ ਵਿਚ ਤੁਹਾਡੇ ਲਈ ਕੋਈ ਉਚੇਚੀ ਜਗ੍ਹਾ ਹੈ। ਉਹ ਇਕ ਖਾਸ ਪਾਰਟ ਹੈ ਜਿਸ ਨੂੰ ਕੇਵਲ ਤੁਸੀਂ ਹੀ ਅਦਾ ਕਰ ਸਕਦੇ ਹੋ ਤੇ ਇਕ ਤਰ੍ਹਾਂ ਨਾਲ ਤੁਸੀਂ ਇਹ ਪਾਰਟ ਮਰਦਾਂ ਵਾਂਙ ਚੰਗੀ ਤਰ੍ਹਾਂ ਅਦਾ ਵੀ ਕਰ ਰਹੇ ਹੋ। ਆਪਣੇ ਆਪ ਨੂੰ ਆਪਣੀ ਜ਼ਾਤ ਤੋਂ ਵੱਡੀਆਂ ਗੱਲਾਂ ਦੀ ਆਸ ਕਰਨ ਦਾ ਅਭਿਆਸ ਕਰਾਉ। ਜ਼ਬਾਨੇ ਮੰਨਣਾ ਤਾਂ ਇਕ ਪਾਸੇ ਰਿਹਾ ਆਪਣੀ ਚਾਲ ਢਾਲ ਤੋਂ ਵੀ ਕਦੇ ਇਹ ਨਾ ਜ਼ਾਹਿਰ ਕਰੋ ਕਿ ਤੁਹਾਡੇ ਦਿਲ ਵਿਚ ਇਹ ਖਿਆਲ ਮਾਤਰ ਵੀ ਹੈ ਕਿ ਤੁਸੀਂ ਸਾਰੀ ਉਮਰ ਸਿਰਫ ਛੋਟੇ ਕੰਮ ਕਰਨ ਲਈ ਹੀ ਬਣਾਏ ਗਏ ਹੋ।

ਆਪਣੇ ਆਪ ਤੋਂ ਵਧ ਤੋਂ ਵਧ ਲਾਭ ਉਠਾਉਣ ਤੇ ਆਪਣੇ ਜੀਵਨ ਦੀ ਅਤਿ ਚੰਗੀ ਵਰਤੋਂ ਕਰਨ ਦਾ ਸਾਧਨ ਇਹ ਹੈ ਕਿ ਤੁਸੀਂ ਸਾਰੇ ਮਾਮਲਿਆਂ ਨੂੰ ਠੀਕ ਤਰ੍ਹਾਂ ਆਪਣੀ ਅਦਾਲਤ ਵਿਚ ਪੇਸ਼ ਕਰੋ ਤੇ ਬਿਨਾਂ ਕਿਸੇ ਲਿਹਾਜ਼ ਮੁਲਾਹਜ਼ੇ ਦੇ ਆਪਣੀ ਪਰਖ ਕਰੋ। ਆਪਣੇ ਆਪ ਨਾਲ ਇਸ ਤਰ੍ਹਾਂ ਗੱਲਾਂ ਕਰੋ ਜਿਵੇਂ ਤੁਸੀਂ ਆਪਣੇ ਉਨ੍ਹਾਂ ਪਿਆਰੇ ਛੋਟੇ ਵੀਰ, ਭੈਣ ਜਾਂ ਆਪਣੇ ਪੁੱਤਰ ਨਾਲ ਕਰਦੇ ਹੋ, ਜਿਸ ਤੋਂ ਤੁਸੀਂ ਵੱਡੀਆਂ ਵੱਡੀਆਂ ਗੱਲਾਂ ਦੀ ਆਸ ਰੱਖਦੇ ਹੋ ਜਾਂ ਜਿਨ੍ਹਾਂ ਦੀ ਭਲਾਈ ਤੁਹਾਨੂੰ

ਆਪਣੀ ਭਲਾਈ ਵਰਗੀ ਪਿਆਰੀ ਹੈ ਜਾਂ ਜਿਵੇਂ ਅਜੇਹੇ ਪਿਆਰੇ ਮਿੱਤਰ ਨਾਲ ਗੱਲਾਂ ਕਰ ਰਹੇ ਹੋਵੋ ਜਿਸ ਦੀ ਉੱਨਤੀ ਤੇ ਮਾਣ ਦੇ ਵਾਧੇ ਵਿਚ ਸਹਾਇਤਾ ਕਰਨ ਦੀ ਤੁਹਾਨੂੰ ਬੜੀ ਚਾਹ ਹੈ। ਜੇ ਤੁਸੀਂ ਇਵੇਂ ਕਰੋਗੇ ਤਾਂ ਭੈੜੀਆਂ ਆਦਤਾਂ ਨੂੰ ਠੀਕ ਕਰਨ ਤੇ ਭੈੜੀਆਂ ਕਾਮਨਾਵਾਂ ਨੂੰ ਦਬਾਉਣ ਵਿਚ ਤੁਸੀਂ ਕਾਫੀ ਸਫਲਤਾ ਪ੍ਰਾਪਤ ਕਰੋਗੇ।

ਐਡੀਸਨ ਦੇ ਦੋਸਤਾਂ ਮਿੱਤਰਾਂ ਤੇ ਉਹਦੇ ਹਾਣੀਆਂ ਨੇ ਉਹਨੂੰ ਇਕ ਪਿਆਲਾ ਸ਼ਰਾਬ ਪੀਣ ਨੂੰ ਕਿਹਾ। ਉਸ ਅਜਮਾਇਸ਼ ਦੇ ਮੌਕੇ ਤੇ ਉਹ ਕਿਵੇਂ ਪਾਸ ਹੋਇਆ, ਇਸ ਦਾ ਜ਼ਿਕਰ ਕਰਦਿਆਂ ਹੋਇਆਂ ਐਡੀਸਨ ਨੇ ਲਿਖਿਆ ਹੈ- 'ਮੈਨੂੰ ਖਿਆਲ ਆਇਆ ਕਿ ਮੈਂ ਤਾਂ ਆਪਣੇ ਦਿਮਾਗ਼ ਤੋਂ ਚੰਗੇ ਚੰਗੇ ਕੰਮ ਲੈਣੇ ਹਨ। ਮੈਨੂੰ ਵਧ ਤੋਂ ਵਧ ਦਿਮਾਗੀ ਤਾਕਤ ਦੀ ਲੋੜ ਸੀ। ਮੈਂ ਚਾਹੁੰਦਾ ਸੀ ਕਿ ਮੈਂ ਆਪਣੇ ਜੀਵਨ ਦੀ ਯੋਗਤਾ ਵਧਾਵਾਂ, ਉਸ ਨੂੰ ਸੁੰਨ ਨਾ ਕਰ ਦਿਆਂ ਤੇ ਨਾ ਹੀ ਉਹਨੂੰ ਘੱਟ ਜਾਂ ਥੋਥੀ ਤੇ ਨਿਕੰਮੀ ਬਣਾਵਾਂ। ਮੈਂ ਨਹੀਂ ਚਾਹੁੰਦਾ ਕਿ ਆਪਣੇ ਉਸ ਦੁਸ਼ਮਣ ਨੂੰ ਆਪਣੇ ਮੂੰਹ ਅੰਦਰ ਪਾਵਾਂ, ਜਿਹੜਾ ਮੇਰੀ ਅਕਲ ਨੂੰ ਹੀ ਚੁਰਾ ਕੇ ਲੈ ਜਾਵੇ। ਮੇਰੀ ਇੱਛਾ ਸੀ ਕਿ ਅਜੇਹੇ ਕੰਮ ਕਰਾਂ ਜਿਨ੍ਹਾਂ ਨਾਲ ਮੇਰੀ ਦਿਮਾਗੀ ਸ਼ਕਤੀ ਘੱਟਣ ਦੀ ਥਾਂ ਵਧੇ, ਜਿਹੜੇ ਮੇਰੀਆਂ ਸੰਭਾਵਨਾਵਾਂ ਨੂੰ ਘਟਾਉਣ ਦੀ ਥਾਂ ਉਨ੍ਹਾਂ ਵਿਚ ਵਾਧਾ ਕਰਨ, ਜਿਹੜੇ ਮੇਰੇ ਵਸੀਲਿਆਂ ਨੂੰ ਤਬਾਹ ਨ ਕਰਨ ਸਗੋਂ ਉਨ੍ਹਾਂ ਨੂੰ ਹੋਰ ਵੀ ਚੌੜੇਰਾ ਕਰਨ ਤੇ ਮੇਰੀ ਨਵੀਆਂ ਨਵੀਆਂ ਖੋਜਾਂ ਕਰਨ ਤੇ ਕਾਢਾਂ ਕੱਢਣ ਦੀ ਤਾਕਤ ਨੂੰ ਵਧਾਉਣ, ਜਿਹੜੇ ਮੇਰੀ ਈਜਾਦ ਦੀ ਯੋਗਤਾ ਨੂੰ ਨਾਸ ਕਰਨ ਦੀ ਥਾਂ ਚਮਕਾਉਣ। ਇਹ ਸੋਚ ਕੇ ਮੈਂ ਆਪਣੇ ਦਿਲ ਵਿਚ ਕਿਹਾ, ਮਨੁੱਖ ਜਾਤੀ ਦੇ ਇਸ ਸਭ ਤੋਂ ਵੱਡੇ ਦੁਸ਼ਮਣ ਨੂੰ, ਜਿਸ ਨੇ ਹੋਰ ਸਾਰੇ ਦੁਸ਼ਮਣਾਂ ਦੇ ਮੁਕਾਬਲੇ ਵਿਚ ਵਧੇਰੇ ਮਰਦਾਂ ਤੇ ਤੀਵੀਆਂ ਨੂੰ ਅੱਗ ਵਾਂਙ ਆਪਣੀ ਲਪੇਟ ਵਿਚ ਲੈ ਲਿਆ ਹੈ, ਜਿਸ ਨੇ ਵਧੇਰੇ ਆਚਰਣਾਂ, ਜੀਵਨਾਂ ਤੇ ਖੁਸ਼ੀਆਂ ਦਾ ਨਾਸ ਕਰ ਦਿੱਤਾ ਹੈ, ਮੈਂ ਆਪਣੇ ਆਪ ਤੋਂ ਪਰੇ ਪਰੇ ਹੀ ਰਖਾਂਗਾ।

ਜੇ ਤੁਹਾਨੂੰ ਡਰ ਹੈ ਕਿ ਤੁਸੀਂ ਸ਼ਰਾਬ ਪੀਣ ਦੇ ਆਦੀ ਹੋ ਜਾਓਗੇ ਜਾਂ ਤੁਸੀਂ ਉਹਦੀ ਲਪੇਟ ਵਿਚ ਆ ਹੀ ਚੁੱਕੇ ਹੋ ਤਾਂ ਤੁਸੀਂ ਵੀ ਐਡੀਸਨ ਵਾਂਙ ਕਰੋ, 'ਮਨੁੱਖ ਜਾਤੀ ਦੇ ਇਸ ਸਭ ਤੋਂ ਵੱਡੇ ਦੁਸ਼ਮਣ ਨੂੰ, ਜਿਸ ਨੇ ਹੋਰ ਦੁਸ਼ਮਣਾਂ ਦੇ ਮੁਕਾਬਲੇ ਵਿਚ ਬਹੁਤ ਸਾਰੇ ਮਰਦਾਂ ਤੇ ਇਸਤਰੀਆਂ ਨੂੰ ਅੱਗ ਵਾਂਙ ਆਪਣੀ ਲਪੇਟ ਵਿਚ ਲੈ ਲਿਆ ਹੈ, ਜਿਸ ਨੇ ਵਧੇਰੇ ਆਚਰਣਾਂ, ਜੀਵਨਾਂ ਤੇ ਖ਼ੁਸ਼ੀਆਂ ਦਾ ਨਾਸ ਕਰਾ ਦਿੱਤਾ ਹੈ, ਮੈਂ ਆਪਣੇ ਆਪ ਤੋਂ ਪਰ੍ਹੇ ਪਰ੍ਹੇ ਹੀ ਰਖਾਂਗਾ।' ਮੈਂ ਇਸ ਤਰ੍ਹਾਂ ਸਹਾਰ ਸਕਦਾ ਹਾਂ ਕਿ ਮੈਂ ਆਪਣੀ ਯੋਗਤਾ ਦਾ ਰੰਚਕ ਮਾਤਰ ਵੀ ਸ਼ਰਾਬ ਦੀ ਭੇਟਾ ਕਰਾਂ। ਕਾਮਯਾਬੀ ਦੀ ਜਿੰਨੀ ਕੁ ਪੂੰਜੀ ਮੇਰੇ ਸਰੀਰ ਵਿਚ ਹੈ, ਉਸ ਤੋਂ ਵਧ ਮੇਰੇ ਅੰਦਰ ਕੋਈ ਫਾਲਤੂ ਯੋਗਤਾ ਨਹੀਂ ਜਿਹੜੀ ਮੈਂ ਆਪਣੇ ਅੰਦਰੋ ਕੱਢ ਕੇ ਬਾਹਰ ਵਗਾਹ ਸੁੱਟਾਂ। ਕੋਈ ਆਦਮੀ ਅਜੇਹਾ ਨਹੀਂ ਜਿਸ ਦੇ ਮਨ ਵਿਚ ਸ਼ਰਾਬ ਪੀਣ ਤੋਂ ਪਹਿਲਾਂ ਇਹ ਖਿਆਲ ਨਹੀਂ ਸੀ ਕਿ ਮੈਂ ਜਦੋਂ ਚਾਹਾਂਗਾ ਸ਼ਰਾਬ ਪੀ ਲਵਾਂਗਾ ਤੇ ਜਦੋਂ ਚਾਹਾਂਗਾ ਇਸ ਨੂੰ ਛੱਡ ਦੇਵਾਂਗਾ ਪਰ ਇਨ੍ਹਾਂ ਲੋਕਾਂ ਦਾ ਤਜਰਬਾ ਗਵਾਹ ਹੈ ਕਿ ਇਨ੍ਹਾਂ ਨੇ ਆਪਣੇ ਵੈਰੀ ਦੀ ਤਾਕਤ ਦਾ ਅੰਦਾਜ਼ਾ ਗਲਤ ਲਗਾਇਆ ਸੀ। ਮਨ ਅਤੇ ਸ਼ਰਾਬ ਦੀਆਂ ਲੜਾਈਆਂ ਵਿਚ ਆਮ ਕਰ ਕੇ ਸ਼ਰਾਬ ਹੀ ਜਿੱਤਿਆ ਕਰਦੀ ਹੈ। ਇਸ ਗੱਲ ਨੂੰ ਜਾਣਦਾ ਹੋਇਆ ਮੈਂ ਸ਼ਰਾਬ ਪੀਣ ਦੀ 4 ਆਦਤ ਅਤੇ ਇਸ ਨੂੰ ਰੋਕਣ ਦੀ ਆਪਣੀ ਸ਼ਕਤੀ ਦੇ ਸਬੰਧ ਵਿਚ ਜੂਆ ਨਹੀਂ ਖੇਡਾਂਗਾ। ਇਸ ਵੇਲੇ ਮੈਂ ਆਪਣੇ ਆਪ ਦਾ ਪੂਰਾ ਪੂਰਾ ਮਾਲਕ ਹਾਂ ਤੇ ਮੈਂ ਆਪਣੀ ਇਸ ਮਾਲਕੀ ਨੂੰ ਹੱਥੋਂ ਨਹੀਂ ਜਾਣ ਦੇਵਾਂਗਾ। ਮੈਨੂੰ ਆਪਣੇ ਉਸ ਮਰਦਊਪੁਣੇ ਤੇ ਆਪਣੀ ਦੈਵੀ-ਵਿਰਸੇ ਉੱਤੇ ਦ੍ਰਿੜ੍ਹ ਵਿਸ਼ਵਾਸ ਹੈ ਜਿਹੜਾ ਮੇਰੇ ਕਾਦਰ ਨੇ ਮੈਨੂੰ ਬਖਸ਼ਿਆ ਹੈ, ਤੇ ਮੇਰਾ ਵਿਸ਼ਵਾਸ ਹੈ ਕਿ ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਸ਼ਰਾਬ ਤਾਂ ਕੀ ਮਰਦਊਪੁਣੇ ਦੇ ਕਿਸੇ ਵੀ ਵੈਰੀ ਨੂੰ ਮੇਰੇ ਨੇੜੇ ਨਹੀਂ ਢੁਕਣ ਦੇਵੇਗਾ। ਮੈਂ ਸੈਂਟ ਬਰਨਾਰਡ ਵਾਂਗ ਮੰਨਦਾ ਹਾਂ ਕਿ 'ਮੇਰੇ ਆਪਣੇ ਮਨ ਬਿਨਾਂ ਹੋਰ ਕੋਈ ਚੀਜ਼ ਵੀ ਮੈਨੂੰ ਹਾਨੀ ਨਹੀਂ ਪੁਚਾ ਸਕਦੀ ਮੈਂ ਹੁਣ ਤੋਂ

ਪਰਤਿਗਿਆ ਕਰਦਾ ਹਾਂ ਕਿ ਮੈਂ ਕੋਈ ਅਜੇਹਾ ਕੰਮ ਨਹੀਂ ਕਰਾਂਗਾ ਜਿਹੜਾ ਮੈਨੂੰ ਮਨੁੱਖ ਤੋਂ ਕੁਝ ਹੋਰ ਬਣਾ ਦੇਵੇ। ਮੈਂ ਰੱਬੀ ਸ਼ਕਤੀ ਨਾਲ ਭਰਪੂਰ ਹਾਂ। ਮੈਂ ਇਕ ਓਂਕਾਰ ਨਾਲ ਅਭੇਦ ਹਾਂ।'

ਜੇ ਕਿਸੇ ਕਿਸਮ ਦੀ ਬੁਰਾਈ ਨੇ ਤੁਹਾਨੂੰ ਆਪਣੇ ਕਾਬੂ ਵਿਚ ਕਰ ਲਿਆ ਹੈ ਤਾਂ ਉਸ ਤੋਂ ਡਰੋ ਨਾ ਤੇ ਨਾ ਹੀ ਨਿਰਾਸ਼ ਹੋਵੋ, ਸਗੋਂ ਕਮਰ ਕੱਸ ਕੇ ਉਸ ਤੋਂ ਛੁਟਕਾਰਾ ਪਾਉਣ ਦਾ ਉਪਰਾਲਾ ਕਰੋ। ਯਾਦ ਰਖੋ, ਤੁਹਾਡੇ ਅੰਦਰ ਕੋਈ ਅਜੇਹੀ ਚੀਜ਼ ਮੌਜੂਦ ਹੈ ਜਿਹੜੀ ਕਦੇ ਡਿਗ ਨਹੀਂ ਸਕਦੀ, ਕਦੇ ਦਾਗੀ ਨਹੀਂ ਕੀਤੀ ਜਾ ਸਕਦੀ ਤੇ ਉਹ ਹੈ ਰੱਬ ਦੀ ਮੂਰਤੀ। ਆਪਣੇ ਆਪ ਨੂੰ ਕੇਵਲ ਇਹੋ ਕਹੋ, 'ਜੋ ਮੈਨੂੰ ਰੱਬ ਨੇ ਬਣਾਇਆ ਹੈ ਤਾਂ ਰੱਬ ਦੇ ਗੁਣਾਂ ਦਾ ਹਿੱਸਾ ਵੀ ਮੇਰੇ ਅੰਦਰ ਜ਼ਰੂਰ ਹੈ, ਉਹ ਤਾਕਤ ਵੀ ਮੇਰੇ ਅੰਦਰ ਹੈ ਜਿਸ ਦੇ ਨਾਲ ਹਰ ਮੰਦੀ ਆਦਤ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਹ ਲਾਹਨਤ, ਜਿਹੜੀ ਮੇਰੀ ਭਵਿਖਤ ਦੀ ਕਾਮਯਾਬੀ ਤੇ ਖੁਸ਼ੀ ਨੂੰ ਤਬਾਹ ਕਰ ਰਹੀ ਹੈ, ਮੇਰੇ ਮਰਦਊਪੁਣੇ ਤੇ, ਮੇਰੀ ਆਦਰਸ਼ਕ ਇਸਤਰੀਪੁਣੇ ਤੇ ਧਰਿਕਾਰ। ਇਹ ਮੇਰੀ ਬਣਨ ਵਾਲੀ ਪਤਨੀ ਤੇ ਮੇਰੇ ਹੋਣ ਵਾਲੇ ਬੱਚਿਆਂ ਦੇ ਵਿਰੁੱਧ ਇਕ ਗੁਨਾਹ ਹੈ। ਇਹ ਬੁਰਾਈ ਮੇਰੇ ਨਾਲੋਂ ਵਧੇਰੇ ਸ਼ਕਤੀ- ਸ਼ਾਲੀ ਨਹੀਂ, ਸਗੋਂ ਕਮਜ਼ੋਰ ਹੈ। ਮੈਂ ਇਸ ਬੁਰੀ ਆਦਤ ਨੂੰ ਆਪਣੀ ਤਾਕਤ ਖੋਹ ਖਿੰਝ ਕੇ ਨਹੀਂ ਲੈ ਜਾਣ ਦੇਵਾਂਗਾ। ਮੈਂ ਇਸ ਨੂੰ ਆਪਣੇ ਮਰਦਊਪੁਣੇ ਨੂੰ ਕਲੰਕਤ ਕਰਨ ਦਾ ਮੌਕਾ ਨਹੀਂ ਦੇਵਾਂਗਾ। ਇਹ ਮੇਰੇ ਆਚਰਣ ਨੂੰ ਨੀਵਾਂ ਕਰ ਕੇ ਮੇਰੇ ਸਵੈ-ਸਤਿਕਾਰ ਨੂੰ ਤਬਾਹ ਨਹੀਂ ਕਰ ਸਕੇਗੀ। ਮੈਂ ਇਸ ਵੇਲੇ ਇਹ ਪੱਵਿਤਰ ਪ੍ਰਣ ਕਰਦਾ ਹਾਂ ਕਿ ਹੁਣ ਅਜੇਹਾ ਕੰਮ ਕਦਾਚਿਤ ਨਹੀਂ ਕਰੇਗਾ ਜਿਹੜਾ ਮੇਰੇ ਅੰਦਰਲੀ ਰੱਬ ਦੀ ਮੂਰਤੀ ਉੱਤੇ ਪਰਦਾ ਪਾ ਦੇਵੇ, ਜੀਵਨ ਵਿਚ ਮੇਰੀਆਂ ਕਾਮਯਾਬੀਆਂ ਦੇ ਅਵਸਰ ਘਟਾ ਦੇਵੇ, ਤੇ ਮੇਰੀ ਸਿਹਤ ਨੂੰ ਤਬਾਹ ਕਰ ਕੇ ਮੈਨੂੰ ਮਨੁੱਖਤਾ ਦਾ ਖੰਡਰ ਬਣਾ ਦੇਵੇ। ਮੈਂ ਜੇਤੂ ਹਾਂ ਗੁਲਾਮ ਨਹੀਂ ਹਾਂ, ਰੱਬੀ ਤਾਕਤ ਹਾਂ, ਮਰੀਅਲ ਨਿਕਾਰੀ ਚੀਜ਼ ਨਹੀਂ ਹਾਂ। ਮੈਂ ਰੱਥ

ਦਾ ਪੁੱਤਰ ਹੋਣ ਕਰ ਕੇ ਆਪਣਾ ਪੈਦਾਇਸ਼ੀ ਹੱਕ ਮੰਗਦਾ ਹਾਂ। ਮੈਂ ਮਰਦ ਹਾਂ, ਤਕੜਾ, ਸਫ਼ਲ, ਪ੍ਰਸੰਨ, ਆਜ਼ਾਦ ਆਪਣੀ ਆਤਮਾ ਦਾ ਮਾਲਕ ਹਾਂ।"

ਜੇ ਤੁਹਾਨੂੰ ਕਿਸੇ ਭੈੜੀ ਆਦਤ ਨੂੰ ਹਟਾਉਣ ਦੀ ਲੋੜ ਪਵੇ, ਜੇ ਤੁਸਾਂ ਨੇ ਕਿਸੇ ਡਰ ਤੇ ਖਤਰੇ ਨੂੰ ਦਿਲ ਵਿਚੋਂ ਕੱਢਣਾ ਹੋਵੇ ਜਾਂ ਕਿਸੇ ਕਿਸਮ ਦੀ ਔਕੜ ਤੇ ਗੁੰਝਲ ਵਿਚੋਂ ਨਿਕਲਣਾ ਹੋਵੇ ਤਾਂ ਅਜੇਹੇ ਮੌਕੇ ਤੇ ਤੁਸੀਂ ਆਪਣੀ ਧਰਮ ਪੁਸਤਕ ਦੇ ਕਿਸੇ ਉਤਸ਼ਾਹ ਵਧਾਉਣ ਵਾਲੇ, ਦਿਲ ਵਿਚ ਜੋਸ਼ ਪੈਦਾ ਕਰਨ ਵਾਲੇ ਜ਼ੋਰਦਾਰ ਵਾਕ ਨੂੰ ਵਾਰ ਵਾਰ ਦਹੁਰਾਉ। ਉਹ ਅੰਜੀਲ ਦੇ ਹੇਠ ਦਿੱਤੇ ਵਾਕਾਂ ਵਾਂਙ ਅਤੀਅੰਤ ਲਾਭਦਾਇਕ ਸਿਧ ਹੋਣਗੇ – 'ਮੈਂ, ਮਾਲਕ ਆਪ ਤੇਰਾ ਸੱਜਾ ਹੱਥ ਫੜ ਕੇ ਤੇਰੀ ਮਦਦ ਕਰਾਂਗਾ ਤੇ ਤੈਨੂੰ ਕਹਾਂਗਾ 'ਡਰ ਨਾ, ਮੈਂ ਤੇਰੀ ਸਹਾਇਤਾ ਕਰਾਂਗਾ'। 'ਮੈਂ ਖੁਸ਼ ਖੁਸ਼ ਹੋਵਾਂਗਾ ਤੇ ਤੇਰੀ ਮਿਹਰ ਨਾਲ ਖੁਸ਼ੀਆਂ ਮਨਾਵਾਂ ਕਿਉਂਕਿ ਤੂੰ ਮੇਰੀ ਤਕਲੀਫ ਵੱਲ ਧਿਆਨ ਕਰ ਲਿਆ ਹੈ। ਤੂੰ ਮੁਸੀਬਤਾਂ ਵਿਚ ਮੇਰੀ ਆਤਮਾ ਨੂੰ ਜਾਣ ਲਿਆ ਹੈ। 'ਕਾਦਰ ਦੀ ਖੁਸ਼ੀ ਹੀ ਤੁਹਾਡੀ ਸ਼ਕਤੀ ਹੈ।' 'ਜਿਹੜੇ ਲੋਕ ਮਾਲਕ ਦੀ ਰਜ਼ਾ ਵਿਚ ਰਹਿਣਗੇ ਉਨ੍ਹਾਂ ਦੀ ਤਾਕਤ ਨਵੇਂ ਸਿਰੇ ਤੋਂ ਵਧੇਰੀ ਹੋ ਜਾਵੇਗੀ ਤੇ ਉਹ ਬਹੁਤ ਜਲਦੀ ਉੱਨਤੀ ਕਰਨਗੇ।' 'ਜਿਹੜਾ ਕੋਈ ਵੀ ਰੱਬ ਤੇ ਭਰੋਸਾ ਰੱਖਦਾ ਹੈ ਉਹ ਸੁਰੱਖਿਅਤ ਰਹੇਗਾ।' 'ਮੈਂ ਰੱਬ ਅੱਗੇ ਪੁਕਾਰ ਕੀਤੀ ਤੇ ਉਹਨੇ ਮੇਰੀ ਸੁਣ ਲਈ ਤੇ ਮੈਨੂੰ ਸਾਰੇ ਖਤਰਿਆਂ ਤੋਂ ਬਚਾ ਲਿਆ' 'ਆਪਣਾ ਭਾਰ ਰੱਬ ਦੇ ਉੱਤੇ ਸੁੱਟ ਦਿਓ ਤੇ ਉਹ ਤੁਹਾਨੂੰ ਸਹਾਰਾ ਦੇਵੇਗਾ।'

ਜੇ ਤੁਸੀਂ ਢਿਲ ਮਿਲ ਯਕੀਨ ਹੋ, ਜੇ ਕਿਸੇ ਗੱਲ ਦਾ ਫੈਸਲਾ ਨਾ ਕਰ ਸਕਣਾ ਹੀ ਤੁਹਾਡੀ ਕਮਜ਼ੋਰੀ ਹੈ, ਜੇ ਤੁਹਾਨੂੰ ਡਰ ਹੈ ਕਿ ਤੁਹਾਨੂੰ ਫੌਰਨ ਫੈਸਲਾ ਕਰਨ ਦੇ ਲਈ ਮਜ਼ਬੂਰ ਕੀਤਾ ਜਾਵੇਗਾ, ਜੇ ਤੁਸੀਂ ਹਰ ਗੱਲ ਨੂੰ ਨੇਪਰੇ ਚਾਹੜੇ ਬਿਨਾਂ ਆਖਰ ਤੱਕ ਅਧੂਰਾ ਛੱਡੀ ਰੱਖਣ ਦੇ ਆਦੀ ਹੋ ਗਏ ਹੋ, ਜੇ ਤੁਸੀਂ ਇਉਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਕੋਲੋਂ ਕਿਸੇ ਜ਼ਰੂਰੀ ਮਾਮਲੇ ਦਾ ਫੈਸਲਾ ਹੋ ਹੀ ਨਹੀਂ

ਸਕਦਾ, ਜੇ ਤੁਸੀਂ ਕਿਸੇ ਕੀਤੇ ਹੋਏ ਫੈਸਲੇ ਤੇ ਦੂਜੀ ਵਾਰ ਵਿਚਾਰ ਕਰਨ ਦੇ ਆਦੀ ਹੋ ਗਏ ਹੋ, ਜੇ ਤੁਸੀਂ ਆਪਣੇ ਖਤ-ਪੱਤਰ ਬੰਦ ਕੀਤੇ ਬਿਨਾਂ ਰੱਖ ਛਡਦੇ ਹੋ, ਜ਼ਰੂਰੀ ਕਾਗਜ਼ ਦਸਖਤ ਕੀਤੇ ਬਗੈਰ ਹੀ ਰੱਖ ਛਡਦੇ ਹੋ ਤੇ ਉਦੋਂ ਤਕ ਮੁਆਮਲਿਆਂ ਨੂੰ ਮੁਕਾਉਂਦੇ ਨਹੀਂ ਜਦੋਂ ਤਕ ਉਨ੍ਹਾਂ ਨੂੰ ਮੁਕਾਉਣ ਲਈ ਮਜਬੂਰ ਨਹੀਂ ਹੋ ਜਾਂਦੇ ਤੇ ਇਹ ਡਰ ਲੱਗਾ ਰਹਿੰਦਾ ਹੈ ਕਿ ਸ਼ਾਇਦ ਫੈਸਲਾ ਕੀਤੇ ਮੁਆਮਲਿਆਂ ਤੇ ਫੇਰ ਵਿਚਾਰ ਕਰਨ ਤੇ ਜੀ ਆਵੇ, ਤਾਂ ਇਸ ਕਿਸਮ ਦੀ ਕਮਜ਼ੋਰੀ ਦਾ ਇਲਾਜ ਤੁਸੀਂ ਇਸ ਤਰ੍ਹਾਂ ਕਰ ਸਕਦੇ ਹੋ ਕਿ ਉਨ੍ਹਾਂ ਮੁਆਮਲਿਆਂ ਦੇ ਸਬੰਧ ਵਿਚ ਆਪਣੇ ਅੰਦਰਲੇ ਆਪ ਨਾਲ ਗੱਲ ਬਾਤ ਕਰ ਲਵੋ ਤੇ ਪੱਕਾ ਇਰਾਦਾ ਕਰ ਲਵੋ ਕਿ ਢਿੱਲੇ ਤੇ ਕਮਜ਼ੋਰ ਤਬੀਅਤ ਵਾਲੇ ਰਹਿਣ ਦੀ ਥਾਂ ਤੁਸਾਂ ਦੋ ਟੂਕ ਫੈਸਲਾ ਕਰਨ ਵਾਲੇ ਮਰਦ ਬਣਨਾ ਹੈ।

ਰੋਜ਼ ਸਵੇਰੇ ਇਰਾਦਾ ਕਰੋ ਕਿ ਘਟੋ ਘਟ ਅੱਜ ਦੇ ਦਿਨ ਤੁਸੀਂ ਜ਼ਰੂਰ ਆਪਣੇ ਕੰਮਾਂ ਬਾਰੇ ਝੱਟ ਪਟ ਫੈਸਲਾ ਕਰੋਗੇ ਤੇ ਪੱਕੇ ਇਰਾਦੇ ਤੇ ਟਿਕਾਉ ਵਾਲੇ ਉਸ ਆਦਮੀ ਵਾਂਙ ਕੰਮ ਕਰੋਗੇ ਜਿਹੜਾ ਫੋਰਨ, ਜ਼ਬਰ- ਦਸਤ, ਦੋ ਟੂਕ ਫੈਸਲਾ ਕਰ ਦਿਆ ਕਰਦਾ ਹੈ। ਜਦੋਂ ਤੁਸੀਂ ਕਿਸੇ ਫੈਸਲਾ ਕਰਨ ਯੋਗ ਮਾਮਲੇ ਤੇ ਦੇਰ ਤਕ ਗਹੁ ਨਾਲ ਵਿਚਾਰ ਕਰ ਲਵੋ ਤਾਂ ਆਪਣੇ ਆਪ ਨੂੰ ਆਖੋ, 'ਬਸ, ਹੁਣ ਇਹੋ ਰਸਤਾ ਚਲਣ ਦਾ ਹੈ' 'ਇਹੋ ਕੰਮ ਠੀਕ ਤੇ ਕਰਨ ਦੇ ਯੋਗ ਹੈ, ਹੁਣ ਮੈਂ ਇਹਦਾ ਫੈਸਲਾ ਕਰ ਕੇ ਇਹਨੂੰ ਭੁਲ ਜਾਵਾਂਗਾ। ਇਹਨੂੰ ਆਪਣੇ ਖਿਆਲ ਤੋਂ ਪਰ੍ਹੇ ਕਰ ਦੇਵਾਂਗਾ। ਇਹਦੇ ਤੇ ਮੁੜ ਵਿਚਾਰ ਨਹੀਂ ਕਰਾਂਗਾ। ਇਸ ਗੱਲ ਤੇ ਹੋਰ ਵਧੇਰੇ ਵਿਚਾਰ ਕਰਨ ਦੀ ਲੋੜ ਨਹੀਂ ਹੋਵੇਗੀ। ਮੇਰਾ ਫੈਸਲਾ ਠੀਕ ਹੈ। ਮੈਂ ਇਹਦੇ ਤੇ ਭਰੋਸਾ ਕਰਾਂਗਾ। ਮੈਂ ਸਾਫ਼ ਸਾਫ਼ ਸੋਚ ਸਕਦਾ ਹਾਂ ਤੇ ਢਿੱਲੇਪਨ ਤੇ ਸੁਸਤੀ ਬਿਨਾਂ ਨਿਰਣਾ ਕਰ ਦਿਆਂਗਾ। ਅੱਜ ਤੋਂ ਮੈਂ ਇਉਂ ਕੀਤਾ ਕਰਾਂਗਾ।

ਰੋਜ਼ ਆਪਣੇ ਆਪ ਨੂੰ ਇਹੋ ਜੇਹੇ ਬੰਦੇ ਦੇ ਰੂਪ ਵਿਚ ਅਨੁਭਵ ਕਰੋ ਜਿਸ ਨੂੰ ਤੁਸੀਂ ਫੋਰਨ ਬੰਦੋਬਸਤ ਕਰਨ ਲਈ ਜ਼ਬਰਦਸਤ ਸ੍ਵੈ-ਭਰੋਸੇ ਤੇ ਝਟ ਪਟ ਤੇ ਅੰਤਮ ਫੈਸਲਾ ਕਰਨ ਦੇ ਗੁਣਾਂ ਕਰਕੇ ਸਲਾਹੁੰਦੇ ਹੁੰਦੇ ਹੋ। ਜੇ ਤੁਸੀਂ ਸ਼ੁਰੂ ਸ਼ੁਰੂ ਵਿਚ ਕੁਝ ਗਲਤੀਆਂ ਵੀ ਕਰ ਜਾਓ ਤਾਂ ਵੀ ਕੋਈ ਪਰਵਾਹ ਨਾ ਕਰੋ। ਆਪਣੇ ਇਰਾਦੇ ਤੇ ਪੱਕੇ ਟਿਕੇ ਰਹੋ ਤੇ ਮੁਆਮਲਿਆਂ ਦਾ ਦੋ ਟੂਕ ਫੈਸਲਾ ਕਰ ਦਿਆ ਕਰੋ। ਜਦ ਕੋਈ ਚਿਠੀ ਲਿਖ ਲਵੋ ਤਾਂ ਉਹਨੂੰ ਬੰਦ ਕਰਕੇ ਭੇਜਣ ਦੀ ਕਰੋ ਤੇ ਫੇਰ ਉਹਦਾ ਖ਼ਿਆਲ ਛੱਡ ਦਿਉ। ਜਦੋਂ ਤੁਸਾਂ ਕੋਈ ਕੰਮ ਕਰਨਾ ਪਰਵਾਨ ਕਰ ਲਿਆ ਹੈ ਉਹਨੂੰ ਝੱਟ ਪਟ ਕਰ ਦਿਓ। ਜਿਹੜੇ ਪੁਲਾਂ ਤੋਂ ਟੱਪ ਚੁੱਕੇ ਹੋ ਉਨ੍ਹਾਂ ਨੂੰ ਫੂਕ ਦਿਓ ਤਾਂ ਜੋ ਫੇਰ ਮੁੜ ਕੇ ਪਿਛੇ ਪਰਤਣ ਦੀ ਚਾਹ ਵੀ ਉਠੇ ਤਾਂ ਮੁੜਨ ਲਈ ਕੋਈ ਰਾਹ ਹੀ ਨਾ ਰਹੇ। ਰੋਜ਼ ਲਗਾਤਾਰ ਆਪਣੇ ਆਪ ਨੂੰ ਦ੍ਰਿੜਤਾ ਨਾਲ ਬਲਵਾਨ ਕਰਦੇ ਰਹੋ। ਕਿਹਾ ਕਰੋ, 'ਮੈਂ ਹਾਂ' 'ਮੈਂ ਇਹ ਕੰਮ ਕਰ ਸਕਦਾ ਹਾਂ' 'ਮੈਂ ਇਸ ਕੰਮ ਨੂੰ ਜ਼ਰੂਰ ਕਰਾਂਗਾ।'

ਪਰ ਯਾਦ ਰੱਖੋ ਜੇ ਤੁਸੀਂ ਵਰਡਨ ਦੇ ਮੈਦਾਨ ਵਾਲੇ ਫਰਾਂਸੀਸੀ ਸਿਪਾਹੀਆਂ ਵਾਂਙ ਆਪਣੇ ਸ਼ਬਦਾਂ ਨੂੰ ਅਮਲੀ ਸ਼ਕਲ ਵਿਚ ਲਿਆਉਣ ਦਾ ਅਟੱਲ ਇਰਾਦਾ ਨਹੀਂ ਕਰੋਗੇ ਤਾਂ ਤੁਹਾਡੇ ਸ਼ਬਦ ਲਾਭਦਾਇਕ ਹੋਣ ਦੀ ਥਾਂ ਸਗੋਂ ਵਧੇਰੇ ਭੈੜੇ ਹੋ ਜਾਣਗੇ।

ਆਪਣੀ ਚਾਲ ਢਾਲ ਸਦਾ ਇਹੋ ਜੇਹੀ ਰੱਖੋ ਜਿਵੇਂ ਕਿ ਤੁਸੀਂ ਜਿਤਾਂ ਪ੍ਰਾਪਤ ਕਰਦੇ ਜਾ ਰਹੇ ਹੋ। ਹਰ ਦੇਖਣ ਵਾਲੇ ਉੱਤੇ ਆਪਣਾ ਇਹੋ ਜੇਹਾ ਅਸਰ ਪਾਉਂਦੇ ਜਾਉ। ਜਿਤ ਤੁਹਾਡੇ ਚਿਹਰੇ ਤੇ ਪਈ ਝਲਕੇ, ਤੁਹਾਡੀਆਂ ਅੱਖਾਂ ਤੋਂ ਅਜੇਹੇ ਦ੍ਰਿੜ੍ਹ ਇਰਾਦੇ ਤੇ ਸਥਿਰ ਲਗਨ ਨਾਲ ਪਰਗਟ ਹੋਵੇ ਕਿ ਲੋਕ ਜਾਣ ਜਾਣ ਕਿ ਕੋਈ ਗੱਲ ਵੀ ਤੁਹਾਨੂੰ ਜਿੱਤ ਪਾਉਣ ਤੋਂ ਰੋਕ ਨਹੀਂ ਸਕਦੀ। ਕੋਈ ਗੱਲ ਤੁਹਾਡਾ ਹੌਂਸਲਾ ਨਹੀਂ ਢਾਹ ਸਕਦੀ, ਕਿਉਂਕਿ ਜਿੱਤ ਤੁਹਾਡੀ ਜ਼ਾਤ ਵਿਚ ਲਿਖੀ ਹੋਈ ਹੈ, ਤੁਸੀਂ ਸਾਕਾਰ ਜਿੱਤ ਹੋ।

ਲੋਕਾਂ ਦੇ ਦਿਲ ਵਿਚ ਆਪਣੇ ਨਾ ਹਾਰਨ ਦਾ ਨਕਸ਼ਾ ਜਮਾ ਦਿਉ। ਤੁਹਾਡੇ ਵਾਸਤੇ ਇਹ ਉਸ ਪੂੰਜੀ ਤੋਂ ਕਈ ਗੁਣਾਂ ਵਡ-ਮੁੱਲੀ ਹੋਵੇਗੀ ਜਿਸ ਦੇ ਪਿੱਛੇ ਨਾ ਹਾਰਨ ਦੀ ਦ੍ਰਿੜਤਾ ਦਾ ਸਹਾਰਾ ਨਹੀਂ। ਮੰਨ ਲਿਆ ਤੁਹਾਡੇ ਕੋਲ ਰੁਪਏ ਦੀ ਸ਼ਕਲ ਵਿਚ ਬਹੁਤ ਸਾਰੀ ਪੂੰਜੀ ਹੈ ਪਰ ਜੇ ਤੁਹਾਡੇ ਮੁਹਾਂਦਰੇ ਤੋਂ ਕਾਇਰਤਾ ਤੇ ਹਾਰ ਪਰਗਟ ਹੁੰਦੀ ਹੈ, ਜਾਂ ਤੁਹਾਡੇ ਨਕਸ਼ਾਂ ਤੋਂ ਤੁਹਾਡੀ ਕੰਮਜ਼ੋਰੀ ਸੰਕੇ ਅਤੇ ਤੌਖਲੇ ਬਾਹਰ ਝਾਕ ਰਹੇ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਤੁਹਾਨੂੰ ਆਪਣੇ ਵਿਚਾਰ ਦੀ ਕਾਮਯਾਬੀ ਦੀ ਸਫਲਤਾ ਦਾ ਯਕੀਨ ਨਹੀਂ ਤਾਂ ਯਾਦ ਰੱਖੋ ਕਿ ਤੁਸੀਂ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ।

ਜ਼ਰਾ ਸੋਚੋ ਜੇ ਕਿਸੇ ਫੌਜੀ ਜਰਨੈਲ ਦੇ ਚਿਹਰੇ ਮੁਹਰੇ ਤੋਂ ਉਸ ਦੇ ਕਦੇ ਵੀ ਨਾ ਹਾਰਨ ਦੇ ਚਿੰਨ ਪਰਗਟ ਹੋਣ ਤਾਂ ਉਸ ਦੇ ਕੀ ਅਰਥ ਹੋਣਗੇ ? ਖਿਆਲ ਕਰੋ ਕਿ ਜਰਨੈਲ ਜਾਫਰੇ ਲਈ ਇਸ ਗੁਣ ਦੀ ਕੀ ਮਹਾਨਤਾ ਹੈ। ਫਰਾਂਸੀਸੀ ਜਾਣਦੇ ਸਨ ਕਿ ਕੋਈ ਚੀਜ਼ ਵੀ ਅਖੀਰ ਉਨ੍ਹਾਂ ਨੂੰ ਹਰਾ ਨਹੀਂ ਸਕਦੀ ਤੇ ਕੋਈ ਅਵਸਥਾ ਵੀ ਉਸ ਹੌਸਲਾ ਜਾਂ ਹਿੰਮਤ ਨੂੰ ਘਟਾ ਨਹੀਂ ਸਕਦੀ। ਉਹ ਜਾਣਦੇ ਹਨ ਕਿ ਜਦੋਂ ਤਕ ਉਸ ਦੇ ਦਮ ਵਿਚ ਦਮ ਹੈ ਉਸ ਵਿਚ ਬੀਰਤਾ ਮੌਜੂਦ ਹੈ, ਉਹ ਅੱਗੇ ਹੀ ਅੱਗੇ ਵਧੀ ਜਾਏਗਾ। ਉਹ ਜਾਣਦੇ ਸਨ ਕਿ ਉਸਦਾ ਦ੍ਰਿੜ੍ਹ ਵਿਸ਼ਵਾਸ ਕਦੇ ਵੀ ਨਹੀਂ ਡੋਲੇਗਾ। ਹੁਣ ਤੁਸੀਂ ਸੋਚੋ ਕਿ ਇਸ ਪਰਕਾਰ ਦਾ ਨਾ ਹਾਰਨ ਦਾ ਇਰਾਦਾ ਪਰਗਟ ਹੋਣਾ ਤੁਹਾਡੇ ਲਈ ਕੀ ਮਹਾਨਤਾ ਰੱਖਦਾ ਹੈ ?

ਇਹ ਮਨ ਦੀਆਂ ਮਨ ਨਾਲ ਗੱਲਾਂ ਆਪਣਾ ਇਲਾਜ ਆਪ ਕਰਨ ਦੇ ਸਾਧਨ ਦਾ ਇਕ ਸੁਝਾਉ ਜਾਂ ਨਮੂਨਾ ਹਨ। ਇਸ ਸਾਧਨ ਨੂੰ ਵਰਤ ਕੇ ਮੰਦੀਆਂ ਆਦਤਾਂ ਤੇ ਆਚਰਣ ਦੀਆਂ ਖਰਾਬੀਆਂ ਨੂੰ ਹਟਾਇਆ ਜਾ ਸਕਦਾ ਹੈ, ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਤੇ ਉਨ੍ਹਾਂ ਗੁਣਾਂ ਦੀ ਬਿਰਧੀ ਕੀਤੀ ਜਾ ਸਕਦੀ ਹੈ ਜਿਨ੍ਹਾਂ ਨਾਲ ਉੱਚੀ ਪਦਵੀ, ਸਫਲਤਾ, ਖੁਸ਼ੀ ਤੇ ਉੱਚਾ ਆਚਰਣ ਪ੍ਰਾਪਤ ਹੋਇਆ

ਕਰਦਾ ਹੈ। ਇਨ੍ਹਾਂ ਸੁਝਾਵਾਂ ਨੂੰ ਹਰ ਬੰਦੇ ਦੀਆਂ ਭਾਂਤ ਭਾਂਤ ਦੀਆਂ ਜਾਤੀ ਲੋੜਾਂ ਅਨੁਕੂਲ ਬਣਾਇਆ ਜਾ ਸਕਦਾ ਹੈ ਤੇ ਜੋ ਨਿਤ ਵਫਾਦਾਰੀ ਨਾਲ ਇਨ੍ਹਾਂ ਦਾ ਅਭਿਆਸ ਕੀਤਾ ਜਾਵੇ ਤੇ ਦਿਨ ਵਿਚ ਕਈ ਵਾਰ ਉਨ੍ਹਾਂ ਨੂੰ ਰੱਟਿਆ ਜਾਵੇ, ਜੇ ਸੰਭਵ ਹੋਵੇ ਤਾਂ ਰਾਤ ਨੂੰ ਸੌਣ ਤੋਂ ਪਹਿਲਾਂ ਉਨ੍ਹਾਂ ਨੂੰ ਉਚਾਰਿਆ ਜਾਵੇ ਤਾਂ ਉਹ ਜ਼ਰੂਰ ਮਨ ਮੰਗੇ ਆਪਣੇ ਆਪ ਨਾਲ ਦਿਲ ਦੀਆਂ ਨਤੀਜੇ ਪੈਦਾ ਕਰਨ ਦੀ ਕਰਾਮਾਤ ਵਿਖਾਉਣਗੇ ਪਰ ਇਹ ਸ਼ਰਤ ਜਰੂਰ ਹੈ ਕਿ ਕੋਸ਼ਿਸ਼ ਪੂਰੀ ਸਿਰੜ ਨਾਲ ਕੀਤੀ ਜਾਏ।

ਪਹਿਲਾਂ ਪਹਿਲਾਂ ਮਨ ਦੀਆਂ ਮਨ ਨਾਲ ਗੱਲਾਂ ਕਰਨਾ ਸ਼ਾਇਦ ਤੁਹਾਨੂੰ ਬੇਵਕੂਫੀ ਹੀ ਜਾਪੇ ਪਰ ਹੌਲੀ ਹੌਲੀ ਜਦੋਂ ਤੁਸੀਂ ਇਸ ਦੇ ਨਾਲ ਘੁਲ ਮਿਲ ਜਾਉਗੇ ਤੇ ਤੁਹਾਨੂੰ ਇਸ ਦਾ ਲਾਭਦਾਇਕ ਅਸਰ ਜਾਪਣ ਲੱਗ ਪਵੇਗਾ ਤਾਂ ਤੁਸੀਂ ਆਪਣੀ ਜਾਤ ਨੂੰ ਉਚੇਰੀ ਉਚੇਰੀ ਸਮਝਣ ਲੱਗ ਪਵੋਗੇ। ਤੁਹਾਡੇ ਵਿਚ ਆਪਣੀ ਕਦਰ ਆਪ ਕਰਨ ਦਾ ਜਜ਼ਬਾ ਅਤੇ ਸੈ੍-ਸਤਕਾਰ ਵਧ ਜਾਵੇਗਾ। ਤੁਹਾਨੂੰ ਆਪਣੀ ਜ਼ਾਤ ਤੇ ਵਧੇਰਾ ਯਕੀਨ ਹੋ ਜਾਵੇਗਾ। ਤੁਹਾਨੂੰ ਆਪਣੀ ਯੋਗਤਾ ਸੰਬੰਧੀ ਵਧੇਰੀ ਤਸੱਲੀ ਤੇ ਵਧੇਰਾ ਭਰੋਸਾ ਹੋ ਜਾਵੇਗਾ ਤੇ ਤੁਸੀਂ ਹਰ ਤਰ੍ਹਾਂ ਆਪਣੀਆਂ ਨਜ਼ਰਾਂ ਵਿਚ ਉੱਚੇ ਹੋ ਜਾਵੋਗੇ। ਇਹਦੇ ਇਹ ਅਰਥ ਕਦਾਚਿਤ ਨਹੀਂ ਕਿ ਤੁਸੀਂ ਆਕੜਖਾਨ ਤੇ ਹੰਕਾਰੀ ਹੋ ਜਾਵੋਗੇ ਸਗੋਂ ਇੰਨਾਂ ਹੀ ਹੋਵੇਗਾ ਕਿ ਤੁਸੀਂ ਆਪਣੀ ਜ਼ਾਤ ਤੇ ਆਪਣੀਆਂ ਸੰਭਾਵਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਜਾਵੇਗੇ ਤੇ ਰੱਬ ਦੀ ਦਿੱਤੀ ਹੋਈ ਯੋਗਤਾ ਤੇ ਸ਼ਕਤੀ ਦੀ ਚੰਗੀ ਤੋਂ ਚੰਗੀ ਵਰਤੋਂ ਕਰਨ ਦੇ ਯੋਗ ਹੋ ਜਾਵੋਗੇ।

ਮਨ ਦੀਆਂ ਮਨ ਨਾਲ ਗੱਲਾਂ ਵਿਚ ਸਦਾ ਆਪਣੇ ਆਪ ਨੂੰ ਉਤਸ਼ਾਹ ਦਿਉ ਹਮੇਸ਼ਾ ਉਚੇਰੇ ਉੱਠਣ ਦੀਆਂ ਗੱਲਾਂ ਕਰੋ। ਨਵੀਆਂ ਗੱਲਾਂ ਕਦੇ ਨਾ ਸੋਚੋ। ਜਿਵੇਂ ਵੀ ਹੋ ਸਕੇ, ਆਪਣੇ ਆਪ ਤੇ ਭਰੋਸਾ ਕਾਇਮ ਕਰਨ ਦੀ ਕੋਸ਼ਿਸ਼ ਕਰਿਆ ਕਰੋ, ਕਿਉਂਕਿ ਸੈ੍-ਭਰੋਸਾ ਇਕ ਅਜੇਹੀ ਸ਼ਕਤੀ ਹੈ ਜਿਹੜੀ ਆਪਣੇ ਅੰਦਰ ਸੁੱਤੀਆਂ ਹੋਰ

ਸ਼ਕਤੀਆਂ ਨੂੰ ਜਗਾ ਦਿੰਦੀ ਹੈ। 'ਤੇਰੇ ਵਿਸ਼ਵਾਸ ਮੁਤਾਬਕ ਤੇਰਾ ਹਾਲ ਹੋਵੇ ਅਰਥਾਤ ਜਿੰਨਾਂ ਕੁ ਦ੍ਰਿੜ ਤੁਹਾਡਾ ਵਿਸ਼ਵਾਸ ਹੋਵੇਗਾ, ਜਿੰਨੀ ਤੁਹਾਡੇ ਵਿਸ਼ਵਾਸ ਵਿਚ ਪਕਿਆਈ ਹੋਵੇਗੀ। ਉਤਨੀ ਹੀ ਤੁਹਾਡੀ ਪਰਾਪਤੀ ਹੋਵੇਗੀ ਜਾਂ ਤੁਹਾਨੂੰ ਫਲ ਮਿਲੇਗਾ।

ਕਾਂਡ 11

ਸਾਡੀ ਰੱਬ ਨਾਲ ਸਾਂਝ

ਸਰਬਸ਼ਕਤੀਮਾਨ ਪਰਮਾਤਮਾ ਨਾਲ ਜਿੰਨਾਂ ਨੇੜੇ ਸਾਡਾ ਸਬੰਧ ਹੋਵੇਗਾ, ਉਤਨੀ ਸਾਡੀ ਤਾਕਤ ਵਧੇਗੀ।

ਜੇ ਅਸੀਂ ਕਾਦਰ ਨਾਲ ਆਪਣੀ ਅਭਿੰਨਤਾ, ਅਭੇਦਤਾ ਤੇ ਸਾਂਝ ਦੇ ਰਿਸ਼ਤੇ ਨੂੰ ਸਦਾ ਹੀ ਸਮਝਦੇ ਰਹਾਂਗੇ ਤਾਂ ਸਾਡੇ ਜੀਵਨ ਦੇ ਅਰਥ ਹੀ ਹੋਰ ਹੋ ਜਾਣਗੇ, ਸਾਡੇ ਅੰਦਰ ਵਧੇਰਾ ਸ੍ਵੈ-ਮਾਨ ਅਤੇ ਮਹਾਨ ਸ਼ਕਤੀ ਜਾਗ ਪਏਗੀ।

ਜਦੋਂ ਹਜ਼ਰਤ ਮਸੀਹ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸਵਰਗ ਦੀ ਬਾਦਸ਼ਾਹੀ ਸਾਡੇ ਅੰਦਰ ਹੈ, ਤਾਂ ਉਨ੍ਹਾਂ ਦਾ ਭਾਵ ਇਹ ਸੀ ਕਿ ਅੰਦਰ ਵਾਲੀ ਬਾਦਸ਼ਾਹੀ ਸਰਬਵਿਆਪੀ ਮਨ ਦੀ ਵੱਡੀ ਸੂਝ ਦੇ ਨਾਲ ਮਿਲਦੀ ਜੁਲਦੀ ਹੈ, ਤੇ ਇਥੋਂ ਹੀ ਅਸੀਂ ਆਪਣੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦੇ ਹਾਂ। ਸਾਡੇ ਅੰਦਰਲੀ ਬਾਦਸ਼ਾਹੀ ਸ਼ਕਤੀ ਦੀ ਬਾਦਸ਼ਾਹੀ ਹੈ। ਇਹ ਸਾਡਾ ਅੰਦਰਲਾ ਮਹਾਨ ਆਪਾ ਹੀ ਹੈ ਜਿਸ ਰਾਹੀਂ ਅਸੀਂ ਸਰਬ- ਸ਼ਕਤੀਮਾਨ, ਸਰਬ ਵਿਆਪੀ ਤੇ ਤ੍ਰੈ-ਕਾਲ-ਦਰਸੀ ਪਰਮਾਤਮਾ ਨਾਲ ਸਬੰਧ ਜੋੜ ਸਕਦੇ ਹਾਂ। ਇਸ ਦੇ ਸਦਕੇ ਹੀ ਅਸੀਂ ਪਰਮਾਤਮਾਂ ਦੀ ਸਰਬੱਗਤਾ ਸਰਬਵਿਆਪਕਤਾ ਦੀਆਂ ਧੜਕਣਾ ਸਹੀ ਅਰਥਾਂ ਵਿਚ ਮਹਿਸੂਸ ਦੇ ਹਾਂ ਤੇ ਸਾਨੂੰ ਪਤਾ ਲੱਗਦਾ ਹੈ ਤੇ ਸਾਨੂੰ ਪਤਾ ਲੱਗਦਾ ਹੈ ਕਿ ਸਾਡਾ ਪਰਮਾਤਮਾ ਦੇ ਨਾਲ ਸਬੰਧ ਹੈ ਤੇ ਅਸੀਂ ਪੂਰਨ ਨੇਕੀ ਨਾਲ ਏਕਤਾ ਰਖਦੇ ਹਾਂ।

ਬੀਤੀਆਂ ਸਦੀਆਂ ਦੀ ਵੱਡੀ ਤੋਂ ਵੱਡੀ ਭਾਲ ਇਹੋ ਹੀ ਹੈ ਕਿ ਸਾਡਾ ਅਚੇਤ ਮਨ ਨਾ ਕੇਵਲ ਸਰਬ ਵਿਆਪੀ ਮਨ ਅਰਥਾਤ ਮਹਾਨ ਬੁੱਧੀ ਨਾਲ ਮਿਲਦਾ ਜੁਲਦਾ ਹੀ ਹੈ ਸਗੋਂ ਇਹ ਉਹਦੇ ਨਾਲ ਅਭੇਦ ਤੇ ਇਕ ਮਿਕ ਹੈ।

ਡਾਕਟਰ ਏਬਲ ਟੀ ਐਲਨ ਦੇ ਕਥਨ ਅਨੁਸਾਰ ਵੀਹਾਂ ਸਦੀਆਂ ਦੀ ਕਿਹੜੀ ਅਜੇਹੀ ਕਾਢ ਇਸ ਕਾਢ ਟਾਕਰਾ ਕਰ ਸਕਦੀ ਹੈ ਕਿ ਮਨੁੱਖ ਨੇ ਸਰਬਵਿਆਪੀ ਮਨ, ਅਰਥਾਤ ਆਪਣੀ ਹੀ ਆਤਮਾ ਦੇ ਅਨੰਤ ਭੰਡਾਰ ਦੀਆਂ ਸ਼ਕਤੀਆਂ ਨੂੰ ਵਰਤ ਕੇ ਆਪਣੇ ਲਈ ਲੋੜੀਂਦੀਆਂ ਵਸਤਾਂ, ਜੇਹਾ ਕਿ ਸਿਹਤ, ਲਿਆਕਤ ਤੇ ਆਚਰਣ ਆਦਿ ਜਾਂ ਹੋਰ ਮਨ-ਇੱਛਤ ਗੁਣ ਪੈਦਾ ਕਰਨ ਦਾ ਭੇਦ ਪਾ ਲਿਆ ਹੈ।

ਇਹ ਖਿਆਲ ਉਨ੍ਹਾਂ ਅਦਭੁਤ ਸਚਾਈਆਂ ਵਿਚੋਂ ਇਕ ਹੈ ਜਿਹੜਾ ਹੁਣ ਤੋਂ ਪਹਿਲਾਂ ਮਨੁੱਖ ਦੇ ਮਨ ਵਿਚ ਨਹੀਂ ਸੀ ਆਇਆ ਕਿ ਮਨੁੱਖ ਉਸ ਮਹਾਨ ਬੁੱਧੀ ਨੂੰ, ਜਿਹੜੀ ਉਹਦੇ ਅਚੇਤ ਮਨ ਰਾਹੀਂ ਉਹਦੇ ਅੰਦਰ ਜਾਗਦੀ ਹੈ, ਆਪਣੇ ਵੱਸ ਵਿਚ ਕਰ ਕੇ ਆਪਣੇ ਵਾਧੇ ਤੇ ਆਪਣੀ ਪ੍ਰਫੁਲਤਾ ਲਈ ਆਪਣੀ ਮਰਜ਼ੀ ਅਨੁਕੂਲ ਬਣਾ ਸਕਦਾ ਹੈ ਤੇ ਆਪਣੀ ਮਰਜ਼ੀ ਨਾਲ ਉਸ ਸਰਬਵਿਆਪੀ ਉਪਜਾਊ ਬੁੱਧੀ ਨੂੰ ਇਕ ਉਪਜਾਊ ਤਾਕਤ ਵਾਂਙ ਵਰਤੋਂ ਵਿਚ ਲਿਆ ਸਕਦਾ ਹੈ।

ਕਈ ਵਰ੍ਹੇ ਹੋਏ ਹੈਨਰੀ ਵਾਰਡ ਬੀਚਰ ਨੇ ਕਿਹਾ ਸੀ ਕਿ ਵਿਚਾਰ ਕੀਤਿਆਂ ਰੱਬ ਦੇ ਨਾਲ ਮਿਲ ਕੇ ਉਪਜਾਊ ਸ਼ਕਤੀ ਬਣ ਜਾਈਦਾ ਹੈ ਪਰ ਅੱਜ ਵੀ ਬਹੁਤ ਹੀ ਘੱਟ ਆਦਮੀ ਸਮਝਦੇ ਹਨ ਕਿ ਵਿਚਾਰ ਕਰਨ ਦੇ ਨਾਲ ਨਾਲ ਪੈਦਾ ਕਰਨ ਦਾ ਕੰਮ ਵੀ ਮਿਲਿਆ ਜੁਲਿਆ ਹੈ, ਤੇ ਜੇ ਅਸੀਂ ਨਿਸ਼ਕਾਮਤਾ ਪ੍ਰੇਮ ਤੇ ਦੂਜਿਆਂ ਦੀ ਸਹਾਇਤਾ ਦੇ ਖ਼ਿਆਲ ਕਰਾਂਗੇ ਤਾਂ ਅਸੀਂ ਅਕਾਲ ਪੁਰਖ ਨਾਲ ਮਿਲ ਕੇ ਉਪਜਾਉਣ ਦਾ ਕੰਮ ਕਰ ਰਹੇ ਹੋਵਾਂਗੇ।

ਰੱਬ ਦੇ ਸਬੰਧ ਵਿਚ 'ਨਵਾਂ ਖ਼ਿਆਲ' ਰੱਬ ਨੂੰ ਮਨੁੱਖ ਦਾ ਭਾਈਵਾਲ ਬਣਾ ਦਿੰਦਾ ਹੈ ਤੇ ਜਦੋਂ ਸਾਡੀ ਸਮਝ ਵਿਚ ਇਹ ਗੱਲ ਆ ਜਾਂਦੀ ਹੈ ਕਿ ਸਾਡੇ ਜੀਵਨ ਵਿਚ ਰੱਬ ਸਾਨੂੰ ਮਿਲਵਰਤਣ ਦੇ ਰਿਹਾ ਹੈ ਤਾਂ ਅਸੀਂ ਆਪਣੇ ਆਪ ਨੂੰ 'ਮੈਂ' ਦੀ ਥਾਂ 'ਅਸੀਂ' ਸਮਝਣ ਲੱਗ ਪੈਂਦੇ ਹਾਂ।

ਰੱਬ ਸਬੰਧੀ ਇਹ 'ਨਵਾਂ ਖ਼ਿਆਲ' ਸਾਨੂੰ ਮਨੁੱਖ ਤੇ ਰੱਬ ਦੇ ਨਾਲ ਉਹਦੇ ਰਿਸ਼ਤੇ ਬਾਰੇ ਨਵਾਂ ਖ਼ਿਆਲ ਦਿੰਦਾ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਪਰਮਾਤਮਾ ਦੇ ਅਤੀਅੰਤ ਜ਼ਰੂਰੀ ਅੰਸ਼ ਹਾਂ ਤੇ ਸਾਡੇ ਅਤੇ ਉਹਦੇ ਵਿਚ ਕੋਈ ਭਿੰਨ ਭੇਤ ਨਹੀਂ। ਅਸੀਂ ਉਸ 'ਉਪਜਾਊ-ਮਨ' ਦੇ ਅੰਸ਼ ਹਾਂ ਤੇ ਅਸੀਂ ਨਿੱਤ ਉਪਜਾਉਣ ਦਾ ਕੰਮ ਕਰਦੇ ਰਹਿੰਦੇ ਹਾਂ, ਕਿਉਂਕਿ ਕੁਝ ਉਪਜਾਉਂਦੇ ਰਹਿਣ ਤੋਂ ਬਿਨਾਂ ਨਾ ਅਸੀਂ ਸੋਚ ਸਕਦੇ ਹਾਂ, ਨਾ ਅਸੀ ਮਹਿਸੂਸ ਕਰ ਸਕਦੇ ਹਾਂ ਅਤੇ ਨਾ ਹੀ ਕੋਈ ਕੰਮ ਕਰ ਸਕਦੇ ਹਾਂ।

ਜੀਵਨ ਦਾ ਨਵਾਂ ਫਲਸਫਾ ਸਾਨੂੰ ਸਿਖਾਉਂਦਾ ਹੈ ਕਿ ਮਨੁੱਖ ਵਿਚ ਕੋਈ ਚੀਜ਼ ਹੈ ਜਿਹੜੀ ਕਦੇ ਟੁੱਟ ਨਹੀਂ ਸਕਦੀ, ਜਿਹੜੀ ਕਦੇ ਪੈਦਾ ਨਹੀਂ ਸੀ ਹੋਈ, ਜੋ ਕਦੀ ਮਰ ਵੀ ਨਹੀਂ ਸੀ ਸਕਦੀ, ਜਿਸ ਨੂੰ ਦਾਗ਼ ਨਹੀਂ ਲੱਗ ਸਕਦਾ ਜਿਸ ਤੋਂ ਕੋਈ ਪਾਪ ਨਹੀਂ ਹੋ ਸਕਦਾ। ਇਹ ਸਾਨੂੰ ਸਿਖਾਉਂਦਾ ਹੈ ਕਿ ਸਾਡੇ ਅੰਦਰ ਉਹ ਰੱਬੀ ਅੰਸ਼ ਹੈ ਜਿਹੜਾ ਕਦੇ ਵਿਨਾਸ ਨਹੀਂ ਹੋ ਸਕਦਾ। ਹੋਰ ਹਿੱਸਿਆਂ ਨੂੰ ਭਾਵੇਂ ਕੁਝ ਹੋ ਜਾਵੇ ਪਰ ਇਸ ਸਾਡੇ ਅੰਦਰ ਦੇ ਰੱਬੀ ਅੰਸ਼ ਨੂੰ ਕੋਈ ਸਦਮਾ ਨਹੀਂ ਪੁੱਜ ਸਕਦਾ, ਇਸ ਨੂੰ ਕੋਈ ਦਾਗ਼ ਨਹੀਂ ਲੱਗ ਸਕਦਾ।

ਮਨੁੱਖ ਦੀ ਤਾਕਤ ਦਾ ਨਿਰਭਰ ਬਹੁਤ ਕਰ ਕੇ ਇਸ ਗੱਲ ਤੇ ਹੈ ਕਿ ਉਹਨੂੰ ਸਚਾਈ ਦੀ ਖਬਰ ਕਿੰਨੀ ਕੁ ਹੈ, ਅਰਥਾਤ ਕਰਤਾਪੁਰਖ ਨਾਲ ਮਿਲ ਕੇ ਕੰਮ ਕਰਨ ਦੇ ਭੇਤ ਦੀ ਉਹਨੂੰ ਕਿਥੋਂ ਤਾਈਂ ਸਮਝ ਹੈ ? ਰੱਬ ਤੇ ਬੰਦੇ ਵਿਚਕਾਰ ਇਹ ਰਿਸ਼ਤਾ ਜਿੰਨਾਂ ਨੇੜੇ ਦਾ ਹੋਵੇਗਾ ਉਤਨੀ ਹੀ ਵਧੇਰੀ ਮਨੁੱਖ ਨੂੰ ਰੱਬ ਦੀ

ਜਾਣਕਾਰੀ ਹੋਵੇਗੀ, ਅਰਥਾਤ ਉਹਨੂੰ ਪਤਾ ਲੱਗੇਗਾ ਕਿ ਰੱਬ ਨਾਲ ਉਹ ਅਭੇਦ ਹੈ ਤੇ ਉਤਨੀ ਹੀ ਤਾਕਤ ਉਹ ਪਰਗਟ ਕਰ ਸਕੇਗਾ ਕਿਉਂਕਿ ਉਹ ਆਪਣੇ ਸਰਬਸ਼ਕਤੀਮਾਨ ਭਾਈਵਾਲ ਦੇ ਬੇਅੰਤ ਵਸੀਲਿਆਂ ਤੋਂ ਤਾਕਤ ਪ੍ਰਾਪਤ ਕਰੇਗਾ।

ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿਚ ਇਹ ਖਿਆਲ ਵਸਿਆ ਹੋਇਆ ਜਾਪਦਾ ਹੈ ਕਿ ਉਪਜਾਊ ਬੁੱਧੀ, ਜਿਥੋਂ ਕਿ ਸਾਰੀਆਂ ਚੀਜ਼ਾਂ ਪੈਦਾ ਹੋਈਆਂ ਹਨ। ਕੇਵਲ ਕਾਦਰ ਦੇ ਮਨ ਵਿਚ ਕਿਸੇ ਥਾਂ ਤੇ ਟਿਕੀ ਹੋਈ ਹੈ ਪਰ ਹੁਣ ਸਾਨੂੰ ਪਤਾ ਲੱਗ ਗਿਆ ਹੈ ਕਿ ਇਹ ਉਪਜਾਉ ਬੁੱਧੀ ਜਾਂ ਸ਼ਕਤੀ ਸਰਬਵਿਆਪੀ ਹੈ ਤੇ ਸਾਡੇ ਸਰੀਰ ਦੇ ਪੈਦਾ ਹੋਈ ਸ਼ੈ ਦੇ ਅੰਸ਼ ਅੰਸ਼ ਵਿਚ ਸਮਾਈ ਹੋਈ ਹੈ।

ਹਰ ਅੰਗ ਵਿਚ ਤੇ ਹਰ ਜਿਵੇਂ ਸਮੁੱਚਾ ਮਨੁੱਖ ਆਪਣੇ ਪਿਉ ਦਾਦੇ ਦੇ ਚਿੰਨਾਂ ਤੇ ਵਿਸ਼ੇਸ਼ ਸੁਭਾਵਾਂ ਤੋਂ ਆਪਣੀਆਂ ਸੰਭਾਵਨਾਵਾਂ ਤੇ ਆਪਣੀ ਹੋਣੀ ਸਮੇਤ ਇਕ ਖ਼ੂਨ ਦੇ ਨਿੱਕੇ ਜੇਹੇ ਕਤਰੇ ਵਿਚ ਲਪੇਟਿਆ ਪਿਆ ਸੀ ਤੇ ਉਸ ਵਿਚੋਂ ਪਰਗਟ ਹੋ ਕੇ ਉਹ ਪੂਰਾ ਸਰੀਰ ਵਾਲਾ ਮਨੁੱਖ ਬਣਿਆ ਹੈ ਇਵੇਂ ਹੀ ਭਵਿਖਤ ਵਿਚ ਫੁੱਲਣ ਵਾਲੇ ਫੁੱਲ, ਫਲ, ਬ੍ਰਿਛ ਸਬਜ਼ੀਆਂ ਆਦਿ ਸ਼ੁਰੂ ਸ਼ੁਰੂ ਵਿਚ ਅਪੂਰਣ ਜੇਹੀ ਬਿੰਦ ਵਿਚ ਰਹਿੰਦੇ ਹਨ ਜਿਸ ਤੋਂ ਉਨ੍ਹਾਂ ਦਾ ਆਰੰਭ ਹੋਇਆ। ਇਨ੍ਹਾਂ ਬਾਰੀਕ ਅਣੂਆਂ ਵਿਚ ਉਪਜਾਊ ਬੁੱਧੀ ਦਾ ਵਾਸਾ ਹੈ। ਸੰਸਾਰ ਦਾ ਹਰ ਪਰਮਾਣੂ ਬਿਜਲੀ ਦਾ ਹਰ ਅੰਸ਼ ਸਾਰੀਆਂ ਚੀਜ਼ਾਂ ਨੂੰ ਪੈਦਾ ਕਰਨ ਤੇ ਸਹਾਰਾ ਦੇਣ ਵਾਲੀ ਰੱਬੀ ਬੁੱਧੀ ਦਾ ਘਰ ਹੈ।

ਜਿਸ ਤਰ੍ਹਾਂ ਪਿੱਪਲ ਜਾਂ ਬੋਹੜ ਦੇ ਬੀਜ ਵਿਚ ਉਸ ਤੋਂ ਪੈਦਾ ਹੋ ਸਕਣ ਵਾਲੇ ਬ੍ਰਿਛ ਦੇ ਖਾਸ ਖਾਸ ਹਿੱਸੇ ਅਡੋ ਅਡਰੇ ਮੌਜੂਦ ਨਹੀ ਹੁੰਦੇ, ਉਸੇ ਤਰ੍ਹਾਂ ਕਿਣਕਿਆਂ, ਪਰਮਾਣੂਆਂ, ਵਿਚ ਇਹ ਬੁੱਧੀ ਅਡਰੀ ਸ਼ਕਲ ਵਿਚ ਨਹੀਂ ਟਿੱਕੀ ਹੁੰਦੀ। ਬੋਹੜ ਜਾਂ ਪਿੱਪਲ ਦਾ ਵੱਡਾ ਦਰਖਤ ਸੰਭਾਵਨਾਵਾਂ ਦੇ ਰੂਪ ਵਿਚ ਬੀਜ ਦੇ ਅੰਦਰ ਹੀ ਰਹਿੰਦਾ ਹੈ। ਕੋਈ ਚੀਜ਼ ਉਸ ਦਰੱਖਤ ਦੇ ਵਿਚ ਅਜੇਹੀ ਨਹੀ ਵਧਦੀ ਜਿਹੜੀ ਬੀਜ ਦੇ ਅੰਦਰ ਹੀ ਉਸ ਦੇ ਆਦਿ ਰੂਪ ਵਿਚ ਨਹੀ ਸੀ। ਧਰਤੀ, ਸੂਰਜ

ਰਿਸ਼ਮਾਂ ਦੀ ਰਸਾਇਣਕ ਸ਼ਕਤੀ, ਪਾਣੀ, ਤੇ ਵਾਯੂਮੰਡਲ ਨੇ ਜੋ ਕੁਝ ਵੀ ਕੀਤਾ ਹੈ ਉਹ ਕੇਵਲ ਬੀਜ ਦੇ ਬਿੰਦੂਆਂ ਦੇ ਖੋਲਣ ਵਿਚ ਸਹਾਇਤਾ ਹੀ ਹੈ।

ਇਹ ਉਪਰ ਲਿਖੀਆਂ ਗੱਲਾਂ ਮਨੁੱਖ ਦੇ ਸਬੰਧ ਵਿਚ ਵੀ ਉਸੇ ਤਰ੍ਹਾਂ ਪੂਰੀਆਂ ਢੁਕਦੀਆਂ ਹਨ ਜਿਸ ਤਰ੍ਹਾਂ ਬੋਹੜ ਪਿੱਪਲ ਦੇ ਬ੍ਰਿਛਾਂ ਜਾਂ ਉਪਜਾਈਆਂ ਵਸਤੂਆਂ ਦੇ ਸਬੰਧ ਵਿਚ। ਅਮਰੀਕਾ ਦਾ ਪ੍ਰਸਿੱਧ ਪ੍ਰਧਾਨ ਲਿੰਕਨ ਪੂਰੇ ਦਾ ਪੂਰਾ ਉਸ ਨਿੱਕੀ ਜੇਹੀ ਬੂੰਦ ਵਿਚ ਮੌਜੂਦ ਸੀ ਜਿਸ ਤੋਂ ਉਹ ਪੈਦਾ ਹੋਇਆ ਤੇ ਵਧਿਆ ਫੁਲਿਆ ਉਸ ਦੀਆਂ ਸਾਰੀਆਂ ਸੰਭਾਵਨਾਵਾਂ ਉਸ ਬੂੰਦ ਵਿਚ ਮੌਜੂਦ ਸਨ। ਉਸ ਦਾ ਆਲਾ ਦੁਆਲਾ ਉਸ ਦੀ ਸਿੱਖਿਆ, ਉਸ ਦੇ ਜੀਵਨ ਵਿਚ ਕੀਤੇ ਕੰਮਾਂ ਨੇ ਤਾਂ ਕੇਵਲ ਇਸ ਕੰਮ ਵਿਚ ਸਹਾਇਤਾ ਹੀ ਦਿੱਤੀ ਹੈ ਕਿ ਉਸ ਲਿੰਕਨ ਉਤੋਂ ਜਿਹੜਾ ਉਸ ਬੂੰਦ ਵਿਚ ਮੌਜੂਦ ਸੀ, ਪਰਦੇ ਹਟਾਏ ਨੇ।

ਰੱਬ ਸਬੰਧੀ ਨਵਾਂ ਖ਼ਿਆਲ ਦੱਸਦਾ ਹੈ ਕਿ ਉਤਪਤੀ ਦਾ ਕੰਮ ਕਦੇ ਖਤਮ ਨਹੀਂ ਹੋਇਆ। ਇਹ ਅਮਲ ਸਦਾ ਜਾਰੀ ਰਹਿਣ ਵਾਲਾ ਹੈ ਤੇ ਕਦੀ ਬੰਦ ਨਹੀਂ ਹੋਵੇਗਾ। ਇਹ 'ਨਵਾਂ ਖ਼ਿਆਲ' ਸਾਨੂੰ ਸਿਖਾਉਂਦਾ ਹੈ ਕਿ ਕਾਦਰ ਆਪਣੀ ਕਾਇਨਾਤ ਨਾਲੋਂ ਅਡਰਾ ਨਹੀਂ। ਮਨੁੱਖ ਕੋਈ ਕਲਮਕਲੀ ਹਸਤੀ ਨਹੀਂ ਜਿਹੜੀ ਸੰਸਾਰ ਵਿਚ ਇਉਂ ਸੁੱਟ ਦਿੱਤੀ ਗਈ ਕਿ ਸਬੱਬ ਨਾਲ ਜਾਂ ਬੇਰਹਿਮ ਤਕਦੀਰ ਦੇ ਥਪੇੜਿਆਂ ਨਾਲ ਸੰਸਾਰ ਵਿਚ ਡੁੱਬ ਮਰੇ ਭਾਵੇਂ ਤਰ ਨਿਕਲੇ, ਸਗੋਂ ਉਹ ਆਪਣੇ ਸਿਰਜਣਹਾਰ ਨਾਲ ਅਭੇਦ ਹੈ ਤੋਂ ਉਪਜਾਊ ਕੰਮ ਵਿਚ ਉਹ ਰੱਬ ਦੇ ਨਾਲ ਰੁੱਝਾ ਹੋਇਆ ਹੈ। ਇਹ 'ਨਵਾਂ ਖਿਆਲ' ਐਲਾਨ ਕਰਦਾ ਹੈ ਕਿ ਮਨੁੱਖ ਅਨੰਤ ਸੂਝ ਜਾਂ ਸਰਬਵਿਆਪੀ ਮਨ ਦਾ ਇਕ ਅੰਸ਼ ਹੈ ਅਤੇ ਉਹ ਉਸ ਅਨੰਤ ਸੂਝ ਨੂੰ ਉਤਨਾਂ ਕੁ ਹੀ ਪਰਗਟ ਕਰਦਾ ਹੈ ਜਿੰਨਾਂ ਕੁ ਉਹ ਉਸ ਅਮਿਤ ਭੰਡਾਰ ਚੋਂ ਆਪਣਾ ਬਣਾ ਕੇ ਵਰਤਦਾ ਹੈ।

ਹਰ ਉਹ ਚੀਜ਼, ਜਿਸ ਦੀ ਸਾਨੂੰ ਲੋੜ ਹੈ, ਜਾਂ ਲੋੜ ਪੈ ਸਕਦੀ ਹੈ ਸਾਡੇ ਅੰਦਰ ਮੌਜੂਦ ਹੈ ਤੇ ਸਥੂਲ ਸੂਰਤ ਵਿਚ ਪਰਗਟ ਹੋਣ ਦੀ ਉਡੀਕ ਕਰ ਰਹੀ ਹੈ। ਰੱਬੀ ਸ੍ਰੋਤ ਨਾਲੋਂ ਸਬੰਧ ਤੋੜਨ ਦਾ ਖ਼ਿਆਲ ਸਾਡੇ ਰੱਬੀ ਵਸੀਲਿਆਂ ਵਿਚੋਂ ਉਪਜਾਉਣ ਤੇ ਪਰਗਟ ਕਰਨ ਵਾਲੀ ਸ਼ਕਤੀ ਖੋਹ ਲੈਂਦਾ ਹੈ ਕਿਉਂਕਿ ਉਤਨੀ ਹੀ ਸ਼ਕਤੀ ਸਾਨੂੰ ਮਿਲ ਸਕਦੀ ਹੈ ਜਿੰਨੀ ਕੁ ਸਾਡੀ ਚੇਤਨਤਾ ਵਿਚ ਆ ਸਕਦੀ ਹੈ। ਸਾਡਾ ਕੇਵਲ ਉਹੋ ਕੁਝ ਹੀ ਹੈ ਜਿਸ ਨੂੰ ਅਸੀਂ ਪਰਗਟ ਕਰ ਸਕਦੇ ਹਾਂ। ਸਾਡੀਆਂ ਕਮਜ਼ੋਰੀਆਂ ਸਾਡੀਆਂ ਤਕਲੀਫਾਂ, ਸਾਡੀਆਂ ਪਰੇਸ਼ਾਨੀਆਂ, ਸਾਡੇ ਡਰ ਖਤਰੇ, ਸਾਡੀਆਂ ਮੁਸੀਬਤਾਂ, ਸਾਡੀ ਬੀਮਾਰੀਆਂ ਸਭ ਦਾ ਕਾਰਣ ਕੇਵਲ ਇਹ ਹੁੰਦਾ ਹੈ ਕਿ ਅਸੀਂ ਆਪਣੀ ਸਦਾ ਜੀਉਂਦੀ ਜਾਗਦੀ, ਜਾਨ ਬਖਸ਼ਣ ਵਾਲੀ ਅੰਦਰਲੀ ਧੜਕਣ ਪੈਦਾ ਕਰਨ ਵਾਲੀ ਉਪਜਾਊ ਸ਼ਕਤੀ ਨਾਲ ਸਬੰਧ ਤੋੜ ਲੈਂਦੇ ਹਾਂ।

ਹੁਣ ਸਾਨੂੰ ਪਤਾ ਲੱਗਾ ਹੈ ਕਿ ਮਨੁੱਖ ਕਿਸੇ ਵੱਡੇ ਕਾਰ ਵਿਹਾਰ ਵਿਚ ਇਕ ਭਾਈਵਾਲ ਤੋਂ ਸ਼ਰੀਕ ਵਜੋਂ ਸ਼ਾਮਲ ਹੈ। ਉਸ ਦੇ ਵਸੀਲੇ ਕੇਵਲ ਉਸ ਦੀ ਆਪਣੀ ਥੋੜੀ ਜੇਹੀ ਪੂੰਜੀ ਤੱਕ ਹੀ ਸੀਮਤ ਨਹੀਂ। ਜਦੋਂ ਤਕ ਉਸ ਵਿਚ ਧਨ ਮੌਜੂਦ ਹੈ, ਉਹ ਆਪਣੇ ਇਸ ਕਾਰ ਵਿਹਾਰ ਵਿਚ ਆਪਣੀ ਲੋੜ ਅਨੁਸਾਰ ਪੂੰਜੀ ਕਢਵਾ ਸਕਦਾ ਹੈ। ਅਸੀਂ ਸਾਰੇ ਰੱਬ ਦੇ ਭਾਈਵਾਲ ਹਾਂ ਤੇ ਸਾਡੀ ਉਪਜਾਊ ਸ਼ਕਤੀ ਦੀ ਸਮਰੱਥਾ ਦਾ ਨਿਰਭਰ ਬਹੁਤ ਕਰਕੇ ਰੱਬ ਦੇ ਨਾਲ ਆਪਣੀ ਭਾਈਵਾਲੀ ਦੀ ਚੇਤਨਤਾ ਉੱਤੇ ਹੈ।

'ਨਵੇਂ ਖਿਆਲ' ਦਾ ਇਕ ਲੇਖਕ ਲਿਖਦਾ ਹੈ -

'ਜਦ ਮਨੁੱਖ ਰੂਹ ਨਾਲ ਆਪਣੀ ਇਕਮਿਕਤਾ ਦੇ ਰਿਸ਼ਤੇ ਦਾ ਪਤਾ ਕਰ ਲੈਂਦਾ ਹੈ ਤਾਂ ਉਹ ਆਪਣੇ ਆਪ ਹੀ ਉਪਜਾਊ ਸ਼ਕਤੀ ਨੂੰ ਪਰਗਟ ਕਰਨ ਲੱਗ ਪੈਂਦਾ ਹੈ। ਫੇਰ ਉਹ ਇਕ ਸੰਦ, ਹਥਿਆਰ, ਸ਼ਤਰੰਜ ਦਾ ਮੋਹਰਾ ਹੀ ਨਹੀਂ ਬਣਿਆ ਰਹਿੰਦਾ, ਸਗੋਂ ਉਹ ਆਪ ਉਪਜਾਊ ਸ਼ਕਤੀ ਦਾ ਇਕ ਕੇਂਦਰ ਬਣ ਜਾਂਦਾ ਹੈ। ਇਹ

ਸੱਚ ਹੈ ਕਿ ਸੰਸਾਰ ਦੀ ਅਦਭੁਤ ਰਚਨਾ ਨੂੰ ਉਹ ਆਪਣੇ ਅਸਲੀ ਰੂਪ ਵਿਚ ਵੇਖਣ ਲੱਗ ਪੈਂਦਾ ਹੈ, ਉਹ ਦੇਖਦਾ ਹੈ ਕਿ ਦੁਨੀਆ ਦੇ ਪਦਾਰਬ ਤੇ ਨਿਹਮਤਾਂ ਕੇਵਲ ਵਿਖਾਵੇ ਦੀਆਂ ਚੀਜ਼ਾਂ ਤੇ ਖਿਡਾਉਣੇ ਹੀ ਨੇ ਤੇ ਫਿਰ ਉਹ ਇਨ੍ਹਾਂ ਪਦਾਰਥਾਂ ਨੂੰ ਨਿਹਮਤਾਂ ਸਮਝ ਕੇ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਸਗੋਂ ਮ੍ਰਿਗ ਜਲੀ ਵਾਲੇ ਪੁਰਾਣੇ ਦ੍ਰਿਸ਼ਟੀਕੋਣ ਦੀ ਥਾਂ ਸੰਸਾਰ ਦੇ ਕਾਰ ਵਿਹਾਰ ਵਿਚ ਉਸ ਨੂੰ ਇਕ ਉਪਜਾਊ ਮੰਤਵ ਤੇ ਸੰਸਾਰ ਦੀਆਂ ਹਾਲਤਾਂ ਵਿਚ ਇਹ ਖਾਸ ਮੁੱਦਾ ਦਿਖਾਈ ਦੇਣ ਲੱਗ ਪੈਂਦਾ ਹੈ ਜਿਸ ਨੂੰ ਦੇਖ ਕੇ ਉਹ ਮੁਸਕਰਾ ਪੈਂਦਾ ਹੈ ਤੇ ਜੀਵਨ ਦੀ ਸਟੇਜ ਤੇ ਫੇਰ ਖੜਾ ਹੋ ਕੇ ਉਹ ਆਪਣਾ ਪਾਰਟ ਖੁਸ਼ੀ, ਰਜ਼ਾਮੰਦੀ, ਭਰੋਸੇ ਤੇ ਸਮਝ ਦੇ ਨਾਲ ਖੇਡਣਾ ਸ਼ੁਰੂ ਕਰ ਦਿੰਦਾ ਹੈ। ਨਾਟਕ ਦੇ ਪਰਦਿਆਂ ਦੇ ਪਿਛੇ ਦੀ ਕਾਰਵਾਈ ਨੂੰ ਉਹਦਾ ਵੇਖਣਾ ਉਹਦੇ ਲਈ ਨੀਅਤ ਹੋਏ ਪਾਰਟ ਤੇ ਉਸ ਦੀ ਵਿਸ਼ੇਸ਼ਤਾ ਵਿਚ ਫਰਕ ਨਹੀਂ ਪਾਉਂਦਾ। ਇਸ ਤੋਂ ਉਲਟ ਉਹ ਆਪਣੀ ਚੇਤਨਤਾ ਦੇ ਕਾਰਣ ਆਪਣਾ ਪਾਰਟ ਬੜੀ ਚੰਗੀ ਤਰ੍ਹਾਂ ਖੇਡਦਾ ਹੈ।

ਜਦੋਂ ਅਸੀਂ ਆਪਣੇ ਕਾਰ ਵਿਹਾਰ ਵਿਚ ਰੱਬ ਨੂੰ ਪੂਰੀ ਤਰ੍ਹਾਂ ਆਪਣਾ ਭਾਈਵਾਲ ਬਣਾ ਲੈਂਦੇ ਹਾਂ, ਸਾਨੂੰ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਸਾਡੇ ਅੰਦਰ ਰੱਬ ਦੀ ਮਿਕਨਾਤੀਸੀ ਤਾਕਤ ਮੌਜੂਦ ਹੈ ਤੇ ਅਸੀਂ ਉਸ ਲਹਿਰ ਵਿਚ ਚੱਲ ਰਹੇ ਹਾਂ ਜਿਹੜੀ ਸਾਨੂੰ ਪਲੋ ਪਲੀ ਵਿਚ ਹੱਥ ਵੱਲ ਲੈ ਜਾਂਦੀ ਹੈ। ਰੱਬ ਦੀ ਚੇਤਨਤਾ ਤੇ ਬੇਅੰਤ ਸ਼ਕਤੀ ਦਾ ਆਸਰਾ ਮਿਲਣ ਦਾ ਗਿਆਨ, ਅਨੰਤ-ਸੂਝ ਦੀ ਸਹਾਇਤਾ ਦੀ ਤਸੱਲੀ ਮਿਲ ਕੇ ਸਾਡੇ ਅੰਦਰ ਵਧੇਰੀ ਤਾਕਤ ਦੀ ਅਸਚਰਜ ਜੇਹੀ ਅਨੁਭਵਤਾ ਪੈਦਾ ਕਰ ਦਿੰਦੀਆਂ ਹਨ। ਜਦੋਂ ਤੁਹਾਨੂੰ ਰੱਬੀ ਸਾਂਝ ਦਾ ਗਿਆਨ ਹੋ ਜਾਂਦਾ ਹੈ ਤਾਂ ਤੁਹਾਡਾ ਜੀਵਨ ਚੌੜੇਰਾ ਹੋ ਜਾਂਦਾ ਹੈ ਤੇ ਤੁਹਾਡੀ ਅਸਰ ਸ਼ਕਤੀ ਕਈ ਗੁਣਾਂ ਵਧ ਜਾਂਦੀ ਹੈ ਕਿਉਂਕਿ ਇਸ ਗਿਆਨ ਨਾਲ ਦੁਬਧਾ, ਅਵਿਸ਼ਵਾਸ, ਜੀਵਨ ਦੇ ਤੂਫਾਨਾਂ ਦੇ ਮੁਕਾਬਲੇ ਦੀ ਅਸਮਰੱਥਾ ਦਾ ਖ਼ਿਆਲ ਤੇ ਰਾਹ ਰੋਕਣ ਵਾਲੀਆਂ ਮੁਸ਼ਕਲਾਂ

ਸਾਹਮਣੇ ਤੁਹਾਡੀ ਨਿਰਾਸਤਾ ਦਾ ਖ਼ਿਆਲ ਜਾਂਦਾ ਰਹਿੰਦਾ ਹੈ ਇਸ ਨਾਲ ਤੁਹਾਨੂੰ ਆਪਣੇ ਜੀਵਨ ਦੇ ਇਕ ਨਵੇਂ ਮੰਤਵ ਦਾ ਪਤਾ ਲੱਗ ਜਾਂਦਾ ਹੈ। ਕਿਉਂਕਿ ਤੁਸੀਂ ਜਾਣ ਜਾਂਦੇ ਹੋ ਕਿ ਤੁਸੀਂ ਕੇਵਲ ਕਿਸਮਤ ਦੇ ਸ਼ਿਕਾਰ ਨਹੀਂ ਸਗੋਂ ਤੁਹਾਡਾ ਜੀਵਨ ਅਟਲ ਬੁਨਿਆਦੀ ਅਸੂਲਾਂ ਤੇ ਕਾਇਮ ਹੈ।

ਜਦੋਂ ਤੁਸੀਂ ਰੱਬ ਨੂੰ ਪੂਰੇ ਤੌਰ ਤੇ ਆਪਣਾ ਭਾਈਵਾਲ ਮੰਨ ਲਵੋਗੇ ਤਾਂ ਤੁਹਾਨੂੰ ਡਰ ਤੇ ਖੌਫ ਬਿਲਕੁਲ ਨਹੀਂ ਰਹੇਗਾ ਤੇ ਤੁਹਾਡੇ ਜੀਵਨ ਦਾ ਉੱਦਮ ਨਿਰਾਸ਼ਾਜਨਕ ਨਹੀਂ ਹੋਵੇਗਾ। ਕਿਸੇ ਚੀਜ਼ ਦੀ ਲੋੜ ਜਾਂ ਘਾਟ ਤੁਹਾਨੂੰ ਕਦੇ ਨਹੀਂ ਸਤਾਏਗੀ, ਕਿਉਂਕਿ ਤੁਹਾਨੂੰ ਪਤਾ ਲੱਗ ਚੁੱਕਾ ਹੋਵੇਗਾ ਕਿ ਜੇ ਤੁਹਾਨੂੰ ਸਫਲਤਾ, ਧਨ ਜਾਂ ਕਿਸੇ ਹੋਰ ਚੀਜ਼ ਦੀ ਲੋੜ ਹੈ ਤਾਂ ਤੁਸੀਂ ਆਪਣੇ ਮਨ ਵਿਚੋਂ ਹੀ ਆਪਣੀ ਇੱਛਤ ਚੀਜ਼ ਦਾ ਮਸਾਲਾ ਲੱਭ ਲਵੋਗੇ। ਤੁਸੀਂ ਆਪਣੇ ਆਦਰਸ਼ ਵੱਲ ਵਧੋਗੇ ਤੇ ਉਸ ਮਸਾਲੇ ਵੱਲ ਰੁਚਿਤ ਹੋਵੇਗੇ ਜੋ ਤੁਹਾਡੇ ਮਨ ਅੰਦਰ ਮੌਜੂਦ ਹੈ ਤੇ ਇਹੋ ਚੀਜ਼ ਹੈ ਜਿਸਦੇ ਨਾਲ ਜ਼ਿੰਦਗੀ ਬਣੀ ਹੋਈ ਹੈ। ਤੁਸੀਂ ਹਰੀਆਂ ਭਰੀਆਂ ਚਰਾਂਦਾਂ ਵਿਚ ਤੇ ਸਾਫ਼ ਤੇ ਅਡੋਲ ਪਾਣੀ ਦੇ ਸਰੋਵਰਾਂ ਦੇ ਕੋਲ ਪੁੱਜ ਜਾਵੋਗੇ। ਤੁਹਾਨੂੰ ਕਿਸੇ ਬੁਰਾਈ ਦਾ ਡਰ ਨਹੀਂ ਰਹੇਗਾ, ਕੋਈ ਛੂਤ ਤੁਹਾਨੂੰ ਛੋਹ ਨਹੀਂ ਸਕੇਗੀ, ਕਿਉਂਕਿ ਤੁਹਾਡੇ ਅੰਦਰ ਰੱਬੀ ਮਿਕਨਾਤੀਸ ਮੌਜੂਦ ਹੈ ਤੇ ਤੁਸੀਂ ਮਾਦੇ ਦੇ ਰਗੜੇ ਝਗੜੇ ਤੋਂ ਆਜ਼ਾਦ ਹੋ ਗਏ ਹੋ।

ਜਿਨ੍ਹਾਂ ਗੱਲਾਂ ਨੂੰ ਤੁਸੀਂ ਸਥੂਲ ਰੂਪ ਵਿਚ ਲਿਆਉਣਾ ਚਾਹੁੰਦੇ ਹੋ, ਜਿਹੜੇ ਆਦਰਸ਼ਕ ਮਨੁੱਖ ਵਰਗਾ ਤੁਸੀਂ ਬਣਨਾ ਚਾਹੁੰਦੇ ਹੋ, ਅਰਥਾਤ ਜਿਨ੍ਹਾਂ ਕੰਮਾਂ ਨੂੰ ਤੁਸੀਂ ਪੂਰਾ ਕਰਨਾ ਚਾਹੁੰਦੇ ਉਨ੍ਹਾਂ ਨੂੰ ਪੂਰਾ ਕਰਨ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਆਦਰਸ਼ ਉੱਤੇ ਦ੍ਰਿੜ ਰਹੋ ਤੇ ਆਪਣੇ ਉਪਜਾਊ ਸਾਧਨਾ ਨੂੰ ਉੱਨਤ ਕਰੋ।

ਉਨ੍ਹਾਂ ਕਰਾਮਾਤਾਂ ਦਾ ਖਿਆਲ ਕਰੋ ਜਿਹੜੀਆਂ ਮਨੁੱਖ ਨੇ ਆਦਰਸ਼ ਦਾ ਖਿਆਲ ਦਿਲ ਵਿਚ ਜਮਾ ਕੇ ਤੇ ਰੱਬ ਨਾਲ ਆਪਣੀ ਭਾਈਵਾਲੀ ਪਾ ਕੇ ਸੰਸਾਰ ਵਿਚ ਕਰ ਵਿਖਾਈਆਂ ਹਨ। ਦ੍ਰਿਸ਼ਟਾਂਤ ਵਜੋਂ ਉਨ੍ਹਾਂ ਫਲਾਂ ਤੇ ਸਬਜ਼ੀਆਂ ਨੂੰ ਲੈ ਲਵੋ ਜਿਹੜੀਆਂ ਅੱਜ ਕੱਲ ਪੈਦਾ ਹੋ ਰਹੀਆਂ ਹਨ ਤੇ ਇਨ੍ਹਾਂ ਫਲਾਂ ਸਬਜ਼ੀਆਂ ਦਾ ਮੁਕਾਬਲਾਂ ਉਨ੍ਹਾਂ ਫਲਾਂ ਸਬਜ਼ੀਆਂ ਨਾਲ ਕਰੋ ਜਿਹੜੀਆਂ ਮਨੁੱਖ ਦੇ ਉਨ੍ਹਾਂ ਨੂੰ ਤਰੱਕੀ ਦੇਣ, ਤੇ ਉਚੇਰੀ ਪੱਧਰ ਤੇ ਲਿਆਉਣ ਲਈ ਕੋਸ਼ਿਸ਼ ਕਰਨ ਤੋਂ ਪਹਿਲਾਂ ਪੈਦਾ ਹੁੰਦੀਆਂ ਸਨ। ਅੱਜ ਕਲ ਦੇ ਸੋਹਣੇ ਰਸਭਰੇ ਸੁਆਦਲੇ ਸੰਤਰਿਆਂ ਦਾ ਉਨ੍ਹਾਂ ਖੱਟੇ, ਕੌੜੇ, ਕੁਸੈਲੇ, ਆਪੋ-ਉੱਗੇ ਸੰਤਰਿਆਂ ਨਾਲ ਮੁਕਾਬਲਾ ਕਰੋ। ਪਿਛਲੇ ਸਮੇਂ ਦਾ ਖੱਟਾ ਸੰਤਰਾ ਉਹ ਉੱਚੇ ਤੋਂ ਉੱਚਾ ਫ਼ਲ ਸੀ ਜਿਹੜਾ ਕੁਦਰਤ ਨੇ ਮਨੁੱਖ ਦੀ ਸਹਾਇਤਾ ਬਿਨਾਂ ਸਾਡੇ ਲਈ ਪੈਦਾ ਕੀਤਾ ਸੀ।

ਇਹ ਤਾਂ ਅਸੀਂ ਜਾਣਦੇ ਹਾਂ ਕਿ ਰੱਬ ਦੀ ਬਕਸ਼ੀ ਹੋਈ ਉਪਜਾਊ ਸ਼ਕਤੀ ਬਿਨਾਂ ਮਨੁੱਖ ਉਨ੍ਹਾਂ ਘਟੀਆ ਕਿਸਮ ਦੀਆਂ ਕੁਦਰਤੀ ਫਲਾਂ ਸਬਜ਼ੀਆਂ ਜਿਨ੍ਹਾਂ ਨੂੰ ਕੁਦਰਤ ਨੇ ਮਨੁੱਖ ਦੀ ਸਹਾਇਤਾ ਬਿਨਾਂ ਆਪ ਇਕੱਲਿਆਂ ਬਣਾਇਆ ਸੀ, ਦੀ ਥਾਂ ਹਰ ਪ੍ਰਕਾਰ ਦੇ ਰਸੀਲੇ ਮੇਵੇ ਤੇ ਸੁਆਦੀ ਸਬਜ਼ੀਆਂ ਜਿਹੜੀਆਂ ਅਸੀਂ ਅੱਜ ਕਲ ਬੜੇ ਸੁਆਦ ਨਾਲ ਖਾਂਦੇ ਹਾਂ, ਉੱਕਾ ਹੀ ਨਾ ਉਪਜਾ ਸਕਦਾ।

ਜਿਹੜੀ ਅਸਚਰਜ ਕਰਨ ਵਾਲੀ ਉੱਨਤੀ ਸੰਸਾਰ ਵਿਚ ਮਨੁੱਖ ਨੇ ਰੱਬ ਦੀਆਂ ਅਸਲ ਰੂਪ ਪੈਦਾ ਕੀਤੀਆਂ ਹੋਈਆਂ ਚੀਜਾਂ ਨੂੰ ਉਚੇਰੇ ਤੋਂ ਉਚੇਰੇ ਪੱਧਰ ਤੇ ਦਰਜੇ ਤੀਕ ਪੁਚਾਉਣ ਵਿਚ ਕੀਤੀ ਹੈ, ਉਸ ਦਾ ਕਾਰਣ ਕੇਵਲ ਇਹੋ ਹੀ ਦੱਸਿਆ ਜਾ ਸਕਦਾ ਹੈ ਕਿ ਮਨੁੱਖ ਨੇ ਰੱਬ ਨਾਲ ਭਾਈਵਾਲੀ ਪਾ ਕੇ ਕੰਮ ਕੀਤਾ ਹੈ। ਮਨੁੱਖ ਦੇ ਅੰਦਰ ਵਾਲੇ ਰੱਬ ਨੇ ਮਹਾਨ ਸਰਬ-ਵਿਆਪੀ ਬੁੱਧੀ ਵਾਲੇ ਰੱਬ ਨਾਲ ਮਿਲ ਕੇ ਕੰਮ ਕੀਤਾ ਤੇ ਇਹ ਚੀਜ਼ਾਂ ਇੰਨੇ ਉੱਚੇ ਪੱਧਰ ਤੇ ਪੁਚਾਈਆਂ।

ਜਿਹੜਾ ਕੰਮ ਆਦਮੀ ਨੇ ਅਨੇਕ ਪਰਕਾਰ ਦੇ ਤਰੀਕਿਆਂ ਨਾਲ ਕਰ ਵਿਖਾਇਆ ਹੈ ਉਹ ਸਾਬਤ ਕਰਦਾ ਹੈ ਕਿ ਮਨੁੱਖ ਰੱਬ ਨਾਲ ਏਕਤਾ ਦਾ ਸਬੰਧ ਰਖਦਾ ਹੈ ਤੇ ਉਤਪਤੀ ਵਿਚ ਉਸ ਦਾ ਭਾਈਵਾਲ ਹੈ। ਇਹ ਦੋਵੇਂ ਹੀ ਮਿਲ ਕੇ ਕੰਮ ਕਰਦੇ ਹਨ, ਕੱਲੇ ਕੱਲੇ ਨਹੀਂ ਕਰ ਸਕਦੇ ਇਹ ਦੋਵੇਂ ਭਾਈਵਾਲ ਬਣ ਕੇ ਮਨੁੱਖ ਜਾਤੀ ਦੀ ਭਲਾਈ ਦਾ ਕੰਮ ਕਰ ਰਹੇ ਹਨ। ਉਸ ਰੱਬੀ ਤਾਕਤ ਬਿਨਾਂ, ਜਿਹੜੀ ਮਨੁੱਖ ਦੇ ਅੰਦਰ ਜੀਉਂਦੀ ਜਾਗਦੀ ਹੈ, ਮਨੁੱਖ ਕੁਝ ਵੀ ਨਹੀਂ ਕਰ ਸਕਦਾ। ਇਕੱਲਾ ਮਨੁੱਖ ਵਿਚਾਰਾ ਨਿਰਸ਼ਕਤ ਹੈ ਪਰ ਇਹ ਬੜੀ ਅਜੀਬ ਗੱਲ ਹੈ ਕਿ ਸਾਡੇ ਵੱਡੇ ਖੋਜੀ ਤੇ ਕਾਢੀ ਸ਼ੰਕਾ ਵਾਦੀ ਤੇ ਨਾਸਤਕ ਹੋਏ ਹਨ ਜਦੋਂ ਕਿ ਅਸਲੀ ਗੱਲ ਇਹ ਸੀ ਕਿ ਉਨ੍ਹਾਂ ਦੇ ਅੰਦਰ ਵਾਲੇ ਰੱਬ ਨੇ ਉਨਾਂ ਦੀ ਸਹਾਇਤਾ ਕੀਤੀ ਤੇ ਉਸ ਸਹਾਇਤਾ ਨਾਲ ਉਹ ਆਪਣੀਆਂ ਨਵੀਆਂ ਕਾਢਾਂ ਤੇ ਖੋਜਾਂ ਕਰ ਕੇ ਦਿਖਾ ਸਕੇ।

ਸੱਚੀ ਗੱਲ ਇਹ ਹੈ ਜਦੋਂ ਕੋਈ ਬੰਦਾ ਮਨੁੱਖ ਜਾਤੀ ਦੇ ਲਾਭ ਲਈ ਕੋਈ ਨਵੀਂ ਕਾਢ ਕਢਦਾ ਹੈ ਜਾਂ ਕੋਈ ਨਵੀਂ ਖੋਜ ਕਰਦਾ ਹੈ ਤਾਂ, ਭਾਵੇਂ ਉਹ ਮੰਨੇ ਭਾਵੇਂ ਨਾ ਮੰਨੇ ਉਹਦਾ ਕਾਰਣ ਕੇਵਲ ਇਹ ਹੁੰਦਾ ਹੈ ਕਿ ਉਹਦੇ ਅੰਦਰ ਦੀ ਉਪਜਾਊ ਸ਼ਕਤੀ ਸਰਬਵਿਆਪੀ ਸੂਝ ਨਾਲ ਭਾਈਵਾਲ ਬਣ ਕੇ ਕੰਮ ਕਰ ਰਹੀ ਹੁੰਦੀ ਹੈ।

ਐਡੀਸਨ ਦੇ ਅੰਦਰ ਦੀ ਰੱਬੀ ਉਪਜਾਊ ਸ਼ਕਤੀ ਨੇ ਹੀ ਅਦਭੂਤ ਕਾਢਾਂ ਤੇ ਸਹੂਲਤਾਂ ਪੈਦਾ ਕਰ ਵਿਖਾਈਆਂ, ਜਿਨ੍ਹਾਂ ਕਰਕੇ ਜੀਵਨ ਦੇ ਕਾਰ ਵਿਹਾਰ ਵਿਚ ਮਨੁੱਖ ਬਹੁਤ ਸਾਰੀ ਮਸ਼ੱਕਤ ਤੋਂ ਬਚ ਗਿਆ ਹੈ ਤੇ ਜੀਵਨ ਸਮੁੱਚੇ ਤੌਰ ਤੇ ਖ਼ੂਬਸੂਰਤ ਬਣ ਗਿਆ ਹੈ। ਇਹ ਸਭ ਕੁਝ ਐਡੀਸਨ ਤੇ ਰੱਬ ਨੇ ਮਿਲ ਕੇ ਮਿਹਨਤਾਂ ਦੇ ਰੂਪ ਵਿਚ ਮਨੁੱਖ ਜਾਤੀ ਨੂੰ ਪ੍ਰਦਾਨ ਕੀਤਾ ਹੈ।

ਕਦੀ ਤੁਸਾਂ ਨੇ ਆਪਣੇ ਦਿਲ ਵਿਚ ਸੋਚਿਆ ਵੀ ਹੈ ਕਿ ਸਾਰੀਆਂ ਨਵੀਆਂ ਗੱਲਾਂ ਤੇ ਕਾਢਾਂ ਜਿਹੜੀਆਂ ਮਨੁੱਖ ਜਾਤੀ ਨੂੰ ਤਕਲੀਫ਼ ਤੇ ਮੁਸੀਬਤ ਤੋਂ ਛੁਟਕਾਰਾ ਦਿਵਾ ਰਹੀਆ ਹਨ ਤੇ ਉਸ ਨੂੰ ਉੱਚੇ ਤੋਂ ਉੱਚੇ ਪੱਧਰ ਤੇ ਪੁਚਾ ਰਹੀਆਂ

ਹਨ, ਉਹ ਕਿਸੇ ਵੇਲੇ ਅਸੰਭਵ ਖ਼ਿਆਲ ਕੀਤੀਆਂ ਜਾਂਦੀਆਂ ਸਨ। ਕੀ ਤੁਸੀਂ ਇਹ ਵੀ ਸਮਝਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਅਸੰਭਵ ਗੱਲਾਂ ਨੂੰ ਸੰਭਵ ਬਣਾਉਣ ਦੀ ਕੋਸ਼ਿਸ਼ ਕੀਤੀ, ਕਿਸੇ ਵੇਲੇ ਲੋਕ ਉਨ੍ਹਾਂ ਨੂੰ ਟਿਚਕਰਾਂ ਕਰਦੇ ਸਨ ਤੇ ਉਨ੍ਹਾਂ ਨੂੰ ਜਨੂੰਨੀ ਤੇ ਪਾਗਲ ਕਹਿ ਕੇ ਸਦਦੇ ਸਨ ? ਲੋਕ ਖਿਆਲ ਕਰਦੇ ਸਨ ਕਿ ਉਨ੍ਹਾਂ ਤੇ ਭੂਤ ਸਵਾਰ ਹੈ ਪਰ ਅਸਲ ਵਿਚ ਉਹ ਰੱਬੀ ਹਲੂਣੇ ਦੇ ਉਪਜਾਊ ਅਸਰ ਹੇਠਾਂ ਸਨ। ਇਹ ਹਲੂਣਾ ਉਨ੍ਹਾਂ ਨੂੰ ਚੈਨ ਨਹੀਂ ਸੀ ਲੈਣ ਦਿੰਦਾ ਜਦੋਂ ਤਾਈਂ ਕਿ ਉਨ੍ਹਾਂ ਨੇ ਸੱਚ ਮੁਚ ਉਸ ਨਮੂਨੇ ਨੂੰ, ਜਿਹੜਾ ਉਨ੍ਹਾਂ ਨੇ ਆਪਣੇ ਦਿਮਾਗ ਵਿਚ ਬਣਾਇਆ ਹੋਇਆ ਸੀ, ਸਥੂਲ ਰੂਪ ਵਿਚ ਨਾ ਲੈ ਆਂਦਾ। ਉਨ੍ਹਾਂ ਬੇਅੰਤ ਚੀਜ਼ਾਂ ਦਾ ਖਿਆਲ ਕਰੋ ਜਿਹੜੀਆਂ ਬੀਤ ਚੁਕੇ ਸਾਲਾਂ ਵਿਚ ਮਨੁੱਖ ਨੇ ਕਰ ਕੇ ਵਿਖਾਈਆਂ ਹਨ। ਕਿਵੇਂ ਉਸ ਨੇ ਉਨ੍ਹਾਂ ਔਕੜਾਂ ਤੇ ਫਤਿਹ ਪਾਈ ਜਿਨ੍ਹਾਂ ਨੂੰ ਬਹੁਤ ਸਾਰੇ ਲੋਕ ਕਦੇ ਵੀ ਕਾਬੂ ਵਿਚ ਨਾ ਆਉਣ ਵਾਲੀਆਂ ਖ਼ਿਆਲ ਕਰਦੇ ਸਨ। ਕਿਵੇਂ ਉਸ ਨੇ ਆਪਣੇ ਉਪਜਾਊ ਉਦੱਮ ਕਰਕੇ ਧਰਤੀ ਦੇ ਦੋਹਾਂ ਸਿਰਿਆਂ ਨੂੰ ਮਿਲਾ ਕੇ ਦਿਖਾ ਦਿੱਤਾ ਹੈ।

ਹਰ ਸਮੇਂ ਵਿਚ ਇਸ ਮਹਾਨ ਰੱਬੀ ਤਾਕਤ ਨਾਲ ਹੀ ਜਿਹੜੀ ਮਨੁੱਖਾਂ ਨਾਲ ਮਿਲ ਕੇ ਤੇ ਉਨ੍ਹਾਂ ਰਾਹੀਂ ਕੰਮ ਕਰਦੀ ਰਹੀ ਹੈ, ਮਨੁੱਖ ਨੇ ਅਸੰਭਵ ਗੱਲਾਂ ਨੂੰ ਸੰਭਵ ਕਰ ਵਿਖਾਇਆ ਹੈ। ਇਹੋ ਹੀ ਤਾਕਤ ਟੈਲੀਫੂਨ, ਵਾਇਰਲੈਸ, ਟੈਲੀਗਰਾਫ਼ੀ ਭਾਫ ਨਾਲ ਚੱਲਣ ਵਾਲੀਆਂ ਗੱਡੀਆਂ, ਤੁਰਦੀਆਂ ਫਿਰਦੀਆਂ ਤਸਵੀਰਾਂ, ਹਵਾਈ ਜਹਾਜ਼ਾਂ ਤੋਂ ਗਰਾਮੋਫੂਨ ਦੇ ਪਿੱਛੇ ਪਿੱਛੇ ਸੀ ਜਿਸ ਨੇ ਦੁਨੀਆ ਨੂੰ ਉੱਚੀਆਂ ਟੀਸੀਆਂ ਵੱਲ ਚਲਦਿਆਂ ਸਹਾਇਤਾ ਦਿੱਤੀ।

ਕੋਈ ਖੋਜੀ ਨਵੀਆਂ ਗੱਲਾਂ ਕੱਢਣ ਵਾਲਾ ਜਾਤੀ ਤੌਰ ਤੇ ਇਹ ਦਾਵਾ ਨਹੀਂ ਕਰ ਸਕਦਾ ਕਿ ਕਿਸੇ ਕਾਢ ਦਾ ਖ਼ਿਆਲ ਸਥੂਲ ਰੂਪ ਬਣਿਆ ਬਣਾਇਆ ਉਸ ਦੇ ਕੋਲ ਆ ਗਿਆ, ਦਿਮਾਗੀ ਚਿੱਤਰ ਨੂੰ ਸਥੂਲ ਵਿਚ ਪੇਸ਼ ਕਰਨ ਲਈ ਉਸ ਖੋਜੀ ਦੇ ਜਤਨ ਤੇ ਲਗਾਤਾਰ ਸ੍ਵੈ-ਕੁਰਬਾਨੀ ਵਾਲੀ ਜਦੋ ਜਹਿਦ ਨਾਲ ਉਸ ਦੀ

ਤਾਕਤ ਤੇ ਰੱਬੀ ਅੰਸ਼ ਦੇ ਕੰਮ ਕਰ ਰਿਹਾ ਹੁੰਦਾ ਹੈ। ਖੋਜੀ ਤਾਂ ਕੰਮ ਵਿਚ ਲਿਆਉਣ ਵਾਲਾ ਇਕ ਹਥਿਆਰ ਜਾਂ ਵਸੀਲਾ ਹੀ ਹੁੰਦਾ ਹੈ ਜਿਸ ਦੇ ਸਦਕੇ ਬਿਜਲੀ ਦੀ ਰੌਸ਼ਨੀ ਦੇਣ ਵਾਲੀ ਤਾਕਤ ਟੈਲੀਫੂਨ ਤੇ ਹੋਰ ਸਾਰੀਆਂ ਅਦਭੁਤ ਚੀਜ਼ਾਂ, ਜਿਨ੍ਹਾਂ ਨੂੰ ਅਸੀਂ ਮਾਣ ਰਹੇ ਹਾਂ ਸੰਸਾਰ ਵਿਚ ਪਰਗਟ ਹੋਈਆਂ।

ਮਿਸਟਰ ਐਡੀਸਨ ਦਾ ਬਿਆਨ ਹੈ ਕਿ ਉਹ ਤਾਂ ਆਪਣੇ ਆਪ ਨੂੰ ਮਨੁੱਖ ਜਾਤੀ ਦੇ ਮਹਾਨ ਰੱਬੀ-ਸੂਝ ਵਿਚਕਾਰ ਕੇਵਲ ਇਹ ਉਹ ਨਾਲੀ ਹੀ ਖਿਆਲ ਕਰਦਾ ਸੀ ਜਿਸ ਦੇ ਰਾਹੀਂ ਨਵੀਆਂ ਨਵੀਆਂ ਕਾਢਾਂ ਵਹਿੰਦੀਆਂ ਹੋਈਆਂ ਮਨੁੱਖ ਮਾਤਰ ਦੀ ਸੇਵਾ ਲਈ ਆ ਰਹੀਆਂ ਹਨ। ਮਨੁੱਖ ਜਾਤੀ ਦੇ ਹੋਰ ਹਿੱਤਕਾਰੀ ਵੀ ਇਹੋ ਹੀ ਖਿਆਲ ਕਰਦੇ ਸਨ। ਉਹ ਇਹ ਨਹੀਂ ਮੰਨਦੇ ਸਨ ਕਿ ਜਿਹੜੀਆਂ ਅਦਭੁਤ ਚੀਜ਼ਾਂ ਉਨ੍ਹਾਂ ਨੇ ਮਨੁੱਖ ਜਾਤੀ ਨੂੰ ਦਿੱਤੀਆਂ ਹਨ, ਉਨ੍ਹਾਂ ਨੇ ਹੀ ਉਨ੍ਹਾਂ ਨੂੰ ਪੈਦਾ ਕੀਤਾ ਸੀ, ਸਗੋਂ ਉਹ ਤਾਂ ਇਹ ਕਹਿੰਦੇ ਰਹੇ ਸਨ ਕਿ ਮਹਾਨ ਰੱਬੀ ਸੂਝ ਦੇ ਡੂੰਘੇ ਸਮੁੰਦਰ ਵਿਚ ਟੁਭੀਆਂ ਮਾਰ ਕੇ ਉਥੋਂ ਉਨ੍ਹਾਂ ਚੀਜ਼ਾਂ ਨੂੰ ਕੱਢਣ ਲਈ ਉਨ੍ਹਾਂ ਦੇ ਮਨ ਖਾਸ ਤੌਰ ਤੇ ਬਣਾਏ ਗਏ ਸਨ। ਉਹ ਐਡੀਸਨ ਵਾਂਙ ਮਹਿਸੂਸ ਕਰਦੇ ਸਨ ਕਿ ਮਨੁੱਖ ਜਾਤੀ ਨੂੰ ਖਾਸ ਖਾਸ ਸਹੂਲਤਾਂ ਪੁਚਾਉਣ ਲਈ ਉਹ ਕੇਵਲ ਵਸੀਲੇ ਤੇ ਸਾਧਨ ਹੀ ਸਨ।

ਆਦਮੀ ਰੱਬ ਦੇ ਨਾਲ ਜਾਂ ਰੱਬੀ ਤਾਕਤ ਦੇ ਨਾਲ ਮਿਲ ਕੇ ਕੰਮ ਕਰਦਾ ਹੋਇਆ ਮਨੁੱਖ ਜਾਤੀ ਨੂੰ ਉੱਨਤ ਕਰ ਰਿਹਾ ਹੈ। ਇਹ ਕੰਮ ਮਨੁੱਖ ਇਕੱਲਾ ਹੀ ਨਹੀਂ ਕਰ ਰਿਹਾ। ਉਸ ਦੇ ਅੰਦਰ ਉਸ ਦੇ ਮਾਸ ਤੇ ਚੰਮ ਦੇ ਪਿੱਛੇ ਪਰ ਮਾਸ ਤੇ ਚੰਮ ਤੋਂ ਬਿਲਕੁਲ ਨਿਰਾਲੀ ਇਕ ਖ਼ਾਸਤ ਤੇ ਜਿਹੜੀ ਖਿਆਲ ਦੇ ਸਰਬਵਿਆਪੀ ਸਾਗਰ ਸੂਝ ਜਾਂ ਰੱਬੀ ਸੂਝ ਨਾਲ ਮਿਲ ਕੇ ਕੰਮ ਕਰ ਰਹੀ ਹੈ। ਇਹ ਤਾਕਤ ਹਰ ਥਾਂ ਤੇ ਕੰਮ ਕਰਦੀ ਹੈ ਉਸ ਦਾ ਮੰਤਵ ਇਹ ਹੈ ਕਿ ਹਰ ਪੈਦਾ ਕੀਤੀ ਹੋਈ ਚੀਜ਼ ਨੂੰ ਉਸ ਦੀ ਵੱਡੀ ਤੋਂ ਵੱਡੀ ਸੰਭਾਵਨਾ ਤੇ ਉੱਚਤਾ ਤੀਕ ਪੁਚਾਇਆ ਜਾਵੇ।

ਹੋਰ ਗੱਲਾਂ ਤੋਂ ਛੁਟ ਇਸ ਤਾਕਤ ਦੇ ਸਦਕੇ ਹੀ ਹਰ ਮਨੁੱਖ ਵਿਸ਼ਵ ਦੇ ਮਹਾਨ ਡਰਾਮੇ ਵਿਚ ਆਪਣੀ ਆਪਣੀ ਲਿਆਕਤ ਅਨੁਸਾਰ ਆਪਣਾ ਖੇਡ ਖੇਡਦਾ ਹੈ ਤੇ ਸੰਸਾਰ ਨੂੰ ਚੰਗਾ ਬਣਾਉਣ ਲਈ ਆਪਣਾ ਵਧ ਤੋਂ ਵਧ ਹਿੱਸਾ ਪਾ ਰਿਹਾ ਹੈ। ਇਉਂ ਮੰਨੋ ਕਿ ਮਨੁੱਖ ਅੰਦਰਲੀ ਰੱਬੀ ਤਾਕਤ ਤੇ ਸੰਸਾਰ ਦੀ ਰੱਬੀ ਸੂਝ ਦੇ ਸਾਂਝੇ ਕੰਮ ਨਾਲ ਹੀ ਰੱਬੀ ਬਾਦਸ਼ਾਹੀ ਪਰਗਟ ਹੋਵੇਗੀ।

ਜਦੋਂ ਮਨੁੱਖ ਰੱਬ ਦੇ ਨਾਲ ਮਿਲ ਕੇ ਕੰਮ ਕਰਦਾ ਹੈ ਤਾਂ ਉਸ ਦੀ ਕਰਾਮਾਤ ਦੀ ਤਾਕਤ ਤੇ ਸੰਭਾਵਨਾ ਦੀ ਕੋਈ ਹੱਦ ਨਹੀਂ ਰਹਿੰਦੀ। ਕੋਈ ਚੰਗੇ ਤੋਂ ਚੰਗੇ ਦਿਮਾਗ ਵਾਲਾ ਮਨੁੱਖ ਵੀ ਅੱਜ ਤਕ ਅਜੇਹਾ ਨਹੀਂ ਹੋਇਆ ਜਿਸ ਨੇ ਆਪਣੇ ਤੇ ਆਪਣੇ ਕਾਦਰ ਦੇ ਸਾਂਝੇ ਕੰਮਾਂ ਦੀ ਅੰਤਲੀ ਸੀਮਾਂ ਨੂੰ ਛੋਹ ਲਿਆ ਹੋਵੇ। ਕੌਣ ਖ਼ਿਆਲ ਕਰ ਸਕਦਾ ਹੈ, ਕੌਣ ਅੰਦਾਜ਼ਾ ਲਾ ਸਕਦਾ ਹੈ ਕਿ ਮਨੁੱਖ ਦੇ ਰੱਬ ਨਾਲ ਮਿਲ ਕੇ ਕੋਸ਼ਿਸ਼ਾਂ ਕਰਨ ਨਾਲ ਆਉਣ ਵਾਲੇ ਇਕ ਹਜ਼ਾਰ ਸਾਲ ਦੇ ਅੰਦਰ ਸਾਡੇ ਫ਼ਲ, ਸਾਡੇ ਫੁੱਲ, ਸਾਡੀਆਂ ਸਬਜ਼ੀਆਂ, ਸਾਡੇ ਅਨਾਜ, ਸਾਡੇ ਪਸ਼ੂ ਕਿਹੋ ਜੇਹੇ ਹੋ ਜਾਣਗੇ ?

ਕਈ ਸੌ ਸਾਲ ਪਹਿਲਾਂ ਪੈਦਾ ਹੋਏ ਛੋਟੇ ਛੋਟੇ ਤੇ ਤੁਛ ਜੇਹੇ ਦਾਉਦੀ ਦੇ ਫੁਲਾਂ ਦੇ ਮੁਕਾਬਲੇ ਤੇ ਅੱਜ ਦੀਆਂ ਪਰਦਰਸ਼ਨੀਆਂ ਵਿਚ ਇਨਾਮ ਪਾਉਣ ਵਾਲਾ ਦਾਉਦੀ ਦਾ ਫੁਲ ਰੰਗਾਂ ਅਤੇ ਆਕਾਰ ਕਰਕੇ ਇਕ ਕਰਾਮਾਤ ਜਾਪਦਾ ਹੈ। ਇਹੋ ਗੱਲ ਗੁਲਾਬ, ਪੈਂਜੀ ਤੇ ਹੋਰ ਸਾਰੇ ਫੁੱਲਾਂ ਦੇ ਸਬੰਧ ਵਿਚ, ਜਿਹੜੇ ਬਾਗਾਂ ਵਿਚ ਪੈਦਾ ਹੁੰਦੇ ਹਨ, ਠੀਕ ਹੈ। ਜੇ ਉੱਨਤੀ ਦਾ ਚੱਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਕੌਣ ਦਸ ਸਕਦਾ ਹੈ ਕਿ ਸੌ ਸਾਲ ਦੇ ਅੰਦਰ ਅੰਦਰ ਇਹ ਚੀਜ਼ਾਂ ਵਧਦੀਆਂ ਫੁਲਦੀਆਂ ਕੀ ਕੁਝ ਬਣ ਜਾਣਗੀਆਂ ? ਅਦਭੁਤ ਚੀਜਾਂ, ਜਿਹੜੀਆਂ ਲੂਥਰ ਬਰਬੈਂਕ ਨੇ ਆਪਣੇ ਰੱਬ ਨਾਲ ਭਾਈਵਾਲੀ ਕਰਕੇ ਫੁੱਲਾਂ ਤੇ ਬੂਟਿਆਂ ਦੀ ਬਾਦਸ਼ਾਹੀ ਵਿਚ ਪੈਦਾ ਕੀਤੀਆਂ ਹਨ, ਉਹ ਕੇਵਲ ਇਸ ਗੱਲ ਨੂੰ ਪਰਗਟ ਕਰਦੀਆਂ ਹਨ ਕਿ ਆਉਣ

ਵਾਲੇ ਯੁੱਗਾਂ ਵਿਚ ਕੀ ਕੁਝ ਹੋਵੇਗਾ। ਸਾਇੰਸ ਦਾ ਇਹ ਸਿਧਾਂਤ ਹੈ ਕਿ ਜੋ ਕੁਦਰਤ ਦੀ ਸਹਾਇਤਾ ਨਾ ਕੀਤੀ ਜਾਏ ਤਾਂ ਉਹ ਫੇਲ ਹੋ ਜਾਂਦੀ ਹੈ। ਲੂਥਰ ਬਰਬੈਂਕ ਆਪਣੇ ਪੈਦਾ ਕਰਨ ਵਾਲੇ ਰੱਬ ਦਾ ਭਾਈਵਾਲ ਬਣਿਆ ਹੋਇਆ ਹੈ। ਉਹ ਤੇ ਰੱਬ ਦੋਵੇਂ ਮਿਲ ਕੇ ਉਹ ਉਹ ਕੰਮ ਕਰ ਰਹੇ ਹਨ ਜਿਹੜੇ ਉਹ ਕੱਲੇ ਕੱਲੇ ਨਹੀਂ ਕਰ ਸਕਦੇ ਹਨ। ਨਵੀਆਂ ਨਵੀਆਂ ਚੀਜ਼ਾਂ ਬਣਾਉਣ ਤੇ ਪੈਦਾ ਕਰਨ ਵਿਚ ਮਨੁੱਖ ਇਕ ਜ਼ਰੂਰੀ ਸੰਦ ਹੈ। ਰੱਬ ਨੇ ਇਕੱਲਿਆਂ ਕਦੇ ਅਜੇਹੀਆਂ ਅਦਭੁਤ ਚੀਜ਼ਾਂ ਪੈਦਾ ਨਹੀਂ ਕੀਤੀਆਂ ਜਿਹੜੀਆਂ ਬਰਬੈਂਕ ਤੇ ਰੱਬ ਨੇ ਮਿਲ ਕੇ ਉਪਜਾਈਆਂ ਹਨ। ਇਸ ਮੁਆਮਲੇ ਵਿਚ ਬਰਬੈਂਕ ਤੇ ਐਡੀਸਨ ਤੇ ਹੋਰ ਮਸ਼ਹੂਰ ਲੋਕ ਕੋਈ ਅਨੋਖੀਆਂ ਹਸਤੀਆਂ ਨਹੀਂ, ਸਗੋਂ ਰੱਬ ਦੇ ਨਾਲ ਮਿਲ ਕੇ ਅਸੀਂ ਸਾਰੇ ਦੇ ਸਾਰੇ ਉਪਜਾਊ ਸ਼ਕਤੀ ਦੇ ਮਾਲਕ ਬਣ ਸਕਦੇ ਹਾਂ।

ਰੱਬ ਦੇ ਨਾਲ ਸਾਂਝ ਕਾਇਮ ਕਰ ਕੇ ਮਨੁੱਖ ਹਰ ਥਾਂ ਤੇ ਕਰਾਮਾਤਾਂ ਦਿਖਾ ਰਿਹਾ ਹੈ। ਉਹ ਆਪਣੇ ਦਿਮਾਗ ਨੂੰ ਜ਼ਮੀਨ ਦੇ ਨਾਲ ਮਿਲਾਉਂਦਾ ਹੈ, ਤੇ ਦੇਖ ਲਵੋ ਕਿ ਕਿਹੋ ਜਿਹੀਆਂ ਅਜੀਬ ਚੀਜ਼ਾਂ ਪੈਦਾ ਕਰ ਕੇ ਦਿਖਾਉਂਦਾ ਰਹਿੰਦਾ ਹੈ, ਇਉਂ ਮੰਨੋ ਕਿ ਉਹ ਨੇ ਮਦਾਰੀ ਦੀ ਛੂਹ ਮੰਤਰ ਨਾਲ ਉਨ੍ਹਾਂ ਚੀਜ਼ਾਂ ਨੂੰ ਬਣਾ ਦਿੱਤਾ ਹੈ। ਚੋਣ ਤੇ ਮਿਲਾਪ ਦੇ ਕੰਮਾਂ ਨਾਲ ਉਹ ਆਪਣੀ ਅਕਲ ਦੀ ਵਰਤੋਂ ਕਰ ਕੇ ਦਰੱਖਤਾਂ ਤੇ ਪਸ਼ੂਆਂ ਦੀ ਪਾਦਸ਼ਾਹੀ ਵਿਚ ਕਮਾਲ ਦੇ ਪੌਦੇ ਤੇ ਪਸ਼ੂ ਉਪਜਾ ਕੇ ਦਿਖਾ ਦਿੰਦਾ ਹੈ। ਜਿਹੜੀ ਲੁਕੀ ਹੋਈ ਮਹਾਨ ਸੂਝ ਕਿਸੇ ਨਵੀਂ ਗੱਲ ਦੇ ਕੱਢਣ ਵਾਲੇ ਦੇ ਦਿਮਾਗ ਵਿਚ, ਕਿਸੇ ਵੱਡੀ ਕਾਢ ਦਾ ਖ਼ਿਆਲ ਤੇ ਨਕਸ਼ਾ ਬਣਾ ਦਿੰਦੀ ਹੈ, ਉਹੋ ਲੁਕੀ ਹੋਈ ਮਹਾਨ ਸੂਝ ਬਾਗ਼ਬਾਨੀ ਤੇ ਖੇਤੀ-ਬਾੜੀ, ਪਸ਼ੂ-ਪਾਲਣਾ, ਵਿਗਿਆਨੀ ਮਾਹਰਾਂ ਤੇ ਉਨ੍ਹਾਂ ਸਾਰੇ ਲੋਕਾਂ, ਜਿਹੜੇ ਨਵੀਆਂ ਨਵੀਆਂ ਕਾਢਾਂ ਕੱਢਣ ਤੇ ਲਾਭਦਾਇਕ ਕੰਮਾਂ ਵਿਚ ਲੱਗੇ ਹੋਏ ਹਨ, ਨੂੰ ਸਹਾਇਤਾ ਦੇ ਰਹੀ ਹੈ।

ਹਰ ਮਹਾਨ ਲਿਖਾਰੀ ਨੇ, ਹਰ ਕਲਾਕਾਰ ਨੇ, ਹਰ ਕਾਢਕਾਰ ਨੇ ਤੇ ਸਹੀ ਅਰਥਾਂ ਵਿਚ ਵੱਡਾ ਕੰਮ ਕਰਨ ਵਾਲੇ ਹਰ ਮਨੁੱਖ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਹੈ ਕਿ ਉਹਨੇ ਆਪਣੇ ਦਿਮਾਗ ਨੂੰ ਬਾਹਰਲੇ ਹੋਰ ਵਸੀਲਿਆਂ, ਜਿੱਥੇ ਕਿ ਕਿਤਾਬਾਂ, ਲੋਕਾਂ, ਕੁਦਰਤ ਦੀ ਅਦਭੁਤ ਚੀਜ਼ਾਂ ਆਦਿ ਤੋਂ ਸੁਝਾਉ ਲਏ ਹਨ। ਦੂਜੇ ਸ਼ਬਦਾਂ ਵਿਚ ਇਉਂ ਕਹੋ ਕਿ ਉਸ ਨੂੰ ਇਹ ਚੇਤਨਾ ਹੁੰਦੀ ਹੈ ਕਿ ਉਹਦੇ ਦਿਮਾਗ ਦੀ ਪਿੱਠ ਤੇ ਕੋਈ ਮਹਾਨ ਸ਼ਕਤੀ ਹੈ।

ਦ੍ਰਿਸ਼ਟਾਂਤ ਵਜੋਂ ਮਸ਼ਹੂਰ ਲਿਖਾਰੀ ਜਾਣ ਬੁਝ ਕੇ ਉਨ੍ਹਾਂ ਛੋਟੇ ਛੋਟੇ ਵੇਰਵਿਆਂ ਦਾ ਖ਼ਿਆਲ ਨਹੀਂ ਕਰਦੇ ਜਿਨ੍ਹਾਂ ਨੂੰ ਉਹ ਲੇਖ ਵਿਚ ਅੰਕਤ ਕਰ ਰਹੇ ਹੁੰਦੇ ਹਨ। ਚਿੱਤਰ ਆਪਣੇ ਆਪ ਉਨ੍ਹਾਂ ਦੀਆਂ ਅੱਖਾਂ ਅੱਗੇ ਆਈ ਜਾਂਦੇ ਹਨ। ਕਈ ਵਾਰੀ ਖ਼ਿਆਲ ਉਨ੍ਹਾਂ ਦੇ ਦਿਮਾਗ ਵਿਚ ਹੜ੍ਹ ਵਾਂਙ ਵਹਿੰਦੇ ਚਲੇ ਆਉਂਦੇ ਹਨ। ਕਈ ਵਾਰੀ ਅਜੇਹੇ ਜ਼ੋਰ ਨਾਲ ਉਨ੍ਹਾਂ ਦੇ ਦਿਮਾਗ ਵਿਚ ਖਿਆਲ ਦੌੜੇ ਭੱਜੇ ਆਉਂਦੇ ਹਨ ਕਿ ਉਹ ਉਨ੍ਹਾਂ ਸਾਰਿਆਂ ਨੂੰ ਨਾ ਹੀ ਤੇ ਲਿਖ ਸਕਦੇ ਹਨ ਤੇ ਨਾ ਹੀ ਦੂਜਿਆਂ ਤੋਂ ਲਿਖਵਾ ਸਕਦੇ ਹਨ। ਇਹੋ ਜੇਹੇ ਅਦੁਤੀ ਮੌਕਿਆਂ ਤੇ ਕਵੀ, ਲਿਖਾਰੀ ਜਾਂ ਰਾਗੀ ਕੇਵਲ ਆਪਣੇ ਦਿਮਾਗ ਦੀ ਪਿੱਠ ਤੇ ਖਲੋਤੀ ਲੁੱਕੀ ਹੋਈ ਸੂਝ ਦੇ ਸਕੱਤਰ ਦਾ ਕੰਮ ਕਰਦੇ ਹਨ।

ਇਸ ਤਾਕਤ ਨੂੰ ਭਾਵੇਂ ਕਿਸੇ ਨਾਂ ਨਾਲ ਸਦ ਲਵੋ। ਇਹਨੂੰ ਰੱਬੀ ਤਾਕਤ ਜਾਂ ਮਹਾਨ ਸੂਝ ਕਹਿ ਲਵੋ ਜਿਹੜੀ ਪਰਕਾਸ਼ ਤੇ ਬਿਜਲੀ ਦੇ ਪਰਮਾਣੂਆਂ ਵਿਚ ਰਹਿੰਦੀ ਹੈ, ਉਹ ਜ਼ਰੂਰ ਹੀ ਕੋਈ ਉਸਾਰੂ ਸੂਝ ਹੈ ਜਿਹੜੀ ਵਿਉਂਤਾਂ ਬਣਾਉਂਦੀ ਹੈ ਤੇ ਨਵੀਆਂ ਨਵੀਆਂ ਚੀਜ਼ਾਂ ਪੈਦਾ ਕਰਨ ਵਾਲੇ ਨੂੰ ਮਹਿਸੂਸ ਕਰਾਉਂਦੀ ਹੈ ਕਿ ਉਹ ਤਾਂ ਕੇਵਲ ਵਾਇਰਲੈਸ ਦਾ ਸੁਨੇਹਾ ਪ੍ਰਾਪਤ ਕਰਨ ਵਾਲਾ ਸਟੇਸ਼ਨ ਹੈ ਜਿਹੜਾ ਸੰਸਾਰ ਦੇ ਕਿਸੇ ਰੱਬੀ ਸਟੇਸ਼ਨ ਤੋਂ ਚਲੇ ਹੋਏ ਅਮਰ ਸੁਨੇਹੇ ਨੂੰ ਸੁਣ ਰਿਹਾ ਹੁੰਦਾ ਹੈ।

ਕਈ ਵਾਰੀ ਅਜੇਹੇ ਸੁਨੇਹੇ ਕਾਢਕਾਰ ਦੇ ਸੁਫਨਿਆਂ ਵਿਚ ਮਿਲਦੇ ਹਨ ਜਦੋਂ ਕਿ ਉਹ ਕਿਸੇ ਕਾਢ ਦੇ ਸਬੰਧ ਵਿਚ ਖ਼ਿਆਲ ਕਰਨ ਤੇ ਤਜਵੀਜ਼ ਬਣਾਉਣ ਦੀ ਕੋਸ਼ਿਸ਼ ਤੋਂ ਬਿਲਕੁਲ ਅਣਜਾਣ ਹੁੰਦਾ ਹੈ। ਕਈ ਵਾਰ ਸੁਫਨੇ ਵਿਚ ਬਿਜਲੀ ਵਰਗੀ ਚਮਕ ਨਾਲ ਕਵੀ ਦੇ ਦਿਮਾਗ ਵਿਚ ਉਹ ਤੁਕਾਂ ਜਾਂ ਸ਼ਬਦ ਆ ਜਾਂਦੇ ਹਨ ਜਿਨ੍ਹਾਂ ਦੀ ਉਸ ਨੂੰ ਕਿਸੇ ਕਵਿਤਾ ਨੂੰ ਪੂਰਿਆਂ ਕਰਨ ਲਈ ਡਾਢੀ ਲੋੜ ਹੁੰਦੀ ਹੈ।

ਇਹ ਚੀਜਾਂ ਕਿਥੋਂ ਆਉਂਦੀਆਂ ਹਨ ? ਉਹ ਰੱਬੀ ਤਸਵੀਰ ਕਿਸ ਨੇ ਬਣਾਈ ਜਿਹੜੀ ਪਹਿਲਾਂ ਪਹਿਲ ਕਲਾਕਾਰ ਜਾਂ ਚਿੱਤਰਕਾਰ ਦੇ ਦਿਮਾਗ ਵਿਚ ਪਰਗਟ ਹੁੰਦੀ ਹੈ ? ਉਸ ਨੇ ਜਾਣ ਬੁਝ ਕੇ ਉਹ ਤਸਵੀਰ ਨਹੀਂ ਬਣਾਈ ਜਿਹੜੀ ਪੂਰਨ ਰੂਪ ਵਿਚ ਉਸ ਦੇ ਦਿਮਾਗ ਵਿਚ ਆਈ, ਉਸ ਦੇ ਆਪਣੇ ਦਿਮਾਗ ਨੇ ਉਸ ਆਦਰਸ਼ ਨੂੰ ਨਹੀਂ ਡੋਲਿਆ, ਉਹਨੇ ਤਾਂ ਕੇਵਲ ਕਾਗਜ਼ ਜਾਂ ਕੱਪੜੇ ਉੱਤੇ ਲਿਖ ਦਿੱਤਾ ਹੈ। ਮੂਰਤੀ ਬਣਾਉਣ ਵਾਲੇ ਦੇ ਦਿਮਾਗ ਵਿਚ ਉਹ ਨਮੂਨਾ ਕਿਥੋਂ ਆਇਆ ਜਿਸ ਨੂੰ ਉਸ ਦੀ ਖਿਆਲ ਦੀ ਤਾਕਤ ਨੇ ਉਦੋਂ ਤਕ ਫੜੀ ਰਖਿਆ ਜਦੋਂ ਤਕ ਕਿ ਉਸ ਨੇ ਹਥੋੜੀ ਛੈਣੀ ਤੇ ਆਪਣੇ ਹੁਨਰਮੰਦ ਹੱਥਾਂ ਦੀ ਸਹਾਇਤਾ ਨਾਲ ਸੰਗਮਰਮਰ ਦੇ ਟੁੱਕੜੇ ਵਿਚੋਂ ਇਕ ਅਦਭੁਤ ਮੂਰਤੀ ਬਣਾ ਕੇ ਦਿਖਾ ਨਹੀਂ ਦਿੱਤੀ ਜਿਹੜੀ ਹਰ ਤਰ੍ਹਾਂ ਨਾਲ ਜੀਉਂਦੀ ਜਾਗਦੀ ਜਾਪਦੀ ਹੈ, ਜਿਸ ਵਿਚ ਘਾਟਾ ਕੇਵਲ ਇੰਨਾ ਹੀ ਹੈ ਕਿ ਉਹ ਸਾਹ ਨਹੀਂ ਲੈਂਦੀ ਤੇ ਉਹਦੇ ਵਿਚ ਜਾਨ ਨਹੀਂ। ਪੱਥਰ ਤੋਂ ਮੂਰਤੀ ਬਣਾਉਣ ਵਾਲੇ ਨੇ ਆਪਣੇ ਆਪ ਉਹ ਦਿਮਾਗੀ ਨਮੂਨਾ ਨਹੀਂ ਬਣਾਇਆ, ਇਹ ਤਾਂ ਕਿਤੋਂ ਉਹਦੇ ਦਿਮਾਗ ਵਿਚ ਆ ਗਿਆ ਤੇ ਉਹਨੇ ਸੰਗਮਰਮਰ ਦੇ ਟੁਕੜੇ ਵਿਚੋਂ ਆਪਣੇ ਆਦਰਸ਼ ਦੀ ਮੂਰਤ ਬਣਾਉਣ ਵਿਚ ਉਸ ਨਮੂਨੇ ਤੋਂ ਸਹਾਇਤਾ ਲਈ ਜਿਸ ਬਿੰਨਾ ਉਹ ਮੂਰਤੀ ਬਣ ਹੀ ਨਹੀਂ ਸੀ ਸਕਦੀ।

ਇਸ ਸਾਰੀ ਕਲਾ ਦੀ ਇਸ ਤੋਂ ਛੁਟ ਹੋਰ ਕੋਈ ਦਲੀਲ ਨਹੀਂ ਕਿ ਉਹ ਚਿੱਤਰ ਰੱਬੀ ਉਪਜਾਊ ਮਨ ਵੱਲੋਂ ਉਸ ਦੇ ਦਿਮਾਗ ਵਿਚ ਭੇਜਿਆ ਗਿਆ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਰੱਬ ਤੇ ਮਨੁੱਖ ਇਕ ਹਨ। ਦੋਵੇਂ ਰਲ ਕੇ ਕੰਮ ਕਰਦੇ ਹਨ, ਦੋਵੇਂ ਭਾਈਵਾਲ ਹਨ। ਉਹ ਉਪਜਾਉਣ ਵਿਚ ਸਹਿਕਾਰੀ ਹਨ ਤੇ ਹਰ ਥਾਂ ਤੇ ਪੈਦਾ ਕਰਨ, ਸੰਵਾਰਨ, ਤਰੱਕੀ ਦੇਣ ਦੇ ਕੰਮ ਵਿਚ ਉਹ ਦੋਵੇਂ ਮਿਲ ਕੇ ਕੰਮ ਕਰਦੇ ਹਨ।

ਕੋਈ ਆਦਮੀ ਯੋਗ ਕਾਮਯਾਬੀ ਪ੍ਰਾਪਤ ਨਹੀਂ ਕਰ ਸਕਦਾ ਜਦੋਂ ਤਾਈਂ ਕਿ ਉਹ ਪੂਰਨ ਰੂਪ ਵਿਚ ਨੇਕੀ, ਅਰਥਾਤ ਰੱਬ ਨੂੰ, ਆਪਣੇ ਨਾਲ ਸ਼ਾਮਲ ਨਹੀਂ ਕਰ ਲੈਂਦਾ, ਤੇ ਜਦੋਂ ਤਾਈਂ ਕਿ ਉਸ ਦਾ ਆਪਣਾ ਮੰਤਵ ਤੇ ਉਸ ਦੀ ਉਮੰਗ ਰੱਬੀ ਵਿਉਂਤ ਦੇ ਅਨੁਕੂਲ ਨਹੀਂ ਹੁੰਦੇ। ਇਸ ਦਾ ਅਰਥ ਇਹ ਹੈ ਕਿ ਆਦਮੀ ਦੀਆਂ ਸਰਗਰਮੀਆਂ ਤੇ ਕੰਮ ਘਟੋ ਘੱਟ ਅਜੇਹੇ ਨਹੀਂ ਹੋਣੇ ਚਾਹੀਦੇ ਜਿਹੜੇ ਕਾਇਨਾਤ ਦੇ ਮੰਤਵਾਂ ਉਮੰਗਾਂ ਦੇ ਵਿਰੁੱਧ ਹੋਣ ਕਿਉਂਕਿ ਇਹ ਕਾਇਨਾਤ ਤਾਂ ਸਾਰੀਆਂ ਚੀਜ਼ਾਂ ਦੀ ਏਕਤਾ ਦੇ ਸਿਧਾਂਤ ਅਤੇ ਸਾਰੀਆਂ ਦੀ ਮਿਲਵਰਤਣ ਤੇ ਇਸ ਤਰ੍ਹਾਂ ਨਿਰਭਰ ਹੈ ਜਿਵੇਂ ਦੋ ਬਲਦ ਮਿਲ ਕੇ ਗੱਡੇ ਨੂੰ ਖਿਚਦੇ ਹਨ।

ਜੇ ਤੁਸੀਂ ਇਹੋ ਜੇਹੇ ਕੰਮ ਕਰ ਰਹੇ ਹੋ ਜਿਨ੍ਹਾਂ ਨਾਲ ਮਨੁੱਖ ਜਾਤੀ ਨੂੰ ਲਾਭ ਪੁੱਜਦਾ ਹੈ ਜਾਂ ਉਸ ਦੀ ਭਲਾਈ ਵਿਚ ਵਾਧਾ ਹੁੰਦਾ ਹੈ ਤਾਂ ਸਮਝ ਲਵੋ, ਕਿ ਅਨੰਤ ਰੱਬੀ ਤਜਵੀਜ਼ ਤੁਹਾਡੇ ਜੀਵਨ ਦੇ ਨਾਲ ਸਹਿਮਤ ਹੈ।

ਤੁਸੀਂ ਪੈਦਾ ਕਰਨ ਵਾਲੇ ਰੱਬ ਦੇ ਨਾਲ ਮਿਲ ਕੇ ਮਨੁੱਖ ਜਾਤੀ ਦਾ ਸਾਂਝਾ ਕੰਮ ਕਰ ਰਹੇ ਹੋ ਤਾਂ ਤੁਸੀਂ ਸਫਲ ਹੋ, ਪਰ ਜੇ ਤੁਸੀਂ ਕੋਈ ਅਜੇਹੀ ਗੱਲ ਕਰ ਰਹੇ ਹੋ ਜਿਹੜੀ ਰੱਬ ਦੀ ਮਨਸ਼ਾ ਦੇ ਵਿਰੁੱਧ ਹੈ ਤੇ ਮਨੁੱਖ ਜਾਤੀ ਦੇ ਸਾਂਝੇ ਲਾਭ ਲਈ ਹਾਨੀਕਾਰਕ ਹੈ ਤਾਂ ਤੁਸੀਂ ਅਸਫਲ ਹੋ ਤੇ ਤੁਹਾਨੂੰ ਅਸਲੀ ਖ਼ੁਸ਼ੀ ਨਸੀਬ ਨਹੀਂ ਹੋ ਸਕਦੀ ਕਿਉਂਕਿ ਤੁਸੀਂ ਆਪਣੇ ਕਾਦਰ ਦੀ ਮਨਸ਼ਾ ਦੇ ਵਿਰੁੱਧ ਕੰਮ ਕਰ ਰਹੇ ਹੋ।

ਆਦਮੀ ਅੰਦਰ ਕੋਈ ਚੀਜ਼ ਅਜੇਹੀ ਹੈ ਜਿਹੜੀ ਉਨ੍ਹਾਂ ਕੰਮਾਂ ਦੇ ਵਿਰੁੱਧ ਆਵਾਜ਼ ਉਠਾਉਂਦੀ ਹੈ ਜਿਨ੍ਹਾਂ ਨਾਲ ਦੂਜਿਆਂ ਨੂੰ ਖੇਦ ਪੁੱਜਦਾ ਹੈ, ਜਿਹੜੇ ਕਾਦਰ ਦੀ ਮਰਜ਼ੀ ਦੇ ਉਲਟ ਹਨ ਜਿਹੜੇ ਇਸ ਦੀ ਉੱਚੀ ਸ਼ਾਨ ਅਨੁਸਾਰ ਨਹੀਂ, ਜਿਹੜੇ ਇਸ ਦੇ ਮਹਾਨ ਆਦਰਸ਼ਾਂ ਦੇ ਅਨੁਕੂਲ ਨਹੀਂ।

ਇਹੋ ਕਾਰਣ ਹੈ ਕਿ ਜਿਹੜੇ ਲੋਕ ਭੈੜੇ ਕੰਮਾਂ ਵਿਚ ਜੁੱਟੇ ਹੋਏ ਹਨ, ਉਨ੍ਹਾਂ ਨੂੰ ਉਨ੍ਹਾਂ ਕੰਮਾਂ ਤੇ ਕਦੇ ਵੀ ਸ਼ਾਂਤੀ ਨਹੀਂ ਮਿਲਦੀ, ਨਾ ਹੀ ਉਨ੍ਹਾਂ ਕੰਮਾਂ ਤੇ ਮਾਣ ਕਰ ਸਕਦੇ ਹਨ। ਉਨ੍ਹਾਂ ਦਾ ਚਿੱਤ ਉਨ੍ਹਾਂ ਕੰਮਾਂ ਵਿਚ ਨਹੀਂ ਲੱਗਾ ਹੁੰਦਾ ਉਨ੍ਹਾਂ ਦੇ ਮਨ ਵਿਚ ਇਹੋ ਗੱਲ ਰਹਿੰਦੀ ਹੈ ਕਿ ਦੂਜੇ ਲੋਕਾਂ ਨੂੰ ਉਨ੍ਹਾਂ ਦੇ ਕੰਮ ਦਾ ਪਤਾ ਨਾ ਲੱਗ ਜਾਵੇ। ਜਦੋਂ ਤੱਕ ਉਹ ਦੂਜਿਆਂ ਵੱਲ ਆਪਣੇ ਵਰਗੀਆਂ ਪਸ਼ੂਆਂ ਵਾਲੀਆਂ ਬਿਰਤੀਆਂ ਨਹੀਂ ਵੇਖ ਲੈਂਦੇ ਉਨ੍ਹਾਂ ਤੋਂ ਅੱਖ ਚੁਰਾਉਂਦੇ ਹੀ ਰਹਿੰਦੇ ਹਨ।

ਮੈਂ ਜੂਆ ਖੇਡਣ ਵਾਲਿਆਂ, ਸ਼ਰਾਬ ਵੇਚਣ ਵਾਲਿਆਂ, ਨੂੰ ਮਿਲਿਆ ਹਾਂ ਉਨ੍ਹਾਂ ਵਿਚੋਂ ਮੈਨੂੰ ਕੋਈ ਆਦਮੀ ਅਜੇਹਾ ਨਹੀਂ ਮਿਲਿਆ ਜਿਸ ਨੂੰ ਆਪਣੇ ਰੋਜ਼ੀ ਕਮਾਉਣ ਦੇ ਇਸ ਢੰਗ ਦੇ ਭਲੇ ਲੋਕਾਂ ਨੂੰ ਪਤਾ ਲੱਗ ਜਾਣ ਤੇ ਸ਼ਰਮ ਨਾ ਆਉਂਦੀ ਹੋਵੇ।

ਜਦੋਂ ਕੋਈ ਆਦਮੀ ਮੁਨਿਆਰੀ ਦੀਆਂ ਚੀਜਾਂ ਵੇਚਦਾ ਫਿਰਦਾ ਹੋਵੇ, ਰੇਲ ਦੇ ਮਹਿਕਮੇ ਵਿਚ ਕੋਈ ਛੋਟਾ ਮੋਟਾ ਕੰਮ ਕਰਦਾ ਹੋਵੇ ਗਲੀ ਬਜ਼ਾਰਾਂ ਦੀ ਸਫ਼ਾਈ ਦੀ ਸੇਵਾ ਕਰਦਾ ਹੋਵੇ, ਅਰਥਾਤ ਕੋਈ ਵੀ ਮਜ਼ਦੂਰੀ ਕਰ ਰਿਹਾ ਹੋਏ ਤਾਂ ਉਸ ਨੂੰ ਆਪਣੇ ਕੰਮ ਤੋਂ ਸ਼ਰਮ ਨਹੀਂ ਆਉਂਦੀ। ਹਾਂ ਜੇ ਬਹੁਤ ਚੰਗਾ ਕੰਮ ਕਰਨਾ ਉਹਦੇ ਲਈ ਸੰਭਵ ਹੋਵੇ ਤੇ ਹੌਂਸਲੇ ਤੇ ਉਮੰਗ ਦੀ ਘਾਟ ਕਰਕੇ ਉਹ ਕੋਈ ਘਟੀਆ ਕੰਮ ਕਰ ਰਿਹਾ ਹੋਵੇ, ਤਾਂ ਸ਼ਾਇਦ ਉਸ ਨੂੰ ਸ਼ਰਮ ਪਰਤੀਤ ਹੁੰਦੀ ਹੋਵੇ। ਫੇਰ ਜੇ ਕੋਈ ਕੰਮ ਅਤਿ ਘਟੀਆ ਕਿਸਮ ਦਾ ਹੈ, ਜੇ ਕਰਨ ਵਾਲਾ ਕੌਮ ਦੀ ਸਫਲ ਸੇਵਾ ਕਰਦਾ ਹੋਏ, ਉਸ ਤੋਂ ਮਨੁੱਖ ਜਾਤੀ ਨੂੰ ਕਿਸੇ ਪਰਕਾਰ ਦੀ ਸਹਾਇਤਾ ਮਿਲਦੀ ਹੋਵੇ

ਤਾਂ ਉਹ ਕੰਮ ਸਤਿਕਾਰ ਯੋਗ ਹੈ ਤੇ ਜੇ ਉਸ ਕੰਮ ਨੂੰ ਠੀਕ ਤੇ ਯੋਗ ਢੰਗਾਂ ਨਾਲ ਕੀਤਾ ਜਾਵੇ ਤਾਂ ਉਸੇ ਨਾਲ ਕਿਸੇ ਵੱਡੇ ਉੱਚੇ ਤੇ ਚੰਗੇ ਕੰਮ ਦਾ ਰਾਹ ਖੁੱਲ੍ਹ ਜਾਵੇਗਾ।

ਜਦੋਂ ਤੁਸੀਂ ਰੱਬ ਨੂੰ ਆਪਣਾ ਭਾਈਵਾਲ ਬਣਾ ਲੈਂਦੇ ਹੋ, ਤੇ ਜਦੋਂ ਤੁਹਾਡੇ ਦਿਲ ਵਿਚ ਗਿਆਨ ਹੁੰਦਾ ਹੈ ਕਿ ਤੁਸੀਂ ਰੱਬ ਦਾ ਕੰਮ ਕਰ ਰਹੇ ਹੋ ਤਾਂ ਤੁਹਾਡੇ ਅੰਦਰ ਅਮਨ ਤੇ ਸ਼ਾਂਤੀ ਹੁੰਦੀ ਜਾਪਦੀ ਹੈ। ਤੁਸੀਂ ਜੀਵਨ ਯਾਤਰਾ ਵਿਚ ਅਜੇਹੀ ਚਾਲ ਚਲਦੇ ਜਾਪਦੇ ਹੋ ਮਾਨੋਂ ਤੁਹਾਨੂੰ ਕੋਈ ਵੱਡੀ ਰੋਸ਼ਨੀ ਦਿਸ ਰਹੀ ਹੈ, ਕਿਉਂਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਕੋਈ ਵੱਡਾ ਭਾਈਵਾਲ ਤੁਹਾਡੇ ਕੰਮ ਵਿਚ ਸ਼ਾਮਲ ਹੈ ਤੇ ਉਹ ਅਜੇਹਾ ਹੈ ਜਿਸ ਦੇ ਨਾਲ ਲੱਗ ਕੇ ਤੁਸੀਂ ਕਦੇ ਰਾਹੋਂ ਕੁਰਾਹ ਨਹੀਂ ਹੋ ਸਕਦੇ, ਤੁਹਾਨੂੰ ਨਾਕਾਮਯਾਬੀ ਦਾ ਡਰ ਨਹੀਂ ਰਹਿੰਦਾ, ਕਿਉਂਕਿ ਤੁਸੀਂ ਜਾਣਦੇ ਹੋ ਕਿ ਤੁਹਾਡਾ ਭਾਈਵਾਲ ਰੱਬ ਹਰ ਤਰ੍ਹਾਂ ਦੀਆਂ ਚੀਜ਼ਾਂ ਪੈਦਾ ਕਰਨ ਦਾ ਸਾਧਨ ਹੈ। ਇਸ ਗਿਆਨ ਨਾਲ ਤੁਸੀਂ ਆਪਣੇ ਆਪ ਨੂੰ ਅਮਨ ਤੇ ਸੁਰੱਖਿਆ ਵਿਚ ਸਮਝਣ ਲਗ ਪੈਂਦੇ ਹੋ। ਤੁਹਾਨੂੰ ਇਹ ਗਿਆਨ ਵੀ ਹੋ ਜਾਂਦਾ ਹੈ ਕਿ ਜਦੋਂ ਤਕ ਤੁਸੀਂ ਤੇ ਤੁਹਾਡਾ ਭਾਈਵਾਲ ਇਕ -ਸੁਰਤਾ ਰੱਖਦੇ ਹੋ, ਕੋਈ ਗੱਲ ਤੁਹਾਡੀ ਸਫਲਤਾ ਦੇ ਰਾਹ ਵਿਚ ਰੋਕ ਨਹੀਂ ਪਾ ਸਕਦੀ।

ਰੱਬ ਨੂੰ ਭਾਈਵਾਲ ਬਣਾਉਣ ਤੋਂ ਮਤਲਬ ਇਹ ਹੈ ਕਿ ਤੁਸੀਂ ਕੇਵਲ 'ਨਿਰੇ ਦਿਆਨਤਦਾਰ' ਹੀ ਨਾ ਬਣੋ ਸਗੋਂ 'ਪੱਕੇ, ਮਜ਼ਬੂਤ, ਸੱਚੇ ਦਿਆਨਤਦਾਰ ਬਣੋ। ਇਸ ਹਾਲਤ ਵਿਚ ਤੁਸੀਂ ਨਾ ਹੀ ਝੂਠ ਬੋਲ ਸਕਦੇ ਹੋ, ਨਾ ਹੀ ਕਿਸੇ ਨੂੰ ਧੋਖਾ ਦੇ ਸਕਦੇ ਹੋ, ਨਾ ਕੋਈ ਚੀਜ਼ ਚੁਰਾ ਸਕਦੇ ਹੋ, ਨਾ ਕਿਸੇ ਤੋਂ ਕੋਈ ਨਾਜਾਇਜ਼ ਫਾਇਦਾ ਉਠਾ ਸਕਦੇ ਹੋ। ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਤੁਸਾਂ ਨੇ ਸਭ ਤੇ ਮਿਹਰਬਾਨੀ ਕਰਨੀ ਤੇ ਹਰ ਕਿਸੇ ਦਾ ਭਲਾ ਸੋਚਣਾ ਤੁਹਾਡੇ ਲਈ ਜ਼ਰੂਰੀ ਹੈ। ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਰੱਬ ਨਾਲ ਮਿਲ ਕੇ ਕੰਮ ਕਰਦੇ ਹੋਏ ਤੁਸੀਂ ਲੋਭੀ, ਲਾਲਚੀ ਤੇ ਖੋਹਣ ਖਿੱਝਣ ਵਾਲੇ ਨਹੀਂ ਰਹਿ ਸਕਦੇ।

ਜੇ ਤੁਸੀਂ ਰੱਬ ਨੂੰ ਆਪਣੇ ਹਰ ਹਾਲ ਵਿਚ ਭਾਈਵਾਲ ਬਣਾਉਂਦੇ ਹੋ ਤਾਂ ਤੁਹਾਨੂੰ ਗਿਆਨ ਹੋ ਜਾਂਦਾ ਹੈ ਕਿ ਤੁਹਾਡੇ ਲਈ ਦਿਲ ਦੀ ਸਫਾਈ ਤੇ ਆਚਰਣ ਦੀ ਚੰਗਿਆਈ ਜ਼ਰੂਰੀ ਹੈ। ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਘਟੀਆ ਦਰਜੇ ਦੇ ਇੰਦਰੀਆਂ ਦੇ ਸੁਆਦਾਂ ਦੇ ਵਹਿਣ ਵਿਚ ਰੁੜ੍ਹ ਨਹੀਂ ਸਕਦੇ। ਤੁਹਾਨੂੰ ਚੇਤਨਾ ਹੋ ਜਾਂਦੀ ਹੈ ਕਿ ਤੁਸੀਂ ਕੋਈ ਅਜੇਹਾ ਕੰਮ ਨਹੀਂ ਕਰ ਸਕਦੇ ਜਿਹੜਾ ਕਿਸੇ ਦੂਜੇ ਨੂੰ ਡੇਗ ਦੇਵੇ ਜਾਂ ਕਿਸੇ ਡਿੱਗੇ ਹੋਏ ਨੂੰ ਹੋਰ ਵੀ ਤਬਾਹ ਕਰ ਦੇਵੇ। ਉਦੋਂ ਇਹ ਦਲੀਲ ਕਿ 'ਫਲਾਣਾ ਆਦਮੀ ਤਾਂ ਪਹਿਲਾਂ ਤੋਂ ਹੀ ਬੁਰਾ ਹੈ,' ਤੁਹਾਡੇ ਦਿਲ ਵਿਚ ਬਹਾਨਾ ਬਣ ਕੇ ਨਹੀਂ ਸਮਾ ਸਕਦੀ। ਜੋ ਤੁਸੀਂ ਰੱਬ ਨੂੰ ਆਪਣਾ ਸੰਗੀ ਬਣਾ ਲੈਂਦੇ ਹੋ ਤਾਂ ਤੁਸੀਂ ਉਸ ਦੇ ਕਿਸੇ ਪੁੱਤਰ ਅਥਵਾ ਪੁੱਤਰੀ ਦੀ ਇੱਜ਼ਤ ਨਹੀਂ ਵਿਗਾੜ ਸਕਦੇ। ਤੁਸੀਂ ਉਨ੍ਹਾਂ ਨੂੰ ਆਪਣਾ ਭੈਣ ਭਰਾ ਸਮਝੋਗੇ। ਰੱਬ ਨੂੰ ਆਪਣਾ ਸੰਗੀ ਮੰਨਦੇ ਹੋਏ ਤੁਸੀਂ ਕਿਸੇ ਮਨੁੱਖ ਤੋਂ ਨਾਜਾਇਜ਼ ਫਾਇਦਾ ਨਹੀਂ ਉਠਾ ਸਕਦੇ, ਕਿਉਂਕਿ ਤੁਸੀਂ ਅਜੇਹਾ ਕਰੋਗੇ ਤਾਂ ਤੁਸੀਂ ਰੱਬ ਦੇ ਨਾਲ ਮਿਲ ਕੇ ਕੰਮ ਨਹੀਂ ਸਗੋਂ ਉਸ ਤੋਂ ਉਲਟ ਚਲਦੇ ਹੋ।

ਹਜ਼ਾਰਾਂ ਨੌਜਵਾਨ ਰੱਬ ਨੂੰ ਆਪਣਾ ਸੰਗੀ ਬਣਾ ਕੇ ਆਪਣੇ ਜੀਵਨ ਦਾ ਕਾਰਵਿਹਾਰ ਆਰੰਭਦੇ ਹਨ ਪਰ ਉਹ ਆਪਣੇ ਸਾਥੀ ਨੂੰ ਗੁਆ ਬਹਿੰਦੇ ਹਨ, ਕਿਉਂਕਿ ਰੱਬ ਉਨ੍ਹਾਂ ਲੋਕਾਂ ਦੇ ਨਾਲ ਮਿਲ ਕੇ ਕੰਮ ਨਹੀਂ ਕਰਦਾ ਜਿਹੜੇ ਪੱਵਿਤਰ, ਸ਼ੁੱਧ-ਚਿੱਤ ਤੇ ਦਿਆਨਤਦਾਰ ਨਹੀਂ ਹੁੰਦੇ। ਜੇ ਤੁਸੀਂ ਰੱਬ ਨੂੰ ਆਪਣਾ ਭਾਈਵਾਲ ਬਣਾਈ ਰੱਖਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਜ਼ਰੂਰੀ ਹੈ ਕਿ ਸੱਚੇ ਤੇ ਚੰਗੇ ਕੰਮ ਕਰਦੇ ਰਹੋ, ਤੇ ਸੁਚਿਆਰ ਬਣੇ ਰਹੋ।

ਪਾਲ ਐਲਸ ਵਰਥ ਦਾ ਕਥਨ ਹੈ- 'ਮੈਂ ਮਹਾਨ ਬ੍ਰਹਿਮੰਡੀ ਮਨ ਦੀ ਰੂਹ ਅਤੇ ਜਾਨ ਹਾਂ'। ਇਸ ਸਚਾਈ ਨੂੰ ਮੰਨਣ ਨਾਲ ਮੈਂ ਹਰ ਝੂਠੀ ਇੱਛਾ ਤੋਂ ਮੁਕਤ ਹੋ ਜਾਂਦਾ ਹਾਂ। ਜਦੋਂ ਤੁਸੀਂ ਇਹ ਗੱਲ ਸਮਝ ਜਾਂਦੇ ਹੋ ਕਿ ਤੁਸੀਂ ਬ੍ਰਹਿਮੰਡੀ ਮਨ ਨਾਲ ਏਕਤਾ ਰੱਖਦੇ ਹੋ ਤਾਂ ਤੁਸੀਂ ਕੁਦਰਤੀ ਤੌਰ ਤੇ ਰੱਬ ਨੂੰ ਆਪਣੇ ਕਾਰਵਿਹਾਰ

ਵਿਚ ਭਾਈਵਾਲ ਬਣਾ ਲਵੋਗੇ ਤੇ ਉਸ ਦੇ ਨਾਲ ਪੂਰੇ ਮਿਲਵਰਤਣ ਨਾਲ ਕੰਮ ਕਰੋਗੇ। ਇਸ ਤੋਂ ਤੁਹਾਡੇ ਜੀਵਨ ਦਾ ਮਾਰਗ ਕੁਝ ਹੋਰ ਹੀ ਬਣ ਜਾਵੇਗਾ ਤੇ ਤੁਹਾਡੀ ਤਬੀਅਤ ਦਾ ਝੁਕਾਉ ਹੋਰ ਦਾ ਹੋਰ ਹੀ ਹੋ ਜਾਵੇਗਾ। ਤੁਸੀਂ ਉਨ੍ਹਾਂ ਚੀਜ਼ਾਂ ਨੂੰ ਦੇਖਣ ਲਗ ਪਵੋਗੇ ਜਿਹੜੀਆਂ ਸੱਚ ਮੁਚ ਕਦਰ ਯੋਗ ਹਨ। ਤੁਹਾਨੂੰ ਨਵੀਂ ਦੁਨੀਆ ਦਿਸਣ ਲੱਗ ਪਵੇਗੀ। ਤੁਹਾਡੇ ਜੀਵਨ ਵਿਚ ਨਵਾਂ ਜੋਸ਼, ਨਵੀਂ ਉਮੰਗ, ਉੱਚੀਆਂ ਚੀਜ਼ਾਂ ਹਾਸਲ ਕਰਨ ਦੀ ਇੱਛਾ ਤੇ ਉਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋਵੇਗੀ ਜਿਨ੍ਹਾਂ ਤੋਂ ਤੁਹਾਨੂੰ ਸਦੀਵੀ ਰਜੇਵਾਂ ਪ੍ਰਾਪਤ ਹੋਵੇਗਾ। ਜਿਨ੍ਹਾਂ ਚੀਜ਼ਾਂ ਨੂੰ ਤੁਸੀਂ ਪਹਿਲਾਂ ਆਪਣੀ ਖੁਸ਼ੀ ਲਈ ਜ਼ਰੂਰੀ ਸਮਝਦੇ ਹੋ ਉਨ੍ਹਾਂ ਤੋਂ ਵੇਰ ਤੁਹਾਨੂੰ ਕੋਈ ਸੁਆਦ ਜਾਂ ਮਜ਼ਾ ਨਹੀਂ ਮਿਲੇਗਾ।

ਜਿਹੜੀਆਂ ਚੀਜਾਂ ਤੁਸੀਂ ਛਡੋਗੇ ਉਹ ਤੁਹਾਥੋਂ ਜ਼ਬਰਦਸਤੀ ਨਹੀਂ ਖੋਹੀਆਂ ਜਾਣਗੀਆਂ, ਸਗੋਂ ਤੁਸੀਂ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਚੰਗੀਆਂ ਚੀਜ਼ਾਂ ਦੀ ਖਾਤਰ ਛੱਡ ਦੇਵੋਗੇ ਜਿਵੇਂ ਕੋਈ ਬਾਲਕ ਸਿਉ ਛੱਡ ਕੇ ਸੰਤਰੇ ਨੂੰ ਹੱਥ ਪਾਉਂਦਾ ਹੈ, ਸੰਤਰੇ ਨੂੰ ਛੱਡ ਕੇ ਖਿਡਾਉਣੇ ਨੂੰ ਹੱਥ ਪਾਉਂਦਾ ਤੇ ਫੇਰ ਕਿਸੇ ਹੋਰ ਬਹੁਤ ਚੰਗੀ ਤੇ ਦਿਲ ਨੂੰ ਮੋਹ ਲੈਣੀ ਵਸਤੂ ਨੂੰ। ਤਾਂ ਤੁਹਾਡਾ ਮਾਟੋ ਇਹ ਹੋਵੇਗਾ 'ਹਰ ਚੀਜ਼ ਦਾ ਚੰਗੇ ਤੋਂ ਚੰਗਾ ਹਿੱਸਾ ਮੇਰਾ ਹੈ, ਕਿਉਂਕਿ ਮੈਂ ਪਰਮ ਪਿਤਾ ਪਰਮੇਸ਼ਵਰ ਦੇ ਨਾਲ ਮਿਲਵਰਤਣ ਕਰਦਾ ਹੋਇਆ ਕੰਮ ਕਰ ਰਿਹਾ ਹਾਂ ਤੇ ਬਾਦਸ਼ਾਹਾਂ ਦੇ ਬਾਦਸ਼ਾਹ ਤੋਂ ਚੰਗੀ ਤੋਂ ਚੰਗੀ ਚੀਜ਼ ਵਿਰਸੇ ਵਿਚ ਪ੍ਰਾਪਤ ਕਰ ਰਿਹਾ ਹਾਂ।

ਜਦ ਸਾਡੀ ਸਾਂਝ ਕੋਈ ਅਜੇਹੀ ਹਸਤੀ ਬਣ ਜਾਂਦੀ ਹੈ ਜਿਹੜੀ ਅਕਲ, ਪ੍ਰੇਮ, ਇਨਸਾਫ ਦੀ ਜਿੰਦ ਜਾਨ ਹੈ, ਤੇ ਜਿਹੜੀ ਸਾਰੀਆਂ ਚੀਜ਼ਾਂ ਪੈਦਾ ਕਰਨ ਤੇ ਉਨ੍ਹਾਂ ਨੂੰ ਹਰ ਕਿਸੇ ਕੋਲ ਪੁਚਾਉਣ ਦਾ ਸੋਮਾ ਹੈ, ਤਾਂ ਸਾਨੂੰ ਗਰੀਬੀ, ਬੀਮਾਰੀ, ਜਾਂ ਮੌਤ ਤੋਂ ਬਿਲਕੁਲ ਡਰ ਨਹੀਂ ਆਉਂਦਾ, ਸਾਨੂੰ ਕਿਸੇ ਚੀਜ਼ ਦਾ ਭੈਅ ਨਹੀਂ ਰਹਿੰਦਾ, ਕਿਉਂਕਿ ਅਸੀਂ ਜਾਣ ਲੈਂਦੇ ਹਾਂ ਕਿ ਅਸੀਂ ਸਰਬ ਸ਼ਕਤੀਮਾਨ ਦੇ

ਨਾਲ ਜੁੜੇ ਹੋਏ ਹਾਂ ਤੇ ਸਾਡੇ ਇਸ ਕੁਦਰਤੀ ਰਿਸ਼ਤੇ ਨੂੰ ਸਾਡੇ ਸਿਵਾ ਕੋਈ ਹੋਰ ਨਹੀਂ ਤੋੜ ਸਕਦਾ।

ਸਮਾਪਤ